# ਚਿਰਾਗ

ਜਨਵਰੀ-ਜੂਨ 2017

**January -June 2017**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ

ISSN 2349-3658



ਫੀਦਲ ਕਾਸਤਰੋ ਵਿਸ਼ੇਸ਼ ਅੰਕ

50/-

98-99 ਜਨਵਰੀ - ਜੂਨ 2017

ਸਾਹਿਤ, ਭਾਸ਼ਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ
CHIRAG is an International Quarterly of Literature, Language and Culture
**ਚਿਰਾਗ਼** (ਤਿਮਾਹੀ) ISSN 2349-365

**ਸੰਪਾਦਕ ਹਰਭਜਨ ਸਿੰਘ ਹੁੰਦਲ**
ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ, ਲਾਲ ਸਿੰਘ,
ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ, ਡਾ. ਜਸਵੰਤ ਰਾਏ, ਡਾ. ਹਰਪ੍ਰੀਤ ਸਿੰਘ ਹੁੰਦਲ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)

## ਤਤਕਰਾ

ਸੰਪਾਦਕੀ-ਫੀਡਲ ਕਾਸਟਰੋ ਦੀ ਮਾਨਵਤਾ ਨੂੰ ਦੇਣ - 1
ਫੀਦਲ ਕਾਸਤਰੋ ਦੀ ਵਾਰ—ਹਰਭਜਨ ਸਿੰਘ ਹੁੰਦਲ - 3
ਫੀਦੇਲ ਤੂੰ ਮਰਿਆ ਨਹੀਂ-ਡਾ. ਜਗਵਿੰਦਰ ਜੋਧਾ-3
ਰੁੱਖ (ਕੀਊਬਾ ਦੇ ਲੋਕਾਂ ਦੇ ਨਾਂ)—ਅਵਤਾਰ ਸਿੰਘ ਸਾਦਿਕ-4
ਰੇਖਾ ਚਿੱਤਰ : ਫੀਦਲ ਕਾਸਤਰੋ-ਗੈਬਰੀਅਲ ਗਾਰਸ਼ੀਆ ਮਾਰਕੁਵੇਜ਼-5
ਇੱਕ ਟਿੱਪਣੀ—ਹਰੀਸ਼ ਖਰੇ - 22
ਪ੍ਰੇਰਨਾ ਸਰੋਤ, ਅਣਥੱਕ ਯੋਧਾ : ਫ਼ੀਦਲ ਕਾਸਤਰੋ - ਮੱਖਣ ਕੁਹਾੜ- 23
ਸ਼ਖ਼ਸੀਅਤ ਦੇ ਆਰ ਪਾਰ— ਹਰਭਜਨ ਸਿੰਘ ਹੁੰਦਲ - 31
ਕਈ ਸੱਚਾਈਆਂ ਹਨ ਕਾਸਤਰੋ ਦੀ ਇਨਕਲਾਬੀ ਸ਼ਖ਼ਸੀਅਤ ਦੀਆਂ — ਕਰਮਜੀਤ ਸਿੰਘ - 37
ਬੁੱਧੀਮਾਨਾਂ ਨਾਲ ਗੱਲਾਂ-ਬਾਤਾਂ—ਫੀਦਲ ਕਾਸਤਰੋ - 41
ਸਾਮਰਾਜਵਾਦੀ ਸੰਸਾਰੀਕਰਨ ਦਾ ਜਵਾਬ ਹੈ, ਸਮਾਜਵਾਦੀ ਸੰਸਾਰੀਕਰਨ — ਫੀਦੇਲ ਕਾਸਟਰੋ - 70
ਅਸੀਂ ਹਰ ਕਿਸਮ ਦੇ ਅੱਤਵਾਦ ਦੇ ਖ਼ਿਲਾਫ਼ ਹਾਂ ਮੁਲਾਕਾਤੀ : ਇਗਨੇਸ਼ੀਓ ਰਾਮੋਨਿਟ - 77
ਖਿਆਲ ਕਦੇ ਮਰਦੇ ਨਹੀਂ ਮੁਲਾਕਾਤੀ : ਹਰਬ੍ਰਟ ਮੈਥੀਊ - 81
ਚਾਰ ਹੋਰ ਮੁਲਾਕਾਤਾਂ : ਨਵੀਂ ਦੁਨੀਆ ਸੰਭਵ ਹੈ: ਫੀਦਲ ਕਾਸਤਰੋ - 86
ਕਿਊਬਾ ਦੇ ਸਮਾਜਵਾਦ ਦੀ ਪ੍ਰਕਿਰਤੀ ਇੰਟਰਵੀਊ : ਅਰਮੀਨੀਓ ਸੈਵੀਓਲੀ - 119
ਕਿਊਬਾ ਦੀਆਂ ਪ੍ਰਾਪਤੀਆਂ ਅਤੇ ਅਮਰੀਕਾ ਦਾ ਯੁੱਧ ਅਨੁਵਾਦ (ਕ.ਜ.ਸ) - 125
ਅਮਰੀਕੀ ਔਰਤਾਂ ਦੀ ਕਾਨਫਰੰਸ ਦੀ ਸਮਾਪਤੀ ਮੌਕੇ (ਜਨਵਰੀ 16, 1963 ਆਨਲਾਈਨ ਪਾਠ : ਕਾਸਟਰੋ ਇੰਟਰਨੈੱਟ ਆਰਕਾਈਵ (ਮਾਰਕਸਿਸਟ ਆਰਗ), 2000 - 138
ਧਰਤੀ ਤੇ ਜ਼ਿੰਦਗੀ ਦੀ ਰੱਖਿਆ ਵਾਸਤੇ ਸੰਘਰਸ਼ ਦੀ ਲੋੜ (ਫੀਦਲ ਕਾਸਟਰੋ) —ਅਵਤਾਰ ਸਿੰਘ ਸਾਦਿਕ - 144
ਕਿਊਬਨ ਸਮਾਜਵਾਦੀ ਸਰਕਾਰ ਦੀ ਪ੍ਰਾਪਤੀ 'ਕੁੱਲੀ, ਗੁੱਲੀ, ਜੁਲੀ' ਦੇ ਮਸਲੇ ਦਾ ਹੱਲ —ਗੁਰਮੀਤ ਸਿੰਘ ਟਿਵਾਣਾ - 15
ਸਮਾਜਵਾਦੀ ਕਿਊਬਾ ਵਿੱਚ ਧਰਮ ਦਾ ਚਿਹਰਾ-ਮੋਹਰਾ —ਗੁਰਮੀਤ ਸਿੰਘ ਟਿਵਾਣਾ-155
ਚੀ ਗਵੇਰਾ ਦੀ ਫੀਦਲ ਕਾਸਤਰੋ ਦੇ ਨਾਂ ਆਖ਼ਰੀ ਚਿੱਠੀ - 158

**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**
ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।
ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।
ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕੀ :

# ਫੀਡਲ ਕਾਸਟਰੋ ਦੀ ਮਾਨਵਤਾ ਨੂੰ ਦੇਣ

ਫੀਡਲ ਕਾਸਟਰੋ ਵੀਹਵੀਂ ਸਦੀ ਦੇ ਸਭ ਤੋਂ ਵੱਡੇ ਲੀਡਰਾਂ ਵਿਚੋਂ ਇਕ ਸੀ। ਉਹ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਕਿਊਬਾ ਦੀ ਫੌਜ ਦਾ ਕਮਾਂਡਰ ਵੀ ਰਿਹਾ। ਉਸ ਅਧੀਨ ਕਿਊਬਾ ਸਮਾਜਵਾਦੀ ਸੱਤਾ ਰਹੀ ਤੇ ਉਸ ਤੋਂ ਬਾਅਦ ਵੀ ਹੈ। ਕਾਸਟਰੋ ਸੱਜੇ-ਪੱਖੀ ਡੋਮੀਨੀਅਨ ਰਿਪਬਲਿਕ ਅਤੇ ਕੋਲੰਬੀਆਂ ਦੀਆਂ ਸਰਕਾਰਾਂ ਵਿਰੁੱਧ ਬਗਾਵਤ ਵਿਚ ਸ਼ਾਮਿਲ ਹੋਇਆ। ਬਾਅਦ ਵਿਚ ਕਿਊਬਾ ਦੇ ਕਮਿਊਨਿਸਟ ਇਨਕਲਾਬ ਦਾ ਲੀਡਰ ਬਣਿਆ। 60 ਸਾਲਾਂ ਦੇ ਕਰੀਬ ਉਹ ਸੱਤਾ ਵਿਚ ਰਿਹਾ। ਉਹ ਸਾਮਰਾਜ ਵਿਰੋਧੀ ਰਾਜਨੀਤੀ ਵਿਚ ਲਗਾਤਾਰ ਸਰਗਰਮ ਰਿਹਾ। ਉਸਨੇ ਅਮਰੀਕੀ ਮਦਦ ਨਾਲ਼ ਕਾਬਿਜ਼, ਫਲਜੇਨਸਿਉ ਬਤੀਸਤਾ ਦਾ ਤਖ਼ਤਾ ਪਲਟਿਆ। ਕਾਸਟਰੋ ਨੇ ਸੋਵੀਅਤ ਯੂਨੀਅਨ ਨਾਲ਼ ਆਪਣੇ ਰਿਸ਼ਤੇ ਪੱਕੇ ਕੀਤੇ ਜਿਸ ਤੋਂ ਅਮਰੀਕਾ ਚਿੜ੍ਹ ਕੇ ਕਿਊਬਾ ਉੱਪਰ ਆਰਥਿਕ ਨਾਕੇਬੰਦੀ ਕਰਦਾ ਹੈ। ਉਸਨੂੰ ਅਨੇਕਾਂ ਬਾਰ ਮਰਵਾਉਣ ਦੀ ਕੋਸ਼ਿਸ਼ ਹੁੰਦੀ ਹੈ, ਕਿਊਬਾ ਵਿਚ ਉਲਟ-ਇਨਕਲਾਬ ਕਰਵਾਉਣ ਦਾ ਯਤਨ ਕੀਤਾ ਜਾਂਦਾ ਹੈ, ਪਰੰਤੂ ਇਸ ਸਭ ਦੇ ਬਾਵਜੂਦ ਕਾਸਟਰੋ ਜੇਤੂ ਹੋ ਕੇ ਨਿਕਲ਼ਦਾ ਹੈ ਅਤੇ ਵਧੇਰੇ ਮਜ਼ਬੂਤ ਹੁੰਦਾ ਜਾਂਦਾ ਹੈ। ਕਾਸਟਰੋ ਨੇ ਸਮਾਜਵਾਦੀ ਸੁਧਾਰ ਕੀਤੇ, ਉਸਨੇ ਕੇਂਦਰੀਕ੍ਰਿਤ ਆਰਥਿਕ ਨੀਤੀ ਲਾਗੂ ਕੀਤੀ। ਸਿਹਤ ਸੇਵਾਵਾਂ ਅਤੇ ਸਿਖਿਆ ਦਾ ਵਿਸਤਾਰ ਪੂਰੇ ਜ਼ੋਰ ਨਾਲ਼ ਕੀਤਾ। ਇਸਨੂੰ ਉਸਦੇ ਦੁਸ਼ਮਣ ਵੀ ਸਵੀਕਾਰ ਕਰਦੇ ਹਨ। ਕਾਸਟਰੋ ਦੇ ਰਾਜ ਸਮੇਂ ਕਿਊਬਾ ਦੀ ਸਿਖਿਆ ਦਰ 98% ਤਕ ਹੋ ਗਈ। ਹਜ਼ਾਰਾਂ ਨਵੇਂ ਸਕੂਲ ਖੁਲ੍ਹਣ ਨਾਲ਼ ਇਹ ਸੰਭਵ ਹੋ ਸਕਿਆ। ਬੱਚਿਆਂ ਦੀ ਮੌਤ ਦਰ ਇਸ ਸਮੇਂ 1.1% ਤਕ ਪਹੁੰਚ ਗਈ ਇਹ ਕੋਈ ਛੋਟੀਆਂ ਉਪਲੱਬਧੀਆਂ ਨਹੀਂ ਸਨ।

ਆਪਣੇ ਦੇਸ਼ ਤੋਂ ਬਾਹਰ ਕਾਸਟਰੋ ਨੇ ਸਾਮਰਾਜ ਵਿਰੋਧੀ ਗਰੁੱਪਾਂ ਨੂੰ ਸਹਾਇਤਾ ਦਿੱਤੀ। ਚਿੱਲੀ, ਨਿਕਾਰਾਗੁਆ ਅਤੇ ਗ੍ਰੇਨਾਡਾ ਦੀਆਂ ਮਾਰਕਸਵਾਦੀ ਸਰਕਾਰਾਂ ਨੂੰ ਸਥਾਪਿਤ ਹੋਣ ਵਿਚ ਮਦਦ ਦਿੱਤੀ ਅਤੇ ਆਪਣੇ ਸਹਿਯੋਗੀਆਂ ਲਈ ਯੋਮ ਕਿੱਪਰ ਯੁੱਧ, ਓਗਾਡਨ ਯੁੱਧ ਅਤੇ ਅੰਗੋਲਾ ਦੀ ਸਿਵਲ ਵਾਰ ਵਿਚ ਫੌਜ ਭੇਜੀ। 1979-1983 ਵਿਚ ਉਹ ਗ਼ੈਰ-ਜਨਿਬਦਾਰੀ ਅੰਦੋਲਨ ਦਾ ਮੁਖੀ ਵੀ ਰਿਹਾ। ਕਿਊਬਾ ਮੈਡੀਕਲ ਅੰਤਰ ਰਾਸ਼ਟਰੀਵਾਦ ਦੇ ਮੋਹਰੀ ਦੇ ਤੌਰ ਤੇ ਉਸਨੇ ਕਿਊਬਾ ਦਾ ਨਾਂ ਵਿਸ਼ਵ ਦੀ ਸਟੇਜ ਤੇ ਲਿਆਂਦਾ। ਸੋਵੀਅਤ ਯੂਨੀਅਨ ਦੇ ਭੰਗ ਹੋਣ ਤੇ 1991 ਤੋਂ ਬਾਦ ਕਾਸਟਰੋ ਨੇ ਕਿਊਬਾ ਨੂੰ ਸਾਰੇ ਦਬਾਵਾਂ ਹੇਠ ਵੀ ਅੱਗੇ ਲਿਆਂਦਾ ਉਸਨੇ ਵਾਤਾਵਰਣ ਬਚਾਉਣ ਦੀ ਮੁਹਿੰਮ ਵਿੱਢੀ, ਵਿਸ਼ਵੀਕਰਣ ਦੇ ਵਿਰੁੱਧ ਲੜਾਈ ਵਿਚ ਮੋਹਰੀ ਬਣਿਆ। 2000 ਵਿਚ ਲੈਟਿਨ ਅਮਰੀਕੀ ਹਿਊਗੋ ਸ਼ਾਵੇਜ਼ ਵੈਨਜ਼ੂਐਲਾ ਨਾਲ਼ ਸਮਝੌਤਾ ਕੀਤਾ।

ਕਾਸਟਰੋ ਨੂੰ ਅਨੇਕਾਂ ਅੰਤਰਰਾਸ਼ਟਰੀ ਸਨਮਾਨਾਂ ਨਾਲ਼ ਸਤਿਕਾਰਿਆ ਗਿਆ। ਉਸਨੇ ਦੁਨੀਆਂ ਭਰ ਦੇ ਵਿਅਕਤੀਆਂ ਅਤੇ ਸਮੂਹਾਂ ਨੂੰ ਪ੍ਰਭਾਵਿਤ ਕੀਤਾ। ਉਹ ਕਹਿੰਦਾ ਹੈ, 'ਕੁਝ ਘੰਟਿਆਂ ਵਿਚ ਤੁਸੀਂ ਜਿੱਤੋਗੇ ਜਾਂ ਹਾਰ ਜਾਉਗੇ, ਪਰ ਧਿਆਨ ਨਾਲ਼ ਸੁਣੋ ਉਸਦਾ ਨਤੀਜਾ ਕੀ ਹੋਵੇਗਾ, ਇਹ ਅੰਦੋਲਨ ਦੀ ਜਿੱਤ ਹੋਵੇਗੀ। ਜੇ ਤੁਸੀਂ ਕਲ੍ਹ ਨੂੰ ਜਿੱਤਦੇ ਹੋ ਤਾਂ ਮਾਰਤੀ ਦੀਆਂ ਇੱਛਾਵਾਂ ਛੇਤੀ ਪੂਰੀਆਂ ਹੋ ਜਾਣਗੀਆਂ। ਜੇ ਅਸੀਂ ਨਾਕਾਮਯਾਬ ਰਹੇ ਤਾਂ ਸਾਡਾ ਉਦਾਹਰਣ ਕਿਊਬਾ ਦੇ ਲੋਕਾਂ ਲਈ ਯੋਗ ਨਹੀਂ ਹੋਵੇਗਾ। ਲੋਕਾਂ ਵਿਚੋਂ ਹੀ ਹੋਰ ਲੋਕ

ਉੱਠਣਗੇ ਜੋ ਕਿਊਬਾ ਲਈ ਕੁਰਬਾਨੀ ਦੇਣਗੇ। ਉਹ ਸਾਡਾ ਝੰਡਾ ਫੜ ਕੇ ਅਗਾਂਹ ਵੱਲ ਵਧਣਗੇ। -----"(ਫੀਡਲ ਕਾਸਟਰੋ ਦੀ ਮੋਨਕਾਡਾ ਹਮਲੇ ਤੋਂ ਠੀਕ ਪਹਿਲਾਂ ਦਿੱਤਾ ਗਿਆ ਭਾਸ਼ਣ, 1953)

ਮਾਨਵੀ ਅਧਿਕਾਰਾਂ ਦੀ ਰੌਲ਼ੀ ਦਾ ਜਬਾਬ ਉਹ ਇਉਂ ਦਿੰਦਾ ਹੈ, 'ਕਈ ਵਾਰ ਮਾਨਵੀ ਅਧਿਕਾਰਾਂ ਦੀਆਂ ਗੱਲਾਂ ਹੁੰਦੀਆਂ ਹਨ, ਪਰ ਇਹ ਵੀ ਜ਼ਰੂਰੀ ਹੈ ਕਿ ਮਾਨਵਤਾ ਦੇ ਅਧਿਕਾਰਾਂ ਦੀ ਗੱਲ ਵੀ ਕੀਤੀ ਜਾਵੇ। ਕੁਝ ਲੋਕ ਨੰਗੇ ਪੈਰੀਂ ਕਿਉਂ ਹਨ ਜਦ ਕਿ ਦੂਸਰੇ ਸ਼ਾਨ-ਸ਼ੌਕਤ ਵਾਲੀਆਂ ਕਾਰਾਂ ਵਿਚ ਯਾਤਰਾ ਕਰ ਸਕਦੇ ਹਨ? ਕੁਝ ਲੋਕ 35 ਸਾਲ ਤਕ ਹੀ ਜੀਉਂਦੇ ਹਨ, ਤੇ ਦੂਜੇ ਸੱਤਰ ਸਾਲ ਤਕ ਜਿਉਂਦੇ ਹਨ? ਮੈਂ ਦੁਨੀਆਂ ਦੇ ਉਨ੍ਹਾਂ ਬੱਚਿਆਂ ਵਲੋਂ ਬੋਲਦਾ ਹਾਂ ਜਿਨ੍ਹਾਂ ਕੋਲ਼ ਖਾਣ ਲਈ ਰੋਟੀ ਨਹੀਂ। ਮੈਂ ਉਨ੍ਹਾਂ ਬਿਮਾਰਾਂ ਲਈ ਬੋਲਦਾ ਹਾਂ ਜਿਨ੍ਹਾਂ ਕੋਲ਼ ਇਲਾਜ ਲਈ ਦੁਆਈਆਂ ਨਹੀਂ ਹਨ। ਮੈਂ ਉਨ੍ਹਾਂ ਵਲੋਂ ਬੋਲਦਾ ਹਾਂ ਜਿਨ੍ਹਾਂ ਦੇ ਜਿਉਣ ਦੇ ਅਧਿਕਾਰ ਅਤੇ ਗੌਰਵ ਤੋਂ ਇਨਕਾਰ ਕੀਤਾ ਗਿਆ ਹੈ। ਫੀਡਲ ਕਾਸਟਰੋ ਇਕ ਮਨੁੱਖ ਦੇ ਨਾਤੇ ਬਹੁਤ ਹੀ ਭਾਵੁਕ ਵਿਅਕਤੀ ਸੀ, ਉਸਦੇ ਛੋਟੀ ਉਮਰ ਦੇ ਸੰਸਕਾਰ ਮਾਨਵੀ-ਮਾਰਕਸਵਾਦੀ ਦ੍ਰਿਸ਼ਟੀ ਉਸਨੂੰ ਨੀਵੇਂ ਲੋਕਾਂ ਪ੍ਰਤਿ ਬਹੁਤ ਭਾਵੁਕ ਪਹੁੰਚ ਅਪਣਾਉਣ ਵਲ ਲੈ ਜਾਂਦੀ ਹੈ। ਇਸੇ ਭਾਵੁਕਤਾ ਨਾਲ਼ ਹੀ ਉਹ ਲੋਕਾਂ ਨੂੰ ਸੰਬੋਧਿਤ ਹੁੰਦਾ ਹੈ। ਇੰਟਰਵਿਊ ਦੇਣ ਸਮੇਂ ਉਸਦਾ ਗਲ਼ਾ ਰੁਕ ਜਾਂਦਾ ਹੈ। ਅਜਿਹਾ ਮਨੁੱਖ ਵੈਰੀਆਂ ਦੀ ਨਜ਼ਰ ਵਿਚ ਰੜਕਦਾ ਹੈ ਪਰ ਲੋਕ ਉਸਨੂੰ ਆਪਣੇ ਸੀਨਿਆਂ ਦੀ ਗਰਮਾਹਟ ਦਿੰਦੇ ਹਨ। ਉਹ ਉਸਨੂੰ ਘੋੜਾ' ਕਹਿ ਕੇ ਬੁਲਾਉਂਦੇ ਹਨ ਜੋ ਰਾਤ ਦਿਨ ਉਨ੍ਹਾਂ ਲਈ ਕੰਮ ਵਿਚ ਰੁਝਾ ਹੋਇਆ ਹੈ। ਉਸਦੀ ਕਹਿਣੀ ਤੇ ਕਥਨੀ ਵਿਚ ਕਿਤੇ ਵੀ ਪਾੜਾ ਨਹੀਂ ਦਿਖਾਈ ਦਿੰਦਾ। ਬੌਧਿਕ ਪੱਧਰ ਤੇ ਕਾਸਟਰੋ ਦੁਨੀਆਂ ਤੇ ਚਲ ਰਹੀ ਹਰ ਲਹਿਰ ਬਾਰੇ ਸਪੱਸ਼ਟ ਹੈ, ਉਹ ਕਲ੍ਹ ਨੂੰ ਕੀ ਹੋਣਾ ਹੈ ਪਹਿਲਾਂ ਭਾਂਪ ਲੈਂਦਾ ਹੈ, ਪਾਰਦਰਸ਼ੀ ਦ੍ਰਿਸ਼ਟੀ ਹੀ ਅਜਿਹਾ ਕੁਝ ਕਰ ਸਕਦੀ ਹੈ। ਉਹ ਨਵਉਦਾਰਵਾਦੀਆਂ ਦੀ ਕਹਿਣੀ ਪਿੱਛੇ ਸਪੱਸ਼ਟ ਬੇਈਮਾਨੀ ਦੀ ਪਛਾਣ ਕਰ ਲੈਂਦਾ ਹੈ। ਉਹ ਕਹਿੰਦਾ ਹੈ," ਸੰਸਾਰ ਉੱਪਰ ਪੂੰਜੀਵਾਦ ਅਤੇ ਨਵਉਦਾਰਵਾਦੀਆਂ ਦਾ ਰਾਜ ਹੈ। ਪਰ ਇਸਦਾ ਅਰਥ ਇਹ ਨਹੀਂ ਕਿ ਅਸੀਂ ਹਥਿਆਰ ਸੁੱਟਣ ਜਾ ਰਹੇ ਹਾਂ। ਇਸ ਦਾ ਅਰਥ ਇਹ ਹੈ ਕਿ ਸਾਨੂੰ ਨਵੇਂ ਯਥਾਰਥ ਨੂੰ ਅਪਣਾਉਣਾ ਪਵੇਗਾ। ਅਸੀਂ ਉਹੀ ਕਰ ਰਹੇ ਹਾਂ ਬੜੇ ਸੰਤੁਲਨ ਅਤੇ ਧੀਰਜ ਨਾਲ਼, ਬਿਨਾਂ ਆਦਰਸ਼ ਤੇ ਉਦੇਸ਼ ਤਿਆਗੇ। ਮੈਂ ਤੁਹਾਨੂੰ ਸਰਕਾਰ ਤੇ ਪਾਰਟੀ ਵਿਚ ਵਿਸ਼ਵਾਸ ਕਰਨ ਲਈ ਕਹਿੰਦਾ ਹਾਂ ਕਿਉਂਕਿ ਇਹ ਅੰਤਿਮ ਸਾਹਾਂ ਤਕ ਸਮਾਜਵਾਦੀ ਵਿਚਾਰਾਂ, ਅਸੂਲਾਂ ਅਤੇ ਉਦੇਸ਼ਾਂ ਲਈ ਲੜ ਰਹੀਆਂ ਹਨ।"

ਕਾਸਟਰੋ ਆਪਣੇ ਆਪ ਨੂੰ ਸਮਾਜਵਾਦੀ, ਮਾਰਕਸਵਾਦੀ ਅਤੇ ਲੈਨਿਨਵਾਦੀ ਕਹਿੰਦਾ ਹੈ। ਦਸੰਬਰ 1961 ਤੋਂ ਉਹ ਆਪਨੂੰ ਮਾਰਕਸਵਾਦੀ-ਲੈਨਿਨਵਾਦੀ ਦੱਸਦਾ ਹੈ। ਉਹ ਕਿਊਬਾ ਨੂੰ ਸਾਮਰਾਜ ਅਧੀਨ ਪੂੰਜੀਵਾਦੀ ਸਟੇਟ ਦੇ ਤੌਰ ਤੇ ਸਮਾਜਵਾਦ ਵਲ ਅਤੇ ਅੰਤਿਮ ਤੌਰ ਤੇ ਕਮਿਊਨਿਜ਼ਮ ਤਕ ਲੈ ਕੇ ਜਾਣਾ ਚਾਹੁੰਦਾ ਹੈ। ਕਾਸਟਰੋ ਦੀ ਸਰਕਾਰ ਰਾਸ਼ਟਰਵਾਦੀ ਵੀ ਸੀ। ਉਹ ਐਲਾਨ ਕਰਦਾ ਹੈ, 'ਅਸੀਂ ਕੇਵਲ ਮਾਰਕਸਵਾਦੀ ਲੈਨਿਨਵਾਦੀ ਹੀ ਨਹੀਂ ਸਗੋਂ ਰਾਸ਼ਟਰਵਾਦੀ ਅਤੇ ਰਾਸ਼ਟਰ ਪ੍ਰੇਮੀ ਹਾਂ।" ਇਕ ਇਤਿਹਾਸਕਾਰ ਅਨੁਸਾਰ ਕਾਸਟਰੋ ਦੀ ਕਾਮਯਾਬੀ ਇਨ੍ਹਾਂ ਦੋਨਾਂ ਨੂੰ ਅੰਤ ਤਕ ਨਾਲ਼ ਰੱਖਣ ਵਿਚ ਵੀ ਹੈ। ਕਾਸਟਰੋ ਉਪਰ ਇਕੋ ਵੇਲੇ ਕਾਰਲ਼ ਮਾਰਕਸ ਅਤੇ ਜੋਸ ਮਾਰਤੀ ਦਾ ਪ੍ਰਭਾਵ



ਦਿਖਾਈ ਦਿੰਦਾ ਹੈ। ਆਪਣੇ ਭਾਸ਼ਣਾਂ ਅਤੇ ਇੰਟਰਵਿਊਆਂ ਵਿਚ ਉਹ ਬਾਰ ਬਾਰ ਮਾਰਤੀ ਦਾ ਨਾਂ ਲੈਂਦਾ ਹੈ। ਉਹ ਮਾਰਤੀ ਦੇ ਦਰਸ਼ਨ ਨੂੰ ਆਜ਼ਾਦੀ ਅਤੇ ਵਿਸ਼ੇਸ਼ ਮਾਨਵਵਾਦੀ ਦਰਸ਼ਨ ਮੰਨਦਾ ਹੈ। ਕਾਸਟਰੋ ਡਰੱਗ ਦੀ ਵਰਤੋਂ ਦਾ ਵਿਰੋਧ ਕਰਦਾ ਹੈ, ਜੂਏਬਾਜ਼ੀ ਦੇ ਖ਼ਿਲਾਫ ਅਤੇ ਵਸੇਵਾਗਮਨੀ ਨੂੰ ਬਰਾਦਸ਼ਤ ਨਹੀਂ ਕਰਦਾ। ਇਸ ਕਰਕੇ ਬੁਰਜੂਆ ਵਿਚਾਰਕ ਉਸਨੂੰ ਪਿਛਾਂਹ ਖਿੱਚੂ ਕਹਿੰਦੇ ਹਨ। ਇਨ੍ਹਾਂ ਦੀ ਥਾਂ ਉਹ ਸਖ਼ਤ ਮਿਹਨਤ, ਪਰਿਵਾਰਕ ਕਦਰਾਂ ਕੀਮਤਾਂ ਅਤੇ ਸਵੈ-ਕਾਬੂ ਉਪਰ ਵਧੇਰੇ ਬਲ ਦਿੰਦਾ ਹੈ।

ਫੀਡਲ ਕਾਸਟਰੋ ਪ੍ਰਤਿਬੱਧ ਸਮਾਨਤਾਵਾਦੀ ਹੈ। ਉਹ ਉਸ ਸਮਾਜਿਕ ਸਿਸਟਮ ਨੂੰ ਨਫ਼ਰਤ ਕਰਦਾ ਹੈ ਜਿਸ ਵਿਚ ਕੋਈ ਇਕ ਕਲਾਸ ਦੂਜੀ ਨਾਲ਼ ਉਚੇਰੀ ਜ਼ਿੰਦਗੀ ਜਿਉਂਦੀ ਹੋਵੇ। ਉਹ ਚਾਹੁੰਦਾ ਸੀ ਕਿ ਸਿਸਟਮ ਹਰੇਕ ਦੀ ਹਰ ਲੋੜ ਪੂਰੀ ਕਰੇ। ਇਹ ਲੋੜ ਖਾਣ, ਸਿਹਤ ਸੇਵਾਵਾਂ, ਪੂਰੀ ਰਿਹਾਇਸ਼ ਅਤੇ ਸਿੱਖਿਆ ਦੀ ਹੈ। ਵਿਰੋਧੀਆਂ ਅਨੁਸਾਰ ਇਨ੍ਹਾਂ ਆਦਰਸ਼ਾਂ ਦੀ ਪੂਰਤੀ ਲਈ ਉਹ ਅਧਿਕਾਰਵਾਦੀ ਵੀ ਹੋ ਜਾਂਦਾ ਹੈ। ਪਰ ਕਾਸਟਰੋ ਸਪੱਸ਼ਟ ਸੀ ਕਿ ਸਿਸਟਮ ਲੋਕਾਂ ਦੇ ਭਲੇ ਲਈ ਹੈ। ਇਸ ਲਈ ਜੋ ਵੀ ਇਨਕਲਾਬ ਦੇ ਖ਼ਿਲਾਫ਼ ਸੀ ਉਹ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਕਰਦਾ। ਕਾਸਟਰੋ ਦੇ ਜੀਵਨੀਕਾਰ ਮੰਨਦੇ ਹਨ ਕਿ ਉਹ ਇਕ ਸਖ਼ਤ ਮਿਹਨਤ ਕਰਨ ਵਾਲ਼ਾ ਅਤਿ ਪ੍ਰਤਿਬੱਧ ਨੇਤਾ ਸੀ। ਉਹ ਕਿਊਬਾ ਵਿਚ ਅਤੇ ਬਾਹਰ ਵੀ ਆਮ ਲੋਕਾਂ ਨੂੰ ਮਿਲਣਾ ਪਸੰਦ ਕਰਦਾ ਸੀ ਅਤੇ ਕਿਊਬਾ ਦੇ ਲੋਕਾਂ ਨੂੰ ਇਕ ਵੱਡੇ ਪਰਿਵਾਰ ਵਾਂਗ ਮੰਨਦਾ ਸੀ।

ਕਾਸਟਰੋ ਆਪਣੇ ਲਗਾਤਾਰ ਕੰਮ ਕਰਨ ਕਰਕੇ ਜਾਣਿਆ ਜਾਂਦਾ ਹੈ। ਕਈ ਵਾਰੀ ਉਹ ਰਾਤ ਦੇ ਤਿੰਨ ਜਾਂ ਚਾਰ ਵਜੇ ਬਿਸਤਰੇ ਤੇ ਜਾਂਦਾ। ਉਸਦਾ ਮਨਪਸੰਦ ਲੇਖਕ ਅਰਨੈਸਟ ਹੈਮਿੰਗਵੇਅ ਸੀ। ਉਹ ਖੇਡਾਂ ਦਾ ਦੀਵਾਨਾ ਸੀ। ਉਹ ਸ਼ਹਿਰ ਨਾਲ਼ੋਂ ਪਿੰਡ ਵਿਚ ਰਹਿਣਾ ਵਧੇਰੇ ਪਸੰਦ ਕਰਦਾ ਸੀ। ਉਸਨੇ ਕਦੇ ਵੀ ਅਮੀਰ ਬਣਨ ਬਾਰੇ ਨਹੀਂ ਸੋਚਿਆ। ਲੈਟਿਨ ਅਮਰੀਕੀ ਰਾਸ਼ਟਰਪਤੀਆਂ ਵਿਚੋਂ ਉਹ ਸਭ ਤੋਂ ਨਿਮਰ ਰਾਸ਼ਟਰਪਤੀ ਮੰਨਿਆ ਜਾਂਦਾ ਹੈ। ਧਾਰਮਿਕ ਤੌਰ ਤੇ ਪਹਿਲਾਂ ਕਾਸਟਰੋ ਰੋਮਨ ਕੈਥੋਲਿਕ ਸੀ ਪਰ ਬਾਅਦ ਵਿਚ ਉਸਨੇ ਆਪਣੇ ਆਪਨੂੰ ਨਾਸਤਿਕ ਐਲਾਨਿਆ। ਔਰਤਾਂ ਅਤੇ ਅਫ਼ਰੀਕਨਾਂ ਉਪਰ ਜ਼ੁਲਮ ਕਰਨ ਲਈ ਬਾਈਬਲ ਨੂੰ ਵਰਤਣ ਦੀ ਉਹ ਆਲੋਚਨਾ ਕਰਦਾ ਸੀ। ਉਹ ਈਸਾਈ ਧਰਮ ਦੀਆਂ ਕਦਰਾਂ- ਕੀਮਾਂ ਦੀ ਇੱਜ਼ਤ ਕਰਦਾ ਸੀ। ਉਹ ਆਖਦਾ," ਜੇ ਲੋਕ ਮੈਨੂੰ ਈਸਾਈ ਕਹਿੰਦੇ ਹਨ ਤਾਂ ਇਹ ਧਾਰਮਿਕ ਹੋਣ ਕਰਕੇ ਨਹੀਂ ਕਹਿੰਦੇ ਸਗੋਂ ਮੇਰੇ ਸਮਾਜਿਕ ਵਿਜ਼ਨ ਕਰਕੇ ਕਹਿੰਦੇ ਹਨ।" ਈਸਾ ਦੀਆਂ ਕਥਾਵਾਂ ਦੇ ਆਧਾਰ ਤੇ ਉਸਨੂੰ ਕਮਿਊਨਿਸਟ ਕਹਿੰਦਾ ਸੀ।

ਇਕ ਮਹੱਤਵਪੂਰਣ ਤੱਥ ਹੈ ਕਿ ਕਿਊਬਾ ਸਰਕਾਰ ਨੇ ਉਸਦੇ ਦੁਆਲ਼ੇ ਵਿਅਕਤੀ-ਪੂਜਾ ਦਾ ਘੇਰਾ ਨਹੀਂ ਬਣਨ ਦਿੱਤਾ, ਭਾਵੇਂ ਕਿ ਉਸਦੀ ਮਸ਼ਹੂਰੀ ਹਰ ਆਮ ਖ਼ਾਸ ਵਿਚ ਸੀ। ਲੋਕ ਬਹੁਗਿਣਤੀ ਵਿਚ ਕਾਸਟਰੋ ਦੇ ਧੂੰਆਂਧਾਰ ਭਾਸ਼ਣ ਸੁਣਨ ਆਉਂਦੇ ਸਨ। ਇਹ ਭਾਸ਼ਣ ਘੰਟਿਆਂ ਬੱਧੀ ਲੰਬੇ ਹੁੰਦੇ ਸਨ। ਕਾਸਟਰੋ ਕੋਈ ਨੋਟਸ ਵੀ ਨਹੀਂ ਸੀ ਵਰਤਦਾ ਪਰ ਉਹ ਰਿਪੋਰਟਾਂ ਅਤੇ ਭਾਂਤ ਭਾਂਤ ਦੇ ਵਿਸ਼ਿਆਂ ਜਿਵੇਂ ਮਿਲਟਰੀ, ਪੌਦਿਆਂ, ਫਿਲਮ ਬਣਾਉਣ ਅਤੇ ਚੈੱਸ ਨਾਲ਼ ਜੁੜੀਆਂ ਹੁੰਦੀਆਂ। ਕਾਸਟਰੋ ਦੀ ਮੌਤ ਤੇ ਦੁਨੀਆਂ ਭਰ ਦੇ ਨੇਤਾਵਾਂ ਨੇ ਉਸਨੂੰ ਉਚੇ ਕੱਦ ਦਾ ਨੇਤਾ ਦੇ ਤੌਰ ਤੇ ਗੂੜ੍ਹੇ ਮਿੱਤਰ ਅਤੇ ਲੋਕਾਂ ਦੇ ਮੁਕਤੀਦਾਤੇ ਦੇ ਤੌਰ ਤੇ ਯਾਦ ਕੀਤਾ। ਉਹ ਅਮਰੀਕਾ ਜਿਸਨੇ ਕਿਊਬਾ ਦੀ ਲਗਾਤਾਰ ਆਰਥਿਕ ਬੰਦੀ ਕਰ

ਰੱਖੀ ਉਸਦਾ ਪ੍ਰੈਜ਼ੀਡੈਂਟ ਟਰੰਪ ਉਸਨੂੰ "ਬੁੱਚੜ ਡਿਕਟੇਟਰ"(brutal dictator) ਕਹਿੰਦਾ ਹੈ। ਪਰ ਸੱਚ ਇਹ ਹੈ ਕਿ ਉਸਨੇ ਸਾਰੀ ਉਮਰ ਬੁੱਚੜਾਂ ਤੋਂ ਕਿਊਬਾ ਦੇ ਲੋਕਾਂ ਨੂੰ ਬਚਾਉਂਦੇ ਹੋਏ ਸਮਾਜਵਾਦੀ ਸਮਾਜ ਨੂੰ ਲਗਾਤਾਰ ਵਿਕਸਿਤ ਕੀਤਾ ਇਹੀ ਕਾਰਣ ਹੈ ਕਿ ਛੋਟਾ ਜਿਹਾ ਇਹ ਦੇਸ਼ ਕਿਊਬਾ ਅੱਜ ਮਾਨਵੀ ਸਹੂਲਤਾਂ ਲਈ ਉਪਰਲੇ ਦੇਸ਼ਾਂ ਵਿਚ ਗਿਣਿਆ ਜਾਂਦਾ ਹੈ।

ਇੱਥੇ ਅਸੀਂ ਫੀਡਲ ਕਾਸਟਰੋ ਨੂੰ ਸ਼ਰਧਾਂਜਲੀ ਭੇਂਟ ਕਰ ਰਹੇ ਹਾਂ। ਉਸਦੀਆਂ ਇੰਟਰਵਿਊਆਂ, ਉਸਦੇ ਭਾਸ਼ਣ ਮੂਲ ਰੂਪ ਵਿਚ ਦਿੱਤੇ ਗਏ ਹਨ ਜਿਨ੍ਹਾਂ ਤੋਂ ਉਸਦੀ ਵਿਚਾਰਧਾਰਾ ਅਤੇ ਉਸਦੀ ਸ਼ਖ਼ਸੀਅਤ ਦੇ ਅਨੇਕਾਂ ਪਹਿਲੂ ਸਾਹਮਣੇ ਆਉਂਦੇ ਹਨ। ਉਸ ਬਾਰੇ ਕੁਝ ਲੇਖ ਤੇ ਕਵਿਤਾਵਾਂ ਵੀ ਹਨ। ਅੰਤ ਉਪਰ ਫੀਡਲ ਦੇ ਸਿਰਜੇ ਕਿਊਬਾ ਬਾਰੇ ਦੋ ਲਿਖਤਾਂ ਹਨ। ਉਮੀਦ ਹੈ, ਪਾਠਕ ਇਸ ਸਮੱਗਰੀ ਤੋਂ ਫੀਡਲ ਕਾਸਟਰੋ ਨੂੰ ਵਧੇਰੇ ਨੇੜਿਉਂ ਜਾਣ ਸਕਣਗੇ।

"ਕਿਊਬਾ ਵਿਚ ਅਸੀਂ ਗਲਤੀਆਂ ਦਰੁਸਤ ਕਰਨ ਦੀ ਪ੍ਰਕਿਰਿਆ ਵਿਚ ਰੁੱਝੇ ਹੋਏ ਹਾਂ। ਕੋਈ ਵੀ ਇਨਕਲਾਬੀ ਜਾਂ ਸੱਚੀ ਸਮਾਜਵਾਦੀ ਦਰੁਸਤੀ, ਬਿਨਾਂ ਤਕੜੀ, ਅਨੁਸ਼ਾਸ਼ਨਬੱਧ ਤੇ ਸਤਿਕਾਰਯੋਗ ਪਾਰਟੀ ਦੇ ਸੰਭਵ ਨਹੀਂ। ਅਜਿਹੀ ਪ੍ਰਕਿਰਿਆ ਸਮਾਜਵਾਦ ਉੱਤੇ ਊਜਾਂ ਲਾਇਆਂ, ਇਸ ਦੀਆਂ ਕਦਰਾਂ ਕੀਮਤਾਂ ਨੂੰ ਤਬਾਹ ਕਰਦਿਆਂ, ਪਾਰਟੀ ਉੱਤੇ ਬਦਨਾਮੀ ਥੋਪਿਆਂ, ਹਰਾਵਲ ਦਸਤੇ ਦਾ ਦਿਲ ਤੋੜਿਆ, ਸਮਾਜੀ ਜ਼ਬਤ ਖ਼ਤਮ ਕੀਤਿਆਂ, ਤੇ ਹਰ ਥਾਂ ਆਪਾ-ਧਾਪੀ ਅਤੇ ਹਨੇਰ-ਗਰਦੀ ਫੈਲਾਇਆਂ ਅੱਗੇ ਨਹੀਂ, ਵਧਾਈ ਜਾ ਸਕਦੀ। ਇਸ ਨਾਲ ਉਲਟ ਇਨਕਲਾਬ ਪਲ਼ਦਾ ਹੈ ਤੇ ਇਨਕਲਾਬੀ ਤਬਦੀਲੀਆਂ ਨਹੀਂ ਆਉਂਦੀਆਂ।"

(ਭਾਸ਼ਣ ਕਿਊਬਾ ਦਾ ਕੌਮਾਂਤਰੀਵਾਦ ਦਸੰਬਰ 7, 1989)

ਨਿਰਾਸ਼ਾਵਾਦੀ, ਇਨਕਲਾਬੀ ਨਹੀਂ ਹੋ ਸਕਦਾ। ਸਾਡੇ ਸਾਹਮਣੇ ਵੱਡੀਆਂ, ਬਹੁਤ ਵੱਡੀਆਂ ਮੁਸ਼ਕਲਾਂ ਹਨ। ਜੇ ਅਸੀਂ ਦੁਨੀਆਂ ਦੇ ਸਭ ਤੋਂ ਵੱਡੇ ਆਸ਼ਾਵਾਦੀ ਨਾ ਹੁੰਦੇ ਤਾਂ ਅੱਗੇ ਨਹੀਂ ਸੀ ਵਧ ਸਕਦੇ। ਜਦੋਂ ਅਸੀਂ (1956) ਗਰਾਨਾਮਾ ਰਾਹੀਂ ਕਿਊਬਾ ਦੀ ਧਰਤੀ ਉੱਤੇ ਉਤਰੇ ਤੇ ਲੜਾਈ ਸ਼ੁਰੂ ਕੀਤੀ, ਅਸੀਂ 82 ਜਣੇ ਸੀ। ਅਸੀਂ 300 ਬੰਦਿਆਂ ਨਾਲ ਲੜਾਈ ਵਿੱਢਣ ਦੀ ਸੋਚੀ ਸੀ ਪਰ ਅਸੀਂ ਸਿਰਫ਼ 82 ਹੀ ਨਾਲ ਲਿਆ ਸਕੇ। ਉਹ ਵੀ ਖਿੰਡ-ਪੁੰਡ ਗਏ ਤੇ ਪਿੱਛੋਂ ਸੱਤ ਜਣੇ ਹਥਿਆਰਬੰਦ ਇਕੱਠੇ ਹੋਏ। ਪਹਿਲਾਂ ਮੈਂ ਤੇ ਦੋ ਜਣੇ ਹੋਰ ਸੀ, ਤੇ ਦੋ ਰਫ਼ਲਾਂ, ਮੇਰੀ ਤੇ ਇੱਕ ਹੋਰ ਦੀ ਤੇ ਤੀਸਰੇ ਸਾਥੀ ਕੋਲ਼ ਕੋਈ ਹਥਿਆਰ ਨਹੀਂ ਸੀ। ਅਸੀਂ ਅਚਾਨਕ ਹੋਏ ਹਮਲੇ ਕਾਰਨ ਖਿੰਡ ਗਏ ਸੀ, ਕਿਉਂਕਿ ਸਾਨੂੰ ਤਜ਼ਰਬਾ ਨਹੀਂ ਸੀ, ਪਰ ਅਸੀਂ ਸਿੱਖਿਆ। ਪਿੱਛੋਂ ਅਸੀਂ ਚੰਗੇ ਸਬਕ ਸਿੱਖੇ।

(ਇਕ ਇੰਟਰਵਿਊ ਵਿਚੋਂ ਮਾਰਚ 19, 1998-ਠੰਢੀ ਜੰਗ)

"ਏਥੋਂ ਦੇ ਕਲਪਿਤ ਜੱਜਾਂ ਤੋਂ ਨਾ ਡਰੋ। ਹੋਰ ਤਰ੍ਹਾਂ ਦੇ ਜੱਜਾਂ ਤੋਂ ਡਰੋ, ਜੋ ਵਧੇਰੇ ਡਰਾਉਣੇ ਹਨ। ਆਉਣ ਵਾਲ਼ੀਆਂ ਨਸਲਾਂ ਦੇ ਜੱਜਾਂ ਤੋਂ ਡਰੋ। ਭਵਿੱਖ ਦੀਆਂ ਨਸਲਾਂ ਤੋਂ ਡਰੋ, ਜਿਨ੍ਹਾਂ ਅੰਤ ਉੱਤੇ, ਆਖ਼ਰੀ ਸ਼ਬਦ ਆਖਣੇ ਹਨ।"

(ਲੇਖਕਾਂ ਨੂੰ ਸੰਬੋਧਨ 1961)



# ਫੀਦਲ ਕਾਸਤਰੋ ਦੀ ਵਾਰ

—ਹਰਭਜਨ ਸਿੰਘ ਹੁੰਦਲ

ਵੱਡੇ ਘਰ ਦੇ ਚੋਰ ਉਚੱਕੇ
ਕੰਮ ਜਿਨ੍ਹਾਂ ਦੇ ਧਾੜੇ ਧੱਕੇ।

ਦਿਨ ਤੇ ਰਾਤ ਸਕੀਮਾਂ ਘੜਦੇ।
ਉਸਦੇ ਸੁੱਚੇ ਸ਼ਬਦਾਂ ਉੱਤੇ,
ਵੰਨ-ਸਵੰਨੇ ਦੂਸ਼ਣ ਮੜ੍ਹਦੇ।

ਕਿੰਨੀ ਵਾਰੀ ਕਾਤਲ ਘੱਲੇ
ਜਿਹਨਾਂ ਸੱਭੇ ਰਸਤੇ ਮੱਲੇ।

ਲੱਖਾਂ ਡਾਲਰ ਖੂਹ ਖਾਤੇ ਪਾ ਛੱਡੇ ਸੀ
ਕਿੰਨੇ ਹੀਰੇ ਉਹਨਾਂ ਮਾਰੇ, ਵੱਢੇ ਸੀ।

ਕਿੰਨੇ ਤਖ਼ਤ ਉਹਨਾਂ ਪਲਟਾਏ?
ਕਿੰਨੇ ਵਸਦੇ ਨਗਰ ਉਜਾੜੇ?
ਕਿਸ ਘਰ ਪਾਏ ਨਹੀਂ ਪੁਆੜੇ?

ਪਰ ਉਹ ਸੂਰਾ ਮਰਿਆ ਨਾ
ਕਿਸੇ ਖੌਫ਼ ਤੋਂ ਡਰਿਆ ਨਾ
ਉਹ ਨਹੀਂ ਮਰਿਆ
ਉਸ ਨਹੀਂ ਮਰਨਾ।
ਮਰ ਕੇ ਵੀ ਉਸ ਉੱਠ ਖਲੋਣਾ
ਉਸਦੇ ਨਾਂ ਨੂੰ ਕੁੱਝ ਨਹੀਂ ਹੋਣਾ।

ਬੁੱਢਾ ਹੋ ਕੇ ਆਖ਼ਰ ਜਦੋਂ ਬੀਮਾਰ ਪਿਆ
ਸੁਣ ਕੇ ਉਹਨਾਂ ਨੂੰ ਚਾਅ ਚੜ੍ਹਿਆ
ਕੱਛਾਂ ਮਾਰਨ, ਭੰਗੜੇ ਪਾਵਣ
ਸੌ ਸੌ ਰੰਗ ਦੇ ਜਸ਼ਨ ਮਨਾਵਣ।

ਸੋਚਣ ਹੁਣ ਤੇ ਮਰ ਜਾਵੇਗਾ
ਥਾਂ ਨੂੰ ਖਾਲੀ ਕਰ ਜਾਵੇਗਾ।

ਪਰ ਉਹ ਮੁੜ ਕੇ ਉੱਠ ਖਲੋਇਆ
ਉਸਦਾ ਹਰਜ ਨਾ ਕੋਈ ਹੋਇਆ।

ਫਿਰ ਉਹਨਾਂ ਨੂੰ ਨੀਂਦ ਨਾ ਆਵੇ
ਨਿੱਤ ਨਵਾਂ ਕੋਈ ਖ਼ਾਬ ਡਰਾਵੇ।
ਉਹ ਬੋਲੇ ਤਾਂ ਅੰਬਰ ਕੰਬੇ
ਉਹ ਬੋਲੇ ਤਾਂ ਧਰਤੀ ਡੋਲੇ।
ਤਖ਼ਤਾਂ ਦੇ ਹਿੱਲ ਜਾਵਣ ਪਾਵੇ
ਫਿਰ ਵੀ ਭੇਤ ਸਮਝ ਨਾ ਆਵੇ।

ਜਦੋਂ ਬੋਲਦਾ;
ਉਸਦੇ ਸ਼ਬਦ ਹੁੰਗਾਰੇ ਭਰਦੇ
ਵਿਚ ਹਵਾ ਜਿਉਂ ਪੰਛੀ ਤਰਦੇ।

ਉਹ ਨਹੀਂ ਕਿਸੇ ਮਾਰਿਆਂ ਮਰਦਾ
ਮਰ ਵੀ ਜਾਵੇ
ਉਸਦੇ ਸ਼ਬਦ ਜਾਗਦੇ ਰਹਿਣੇ।
ਇਹ ਨਹੀਂ ਜਾਣੇ ਕਦੇ ਗ੍ਰਹਿਣੇ।

ਸੋਚਾਂ ਸੋਚਣ;
ਫਿਰ ਤੋਂ ਕੋਈ ਜੁਗਤ ਲੜਾਈਏ
ਆਪਣੀ ਕਿਰਦੀ ਹੋਂਦ ਬਚਾਈਏ
ਐਸਾ ਕੋਈ ਸ਼ਸਤਰ ਹੋਵੇ
ਜਿਸ ਅੱਗੇ ਨਾ ਓਟ ਖਲੋਵੇ।

ਉਹ ਤੂਫ਼ਾਨਾਂ ਵਿੱਚ ਖਲੋਤਾ
ਕਿੰਝ ਅਡੋਲ ਨਜ਼ਰ ਪਿਆ ਆਵੇ।
ਵੇਖ ਸਲੀਬਾਂ ਨੂੰ ਮੁਸਕਾਵੇ।
ਉਸਨੂੰ ਕੋਈ ਉਡਣਾ ਸ਼ਸਤਰ
ਰਾਕਟ ਮਾਰੂ,
ਕਿਵੇਂ ਡਰਾਵੇ।

ਕਿੰਨੇ ਕੁਫ਼ਰ ਨੇ ਜਾਲ਼ ਵਿਛਾਏ!
ਕਿੰਨੇ ਕੂੜ-ਕਿਆੜੇ ਲਾਏ!
ਐਪਰ ਕੰਮ ਕਿਸੇ ਨਾ ਆਏ!!

ਉਹ ਪ੍ਰਤੀਕ ਅਸਾਡੇ ਯੁੱਗ ਦਾ
ਮੌਤ ਵੀ ਉਸਦੇ ਅੱਗੇ ਯਾਰੋ
ਹੱਥ ਬੰਨ ਕੇ ਆਣ ਖਲੋਵੇ
ਉਸਦਾ ਵਾਲ਼ ਨਾ ਵਿੰਗਾ ਹੋਵੇ।

ਉਹ ਨਹੀਂ ਕਿਸੇ ਮਾਰਿਆਂ ਮਰਦਾ
ਮਰ ਕੇ ਵੀ ਉਸ ਉੱਠ ਖਲੋਣਾ
ਉਸਦੇ ਨਾਂ ਨੂੰ ਕੁੱਝ ਨਹੀਂ ਹੋਣਾ!
ਯੁੱਗਾਂ ਤੀਕਰ, ਉਸਨੇ ਸਾਡਾ ਰਾਹ ਰੁਸ਼ਨਾਉਣਾ!!!

## ਫੀਦੇਲ ਤੂੰ ਮਰਿਆ ਨਹੀਂ

*ਡਾ. ਜਗਵਿੰਦਰ ਜੋਧਾ*

ਮੈਂ ਤੇਰੀ ਮੌਤ ਦੀ ਖ਼ਬਰ ਨੂੰ ਮੰਨਣੋ ਇਨਕਾਰ ਕਰਦਾ ਫੀਦੇਲ
ਤੂੰ ਮਰਿਆ ਨਹੀਂ
ਇਹ ਅਫ਼ਵਾਹ ਉਸੇ ਪ੍ਰਚਾਰ ਤੰਤਰ ਨੇ ਫੈਲਾਈ ਹੈ
ਜੋ ਭਾਰਤ ਦੀ ਕੁੱਲ ਘਰੇਲੂ ਉਤਪਾਦਨ ਦਰ ਨੂੰ
ਚੀਨ ਤੋਂ ਬਿਹਤਰ ਦੱਸਦਾ ਹੈ
ਜੋ ਗਰੀਬ ਮੁਸਲਮਾਨ ਬਸਤੀਆਂ ਵਿਚ ਅੱਧੀ ਰਾਤੀਂ ਬੁੱਕਦੇ ਬੁਰਛਿਆਂ ਨੂੰ
ਰਾਸ਼ਟਰ ਭਗਤ ਕਹਿੰਦੇ ਫੀਦੇਲ
ਜਿਸ ਮੀਡੀਏ ਮੁਤਾਬਕ ਸੱਦਾਮ ਹੁਸੈਨ ਨੇ ਲੁਕੋਏ ਸਨ ਐਟਮੀ ਹਥਿਆਰ
ਜਿਹੜਾ ਮੀਡੀਆ ਤੈਨੂੰ ਤੀਵੀਂਬਾਜ਼ ਤੇ ਬਿਲ ਕਲਿੰਟਨ ਨੂੰ ਅਮਰੀਕੀ ਗੌਰਵ ਕਹਿੰਦਾ ਸੀ
ਫੀਦੇਲ ਤੇਰੀ ਮੌਤ ਦੀ ਖ਼ਬਰ ਸੁੱਖ ਦਾ ਸਾਹ ਹੈ
ਉਨ੍ਹਾਂ ਲਈ
ਜਿਨ੍ਹਾਂ ਰੂਸ ਦੇ ਖੰਡਰਾਂ ਵਿੱਚ ਮਾਰਕਸਵਾਦ ਦਾ ਸੂਰਜ ਛੁਪਿਆ ਕਹਿ
ਜਿੱਤ ਦੇ ਭੰਗੜੇ ਪਾਏ ਸਨ
ਪਰ ਤੂੰ ਇਕ ਵਿਅਕਤੀ ਨਹੀਂ
ਇਕ ਭਾਵਨਾ ਏਂ ਫੀਦੇਲ
ਸੱਤਾ ਤੋਂ ਸਤੇ ਬੰਦੇ ਦੀ ਕਲਿਕਾਰੀ ਏਂ
ਤੂੰ ਸਵੈ ਗੌਰਵ ਦੀ ਚਿਣਗ ਏਂ ਫੀਦੇਲ
ਝੁਕੇ ਮਸਤਕ ਸਮੇਂ ਨਾਬਰੀ ਦੀ ਗਾਹਲ ਏਂ ਤੂੰ



ਉਹ ਜਿਸਨੇ ਹਵਾਨਾ ਜਿੱਤਿਆ ਸੀ
ਆਪਣੇ ਵੀਹ ਗੁਰੀਲਾ ਸਾਥੀਆਂ ਸਣੇ
ਮਰ ਚੁੱਕਿਆ ਹੋਵੇਗਾ ਉਹ
ਪਰ ਜਦੋਂ ਤੱਕ ਦੁਨੀਆਂ ਦੀ ਆਖਰੀ ਝੌਂਪੜੀ ਵਿਚ
ਭੁੱਖੇ ਸੌਣ ਲਈ ਮਜਬੂਰ ਨੇ ਲੋਕ
ਜਦੋਂ ਤਕ ਮਜ਼ਦੂਰ ਬਸਤੀਆਂ ਵਿਚ ਦੁੜੰਗੇ ਮਾਰਦਾ ਫਿਰਦੈ ਪੂੰਜੀਵਾਦ
ਤੂੰ ਕਿਵੇਂ ਮਰ ਸਕਦੈਂ ਫੀਦੇਲ।
ਨਹੀਂ ਮਰ ਸਕਦਾ ਤੂੰ।

## ਰੁੱਖ (ਕੀਊਬਾ ਦੇ ਲੋਕਾਂ ਦੇ ਨਾਂ)

*—ਅਵਤਾਰ ਸਿੰਘ ਸਾਦਿਕ*

ਅਸੀਂ ਪਤਝੜ ਦੇ
ਉਦਾਸ ਰੁੱਖ ਨਹੀਂ ਹਾਂ
ਜੋ ਧੁੰਦਲੀਆਂ ਰੁੱਤਾਂ ਵਿੱਚ
ਅੱਖਾਂ ਮੀਟੀ ਗੁਆਚ ਜਾਵਾਂਗੇ
ਅਸੀਂ ਪਤਝੜ ਦੇ
ਉਹ ਬੇਜ਼ੁਬਾਨ ਰੁੱਖ ਨਹੀਂ ਹਾਂ
ਜੋ ਰਤ-ਪੀਣੀਆਂ ਜੋਕਾਂ
ਦੇ ਕੰਮ ਆਵਾਂਗੇ
ਅਸੀਂ ਧਰਤੀ ਦੇ
ਉਹ ਅਡੋਲ ਰੁੱਖ ਹਾਂ
ਜੋ ਸ਼ੂਕਦੀਆਂ ਹਨੇਰੀਆਂ ਅੱਗੇ
'ਸੀਅਰਾ ਮਿਅਸਟਰਾ' ਪਰਬਤ ਵਾਂਗ
ਸੀਨਾ ਤਾਣੀ ਖਲੋਤੇ
ਪੌਣਾ ਦੇ ਮੱਥੇ ਲਗੇ
ਦਾਗਾਂ ਨੂੰ
ਮੋਹ ਦੇ ਹੰਝੂਆਂ ਨਾਲ
ਧੋਂਦੇ ਹਾਂ
ਅਸੀਂ ਫੀਦਲ ਕਾਸਟਰੋ ਦੀ
ਸੁੰਦਰ ਭੂਮੀ ਦੇ
ਏਨੇ ਕੂਲ਼ੇ ਰੁੱਖ ਨਹੀਂ ਹਾਂ
ਜੋ 'ਗੁਅਨਟਾਨਮੋਆ' ਦੀਆਂ ਗਿਰਝਾਂ ਨੂੰ
ਆਪਣੀਆਂ ਟਾਹਣਾ ਤੇ
ਅਰਾਮ ਨਾਲ ਬੈਠਣ ਦਿਆਂਗੇ
ਅਸੀਂ 'ਹੋਸੇ ਮਾਰਤੀ' ਦੀ ਪਿਉਂਦ ਚੜ੍ਹੇ
ਉਹ ਦੇਸ਼ ਭਗਤ ਰੁੱਖ ਹਾਂ
ਜੋ ਆਪਣੇ ਪੈਰਾਂ-ਭਾਰ ਖਲੋਤੇ
ਹਰ ਬਰਫ਼ੀਲੀ ਰੁੱਤੇ
ਲੰਮੀਆਂ ਡਾਰਾਂ ਬੰਨ੍ਹੀ
ਅਕਾਸ ਵਿਚ ਉਡਦੀਆਂ
ਚਿੜੀਆਂ ਦੇ ਗੀਤ
ਸੁਣਨਾ ਲੋਚਦੇ ਹਾਂ
ਇਸ ਆਸ ਸਹਾਰੇ
ਕਿ ਸਾਡੇ ਤੇ ਬਹਾਰ ਆਏਗੀ
ਤੇ ਫੁੱਲ ਹੋਰ ਮਹਿਕਣਗੇ
ਅਸੀਂ ਪਤਝੜ ਦੇ
ਨਿਰਾਸ਼ ਰੁੱਖ ਨਹੀਂ ਹਾਂ

*(ਹਵਾਨਾ, ਕੀਊਬਾ 22.11.94)*

ਰੇਖਾ ਚਿੱਤਰ :

# ਫੀਦਲ ਕਾਸਤਰੋ

–ਗੈਬਰੀਅਲ ਗਾਰਸ਼ੀਆ ਮਾਰਕੁਵੇਜ਼

ਇੱਕ ਵਿਦੇਸ਼ੀ ਯਾਤਰੀ ਬਾਰੇ ਗੱਲ ਕਰਦਿਆਂ, ਜਿਹੜਾ ਕਿ ਹਫ਼ਤੇ ਭਰ ਲਈ ਕਿਊਬਾ ਦੇ ਟੂਰ ਤੇ ਆਇਆ ਹੋਇਆ ਸੀ ਅਤੇ ਜਿਸ ਦਾ ਸਾਥ ਫੀਦਲ ਨੇ ਦਿੱਤਾ ਸੀ, ਫੀਦਲ ਕਾਸਤਰੋ ਨੇ ਕਿਹਾ, "ਉਹ ਆਦਮੀ ਕਿੰਨਾ ਬੋਲਦਾ ਹੈ।" ਫੀਦਲ ਕਾਸਤਰੋ ਬਾਰੇ ਅਨੁਭਵ ਕਰਨ ਲਈ ਏਨਾ ਹੀ ਕਾਫੀ ਹੈ ਕਿ ਉਕਤ ਗੱਲ ਵਧਾ ਕੇ ਕੀਤੀ ਗਈ ਹੈ। ਬਹੁਤ ਹੀ ਵਧਾ ਕੇ ਕਿਉਂਕਿ ਅਜਿਹਾ ਬੰਦਾ ਲੱਭਣਾ ਅਸੰਭਵ ਹੈ ਜਿਹੜਾ ਗੱਲਬਾਤ ਕਰਨ ਦਾ ਏਨਾ ਆਦੀ ਹੋਵੇ, ਜਿੰਨਾ ਕਿ ਫੀਦਲ ਹੈ।

ਸ਼ਬਦ ਪ੍ਰਤੀ ਉਸ ਦੀ ਸ਼ਰਧਾ ਕਰੀਬ-ਕਰੀਬ ਜਾਦੂਮਈ ਹੈ। ਕ੍ਰਾਂਤੀ ਦੇ ਆਰੰਭ ਸਮੇਂ, ਹਵਾਨਾ ਵਿਚ ਆਪਣੇ ਜੇਤੂ ਦਾਖ਼ਲੇ ਦੇ ਹਫ਼ਤੇ ਬਾਅਦ ਹੀ, ਉਹ ਬਿਨਾਂ ਸਾਹ ਲਿਆਂ, ਟੀ.ਵੀ. ਉੱਤੇ ਸੱਤ ਘੰਟੇ ਬੋਲੇ ਸਨ। ਇਹ ਅਵੱਸ਼ ਹੀ ਸੰਸਾਰ ਵਿਚ ਨਵਾਂ ਰਿਕਾਰਡ ਹੈ। ਪਹਿਲੇ ਕੁਝ ਘੰਟਿਆਂ ਵਿਚ, ਹਵਾਨਾ ਦੇ ਲੋਕੀਂ, ਜਿਹੜੇ ਉਸ ਦੀ ਅਵਾਜ਼ ਦੀ ਸ਼ਕਤੀ ਦੇ ਕੀਲਣਯੋਗ ਗੁਣ ਤੋਂ ਅਨਜਾਣ ਸਨ, ਰਵਾਇਤੀ ਢੰਗ ਨਾਲ ਸੁਣਨ ਲਈ ਬੈਠ ਗਏ, ਪਰ ਜਿਵੇਂ-ਜਿਵੇਂ ਸਮਾਂ ਲੰਘਦਾ ਗਿਆ, ਉਹ ਆਪਣੇ ਨਿਤਾ-ਪ੍ਰਤੀ ਕੰਮਾਂ 'ਤੇ ਵਾਪਸ ਚਲੇ ਗਏ। ਉਨ੍ਹਾਂ ਦਾ ਇੱਕ ਕੰਨ ਆਪਣੇ ਕੰਮਾਂ ਵੱਲ ਸੀ ਤੇ ਦੂਸਰਾ ਉਨ੍ਹਾਂ ਦੀ ਤਕਰੀਰ ਵੱਲ।

ਮੈਂ ਇੱਕ ਦਿਨ ਪਹਿਲਾਂ ਕਾਰਾਕਾਸ ਤੋਂ ਪੱਤਰਕਾਰਾਂ ਦੀ ਇੱਕ ਟੋਲੀ ਨਾਲ ਆਇਆ ਸੀ ਤੇ ਅਸੀਂ ਆਪਣੇ ਹੋਟਲ ਦੇ ਕਮਰਿਆਂ ਵਿਚ ਉਸ ਤਕਰੀਰ ਨੂੰ ਸੁਣਨਾ ਆਰੰਭ ਕੀਤਾ। ਬਿਨਾਂ ਰੁਕਿਆਂ, ਅਸੀਂ ਐਲੀਵੇਟਰ ਵਿਚ, ਉਸ ਟੈਕਸੀ ਵਿਚ, ਜੋ ਸਾਨੂੰ ਕੰਮ-ਧੰਦੇ ਵਾਲੇ ਜ਼ਿਲਿਆਂ ਵਿਚ ਲੈ ਕੇ ਗਈ, ਫੁੱਲਾਂ ਨਾਲ ਭਰੇ ਕਾਫੀ ਹਾਊਸ ਦੇ ਵਰਾਂਡਿਆਂ ਵਿਚ, ਵਾਤਾਵਰਨ ਅਨੁਕੂਲ ਠਾਰਦੇ ਸ਼ਰਾਬ ਘਰਾਂ ਵਿਚ ਅਤੇ ਉਨ੍ਹਾਂ ਗਲ਼ੀਆਂ ਵਿਚ ਦੀ ਚੱਲਦੇ ਹੋਏ ਜਿੱਥੇ ਕਿ ਖੁੱਲ੍ਹੀਆਂ ਤਾਕੀਆਂ ਵਿਚ ਦੀ ਪੂਰੀ ਗੂੰਜਮਈ ਆਵਾਜ਼ ਸੁਣਦੀ ਸੀ, ਉਨ੍ਹਾਂ ਦੀ ਤਕਰੀਰ ਸੁਣਦੇ ਰਹੇ। ਸ਼ਾਮ ਤੱਕ ਇੱਕ ਵੀ ਸ਼ਬਦ ਨੂੰ ਵਿਸਾਰੇ ਬਿਨਾਂ, ਅਸੀਂ ਆਪਣਾ ਦਿਨ ਦਾ ਕਾਰਜ ਕਰਦੇ ਰਹੇ।

ਸਾਡੇ ਵਿਚੋਂ ਜਿਹੜੇ ਫੀਦਲ ਕਾਸਤਰੋ ਨੂੰ ਪਹਿਲੀ ਵਾਰ ਸੁਣ ਰਹੇ ਸੀ, ਉਨ੍ਹਾਂ ਦੇ ਧਿਆਨ ਵਿਚ ਦੋ ਗੱਲਾਂ ਆਈਆਂ। ਇੱਕ ਸੀ ਆਪਣੇ ਸਰੋਤਿਆਂ ਨੂੰ ਖ਼ੌਫ਼ਨਾਕ ਤੌਰ 'ਤੇ ਆਪਣੇ ਵੱਲ ਖਿੱਚਣ ਦੀ ਸ਼ਕਤੀ ਤੇ ਦੂਸਰੀ ਸੀ ਉਸ ਦੀ ਆਵਾਜ਼ ਦਾ ਭੁਰਭਰਾਪਣ, ਇਹ ਆਵਾਜ਼ ਭਾਰੇ ਗਲ਼ੇ ਵਾਲ਼ੀ ਸੀ, ਜਿਹੜੀ ਕਈ ਵਾਰ ਸਾਹ ਹੀਣ (ਘੁਸਰ ਮੁਸਰ) ਕਾਨਾਫੂਸੀ ਦਾ ਰੂਪ ਧਾਰ ਲੈਂਦੀ ਸੀ। ਉਸ ਦੇ ਬੈਠੇ ਗਲ਼ੇ ਨੂੰ ਸੁਣ ਕੇ ਇੱਕ ਡਾਕਟਰ ਨੇ ਸਿੱਟਾ ਕੱਢਿਆ ਕਿ ਲੰਮੀਆਂ ਤਕਰੀਰਾਂ, ਜੋ ਐਮਾਜ਼ੋਨ ਦਰਿਆ ਵਾਂਗ ਵਗਦੀਆਂ ਪ੍ਰਤੀਤ ਹੁੰਦੀਆਂ ਨੇ, ਫੀਦਲ ਕਾਸਤਰੋ ਅਗਲੇ ਪੰਜਾਂ ਸਾਲਾਂ ਵਿਚ ਆਪਣੀ ਆਵਾਜ਼ ਗਵਾ ਬੈਠੇਗਾ। ਉਸ ਤੋਂ ਛੇਤੀ ਹੀ ਪਿੱਛੋਂ ਅਗਸਤ 1962 ਵਿਚ ਇਹ ਪੇਸ਼ੀਨਗੋਈ ਪਹਿਲੀ ਵਾਰ ਚਿੰਤਾਜਨਕ ਹੱਦ ਤੱਕ ਠੀਕ ਹੁੰਦੀ ਪ੍ਰਤੀਤ ਹੋਈ, ਜਦੋਂ ਅਮਰੀਕੀ ਕੰਪਨੀਆਂ ਦੇ ਕੌਮੀਕਰਨ ਸਬੰਧੀ ਇੱਕ ਤਕਰੀਰ ਕਰਦਿਆਂ, ਉਹ ਗੂੰਗਾ ਹੋ ਗਿਆ ਸੀ, ਪਰ ਇਹ ਵਕਤੀ ਹਾਰ



ਸੀ, ਜੋ ਦੁਬਾਰਾ ਨਹੀਂ ਵਾਪਰੀ। ਉਸ ਗੱਲ ਨੂੰ 26 ਸਾਲ ਹੋ ਗਏ ਹਨ। ਫੀਦਲ ਕਾਸਤਰੋ ਹੁਣ 61 ਸਾਲ ਦਾ ਹੋ ਗਿਆ ਹੈ। (ਇਹ ਹਥਲਾ ਲੇਖ 1987 ਵਿਚ ਲਿਖਿਆ ਗਿਆ ਸੀ) ਤੇ ਉਸ ਦੀ ਅਵਾਜ਼ ਹੁਣ ਵੀ ਓਨੀ ਹੀ ਅਨਿਸ਼ਚਿਤ ਪ੍ਰਤੀਤ ਹੁੰਦੀ ਹੈ, ਐਪਰ ਬੋਲੇ ਜਾਂਦੇ ਸ਼ਬਦ ਦੇ ਕੋਮਲ ਸ਼ਿਲਪ ਪੱਖੋਂ, ਇਹ ਅਜੇ ਵੀ ਨਿਰੰਤਰ ਸਭ ਤੋਂ ਵੱਧ ਸਾਰਥਿਕ ਅਤੇ ਅਰੁੱਕ ਜਾਪਦੀ ਹੈ। ਸਾਧਾਰਨ ਗੱਲਬਾਤ ਲਈ ਤਿੰਨ ਘੰਟੇ ਦਾ ਸਮਾਂ ਉਸ ਲਈ ਠੀਕ ਔਸਤ ਹੈ। ਇੱਕ ਸਮੇਂ ਤਿੰਨ ਘੰਟੇ ਅਤੇ ਦਿਨ ਉਸ ਲਈ ਤੇਜ਼ੀ ਨਾਲ ਬੀਤਦੇ ਜਾਂਦੇ ਹਨ, ਕਿਉਂਕਿ ਉਹ ਦਫ਼ਤਰਾਂ ਵਿਚ ਜੁੜਿਆ ਅਕਾਦਮਿਕ ਆਗੂ ਨਹੀਂ, ਸਗੋਂ ਉਹ ਜਿੱਥੇ ਵੀ ਸਮੱਸਿਆਵਾਂ ਪੇਸ਼ ਹੋਣ, ਉਹ ਉਨ੍ਹਾਂ ਦੀ ਤਲਾਸ਼ ਕਰਦਾ ਹੈ, ਉਸ ਨੂੰ ਆਪਣੀ ਚੌਕਸੀ ਵਾਲ਼ੀ ਕਾਰ ਵਿਚ, ਬਿਨਾਂ ਨਾਲ਼ ਤੁਰਦੇ, ਗੂੰਜਦੇ ਮੋਟਰ ਸਾਈਕਲਾਂ ਤੋਂ, ਹਵਾਨਾ ਦੀਆਂ ਸੁੰਨਸਾਨ ਗਲ਼ੀਆਂ ਵਿਚ ਦੀ ਖਿਸਕਦੇ ਜਾਂ ਕਿਸੇ ਵੀ ਸਮੇਂ ਦੂਰ-ਦੁਰਾਡੀ ਸੜਕ 'ਤੇ ਸਰਘੀ ਤੋਂ ਪਹਿਲਾਂ ਦੇ ਪਲਾਂ ਵਿਚ ਵੇਖਿਆ ਜਾ ਸਕਦਾ ਹੈ। ਇਸ ਸਾਰੇ ਕੁੱਝ ਨੇ ਇੱਕ ਬੀਰ-ਗਾਥਾ ਨੂੰ ਜਨਮ ਦਿੱਤਾ ਹੈ ਕਿ ਉਹ ਸੁਭਾਵਿਕ ਇਕੱਲ-ਖੋਰਾ ਹੈ, ਇੱਕ ਗ਼ੈਰ-ਜਥੇਬੰਦ ਤੇ ਗ਼ੈਰ-ਰਵਾਇਤੀ ਉਨੀਂਦਰੇ ਵਾਲਾ ਮਨੁੱਖ ਜਿਹੜਾ ਕਿਸੇ ਵੀ ਘੜੀ ਗੇੜਾ ਮਾਰਨ ਆ ਸਕਦਾ ਹੈ ਤੇ ਸਵੇਰੇ ਹੋਣ ਤੱਕ ਮੇਜ਼ਬਾਨ ਨੂੰ ਜਾਗਦਿਆਂ ਰੱਖ ਸਕਦਾ ਹੈ। ਕ੍ਰਾਂਤੀ ਦੇ ਮੁੱਢਲੇ ਸਾਲਾਂ ਵਿਚ, ਇਸ ਬਿੰਬ ਵਿੱਚ ਕੁਝ ਸੱਚਾਈ ਸੀ, ਜਦੋਂ ਉਸ ਨੇ ਸੀਅਰਾ ਮੀਸਤਰਾ ਦੇ ਸਮੇਂ ਦੀਆਂ ਆਪਣੀਆਂ ਕਈ ਆਦਤਾਂ ਕਾਇਮ ਰੱਖੀਆਂ ਸਨ। ਆਪਣੀਆਂ ਲੰਮੀਆਂ ਤਕਰੀਰਾਂ ਕਾਰਨ ਹੀ ਨਹੀਂ, ਸਗੋਂ ਇਸ ਕਾਰਨ ਕਿ ਉਸ ਦਾ ਕੋਈ ਅਸਲ ਘਰ ਨਹੀਂ ਸੀ ਨਾ ਕੋਈ ਦਫ਼ਤਰ। ਪੂਰੇ ਪੰਦਰਾਂ ਸਾਲ, ਉਸ ਦਾ ਕੋਈ ਰੋਜ਼ਾਨਾ ਕਾਰਜ ਢੰਗ ਨਹੀਂ ਸੀ। ਸਰਕਾਰ ਦਾ ਮਿਹਰ ਉੱਤੇ ਸੀ, ਜਿੱਥੇ ਕਿਤੇ ਉਹ ਹੋ ਸਕਦਾ ਸੀ ਤੇ ਸ਼ਕਤੀ ਵੀ ਮੌਕਾ ਮੇਲ 'ਤੇ ਨਿਰਭਰ ਸੀ, ਉਸ ਦੀਆਂ ਅਵਾਰਾ-ਗਰਦੀਆਂ ਕਾਰਨ। ਹੁਣ ਉਹ ਬਿਲਕੁਲ ਵੱਖਰੀ ਤਰ੍ਹਾਂ ਦਾ ਸੀ। ਆਪਣੇ ਜੋਸ਼ ਦੇ ਲੱਛਣਾਂ ਨੂੰ ਤਿਆਗੇ ਬਿਨਾਂ ਉਸ ਨੇ ਆਪਣੀ ਜ਼ਿੰਦਗੀ ਉੱਤੇ ਅੰਤ ਨੂੰ ਇੱਕ ਬੰਧੇਜ ਲਾਗੂ ਕਰ ਦਿੱਤਾ ਹੈ। ਪਹਿਲੇ ਦਿਨਾਂ ਵਿਚ, ਕਈ ਦਿਨ ਤੇ ਰਾਤਾਂ ਜਿੱਥੇ ਅੱਖ ਲਾ ਲੈਂਦੇ ਸੀ, ਪਰ ਹੁਣ ਉਹ ਘੱਟੋ-ਘੱਟ ਨਿਰਵਿਘਨ ਛੇ ਘੰਟੇ ਸੌਣ ਦੀ ਕੋਸ਼ਿਸ਼ ਕਰਦਾ ਹੈ, ਭਾਵੇਂ ਅਜੇ ਵੀ ਉਸ ਨੂੰ ਪਤਾ ਨਹੀਂ ਕਿ ਕਦੋਂ ਉਹ ਇੰਝ ਕਰੇਗਾ। ਇਹ ਗੱਲ 'ਤੇ ਨਿਰਭਰ ਕਰਦੀ ਹੈ ਕਿ ਮੌਕਾ ਕਦੋਂ ਮਿਲ਼ਦਾ ਹੈ, ਉਹ ਰਾਤ ਦੇ 10 ਵਜੇ ਵੀ ਹੋ ਸਕਦਾ ਹੈ ਤੇ ਅਗਲੀ ਸਵੇਰ ਦੇ ਸੱਤ ਵਜੇ ਵੀ।

ਉਹ ਸਟੇਟ ਕੌਂਸਲ ਦੇ ਪ੍ਰਧਾਨ ਵਜੋਂ ਆਪਣੇ ਦਫਤਰ ਵਿਚ ਕਈ ਘੰਟੇ ਨਿਤਾ-ਪ੍ਰਤੀ ਦੇ ਮਾਮਲੇ ਨਿਪਟਾਉਣ ਵਿਚ ਲਾਉਂਦਾ ਹੈ, ਜਿੱਥੇ ਕਿ ਸੋਹਣਾ ਮੇਜ਼ ਅਣਕਮਾਏ ਚਮੜੇ ਦਾ ਸੁਖਦਾਇਕ ਫਰਨੀਚਰ ਤੇ ਕਿਤਾਬਾਂ ਦੀ ਅਲਮਾਰੀ ਹੁੰਦੀ ਹੈ ਜੋ ਉਸ ਦੀ ਰੁਚੀ ਦੀ ਵਿਸ਼ਾਲਤਾ ਦੀ ਪ੍ਰਤੀਕ ਹੁੰਦੀ ਹੈ ਤੇ ਇਸ ਵਿਚ ਰੋਮਾਂਚਿਕ ਨਾਵਲਾਂ ਤੋਂ ਲੈ ਕੇ ਜਲ-ਖੇਤੀ ਸਬੰਧੀ ਕਿਤਾਬਚੇ ਹੁੰਦੇ ਹਨ। ਸਿਗਰਟਾਂ ਦੀ ਅੱਧੀ ਡੱਬੀ ਤੋਂ, ਜੋ ਕਿ ਉਹ ਦਿਨ ਭਰ ਵਿਚ ਮੁਕਾ ਲੈਂਦਾ ਸੀ, ਹੁਣ ਉਹ ਬਿਲਕੁਲ ਪਰਹੇਜ਼ਗਾਰ ਬਣ ਗਿਆ ਹੈ, ਤਾਂ ਕਿ ਦੇਸ਼ ਵਿਚ ਸਿਗਰਟਨੋਸ਼ੀ ਨੂੰ ਲਾਗੂ ਕਰਨ ਲਈ ਉਸ ਕੋਲ਼ ਅਖਲਾਕੀ ਅਧਿਕਾਰ ਹੋਵੇ, ਦੇਸ਼, ਜਿੱਥੇ ਆ ਕੇ ਕਰਿਸਟੋਫਰ ਕੋਲੰਬਸ ਨੇ ਤੰਬਾਕੂ ਲੱਭਿਆ ਸੀ ਤੇ ਇਹ ਤੰਬਾਕੂ ਅਜੇ ਵੀ ਕਿਊਬਾ ਦੀ ਆਮਦਨ ਦਾ ਮੁੱਖ ਸੋਮਾ ਹੈ।

ਸ਼ਿੱਦਤ ਭਰੀ ਆਸਾਨੀ ਨਾਲ ਵਧ ਰਹੇ ਉਸ ਦੇ ਵਜ਼ਨ ਨੇ ਉਸ ਨੂੰ ਪੱਕੇ ਤੌਰ 'ਤੇ ਖ਼ੁਰਾਕ ਦੀ ਬੰਦਸ਼ ਲਈ ਮਜ਼ਬੂਰ ਕਰ ਦਿੱਤਾ ਹੈ। ਇਹ ਇੱਕ ਬਹੁਤ ਵੱਡੀ ਕੁਰਬਾਨੀ ਹੈ। ਜਦੋਂ ਉਸ ਦੀ ਵੱਡੀ ਭੁੱਖ ਤੇ ਨੁਸਖੇ ਲੱਭਣ ਦੀ ਅਤ੍ਰਿਪਤ ਖ਼ੁਸ਼ੀ ਤੱਕੀਦੀ ਹੈ, ਨੁਸਖ਼ੇ ਜੋ ਵਿਗਿਆਨਕ ਜੋਸ਼ ਨਾਲ ਤਿਆਰ ਕਰਨਾ ਪਸੰਦ  ਕਰਦਾ ਹੈ। ਇੱਕ ਐਤਵਾਰ, ਮੁਕਤ ਹੋ, ਉਸ ਨੇ ਬੜਾ ਵੱਡਾ ਦੁਪਹਿਰ ਦਾ ਖਾਣਾ ਆਈਸ-ਕਰੀਮ ਦੀਆਂ 18 ਕੜਛੀਆਂ ਦਾ ਖਾਧਾ। ਆਮ ਕਰਕੇ ਉਹ ਉਬਲ਼ੀਆਂ ਸਬਜ਼ੀਆਂ ਨਾਲ ਮੱਛੀ ਦਾ ਇੱਕ ਟੁਕੜਾ ਲੈਂਦਾ ਹੈ, ਨਿਸ਼ਚਿਤ ਖਾਣੇ ਦੇ ਸਮੇਂ ਨਹੀਂ, ਸਗੋਂ ਜਦੋਂ ਕਦੇ ਭੁੱਖ ਉਸ 'ਤੇ ਭਾਰੂ ਹੋ ਜਾਂਦੀ ਹੈ, ਹਰ ਰੋਜ਼ ਉਹ ਕੁੱਝ ਘੰਟੇ ਦੀ ਜਿਮਨਾਸਟਕ (ਸਰੀਰਕ ਕਰਤਬ) ਤੇ ਆਮ ਕਰਕੇ ਤੈਰਾਕੀ ਕਾਰਨ ਸ਼ਾਨਦਾਰ ਸਰੀਰਕ ਅਵਸਥਾ ਵਿਚ ਰਹਿੰਦਾ ਹੈ। ਉਹ ਆਪਣੇ ਆਪ ਨੂੰ ਵਿਸਕੀ ਦੇ ਇੱਕ ਸਿੱਧੇ ਗਲਾਸ ਨਾਲ ਸੰਤੁਸ਼ਟ ਰੱਖਦਾ ਹੈ, ਜਿਹੜੀ ਉਹ ਅਦਿੱਖ ਘੁੱਟਾਂ ਨਾਲ ਪੀਂਦਾ ਹੈ ਅਤੇ ਉਸ ਨੇ ਉਨ੍ਹਾਂ ਸੇਵੀਆਂ ਲਈ ਆਪਣੀ ਕਮਜ਼ੋਰੀ ਨੂੰ ਕਾਬੂ ਕਰਨਾ ਸਿੱਖ ਲਿਆ ਹੈ, ਜਿਹੜੀਆਂ ਕਿ ਇਨਕਲਾਬ ਦੇ ਪਹਿਲੇ ਪਾਵਰੀ ਮੋਨ ਸਿਗਨੋਰ ਸੀਸਾਰੇ ਸਾਚੀ ਨੇ ਉਸ ਨੂੰ ਤਿਆਰ ਕਰਨੀਆਂ ਸਿਖਾਈਆਂ ਸਨ। ਉਸ ਦੇ ਹੋਮਰਿਕ, ਪਰ ਛਿਣ ਭੰਗਰੇ ਗੁੱਸੇ ਦੀ ਗੱਲ ਹੁਣ ਬੀਤ ਗਏ ਦੀ ਗੱਲ ਬਣ ਚੁੱਕੀ ਹੈ ਤੇ ਉਸ ਨੂੰ ਆਪਣੇ ਕਾਲ਼ੇ ਰੌਅ (Moods) ਨੂੰ ਅਜਿੱਤ ਧੀਰਜ ਨਾਲ ਕਾਬੂ ਕਰਨਾ ਸਿੱਖ ਲਿਆ ਹੈ।

ਨਿਚੋੜ ਇਹ ਹੈ ਕਿ ਇਕ ਸਖ਼ਤ ਅਨੁਸ਼ਾਸਨ। ਪਰ ਕਿਸੇ ਵੀ ਹਾਲਤ ਵਿਚ, ਇਹ ਕਦੇ ਵੀ ਕਾਫ਼ੀ ਨਹੀਂ ਹੁੰਦਾ ਜੇ ਇਹ ਵੇਖੀਏ ਕਿ ਸਮੇਂ ਦੀ ਅਟੱਲ ਘਾਟ ਉਸ 'ਤੇ ਅਨਿਯਮਤ ਪ੍ਰੋਗਰਾਮ ਦਾ ਭਾਰ ਪਾ ਦਿੰਦੀ ਹੈ ਤੇ ਕਲਪਨਾ ਦੀ ਸ਼ਕਤੀ ਉਸ ਨੂੰ ਕਿਸੇ ਵੀ ਛਿਣ ਦੂਰ ਲੈ ਜਾਂਦੀ ਹੈ। ਉਸ ਦੇ ਨਾਲ਼ ਹੁੰਦੇ, ਤੁਹਾਨੂੰ ਇਹ ਪਤਾ ਤਾਂ ਹੁੰਦਾ ਹੈ ਕਿ ਆਰੰਭ ਕਿੱਥੋਂ ਕਰਨਾ ਹੈ, ਪਰ ਤੁਹਾਨੂੰ ਇਹ ਕਦੇ ਵੀ ਪਤਾ ਨਹੀਂ ਹੁੰਦਾ ਕਿ ਗੱਲ ਕਿੱਥੇ ਜਾ ਕੇ ਮੁੱਕਣੀ ਹੈ। ਇਹ ਕੋਈ ਅਸਾਧਾਰਨ ਗੱਲ ਨਹੀਂ। ਜੇ ਕਿਸੇ ਵੀ ਰਾਤ ਨੂੰ ਤੁਸੀਂ ਕਿਸੇ ਗੁਪਤ ਮੰਜ਼ਿਲ ਵੱਲ ਜਹਾਜ਼ ਵਿਚ ਉੱਡੇ ਰਹੇ ਹੋਵੋ, ਕਿਸੇ ਵਿਆਹ ਵਿਚ ਮੁੱਖ ਪ੍ਰਾਹੁਣਾ ਹੋਣਾ, ਖੁੱਲ੍ਹੇ ਸਮੁੰਦਰ ਵਿਚ ਝੀਂਗਾ-ਮੱਛੀ ਦਾ ਸੁਆਦ ਚੱਖਣਾ ਜਾਂ ਕਮਾਗੂਏ ਵਿਚ ਤਾਜ਼ਾ ਫਰਾਂਸੀਸੀ ਪਨੀਰ ਦਾ ਸਵਾਦ ਲੈਣਾ।

ਬਹੁਤ ਦੇਰ ਪਹਿਲਾਂ ਉਸ ਨੇ ਕਿਹਾ ਸੀ, "ਕੰਮ ਕਰਨਾ ਸਿੱਖਣਾ ਵੀ ਏਨਾ ਹੀ ਜ਼ਰੂਰੀ ਹੈ, ਜਿੰਨਾ ਆਰਾਮ ਕਰਨਾ ਸਿੱਖਣਾ।" ਪਰ ਉਸ ਦੇ ਆਰਾਮ ਕਰਨ ਦੇ ਢੰਗ ਬਹੁਤ ਹੀ ਮੌਲਿਕ ਹਨ ਤੇ ਸਪੱਸ਼ਟ ਭਾਂਤ ਦੇ ਹਨ, ਇਸ ਵਿੱਚੋਂ ਵਾਰਤਾਲਾਪ ਗਾਇਬ ਨਹੀਂ। ਇਕ ਵੇਰ ਅੱਧੀ ਰਾਤ ਉਸ ਨੇ ਕੰਮ ਦਾ ਗੰਭੀਰ ਸੈਸ਼ਨ ਤਿਆਗ ਦਿੱਤਾ ਅਤੇ ਥਕਾਵਟ ਦੇ ਦਿਸਦੇ ਚਿੰਨ੍ਹਾਂ ਨਾਲ ਉਹ ਕਈ ਘੰਟੇ ਤੈਰਾਕੀ ਤੋਂ ਪਿੱਛੋਂ ਸਵੇਰੇ ਤੜਕੇ ਪੂਰੀ ਤਰ੍ਹਾਂ ਤਾਜ਼ਾ ਦਮ ਹੋ ਵਾਪਸ ਪਰਤ ਆਇਆ। ਨਿੱਜੀ ਪਾਰਟੀਆਂ ਉਸ ਦੇ ਆਚਰਨ ਦੇ ਉਲਟ ਹਨ, ਕਿਉਂਕਿ ਉਹ ਉਨ੍ਹਾਂ ਦੁਰਲੱਭਾਂ ਕਿਊਬਾ ਵਾਸੀਆਂ ਵਿਚੋਂ ਹੈ, ਜੋ ਨਾ ਗਾਉਂਦੇ ਹਨ, ਨਾ ਨੱਚਦੇ ਤੇ ਜਿਹੜੀਆਂ ਬਹੁਤ ਪਾਰਟੀਆਂ ਵਿਚ ਉਹ ਸ਼ਾਮਿਲ ਹੁੰਦਾ ਹੈ ਉਨ੍ਹਾਂ ਦਾ ਰੰਗ ਉਸੇ ਘੜੀ ਬਦਲ ਜਾਂਦਾ, ਜਦੋਂ ਉਹ ਉੱਥੇ ਪਹੁੰਚਦਾ ਹੈ। ਸ਼ਾਇਦ ਉਹ ਮਹਿਸੂਸ ਨਹੀਂ ਕਰਦਾ। ਸ਼ਾਇਦ ਉਹ ਆਪਣੀ ਹਾਜ਼ਰੀ ਦੀ ਸ਼ਕਤੀ ਤੋਂ ਅਨਜਾਣ ਹੈ, ਜੋ ਇਹ ਦੂਸਰਿਆਂ ਉੱਤੇ ਠੋਸਦੀ ਹੈ, ਹਾਜ਼ਰੀ ਜੋ ਤੁਰੰਤ ਸਾਰੀ ਥਾਂ ਨੂੰ ਭਰ ਦਿੰਦੀ ਹੈ, ਭਾਵੇਂ ਕਿ ਉਹ ਨਾ ਏਨਾ ਲੰਮਾ ਹੈ ਤੇ ਨਾ ਹੀ ਮੋਟਾ



ਭੁੱਚਰ, ਜਿੰਨਾ ਕਿ ਪਹਿਲੀ ਨਜ਼ਰੇ ਉਹ ਵਿਖਾਈ ਦਿੰਦਾ ਹੈ, ਮੈਂ ਬਹੁਤ ਹੀ ਆਤਮ-ਵਿਸ਼ਵਾਸੀ ਬੰਦੇ ਵੇਖੇ ਹਨ ਜੋ ਉਸ ਦੀ ਸੰਗਤ ਵਿਚ, ਆਪਣਾ ਸੰਤੁਲਨ ਗਵਾ ਬਹਿੰਦੇ ਹਨ। ਉਹ ਬੜੇ ਅਡੋਲ ਵਿਖਾਈ ਦੇਣ ਦਾ ਯਤਨ ਕਰਦੇ ਹਨ, ਜਾਂ ਵਿਸ਼ਵਾਸ਼ ਦਾ ਪਾਖੰਡ ਵਿਖਾਵਾ ਕਰਦੇ ਹਨ ਤੇ ਕਦੇ ਇਸ ਗੱਲ ਦੀ ਕਲਪਨਾ ਨਹੀਂ ਕਰਦੇ ਕਿ ਉਹ ਵੀ ਓਨਾ ਹੀ ਡਰਿਆ ਹੁੰਦਾ ਹੈ, ਜਿੰਨੇ ਉਹ ਸੱਜਣ ਤੇ ਉਸ ਨੂੰ ਵੀ ਆਰੰਭਿਕ ਕੋਸ਼ਿਸ਼ ਕਰਨੀ ਪੈਂਦੀ ਹੈ ਤਾਂ ਕਿ ਕੋਈ ਇਸ ਨੂੰ ਵੇਖ ਨਾ ਸਕੇ। ਮੈਂ ਸਦਾ ਹੀ ਇਹ ਵਿਸ਼ਵਾਸ ਕੀਤਾ ਹੈ ਕਿ ਗੱਲਬਾਤ ਕਰਦਿਆਂ ਜਦੋਂ ਉਹ ਆਪਣੇ ਕੰਮਾਂ ਬਾਰੇ ਅਕਸਰ ਬਹੁਵਚਨ ਸ਼ਬਦ ਵਰਤਦਾ ਹੈ, ਤਾਂ ਇਹ ਏਨਾ ਸ਼ਾਹਾਨਾ ਨਹੀਂ ਹੁੰਦੇ, ਜਿਵੇਂ ਕਿ ਵੇਖਣ ਨੂੰ ਲੱਗਦੇ ਹਨ, ਸਗੋਂ ਇਹ ਉਸ ਦੀ ਸੰਗਤ ਨੂੰ ਲੁਕਾਉਣ ਦਾ ਅਸਲ ਵਿਚ ਕਾਵਿਕ-ਲਾਇਸੈਂਸ ਹੁੰਦਾ ਹੈ।

ਸਿੱਟੇ ਵਜੋਂ ਨਾਚ ਵਿਚ ਵਿਘਨ ਪੈ ਜਾਂਦਾ ਹੈ, ਸੰਗੀਤ ਰੁਕ ਜਾਂਦਾ ਹੈ, ਰਾਤ ਦਾ ਖਾਣਾ ਟਾਲ਼ਿਆ ਜਾਂਦਾ ਹੈ, ਤੇ ਭੀੜ ਉਸ ਦੇ ਆਲ਼ੇ-ਦੁਆਲ਼ੇ ਗੱਲਬਾਤ ਲਈ ਜਮ੍ਹਾਂ ਹੋ ਜਾਂਦੀ ਹੈ ਜਿਹੜੀ ਕਿ ਤੁਰੰਤ ਆਰੰਭ ਹੋ ਜਾਂਦੀ ਹੈ। ਉਹ ਦੇਰ ਤੱਕ ਇੰਝ ਰਹਿ ਸਕਦਾ ਹੈ ਤੇ ਬਿਨਾਂ ਕੁੱਝ ਖਾਧੇ ਪੀਤੇ ਦੇ ਖਲੋਤਾ। ਕਈ ਵਾਰ ਸੌਣ ਤੋਂ ਪਹਿਲਾਂ ਉਹ ਕਿਸੇ ਨੇੜਲੇ ਮਿੱਤਰ ਦਾ ਜਾ ਬੂਹਾ ਖੜਕਾਵੇਗਾ, ਜਿੱਥੇ ਕਿ ਉਹ ਬਿਨਾਂ ਦੱਸੇ ਆ ਪ੍ਰਗਟ ਹੁੰਦਾ ਹੈ ਤੇ ਆਖਦਾ ਹੈ ਕਿ ਉਹ ਪੰਜ ਮਿੰਟ ਰੁਕੇਗਾ। ਇਹ ਗੱਲ ਉਹ ਏਨੀ ਸੁਹਿਰਦਤਾ ਨਾਲ ਕਰੇਗਾ ਕਿ ਉਹ ਕੋਈ ਬੈਠਣ ਦੀ ਥਾਂ ਨਹੀਂ ਲੈਂਦਾ। ਹੌਲ਼ੀ-ਹੌਲ਼ੀ ਉਹ ਦੁਬਾਰਾ ਨਵੀਂ ਗੁਫ਼ਤਗੂ ਲਈ ਉਤੇਜਿਤ ਹੋ ਜਾਂਦਾ ਹੈ ਅਤੇ ਕੁੱਝ ਦੇਰ ਬਾਅਦ ਉਹ ਇਕ ਅਰਾਮ ਕੁਰਸੀ 'ਤੇ ਢੇਰੀ ਹੋ ਜਾਂਦਾ ਹੈ ਤੇ ਆਪਣੀਆਂ ਲੱਤਾਂ ਫੈਲਾ ਦਿੰਦਾ ਹੈ ਤੇ ਕਹਿੰਦਾ ਹੈ, "ਮੈਂ ਇਕ ਨਵੇਂ ਮਨੁੱਖ ਵਾਂਗ ਮਹਿਸੂਸ ਕਰਦਾ ਹਾਂ।" ਇੰਝ ਹੁੰਦਾ ਹੈ ਇਹ ਗੱਲਾਂ ਕਰਕੇ ਥੱਕ ਜਾਣਾ ਤੇ ਉਹ ਗੱਲਾਂ ਕਰਨ ਨਾਲ ਆਰਾਮ ਕਰਦਾ ਹੈ।

ਇੱਕ ਵਾਰ ਉਸ ਨੇ ਕਿਹਾ, "ਅਗਲੇ ਜਨਮ ਵਿਚ ਮੈਂ ਲੇਖਕ ਬਣਨਾ ਚਾਹੁੰਦਾ ਹਾਂ।" ਅਸਲ ਵਿਚ ਉਹ ਸੁਹਣਾ ਲਿਖਦਾ ਹੈ  ਤੇ ਉਸ ਦਾ ਆਨੰਦ ਮਾਣਦਾ ਹੈ, ਚਲਦੀ ਕਾਰ ਵਿਚ ਵੀ ਉਹ ਹਮੇਸ਼ਾ ਆਪਣੀਆਂ ਨੋਟ-ਬੁੱਕਾਂ ਸਾਧਾਰਨ ਕਾਗਜ਼ ਦੀਆਂ ਹੁੰਦੀਆਂ ਹਨ, ਜੋ ਨੀਲੀ ਪਲਾਸਟਿਕ ਦੀ ਜਿਲਦ ਵਾਲ਼ੀਆਂ ਹੁੰਦੀਆਂ ਹਨ, ਜਿਹੜੀਆਂ ਪਿਛਲੇ ਸਾਲਾਂ ਵਿਚ ਉਸ ਦੀਆਂ ਪ੍ਰਾਈਵੇਟ ਫਾਈਲਾਂ ਵਿਚ ਸੰਭਾਲ਼ੀਆਂ ਪਈਆਂ ਹਨ। ਉਸ ਦੀ ਹੱਥ ਲਿਖਤ ਛੋਟੀ ਤੇ ਗੁੰਝਲਦਾਰ ਹੁੰਦੀ ਹੈ, ਭਾਵੇਂ ਕਿ ਪਹਿਲੀ ਤੱਕਣੀ ਵਿਚ ਇਹ ਕਿਸੇ ਸਕੂਲ ਦੇ ਵਿਦਿਆਰਥੀ ਵਰਗੀ ਸਾਦਾ ਹੁੰਦੀ ਹੈ। ਉਹ ਲਿਖਤ ਨੂੰ ਇੱਕ ਪੇਸ਼ਾਵਰ ਲਿਖਾਰੀ ਵਾਂਗ ਲੈਂਦਾ ਹੈ। ਉਹ ਇੱਕ ਮੁਹਾਵਰੇ ਨੂੰ ਕਈ ਵਾਰ ਠੀਕ ਕਰਦਾ ਹੈ ਅਤੇ ਉਸ ਲਈ ਇਹ ਕੋਈ ਅਸਾਧਾਰਨ ਗੱਲ ਨਹੀਂ ਕਿ ਉਹ ਕਈ-ਕਈ ਦਿਨ ਠੀਕ ਸ਼ਬਦ ਦੀ ਤਲਾਸ਼ ਕਰਦਾ ਰਹਿੰਦਾ ਹੈ, ਸ਼ਬਦ-ਕੋਸ਼ਾਂ ਵਿੱਚੋਂ ਅਗਵਾਈ ਲੈਂਦਾ ਹੈ, ਆਲ਼ੇ ਦੁਆਲ਼ਿਓਂ ਪੁੱਛਦਾ ਹੈ ਤੇ ਅਖੀਰ ਉਹ ਕੁਝ ਲੱਭ ਲੈਂਦਾ ਹੈ ਜਿਸ ਦੀ ਉਸ ਨੂੰ ਇੱਛਾ ਹੁੰਦੀ ਹੈ।

1970 ਵਿਚ ਉਸ ਨੂੰ ਆਪਣੀਆਂ ਤਕਰੀਰਾਂ ਲਿਖਣ ਦੀ ਆਦਤ ਪੈ ਗਈ, ਏਨੀ ਹੌਲ਼ੀ-ਹੌਲ਼ੀ ਤੇ ਏਨੀ ਸਾਵਧਾਨੀ ਨਾਲ ਕਿ ਇਹ ਬਨਾਵਟੀ ਜਾਪਣ ਲੱਗਦੀਆਂ। ਐਪਰ ਇਸੇ ਹੀ ਗੁਣ ਨੇ ਉਨ੍ਹਾਂ ਦਾ ਸਤਿਆਨਾਸ਼ ਮਾਰ ਦਿੱਤਾ। ਫੀਦਲ ਕਾਸਤਰੋ, ਜਦੋਂ ਇਨ੍ਹਾਂ ਨੂੰ ਪੜ੍ਹਦਾ ਤਾਂ ਉਸ ਦੀ ਸ਼ਖ਼ਸੀਅਤ ਬਦਲੀ ਹੋਈ ਪ੍ਰਤੀਤ ਹੁੰਦੀ ਹੈ। ਇਨ੍ਹਾਂ ਦੀ ਸੁਰ ਵੱਖਰੀ ਸੀ ਤੇ ਸ਼ੈਲੀ ਵੀ। ਇੱਥੋਂ  ਤੱਕ ਕਿ

ਉਸ ਦੀ ਆਵਾਜ਼ ਦੀ ਵਿਸ਼ੇਸ਼ਤਾਈ ਵੀ। ਵਿਸ਼ਾਲ 'ਕਰਾਂਤੀ ਚੌਂਕ' ਵਿਚ ਪੰਜ ਲੱਖ ਲੋਕਾਂ ਸਾਹਮਣੇ, ਕਈ ਵਾਰ ਲਿਖਤੀ ਸ਼ਬਦ ਦੀ ਪਾਬੰਦੀ ਸਾਹਮਣੇ ਸਾਹ ਘੁਟਦਾ ਪ੍ਰਤੀਤ ਹੁੰਦਾ ਤੇ ਜਦੋਂ ਵੀ ਮੌਕਾ ਮਿਲਦਾ, ਉਹ ਮੂਲ ਪਾਠ ਤੋਂ ਲਾਂਭੇ ਚਲਾ ਜਾਂਦਾ। ਕਈ ਹੋਰ ਮੌਕਿਆਂ 'ਤੇ ਉਹ ਵੇਖਦਾ ਕਿ ਉਸ ਦੇ ਟਾਈਪ ਕਰਨ ਵਾਲਿਆਂ ਨੇ ਗ਼ਲਤੀ ਕੀਤੀ ਸੀ ਅਤੇ ਠੀਕ ਕਰਨ ਦੀ ਥਾਂ ਅੱਗੇ ਤੁਰਦੇ ਉਹ ਬੋਲਣਾ ਬੰਦ ਕਰ ਦਿੰਦਾ ਤੇ ਸਾਹ ਲੈ ਕੇ ਬਾਲ ਪੈਨ ਨਾਲ ਤਬਦੀਲੀ ਕਰਦਾ। ਉਹ ਕਦੇ ਵੀ ਸੰਤੁਸ਼ਟ ਨਾ ਹੁੰਦਾ। ਉਸ ਵਿਚ ਜਾਨ ਪਾਉਣ ਦੀ ਥਾਂ 'ਤੇ, ਇਸ ਤੱਥ ਦੇ ਹੁੰਦੇ ਹੋਏ ਕਿ ਕਈ ਮੌਕੇ ਸਫਲ ਹੁੰਦੇ ਹੋਏ ਉਨ੍ਹਾਂ ਕੈਦੀ ਤਕਰੀਰਾਂ ਨੇ ਉਸ ਨੂੰ ਨਿਰਾਸ਼ ਹੀ ਕੀਤਾ। ਉਹ ਜੋ ਕਹਿਣਾ ਚਾਹੁੰਦਾ ਸੀ, ਇਨ੍ਹਾਂ ਤਕਰੀਰਾਂ ਰਾਹੀਂ ਕਿਹਾ ਅਤੇ ਸ਼ਾਇਦ ਵਧੀਆ ਢੰਗ ਨਾਲ ਕਿਹਾ, ਪਰ ਇਸ ਨਾਲ ਉਸ ਦੇ ਜੀਵਨ ਦਾ ਪ੍ਰੇਰਨਾ-ਸਰੋਤ ਜਿਹੜਾ ਖਤਰੇ ਸਹੇੜਦੇ ਉਕਸਾਹਟ ਹੁੰਦੀ ਹੈ, ਪ੍ਰਾਪਤ ਨਾ ਹੁੰਦੀ।

ਕੰਮ-ਚਲਾਊ ਬੰਦੇ ਦਾ ਪੈਂਤੜਾ ਜੋ ਉਸ ਲਈ ਵਾਤਾਵਰਨ ਪੱਖੋਂ ਸੰਪੂਰਨ ਪ੍ਰਤੀਤ ਹੁੰਦਾ ਸੀ, ਭਾਵੇਂ ਕਿ ਉਸ ਨੂੰ ਸਦਾ ਹੀ ਇਕ ਝਿਜਕ ਨੂੰ ਪਾਰ ਕਰਨਾ ਪੈਂਦਾ ਹੈ, ਜੋ ਘੱਟ ਲੋਕ ਹੀ ਪਛਾਣ ਸਕਦੇ ਹਨ, ਤੇ ਜਿਸ ਤੋਂ ਉਹ ਵੀ ਇਨਕਾਰੀ ਨਹੀਂ ਸੀ। ਕਈ ਸਾਲ ਪਹਿਲਾਂ ਮੈਨੂੰ ਇਕ ਸੁਨੇਹਾ ਭੇਜਦੇ ਹੋਏ ਤੇ ਕਿਸੇ ਪਬਲਿਕ ਸਮਾਗਮ ਵਿਚ ਸ਼ਾਮਿਲ ਹੋਣ ਲਈ ਕਹਿੰਦੇ ਹੋਏ ਉਸ ਨੇ ਕਿਹਾ ਸੀ, "ਇਕ ਵੇਰ ਆਪਣੇ ਸਟੇਜ ਦੇ ਭੈਅ ਨੂੰ ਕਾਬੂ ਕਰਨ ਲਈ ਕੋਸ਼ਿਸ਼ ਕਰੋ, ਜਿਵੇਂ ਕਿ ਮੈਂ ਕਈ ਵਾਰ ਖੁਦ ਕਰਦਾ ਹਾਂ।" ਬੜੇ ਘੱਟ ਮੌਕਿਆਂ ਉੱਤੇ, ਉਹ ਨੁਕਤੇ ਲਿਖੇ ਕਾਰਡ ਦੀ ਵਰਤੋਂ ਕਰਦਾ ਹੈ, ਜੋ ਤਕਰੀਰ ਆਰੰਭ ਕਰਨ ਤੋਂ ਪਹਿਲਾਂ ਉਹ ਗ਼ੈਰ ਰਸਮੀ ਤੌਰ 'ਤੇ ਆਪਣੀ ਜੇਬ ਵਿੱਚੋਂ ਕੱਢ ਕੇ ਵਰਤਦਾ ਹੈ ਤੇ ਲੋਕਾਂ ਦੇ ਸਾਹਮਣੇ ਫੜੀ ਰੱਖਦਾ ਹੈ। ਸ਼ੁਰੂ ਵਿਚ ਉਸ ਦੀ ਆਵਾਜ਼ ਸੁਣਦੀ ਨਹੀਂ, ਬੜਾ ਝਿਜਕਦੇ ਹੋਏ ਕਿਸੇ ਅਨਿਸ਼ਚਿਤ ਰਾਹ ਉਤੇ ਧੁੰਦ ਵਿਚ ਦੀ ਤੁਰਨ ਵਾਂਗ ਤੇ ਹਰ ਇੰਚ ਉੱਤੇ ਕਿਸੇ ਝਲਕ ਨੂੰ ਵਰਤਦੇ ਹੋਏ ਅਖੀਰ ਉੱਤੇ ਉਹ ਵੱਡੇ ਪੰਜੇ ਵਾਂਗ ਵਿਰੋਧੀ 'ਤੇ ਵਰ੍ਹਦਾ ਹੈ ਤੇ ਸਰੋਤਿਆਂ ਨੂੰ ਪਕੜ ਵਿਚ ਲੈ ਲੈਂਦਾ ਹੈ। ਫ਼ਿਰ ਇੱਕ ਲੈਣ ਤੇ ਦੇਣ ਦਾ ਰਿਸ਼ਤਾ ਕਾਇਮ ਹੋ ਜਾਂਦਾ ਹੈ। ਉਨ੍ਹਾਂ ਨੂੰ ਜੋਸ਼ ਦਿੰਦਾ ਹੈ ਤੇ ਉਨ੍ਹਾਂ ਨਾਲ ਇੱਕ ਭਾਂਤ ਦੀ ਦਵੰਦਾਤਮਿਕ ਸਾਜਿਸ਼ ਸਥਾਪਿਤ ਕਰ ਲੈਂਦਾ ਹੈ। ਇਹ ਪ੍ਰੇਰਨਾ ਹੈ, ਸ਼ਾਨ ਦੀ ਚਕਾਚੌਂਧ ਕਰਨ ਵਾਲੀ ਤੇ ਬੇਕਾਬੂ ਅਵਸਥਾ, ਜਿਸ ਤੋਂ ਸਿਰਫ਼ ਉਹੀ ਲੋਕ ਇਨਕਾਰੀ ਹਨ, ਜਿਨ੍ਹਾਂ ਨੂੰ ਇਹ ਅਨੁਭਵ ਕਰਨ ਦਾ ਮਾਣ ਪ੍ਰਾਪਤ ਨਹੀਂ ਹੋਇਆ। ਆਰੰਭ ਵਿਚ ਪਬਲਿਕ ਸਮਾਮਗ ਉਸ ਦੀ ਆਮਦ ਨਾਲ, ਆਰੰਭ ਹੁੰਦੇ ਸਨ, ਭਾਵੇਂ ਕਿ ਬਾਰਸ਼ ਵਾਂਗ ਇਸ ਦਾ ਅਨੁਮਾਨ ਲੈਣਾ ਮੁਸ਼ਕਿਲ ਹੁੰਦਾ ਹੈ। ਐਪਰ ਹੁਣ ਕੁਝ ਸਾਲਾਂ ਤੋਂ ਉਹ ਬਿਲਕੁਲ ਸਮੇਂ ਸਿਰ ਆਉਣ ਲੱਗ ਪਿਆ ਹੈ ਤੇ ਉਸ ਦੀ ਤਕਰੀਰ ਦਾ ਸਮਾਂ ਸਰੋਤਿਆਂ ਦੇ ਰੌਂਅ ਉੱਤੇ ਨਿਰਭਰ ਹੁੰਦਾ ਹੈ। ਆਰੰਭਕ ਸਾਲਾਂ ਦੀਆਂ ਅਸੀਮ ਤਕਰੀਰਾਂ ਹੁਣ ਬੀਤੇ ਦੀ ਗੱਲ ਬਣ ਚੁੱਕੀਆਂ ਹਨ ਤੇ ਲੋਕ-ਗਾਥਾ ਨਾਲ ਖਲਤ-ਪਲਤ ਹੋ ਚੁੱਕੀਆਂ ਹਨ, ਕਿਉਂਕਿ ਬਹੁਤ ਕੁਝ ਜੋ ਉਸ ਵਕਤ ਵਿਚ ਵਿਆਖਿਆ ਯੋਗ ਹੁੰਦਾ ਸੀ, ਹੁਣ ਸਮਝ ਆ ਚੁੱਕਾ ਹੈ ਅਤੇ ਫੀਦਲ ਕਾਸਤਰੋ ਦੀ ਸ਼ੈਲੀ ਸਿੱਖਿਆ-ਸ਼ਾਸਤਰ ਦੇ ਭਾਸ਼ਣਕ ਸਮਾਗਮਾਂ ਤੋਂ ਬਾਅਦ ਹੁਣ ਵਧੇਰੇ ਠੋਸ ਹੋ ਚੁੱਕੀ ਹੈ। ਕਦੇ ਵੀ ਸੁਣਿਆ ਨਹੀਂ ਗਿਆ ਕਿ ਉਹ ਕਮਿਊਨਿਸਟ ਪੰਡਤਾਊਪੁਣੇ ਦੇ ਨਾਅਰਿਆਂ ਦੇ ਮੁੱਦੇ ਨੂੰ ਦੁਹਰਾਵੇ ਜਾਂ ਸਿਸਟਮ ਦੇ ਕਰਮ ਕਾਂਡੀ ਡਾਇਲੈਕਟਿਕ ਦੀ ਵਰਤੋਂ ਕਰੇ, ਇਕ ਮੁਰਦਾ ਭਾਸ਼ਾ ਜਿਸ ਦਾ ਯਥਾਰਥ ਨਾਲੋਂ ਸਬੰਧ ਟੁੱਟਾ ਹੋਵੇ, ਤੇ



ਜਿਹੜੀ ਭਾਸ਼ਾ ਪ੍ਰਸੰਗਮਈ ਯਾਦਗਾਰੀ ਪੱਤਰਕਾਰੀ ਨਾਲ ਘਿਉ-ਖਿਚੜੀ ਹੋਵੇ ਤੇ ਜਿਹੜੀ ਵਿਆਖਿਆ ਕਰਨ ਦੀ ਗੱਲ ਨੂੰ ਲਮਕਾਉਂਦੀ ਪ੍ਰਤੀਤ ਹੋਵੇ। ਉਹ ਕੱਟੜਪੰਥੀ ਦਾ ਅਤਿ ਵਿਰੋਧੀ ਹੈ, ਜਿਸ ਦੀ ਰਚਨਾਤਮਿਕ ਕਲਪਨਾ ਕੁਫ਼ਰ ਦੇ ਧੁੰਧੂਕਾਰੇ ਤੋਂ ਪਰੇ ਘੁੰਮਦੀ ਰਹਿੰਦੀ ਹੈ। ਉਹ ਬਹੁਤ ਹੀ ਘੱਟ ਦੂਜਿਆਂ ਦੇ ਮੁਹਾਵਰਿਆਂ ਨੂੰ ਵਰਤਦਾ ਹੈ ਨਾ ਗੁਫ਼ਤਗੂ ਵਿਚ ਤੇ ਨਾ ਹੀ ਸਟੇਜ ਉੱਤੇ, ਸਿਵਾਏ ਉਸ ਦੇ ਮਨਪਸੰਦ ਲੇਖਕ ਹੋਸੇ ਮਾਰਤੀ ਦੇ। ਉਹ ਮਾਰਤੀ ਦੀਆਂ ਲਿਖਤਾਂ ਦੀਆਂ ਵੀਹਾਂ ਜਿਲਦਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਉਸ ਕੋਲ ਉਹ ਪ੍ਰਤਿਭਾ ਹੈ, ਜੋ ਆਪਣੇ ਵਿਚਾਰਾਂ ਨੂੰ ਮਾਰਕਸਵਾਦੀ ਇਨਕਲਾਬ ਦੀ ਲਹੂ ਪ੍ਰਣਾਲੀ ਨਾਲ ਸੰਮਲਿਤ ਕਰ ਸਕਦਾ ਹੈ, ਪਰ ਉਸ ਦੀ ਆਪਣੀ ਵਿਚਾਰਧਾਰਾ ਦਾ ਸਾਰਾ ਤੱਤ ਸ਼ਾਇਦ ਇਹ ਵਿਸ਼ਵਾਸ ਹੈ ਕਿ ਜਨਤਕ ਕੰਮ, ਸਭ ਤੋਂ ਉੱਤੇ ਹਰ ਵਿਅਕਤੀ ਦੇ ਆਪੇ ਨਾਲ ਸਬੰਧਿਤ ਹੁੰਦਾ ਹੈ।

ਇਸ ਤੋਂ ਸ਼ਾਇਦ ਸਿੱਧੇ ਸੰਪਰਕ ਵਿਚ ਉਸ ਦੇ ਅਸੀਮ ਵਿਸ਼ਵਾਸ ਦੀ ਵਿਆਖਿਆ ਹੋ ਸਕਦੀ ਹੈ। ਇੱਥੋਂ ਤੱਕ ਕਿ ਉਸ ਦੀਆਂ ਸਭ ਤੋਂ ਮੁਸ਼ਕਿਲ ਤਕਰੀਰਾਂ ਰਸਮੀ ਵਾਰਤਾਲਾਪ ਪ੍ਰਤੀਤ ਹੁੰਦੀਆਂ ਹਨ, ਜੋ ਇਨਕਲਾਬ ਦੇ ਆਰੰਭ ਵਿਚ ਉਹ ਵਿਦਿਆਰਥੀਆਂ ਸਾਹਮਣੇ, ਯੂਨੀਵਰਸਿਟੀ ਦੇ ਵਿਹੜਿਆਂ ਵਿਚ ਕਰਦਾ ਹੁੰਦਾ ਸੀ। ਅਸਲ ਵਿਚ, ਖਾਸ ਤੌਰ 'ਤੇ ਹਵਾਨਾ ਤੋਂ ਬਾਹਰ ਇਹ ਗੱਲ ਅਸਾਧਾਰਨ ਨਹੀਂ ਕਿ ਪਬਲਿਕ ਮੀਟਿੰਗ ਵਿਚੋਂ ਕੋਈ ਉਸ ਨੂੰ ਉੱਚੀ ਆਵਾਜ਼ ਮਾਰੇ ਤੇ ਸ਼ੋਰ ਭਰੀ ਵਾਰਤਾਲਾਪ ਆਰੰਭ ਹੋ ਜਾਵੇ। ਉਸ ਕੋਲ ਹਰ ਮੌਕੇ ਲਈ, ਭਾਸ਼ਾ ਹੈ ਤੇ ਵੱਖ-ਵੱਖ ਪ੍ਰਸ਼ਨ ਕਰਨ ਵਾਲਿਆਂ ਲਈ ਕਾਇਲ ਕਰਨ ਦੇ ਵੱਖਰੇ ਰੂਪ ਹਨ, ਭਾਵੇਂ ਉਹ ਕਾਮੇ, ਕਿਸਾਨ ਵਿਦਿਆਰਥੀ, ਵਿਗਿਆਨੀ, ਰਾਜਨੀਤੀਵਾਨ, ਲੇਖਕ ਜਾਂ ਵਿਦੇਸ਼ੀ ਯਾਤਰੀ ਹੋਣ। ਉਸ ਕੋਲ ਹਰ ਇੱਕ ਬੰਦੇ (ਆਪਣੀ ਵਿਸ਼ਾਲ ਤੇ ਵਿਭਿੰਨ ਜਾਣਕਾਰੀ ਸਦਕਾ) ਦੀ ਪੱਧਰ ਤੱਕ ਆਉਣ ਦੀ ਜਾਂਚ ਹੈ, ਜਿਸ ਸਦਕਾ ਉਹ ਹਰ ਮਾਧਿਅਮ ਵੱਲ ਆਸਾਨੀ ਨਾਲ ਪਰਤ ਸਕਦਾ ਹੈ, ਪਰ ਉਸ ਦੀ ਸ਼ਖ਼ਸੀਅਤ ਏਨੀ ਗੁੰਝਲਦਾਰ ਅਤੇ ਅਣਕਿਆਸੀ ਹੈ ਕਿ ਉਨ੍ਹਾਂ ਵਿਚੋਂ ਹਰ ਕੋਈ, ਇੱਕੋ ਹੀ ਮੁਲਾਕਾਤ ਬਾਰੇ ਵੱਖ-ਵੱਖਰੇ ਪ੍ਰਭਾਵ ਬਣਾ ਸਕਦਾ ਹੈ।

ਇੱਕ ਗੱਲ ਯਕੀਨੀ ਹੈ ਉਹ ਕਿਤੇ ਵੀ ਹੋਵੇ, ਕਿਸੇ ਨਾਲ ਵੀ ਹੋਵੇ, ਜਿੱਤਣਾ ਫੀਦਲ ਕਾਸਤਰੋ ਨੇ ਹੀ ਹੈ। ਮੇਰਾ ਨਹੀਂ ਖ਼ਿਆਲ ਕਿ ਇਸ ਸੰਸਾਰ ਵਿਚ ਉਸ ਨਾਲੋਂ ਭੈੜਾ ਕੋਈ ਹਾਰ ਮੰਨਣ ਵਾਲਾ ਹੋਵੇ। ਹਾਰ ਸਾਹਮਣੇ ਉਸ ਦਾ ਵਤੀਰਾ, ਰੋਜ਼ਾਨਾ ਜੀਵਨ ਦੀਆਂ ਨਿੱਕੀਆਂ ਤੋਂ ਨਿੱਕੀਆਂ ਘਟਨਾਵਾਂ ਵਿਚ, ਇਕ ਨਿੱਜੀ ਤਰਕ ਨੂੰ ਮੰਨਣਾ ਪ੍ਰਤੀਤ ਹੁੰਦਾ ਹੈ। ਉਹ ਉਸ ਨੂੰ ਮੰਨੇਗਾ ਨਹੀਂ ਤੇ ਉਸ ਨੂੰ ਇਕ ਮਿੰਟ ਲਈ ਵੀ ਚੈਨ ਨਹੀਂ ਆਵੇਗਾ, ਜਿੰਨੀ ਦੇਰ ਤੱਕ ਉਹ ਸ਼ਰਤਾਂ ਨੂੰ ਉਲਟਾ ਨਹੀਂ ਲੈਂਦਾ ਤੇ ਉਸ ਨੂੰ ਜਿੱਤ ਵਿਚ ਨਹੀਂ ਬਦਲ ਲੈਂਦਾ। ਪਰ ਕੁਝ ਵੀ ਹੋਵੇ ਤੇ ਕਿਤੇ ਵੀ ਹੋਵੇ, ਹਰ ਗੱਲ ਅਣਥੱਕ ਗੁਫ਼ਤਗੂ ਦੇ ਘੇਰੇ ਵਿਚ ਜਾ ਕੇ ਖ਼ਤਮ ਹੁੰਦੀ ਹੈ।

ਵਿਸ਼ਾ ਕੋਈ ਵੀ ਹੋਵੇ, ਜਿਸ ਵਿਚ ਸਰੋਤਿਆਂ ਨੂੰ ਦਿਲਚਸਪੀ ਹੋਵੇ, ਪਰ ਆਮ ਕਰਕੇ ਉਲਟੀ ਗੱਲ ਵਾਪਰਦੀ ਹੈ, ਜਦੋਂ ਉਹ ਸਾਰੇ ਸਰੋਤਿਆਂ ਲਈ ਇੱਕੋ ਹੀ ਵਿਸ਼ਾ ਲੈ ਲੈਂਦਾ ਹੈ। ਇਹ ਗੱਲ ਉਦੋਂ ਵਾਪਰਦੀ ਹੈ, ਜਦੋਂ ਕਿਸੇ ਵੇਲੇ ਉਹ ਕਿਸੇ ਨਵੇਂ ਖ਼ਿਆਲ ਦੀ ਪੁਣ ਛਾਣ ਕਰ ਰਿਹਾ ਹੋਵੇ, ਜਿਹੜਾ ਉਸ ਨੂੰ ਪ੍ਰੇਸ਼ਾਨ ਕਰ ਰਿਹਾ ਹੁੰਦਾ ਹੈ ਤੇ ਉਸ ਨਾਲੋਂ ਵੱਧ ਕੋਈ ਵੀ ਖ਼ਬਤੀ ਨਹੀਂ ਹੁੰਦਾ, ਜਦੋਂ ਉਹ

ਕਿਸੇ ਚੀਜ਼ ਦੀ ਤਹਿ ਤੱਕ ਜਾਣ ਲਈ ਮੜਾਸਾ ਬੰਨ ਲਵੇ। ਕੋਈ ਅਜਿਹਾ ਟੀਚਾ ਨਹੀਂ, ਜੋ ਭਾਵੇਂ ਠਾਠ-ਬਾਠ ਵਾਲ਼ਾ ਹੋਵੇ ਜਾਂ ਨਿਗੂਣਾ, ਜਿਸ ਨੂੰ ਉਹ ਤਿੱਖੇ ਜਜ਼ਬੇ ਨਾਲ ਹੱਥ ਨਹੀਂ ਪਾਉਂਦਾ। ਵਿਸ਼ੇਸ਼ ਤੌਰ 'ਤੇ ਉਦੋਂ, ਜਦੋਂ ਉਹ ਕਿਸੇ ਮੁਸੀਬਤ ਦਾ ਟਾਕਰਾ ਕਰ ਰਿਹਾ ਹੋਵੇ। ਅਜਿਹੇ ਮੌਕਿਆਂ ਉੱਤੇ ਉਹ ਬਿਹਤਰ ਵਿਖਾਲ਼ੀ ਦਿੰਦਾ ਹੈ, ਚੰਗੇ ਰੌਅ ਵਿਚ ਪ੍ਰਗਟ ਹੁੰਦਾ ਹੈ ਜਾਂ ਉਚੇਚੇ ਉਤਸ਼ਾਹ ਵਿਚ ਹੁੰਦਾ ਹੈ। ਇਕ ਜਣੇ ਨੇ, ਜੋ ਸਮਝਦਾ ਹੈ ਕਿ ਉਹ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਇਕ ਵੇਰ ਟਿੱਪਣੀ ਕੀਤੀ ਸੀ, "ਹਾਲਾਤ ਬੜੇ ਮੰਦੇ ਚੱਲ ਰਹੇ ਹੋਣਗੇ, ਕਿਉਂਕਿ ਉਹ ਬੜੀ ਚੜ੍ਹਤ ਵਿਚ ਵਿਖਾਈ ਦਿੰਦਾ ਹੈ।"

ਫਿਰ ਵੀ, ਇੱਕ ਵਿਦੇਸ਼ੀ ਯਾਤਰੀ ਨੇ ਜਿਹੜਾ ਉਸ ਨੂੰ ਪਹਿਲੀ ਵਾਰ ਮਿਲਿਆ ਸੀ, ਮੈਨੂੰ ਕੁਝ ਸਾਲ ਹੋਏ ਦੱਸਿਆ ਸੀ, "ਫੀਦਲ ਬੁੱਢਾ ਹੋ ਰਿਹਾ ਹੈ। ਪਿਛਲੀ ਰਾਤ ਉਹ ਇੱਕੋ ਹੀ ਵਿਸ਼ੇ ਵੱਲ ਸੱਤ ਵਾਰ ਮੁੜਿਆ ਸੀ।" ਮੈਂ ਉਸ ਨੂੰ ਦੱਸਿਆ ਕਿ ਇਹ ਸਨਕੀ ਦੁਹਰਾਓ ਉਸ ਦੇ ਕੰਮ ਕਰਨ ਦੇ ਢੰਗਾਂ ਵਿੱਚੋਂ ਇੱਕ ਤਰੀਕਾ ਹੈ। ਮਿਸਾਲ ਵਜੋਂ, ਲਾਤੀਨੀ ਅਮਰੀਕਾ ਦੇ ਵਿਦੇਸ਼ੀ ਕਰਜ਼ੇ ਦਾ ਵਿਸ਼ਾ, ਦੋ ਸਾਲ ਪਹਿਲਾਂ ਪਹਿਲੀ ਵਾਰ ਉਸ ਦੀਆਂ ਵਾਰਤਾਲਾਪਾਂ ਵਿਚ ਪ੍ਰਗਟ ਹੋਇਆ ਤੇ ਵਿਕਸਿਤ ਹੋਇਆ ਸੀ ਤੇ ਫਿਰ ਉਸ ਦੀਆਂ ਟਾਹਣੀਆਂ ਫੁੱਟੀਆਂ, ਇਹ ਹੋਰ ਡੂੰਘਾ ਹੁੰਦਾ ਗਿਆ ਤੇ ਅਖੀਰ ਉੱਤੇ ਇਹ ਵਾਰ-ਵਾਰ ਚੇਤੇ ਆਉਣ ਵਾਲੇ ਭਿਆਨਕ ਸੁਪਨੇ ਵਾਂਗ ਹੋ ਗਿਆ। ਪਹਿਲੀ ਗੱਲ ਜੋ ਉਸ ਆਖੀ, ਉਹ ਹਿਸਾਬ ਦੇ ਸਾਧਾਰਨ ਸਿੱਟੇ ਵਰਗੀ ਸੀ ਕਿ ਕਰਜ਼ਾ ਵਾਪਸ ਕਰਨ ਦੇ ਯੋਗ ਨਹੀਂ ਹੈ। ਹੌਲ਼ੀ-ਹੌਲ਼ੀ ਤਿੰਨ ਯਾਤਰਾਵਾਂ, ਜੋ ਮੈਂ ਹਵਾਨਾ ਦੀਆਂ ਉਸ ਨਾਲ ਕੀਤੀਆਂ, ਮੈਂ ਇਸ ਵਿਸ਼ੇ ਬਾਰੇ ਉਸ ਦੀਆਂ ਹੁਣ ਵਾਲ਼ੀਆਂ ਭਿੰਨਤਾਵਾਂ ਜੋ ਇਸ ਵਿਸ਼ੇ ਬਾਰੇ ਸਨ, ਇਕੱਤਰ ਕੀਤੀਆਂ। ਦੇਸ਼ਾਂ ਦੀਆਂ ਆਰਥਕਤਾਵਾਂ ਉੱਤੇ ਕਰਜ਼ੇ ਦੇ ਉਸ ਦੇ ਮਾਰੂ ਪ੍ਰਭਾਵ ਤੇ ਲਾਤੀਨੀ ਅਮਰੀਕਾ ਦੀ ਨੀਤੀ ਸਬੰਧੀ ਇਸ ਦਾ ਏਕਾਤਮਕ ਦੈਵੀ ਪ੍ਰਭਾਵ ਤੇ ਇਸ ਦੇ ਰਾਜਸੀ ਤੇ ਸਮਾਜਿਕ ਪ੍ਰਭਾਵ, ਕੌਮਾਂਤਰੀ ਸਬੰਧਾਂ ਉੱਤੇ ਇਸ ਦੇ ਫੈਸਲਾਕੁੰਨ ਪ੍ਰਭਾਵ। ਅੰਤ ਉੱਤੇ ਉਸ ਨੇ ਵਿਸ਼ੇਸ਼ ਥਾਂ ਦੀ ਹਵਾਨਾ ਵਿਚ ਵੱਡੀ ਕਾਨਫਰੰਸ ਸੱਦੀ ਅਤੇ ਉਸ ਨੇ ਇੱਥੇ ਤਕਰੀਰ ਕੀਤੀ, ਜਿਸ ਵਿਚ ਉਸ ਨੇ ਪਹਿਲੀਆਂ ਵਾਰਤਾਲਾਪਾਂ ਨਾਲ ਸਬੰਧਿਤ ਜ਼ਰੂਰੀ ਸਵਾਲਾਂ ਬਾਰੇ ਕੋਈ ਗੱਲ ਵੀ ਕਹਿਣੋਂ ਨਹੀਂ ਛੱਡੀ। ਉਸ ਵੇਲੇ ਤੱਕ ਉਸ ਦੀ ਦ੍ਰਿਸ਼ਟੀ ਬਹੁਤ ਵਿਆਪਕ ਬਣ ਚੁੱਕੀ ਸੀ, ਜਿਸ ਦੀ ਸਮੇਂ ਦੇ ਬੀਤਣ ਨਾਲ ਹੋਰ ਪੁਸ਼ਟੀ ਹੋ ਜਾਵੇਗੀ।

ਮੈਨੂੰ ਪ੍ਰਤੀਤ ਹੁੰਦਾ ਹੈ ਕਿ ਰਾਜਨੀਤੀਕਰਨ ਵਜੋਂ ਉਹ ਅਸਾਧਾਰਨ ਹੈ, ਇੱਕ ਖਾਸ ਸਮੱਸਿਆ ਦੇ ਵਿਕਾਸ ਦੀ ਸਮਰੱਥਾ ਨੂੰ ਤਾੜ ਲੈਣਾ ਤੇ ਇਸ ਦੇ ਦੂਰ-ਰਸ ਸਿੱਟਿਆਂ ਤੱਕ ਲਿਜਾ ਕੇ ਅਰਥਾਤ ਬਰਫ਼ ਦੇ ਤੋਦਿਆਂ ਦੇ ਦਿਸਦੇ ਢੇਰ ਨੂੰ ਹੀ ਨਹੀਂ, ਸਗੋਂ ਪਾਣੀ ਤੋਂ ਹੇਠਲੇ ਅੱਠਾਂ ਵਿੱਚੋਂ ਸੱਤ ਹਿੱਸੇ ਵੇਖ ਲੈਣੇ, ਉਸਦਾ ਗੁਣ ਹੈ। ਫਿਰ ਵੀ ਉਹ ਸਮਰੱਥਾ ਦਿੱਬ-ਦ੍ਰਿਸ਼ਟੀ ਅਨੁਸਾਰ ਕੰਮ ਨਹੀਂ ਕਰਦੀ, ਸਗੋਂ ਸਖ਼ਤ ਤੇ ਦ੍ਰਿੜ ਦਲੀਲਬਾਜ਼ੀ ਦਾ ਸਿੱਟਾ ਹੁੰਦੀ ਹੈ। ਮਿਹਨਤੀ ਪ੍ਰਸ਼ਨ ਕਰਤਾ ਕਿਸੇ ਖ਼ਿਆਲ ਦੀ ਪਹਿਲੀ ਭਰੂਣ ਅਵਸਥਾ ਨੂੰ ਲੱਭ ਕੇ ਆਪਣੀ ਨਿਰੰਤਰ ਵਾਰਤਾਲਾਪ ਰਾਹੀਂ, ਕਈ ਮਹੀਨਿਆਂ ਤੱਕ ਇਸ ਦੇ ਵਿਕਾਸ ਦੀ ਪੈੜ ਨੱਪ ਸਕਦਾ ਹੈ। ਅਖੀਰ ਉੱਤੇ ਇਹ ਆਪਣੀ ਮੁਕੰਮਲ ਹੋਈ ਸ਼ਕਲ ਵਿਚ, ਲੋਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਕਿ ਵਿਦੇਸ਼ੀ ਕਰਜ਼ੇ ਬਾਬਤ ਵਾਪਰਿਆ ਸੀ।



ਫਿਰ ਜਦੋਂ ਇਕ ਵਾਰ ਵਿਸ਼ਾ ਪੂਰੀ ਤਰ੍ਹਾਂ ਘੋਖਿਆ ਜਾ ਚੁੱਕਾ ਹੁੰਦਾ ਹੈ ਤਾਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਜ਼ਰੂਰੀ ਚੱਕਰ ਪੂਰਾ ਹੋ ਗਿਆ ਹੈ ਤੇ ਫਾਈਲ ਪਾਸੇ ਰੱਖ ਦਿੱਤੀ ਜਾਂਦੀ ਹੈ।

ਇਸ ਤਰ੍ਹਾਂ ਦੀ ਮੂੰਹ ਜ਼ੁਬਾਨੀ ਚੱਕੀ (Mill) ਨੂੰ, ਨਿਰਸੰਦੇਹ ਸੂਚਨਾ ਦੇ ਨਿਰੰਤਰ ਪ੍ਰਵਾਹ ਦੀ ਮਦਦ ਦੀ ਲੋੜ ਹੁੰਦੀ ਹੈ ਜਿਹੜੀ ਚੰਗੀ ਤਰ੍ਹਾਂ ਚਿੱਥੀ ਤੇ ਹਜ਼ਮ ਕੀਤੀ ਹੋਈ ਹੋਵੇ। ਉਸ ਦੇ ਮੁੱਖ ਸਹਾਇਕ ਉਸ ਦੀ ਯਾਦ ਸ਼ਕਤੀ ਹੈ ਤੇ ਉਹ ਇਸ ਨੂੰ ਗਾਲ੍ਹ ਦੀ ਹੱਦ ਤਕ ਤਕਰੀਰਾਂ ਤੇ ਨਿੱਜੀ ਵਾਰਤਾਲਾਪਾਂ ਨੂੰ ਚੇਤੇ ਕਰਨ ਲਈ ਵਰਤੋਂ ਕਰਦਾ ਹੈ ਤੇ ਇਹ ਕਾਰਜ ਉਹ ਹਿਸਾਬ ਦੇ ਸਵਾਲਾਂ ਦੀ ਨਾ-ਮੰਨਣਯੋਗ ਰਫ਼ਤਾਰ ਤੇ ਭਰਪੂਰ ਦਲੀਲਬਾਜ਼ੀ ਨਾਲ ਕਰਦਾ ਹੈ। ਸੂਚਨਾ ਦੇ ਇਕੱਤਰ ਕਰਨ ਦਾ ਇਹ ਕਾਰਜ ਉਸ ਦੇ ਜਾਗ ਪੈਣ ਤੋਂ ਆਰੰਭ ਹੋ ਜਾਂਦਾ ਹੈ। ਉਹ ਆਪਣਾ ਨਾਸ਼ਤਾ ਸਾਰੇ ਸੰਸਾਰ ਦੀਆਂ 200 ਸਫ਼ੇ ਤੋਂ ਵੱਧ ਦੀਆਂ ਖ਼ਬਰਾਂ ਨਾਲ ਕਰਦਾ ਹੈ। ਦਿਨ ਦੇ ਸਮੇਂ ਉਸ ਦੀ ਨਿਰੰਤਰ ਹਰਕਤ ਦੇ ਬਾਵਜੂਦ ਇਹ ਜ਼ਰੂਰੀ ਸੂਚਨਾ ਹਰ ਥਾਂ ਉਸ ਦਾ ਪਿੱਛਾ ਕਹਿੰਦੀ ਰਹਿੰਦੀ ਹੈ। ਉਹ ਖ਼ੁਦ ਹਿਸਾਬ ਲਾਉਂਦਾ ਹੈ ਕਿ ਹਰ ਰੋਜ਼ ਉਸ ਨੂੰ 50 ਦਸਤਾਵੇਜ਼ ਪੜ੍ਹਨੇ ਪੈਂਦੇ ਹਨ। ਇਸ ਦੇ ਨਾਲ ਉਸ ਦੀਆਂ ਸਰਕਾਰੀ ਸੇਵਾਵਾਂ ਤੇ ਯਾਤਰੀਆਂ ਦੀਆਂ ਰਿਪੋਰਟਾਂ ਜੋੜ ਲਵੋ ਤੇ ਹਰ ਉਹ ਚੀਜ਼ ਜੋ ਉਸ ਦੀ ਅਸੀਮ ਉਤਸੁਕਤਾ ਲਈ ਦਿਲਚਸਪ ਹੋ ਸਕਦੀ ਹੈ। ਇਸ ਵਿਚ ਵਧਾ ਕੇ ਕੀਤੀ ਗੱਲ ਅੱਟੇ-ਸੱਟੇ ਹੀ ਹੋ ਸਕਦੀ ਹੈ, ਜਿਵੇਂ ਕਿ ਹਵਾਈ ਜਹਾਜ਼ ਦੀ ਯਾਤਰਾ ਦੇ ਸਿਰੇ ਦੇ ਕੇਸ ਵਿਚ ਹੋਵੇ।

ਉਹ ਹਵਾਈ ਉਡਾਨ ਨੂੰ ਪਸੰਦ ਨਹੀਂ ਕਰਦਾ ਤੇ ਸਿਰਫ਼ ਉਦੋਂ ਹੀ ਕਰਦਾ ਹੈ ਜਦੋਂ ਕੋਈ ਹੋਰ ਚਾਰਾ ਨਾ ਰਹੇ। ਜਦੋਂ ਉਹ ਹਵਾਈ ਉਡਾਨ ਭਰੇ ਵੀ ਤਾਂ ਉਹ ਭੈੜਾ ਯਾਤਰੀ ਹੁੰਦਾ ਹੈ ਕਿਉਂਕਿ ਉਹ ਹਰ ਗੱਲ ਜਾਨਣ ਲਈ ਉਤਸੁਕ ਹੁੰਦਾ ਹੈ। ਉਹ ਨਾ ਸੌਂਦਾ ਹੈ ਤੇ ਨਾ ਹੀ ਪੜ੍ਹਦਾ। ਉਹ ਖਾਂਦਾ ਵੀ ਘੱਟ ਹੈ, ਹਰ ਸ਼ੱਕ ਦੇ ਸਮੇਂ ਉਹ ਜਹਾਜ਼ੀ ਅਮਲੇ ਨੂੰ ਜਹਾਜ਼ਰਾਨੀ ਦੇ ਨਕਸ਼ਿਆਂ ਬਾਰੇ ਪੁੱਛਦਾ ਰਹਿੰਦਾ ਹੈ। ਉਹ ਇਹ ਦੱਸ ਲਈ ਮਜਬੂਰ ਕਰਦਾ ਹੈ ਕਿ ਇਹ ਰਾਹ ਕਿਉਂ ਅਪਣਾਇਆ ਜਾ ਰਿਹਾ ਹੈ ਤੇ ਦੂਸਰਾ ਰਾਹ ਕਿਉਂ ਨਹੀਂ। ਟਰਬਾਈਨ (ਪਹੀਏ) ਦਾ ਸ਼ੋਰ ਕਿਉਂ ਬਦਲ ਰਿਹਾ ਹੈ ਅਤੇ ਚੰਗੇ ਮੌਸਮ ਵਿਚ ਵੀ ਜਹਾਜ਼ ਡੋਲ ਕਿਉਂ ਰਿਹਾ ਹੈ। ਨਿਰਸੰਦੇਹ ਉੱਤਰ ਠੀਕ ਮਿਲਣੇ ਚਾਹੀਦੇ ਹਨ ਕਿਉਂਕਿ ਕਿਸੇ ਵੀ ਸਬੱਬੀ ਮੁਹਾਵਰੇ ਵਿਚਲੀ ਨਿੱਕੀ ਬੇਕਾਇਦਗੀ ਦਾ ਉਹ ਪਤਾ ਲਾ ਲੈਂਦਾ ਹੈ।

ਇਕ ਹੋਰ ਸੂਚਨਾ ਦਾ ਮਹੱਤਵਪੂਰਨ ਸੋਮਾ ਨਿਰਸੰਦੇਹ ਕਿਤਾਬਾਂ ਹਨ। ਸ਼ਾਇਦ ਉਸ ਦੇ ਵਿਰੋਧੀਆਂ ਵੱਲੋਂ ਬਣਾਇਆਂ ਗਿਆ ਉਸ ਦਾ ਬਿੰਬ ਫੀਦਲ ਕਾਸਤਰੋ ਦੀ ਸ਼ਖ਼ਸੀਅਤ ਨਾਲ ਮੇਲ਼ ਨਾ ਖਾਂਦਾ ਹੋਵੇ ਕਿ ਉਹ ਇੱਕ ਹਾਬੜਿਆ ਹੋਇਆ ਪਾਠਕ ਹੈ। ਕੋਈ ਨਹੀਂ ਦੱਸ ਸਕਦਾ ਕਿ ਉਹ ਕਿਵੇਂ ਸਮਾਂ ਕੱਢਦਾ ਹੈ ਜਾਂ ਉਹ ਏਨਾ ਕੁਝ ਤੇ ਏਨੀ ਛੇਤੀ ਪੜ੍ਹਨ ਲਈ ਕਿਹੜੇ ਢੰਗ ਵਰਤਦਾ ਹੈ। ਭਾਵੇਂ ਕਿ ਉਹ ਆਖਦਾ ਹੈ ਕਿ ਇਸ ਬਾਰੇ ਵਿਸ਼ੇਸ਼ ਗੱਲ ਕੋਈ ਨਹੀਂ। ਉਸ ਦੀਆਂ ਕਾਰਾਂ ਵਿਚ, ਜੋ ਭਾਵੇਂ ਪ੍ਰਾਚੀਨ ਮਾਡਲ ਓਲਡਜ਼ ਮੋਬਾਈਲ ਤੋਂ ਰੂਸੀ ਮਾਡਲ ਜ਼ਿਲਜ਼ ਤੱਕ ਤੇ ਅਜੋਕੀ ਮਰਸੀਡੀਜ਼ ਤੱਕ, ਸਦਾ ਹੀ ਰਾਤ ਨੂੰ ਪੜ੍ਹਨ ਲਈ ਰੋਸ਼ਨੀ ਹੁੰਦੀ ਹੈ। ਬਹੁਤੀ ਵਾਰ ਉਸ ਨੇ ਸਵੇਰੇ ਤੜਕੇ ਕੋਈ ਕਿਤਾਬ ਲਈ ਹੁੰਦੀ ਹੈ ਤੇ ਅਗਲੀ ਸਵੇਰ ਉਹ ਇਸ ਉੱਤੇ ਟਿੱਪਣੀ ਕਰ ਰਿਹਾ ਹੁੰਦਾ ਹੈ। ਉਹ ਅੰਗਰੇਜ਼ੀ ਪੜ੍ਹਦਾ ਹੈ, ਪਰ ਬੋਲਦਾ ਨਹੀਂ। ਹਰ ਹਾਲਤ ਵਿਚ ਉਹ ਸਪੇਨੀ ਭਾਸ਼ਾ ਪੜ੍ਹਨ ਨੂੰ ਪਹਿਲ ਦਿੰਦਾ ਹੈ ਤੇ ਹਰ ਘੜੀ ਜੋ ਵੀ ਅੱਖਰਾਂ ਵਾਲਾ ਕਾਗਜ਼ ਉਸ ਦੇ ਹੱਥ ਲੱਗੇ, ਪੜ੍ਹਨ ਲਈ ਤਿਆਰ

ਰਹਿੰਦਾ ਹੈ। ਜਦੋਂ ਉਸ ਨੂੰ ਕੋਈ ਨਵੀਂ ਕਿਤਾਬ ਚਾਹੀਦੀ ਹੋਵੇ ਜਿਹੜੀ ਅਜੇ ਅਨੁਵਾਦ ਨਾ ਹੋਈ ਹੋਵੇ, ਤਾਂ ਉਹ ਅਨੁਵਾਦ ਕਰਵਾ ਲੈਂਦਾ ਹੈ। ਇੱਕ ਡਾਕਟਰ ਮਿੱਤਰ ਨੇ ਹੱਡੀਆਂ ਬਾਰੇ ਇੱਕ ਕਿਤਾਬਚਾ ਲਿਖਿਆ ਤੇ ਉਸ ਨੂੰ ਨਿਮਰਤਾ ਵਜੋਂ ਭੇਜਿਆ, ਜਿਹੜਾ ਹਾਲ ਹੀ ਵਿਚ ਛਪਿਆ ਸੀ, ਉਸ ਬਾਰੇ ਪੜ੍ਹੇ ਹੋਣ ਦਾ ਫਰੇਬ ਕਰਨ ਦੀ ਥਾਂ ਹਫ਼ਤੇ ਦੇ ਵਿਚ ਵਿਚ, ਉਸ ਦਾ ਡਾਕਟਰ ਨੂੰ ਇੱਕ ਖ਼ਤ ਮਿਲ਼ਿਆ ਜਿਸ ਵਿਚ ਉਸ ਦੇ ਪ੍ਰਭਾਵਾਂ ਦੀ ਲਿਖੀ ਹਈ ਲੰਮੀ ਸੂਚੀ ਸੀ। ਉਹ ਆਰਥਿਕ ਤੇ ਇਤਿਹਾਸਕ ਵਿਸ਼ਿਆਂ ਬਾਰੇ ਪੜ੍ਹਨ ਦਾ ਆਦੀ ਹੈ। ਜਦੋਂ ਉਸ ਨੇ 'ਲੀ-ਆਏਕੋਕੇ' ਦੀਆਂ ਯਾਦਾਂ ਪੜ੍ਹੀਆਂ ਤਾਂ ਉਸ ਨੇ ਇਸ ਵਿਚ ਨਾ-ਮੰਨਣਯੋਗ ਗਲਤੀਆਂ ਲੱਭੀਆਂ ਤੇ ਉਸ ਨੇ ਅੰਗਰੇਜ਼ੀ ਐਡੀਸ਼ਨ ਨੂੰ ਸਪੇਨੀ ਐਡੀਸ਼ਨ ਨਾਲ ਮਿਲਾ ਕੇ ਠੀਕ ਕਰਨ ਲਈ ਨਿਊਯਾਰਕ ਨੂੰ ਭੇਜ ਦਿੱਤੀਆਂ। ਨਿਰਸੰਦੇਹ, ਅਨੁਵਾਦਕ ਨੇ ਦੋਹਾਂ ਭਾਸ਼ਾਵਾਂ ਵਿਚਲੇ ਸ਼ਬਦ (Billion) ਅਰਥਾਂ ਨੂੰ ਖਲਤ-ਮਲਤ ਕਰ ਦਿੱਤਾ ਸੀ। ਉਹ ਸਾਹਿਤ ਦਾ ਚੰਗਾ ਪਾਠਕ ਹੈ ਤੇ ਇਸ ਨਾਲ ਨਿੱਘਾ ਸਬੰਧ ਰੱਖਦਾ ਹੈ। ਮੇਰੀ ਜ਼ਮੀਰ ਉੱਤੇ ਇੱਕ ਬੋਝ ਹੈ ਕਿ ਮੈਂ ਉਸ ਨੂੰ ਵਧੀਆ ਵਿਕਰੀ ਵਾਲ਼ੀਆਂ ਪੁਸਤਕਾਂ ਤੁਰੰਤ ਪੜ੍ਹਨ ਦੀ ਆਦਤ ਪਾ ਦਿੱਤੀ ਤੇ ਸਰਕਾਰੀ ਦਸਤਾਵੇਜ਼ਾਂ ਦੀ ਤੋਟ ਦੀ ਥਾਂ ਅੱਜ ਤੱਕ ਇਹ ਆਦਤ ਕਾਇਮ ਰੱਖੀ ਹੈ।

ਅਜੇ ਵੀ ਸੂਚਨਾ ਦਾ ਉਸ ਦਾ ਸਭ ਤੋਂ ਲਾਹੇਵੰਦ ਤੇ ਤੁਰੰਤ ਸ੍ਰੋਤ ਵਾਰਤਾਲਾਪ ਹੈ। ਉਸ ਦੀ ਆਦਤ ਹੈ, ਤੁਰੰਤ ਪ੍ਰਸ਼ਨ ਕਰਨੇ ਜੋ ਰੂਸੀ ਗੱਡੀ ਮੈਤਰੀ ਊਸ਼ਨਾ ਨਾਲ ਮਿਲ਼ਦੀ ਹੈ, ਜਿਸ ਦੇ ਅੰਦਰੋਂ ਇਕੋ ਜਿਹੀ ਛੋਟੀ ਗੁੱਡੀ ਨਿਕਲਦੀ ਹੈ, ਫਿਰ ਇੱਕ ਹੋਰ ਅਤੇ ਅਖੀਰ ਉੱਤੇ ਸਭ ਤੋਂ ਛੋਟੀ ਪਿੱਛੇ ਰਹਿ ਜਾਂਦੀ ਹੈ। ਉਹ ਨਿਰੰਤਰ ਪ੍ਰਸ਼ਨ ਪੁੱਛਦਾ ਹੈ ਤੇ ਤਤਕਾਲੀ ਭੜਾਕੇ ਪਾਉਂਦਾ ਹੈ। ਅਖੀਰ ਤੇ ਅੰਤਿਮ ਕਿਉਂ ਦੀ ਕਿਉਂ ਦਾ ਕਾਰਨ ਲੱਭ ਲੈਂਦਾ ਹੈ। ਉਸ ਦੇ ਪ੍ਰਸ਼ਨ-ਕਰਤਾ ਲਈ ਇਹ ਅਨੁਭਵ ਕਰਨਾ ਔਖਾ ਨਹੀਂ ਕਿ ਉਸ ਦੀ ਘੋਖ ਦੀ ਪ੍ਰੀਖਿਆ ਹੋ ਰਹੀ ਹੈ। ਜਦੋਂ ਲਾਤੀਨੀ ਅਮਰੀਕਾ ਦੇ ਇੱਕ ਯਾਤਰੀ ਨੇ ਉਸ ਦੇ ਦੇਸ਼ਵਾਸੀਆਂ ਦੀ ਚਾਵਲਾਂ ਦੀ ਖਪਤ ਬਾਰੇ ਕਾਹਲ਼ੀ ਨਾਲ ਕੋਈ ਅੰਕੜੇ ਦੱਸ ਤਾਂ ਉਸ ਨੇ ਅਪਣੇ ਦਿਮਾਗ਼ੀ ਹਿਸਾਬ ਕੀਤੇ ਤੇ ਕਿਹਾ, "ਕਿੰਨਾ ਅਜੀਬ ਹੈ ਕਿ ਹਰ ਕੋਈ ਦਿਨ ਵਿਚ ਚਾਰ ਪੌਂਡ ਚਾਵਲ ਖਾਂਦਾ ਹੈ।" ਸਮਾਂ ਬੀਤਣ ਨਾਲ਼, ਤੁਹਾਨੂੰ ਪਤਾ ਲੱਗਦਾ ਹੈ ਕਿ ਉਸ ਦਾ ਮੁੱਖ ਦਾਅ ਪੇਚ ਉਨ੍ਹਾਂ ਚੀਜ਼ਾਂ ਬਾਰੇ ਪੁੱਛਣਾ ਹੈ, ਜੋ ਉਹ ਪਹਿਲਾਂ ਹੀ ਜਾਣਦਾ ਹੁੰਦਾ ਹੈ, ਤਾਂ ਕਿ ਆਪਣੇ ਅੰਕੜੇ ਸਹੀ ਕਰ ਸਕੇ ਤੇ ਕਈ ਮਾਮਲਿਆਂ ਵਿਚ ਪ੍ਰਸ਼ਨ-ਕਰਤਾ ਦੀ ਯੋਗਤਾ ਨੂੰ ਮਾਪ ਤੋਲ ਸਕੇ ਤੇ ਉਸੇ ਅਨੁਸਾਰ ਵਿਹਾਰ ਕਰ ਸਕੇ। ਉਹ ਆਪਣੇ ਆਪ ਨੂੰ ਸੂਚਿਤ ਕਰਨ ਲਈ ਵੇਲਾ ਨਹੀਂ ਗਵਾਉਂਦਾ। ਕੋਲੰਬੀਆ ਦਾ ਰਾਸ਼ਟਰਪਤੀ 'ਬੇਲੀ ਮਾਰਿਓ ਬੇਤਨਕੂਰ' ਜਿਸ ਨਾਲ਼ ਉਹ ਅਕਸਰ ਹੀ ਟੈਲੀਫੋਨ ਰਾਹੀਂ ਸੰਪਰਕ ਕਾਇਮ ਰੱਖਦਾ ਹੈ, ਇਸ ਗੱਲ ਦੇ ਬਾਵਜੂਦ ਕਿ ਉਹ ਕਦੇ ਮਿਲ਼ੇ ਨਹੀਂ ਤੇ ਨਾ ਹੀ ਦੋਹਾਂ ਦੇਸ਼ਾਂ ਦੇ ਕੂਟਨੀਤਕ ਸਬੰਧ ਹਨ। ਇਕ ਵਾਰ ਉਸ ਨੇ ਉਸ ਨੂੰ ਕਿਸੇ ਸਾਧਾਰਨ ਮਸਲੇ ਬਾਰੇ ਬੁਲਾਇਆ। ਪਿੱਛੋਂ ਮੈਨੂੰ ਫੀਦਲ ਕਾਸਤਰੋ ਨੇ ਦੱਸਿਆ, "ਮੈਂ ਇਸ ਤੱਥ ਤੋਂ ਲਾਭ ਉਠਾਇਆ ਕਿ ਸਾਡੇ ਦੋਹਾਂ ਕੋਲ ਕੋਈ ਜਾਣਕਾਰੀ ਸਾਂਝੀ ਕਰਨ ਲਈ ਵਕਤ ਹੈ, ਜੋ ਕਿ ਕੋਲੰਬੀਆ ਵਿਚ ਕਾਫ਼ੀ ਦੀ ਹਾਲਤ ਬਾਰੇ ਸਮੁੰਦਰੀ ਤਾਰ ਦੇ ਘੇਰੇ ਵਿਚ ਨਹੀਂ ਸੀ ਆਉਂਦਾ।"

ਇਨਕਲਾਬ ਤੋਂ ਪਹਿਲਾਂ ਉਹ ਬੜੇ ਘੱਟ ਦੇਸ਼ਾਂ ਵਿਚ ਗਿਆ ਸੀ ਤੇ ਜਿਨ੍ਹਾਂ ਵਿਚ ਉਹ ਹੁਣ



ਸਰਕਾਰੀ ਦੌਰਿਆਂ ਕਾਰਨ ਗਿਆ ਹੈ ਉਹ ਵਿਦੇਸ਼ ਵਿਭਾਗ ਦੇ ਸਿਸ਼ਟਾਚਾਰ ਦੇ ਤੰਗ ਘੇਰੇ ਦੀ ਮਾਰ ਹੇਠ ਹਨ। ਫਿਰ ਵੀ ਉਹ ਉਨ੍ਹਾਂ ਦੇਸ਼ਾਂ ਬਾਰੇ ਗੱਲਾਂ-ਬਾਤਾਂ ਕਰਦਾ ਹੈ ਤੇ ਕਈ ਹੋਰ ਦੂਸਰਿਆਂ ਬਾਰੇ ਵੀ, ਜਿੱਥੇ ਉਹ ਗਿਆ ਨਹੀਂ, ਪਰ ਜਿਵੇਂ ਉਹ ਉਥੋਂ ਹੋ ਆਇਆ ਹੋਵੇ। ਅੰਗੋਲਾ ਵਿਚ ਜੰਗ ਦੇ ਸਮੇਂ, ਉਸ ਨੇ ਇੱਕ ਲੜਾਈ ਬਾਰੇ ਸਰਕਾਰੀ ਸਮਾਗਮ ਵਿਚ ਏਨੇ ਵੇਰਵੇ ਨਾਲ ਬਿਆਨ ਕੀਤਾ ਕਿ ਇੱਕ ਪੱਛਮੀ ਰਾਜਦੂਤ ਨੂੰ ਅੰਦਾਜ਼ਾ ਲਾਉਣਾ ਔਖਾ ਹੋ ਗਿਆ ਕਿ ਫੀਦਲ ਕਾਸਤਰੋ ਨੇ ਲੜਾਈ ਵਿਚ ਹਿੱਸਾ ਨਹੀਂ ਸੀ ਲਿਆ। ਚੀ ਗਵੇਰਾ ਦੇ ਫੜੇ ਜਾਣ ਤੇ ਕਤਲ ਕੀਤੇ ਜਾਣ ਦਾ ਬਿਰਤਾਂਤ, ਜੋ ਉਸ ਨੇ ਇੱਕ ਭਾਸ਼ਣ ਵਿਚ ਕੀਤਾ ਜਾਂ ਚਿੱਲੀ ਦੇ ਮੋਨੇਡਾ ਮਹੱਲ ਅਤੇ ਸਲਵਾਡੋਰ ਅਲੈਂਡੇ ਦੀ ਮੌਤ ਬਾਰੇ ਜੋ ਵਰਣਨ ਕੀਤਾ ਤੇ ਜਾਂ ਫਿਰ ਹੂਰੀਕੇਸ ਫਲੋਰਾ ਦੀ ਤਬਾਹੀ ਬਾਰੇ, ਉਸ ਦੇ ਸ਼ਾਬਦਿਕ ਬਿੰਬ ਹਨ।

ਸਪੇਨ, ਜੋ ਉਸਦੇ ਵੱਡ-ਵਡੇਰਿਆਂ ਦੀ ਧਰਤੀ ਹੈ, ਉਸ ਲਈ ਇੱਕ ਖ਼ਬਤ ਹੈ। ਭਵਿੱਖ ਵਿਚ ਲਾਤੀਨੀ ਅਮਰੀਕਾ ਦੀ ਉਸਦੀ ਦ੍ਰਿਸ਼ਟੀ ਉਹ ਹੈ ਜੋ 'ਬੋਲੀਵਾਰ' ਜਾਂ 'ਮਾਰਤੀ' ਦੀ ਹੈ। ਅਰਥਾਤ ਸੰਸਾਰ ਦੀ ਹੋਣੀ ਨੂੰ ਪ੍ਰਭਾਵਿਤ ਕਰਨ ਵਾਲੀ ਇਕਮੁੱਠ ਤੇ ਖ਼ੁਦ-ਮੁਖਤਾਰ ਬਰਾਦਰੀ, ਪਰ ਜਿਸ ਦੇਸ਼ ਬਾਰੇ ਉਹ ਸਭ ਤੋਂ ਵੱਧ ਜਾਣਦਾ ਹੈ ਉਹ ਹੈ ਕਿਊਬਾ ਤੋਂ ਬਾਅਦ ਅਮਰੀਕਾ ਹੈ।

ਉਹ ਲੋਕਾਂ ਦੇ ਸੁਭਾਅ ਦਾ, ਇਸਦੀ ਸ਼ਕਤੀ ਦੀਆਂ ਬਣਤਰਾਂ, ਸਰਕਾਰਾਂ ਦੇ ਬਾਹਰਮੁਖੀ ਮਨੋਰਥ ਤੋਂ ਪੂਰੀ ਤਰ੍ਹਾਂ ਜਾਣੂ ਹੈ ਤੇ ਇਸੇ ਕਾਰਨ ਇਸ ਨੇ ਘੇਰਾਬੰਦੀ ਦੇ ਲਗਾਤਾਰ ਤੂਫ਼ਾਨ ਵਿਚੋਂ ਉਸ ਨੂੰ ਪਾਰ ਲੰਘਣ ਵਿਚ ਮਦਦ ਕੀਤੀ ਹੈ। ਅਮਰੀਕੀ ਸਰਕਾਰ ਦੀਆਂ ਪਾਬੰਦੀਆਂ ਦੇ ਬਾਵਜੂਦ ਮਿਆਮੀ ਤੇ ਹਵਾਨਾ 'ਤੇ ਲਗਭਗ ਰੋਜ਼ਾਨਾ ਹਵਾਈ ਉਡਾਣ ਜਾਰੀ ਹੈ ਤੇ ਵਿਸ਼ੇਸ਼ ਉਡਾਣਾਂ ਰਾਹੀਂ ਜਾਂ ਨਿੱਜੀ ਜਹਾਜ਼ਾਂ ਰਾਹੀਂ ਅਮਰੀਕਾ ਦੇ ਹਰ ਭਾਂਤ ਦੇ ਯਾਤਰੀ ਕਿਊਬਾ ਵਿਚ ਆਉਂਦੇ ਹਨ।

ਚੋਣਾਂ ਦੇ ਮੌਕੇ ਦੋਹਾਂ ਪਾਰਟੀ ਦੇ ਰਾਜਨ਼ੀਤਿਕ ਆਗੂ ਨਿਰੰਤਰ ਦੇਸ਼ ਅੰਦਰ ਪ੍ਰਵੇਸ਼ ਕਰਦੇ ਹਨ। ਫੀਦਲ ਕਾਸਤਰੋ ਜਿੰਨਿਆਂ ਨੂੰ ਸੰਭਵ ਹੋਵੇ ਮਿਲ਼ਦਾ ਹੈ। ਉਹ ਇਹ ਗੱਲ ਯਕੀਨੀ ਬਣਾਉਂਦਾ ਹੈ ਕਿ ਉਨ੍ਹਾਂ ਦਾ ਹਰ ਸੰਭਵ ਵਿਸ਼ੇਸ਼ ਧਿਆਨ ਰੱਖਿਆ ਜਾਵੇ, ਜਦੋਂ ਉਹ ਉਡੀਕ ਕਰ ਰਹੇ ਹੋਣ ਅਤੇ ਉਨ੍ਹਾਂ ਨੂੰ ਨਵੀਂ ਵਿਸਥਾਰ ਭਰੀ ਸੂਚਨਾ ਦੇ ਆਦਾਨ਼-ਪ੍ਰਦਾਨ ਲਈ ਕੋਈ ਵਕਤ ਮਿਲ਼ੇ। ਇਹ ਅਸਲ ਵਿਚ ਗੱਲਬਾਤ ਦੇ ਉਤਸਵ ਹਨ। ਉਹ ਉਨ੍ਹਾਂ ਨੂੰ ਕੁੱਝ ਘਰੇਲੂ ਸੱਚ ਦੱਸਦਾ ਹੈ ਤੇ ਉਨ੍ਹਾਂ 'ਤੇ ਭਰੋਸਾ ਕਰਦਾ ਹੈ ਜੋ ਉਹ ਉਸ ਨੂੰ ਦੱਸਦੇ ਹਨ। ਉਹ ਇਹ ਪ੍ਰਭਾਵ ਦੇਣ ਦਾ ਯਤਨ ਕਰਦਾ ਹੈ ਕਿ ਉਸ ਨੂੰ ਆਪਣਾ ਚਿਹਰਾ ਉਨ੍ਹਾਂ ਨੂੰ ਵਿਖਾਉਣ ਨਾਲੋਂ ਹੋਰ ਕੋਈ ਗੱਲ ਵੱਧ ਖ਼ੁਸ਼ੀ ਨਹੀਂ ਦਿੰਦੀ, ਜਿਹੜੇ ਵੈਰੀ ਦੇ ਪ੍ਰਚਾਰ ਦੇ ਉਕਸਾਏ ਵਹਿਸ਼ੀ 'ਕਾਡੀਲੋ' ਨੂੰ ਵੇਖਣ ਲਈ ਤਿਆਰ ਹੋ ਕੇ ਆਉਂਦੇ ਹਨ। ਇੱਕ ਮੌਕੇ ਕਾਂਗਰਸ ਦੇ ਮੈਂਬਰਾਂ ਦੇ ਦੋ ਧਿਰੇ ਗਰੁੱਪ ਦੇ ਸਾਹਮਣੇ ਤੇ ਪੈਂਟਾਗਨ ਦੇ ਇੱਕ ਅਧਿਕਾਰੀ ਦੇ ਕੋਲ਼ ਹੁੰਦੇ ਹੋਏ ਉਸ ਨੇ ਆਪਣੇ ਗਾਲੇਸ਼ੀਅਨ ਵੱਡ-ਵਡੇਰੇ ਤੇ ਆਪਣੇ ਯਸੂਹੀ ਅਧਿਆਪਕਾਂ ਦਾ ਏਨਾ ਯਥਾਰਥਕ ਵਰਨਣ ਕੀਤਾ ਕਿ ਕਿਵੇਂ ਉਨ੍ਹਾਂ ਨੇ, ਉਸ ਵਿਚ ਅਜਿਹੇ ਅਖ਼ਲਾਕੀ ਅਸੂਲਾਂ ਦਾ ਸੰਚਾਰ ਕੀਤਾ ਕਿ ਜਿਹੜੇ ਉਸ ਦੀ ਸ਼ਖ਼ਸੀਅਤ ਦੀ ਬਣਤਰ ਵਿਚ ਬੜੇ ਸਹਾਈ ਸਿੱਧ ਹੋਏ ਸਨ ਤੇ ਉਸ ਨੇ ਸਿੱਟਾ ਕੱਢਿਆ, "ਮੈਂ ਇੱਕ ਈਸਾਈ ਹਾਂ।"

ਇਹ ਗੱਲ ਮੇਜ਼ 'ਤੇ ਬੰਬ ਵਾਂਗ ਵੱਜੀ। ਅਮਰੀਕਾ ਦੇ ਲੋਕ, ਜੋ ਉਸ ਸੱਭਿਆਚਾਰ 'ਤੇ ਪਲ਼ੇ ਹਨ, ਜਿਹੜਾ ਜ਼ਿੰਦਗੀ ਨੂੰ ਸਿਰਫ਼ ਕਾਲ਼ੇ ਤੇ ਚਿੱਟੇ ਰੰਗਾਂ ਵਿਚ ਵੇਖਦਾ ਹੈ, ਜੋ ਪਹਿਲੋਂ ਦੀ

ਵਿਆਖਿਆ ਨੂੰ ਅਣਡਿੱਠਾ ਕਰ ਯਾਤਰਾ ਦੇ ਅੰਤ ਉੱਤੇ, ਜਦੋਂ ਅਗਲਾ ਦਿਨ ਚੜ੍ਹ ਰਿਹਾ ਸੀ, ਵਿਧਾਨ ਸਭਾ ਦੇ ਸਭ ਤੋਂ ਰੂੜੀਵਾਦੀ ਮੈਂਬਰਾਂ ਵਿਚੋਂ ਇਕ ਨੇ ਬੜੀ ਹੈਰਾਨ ਕਰਨ ਵਾਲ਼ੀ ਰਾਏ ਦਿੱਤੀ ਕਿ ਉਸ ਦਾ ਵਿਸ਼ਵਾਸ ਹੈ ਕਿ ਫੀਦਲ ਕਾਸਤਰੋ ਤੋਂ ਬਿਨਾਂ ਲਾਤੀਨੀ ਅਮਰੀਕਾ ਤੇ ਯੂਨਾਈਟਿਡ ਸਟੇਟਸ ਵਿਚ ਹੋਰ ਕੋਈ ਬੰਦਾ ਸੁਲਾਹ-ਸਫ਼ਾਈ ਲਈ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ।

ਜੋ ਵੀ ਕਿਊਬਾ ਜਾਂਦਾ ਹੈ, ਕਿਸੇ ਵੀ ਹਾਲਤ ਵਿਚ ਉਸ ਨੂੰ ਵੇਖਣ ਦੀ ਤ੍ਰਿਸ਼ਨਾ ਕਰਦਾ ਹੈ, ਭਾਵੇਂ ਕਿ ਕਈ ਲੋਕ ਹਨ, ਖਾਸ ਤੌਰ 'ਤੇ ਵਿਦੇਸ਼ੀ ਪੱਤਰਕਾਰ, ਜੋ ਨਿੱਜੀ ਇੰਟਰਵਿਊ ਲੈਣ ਦਾ ਸੁਪਨਾ ਵੇਖਦੇ ਹਨ ਤੇ ਜੋ ਆਪਣੇ ਕੰਮ ਨੂੰ ਕਦੇ ਵੀ ਸੰਪੂਰਨ ਹੋਇਆ ਨਹੀਂ ਸਮਝਦੇ। ਉਹ ਆਪਣੇ ਨਾਲ਼ ਉਸ ਦੇ ਨਾਲ ਕੀਤੇ ਇੰਟਰਵਿਊ ਦੀ ਟਰਾਫ਼ੀ ਲੈ ਕੇ ਨਹੀਂ ਜਾਂਦੇ। ਮੇਰਾ ਖ਼ਿਆਲ ਹੈ ਕਿ ਉਹ ਹਰ ਇੱਕ ਨੂੰ ਨਿਵਾਜੇਗਾ, ਜੇ ਇਹ ਸਰੀਰਕ ਤੌਰ 'ਤੇ ਅਸੰਭਵ ਨਾ ਹੋਵੇ। ਇਸ ਘੜੀ ਫੈਸਲਾ ਕਰਨ ਲਈ 300 ਰਸਮੀ ਅਰਜ਼ੀਆਂ ਪਈਆਂ ਹਨ, ਇਹ ਪ੍ਰਕਿਰਿਆ ਹਮੇਸ਼ਾ ਚੱਲਦੀ ਰਹੇਗੀ। ਹਰ ਵੇਲੇ ਹਵਾਨਾ ਹੋਟਲ ਵਿਚ ਕੋਈ ਨਾ ਕੋਈ ਪੱਤਰਕਾਰ ਉਡੀਕ ਰਿਹਾ ਹੁੰਦਾ ਹੈ, ਜੋ ਉਸ ਨੂੰ ਮਿਲਣ ਲਈ ਹਰ ਤਰ੍ਹਾਂ ਦੇ ਵਿਚੋਲਿਆਂ ਨੂੰ ਅਪੀਲ ਕਰ ਚੁੱਕਾ ਹੁੰਦਾ ਹੈ। ਕਈ ਮਹੀਨਿਆਂ ਬੱਧੀ ਉਡੀਕਦੇ ਹਨ। ਕਈ ਇਸ ਗੱਲੋਂ ਗੁੱਸੇ ਹੋ ਜਾਂਦੇ ਹਨ ਕਿ ਉਹ ਕਿਸ ਕੋਲ਼ ਜਾਣ, ਕਿਉਂਕਿ ਕਿਸੇ ਨੂੰ ਵੀ ਯਕੀਨੀ ਤੌਰ 'ਤੇ ਪਤਾ ਨਹੀਂ ਹੁੰਦਾ ਕਿ ਉਸ ਕੋਲ਼ ਪਹੁੰਚਣ ਦਾ ਕਿਹੜਾ ਠੀਕ ਤਰੀਕਾ ਹੈ। ਸੱਚਾਈ ਇਹ ਹੈ ਕਿ ਅਜਿਹਾ ਕੋਈ ਵੀ ਨਹੀਂ। ਇਹ ਕੋਈ ਅਸਾਧਾਰਨ ਗੱਲ ਨਹੀਂ ਜੇ ਕੋਈ ਖ਼ੁਸ਼ਕਿਸਮਤ ਪੱਤਰਕਾਰ ਉਸ ਨੂੰ ਖੁੱਲ੍ਹੀ ਮੀਟਿੰਗ ਵਿਚ ਕੋਈ ਰਸਮੀ ਸਵਾਲ ਪੁੱਛ ਲਵੇ ਤੇ ਵਾਰਤਾਲਾਪ, ਹਰ ਸੋਚੇ ਗਏ ਵਿਸ਼ੇ ਬਾਰੇ ਕਈ ਘੰਟਿਆਂ ਦੇ ਇੰਟਰਵਿਊ ਵਿਚ ਬਦਲ ਜਾਵੇ। ਉਹ ਹਰ ਪ੍ਰਸ਼ਨ ਬਾਰੇ ਕਾਫ਼ੀ ਵਕਤ ਲਾਉਂਦਾ ਹੈ। ਘੱਟ ਆਸ ਵਾਲੇ ਖੇਤਰ ਗਾਹੁੰਦਾ ਹੈ। ਬਿਨਾਂ ਲਾਪ੍ਰਵਾਹੀ ਤੋਂ ਅਸਪੱਸ਼ਟ ਹੋਣ ਤੋਂ ਬਿਨਾਂ ਔਝੜ ਇਲਾਕਾ ਫਿਰਦਾ ਹੈ ਤੇ ਇਹ ਜਾਣਦਾ ਹੁੰਦਾ ਹੈ ਕਿ ਇਕ ਵੀ ਗਲਤ ਵਰਤਿਆ ਸ਼ਬਦ ਨਾ ਪੂਰਾ ਹੋਣ ਵਾਲਾ ਨੁਕਸਾਨ ਕਰ ਸਕਦਾ ਹੈ। ਇਨ੍ਹਾਂ ਦੁਰਲੱਭ ਰਸਮੀ ਮੁਲਾਕਾਤਾਂ ਰਾਹੀਂ, ਉਹ ਬੇਨਤੀ ਕੀਤੇ ਸਮੇਂ ਦੀ ਮਨਜ਼ੂਰੀ ਦੇ ਦਿੰਦਾ ਹੈ, ਫਿਰ ਵੀ ਉਸ ਦੀ ਅਨ-ਅਨੁਮਾਨਤ ਲਚਕ ਕਾਰਨ ਅਕਸਰ ਸਮੇਂ ਨੂੰ ਲੰਮਾ ਕਰ ਦਿੰਦਾ ਹੈ, ਜਿਹੜਾ ਇੱਕ ਵਾਰ ਗੁਫ਼ਤਗੂ ਦੀ ਪਰਿਵਰਤਨਸ਼ੀਲਤਾ ਰਾਹੀਂ ਉਤੇਜਿਤ ਹੋ ਗਿਆ ਸੀ। ਖਾਸ ਸਥਿਤੀਆਂ ਵਿਚ ਹੀ ਉਹ ਪ੍ਰਸ਼ਨਾਂ ਨੂੰ ਪਹਿਲਾਂ ਵੇਖਣ ਲਈ ਆਖਦਾ ਹੈ। ਉਸ ਨੇ ਕਦੇ ਵੀ ਕਿਸੇ ਸਵਾਲ ਦਾ ਉੱਤਰ ਦੇਣ ਤੋਂ ਨਾਂਹ ਨਹੀਂ ਕੀਤੀ, ਭਾਵੇਂ ਇਹ ਕਿੰਨਾ ਵੀ ਭੜਕਾਊ ਕਿਉਂ ਨਾ ਹੋਵੇ, ਨਾ ਹੀ ਉਸ ਕਦੇ ਆਪਣੇ ਧੀਰਜ ਨੂੰ ਗਵਾਇਆ ਹੈ। ਕਈ ਵਾਰ ਦੋ ਘੰਟੇ ਦੀ ਯੋਜਨਾ ਚਾਰ ਘੰਟੇ ਲਾ ਦਿੰਦੀ ਹੈ ਤੇ ਕਦੇ ਲਗਭਗ ਹਮੇਸ਼ਾ ਹੀ ਛੇ ਘੰਟੇ ਵੀ। ਕਦੇ 17 ਘੰਟੇ ਵੀ ਜਿਵੇਂ ਕਿ ਇਟਾਲਵੀ ਟੀ.ਵੀ ਦੇ ਪ੍ਰਤੀਨਿਧ "ਰਿਆਨੀ ਮੀਨਾ" ਦੇ ਮਾਮਲੇ ਵਿਚ ਹੋਇਆ ਸੀ ਤੇ ਇਹ ਮਨਜ਼ੂਰ ਕੀਤਾ ਸਭ ਤੋਂ ਲੰਮਾ ਸੀ ਤੇ ਸਭ ਤੋਂ ਵੱਧ ਮੁਕੰਮਲ ਇੰਟਰਵਿਊ ਸੀ। (ਨੋਟ-ਇੰਟਰਵਿਊ ਓਸ਼ਨ ਪ੍ਰੈੱਸ ਵੱਲੋਂ "ਫੀਦਲ ਨਾਲ ਭੇਂਟ" ਨਾਂ ਦੀ ਪੁਸਤਕ 1991 ਵਿਚ ਛਪੀ ਸੀ।)

ਅੰਤਿਮ ਤੌਰ 'ਤੇ ਬੜੀ ਘੱਟ ਇੰਟਰਵਿਊ ਉਸ ਨੂੰ ਪਸੰਦ ਹੁੰਦੀਆਂ ਸਨ। ਸਭ ਤੋਂ ਘੱਟ ਲਿਪੀ-ਉਤਾਰੇ ਵਾਲੀਆਂ ਜਿਹੜੀਆਂ ਜਗ੍ਹਾ ਦੀ ਤੰਗੀ ਕਾਰਨ ਉਸ ਦੀ ਨਿੱਜੀ ਸ਼ੈਲੀ ਦੇ ਸੂਖਮ-ਅੰਤਰਾਂ



ਅਤੇ ਸ਼ੁੱਧਤਾ ਨੂੰ ਕੁਰਬਾਨ ਕਰ ਦਿੰਦੀਆਂ ਹਨ। ਉਸ ਦਾ ਖ਼ਿਆਲ ਹੈ ਕਿ ਟੀ.ਵੀ ਦੀ ਇੰਟਰਵਿਊ ਅਖੀਰ ਉੱਤੇ ਗ਼ੈਰ-ਕੁਦਰਤੀ ਲੱਗਦੀ ਹੈ ਕਿਉਂਕਿ ਇਹ ਅਖੀਰ ਉੱਤੇ ਟੁਕੜੇ-ਟੁਕੜੇ ਹੋ ਜਾਂਦੀ ਹੈ ਤੇ ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਸੱਤਾਂ ਮਿੰਟਾਂ ਦੇ ਪ੍ਰੋਗਰਾਮਾਂ ਲਈ ਉਸ ਨੇ ਆਪਣੇ ਜੀਵਨ ਦੇ ਪੰਜ ਘੰਟੇ ਬਰਬਾਦ ਕਰ ਦਿੱਤੇ, ਪਰ ਸਭ ਤੋਂ ਦੁਖਦਾਈ ਗੱਲ ਇਹ ਕਿ ਫੀਦਲ ਕਾਸਤਰੋ ਤੇ ਉਸ ਦੇ ਸਰੋਤਿਆਂ ਲਈ ਸਭ ਤੋਂ ਵਧੀਆ ਪੱਤਰਕਾਰ ਖਾਸ ਤੌਰ 'ਤੇ ਯੂਰਪ ਵਾਸੀਆਂ ਨੂੰ ਆਪਣੇ ਪ੍ਰਸ਼ਨ ਯਥਾਰਥ ਦੇ ਅਨੁਕੂਲ ਕਰਨ ਦੀ ਉਤਸੁਕਤਾ ਨਹੀਂ ਹੁੰਦੀ। ਉਹ ਅਜਿਹੇ ਸਵਾਲਾਂ ਦੀ ਤਾਂਘ ਰੱਖਦੇ ਹਨ, ਜਿਹੜੇ ਉਨ੍ਹਾਂ ਦੇ ਆਪਣੇ ਦੇਸ਼ਾਂ ਦੇ ਸਭਿਆਚਾਰਕ ਪੱਖਪਾਤਾਂ ਅਤੇ ਰਾਜਸੀ ਖ਼ਬਰਾਂ ਦੇ ਅਨੁਕੂਲ ਲਿਖੀ ਹੁੰਦੀ ਹੈ ਤੇ ਜਿਹੜੀ ਖ਼ੁਦ ਕਿਊਬਾ ਦੀ ਅਜੋਕੀ ਅਸਲੀਅਤ ਸਬੰਧੀ ਖੋਜ ਕਰਨ ਦੀ ਤਕਲੀਫ਼ ਨਹੀਂ ਕਰਦੇ ਤੇ ਨਾ ਹੀ ਜਾਨਣ ਦਾ ਯਤਨ ਕਰਦੇ ਹਨ ਕਿ ਲੋਕਾਂ ਦੇ ਸੁਪਨੇ ਅਤੇ ਅਸਲ ਨਿਰਾਸ਼ਤਾਵਾਂ ਕੀ ਹਨ ਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਦਾ ਸੱਚ ਕੀ ਹੈ। ਉਸ ਢੰਗ ਨਾਲ ਉਹ ਗਲ਼ੀ ਵਿਚਲੇ ਸਾਧਾਰਨ ਕਿਊਬਾ ਵਾਸੀ ਨੂੰ ਸੰਸਾਰ ਨਾਲ਼ ਵਾਰਤਾਲਾਪ ਕਰਨ ਦੇ ਅਵਸਰ ਤੋਂ ਵਿਰਵਾ ਕਰ ਦਿੰਦੇ ਹਨ ਤੇ ਉਹ ਖ਼ੁਦ ਵੀ ਫੀਦਲ ਕਾਸਤਰੋ ਨੂੰ ਪ੍ਰਸ਼ਨ ਕਰਨ ਦੀ ਪੇਸ਼ਾਵਰਾਨਾ ਪ੍ਰਾਪਤੀ ਤੋਂ ਇਨਕਾਰੀ ਕਰ ਲੈਂਦੇ ਹਨ, ਯੂਰਪੀ ਕਲਪਣਾਵਾਂ, ਬਾਰੇ ਹੀ ਨਹੀਂ ਜੋ ਕਿ ਦੁਰਾਡੀਆਂ ਹੁੰਦੀਆਂ ਹਨ, ਸਗੋਂ ਆਪਣੇ ਲੋਕਾਂ ਦੀਆਂ ਚਿੰਤਾਵਾਂ ਬਾਰੇ ਅਤੇ ਵਿਸ਼ੇਸ਼ ਤੌਰ 'ਤੇ ਮਹਾਨ ਫੈਸਲਿਆਂ ਦੇ ਇਸ ਮੌਕੇ ਬਾਰੇ ਵੀ।

ਅੰਤ ਉੱਤੇ, ਫੀਦਲ ਕਾਸਤਰੋ ਨੂੰ ਇੰਨੇ ਤੇ ਵੰਨ-ਸੁਵੰਨੇ ਮੌਕਿਆਂ ਉੱਤੇ ਸੁਣ ਕੇ ਮੈਂ ਆਪਣੇ ਆਪ ਨੂੰ ਕਈ ਵਾਰੀ ਪੁੱਛਿਆ ਹੈ ਕਿ ਕੀ ਵਾਰਤਾਲਾਪ ਕਰਨ ਦਾ ਉਸ ਦਾ ਵਿਸ਼ਵਾਸ, ਕਿਸੇ ਜਿਸਮਾਨੀ ਲੋੜ ਦੀ ਪੂਰਤੀ ਦੇ ਆਖੇ ਨਹੀਂ ਲੱਗਦਾ ਜਾਂ ਸ਼ਕਤੀ ਦੇ ਕਾਲਪਨਿਕ ਭਰਮਾਂ ਵਿਚਕਾਰ, ਹਰ ਕੀਮਤ ਉੱਤੇ ਸੱਚ ਦੀ ਰਾਹ-ਵਿਖਾਊ ਡੋਰੀ ਨੂੰ ਫੜੀ ਰੱਖਣ ਦੀ ਲੋੜ ਉੱਤੇ ਨਿਰਭਰ ਹੁੰਦਾ ਹੈ। ਮੈਂ ਕਈ ਪਬਲਿਕ ਤੇ ਪ੍ਰਾਈਵੇਟ ਵਾਰਤਾਲਾਪਾਂ ਮੌਕੇ ਉੱਤੇ ਆਪਣੇ ਆਪ ਨੂੰ ਇਹ ਗੱਲ ਪੁੱਛੀ ਹੈ ਪਰ ਸਭ ਤੋਂ ਉਪਰ ਬੜੇ ਔਖੇ ਤੇ ਨਿਸਫ਼ਲ ਮੌਕਿਆਂ ਉੱਤੇ ਉਨ੍ਹਾਂ ਲੋਕਾਂ ਦੇ ਨਾਲ਼, ਜੋ ਉਸ ਦੀ ਹਾਜ਼ਰੀ ਵਿਚ, ਆਪਣਾ ਕੁਦਰਤੀਪਣ ਅਤੇ ਅਡੋਲਤਾ ਗਵਾ ਲੈਂਦੇ ਹਨ ਤੇ ਉਸ ਨਾਲ਼ ਸਿਧਾਂਤਕ ਫਾਰਮੂਲਿਆਂ ਵਿਚ ਗੱਲ ਕਰਦੇ ਹਨ ਜਿਨ੍ਹਾਂ ਦਾ ਅਸਲੀਅਤ ਨਾਲ ਕੋਈ ਸਬੰਧ ਨਹੀਂ ਹੁੰਦਾ ਜਾਂ ਫਿਰ ਉਨ੍ਹਾਂ ਨਾਲ ਜੋ ਉਸ ਦੀ ਅੱਖ ਤੋਂ ਪਰੇ ਸੱਚ ਨੂੰ ਖਿਸਕਾ, ਲੁਕਾ ਲੈਂਦੇ ਹਨ ਤਾਂ ਕਿ ਉਸ ਨੂੰ ਚਿੰਤਾ ਲਈ ਹੋਰ ਦਲੀਲਾਂ ਨਾ ਦੇਣ, ਜਿੰਨੀਆਂ ਕਿ ਉਸ ਕੋਲ ਪਹਿਲਾਂ ਹੁੰਦੀਆਂ ਹਨ। ਇੱਕ ਅਧਿਕਾਰੀ ਜਿਸ ਨੇ ਉਸ ਨਾਲ ਇੰਝ ਕੀਤਾ ਉਸ ਨੇ ਉਸ ਨੂੰ ਕਿਹਾ "ਤੁਸੀਂ ਮੇਰੇ ਕੋਲੋਂ ਸੱਚਾਈਆਂ ਨੂੰ ਛੁਪਾਉਂਦੇ ਹੋ ਤਾਂ ਕਿ ਮੈਨੂੰ ਤਕਲੀਫ਼ ਨਾ ਹੋਵੇ, ਪਰ ਜਦੋਂ ਮੈਂ ਉਨ੍ਹਾਂ ਸੱਚਾਈਆਂ ਨੂੰ ਅਖੀਰ 'ਤੇ ਲੱਭ ਲੈਂਦੇ ਹਾਂ ਤਾਂ ਮੈਂ ਏਨੀਆਂ ਸਾਰੀਆਂ ਸੱਚਾਈਆਂ ਦਾ ਸਾਹਮਣਾ ਕਰਨ ਦੇ ਪ੍ਰਭਾਵਾਂ ਕਾਰਨ ਮਰ ਜਾਵਾਂਗਾ, ਜੋ ਤੁਸੀਂ ਮੈਨੂੰ ਦੱਸਣ ਤੋਂ ਅਸਫਲ ਰਹੇ ਹੋ।" ਸਭ ਤੋਂ ਗੰਭੀਰ ਉਹ ਸੱਚਾਈਆਂ ਹਨ ਜੋ ਉਸ ਕੋਲ਼ੋਂ ਆਪਣੀਆਂ ਘਾਟਾਂ ਨੂੰ ਲੁਕਾਉਣ ਲਈ ਛੁਪਾਉਂਦੇ ਹਨ, ਕਿਉਂਕਿ ਉਨ੍ਹਾਂ ਮਹਾਨ ਪ੍ਰਾਪਤੀਆਂ ਤੋਂ ਇਲਾਵਾ ਜੋ ਕ੍ਰਾਂਤੀ ਨੂੰ ਕਾਇਮ ਰੱਖਦੀਆਂ ਹਨ ਰਾਜਸੀ, ਵਿਗਿਆਨਕ, ਖੇਡਾਂ ਸਬੰਧੀ, ਸਭਿਆਚਾਰਕ ਪ੍ਰਾਪਤੀਆਂ। ਉੱਥੇ ਬਹੁਤ ਵੱਡੀ ਅਫਸਰਸ਼ਾਹੀ ਦੀ ਨਲਾਇਕੀ ਹੈ, ਜੋ ਰੋਜ਼ਾਨਾ

ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦੀ ਹੈ ਤੇ ਉਹ ਹੈ ਵਿਸ਼ੇਸ਼ ਤੌਰ 'ਤੇ ਘਰੇਲੂ ਖੁਸ਼ੀ। ਇਸ ਗੱਲ ਨੇ ਖ਼ੁਦ ਫੀਦਲ ਕਾਸਤਰੋ ਨੂੰ ਜਿੱਤ ਦੇ ਤੀਹ ਸਾਲ ਬਾਅਦ ਵੀ ਡਬਲ ਰੋਟੀ ਬਣਾਉਣ ਤੇ ਬੀਅਰ ਦੀ ਵੰਡ ਵਰਗੇ ਅਸਾਧਾਰਨ ਮਾਮਲਿਆਂ ਬਾਰੇ ਜਾਤੀ ਤੌਰ 'ਤੇ ਨਜਿੱਠਣ ਲਈ ਮਜਬੂਰ ਕੀਤਾ ਹੈ।

ਦੂਸਰੇ ਪਾਸੇ ਹਰ ਗੱਲ ਵੱਖਰੀ ਹੀ ਤਰ੍ਹਾਂ ਦੀ ਹੁੰਦੀ ਹੈ, ਜਦੋਂ ਉਹ ਗਲ਼ੀ ਵਿਚਲੇ ਲੋਕਾਂ ਨਾਲ਼ ਗੱਲਾਂ ਕਰਦਾ ਹੈ। ਉਸ ਮੌਕੇ ਵਾਰਤਾਲਾਪ ਅਸਲੀ ਮੁਹੱਬਤ ਦੀ ਖਰ੍ਹਵੀ ਸਪੱਸ਼ਟਤਾ ਅਤੇ ਪ੍ਰਗਟਾਊ-ਸ਼ਕਤੀ ਗ੍ਰਹਿਣ ਕਰਦੀ ਹੈ। ਉਸ ਦੇ ਕਈ ਨਾਗਰਿਕ ਅਤੇ ਸੈਨਿਕ ਨਾਵਾਂ ਦੀ ਥਾਂ ਉਸ ਦਾ ਸਿਰਫ਼ ਇਕੋ ਨਾਂ ਹੀ ਪਿੱਛੇ ਰਹਿ ਜਾਂਦਾ ਹੈ, ਫੀਦਲ। ਉਹ ਬਿਨਾਂ ਖ਼ਤਰੇ ਤੋਂ ਉਸ ਨੂੰ ਘੇਰ ਖਲੋਂਦੇ ਹਨ, ਉਹ ਉਸ ਨਾਲ ਜਾਣ ਪਛਾਣੇ ਸੰਬੋਧਨ "ਤੂੰ" ਕਹਿ ਕੇ ਬੁਲਾਉਂਦੇ ਹਨ, ਉਹ ਉਸ ਨਾਲ ਦਲੀਲਬਾਜ਼ੀ ਕਰਦੇ ਨੇ, ਉਸ ਦੀ ਗੱਲ ਕੱਟਦੇ ਨੇ, ਉਸ ਕੋਲ਼ੋਂ ਮੰਗਾਂ ਕਰਦੇ ਨੇ, ਉਸ ਚੈਨਲ ਦੇ ਰਾਹੀਂ ਜਿਸ ਵਿੱਚੋਂ ਦੀ ਸੱਚ, ਛੱਲਾਂ ਦਾ ਰੂਪ ਧਾਰ ਵਗਣ ਲੱਗਦਾ ਹੈ। ਉਸ ਮੌਕੇ, ਪਰਦੇ ਪਿੱਛੇ ਦੀ ਥਾਂ, ਆਪਣੀ ਆਭਾ ਦੇ ਓਹਲੇ ਲੁਕੇ ਅਦਭੁੱਤ ਮਨੁੱਖ ਦੀ ਆਭਾ ਪ੍ਰਗਟ ਹੁੰਦੀ ਹੈ। ਇਹ ਹੈ ਫੀਦਲ ਕਾਸਤਰੋ, ਜਿਸ ਨੂੰ ਮੇਰਾ ਯਕੀਨ ਹੈ ਕਿ ਮੈਂ ਜਾਣਦਾ ਹਾਂ, ਵਾਰਤਾਲਾਪ ਦੇ ਅਣਗਿਣਤ ਘੰਟਿਆਂ ਤੋਂ ਬਾਅਦ ਜਿਸ ਵਿਚੋਂ ਦੀ ਰਾਜਨੀਤੀ ਦਾ ਪ੍ਰੇਤ ਲੰਘਦਾ ਨਹੀਂ। ਸੰਜਮੀ ਆਦਤਾਂ ਤੇ ਅਤ੍ਰਿਪਤ ਭਰਮਾਂ ਵਾਲ਼ਾ ਮਨੁੱਖ, ਪੁਰਾਣੀ ਤਰ੍ਹਾਂ ਦੀ ਰਸਮੀ ਸਿੱਖਿਆ ਪ੍ਰਾਪਤ ਸੁਚੇਤ ਸ਼ਬਦਾਂ ਤੇ ਸਾਦਗੀ ਵਾਲ਼ੇ ਆਚਾਰ ਦਾ ਮਾਲਕ ਉਹ ਉਸ ਖ਼ਿਆਲ ਨੂੰ ਸੋਚਣ ਤੋਂ ਅਸਮਰੱਥ ਹੈ ਜਿਹੜਾ ਆਮ ਨਾਲੋਂ ਵੱਖਰਾ ਨਾ ਹੋਵੇ। ਉਸ ਦਾ ਸੁਪਨਾ ਹੈ ਕਿ ਉਸ ਦੇ ਵਿਗਿਆਨੀ, ਕੈਂਸਰ ਦਾ ਇਲਾਜ ਲੱਭ ਲੈਣਗੇ ਤੇ ਇਸ ਨਾਲ ਦੁਨੀਆ ਭਰ ਦੇ ਲੋਕਾਂ ਦਾ ਭਲਾ ਹੋਵੇਗਾ। ਉਸ ਨੇ ਤਾਕਤ ਦੀ ਉਹ ਸੰਸਾਰ ਨੀਤੀ ਸਿਰਜੀ ਹੈ ਜਿਸਨੇ ਸਿਆਸੀ ਦੁਨੀਆ ਦੇ ਸਮੀਕਰਣ ਹੀ ਬਦਲ ਦਿੱਤੇ ਹਨ। ਇਹ ਉਸ ਟਾਪੂ ਉੱਤੇ ਕੀਤਾ ਹੈ, ਜੋ ਆਪਣੇ ਮੁੱਖ ਦੁਸ਼ਮਣ ਨਾਲ਼ੋਂ 84 ਗੁਣਾਂ ਛੋਟਾ ਹੈ ਤੇ ਜਿਸ ਕੋਲ਼ ਤਾਜ਼ਾ ਪਾਣੀ ਨਹੀਂ। ਇਹ ਉਹ ਅਕਲਮੰਦੀ ਹੈ ਜਿਸ ਨਾਲ਼ ਉਹ ਆਪਣੀ ਪਰਦੇਦਾਰੀ ਨੂੰ ਸੁਰੱਖਿਅਤ ਕਰਦਾ ਹੈ ਜਿਸ ਸਦਕਾ ਉਸ ਦੀ ਨਿੱਜੀ ਜ਼ਿੰਦਗੀ ਉਸ ਦੀ ਬੀਰ ਗਾਥਾ ਦੀ ਸਭ ਤੋਂ ਆਪਾਰ ਬੁਝਾਰਤ ਬਣ ਚੁੱਕੀ ਹੈ। ਉਸ ਦਾ ਇਹ ਲਗਭਗ ਦ੍ਰਿੜ ਅਲੌਕਿਕ ਵਿਸ਼ਵਾਸ ਹੈ ਕਿ ਮਨੁੱਖੀ ਜੀਵ ਦੀ ਸਭ ਤੋਂ ਮਹਾਨ ਪ੍ਰਾਪਤੀ ਉਸ ਦੀ ਜ਼ਮੀਰ ਦੀ ਢੁਕਵੀਂ ਉਸਾਰੀ ਤੇ ਅਖ਼ਲਾਕੀ ਪ੍ਰੇਰਕ ਹਨ ਨਾ ਕਿ ਪਦਾਰਥਕ ਚੀਜ਼ਾਂ ਅਤੇ ਇਹ ਸੰਸਾਰ ਨੂੰ ਬਦਲਣ ਦੇ ਅਤੇ ਇਤਿਹਾਸ ਨੂੰ ਅੱਗੇ ਤੋਰਨ ਦੇ ਯੋਗ ਹਨ। ਮੇਰਾ ਵਿਚਾਰ ਹੈ ਕਿ ਉਹ ਸਾਡੇ ਸਮਿਆਂ ਦੇ ਸਭ ਤੋਂ ਮਹਾਨ ਆਦਰਸ਼ਵਾਦ ਵਿਚੋਂ ਇੱਕ ਹੈ ਅਤੇ ਸੰਭਵ ਹੈ ਕਿ ਇਹ ਸਭ ਤੋਂ ਵੱਡਾ ਗੁਣ ਹੈ, ਭਾਵੇਂ ਕਿ ਇਹ ਉਸ ਲਈ ਸਭ ਤੋਂ ਵੱਡਾ ਖਤਰਾ ਵੀ ਰਿਹਾ ਹੈ।

ਬਹੁਤ ਵਾਰ ਮੈਂ ਉਸ ਨੂੰ ਦੇਰ ਰਾਤ ਗਏ, ਆਪਣੇ ਅਸੀਮ ਦਿਨ ਦੀਆਂ ਆਖਰੀ ਕਾਤਰਾਂ ਨੂੰ ਅਜੇ ਵੀ ਚੁੱਕੀ ਫਿਰਦੇ ਹੋਏ, ਆਪਣੇ ਘਰ ਆਉਂਦੇ ਹੋਏ ਵੇਖਿਆ ਹੈ। ਬਹੁਤ ਵਾਰ ਮੈਂ ਉਸ ਨੂੰ ਪੁੱਛਿਆ ਹੈ ਕਿ ਕੰਮ ਕਿਵੇਂ ਚੱਲ ਰਹੇ ਹਨ ਤੇ ਇਕ ਤੋਂ ਵੱਧ ਵਾਰ ਉਸ ਦਾ ਉੱਤਰ ਹੁੰਦਾ ਸੀ, "ਬਹੁਤ ਸ਼ਾਨਦਾਰ! ਸਾਡੇ ਸਭ ਭੰਡਾਰੇ ਭਰਪੂਰ ਹਨ।" ਮੈਂ ਉਸ ਨੂੰ ਫਰਿੱਜ ਖੋਲ੍ਹ ਕੇ ਪਨੀਰ ਦਾ ਟੁਕੜਾ ਖਾਂਦੇ ਤੱਕਿਆ ਹੈ, ਜਿਹੜਾ ਸ਼ਾਇਦ ਨਾਸ਼ਤੇ ਤੋਂ ਬਾਅਦ ਪਹਿਲੀ ਚੀਜ਼ ਸੀ ਜੋ ਉਸ ਖਾਧੀ ਹੋਵੇ। ਮੈਂ ਉਸ ਨੂੰ ਮੈਕਸੀਕੋ ਵਿਚਲੇ ਮਿੱਤਰ ਨੂੰ. ਉਸ ਭੋਜਨ ਨੂੰ ਤਿਆਰ ਕਰਨ ਦਾ ਨੁਸਖ਼ਾ ਪੁੱਛਣ ਲਈ, ਜੋ ਉਸ



ਨੂੰ ਪਸੰਦ ਸੀ, ਟੈਲੀਫੋਨ ਕਰਦੇ ਵੇਖਿਆ ਹੈ ਤੇ ਮੈਂ ਮੇਜ਼ ਉੱਤੇ ਉਸ ਨੂੰ ਝੁਕ ਕੇ ਲਿਖਦੇ ਤੱਕਿਆ ਹੈ, ਜਦਕਿ ਰਾਤ ਦੇ ਖਾਣੇ ਦੇ ਬਰਤਨ ਤੇ ਪਿਆਲੇ ਅਜੇ ਅਣਧੋਤੇ ਪਏ ਹੁੰਦੇ ਸਨ, ਜਦੋਂ ਟੀ.ਵੀ. 'ਤੇ ਕੋਈ ਜਣਾ ਪ੍ਰਾਚੀਨ ਗੀਤ ਗਾ ਰਿਹਾ ਸੀ, "ਜ਼ਿੰਦਗੀ ਇੱਕ ਡਾਕ-ਗੱਡੀ ਹੈ, ਜੋ ਹਜ਼ਾਰਾਂ ਮੀਲ ਸਫ਼ਰ ਕਰਦੀ ਹੈ।" ਮੈਂ ਉਸ ਦੇ ਕਈ ਛਿਣਾਂ ਵਿਚ ਉਸ ਨੂੰ ਆਪਣੇ ਪੇਂਡੂ ਜੀਵਨ ਦੀਆਂ ਚਰਾਗਾਹਾਂ ਵਿਚਲੀਆਂ ਸਰਘੀਆਂ ਨੂੰ ਝੋਂ-ਹੇਰਵੇ ਵਿਚ ਯਾਦ ਕਰਦੇ ਤੱਕਿਆ ਹੈ, ਜਵਾਨੀ ਦੀ ਉਸ ਪਿਆਰੀ ਨੂੰ ਯਾਦ ਕਰਦੇ ਹੋਏ, ਜੋ ਉਸ ਨੂੰ ਛੱਡ ਗਈ ਸੀ ਤੇ ਉਨ੍ਹਾਂ ਗੱਲਾਂ ਬਾਰੇ ਜਿਹੜੀਆਂ ਜ਼ਿੰਦਗੀ ਵਿਚ ਜਿੱਤਣ ਲਈ, ਉਸਨੂੰ ਹੋਰਨਾਂ ਤਰ੍ਹਾਂ ਕਰਨੀਆਂ ਚਾਹੀਦੀਆਂ ਸਨ। ਇੱਕ ਰਾਤ, ਜਦੋਂ ਉਹ ਹੌਲ਼ੀ-ਹੌਲ਼ੀ ਨਿੱਕੇ-ਨਿੱਕੇ ਚਮਚੇ ਭਰ ਕੇ ਖ਼ੁਸ਼ਬੂਦਾਰ ਆਈਸ ਕਰੀਮ ਖਾ ਰਿਹਾ ਸੀ, ਮੈਂ ਵੇਖਿਆ ਕਿ ਉਹ ਏਨੇ ਲੋਕਾਂ ਦੀਆਂ ਹੋਣੀਆਂ ਦੇ ਭਾਰ ਹੇਠ ਦੱਬਿਆ ਗਿਆ ਸੀ ਕਿ ਆਪਣੇ ਆਪ ਤੋਂ ਟੁੱਟਾ, ਉਹ ਉਸ ਘੜੀ, ਉਸ ਆਦਮੀ ਤੋਂ ਵੱਖਰਾ ਪ੍ਰਤੀਤ ਹੋ ਰਿਹਾ ਸੀ ਜੋ ਉਹ ਪਹਿਲਾਂ ਹਮੇਸ਼ਾ ਹੁੰਦਾ ਸੀ। ਫਿਰ ਮੈਂ ਉਸ ਨੂੰ ਪੁੱਛਿਆ ਕਿ ਉਹ ਇਸ ਸੰਸਾਰ ਵਿਚ ਸਭ ਤੋਂ ਵੱਧ ਪਸੰਦੀਦਾ ਕੀ ਕੰਮ ਕਰਨਾ ਚਾਹੁੰਦਾ ਸੀ ਤਾਂ ਉਸ ਨੇ ਤੁਰੰਤ ਉੱਤਰ ਦਿੱਤਾ, "ਬੱਸ ਗਲ਼ੀ ਦੇ ਕਿਸੇ ਮੋੜ ਉੱਤੇ ਘੁੰਮਣਾ ਫਿਰਨਾ।"

"ਕਿਊਬਾ ਕਦੇ ਵੀ ਅਮਰੀਕਾ ਦੇ ਲੋਕਾਂ ਨੂੰ ਦੁਸ਼ਮਣ ਐਲਾਨ ਨਹੀਂ ਕਰੇਗਾ। ਉਹ ਲੋਕ ਆਸਾਧਾਰਨ ਪ੍ਰਚਾਰ ਦੀ ਮੁਹਿੰਮ ਦੇ ਸ਼ਿਕਾਰ ਹੋ ਰਹੇ ਹਨ, ਜਿਸ ਨਾਲ਼ ਹਿਰਦਿਆਂ ਵਿਚ ਘਿਰਣਾ ਤੇ ਬਦਲੇ ਦੀ ਭਾਵਨਾ ਬੀਜੀ ਜਾ ਰਹੀ ਹੈ। ਏਨੀ ਘਿਰਣਾ ਕਿ ਸੰਗੀਤ ਉੱਤੇ ਵੀ ਪਾਬੰਦੀ ਲੱਗ ਗਈ ਹੈ, ਜਿਹੜਾ ਕਿ ਸ਼ਾਂਤੀ ਦੀ ਪ੍ਰੇਰਨਾ ਦਿੰਦੀ ਹੈ। ਇਸ ਦੀ ਥਾਂ ਕਿਊਬਾ ਉਸ ਸੰਗੀਤ ਨੂੰ ਅਪਣਾ ਲਵੇਗਾ, ਸਾਡੇ ਬੱਚੇ ਓਨਾ ਚਿਰ ਤੀਕ ਅਮਨ ਦੇ ਗੀਤ ਗਾਉਂਦੇ ਰਹਿਣਗੇ, ਜਿੰਨਾ ਚਿਰ ਤੱਕ ਐਲਾਨੀ ਖ਼ੂਨੀ ਜੰਗ ਜਾਰੀ ਰਹਿੰਦੀ ਹੈ।"

(ਅਤਿਵਾਦ ਦੇ ਵਿਰੁੱਧ ਜੰਗ ਦਾ ਭਾਸ਼ਣ ਸਤੰਬਰ 22, 2011)

"ਲੜਾਕੂ ਯੋਧਾ ਮਰ ਸਕਦਾ ਹੈ, ਪਰ ਉਸਦੇ ਖ਼ਿਆਲ ਨਹੀਂ ਮਰਦੇ, ਯੂ.ਐਸ.ਏ. ਸਰਕਾਰ ਦਾ ਆਦਮੀ ਉੱਥੇ ਕੀ ਕਰ ਰਿਹਾ ਸੀ, ਜਿੱਥੇ ਚੀ ਗਵੇਰਾ ਜ਼ਖ਼ਮੀ ਹੋਇਆ ਤੇ ਕੈਦੀ ਬਣਾਇਆ ਗਿਆ ਸੀ? ਉਹ ਕਿਵੇਂ ਸੋਚ ਸਕਦੇ ਸੀ ਕਿ ਚੀ ਨੂੰ ਕਤਲ ਕੀਤਿਆਂ ਉਹ ਲੜਾਕੂ ਵਜੋਂ ਖ਼ਤਮ ਹੋ ਜਾਵੇਗਾ। ਹੁਣ ਉਹ ਲਾ-ਹੀ ਗੂਰਾ (La Higurra) ਵਿਚ ਨਹੀਂ ਸਗੋਂ ਹਰ ਥਾਂ ਹੈ।

ਜਿੱਥੇ ਵੀ ਕਿਸੇ ਸਹੀ ਮਨੋਰਥ ਦੀ ਰਾਖੀ ਦੀ ਲੋੜ ਹੈ। ਜਿਹੜੇ ਉਸ ਨੂੰ ਕਤਲ ਕਰਨਾ ਚਾਹੁੰਦੇ ਸਨ, ਉਸ ਨੂੰ ਅਲੋਪ ਕਰਨਾ ਚਾਹੁੰਦੇ ਸਨ, ਉਹ ਇਹ ਨਹੀਂ ਸੀ ਸਮਝ ਸਕਦੇ ਕਿ ਉਹ ਇਤਿਹਾਸ ਦੀਆਂ ਪੈੜਾਂ ਉੱਤੇ ਅਮਿੱਟ ਨਿਸ਼ਾਨ ਛੱਡ ਜਾਵੇਗਾ ਤੇ ਉਸ ਦੀ ਜਗਮਗਾਉਂਦੀ ਪੈਗੰਬਰਾਨਾ ਤੱਕਣੀ ਉਸ ਨੂੰ ਧਰਤੀ ਦੇ ਲੱਖਾਂ ਹੀ ਗਰੀਬਾਂ ਦਾ ਚਿੰਨ੍ਹ ਬਣਾ ਦੇਵੇਗੀ। ਨੌਜਵਾਨ ਬੱਚੇ ਬੁੱਢੇ ਆਦਮੀ ਤੇ ਔਰਤਾਂ ਜਿਨ੍ਹਾਂ ਨੂੰ ਉਸ ਦਾ ਪਤਾ ਲੱਗਾ ਹੈ, ਸੰਸਾਰ ਦੇ ਸਾਰੇ ਹੀ ਇਮਾਨਦਾਰ ਲੋਕ, ਬਿਨਾਂ ਕਿਸੇ ਸਮਾਜੀ ਵਿਤਕਰੇ ਦੇ, ਉਸ ਦੀ ਸ਼ਲਾਘਾ ਕਰਦੇ ਹਨ।"

(ਸਾਂਤਾ ਕਲਾਰਾ 17 ਅਕਤੂਬਰ 1997 ਭਾਸ਼ਣ)

# ਇੱਕ ਟਿੱਪਣੀ

*—ਹਰੀਸ਼ ਖਰੇ*

ਛੱਬੀ ਨਵੰਬਰ ਨੂੰ ਫ਼ੀਦਲ ਕਾਸਤਰੋ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਬਾਰੇ ਕਰੋੜਾਂ ਸ਼ਬਦ ਲਿਖੇ ਜਾ ਚੁੱਕੇ ਹਨ। ਕੁਝ ਸ਼ਬਦ ਤਾਂ ਬਹੁਤ ਦਿਆਲਤਾ-ਭਰਪੂਰ ਅਤੇ ਸਹਿਣਸ਼ੀਲ ਸਨ ਪਰ ਬਹੁਤੇ ਟਿੱਪਣੀਕਾਰਾਂ ਨੇ ਆਪਣਾ ਧਿਆਨ ਉਸ ਸਮਾਜਵਾਦ (ਕਮਿਊਨਿਜ਼ਮ) ਦੇ ਫ਼ੇਲ ਹੋ ਚੁੱਕੇ ਮਾਡਲ ਉੱਤੇ ਵਧੇਰੇ ਕੇਂਦ੍ਰਿਤ ਕੀਤਾ, ਜਿਸ ਨਾਲ ਕਾਸਤਰੋ ਜੁੜੇ ਰਹੇ ਸਨ। ਫਿਰ ਵੀ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਜਿਹੜੀ ਗੱਲ ਨੇ ਕਈ ਦਹਾਕਿਆਂ ਤੱਕ ਸਮੁੱਚੇ ਵਿਸ਼ਵ ਦੀਆਂ ਕਈ ਪੀੜ੍ਹੀਆਂ ਦਾ ਧਿਆਨ ਖਿੱਚੀ ਰੱਖਿਆ, ਉਹ ਇਹ ਸੀ ਕਿ ਉਹ ਸਦਾ ਅਮਰੀਕਾ ਵਿਰੁੱਧ ਡਟੇ ਰਹੇ ਅਤੇ ਕਦੇ ਈਨ ਨਹੀਂ ਮੰਨੀ। ਉਨ੍ਹਾਂ ਵਰਗੇ ਕੇਵਲ ਵੀਅਤਨਾਮ ਦੇ ਹੋ ਚੀ ਮਿੰਨ੍ਹ ਅਤੇ ਇਰਾਨ ਦੇ ਆਇਤੁੱਲਾ ਖੋਮੇਨੀ ਹੀ ਸਨ। ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੀ ਅਮਰੀਕੀ ਸਿਆਸੀ ਪ੍ਰਣਾਲੀ ਦੀ ਚੌਧਰ ਅੱਗੇ ਝੁਕਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ ਜੋ ਦੋਸਤਾਂ ਅਤੇ ਦੁਸ਼ਮਣਾਂ-ਦੋਵਾਂ ਲਈ ਇੱਕਸਮਾਨ ਹੀ ਸੀ। ਹੋ ਚੀ ਮਿੰਨ੍ਹ ਅਤੇ ਅਇਤੁੱਲਾ ਖੋਮੇਨੀ ਤਾਂ ਖ਼ੈਰ ਅਮਰੀਕਾ ਦਾ ਵਿਰੋਧ ਜਾਰੀ ਰੱਖ ਸਕਦੇ ਸਨ ਤੇ ਅਮਰੀਕਾ ਉਨ੍ਹਾਂ ਲਈ ਆਪਣੇ ਵਤੀਰੇ ਉੱਤੇ ਕਾਬੂ ਵੀ ਪਾ ਸਕਦਾ ਸੀ ਕਿਉਂਕਿ ਉਹ ਕੁਝ ਵੱਡੇ ਦੇਸ਼ਾਂ ਦੇ ਇਨਕਲਾਬੀ ਆਗੂ ਸਨ ਪਰ ਕਾਸਤਰੋ ਦਾ ਕਿਊਬਾ ਤਾਂ ਇੱਕ ਬਹੁਤ ਹੀ ਨਿੱਕਾ ਜਿਹਾ ਟਾਪੂ ਹੈ ਅਤੇ ਉਸ ਉੱਤੇ ਤਾਂ ਅਮਰੀਕਾ ਕਦੇ ਵੀ ਆਪਣੀ ਕਿਸੇ ਵੀ ਤਰ੍ਹਾਂ ਦੀ ਮਾਰ ਕਰ ਸਕਦਾ ਸੀ। ਇਸੇ ਗੱਲ ਨੇ ਕਾਸਤਰੋ ਦੇ ਸਟੈਂਡ ਨੂੰ ਵੱਧ ਖ਼ਤਰਨਾਕ ਅਤੇ ਨਾਲ ਹੀ ਵੱਧ ਦਿਲਕਸ਼ ਬਣਾ ਦਿੱਤਾ ਸੀ।

ਕਾਸਤਰੋ ਦੀ ਸ਼ਖ਼ਸੀਅਤ ਬਹੁਤ ਆਕਰਸ਼ਕ ਸੀ ਅਤੇ ਉਹ ਨੌਜਵਾਨ ਸਨ, ਇਨ੍ਹਾਂ ਤੱਥਾਂ ਨੇ ਵੀ ਉਨ੍ਹਾਂ ਦੇ ਅਮਰੀਕਾ ਵਿਰੋਧ ਨੂੰ ਕ੍ਰਿਸ਼ਮਈ ਬਣਾਇਆ ਅਤੇ ਇਸ ਤਰ੍ਹਾਂ ਉਹ ਅੰਕਲ ਸੈਮ (ਅਮਰੀਕਾ) ਦੇ ਵਿਰੋਧ ਦਾ ਪ੍ਰਤੀਕ ਬਣ ਗਈ। ਉਹ ਆਪਣੇ ਜੀਵਨ ਦੇ ਅੰਤ ਤਕ ਨਾ ਅਮਰੀਕਾ ਅੱਗੇ ਝੁਕੇ ਅਤੇ ਨਾ ਹੀ ਕਦੇ ਝੁਕਣ ਦਾ ਪ੍ਰਭਾਵ ਦਿੱਤਾ। ਇਹੋ ਗੱਲ ਕਾਸਤਰੋ ਦੇ ਸ਼ਖਸੀ-ਰਹੱਸ ਦਾ ਧੁਰਾ ਬਣੀ ਰਹੀ।

*(ਅੰਗ੍ਰੇਜ਼ੀ ਟ੍ਰੀਬਿਊਨ)*

*5-12-2016*

"ਹੁਣ ਮੈਂ ਆਪਣੇ ਹੱਕ ਵਿਚ ਬੋਲਣ ਦੇ ਅਖੀਰ ਉੱਤੇ ਆ ਗਿਆ ਹਾਂ। ਪਰ ਮੈਂ ਇਨ੍ਹਾਂ ਦਲੀਲਾਂ ਦਾ ਅੰਤ ਇੰਝ ਨਹੀਂ ਕਰਾਂਗਾ, ਜਿਵੇਂ ਕਿ ਆਮ ਤੌਰ 'ਤੇ ਵਕੀਲ ਕਰਦੇ ਹਨ ਕਿ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਜਾਵੇ। ਮੈਂ ਆਪਣੀ ਆਜ਼ਾਦੀ ਦੀ ਮੰਗ ਨਹੀਂ ਕਰ ਸਕਦਾ, ਜਦੋਂ ਕਿ ਮੇਰੇ ਸਾਥੀ 'ਪਾਈਨਜ਼ ਦੇ ਟਾਪੂ' ਉੱਤੇ ਬਦਨਾਮ ਜੇਲ੍ਹ ਦੇ ਕਸ਼ਟ ਝੱਲ ਰਹੇ ਹਨ। ਮੈਨੂੰ ਵੀ ਉੱਥੇ ਭੇਜ ਦੇਵੋ ਤਾਂ ਕਿ ਮੈਂ ਉਨ੍ਹਾਂ ਦੀ ਹੋਣੀ ਦਾ ਭਿਆਲ਼ ਬਣ ਸਕਾਂ। ਇਹ ਗੱਲ ਸਮਝਣਯੋਗ ਹੈ ਕਿ ਇਮਾਨਦਾਰ ਲੋਕ ਜਾਂ ਮਰ ਜਾਣ ਜਾਂ ਲੋਕ ਰਾਜ ਦੀ ਜੇਲ੍ਹ ਵਿਚ ਹੋਣ, ਜਿੱਥੋਂ ਦਾ ਕਿ ਰਾਸ਼ਟਰਪਤੀ ਮੁਜਰਮ ਤੇ ਚੋਰ ਹੈ।"

(ਅਦਾਲਤ ਵਿਚ ਬਿਆਨ ਅਕਤੂਬਰ 18, 1953)



# ਪ੍ਰੇਰਨਾ ਸਰੋਤ, ਅਣਥੱਕ ਯੋਧਾ : ਫ਼ੀਦਲ ਕਾਸਤਰੋ

*- ਮੱਖਣ ਕੁਹਾੜ*

ਫੀਦਲ ਕਾਸਤਰੋ ਇਕ ਅਜਿਹਾ ਨਾਮ ਹੈ, ਜਿਸ ਨੇ ਨਿੱਕੇ ਜਿਹੇ ਕਿਊਬਾ ਨੂੰ ਦੁਨੀਆਂ ਦੇ ਸਮਾਜਵਾਦੀ ਨਕਸ਼ੇ 'ਤੇ ਇਜ ਚਮਕਦਾ ਸਿਤਾਰਾ ਬਣਾਇਆ ਕਿ ਉਸ ਦੀ ਰੌਸ਼ਨੀ ਅਮਰੀਕਾ ਸਮੇਤ ਧਰਤੀ 'ਤੇ ਫੈਲਿਆ ਸਮੁੱਚਾ ਸਾਮਰਾਜਵਾਦ ਕਦੇ ਮੱਧਮ ਨਹੀਂ ਕਰ ਸਕਿਆ। ਅਜਿਹਾ ਚੰਨ ਸੀ ਫੀਦਲ ਕਾਸਤਰੋ ਕਿ ਜਦੋਂ ਤੋਂ ਉਹ ਉੱਗਿਆ ਉਸ 'ਤੇ ਕਦੇ ਮੱਸਿਆ ਨਹੀਂ ਆਈ ਸਗੋਂ ਪੁੰਨਿਆਂ ਦਾ ਚੰਨ ਬਣ ਉਹ ਹਰ ਹਨ੍ਹੇਰੇ ਨੂੰ ਵੰਗਾਰਦਾ ਰਿਹਾ। ਅਜਿਹਾ ਸੂਰਜ ਜੋ ਧਰਤੀ ਦੇ ਹਰ ਹਿੱਸੇ ਨੂੰ ਹਰ ਸਮੇਂ ਚਮਕਦਾ ਦਿਸਦਾ ਰਿਹਾ। ਐਸਾ ਚਾਨਣ ਮੁਨਾਰਾ ਜੋ ਵੱਡੇ-ਵੱਡੇ ਸਾਗਰੀ ਤੂਫ਼ਾਨਾਂ ਦਾ ਮੁਕਾਬਲਾ ਕਰਦਾ ਜਹਾਜ਼ਾਂ ਨੂੰ ਕਿਨਾਰੇ ਲਾਉਣ ਵਿੱਚ ਮਦਦ ਕਰਦਾ ਰਿਹਾ। ਇਕ ਐਸਾ ਯੋਧਾ ਸੀ ਕਾਸਤਰੋ ਜੋ ਹਰ ਪਲ ਦੁਸ਼ਮਣਾਂ ਦਾ ਮੁਕਾਬਲਾ ਕਰਦਾ ਕਦੇ ਇਕ ਵਾਰ ਵੀ ਨਹੀਂ ਡੋਲਿਆ। 26 ਨਵੰਬਰ 2016 ਦੇ ਦਿਨ ਤੋਂ ਫੀਦਲ ਕਾਸਤਰੋ ਭਾਵੇਂ ਕਿਊਬਾ ਤੇ ਸੰਸਾਰ ਦੇ ਲੋਕਾਂ ਦੀ ਨਜ਼ਰੋਂ ਸ਼ਾਖਸ਼ਾਤ ਰੂਪ ਵਿੱਚ ਉਹਲੇ ਹੋ ਗਿਆ, ਪਰ ਉਹ ਧਰੂ ਤਾਰੇ ਵਾਂਗ ਲੋਕਾਂ ਦੇ ਦਿਲਾਂ ਵਿੱਚ ਚਮਕਦਾ ਰਹੇਗਾ।

ਜਦ ਫੀਦਲ ਕਾਸਤਰੋ ਦੇ ਜੀਵਨ, ਉਸ ਵੱਲੋਂ ਕੀਤੇ ਸੰਘਰਸ਼ਾਂ, ਉਸ ਦੇ ਨਿੱਕੇ ਜਿਹੇ ਦੇਸ਼ ਕਿਊਬਾ ਬਾਰੇ, ਉਸ ਦੇ ਬਹੁਤ ਵੱਡੇ ਸੰਕਲਪ, 'ਸਮਾਜਵਾਦ' ਬਾਰੇ, ਉਸ ਦੇ ਲੋਕਾਂ ਬਾਰੇ, 1959 ਤੋਂ ਪਹਿਲਾਂ ਤੇ ਹੁਣ 2016 ਵਾਲੇ ਕਿਊਬਾ ਬਾਰੇ, ਉਸ ਦੇ ਸੁਪਨਿਆਂ ਤੇ ਸੀਮਾਵਾਂ ਬਾਰੇ ਪੜ੍ਹਦੇ ਅਤੇ ਜਾਣਕਾਰੀ ਹਾਸਲ ਕਰਦੇ ਹਾਂ ਤਾਂ ਅਚੰਭਿਤ ਹੋ ਉੱਠਦੇ ਹਾਂ। ਬਿਨ੍ਹਾਂ ਸ਼ੱਕ ਕਾਮਰੇਡ ਲੈਨਿਨ ਮਹਾਨ ਸੀ, ਕਾਮਰੇਡ ਮਾਓ-ਜ਼ੇ-ਤੁੰਗ ਬਹੁਤ ਵੱਡਾ ਯੋਧਾ ਸੀ, ਹੋ-ਚੀ-ਮਿਨ ਬਹੁਤ ਜ਼ਿੰਦਾ ਦਿਲ ਸੀ, ਪਰ ਉਨ੍ਹਾਂ ਦੇ ਹਾਲਾਤ ਕਿਊਬਾ ਦੇ ਹਾਲਾਤਾ ਤੋਂ ਬਹੁਤ ਭਿੰਨ ਸਨ। ਕਿਊਬਾ 'ਚ ਸੀਮਤ ਸਾਧਨ ਸਨ। ਇਕ ਨਿੱਕੀ ਜਿਹੀ 81 ਬੰਦਿਆਂ ਦੀ ਟੋਲੀ ਨਾਲ ਬਹੁਤ ਵੱਡੇ ਸਾਮਰਾਜਵਾਦੀ ਮੁਲਕ ਅਮਰੀਕਾ ਦੇ ਪਿੱਠੂ ਬਾਤਿਸਤਾ ਦੀ ਲੱਖਾਂ ਦੀ ਤਾਦਾਦ ਵਿੱਚ ਟੈਂਕਾਂ, ਤੋਪਾਂ, ਜਹਾਜ਼ਾਂ ਤੇ ਆਧੁਨਿਕ ਹਥਿਆਰਾਂ ਨਾਲ ਲੈਸ ਅਤੇ ਹਰ ਪੱਖੋਂ ਨਿਪੁੰਨ ਸਿੱਖਿਅਤ ਜਰਨੈਲਾਂ ਦੀ ਅਗਵਾਈ ਵਾਲੀ ਵੱਡੀ ਫੌਜ ਨਾਲ ਗੁਰੀਲਾ ਯੁੱਧ ਰਾਹੀਂ ਇਨਕਲਾਬ ਕਰ ਦੇਣਾ ਅਤੇ ਆਖਰੀ ਸਾਹ ਤੀਕ ਸਮਾਜਵਾਦ ਨੂੰ ਆਂਚ ਨਾ ਆਉਣ ਦੇਣਾ ਫੀਦਲ ਕਾਸਤਰੋ ਦਾ ਕੱਦ ਬਹੁਤ ਉੱਚਾ ਕਰ ਦੇਣ ਦਾ ਕਾਰਨਾਮਾ ਹੈ। ਫੀਦਲ ਕਾਸਤਰੋ ਸੱਚਾ-ਸੁੱਚਾ ਦੇਸ਼ ਭਗਤ ਸੀ। ਜ਼ੁਲਮ ਦੇ ਵਿਰੁੱਧ ਤੇ ਮਜ਼ਲੂਮਾਂ ਦੇ ਹੱਕ ਵਿੱਚ ਲੜਨ ਵਾਲਾ ਨਿਡੱਰ-ਨਿਧੱੜਕ ਯੋਧਾ। ਲੋਕਾਂ ਦੀ ਗਰੀਬੀ, ਬੇਰੋਜ਼ਗਾਰੀ ਅਤੇ ਹੋਰ ਦੁੱਖਾਂ ਦੇ ਅਸਲ ਕਾਰਨ, ਰਾਜ ਕਰ ਰਹੀ ਜਮਾਤ ਅਤੇ ਸਾਮਰਾਜਵਾਦੀ ਅਮਰੀਕਾ ਦੀ ਹੱਥ ਠੋਕਾ ਸਰਕਾਰ ਬਾਰੇ ਸੋਝੀ ਹੋਣ ਉਪਰੰਤ ਉਸ ਨੇ ਸਰਕਾਰ ਵਿਰੁੱਧ ਲਾਮਬੰਦੀ ਤੇ ਅਗਵਾਈ ਕੀਤੀ। ਸਾਮਰਾਜੀ ਅਮਰੀਕਾ ਦੀ ਜ਼ਾਲਿਮ ਸਰਕਾਰ ਦਾ ਤਖ਼ਤਾ ਪਲਟ ਕੇ ਉਸ ਦੀ ਥਾਂ ਕਿਰਤੀ-ਕਾਮਿਆਂ ਦਾ ਰਾਜ ਸਥਾਪਤ ਕਰਨ ਦਾ ਉਸ ਨੇ ਤਹੱਈਆ ਕੀਤਾ ਅਤੇ ਇਸ ਕਾਰਨ ਉਸ ਨੂੰ ਦਰ-ਬ-ਦਰ ਵੀ ਹੋਣਾ ਪਿਆ। ਜਲਾਵਤਨੀ ਸਮੇਂ ਮੈਕਸੀਕੋ 'ਚ ਰਹਿੰਦਿਆਂ ਫੀਦਲ ਕਾਸਤਰੋ ਨੇ ਗੁਰੀਲਾ ਯੁੱਧ ਲੜਨ ਦੀਆਂ ਜੁਗਤਾਂ ਬਣਾਈਆਂ

ਅਤੇ ਸਫ਼ਲਤਾ ਹਾਸਲ ਕੀਤੀ।

13 ਅਗੱਸਤ, 1926 ਨੂੰ ਜਨਮੇ ਫੀਦਲ ਕਾਸਤਰੋ ਦਾ ਪਿਤਾ ਸਪੇਨੀ ਸਿਪਾਹੀ ਸੀ। ਉਸ ਨੇ 1895 'ਚ ਸਪੇਨੀ ਜੰਗੇ ਆਜ਼ਾਦੀ 'ਚ ਹਿੱਸਾ ਲਿਆ ਅਤੇ ਪਿੱਛੋਂ ਸਪੇਨ ਤੋਂ ਕਿਊਬਾ ਆ ਗਿਆ। ਕਿਊਬਾ ਉਸ ਸਮੇਂ ਅਮਰੀਕੀ ਕੰਪਨੀਆਂ ਦੀ ਜਕੜ ਹੇਠ ਸੀ। ਕਮਾਦਾਂ ਦੇ ਖੇਤ, ਨਿੰਬੂ-ਸੰਤਰੇ, ਅੰਬਾਂ ਦੇ ਬਾਗ, ਖੰਡ ਮਿਲਾਂ ਸੱਭ ਕਾਰੋਬਾਰਾਂ 'ਤੇ ਕਬਜ਼ਾ ਸੀ। ਫੀਦਲ ਕਾਸਤਰੋ ਦੇ ਪਿਤਾ ਨੇ ਮਿਹਨਤ ਮਜ਼ਦੂਰੀ ਸ਼ੁਰੂ ਕੀਤੀ। ਠੇਕੇ 'ਤੇ ਕੰਮ ਲੈਣਾ ਅਤੇ ਮਜ਼ਦੂਰਾ ਤੋਂ ਕਰਾਉਣਾ। ਜ਼ਮੀਨਾਂ ਠੇਕੇ 'ਤੇ ਲੈਣੀਆਂ ਅਤੇ ਗੰਨਾ ਬੀਜਣਾ ਆਦਿ ਸਹਿਜੇ-ਸਹਿਜੇ ਉਹ ਸਖ਼ਤ ਮਿਹਨਤ ਤੇ ਜੁਗਤਾਂ ਨਾਲ ਬਹੁਤ ਸਾਰੀ ਜ਼ਮੀਨ ਦਾ ਮਾਲਕ ਬਣ ਗਿਆ। ਜਗੀਰਦਾਰ ਤੇ ਜਗੀਰਦਾਰੀ ਸੁਭਾਅ ਵਾਲਾ। ਪਰ ਅੱਠ ਭੈਣ-ਭਰਾਵਾਂ ਵਾਲਾ ਫੀਦਲ ਕਾਸਤਰੋ ਆਪਣੇ ਵੱਖਰੇ ਸੁਭਾਅ ਦਾ ਸੀ। ਉਸ ਨੂੰ ਪੜ੍ਹਨ ਦਾ ਪੂਰਾ ਮੌਕਾ ਮਿਲਿਆ। ਯੂਨੀਵਰਸਿਟੀ ਵਿੱਚ ਕਾਨੂੰਨ ਦੀ ਪੜ੍ਹਾਈ ਕਰਦਿਆਂ ਉਸ ਦਾ ਵਾਹ ਯੂਨੀਵਰਸਿਟੀ ਦੇ ਖੱਬੇ ਪੱਖੀ ਪ੍ਰੋਫੈਸਰਾਂ ਅਤੇ ਵਿਦਿਆਰਥੀ ਆਗੂਆਂ ਨਾਲ਼ ਪਿਆ। ਪਹਿਲਾਂ ਤਾਂ ਉਹ ਕਮਿਊਨਿਸਟਾਂ ਤੋਂ ਦੂਰੀ ਬਣਾ ਕੇ ਰੱਖਦਾ ਰਿਹਾ, ਪਰ ਸਰਕਾਰੀ ਜ਼ੁਲਮਾਂ ਵਿਰੁੱਧ ਲੱਗਦੇ ਹਰ ਮੋਰਚੇ 'ਚ ਉਹ ਆਗੂ ਭੂਮਿਕਾ ਨਿਭਾਉਣ ਲੱਗਾ। ਸਹਿਜੇ-ਸਹਿਜੇ ਰਾਜਨੀਤੀ 'ਚ ਆ ਗਿਆ। 1947 'ਚ ਕੁਝ ਕੁ ਸਾਥੀਆਂ ਨਾਲ ਮਿਲ਼ ਕੇ ਤਤਕਾਲੀ ਰਾਸ਼ਟਰਪਤੀ ਰੈਮਨ ਗਰਾਉ ਦੇ ਦੁਬਾਰਾ ਚੋਣ ਲੜਨ ਵਿਰੁੱਧ ਹਰ ਕੁਰਬਾਨੀ ਲਈ ਤਿਆਰ ਰਹਿਣ ਦਾ ਅਹਿਦ ਕੀਤਾ। ਹਾਕਮਾਂ ਵਿਰੁੱਧ ਲੜਾਈ ਲੜਨ ਲਈ ਨਵੀਂ ਆਰਥੋਡਾਕਸ ਪਾਰਟੀ ਬਣਾਈ, ਜਿਸ ਵਿੱਚ ਫੀਦਲ ਨੇ ਅਹਿਮ ਭੂਮਿਕਾ ਨਿਭਾਈ।

ਅਕਤੂਬਰ 1948 ਨੂੰ ਫੀਦਲ ਕਾਸਤਰੋ ਦਾ ਵਿਆਹ ਮਿਰਤਾ ਡਿਆਜ਼ ਬਲਾਟਰਟ ਨਾਲ਼ ਹੋਇਆ। ਉਹ ਫਿਲਾਸਫੀ ਦੀ ਵਿਦਿਆਰਥਣ ਸੀ। ਜੋੜੀ ਸਧਾਰਨ ਹੋਟਲ ਦੇ ਇਕ ਕਮਰੇ ਵਿੱਚ ਲੰਬਾ ਸਮਾਂ ਰਹਿੰਦੀ ਰਹੀ। ਸਤੰਬਰ 1949 ਵਿੱਚ ਪੁੱਤਰ 'ਫੀਦਲੀਟੋ' ਨੇ ਜਨਮ ਲਿਆ। ਸਤੰਬਰ 1950 ਵਿੱਚ ਫੀਦਲ ਨੇ ਕਾਨੂੰਨ ਦੀ ਪੜ੍ਹਾਈ ਦਾ ਆਖਰੀ ਸਾਲ ਵੀ ਸਖ਼ਤ ਮਿਹਨਤ ਕਰਕੇ ਚੰਗੇ ਨੰਬਰਾਂ ਨਾਲ ਪਾਸ ਕਰ ਲਿਆ ਅਤੇ ਡਾਕਟਰੀ ਆਫ ਲਾਅ, ਡਾਕਟਰੇਟ ਆਫ ਸੋਸ਼ਲ ਸਾਇੰਸਿਜ਼, ਡਾਕਟਰੇਟਆਫ ਡਿਪਲੋਮੈਟਿਕ ਲਾਅ ਦੀਆਂ ਤਿੰਨ ਡਿਗਰੀਆਂ ਹਾਸਲ ਕੀਤੀਆਂ। ਵਕਾਲਤ ਦੀ ਪ੍ਰੈਕਟਿਸ ਸ਼ੁਰੂ ਕੀਤੀ ਅਤੇ ਇਹ ਸੋਚ ਕੇ ਕਿ ਜੇ ਕੋਈ ਜਗੀਰਦਾਰ ਕੇਸ ਲਿਆਵੇਗਾ ਤਾਂ ਮੈਂ ਮਜ਼ਦੂਰ ਦਾ ਵਿਰੋਧ ਕਿਵੇਂ ਕਰਾਂਗਾ, ਮੇਰਾ ਉਦੇਸ਼ ਪੈਸਾ ਕਮਾਉਣਾ ਨਹੀਂ, ਮਜ਼ਦੂਰਾਂ ਦੀ ਭਲਾਈ ਕਰਨਾ ਹੈ। ਉਸ ਨੇ ਵਕਾਲਤ ਛੱਡ ਦਿੱਤੀ। ਉਧਰ ਲੋਕਾਂ ਨੂੰ ਸਰਗਰਮ ਤੇ ਇਕਮੁੱਠ ਕਰਨ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਅਤੇ ਇਧਰ ਬਾਤਿਸਤਾ ਜਿਹੜਾ 1944 ਤਕ ਬਦਨਾਮ ਰਾਸ਼ਟਰਪਤੀ ਰਿਹਾ ਸੀ, 1950 ਵਿੱਚ ਫਲੋਰੀਡਾ ਤੋਂ ਫੇਰ ਵਾਪਸ ਕਿਊਬਾ ਆ ਗਿਆ। ਉਸ ਨੇ 10 ਮਾਰਚ 1952 ਨੂੰ ਫੌਜ ਦੇ ਜਰਨੈਲਾਂ ਨਾਲ ਮਿਲ ਕੇ ਤਖ਼ਤਾ ਪਲਟਾ ਦਿੱਤਾ। ਕਿਊਬਾ ਦਾ ਰਾਸ਼ਟਰਪਤੀ ਬਣ ਕੇ ਤਾਨਾਸ਼ਾਹ ਰਾਜ ਸਥਾਪਤ ਕਰ ਲਿਆ। ਇਸ 'ਤੇ ਪ੍ਰਤੀਕਰਮ ਕਰਦਿਆਂ ਫੀਦਲ ਨੇ ਆਖਿਆ, "ਦੁਨੀਆਂ ਵਿੱਚ ਉਨ੍ਹਾਂ ਲੋਕਾਂ ਦੇ ਦ੍ਰਿਸ਼ ਤੋਂ ਹੋਰ ਕੋਈ ਕੌੜਾ ਨਜ਼ਾਰਾ ਨਹੀਂ, ਜਿਹੜੇ ਆਜ਼ਾਦ ਸੁੱਤੇ ਹੋਣ ਤੇ ਸਵੇਰ ਨੂੰ ਗੁਲਾਮ ਹੋ ਗਏ ਹੋਣ....। ਜ਼ੰਜੀਰਾਂ ਵਿੱਚ ਜਕੜੇ ਰਹਿਣਾ ਹੱਤਕ ਤੇ ਸ਼ਰਮ ਵਿੱਚ ਡੁੱਬਣ ਦੇ



ਬਰਾਬਰ ਹੈ ਅਤੇ ਭੂਮੀ ਲਈ ਮਰਨਾ ਹੀ ਅਸਲ ਜ਼ਿੰਦਗੀ ਹੈ।"

ਇਸ ਸਮੇਂ ਪੂਰੇ ਕਿਊਬਾ ਵਿੱਚ ਪਸਰੀ ਚੁੱਪ ਨੂੰ ਫੀਦਲ ਕਾਸਤਰੋ ਦੀ ਅਗਵਾਈ ਵਿਚ ਹੀ ਤੋੜਨਾ ਸੰਭਵ ਹੋ ਸਕਿਆ। ਫੀਦਲ ਨੇ ਨਵੇਂ ਸਿਰਿਉਂ ਕ੍ਰਾਂਤੀਕਾਰੀ ਸੈਨਾ ਬਣਾਉਣੀ ਸ਼ੁਰੂ ਕੀਤੀ। ਪੀਦਰੋ ਮੀਰੇਤ ਦੀ ਮਦਦ ਨਾਲ਼ ਇਸ ਸੈਨਾ ਨੂੰ ਹਥਿਆਰਾਂ ਦੀ ਸਿਖਲਾਈ ਦੇਣੀ ਆਰੰਭੀ। ਉਨ੍ਹਾਂ ਦੀ ਸੈਨਾ ਵਿਚ ਹਵਾਨਾ ਸ਼ਹਿਰ ਦੀਆਂ ਲਾਗਲੀਆਂ ਬਸਤੀਆਂ 'ਚੋਂ ਲੋਕ ਆਉਂਦੇ ਸਨ। ਉਹ ਯੂਨੀਵਰਸਿਟੀ ਵਿਦਿਆਰਥੀ ਅਤੇ ਗਰੀਬ ਕਾਮਿਆਂ ਦੇ ਪੁੱਤਰ ਸਨ। ਇਸ ਸੈਨਾ ਨਾਲ ਗੁਰੀਲਾ ਯੁੱਧ ਵਿੱਚ ਕੁੱਦਣ ਦੀਆਂ ਵਿਉਂਤਾਂ ਬਣਾਈਆਂ ਗਈਆਂ। ਹਥਿਆਰਾਂ ਦੀ ਟ੍ਰੇਨਿੰਗ ਤੇ ਹਥਿਆਰਾਂ ਨੂੰ ਹਥਿਆਉਣ ਦੀਆਂ ਯੋਜਨਾਵਾਂ ਬਣੀਆਂ। ਫੌਜੀ ਬੈਰਕਾਂ 'ਤੇ ਕਬਜ਼ਾ ਕਰਨ ਲਈ ਪਹਿਲਾ ਹਮਲਾ ਮਨਕਾਡਾ ਦੀ ਫੌਜੀ ਬੈਰਕ 'ਤੇ 26 ਜੁਲਾਈ 1953 ਨੂੰ ਕੀਤਾ ਗਿਆ, ਜੋ 120 ਕੁ ਦੇ ਕਰੀਬ ਬਾਗੀ ਸੂਰਮਿਆਂ 'ਤੇ ਅਧਾਰਤ ਸੀ। ਇਹ ਅਸਫਲ ਹੋ ਗਿਆ। ਹਮਲੇ ਸਮੇਂ ਬੈਰਕ ਕਿਲੇ ਦੇ ਗੇਟ 'ਤੇ ਪੁੱਜਣ ਵੇਲੇ 83 ਯੋਧੇ ਸਨ। ਬਹੁਤ ਸਾਰੇ ਹਮਲੇ ਵੇਲੇ ਸਰਕਾਰੀ ਫੌਜ ਹੱਥੋਂ ਮਾਰੇ ਗਏ। ਫੀਦਲ ਕਾਸਤਰੋ ਇਕ ਜਰਨੈਲ 'ਮਾਰੀਆ' ਦੀ ਹਮਦਰਦੀ ਯਤਨਾਂ ਕਾਰਨ ਬੱਚ ਗਿਆ, ਪਰ ਗ੍ਰਿਫ਼ਤਾਰ ਕਰ ਲਿਆ ਗਿਆ। ਮੁਕੱਦਮਾ ਚੱਲਿਆ ਤਾਂ ਫੀਦਲ ਕਾਸਤਰੋ ਨੇ ਵਕੀਲ ਹੋਣ ਨਾਤੇ ਆਪ ਖ਼ੁਦ ਮੁਕੱਦਮਾ ਲੜਿਆ। ਉਸ ਮੁਕੱਦਮੇ ਦੌਰਾਨ ਚੋਟੀ ਦੇ ਲੀਡਰਾਂ ਨੂੰ 13-13 ਸਾਲ, ਬਾਕੀਆਂ ਨੂੰ 10-10 ਸਾਲ ਤੇ ਦੋ ਔਰਤ ਬਾਗੀਆਂ ਨੂੰ 7-7 ਮਹੀਨੇ ਕੈਦ ਹੋਈ। ਫੀਦਲ ਕਾਸਤਰੋ ਨੂੰ 15 ਸਾਲ ਦੀ ਕੈਦ ਸੁਣਾਈ ਗਈ। ਇਥੇ ਫੀਦਲ ਨੇ ਇੱਕ ਇਤਿਹਾਸਕ ਤਕਰੀਰ ਕੀਤੀ ਜੋ ਬਾਅਦ ਵਿੱਚ ਪੁਸਤਕ 'ਇਤਿਹਾਸ ਮੈਨੂੰ ਬਰੀ ਕਰੇਗਾ' ਦੇ ਰੂਪ ਵਿੱਚ ਛਪ ਕੇ ਬਹੁਤ ਵੱਡੇ ਪੱਧਰ 'ਤੇ ਪੜ੍ਹੀ ਗਈ। ਇਸ ਤਕਰੀਰ ਦੇ ਅੰਤ ਵਿੱਚ ਉਸ ਨੇ ਕਿਹਾ, "ਮੈਂ ਆਪਣੇ ਬਾਰੇ ਰਿਹਾਅ ਕੀਤੇ ਜਾਣ ਲਈ ਨਹੀਂ ਕਹਿ ਸਕਦਾ, ਜਦਕਿ ਮੇਰੇ ਸਾਥੀ ਪਹਿਲਾਂ ਹੀ ਪਾਈਨਜ਼ ਟਾਪੂ ਜੇਲ੍ਹ 'ਚ ਕਸ਼ਟ ਝੱਲ ਰਹੇ ਹਨ। ਮੈਨੂੰ ਪਤਾ ਹੈ ਕੈਦ ਕੱਟਣੀ ਹਮੇਸ਼ਾ ਔਖੀ ਹੁੰਦੀ ਹੈ, ਜਿਵੇਂ ਕਿ ਹੋਰਨਾਂ ਲਈ ਹੈ। ਮੈਂ ਕੈਦ ਤੋਂ ਨਹੀਂ ਡਰਦਾ ਅਤੇ ਨਾ ਉਸ ਬੁੱਚੜ ਦੇ ਕਰੋਧ ਤੋਂ ਡਰਦਾ ਹਾਂ ਜਿਸ ਨੇ ਮੇਰੇ 70 ਸਾਥੀਆਂ ਦੀਆਂ ਜਾਨਾਂ ਲਈਆਂ ਹਨ। ਮੇਰੇ ਉਤੇ ਜਿੰਨੇ ਮਰਜੀ ਦੋਸ਼ ਲਾਉ, ਕੋਈ ਫ਼ਰਕ ਨਹੀਂ ਪੈਂਦਾ, ਪਰ ਇਤਿਹਾਸ ਮੈਨੂੰ ਬਰੀ ਕਰੇਗਾ।" ਅਦਾਲਤ ਵਿੱਚ ਦਿੱਤੇ ਉਸ ਦੇ ਇਸ ਭਾਸ਼ਣ ਦਾ ਆਖਰੀ ਵਾਕ "ਇਤਿਹਾਸ ਮੈਨੂੰ ਬਰੀ ਕਰੇਗਾ" ਸੱਚਮੁੱਚ ਇਤਿਹਾਸਕ ਤੌਰ 'ਤੇ ਸੱਚ ਸਾਬਤ ਹੋਇਆ।

ਜੇਲ੍ਹ ਦੌਰਾਨ ਫੀਦਲ ਦੀ ਪਤਨੀ ਨੇ ਤਲਾਕ ਦੇ ਦਿੱਤਾ ਅਤੇ 4 ਸਾਲਾ ਪੁੱਤਰ ਨੂੰ ਲੈ ਕੇ ਅਮਰੀਕਾ ਚਲੀ ਗਈ। ਉਧਰ ਦੇਸ਼ ਵਿੱਚ ਮੁਕਤੀ ਲਹਿਰ ਨੇ ਹੋਰ ਜ਼ੋਰ ਫੜਿਆ। ਸਾਰੇ ਦੇਸ਼ ਵਿਚ ਫੀਦਲ ਮੁਕਤੀ ਦਾਤਿਆਂ ਦਾ ਲੀਡਰ ਬਣ ਗਿਆ। ਦੇਸ਼ ਦਾ ਗ੍ਰਹਿ ਮੰਤਰੀ ਦੋ ਹੋਰ ਮੰਤਰੀਆਂ ਸਮੇਤ ਉਸ ਨੂੰ ਮਿਲ਼ ਕੇ ਹਮਦਰਦੀ ਜਤਾਉਣ ਗਏ, ਪਰ ਖ਼ਬਰਾਂ ਪ੍ਰਕਾਸ਼ਤ ਹੋਣ 'ਤੇ ਉਨ੍ਹਾਂ ਨੂੰ ਅਸਤੀਫ਼ੇ ਦੇਣੇ ਪਏ। ਜੇਲ੍ਹ ਵਿੱਚ ਰਹਿੰਦਿਆਂ ਫੀਦਲ ਨੇ ਗਹਿਰਾ ਅਧਿਐਨ ਕੀਤਾ। ਦੇਸ਼ ਵਿੱਚ ਬਾਗੀਆਂ ਦੀ ਰਿਹਾਈ ਦੀ ਮੰਗ ਨੇ ਇੱਕ ਲਹਿਰ ਦਾ ਰੂਪ ਧਾਰ ਲਿਆ। ਰਾਸ਼ਟਰਪਤੀ ਚੋਣ ਸਾਹਮਣੇ ਸੀ। ਅਖੀਰ ਲੋਕ ਰੋਹ ਹੇਠ ਝੁਕਦਿਆਂ ਬਾਤਿਸਤਾ ਸਰਕਾਰ ਨੇ ਸੈਨੇਟ ਵਿੱਚ ਬਿਨਾਂ ਸ਼ਰਤ ਰਿਹਾਈ ਦਾ ਕਾਨੂੰਨ ਪਾਸ ਕਰ ਦਿੱਤਾ ਅਤੇ 15 ਮਈ 1955 ਨੂੰ ਦੋ ਸਾਲ ਤੋਂ ਘੱਟ ਕੈਦ ਭੁਗਤ ਕੇ ਸਾਰੇ ਬਾਗੀ ਰਿਹਾਅ ਹੋ

ਗਏ।

ਕਿਊਬਾ ਵਿਚ ਇਨਕਲਾਬ ਕਰਨ ਦੇ ਮੰਤਵ ਨਾਲ ਫੀਦਲ ਕਾਸਤਰੋ 1955 ਵਿਚ ਮੈਕਸੀਕੋ ਚਲਾ ਗਿਆ। ਉਥੇ ਹੀ ਉਸ ਦੀ ਗੁਰੀਲਾ ਯੁੱਧ ਨੀਤਕ ਮਾਹਰ ਤੇ ਗੁਰੀਲਾ ਯੁੱਧ ਲੜ ਚੁੱਕੇ ਆਗੂ ਐਲਬਰਟੋ ਬਾਓ ਅਤੇ ਸਰਕਾਰੀ ਹਸਪਤਾਲ 'ਚ ਡਾਕਟਰ ਦੀ ਨੌਕਰੀ ਕਰ ਰਹੇ ਤੇ ਕਈ ਲਾਤੀਨੀ ਅਮਰੀਕੀ ਮੁਲਕਾਂ ਦਾ ਦੌਰਾ ਕਰ ਚੁੱਕੇ ਚੀ ਗਵੇਰਾ ਨਾਲ ਮੇਲ ਹੋਇਆ। ਇਨਕਲਾਬ ਲਈ ਚੀ ਗਵੇਰਾ ਪਹਿਲਾਂ ਹੀ ਤਤਪਰ ਸੀ। ਐਲਬਰਟੋ ਬਾਓ ਨੇ ਇਨਕਲਾਬੀ ਸਾਥੀਆਂ ਨੂੰ ਸਿੱਖਿਅਤ ਕਰਨ ਦਾ ਜ਼ਿੰਮਾ ਲੈ ਲਿਆ। ਚੀ ਨਾਲ ਮੇਲ਼ ਇੱਕ ਇਤਿਹਾਸਕ ਘਟਨਾ ਸਾਬਤ ਹੋਈ। ਫੀਦਲ ਨੂੰ ਇਸ ਦਾ ਬਹੁਤ ਉਤਸ਼ਾਹ ਤੇ ਲਾਭ ਮਿਲਿਆ। ਚੀ ਸਮਝ ਗਿਆ ਸੀ ਕਿ ਡਾਕਟਰੀ ਦੀ ਪੜ੍ਹਾਈ ਨਾਲ ਹੀ ਲੋਕਾਂ ਨਾਲ ਇਨਸਾਫ਼ ਨਹੀਂ ਹੋ ਸਕਦਾ। ਲੋਕਾਂ ਨੂੰ ਆਰਥਕ ਗ਼ੁਲਾਮੀ 'ਚੋਂ ਕੱਢਣ ਨਾਲ ਹੀ ਅਸਲ ਸੇਵਾ ਹੋ ਸਕਦੀ ਹੈ। ਹਥਿਆਰਾਂ ਦੀ ਸਿਖਲਾਈ ਤੇ ਨਵੇਂ ਹਥਿਆਰ ਖਰੀਦਣ ਲਈ ਪੈਸਿਆਂ ਦੀ ਲੋੜ-ਪੂਰਤੀ ਹਿੱਤ ਅਮਰੀਕਾ ਜਾ ਕੇ ਮਿਆਮੀ ਸ਼ਹਿਰ ਵਿੱਚ ਕਿਊਬਾ ਵਾਸੀਆਂ ਦੀ ਵੱਡੀ ਗਿਣਤੀ ਨਾਲ ਮੀਟਿੰਗਾਂ ਕੀਤੀਆਂ ਅਤੇ ਧੰਨ ਇਕੱਤਰ ਕੀਤਾ। ਅਮਰੀਕਾ ਵਾਸੀਆਂ ਨੇ ਵੀ ਆਰਥਕ ਮਦਦ ਕੀਤੀ। ਇਸ ਸਮੇਂ ਕਿਊਬਾ ਵਿੱਚ ਬਾਤਿਸਤਾ ਸਰਕਾਰ ਦੇ ਘਟੀਆ ਪ੍ਰਬੰਧ ਵਿਰੁੱਧ ਲੋਕਾਂ ਦਾ ਗੁੱਸਾ ਹੋਰ ਪ੍ਰਬਲ ਹੋ ਗਿਆ ਸੀ।

ਨਵੇਂ ਦੇਸ਼ ਭਗਤ ਰੰਗਰੂਟ ਭਰਤੀ ਕੀਤੇ ਗਏ। ਮੈਕਸੀਕੋ ਵਿੱਚ 1956 'ਚ ਬਕਾਇਦਾ ਮੈਕਸੀਕੋ ਦੇ ਪਰਬਤਾਂ ਵਿੱਚ ਗੁਰੀਲਾ ਫੌਜ ਦੀ ਟ੍ਰੇਨਿੰਗ ਸ਼ੁਰੂ ਹੋਈ। ਨਾਲ਼ੋ-ਨਾਲ਼ ਅਮਰੀਕਾ, ਮੈਕਸੀਕੋ ਤੇ ਹੋਰ ਥਾਵਾਂ ਤੋਂ ਖੱਬੇ ਪੱਖੀ ਲੋਕਾਂ ਦੀ ਮਦਦ ਵੀ ਪ੍ਰਾਪਤ ਕੀਤੀ। ਬਾਤਿਸਤਾ ਨੇ ਫੀਦਲ ਨੂੰ ਮੈਕਸੀਕੋ 'ਚ ਕਤਲ ਕਰਾ ਦੇਣ ਦਾ ਹਰ ਯਤਨ ਕੀਤਾ, ਪਰ ਫੀਦਲ ਦੇ ਸੁਚੇਤ ਹੋਣ ਨਾਲ ਉਸ ਨੂੰ ਸਫਲਤਾ ਨਹੀਂ ਮਿਲੀ। ਇਸੇ ਦੌਰਾਨ ਜੂਨ 1956 ਨੂੰ ਮੈਕਸਿਕੋ ਪੁਲਿਸ ਨੇ ਫੀਦਲ ਤੇ ਚੀ ਗਵੇਰਾ ਨੂੰ ਗ੍ਰਿਫ਼ਤਾਰ ਕਰ ਲਿਆ। ਨਾਲ਼ ਹੋਰ ਬੰਦੇ ਵੀ ਫੜੇ ਗਏ, ਪਰ ਜਲਦੀ ਰਿਹਾਅ ਹੋ ਗਏ।

25 ਨਵੰਬਰ 1956 ਨੂੰ ਇਕ ਪੁਰਾਣੀ ਬੇੜੀ 'ਕਰਾਨਾਮਾ' ਖਰੀਦੀ ਤੇ ਉਸਦਾ ਇੰਜਣ ਤੇ ਹੋਰ ਮੁਰੰਮਤ ਕਰਾ ਕੇ 81 ਗੁਰੀਲਾ ਯੋਧਿਆਂ ਨਾਲ ਆਪਣੇ ਮੁਲਕ ਕਿਊਬਾ ਵਿਚ ਇਨਕਲਾਬ ਕਰਨ ਲਈ ਚਾਲੇ ਪਾ ਦਿੱਤੇ। ਚੀ ਗਵੇਰਾ ਵੀ ਬਾਗੀ ਗੁਰੀਲਿਆਂ ਦੀ ਡਾਕਟਰੀ ਸਹਾਇਤਾ ਤੇ ਇਨਕਲਾਬ 'ਚ ਸਾਥ ਦੇਣ ਦੇ ਮਕਸਦ ਨਾਲ ਉਨ੍ਹਾਂ ਦੇ ਨਾਲ ਸੀ। 30 ਨਵੰਬਰ 1956 ਨੂੰ ਉਹ ਕਰਾਨਾਮਾ ਬੇੜੀ, ਰਾਹ 'ਚ ਅਨੇਕਾਂ ਝੱਖੜਾਂ, ਇੰਜਨ ਫੇਲ੍ਹ ਜਿਲ੍ਹਣ ਸਮੇਤ ਕਈ ਮੁਸ਼ਕਲਾਂ ਦਾ ਮੁਕਾਬਲਾ ਕਰਦੀ ਕੈਮੇਨ ਟਾਪੂ ਪੁੱਜੀ। ਡੱਕੇ-ਡੋਲੇ ਖਾਂਦੀ ਬੇੜੀ ਲੇਟ ਹੋ ਗਈ ਸੀ ਅਤੇ ਉਸ ਦੇ ਕਿਊਬੀਆਈ ਹਮਾਇਤੀ 'ਉਡੀਕਵਾਨ' ਉਡੀਕ ਕੇ ਜਾ ਚੁੱਕੇ ਸਨ। ਕਿਊਬਾ ਆ ਕੇ ਗੁਰੀਲਾ ਯੁੱਧ ਸ਼ੁਰੂ ਕੀਤਾ। ਕਰਾਨਾਮਾ ਬੇੜੀ 'ਚੋਂ ਉਤਰਦੇ ਹੀ ਫੌਜ ਨਾਲ ਹੋਈ ਮੁਠਭੇੜ ਵਿੱਚ ਬੁਰੀ ਪਛਾੜ ਪਈ ਅਤੇ 84 'ਚੋਂ 16 ਯੁੱਧ ਸਾਥੀ ਹੀ ਬਚੇ, ਬਾਕੀ ਜਾਂ ਮਾਰੇ ਗਏ ਜਾਂ ਗ੍ਰਿਫਤਾਰ ਕਰ ਲਏ ਗਏ। ਬਚਣ ਵਾਲ਼ਿਆਂ 'ਚ ਫੀਦਲ, ਚੀ ਗਵੇਰਾ ਤੇ ਫੀਦਲ ਦਾ ਛੋਟਾ ਭਾਈ ਰਾਊਲ ਕਾਸਤਰੋ ਵੀ ਸਨ।

ਸਹਿਜੇ-ਸਹਿਜੇ ਗੁਰੀਲਾ ਫੌਜ ਦੀ ਗਿਣਤੀ ਤੇ ਕਿਊਬਾ ਵਾਸੀਆਂ ਦੀ ਹਮਾਇਤ 'ਚ ਵਾਧਾ ਹੁੰਦਾ ਗਿਆ। ਪੰਜਾਬ ਦੀ ਇਤਿਹਾਸਕ ਵੀਰਾਂਗਨਾ 'ਮਾਈ ਭਾਗੋ' ਵਰਗੀ ਇੱਕ ਸ਼ਖਸੀਅਤ



'ਸੀਲੀਆ ਸੰਚੇਜ਼' ਦੀ ਅਗਵਾਈ ਵਿਚ ਲੜਾਕੂ ਯੋਧਿਆਂ ਦੇ ਕਈ ਜੱਥੇ ਗੁਰੀਲਾ ਫ਼ੌਜ ਵਿੱਚ ਸ਼ਾਮਲ ਹੋਏ। ਮਈ 1957 ਨੂੰ ਇਕ ਫ਼ੌਜ ਚੌਕੀ 'ਯੂਨੇਰੋ' 'ਤੇ ਹਮਲਾ ਕੀਤਾ ਤੇ ਜਿੱਤ ਪ੍ਰਾਪਤ ਹੋਈ। ਬਹੁਤ ਸਾਰੇ ਹਥਿਆਰ ਅਤੇ ਗੋਲਾ-ਬਾਰੂਦ ਹੱਥ ਲੱਗਾ। ਦਸੰਬਰ 1957 ਨੂੰ ਬਾਤਿਸਤਾ ਦੇ 10 ਹਜ਼ਾਰ ਫੌਜੀਆਂ ਨੇ ਐਫ਼.ਐਫ. (ਫਿਨਿਸ਼ ਫਿਦੇਲ) ਦੇ ਐਲਾਨ ਨਾਲ ਬਾਗੀਆਂ 'ਤੇ ਹਮਲਾ ਕੀਤਾ, ਪਰ ਸਫ਼ਲਤਾ ਨਾ ਮਿਲੀ। ਲਗਭਗ ਢਾਈ ਮਹੀਨੇ ਇਹ ਲੜਾਈ ਜਾਰੀ ਰਹੀ। 28 ਦਸੰਬਰ 1958 ਵਿਚ ਬਾਤਿਸਤਾ ਦੇਸ਼ ਛੱਡ ਕੇ ਭੱਜਣ ਦੀ ਤਿਆਰੀ ਕਰਨ ਲੱਗਾ ਅਤੇ ਦਸੰਬਰ 1958 ਦੀ ਆਖਰੀ ਰਾਤ 1959 ਦੇ ਨਵੇਂ ਸਾਲ ਦੇ ਪਹਿਲੇ ਦਿਨ ਬਾਤਿਸਤਾ ਪਰਿਵਾਰ ਸਮੇਤ ਦੇਸ਼ 'ਚੋਂ ਭੱਜ ਗਿਆ। ਉਸ ਦੇ ਇਕ ਸਾਥੀ ਜਰਨੈਲ ਕਾਰਤੀਕੋ ਨੇ ਜੁੰਡਲੀ ਰਾਜ ਸਥਾਪਤ ਕਰ ਲਿਆ, ਪਰ ਫੀਦਲ ਦੇ ਬਾਗੀਆਂ ਅੱਗੇ ਉਹ ਵੀ ਟਿਕ ਨਾ ਸਕਿਆ। ਕਾਰਤੀਕੋ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਨਵਰੀ 1959 ਨੂੰ ਫੀਦਲ ਕਾਸਤਰੋ ਨੇ ਕਿਊਬਾਈ ਰਾਜਧਾਨੀ ਹਵਾਨਾ 'ਚ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਜੇ ਤੁਸੀਂ ਮੈਨੂੰ ਪੁੱਛੋ ਕਿ ਮੈਂ ਕਿਸ ਤਰ੍ਹਾਂ ਦੀਆਂ ਫੌਜਾਂ ਦੀ ਕਮਾਂਡ ਕਰਨ ਨੂੰ ਪਹਿਲ ਦਿਆਂਗਾ ਤਾਂ ਮੈਂ ਆਖਾਂਗਾ ਮੈਂ ਲੋਕਾਂ ਦੀ ਫੌਜ ਦੀ ਕਮਾਂਡ ਕਰਨ ਨੂੰ ਪਹਿਲ ਦਿਆਂਗਾ, ਲੋਕ ਅਜਿੱਤ ਹਨ। ਇਹ ਲੋਕ ਹੀ ਹਨ, ਜਿਨ੍ਹਾਂ ਨੇ ਜੰਗ ਜਿੱਤੀ ਹੈ, ਕਿਉਂਕਿ ਸਾਡੇ ਕੋਲ ਨਾ ਟੈਂਕ, ਨਾ ਜਹਾਜ਼, ਨਾ ਤੋਪਾਂ, ਨਾ ਸੈਨਿਕ, ਨਾ ਭਰਤੀ ਕਰਨ, ਟ੍ਰੇਨਿੰਗ ਵਾਲੇ ਕੇਂਦਰ, ਨਾ ਡਵੀਜ਼ਨਾਂ, ਰੈਜੀਮੈਂਟ ਕੰਪਨੀਆਂ ਤੇ ਨਾ ਸਕੂਐਡ ਸਨ। ਸੋ ਇਹ ਜੰਗ ਲੋਕਾਂ ਨੇ ਜਿੱਤੀ ਹੈ। ਲੋਕਾਂ ਦੇ ਸਮੂਹ ਨੇ ਜੰਗ ਜਿੱਤੀ ਹੈ।"

ਜੰਗ ਜਿੱਤਣ ਪਿੱਛੋਂ ਸ਼ਕਤੀਸ਼ਾਲੀ ਤੇ ਜਾਲਮ ਕਿਊਬਾ ਦੇ ਮੁੱਖ ਦੁਸ਼ਮਣ ਦੇਸ਼ ਅਮਰੀਕਾ ਨਾਲ਼ ਨਿਬੜਨ ਅਤੇ ਸਮਾਜਵਾਦੀ ਪ੍ਰਣਾਲੀ ਸਥਾਪਤ ਕਰਨ ਵੱਲ ਵਧਣਾ ਸੀ। ਮਈ 17, 1959 ਨੂੰ ਖੇਤੀ ਸੁਧਾਰਾਂ ਦਾ ਬਿਲ ਪਾਸ ਹੋਇਆ। ਪਹਿਲਾਂ ਅਮਰੀਕੀ ਕੰਪਨੀਆਂ ਦੇ ਲੱਖਾਂ-ਹਜ਼ਾਰਾਂ ਏਕੜ ਵੱਡੇ-ਵੱਡੇ ਫਾਰਮ ਸਨ ਜਿਨ੍ਹਾਂ ਵਿੱਚ ਗੰਨਾ ਬੀਜਿਆ ਜਾਂਦਾ ਸੀ। ਮਿੱਲਾਂ, ਤੇਲ ਸੋਧਕ ਕਾਰਖਾਨਿਆਂ, ਖਾਨਾਂ ਤੇ ਹੋਰ ਸਾਰੇ ਕੁੱਝ 'ਤੇ ਕਾਬਜ਼ ਸਨ। ਉਨ੍ਹਾਂ ਦੇ ਰਾਸ਼ਟਰੀਕਰਨ ਨਾਲ ਅਮਰੀਕਾ ਤੇ ਹੋਰ ਡਾਵਾਂਡੋਲ ਧਿਰਾਂ ਤਿਲਮਿਲਾ ਉਠੀਆਂ।

16 ਅਪ੍ਰੈਲ 1961 ਨੂੰ ਅਮਰੀਕਾ ਖੁਫੀਆ ਏਜੰਸੀ (ਸੀ.ਆਈ.ਏ.) ਦੇ ਕਹਿਣ 'ਤੇ ਅਮਰੀਕਾ ਨੇ ਕਿਊਬਾ ਤੋਂ ਭੱਜੇ ਕੁਝ ਲੋਕਾਂ ਨੂੰ ਫੌਜੀ ਟ੍ਰੇਨਿੰਗ ਦੇ ਕੇ ਸਮੁੰਦਰੀ ਜਹਾਜ਼ਾਂ ਦੇ ਬੇੜੇ ਕਿਊਬਾ 'ਤੇ ਹਮਲੇ ਲਈ ਤੋਰੇ ਅਤੇ ਕਈ ਹਵਾਈ ਹਮਲੇ ਕੀਤੇ, ਪਰ ਸੁਚੇਤ ਫੀਦਲ ਕਾਸਤਰੋ ਨੇ ਇਸ ਹਮਲੇ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ ਅਤੇ 1189 ਦੁਸ਼ਮਣਾਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ। ਇਸੇ ਦੌਰਾਨ ਨਿੱਤ ਦਿਨ ਅਮਰੀਕਨ ਸੂਹੀਆ ਜਹਾਜ਼ਾਂ ਦੇ ਚੱਕਰ ਕੱਟਣ ਤੇ ਹੋਰ ਸੰਕੇਤਾਂ ਤੋਂ ਅਮਰੀਕਾ ਵੱਲੋਂ ਕਿਊਬਾ ਉੱਪਰ ਹੋਰ ਹਮਲੇ ਕਰਨ ਦੇ ਇਰਾਦੇ ਨੂੰ ਭਾਂਪਦਿਆਂ ਸੋਵੀਅਤ ਯੂਨੀਅਨ ਨੇ ਕਿਊਬਾ ਵਿੱਚ ਮਿਜ਼ਾਈਲਾਂ ਫਿਟ ਕਰ ਦਿੱਤੀਆਂ। ਅਮਰੀਕਾ ਨੂੰ ਅਕਤੂਬਰ 1962 ਵਿੱਚ ਇਸ ਦਾ ਪਤਾ ਲੱਗ ਗਿਆ। ਅਮਰੀਕਾ ਨੇ ਸਖਤ ਵਿਰੋਧ ਕੀਤਾ। ਅਮਰੀਕਾ ਨੇ ਤੁਰਕੀ ਤੇ ਇਟਲੀ ਵਿਚ ਯੂ.ਐਸ.ਐਸ.ਆਰ. ਵਿਰੁੱਧ ਮਿਜ਼ਾਈਲਾਂ ਬੀੜ ਦਿੱਤੀਆਂ। ਸੰਸਾਰ ਵਿੱਚ ਪ੍ਰਮਾਣੂੰ ਜੰਗ ਦਾ ਖਤਰਾ ਪੈਦਾ ਹੋ ਗਿਆ, ਪਰ ਇਸ ਮਸਲੇ ਨੂੰ ਵੀ ਹੱਲ ਕਰ ਲਿਆ ਗਿਆ ਅਤੇ ਰੂਸ ਨੇ ਮਿਜ਼ਾਈਲਾਂ ਹਟਾ

ਲਈਆਂ। ਕਿਊਬਾ ਉੱਪਰ ਅਮਰੀਕੀ ਹਮਲੇ ਦਾ ਖਤਰਾ ਟਲ਼ ਗਿਆ।

ਫੀਦਲ ਪਹਿਲਾਂ ਕਮਿਊਨਿਸ਼ਟ ਨਹੀਂ ਸੀ, ਪਰ ਮਗਰੋਂ ਉਹ ਕਮਿਊਨਿਸਟ ਬਣ ਗਿਆ। ਉਸ ਨੇ ਦਸੰਬਰ 1961 ਨੂੰ ਕਮਿਊਨਿਸਟ ਪਾਰਟੀ ਸਥਾਪਤ ਕੀਤੀ, ਜਿਸ ਦਾ ਨਾਂ ਯੂਨਾਈਟਿਡ ਪਾਰਟੀ ਆਫ ਕਿਊਬਨ ਸੋਸ਼ਲਿਸਟ ਰੈਵੋਲਿਊਸ਼ਨ (ਯੂ.ਪੀ.ਸੀ.ਐਸ.ਆਰ.) ਰੱਖਿਆ ਅਤੇ ਇਸ ਦੇ ਪ੍ਰੋਗਰਾਮ ਦਾ ਆਧਾਰ ਮਾਰਕਸਵਾਦ ਲੈਨਿਨਵਾਦ ਹੋਣ ਦਾ ਐਲਾਨ ਕੀਤਾ। ਇਸ ਸਮੇਂ ਉਸ ਨੇ ਕਿਹਾ, "ਮੈਂ ਸਮਾਜਵਾਦ ਵਿਚ ਉਸ ਸਮੇਂ ਵਿਸ਼ਵਾਸ ਕਰਨ ਲੱਗਾ ਸੀ, ਜਦੋਂ ਮੈਨੂੰ ਸਾਬਤ ਹੋ ਗਿਆ ਕਿ ਪੂੰਜੀਵਾਦ ਦਾ ਅਰਥ ਹੈ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ। ਜਦੋਂ ਮੈਂ ਪੂੰਜੀਵਾਦ ਦੇ ਸੰਕਟਾਂ ਦਾ ਚੱਕਰ ਵੇਖਿਆ ਅਤੇ ਅਨੁਭਵ ਕਰ ਲਿਆ ਕਿ ਸਾਮਰਾਜਵਾਦ ਮਰਨ ਕਿਨਾਰੇ ਹੈ। ਮੈਂ ਪੂਰੀ ਤਰਾਂ ਮਾਰਕਸਵਾਦ ਵਿਚ ਵਿਸ਼ਵਾਸ ਕਰਦਾ ਹਾਂ...। ਮੈਂ ਸਦਾ ਹੀ ਸੋਚਦਾ ਸੀ ਕਿ ਕਮਿਊਨਿਸਟ ਸਤਿਕਾਰ ਦੇ ਪਾਤਰ ਤੇ ਇਮਾਨਦਾਰ ਲੋਕ ਹੁੰਦੇ ਹਨ...।"

8 ਅਕਤੂਬਰ 1967 ਨੂੰ ਸੋਲੀਵੀਆ ਦੇ ਜੰਗਲ਼ਾਂ ਵਿੱਚ ਚੀ ਗਵੇਰਾ, ਜੋ ਅਰਜਨਟਾਈਨਾ ਵਿੱਚ ਜੰਮਿਆ, ਡਾਕਟਰੀ ਪੜ੍ਹਾਈ ਪੂਰੀ ਕੀਤੀ, ਗੁਆਟੇਮਾਲਾ ਵਿੱਚ ਕ੍ਰਾਂਤੀਕਾਰੀ ਧਰਨਾ ਸ਼ੁਰੂ ਕੀਤਾ ਅਤੇ ਜਿਸ ਨੇ ਮੈਕਸੀਕੋ ਵਿੱਚ ਡਾਕਟਰੀ ਦੀ ਨੌਕਰੀ ਛੱਡ ਕੇ ਫੀਦਲ ਕਾਸਤਰੋ ਨਾਲ ਰਲ ਕੇ ਕਿਊਬਾ ਵਿੱਚ ਇਨਕਲਾਬ ਸਿਰੇ ਚੜ੍ਹਾਇਆ ਤੇ ਕਿਊਬਾ ਦੇ ਨੈਸ਼ਨਲ ਬੈਂਕ ਦਾ ਡਾਇਰੈਕਟਰ ਅਤੇ ਬਾਅਦ ਵਿੱਚ ਕਿਊਬਾ ਦਾ ਲੇਬਰ ਮੰਤਰੀ ਰਿਹਾ, ਸ਼ਹੀਦ ਹੋ ਗਿਆ। ਇਸ ਨਾਲ ਫੀਦਲ ਨੂੰ ਬਹੁਤ ਦੁੱਖ ਪੁੱਜਾ। ਉਹ ਹੋਰ ਲਾਤੀਨੀ ਅਮਰੀਕੀ ਦੇਸ਼ਾਂ ਵਿਚ ਵੀ ਇਨਕਲਾਬ ਕਰਨਾ ਚਾਹੁੰਦਾ ਸੀ।

ਫੀਦਲ ਕਾਸਤਰੋ ਉੱਪਰ ਅਮਰੀਕੀ ਏਜੰਸੀਆਂ ਵੱਲੋਂ 600 ਤੋਂ ਵੱਧ ਵਾਰ ਉਸ ਨੂੰ ਜਾਨੋਂ ਮਾਰਨ ਦੇ ਮਨਸ਼ੇ ਨਾਲ ਹਮਲੇ ਦੇ ਯਤਨ ਕੀਤੇ ਗਏ, ਪਰ ਅਗਾਊਂ ਭਾਂਪ ਸਕਣ ਤੇ ਹਰ ਪੱਖੋਂ ਸੁਚੇਤ ਫੀਦਲ ਨੇ ਸੱਭ ਹਮਲਿਆਂ ਨੂੰ ਪਛਾੜ ਦਿੱਤਾ। ਕਈ ਵਾਰ ਤਾਂ ਮੌਤ ਐਨ ਉਸ ਨਾਲ ਖਹਿ ਕੇ ਲੰਘੀ। ਫੀਦਲ ਕਾਸਤਰੋ ਦੀ ਸੱਭ ਤੋਂ ਵੱਧ ਮਹੱਤਤਾ ਇਸ ਲਈ ਹੋਰ ਵੀ ਵੱਧ ਜਾਂਦੀ ਹੈ ਕਿ 1991 ਵਿੱਚ ਸੋਵੀਅਤ ਯੂਨੀਅਨ ਦਾ ਸੂਰਜ ਅਮਰੀਕੀ ਸਾਮਰਾਜੀ ਸਾਜ਼ਿਸ਼ਾਂ ਨਾਲ ਅਸਤ ਹੋਣ ਉਪਰੰਤ ਵੀ ਉਸ ਨੇ ਕਿਊਬਾ ਰੂਪੀ ਨਿੰਮੇ ਦੀਪਕ ਨੂੰ ਲਟ ਲਟ ਬਾਲ਼ ਕੇ ਰੱਖਿਆ, ਜਦਕਿ ਪੂਰਬੀ ਯੂਰਪ ਦੇ ਦੇਸ਼ ਸਹਿਜੇ-ਸਹਿਜੇ ਅਸਤ ਹੋ ਗਏ।

ਫੀਦਲ 1991 ਤੋਂ ਬਾਅਦ ਸਾਮਰਾਜ ਵੱਲੋਂ ਲਿਆਂਦੇ ਨਵ-ਉਦਾਰੀਕਰਨ ਨੀਤੀਆਂ ਦੇ ਸਖਤ ਵਿਰੁੱਧ ਸੀ। ਸੰਸਾਰੀਕਰਨ ਬਾਰੇ ਉਹ ਸਪੱਸ਼ਟ ਸੀ ਕਿ ਸੰਸਾਰੀਕਰਨ ਤਾਂ ਲਾਜ਼ਮੀ ਹੈ, ਪਰ ਕਿਹੜਾ ਸੰਸਾਰੀਕਰਨ, ਸਾਮਰਾਜਵਾਦੀ ਜਾਂ ਸਾਮਰਾਜੀ? ਦੁਨੀਆਂ ਭਰ ਦੇ ਚੋਣਵੇਂ 600 ਅਰਥ ਸ਼ਾਸਤਰੀਆਂ ਸਾਹਮਣੇ ਪੂੰਜੀਵਾਦੀ ਸੰਸਾਰੀਕਰਨ ਦੇ ਬਦਲਵੇਂ ਵਿਕਾਸ ਮਾਡਲ ਬਾਰੇ ਕੀਤੇ ਇਕ ਸੰਮੇਲਨ 'ਚ ਬੋਲਦੇ ਉਸ ਨੇ ਇੱਕ ਇਤਿਹਾਸਕ ਭਾਸ਼ਣ ਦਿੰਦਿਆਂ ਕਿਹਾ, "... ਸੰਸਾਰੀਕਰਨ ਇਤਿਹਾਸ ਦਾ ਨਿਯਮ ਹੈ। ਇਹ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦਾ ਨਤੀਜਾ ਹੈ। ਇਹ ਵਿਗਿਆਨਕ ਤੇ ਤਕਨੀਕੀ ਵਿਕਾਸ ਦਾ ਹਿਸਾ ਹੈ। ਇਹ ਕੋਈ ਨਵੀਂ ਚੀਜ਼ ਨਹੀਂ। ...ਨਵੀਂ ਗੱਲ ਇਹ ਹੈ ਕਿ ਇਹ ਨਵ-ਉਦਾਰਵਾਦੀ ਸੰਸਾਰੀਕਰਨ ਹੈ, ਜੋ ਸੰਸਾਰ ਦੇ ਸਾਰੇ ਦੇਸ਼ਾਂ ਨੂੰ ਵਿਅਕਤੀਗਤ ਸੰਪਤੀ ਵਿੱਚ ਬਦਲ ਦੇਣਾ ਚਾਹੁੰਦਾ ਹੈ। ਇਸ ਦੇ ਪਿੱਛੇ ਸਾਮਰਾਜਵਾਦੀ ਹਨ, ਜਿਨ੍ਹਾਂ ਦਾ ਆਗੂ



ਅਮਰੀਕਾ ਹੈ। ਉਨ੍ਹਾਂ ਸਾਰੀ ਦੁਨੀਆਂ ਨੂੰ ਲੁੱਟ ਕੇ ਉਨ੍ਹਾਂ ਦਾ ਸੋਸ਼ਣ ਕਰਕੇ ਅਪਾਰ ਧੰਨ ਇਕੱਠਾ ਕਰ ਲਿਆ ਹੈ, ਜਿਸ ਨਾਲ ਉਹ ਪੂਰੀ ਦੁਨੀਆਂ ਦੇ ਕੁਦਰਤੀ ਸੋਮਿਆਂ, ਕਾਰਖਾਨਿਆਂ, ਪੂਰੀਆਂ ਦੀਆਂ ਪੂਰੀਆਂ ਸੇਵਾਵਾਂ, ਸੰਚਾਰ ਵਿਵਸਥਾਵਾਂ, ਜ਼ਮੀਨਾਂ ਆਦਿ ਨੂੰ ਖਰੀਦ ਲੈਂਦੇ ਹਨ। ...ਆਪਣੇ ਹੀ ਦੇਸ਼ਾਂ ਵਿੱਚ ਅਸੀਂ ਦੂਜੇ ਦਰਜੇ ਦਾ ਸ਼ਹਿਰੀ ਬਣ ਜਾਵਾਂਗੇ। ਤੀਜੀ ਦੁਨੀਆਂ ਦੇ ਦੇਸ਼ਾਂ ਦੇ ਰਾਸ਼ਟਰੀ ਵਪਾਰੀਆਂ ਤੋਂ ਲੈ ਕੇ ਦਰਮਿਆਨੇ ਤੇ ਛੋਟੇ ਮਾਲਕਾਂ ਤਕ ਦਾ ਭਵਿੱਖ ਨਹੀਂ ਹੈ, ਕਿਉਂਕਿ ਉਨ੍ਹਾਂ ਨੂੰ ਬਹੁ-ਕੌਮੀ ਕੰਪਨੀਆਂ ਨਾਲ ਮੁਕਾਬਲਾ ਕਰਨਾ ਪਵੇਗਾ, ਜਿਨ੍ਹਾਂ ਕੋਲ ਅਥਾਹ ਪੂੰਜੀ ਹੈ, ਬਿਹਤਰੀਨ ਤਕਨੀਕ ਹੈ ਤੇ ਵੰਡ ਦਾ ਵਿਸ਼ਵੀਕਰਨ ਨੈਟਵਰਕ ਹੈ।"

"...ਉਹ ਸਾਨੂੰ ਸੁਪਨੇ ਵਿਖਾਉਂਦੇ ਹਨ ਅਤੇ ਅੰਦਰ ਇੱਛਾ ਜਗਾਉਂਦੇ ਹਨ ਕਿ ਸਾਡੇ ਵਿਚੋਂ ਹਰ ਇਕ ਕੋਲ ਕਾਰ ਹੋਵੇ। ਉਸ ਨੂੰ ਉਹ ਵਿਕਾਸ ਆਖਦੇ ਹਨ, ਪਰ ਕੀ ਅਜਿਹਾ ਵਿਕਾਸ ਕਦੇ ਸੰਭਵ ਹੈ। ਜੇ ਚੀਨ ਦੇ ਹਰ ਘਰ ਵਿਚ ਕਾਰ ਹੋ ਗਈ, ਉਥੋਂ ਦੀ ਸਾਰੀ ਉਪਜਾਊ ਜ਼ਮੀਨ ਸੜਕਾਂ, ਪੈਟਰੋਲ ਪੰਪਾਂ ਅਤੇ ਪਾਰਕਿੰਗ ਵੀ ਬਦਲ ਗਈ ਤਾਂ ਉਥੇ ਵਿਕਾਸ ਇਸ ਕਦਰ ਰੁਕ ਜਾਵੇਗਾ ਕਿ ਚੌਲ਼ਾਂ ਦਾ ਇਕ ਦਾਣਾ ਵੀ ਨਹੀਂ ਉਗਾਇਆ ਜਾ ਸਕੇਗਾ। ਆਖ਼ਿਰ ਉਹ ਜੋ ਖਪਤਕਾਰ ਦੁਨੀਆਂ 'ਤੇ ਥੋਪ ਰਹੇ ਹਨ, ਉਹ ਸਿਰਫ਼ ਪਾਗਲਪਣ ਹੈ, ਬਕਵਾਸ ਹੈ। ਇਸ ਦਾ ਮਤਲਬ ਇਹ ਨਹੀਂ ਕਿ ਦੁਨੀਆਂ ਤਪੱਸਵੀਆਂ ਦਾ ਆਸ਼ਰਮ ਬਣ ਜਾਣੀ ਚਾਹੀਦੀ ਹੈ। ਮੁੱਖ ਸੁਵਿਧਾ ਦੀਆਂ ਚੀਜਾਂ ਹੋਣੀਆਂ ਚਾਹੀਦੀਆਂ ਹਨ, ਪਰ ਖਪਤ ਦੇ ਮਾਪਦੰਡ ਤਾਂ ਸਾਨੂੰ ਹੀ ਬਣਾਉਣੇ ਪੈਣਗੇ ਨਹੀਂ ਤਾਂ ਇਹ ਧਰਤੀ ਮਨੁੱਖਾਂ ਦੇ ਰਹਿਣਯੋਗ ਨਹੀਂ ਰਹਿ ਜਾਵੇਗੀ। ...ਅਸੀਂ ਮੰਨ ਕੇ ਚਲੀਏ ਕਿ ਸਾਮਰਾਜਵਾਦੀ ਸੰਸਾਰੀਕਰਨ ਕੋਈ ਬੁਰੀ ਚੀਜ਼ ਨਹੀਂ, ਪਰ ਸਵਾਲ ਉੱਠਦਾ ਹੈ ਕਿ ਸੰਸਾਰੀਕਰਨ ਪੂੰਜੀਵਾਦੀ ਹੀ ਕਿਉਂ? ਸਮਾਜਵਾਦੀ ਕਿਉਂ ਨਹੀਂ? ...ਜੇ ਸਾਡੇ ਕੋਲ਼ ਤਕਨੀਕ ਹੈ ਜੋ ਸਾਡੀ ਪੈਦਾਵਾਰ ਵਧਾ ਸਕਦੀ ਹੈ ਤਾਂ ਲੋਕ ਅੱਠ ਘੰਟੇ ਦੀ ਬਜਾਏ ਚਾਰ ਘੰਟੇ ਕੰਮ ਕਿਉਂ ਨਾ ਕਰਨ?"

ਉਪਰੋਕਤ ਲੰਬੇ ਭਾਸ਼ਣ ਨਾਲ ਫੀਦਲ ਦਾ 1991 ਤੋਂ ਬਾਅਦ ਦੀਆਂ 'ਨਵ ਉਦਾਰਵਾਦੀ ਨੀਤੀਆਂ ਅਤੇ ਸੰਸਾਰੀਕਰਨ, ਉਦਾਰੀਕਰਨ, ਨਿੱਜੀਕਰਨ ਵਿਰੁਧ ਲੜਾਈ ਦਾ ਸੰਕਲਪ ਸਪੱਸ਼ਟ ਦਿੱਸਦਾ ਹੈ। ਫੀਦਲ ਸਾਹਿਤ ਤੇ ਕਲਾਵਾਂ ਨਾਲ ਬਹੁਤ ਮੋਹ ਕਰਦਾ ਸੀ। ਇਤਿਹਾਸ, ਸਾਹਿਤ, ਫਿਲਮਾਂ, ਖਬਰਾਂ, ਫੌਜੀ ਹੁਨਰਾਂ, ਖੇਡਾਂ, ਵਾਤਾਵਰਣ ਸਾਰੇ ਕੁੱਝ ਬਾਰੇ ਜਾਣਕਾਰੀ ਰੱਖਦਾ ਸੀ। ਉਸ ਨੂੰ ਅਰਨੈਸਟ ਹੈਮਿੰਗਵੇਅ ਦਾ ਨਾਵਲ 'ਓਲਡ ਮੈਨ ਐਂਡ ਦਾ ਸੀ' (ਬੁੱਢਾ ਤੇ ਸਮੁੰਦਰ) ਬਹੁਤ ਪਸੰਦ ਸੀ ਅਤੇ ਹੈਮਿੰਗਵੇਅ ਉਸ ਨੇ ਸਾਰਾ ਪੜ੍ਹਿਆ ਸੀ। ਉਸ ਨੇ ਇੱਕ ਥਾਂ ਕਿਹਾ, "ਮੈਨੂੰ ਜੇ ਫਿਰ ਜੀਵਨ ਮਿਲੇ ਤਾਂ ਮੈਂ ਲੇਖਕ ਬਣਨਾ ਪਸੰਦ ਕਰਾਂਗਾ। ਜਿਆਂ ਪਾਲ ਸਾਰਤਰ, ਨਰੂਦਾ, ਹੁਆਗੋਚਾਵੇਜ਼, ਗਾਬਿਰਏਲ ਗਾਰਸੀਆ, ਮਾਰਖੇਜ਼, ਵੈਮੇਰਾਲੇਸਨ ਆਦਿ ਲੇਖਕਾਂ ਤੋਂ ਉਹ ਪ੍ਰਭਾਵਤ ਸੀ।

ਸੋਵੀਅਤ ਯੂਨੀਅਨ ਟੁੱਟਣ ਬਾਅਦ ਜੋ ਲੋਕ ਮਾਰਕਸਵਾਦ ਦਾ ਅੰਤ ਹੋਣ ਦੇ ਸੁਪਨੇ ਲੈਂਦੇ ਸਨ, ਉਨ੍ਹਾਂ ਦਾ ਢੁਕਵਾਂ ਜਵਾਬ ਦੇਣ ਵਿੱਚ ਫੀਦਲ ਕਾਸਤਰੋ ਸਫ਼ਲ ਰਿਹਾ ਹੈ। ਅੱਜ ਵੀ ਜੇ ਮਾਰਕਸਵਾਦ ਦੁਨੀਆਂ ਭਰ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਂਦਾ ਹੈ ਤਾਂ ਉਹ ਫ਼ੀਦੇਲ ਦੇ ਸਮਾਜਵਾਦੀ ਕਿਊਬਾ ਕਾਰਨ ਵਧੇਰੇ ਹੈ।

ਨਿੱਕੇ ਜਿਹੇ ਮੁਲਕ ਕਿਊਬਾ, ਜਿਸ ਦੀ ਆਬਾਦੀ ਸਿਰਫ਼ ਸਵਾ ਕਰੋੜ ਦੇ ਕਰੀਬ ਹੈ, ਜਿਸ ਦਾ

ਕੁਲ ਰਕਬਾ 1,15,000 ਵਰਗ ਕਿਲੋਮੀਟਰ ਹੈ ਅਤੇ ਪੂਰਬ ਤੋਂ ਪੱਛਮ ਤੀਕ 1200 ਮੀਲ ਤੇ ਉੱਤਰ ਤੋਂ ਦੱਖਣ 40 ਤੋਂ 60 ਮੀਲ ਹੈ, ਉਸ ਦੇ ਨਾਗਰਿਕਾਂ ਦੀ ਔਸਤ ਉਮਰ 78 ਸਾਲ ਹੈ (ਔਰਤ ਦੀ 80 ਸਾਲ) ਜਿਸ ਵਿਚ ਸਿਹਤ ਤੇ ਸਿੱਖਿਆ ਮੁਫ਼ਤ ਅਤੇ ਸੱਭ ਤੋਂ ਵਧੀਆ ਹੈ। ਜਿੱਥੇ ਹਰ ਇੱਕ ਲਈ ਰੋਜ਼ਗਾਰ ਹੈ, ਜਿੱਥੇ ਗਰੀਬੀ-ਅਮੀਰੀ ਦਾ ਪਾੜਾ ਸੱਭ ਤੋਂ ਘੱਟ ਹੈ, ਜਿੱਥੇ ਗਰੀਬ ਮੁਲਕਾਂ ਦੇ 20 ਹਜ਼ਾਰ ਵਿਦਿਆਰਥੀ ਮੁਫ਼ਤ ਡਾਕਟਰੀ ਵਿਦਿਆ ਹਾਸਲ ਕਰਦੇ ਹਨ। ਜਿਸ ਮੁਲਕ ਨੇ ਡਾਕਰਟੀ ਚਿਕਿਤਸਾ ਵਿਗਿਆਨ ਵਿੱਚ ਸਭ ਨੂੰ ਪਛਾੜ ਦਿੱਤਾ ਹੈ। ਜਿਥੇ 16% ਸਿਹਤ ਉਤੇ ਖ਼ਰਚ ਹੁੰਦਾ ਹੈ। ਜਿਥੇ 170 ਨਾਗਰਿਕਾਂ ਪਿੱਛੇ ਇਕ ਡਾਕਟਰ ਹੈ। ਜਿੱਥੇ ਬੱਚਿਆਂ ਦੀ ਮੌਤ ਦਰ ਸੰਸਾਰ 'ਚ ਸੱਭ ਤੋਂ ਘੱਟ ਹੈ। ਜਿੱਥੋਂ ਦੇ ਲੋਕਾਂ ਨੇ ਅਮਰੀਕਾ, ਸਮੇਤ ਸਾਰੇ ਸਾਮਰਾਜੀ ਦੇਸ਼ਾਂ ਦੀ ਜ਼ਬਰਦਸਤ ਵਪਾਰਕ ਨਾਕਾਬੰਦੀ ਦਾ ਸਫ਼ਲਤਾ ਨਾਲ ਮੁਕਾਬਲਾ ਕੀਤਾ ਹੈ। ਜਿੱਥੋਂ ਦੇ ਲੋਕ ਸਮਾਜਵਾਦ ਦੀ ਰਾਖੀ ਲਈ ਬਹੁਤ ਸੁਚੇਤ ਤੇ ਸੰਜੀਦਾ ਹਨ। ਇਹ ਸਭ ਫੀਦਲ ਕਾਸਤਰੋ ਕਾਰਨ ਹੀ ਸੰਭਵ ਹੋਇਆ ਹੈ। ਫੀਦਲ ਨੇ ਆਪਣੀ ਸਿਹਤ ਵੱਲ ਵੇਖਦੇ ਹੋਏ ਗੱਦੀ ਨਾਲ ਚਿੰਬੜੇ ਰਹਿਣ ਦੀ ਥਾਂ 2008 ਵਿੱਚ ਆਪਣੇ ਛੋਟੇ ਭਰਾ ਰਾਊਲ ਕਾਸਤਰੋ ਨੂੰ ਸਾਰੀਆਂ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ। ਸੱਚਮੁੱਚ ਫੀਦਲ ਦਾ ਕਥਨ ਸਹੀ ਹੈ ਕਿ 'ਨਿਰਾਸ਼ਾਵਾਦੀ ਇਨਕਲਾਬੀ ਨਹੀਂ ਹੋ ਸਕਦਾ।'

ਜਨਵਾਦੀ ਲੇਖਕ ਹਰਭਜਨ ਸਿੰਘ ਹੁੰਦਲ ਨੇ ਆਪਣੀ ਪੁਸਤਕ 'ਫ਼ੀਦਲ ਕਾਸਤਰੋ' (ਨਵੀਂ ਦੁਨੀਆਂ ਪ੍ਰਕਾਸ਼ਨ ਕੈਨੇਡਾ) ਵਿਚ ਇਨਕਲਾਬ ਦੀ ਜੋ ਪ੍ਰੀਭਾਸ਼ਾ ਦਿੱਤੀ ਹੈ, ਫ਼ੀਦਲ ਦੇ ਇਨਕਲਾਬ ਨੇ ਉਹ ਸਹੀ ਸਾਬਤ ਕੀਤਾ ਹੈ:- "ਇਨਕਲਾਬ ਬੱਚੇ ਦੇ ਜਨਮਦਿਨ 'ਤੇ ਦਿਤੀ ਗਈ ਚਾਹ ਪਾਰਟੀ ਨਹੀਂ। .... ਇਹ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਉਣ ਵਾਲੀ ਸਵੇਰ ਲਈ ਮਰ ਮਿਟਣ ਦਾ ਨਿਮੰਤਰਣ ਹੈ। ਗੁਲਾਬ ਦੇ ਗੁਲਸ਼ਨ ਨੂੰ ਜਾਂਦੀ ਲਹੂ ਭਿੱਜੀ ਸੜਕ ...।

ਫੀਦਲ ਕਾਸਤਰੋ ਦੇ ਜੀਵਨ ਸੰਘਰਸ਼ ਤੋਂ ਇਹੀ ਸੇਧ ਮਿਲਦੀ ਹੈ ਕਿ ਸਮਾਜਕ ਤਬਦੀਲੀ ਬਿਨਾਂ ਲੋਕਾਈ ਦਾ ਕਲਿਆਣ ਸੰਭਵ ਨਹੀਂ ਹੈ। ਸਮਾਜਵਾਦੀ ਵਿਵਸਥਾ ਸਥਾਪਤ ਕਰਨ ਪ੍ਰਤੀ ਸਮਰਪਤ ਭਾਵਨਾ ਦੇ ਨਾਲ਼-ਨਾਲ਼ ਸਾਨੂੰ ਹਮੇਸ਼ਾ ਆਸ਼ਾਵਾਦੀ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ। ਸਮਾਜਵਾਦੀ ਪ੍ਰਬੰਧ ਸਥਾਪਤ ਕਰਨ ਲਈ ਸੱਚੇ ਦਿਲੋਂ ਅਤੇ ਰਾਤ-ਦਿਨ ਜੂਝਣਾ ਹੀ ਅਸਲ ਜੀਵਨ ਹੈ।

*95013-65522*

"ਅਸੀਂ ਕਿਸੇ ਨੂੰ, ਜੋ ਵਿਸ਼ਾ ਉਸ ਨੂੰ ਪਸੰਦ ਹੈ, ਬਾਰੇ ਲਿਖਣ ਤੋਂ ਰੋਕਦੇ ਨਹੀਂ। ਸਗੋਂ ਇਸਦੇ ਉਲਟ, ਹਰ ਇਕ ਨੂੰ, ਉਸ ਸਾਹਿਤਕ ਰੂਪ ਵਿਚ ਲਿਖਣਾ ਚਾਹੀਦਾ ਹੈ, ਜੋ ਉਨ੍ਹਾਂ ਨੂੰ ਸਭ ਤੋਂ ਚੰਗਾ ਲੱਗਦਾ ਹੈ ਤੇ ਉਨ੍ਹਾਂ ਨੂੰ ਉਹ ਖ਼ਿਆਲ ਅਜ਼ਾਦੀ ਨਾਲ ਪ੍ਰਗਟ ਕਰਨਾ ਚਾਹੀਦਾ ਹੈ, ਜੋ ਉਹ ਪ੍ਰਗਟ ਕਰਨਾ ਚਾਹੁੰਦੇ ਹਨ। ਅਸੀਂ ਹਮੇਸ਼ਾ ਹੀ ਹਰ ਬੰਦੇ ਦੀ ਰਚਨਾ ਨੂੰ ਇਨਕਲਾਬੀ ਦ੍ਰਿਸ਼ਟੀਕੋਣ ਤੋਂ ਮੁਲਾਂਕਣ ਕਰਾਂਗੇ। ਇਹ ਵੀ ਇਨਕਲਾਬੀ ਸਰਕਾਰ ਦਾ ਅਧਿਕਾਰ ਹੈ ਜਿਸ ਦਾ ਉਸੇ ਤਰ੍ਹਾਂ ਹੀ ਸਤਿਕਾਰ ਕਰਨਾ ਚਾਹੀਦਾ ਹੈ ਜਿਵੇਂ ਕਿ ਹਰ ਆਦਮੀ ਦਾ ਅਧਿਕਾਰ ਹੈ ਕਿ ਉਹ ਜਿਵੇਂ ਉਸ ਦੀ ਮਰਜ਼ੀ ਹੈ, ਆਪਣੇ ਆਪ ਦਾ ਪ੍ਰਗਟਾਵਾ ਕਰੇ ਤੇ ਉਸਦਾ ਸਤਿਕਾਰ ਕੀਤਾ ਜਾਵੇ।" (ਲੇਖਕਾਂ ਨੂੰ ਸੰਬੋਧਨ 30 ਜੂਨ 1961)



# ਸ਼ਖ਼ਸੀਅਤ ਦੇ ਆਰ ਪਾਰ

— ਹਰਭਜਨ ਸਿੰਘ ਹੁੰਦਲ

ਜਿਸ ਫੀਦਲ ਕਾਸਤਰੋ ਨੂੰ ਕਤਲ ਕਰਾਉਣ ਲਈ ਅਮਰੀਕਾ ਦਾ ਰਾਸ਼ਟਰਪਤੀ ਸੀ.ਆਈ.ਏ. ਨਾਲ ਰਲ਼ ਕੇ, ਰਾਤ ਦਿਨ ਯੋਜਨਾਵਾਂ ਬਣਾਉਂਦਾ ਰਹਿੰਦਾ ਸੀ, ਉਹ ਬੱਬਰ ਸ਼ੇਰ ਹੁਣ ਅੱਸੀ ਸਾਲਾਂ ਦਾ ਹੋ ਗਿਆ ਸੀ। ਜੇ ਅਮਰੀਕਾ ਦੀਆਂ ਏਜੰਸੀਆਂ ਨੂੰ ਵੱਖ-ਵੱਖ ਦੇਸ਼ਾਂ ਦੇ ਨਾ-ਪਸੰਦ ਆਗੂ ਕਤਲ ਕਰਾਉਣ ਜਾਂ ਉਨ੍ਹਾਂ ਦਾ ਤਖ਼ਤਾ ਉਲਟਾਉਣ ਦਾ ਲੰਮਾ ਤਜ਼ਰਬਾ ਸੀ, ਤਾਂ ਫੀਦਲ ਦੇ ਬਾਡੀ-ਗਾਰਡਾਂ ਤੇ ਸੂਹੀਆ ਵਿਭਾਗ ਨੂੰ ਇਨ੍ਹਾਂ ਸਾਜ਼ਿਸ਼ਾਂ ਨੂੰ ਸਫ਼ਲ ਹੋਣ ਤੋਂ ਪਹਿਲਾਂ ਹੀ ਫ਼ੇਲ੍ਹ ਕਰਨ ਦਾ ਵੀ ਲੰਮਾ ਤਜਰਬਾ ਹੋ ਚੁੱਕਾ ਸੀ। ਅਮਰੀਕਾ ਦੇ ਕਈ ਰਾਸ਼ਟਰਪਤੀ ਆਏ ਤੇ ਕਈ ਚਲੇ ਗਏ, ਪਰ ਫੀਦਲ ਉਂਝ ਸਾਬਤ ਸੂਰਤ ਖਲੋਤਾ ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਰਾਜ ਪ੍ਰਬੰਧਾਂ ਦਾ ਮੂੰਹ ਚਿੜਾ ਰਿਹਾ ਸੀ। ਪਾਠਕ ਸੋਚਦਾ ਹੈ ਆਖ਼ਰ ਇਸ ਗੱਲ ਦਾ ਰਾਜ਼ ਕੀ ਹੈ? ਮਿੱਤਰੋ-ਪਿਆਰਿਓ, ਫੀਦਲ, ਗੁਰੀਲਾ ਆਗੂ ਹੈ ਤੇ ਉਸ ਦੇ ਬਾਡੀਗਾਰਡ ਵੀ ਗੁਰੀਲੇ।

ਫੀਦਲ ਦੇ ਅੱਸੀਵੇਂ ਜਨਮ ਦਿਨ ਉੱਤੇ ਵੱਖ-ਵੱਖ ਦੇਸ਼ਾਂ ਦੇ ਮਿੱਤਰ ਤੇ ਪ੍ਰਸ਼ੰਸਕ ਕਿਊਬਾ ਦੀ ਰਾਜਧਾਨੀ ਵਿਚ ਇਕੱਠੇ ਹੁੰਦੇ ਹਨ। ਇਹ ਜਸ਼ਨ 30 ਨਵੰਬਰ 2006 ਤੋਂ ਦੋ ਦਸੰਬਰ ਤੱਕ ਚੱਲਦਾ ਹੈ। ਇਸ ਵਿਚ ਕਿਊਬਾ ਦੇ ਵਿਦੇਸ਼ ਮੰਤਰੀ ਫਲੇਪੀ ਪੀਰੇਜ਼ ਰੋਦੂ ਨੂੰ ਫੀਦਲ ਦੀ ਸ਼ਖ਼ਸੀਅਤ ਬਾਰੇ ਬੋਲਣ ਲਈ ਸੱਦਾ ਦਿੱਤਾ ਜਾਂਦਾ ਹੈ।

ਇਸ ਸਮਾਗਮ ਦੌਰਾਨ ਫੀਦਲ ਕੁੱਝ ਢਿੱਲਾ ਸੀ। ਇਸ ਕਾਰਨ ਉਹ ਇਸ ਜਸ਼ਨ ਵਿਚ ਸ਼ਾਮਿਲ ਨਹੀਂ ਸੀ ਹੋ ਸਕਿਆ। ਵਿਦੇਸ਼ ਮੰਤਰੀ ਗੱਲ ਸ਼ੁਰੂ ਕਰਦਾ ਆਖਦਾ ਹੈਂ, "ਫੀਦਲ ਦਾ ਬਿਮਾਰ ਹੋਣਾ ਅਸਾਧਾਰਨ ਗੱਲ ਹੈ। ਉਸ ਦੀ ਤੇ ਅੱਜ ਤੱਕ ਕਦੇ ਅੱਖ ਵੀ ਨਹੀਂ ਸੀ ਦੁਖੀ। ਪਰ ਬੁਢਾਪਾ ਤਾਂ ਆਖ਼ਰ ਕਦੇ ਨਾ ਕਦੇ ਆਪਣਾ ਰੰਗ ਵਿਖਾਉਂਦਾ ਹੀ ਹੈ ਨਾ। ਉਂਝ ਦੋਸਤੋ, ਤੁਹਾਨੂੰ ਪਤਾ ਹੈ, ਫੀਦਲ ਦੀ ਲੋਹੇ ਦੀ ਹੱਡੀ ਹੈ। ਮਾੜੀ ਮੋਟੀ ਬਿਮਾਰੀ ਨੂੰ ਉਹ ਟਿੱਚ ਜਾਣਦਾ ਹੈ। ਉਸਨੇ ਕਈ ਝੱਖੜ ਝੱਲੇ ਹਨ, ਤੇ ਕਈ ਹਨੇਰੀਆਂ ਉਸ ਦਾ ਵਾਲ ਵਿੰਗਾ ਨਹੀਂ ਕਰ ਸਕੀਆਂ।"

"ਤੁਹਾਡੇ ਵਿਚੋਂ ਬਹੁਤ ਸਾਰੇ ਹਮਦਰਦ ਕਿਊਬਾ ਅਤੇ ਫੀਦਲ ਬਾਰੇ ਪਹਿਲਾਂ ਹੀ ਬਹੁਤ ਕੁੱਝ ਜਾਣਦੇ ਹਨ। ਤੁਹਾਡੇ ਆਖੇ ਕਈ ਸ਼ਬਦਾਂ ਨੂੰ ਸੁਣ ਕੇ ਸਾਡਾ ਗਲ਼ਾ ਭਰ ਆਉਂਦਾ ਰਿਹਾ ਹੈ।"

ਮੈਂ ਕੋਈ ਭਾਸ਼ਣ ਦੇਣ ਨਹੀਂ ਆਇਆ, ਸਗੋਂ ਕੁੱਝ ਗੱਲਾਂ ਬਾਤਾਂ ਕਰਨ ਆਇਆ ਹਾਂ। ਫੀਦਲ ਦੀ ਆਸਾਧਾਰਨ ਤੇ ਅਦੁੱਤੀ ਸ਼ਖ਼ਸੀਅਤ ਦੇ ਜੋ ਗੁਣ ਮੈਂ ਦੱਸਣ ਲੱਗਾ ਹਾਂ, ਇਹ ਪਿਛਲੇ 50 ਸਾਲਾਂ ਵਿਚ ਸਾਡੀ ਕੌਮ ਦੇ ਗੁਣ ਬਣ ਚੁੱਕੇ ਹਨ।

ਸਭ ਤੋਂ ਵਿਲੱਖਣ ਤੇ ਪਹਿਲੀ ਗੱਲ ਜੋ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ, ਉਹ ਏਕਤਾ ਦੀ ਹੈ। ਇਸ ਏਕਤਾ ਸਦਕਾ ਹੀ ਕ੍ਰਾਂਤੀ ਬਚਾਈ ਜਾ ਸਕੀ ਹੈ। ਕੋਈ ਵਿਚਾਰ, ਭਾਵੇਂ ਉਹ ਕਿਤਨਾ ਹੀ ਠੀਕ ਕਿਉਂ ਨਾ ਹੋਵੇ, ਜਿੱਤ ਪ੍ਰਾਪਤ ਨਹੀਂ ਕਰ ਸਕਦਾ, ਜੇ ਇਸ ਵਿਚ ਵਿਸ਼ਵਾਸ ਕਰਨ ਵਾਲੇ ਇਸ ਦੀ ਰਾਖੀ ਨਾ ਕਰਨ।

ਸੰਸਾਰ ਵਿਚ ਕਈ ਇਨਕਲਾਬ ਇਸ ਕਾਰਨ ਫ਼ੇਲ੍ਹ ਹੋ ਗਏ ਸਨ, ਕਿਉਂਕਿ ਉਨ੍ਹਾਂ ਦੇਸ਼ਾਂ ਵਿਚ

ਏਕਤਾ ਦੀ ਘਾਟ ਸੀ। ਕਿਊਬਾ ਦੇ ਲੋਕਾਂ ਦੀ ਏਕਤਾ ਦੀ ਉਸਾਰੀ ਵਿਚ ਫੀਦਲ ਦਾ ਵੱਡਾ ਰੋਲ ਹੈ। ਸਾਡੇ ਦੇਸ਼ ਦੀ ਏਕਤਾ, ਵਿਰੋਧੀਆਂ ਨੂੰ ਤੰਗ ਕਰਕੇ ਕਾਇਮ ਨਹੀਂ ਹੋਈ।

ਮੈਨੂੰ ਨਹੀਂ ਪਤਾ ਕਿ ਤੁਸੀਂ ਕਦੇ ਗਰਾਨਾਮਾ ਬੇੜੀ ਤੱਕੀ ਹੈ ਕਿ ਨਹੀਂ, ਵੇਖੋ ਤੇ ਪਤਾ ਲੱਗੇ ਕਿ ਇਸ ਵਿਚ 81 ਆਦਮੀ ਆਪਣੇ ਸਾਮਾਨ ਤੇ ਅਸਲੇ ਸਮੇਤ ਕਿਵੇਂ ਬੈਠੇ ਹੋਣਗੇ? ਤੇ 81 ਵਿਚੋਂ ਬਹੁਤੇ ਧਰਤੀ ਦੇ ਕੰਢੇ ਤੇ ਉੱਤਰਦੇ ਹੀ ਫੜੇ ਤੇ ਮਾਰੇ ਗਏ। ਜਿਹੜੇ ਬਚੇ, ਉਨ੍ਹਾਂ 17 ਜਣਿਆਂ ਨੇ ਇਨਕਲਾਬ ਦੀ ਜਿੱਤ ਜਿੱਤੀ।

ਦੂਸਰਾ ਗੁਣ ਅਖ਼ਲਾਕ ਅਥਵਾ (Ethics) ਆਚਰਨ ਦਾ ਹੈ। ਇਹ ਹੁਣ ਸਾਡੇ ਇਨਕਲਾਬ ਦਾ ਸਾਰ-ਤੱਤ ਹੈ। ਇਹ ਸਾਡੀ ਪਰੰਪਰਾ ਦਾ ਅਥਵਾ ਜੋਸੇ ਮਾਰਤੀ ਦੇ ਚਿੰਤਨ ਦਾ ਆਧਾਰ ਸੀ। ਪਰ ਫੀਦਲ ਨੇ ਇਸ ਨੂੰ ਸਾਡੇ ਇਨਕਲਾਬ ਦਾ, ਅਸਲੋਂ ਹੀ ਅਤਿ ਜ਼ਰੂਰੀ ਗੁਣ ਬਣਾ ਦਿੱਤਾ ਹੈ। ਇਹ ਸਾਡੀ ਰਾਜਨੀਤੀ ਅਥਵਾ ਇਨਕਲਾਬ ਦਾ ਅਵੱਸ਼ਕ ਗੁਣ ਬਣ ਗਿਆ ਹੈ। ਫੀਦਲ ਅਨੁਸਾਰ ਮੰਤਵ, ਸਾਧਨਾਂ ਨੂੰ ਠੀਕ ਸਿੱਧ ਨਹੀਂ ਕਰਦੇ। (The end does not justify the means) ਤੁਸੀਂ ਆਪਣੇ ਮੰਤਵ ਤੱਕ ਜਾਂ ਜਿੱਤ ਪ੍ਰਾਪਤੀ ਲਈ, ਹਰ ਕੀਮਤ ਉੱਤੇ ਨਹੀਂ ਪਹੁੰਚ ਸਕਦੇ। ਇਹੀ ਕਾਰਨ ਹੈ ਕਿ ਇਨਕਲਾਬ ਤੋਂ ਲੱਗ ਕੇ, ਹੁਣ ਤੱਕ ਕਿਊਬਾ ਵਿਚ ਕਿਸੇ ਕੈਦੀ ਨੂੰ ਤਸੀਹੇ ਨਹੀਂ ਦਿੱਤੇ ਗਏ, ਭਾਵੇਂ ਕਿ ਉਨ੍ਹਾਂ ਕੋਲ ਕੋਈ ਜ਼ਰੂਰੀ ਸੂਚਨਾ ਵੀ ਹੁੰਦੀ ਸੀ, ਜਿਹੜੀ ਸਾਨੂੰ ਹੋਰ ਜੁਰਮ ਹੋਣ ਤੋਂ ਰੋਕ ਸਕਦੀ ਜਾਂ ਹੋਰ ਅਤਿਵਾਦੀ ਹਮਲੇ ਰੋਕ ਸਕਦੀ ਸੀ।

ਪੁਰਾਣੇ ਲੜਾਕੇ ਦੱਸਦੇ ਹਨ ਕਿ ਫੀਦਲ ਕਿਊਬਾ ਦੇ ਸੁਰੱਖਿਆ ਅਧਿਕਾਰੀਆਂ ਨੂੰ ਭਾਸ਼ਣ ਦਿੰਦਾ ਹੁੰਦਾ ਸੀ ਕਿ ਕਿਤੇ ਵੀ, ਕਦੇ ਵੀ ਕਤਲਾਂ ਜਾਂ ਅੱਤਿਆਚਾਰ ਨੂੰ ਸੰਘਰਸ਼ ਦਾ ਢੰਗ ਤਰੀਕਾ ਨਹੀਂ ਬਣਨ ਦੇਣਾ ਚਾਹੀਦਾ। ਕਿਊਬਾ ਦੀ ਬਾਗ਼ੀ ਫ਼ੌਜ, ਫੜੇ ਹੋਏ ਦੁਸ਼ਮਣਾਂ ਕੋਲੋਂ ਕਦੇ ਵੀ ਬਦਲਾ ਲੈਣ ਦੀ ਨਹੀਂ ਸੋਚ ਸਕਦੀ ਸੀ। ਫੀਦਲ ਦੀ ਇਨਕਲਾਬ ਨੂੰ ਇਹ ਵੀ ਇਕ ਵੱਡੀ ਦੇਣ ਸੀ ਕਿ ਗ਼ੈਰ ਇਖ਼ਲਾਕੀ ਕਾਰਵਾਈਆਂ ਨਾਲ ਤੁਸੀਂ ਆਪਣਾ ਇਖ਼ਲਾਕੀ ਅਧਿਕਾਰ ਗਵਾ ਬੈਠਦੇ ਹੋ।

ਦੁਸ਼ਮਨ ਦੀਆਂ ਭੰਨ-ਤੋੜ ਦੀਆਂ ਕਾਰਵਾਈਆਂ ਨਾਲ ਕਿਊਬਾ ਦੇ ਕੋਈ 3000 ਦੇ ਕਰੀਬ ਲੋਕ ਮਾਰੇ ਗਏ ਸਨ ਤੇ 2000 ਦੇ ਕਰੀਬ ਸਰੀਰਕ ਤੌਰ 'ਤੇ ਅੰਗਹੀਣ ਹੋ ਗਏ ਸਨ, ਪਰ ਸਾਡੇ ਇਨਕਲਾਬ ਨੇ ਆਪਣੀਆਂ ਕਾਰਵਾਈਆਂ ਆਚਰਨ-ਹੀਣ ਨਹੀਂ ਹੋਣ ਦਿੱਤੀਆਂ। ਗੁਰੀਲਾ ਯੁੱਧ ਵੇਲੇ ਸਾਡੇ ਲੜਾਕੇ ਕਿਸਾਨਾਂ ਵਿਚੋਂ ਹੋਣ ਕਰਕੇ ਅਨਪੜ੍ਹ ਸਨ, ਪਰ ਕਦੇ ਕਿਸੇ ਗੁਰੀਲੇ ਨੇ ਆਪਣੀ ਭੁੱਖ ਤਰੇਹ ਵੇਲੇ ਲੋਕਾਂ ਕੋਲੋਂ ਕੋਈ ਚੀਜ਼ ਖੋਹੀ, ਲੁੱਟੀ ਜਾਂ ਮੁਫ਼ਤ ਨਹੀਂ ਸੀ ਲਈ। ਹਰ ਵਾਰ ਲੋੜ ਵੇਲੇ ਕੀਮਤ ਦਿੱਤੀ ਜਾਂਦੀ ਸੀ।

ਇਸ ਤਰ੍ਹਾਂ ਦੀ ਸੀ ਫੀਦਲ ਤੇ ਉਸ ਦੀ ਬਾਗ਼ੀ ਸੈਨਾ।

ਤੁਸੀਂ ਫੀਦਲ ਨਾਲ ਵਿਚਾਰ ਕਰ ਸਕਦੇ ਸੀ, ਰਾਵਾਂ ਤੇ ਤਜਵੀਜ਼ਾਂ ਦੇ ਸਕਦੇ ਸੀ, ਪਰ ਅਸੂਲਾਂ ਦੀ ਉਲੰਘਣਾ ਨਹੀਂ ਸੀ ਕਰ ਸਕਦੇ।

ਤੀਜੀ ਗੱਲ ਜੋ ਖ਼ਾਸ ਹੈ ਕਿ ਫੀਦਲ ਹੰਕਾਰ ਨਹੀਂ ਸੀ ਕਰਦਾ, ਤੋਹਫ਼ੇ ਨਹੀਂ ਸੀ ਲੈਂਦਾ ਤੇ ਨਾ ਹੀ ਹੋਰ ਕਿਸੇ ਭਾਂਤ ਦੇ ਲਾਭ ਉਠਾਉਂਦਾ ਸੀ। ਉਹ ਲਾਇਕ ਵਿਅਕਤੀ ਸੀ ਤੇ ਵਧੀਆ ਵਕੀਲ ਬਣ



ਸਕਦਾ ਸੀ। ਉਸ ਨੇ ਵਕਾਲਤ ਦਾ ਇਕ ਦਫ਼ਤਰ ਵੀ ਖੋਲ੍ਹਿਆ ਸੀ। ਉਸਦੇ ਨਾਲ ਉਸ ਦਾ ਇਕ ਜਮਾਤੀ ਸੀ। ਛੇਤੀ ਹੀ ਫੀਦਲ ਨੇ ਸੋਚਿਆ ਕਿ ਜੇ ਕੋਈ ਜਾਗੀਰਦਾਰ, ਆਪਣੇ ਮੁਜ਼ਾਰੇ ਨੂੰ ਬੇਦਖ਼ਲ ਕਰਨ ਲਈ, ਮੇਰੇ ਕੋਲ ਕੇਸ ਲੈ ਕੇ ਆਵੇਗਾ, ਤਾਂ ਕੀ ਮੈਂ ਜਾਗੀਰਦਾਰ ਦਾ ਪੱਖ ਪੂਰਾਂਗਾ। ਫੀਦਲ ਨੇ ਇਹ ਧੰਦਾ ਸਮੇਟ ਦਿੱਤਾ ਤੇ ਮੁਕਤ ਹੋ ਗਿਆ।

ਇਹੋ ਵਿਸ਼ੇਸ਼ਤਾ ਉਸ ਦੀ ਕੌਮਾਂਤਰੀ ਮਾਮਲਿਆਂ ਬਾਰੇ ਵੀ ਸੀ। ਇਕ ਭਰਾਤਰੀ ਦੇਸ਼ ਅਜੋਕੇ ਦੌਰ ਵਿਚ, ਦੂਸਰੇ ਦੇਸ਼ ਦੀ ਸਹਾਇਤਾ ਕਰਦਾ ਹੈ, ਤਾਂ ਉਸ ਕੋਲੋਂ ਬਦਲੇ ਵਿਚ ਜਾਂ ਵਟਾਂਦਰੇ ਵਿਚ ਕੁੱਝ ਲੈਂਦਾ ਹੈ। ਐਪਰ ਫੀਦਲ ਤੇ ਕਿਊਬਾ ਦਾ ਪੰਥ ਹੀ ਨਿਰਾਲਾ ਹੈ। ਕਿਊਬਾ ਨੇ ਕਈ ਦੇਸ਼ਾਂ ਦੇ ਆਜ਼ਾਦੀ ਸੰਘਰਸ਼ਾਂ ਵਿਚ ਆਪਣੇ ਲੜਾਕੇ ਸਿਪਾਹੀ ਭੇਜ ਕੇ ਸਹਾਇਤਾ ਕੀਤੀ ਹੈ ਤੇ ਜੂਝਦੇ ਲੋਕਾਂ ਨਾਲ ਇੱਕਜੁੱਟਤਾ ਦਾ ਪ੍ਰਮਾਣ ਦਿੱਤਾ ਹੈ। ਸਾਡੇ ਦੇਸ਼ ਨੇ, ਆਪਣੇ ਆਰਥਿਕ ਤੇ ਸਿਆਸੀ ਸਵਾਰਥਾਂ ਲਈ ਦੂਸਰੇ ਦੇਸ਼ਾਂ ਤੇ ਕੌਮਾਂ ਦੀ ਸਹਾਇਤਾ ਨਹੀਂ ਕੀਤੀ।

ਪਿਛਲੇ ਸਮੇਂ ਵਿਚ ਅਸਾਂ ਨੌਜਵਾਨਾਂ ਤੇ ਵਿਦਿਆਰਥੀਆਂ ਦਾ ਉਤਸਵ ਮਨਾਇਆ ਸੀ ਤੇ ਆਪਣੇ ਸ਼ਹਿਰ ਦੇ ਲੋਕਾਂ ਨੂੰ ਆਖਿਆ ਸੀ ਕਿ ਉਹ ਇਕ ਮਹਿਮਾਨ ਨੂੰ ਆਪਣੇ ਘਰ ਰੱਖ ਲਿਆ ਕਰਨ। ਲੋਕਾਂ ਨੇ ਚਾਈਂ-ਚਾਈਂ ਇਸ ਸੁਝਾਅ ਨੂੰ ਪ੍ਰਵਾਨ ਕਰ ਲਿਆ। ਇਹ ਗੱਲ ਹਰ ਦੇਸ਼ ਵਿਚ, ਸ਼ਾਇਦ ਸੰਭਵ ਨਾ ਹੋਵੇ।

ਚੌਥੀ ਗੱਲ ਜੋ ਮੈਂ ਤੁਹਾਡੇ ਦ੍ਰਿਸ਼ਟੀਗੋਚਰ ਕਰਨੀ ਚਾਹੁੰਦਾ ਹਾਂ ਉਹ ਹੈ ਅਡੋਲਤਾ ਅਥਵਾ ਦ੍ਰਿੜ੍ਹਤਾ (Consistency) ਇਨਕਲਾਬ ਦੀ ਜਿੱਤ ਤੋਂ ਲੈ ਕੇ ਹੁਣ ਤੱਕ ਕਦੇ ਕਿਸੇ ਕਿਊਬਾਈ ਡਿਪਲੋਮੈਟ ਨੇ ਰਾਜਦੂਤਕ ਹਲਕਿਆਂ ਵਿਚ ਇਹ ਨਹੀਂ ਕਿਹਾ ਹੋਵੇਗਾ ਕਿ 'ਮੁਆਫ਼ ਕਰਨਾ, ਮੈਂ ਸਰਕਾਰ ਦੇ ਇਸ ਫ਼ੈਸਲੇ ਨਾਲ ਸਹਿਮਤ ਨਹੀਂ, ਮੇਰੀ ਸਰਕਾਰ ਨੇ ਮੈਨੂੰ ਇਹ ਗੱਲ ਕਹਿਣ ਲਈ ਆਖਿਆ ਹੈ, ਪਰ ਮੇਰੀ ਨਿੱਜੀ ਰਾਏ ਇਹ ਨਹੀਂ ਹੈ।" ਕ੍ਰਾਂਤੀ ਦੇ ਸ਼ੁਰੂ ਤੋਂ ਲੱਗ ਕੇ ਹੁਣ ਤੱਕ ਜੋ ਅਸੂਲ ਰਹੇ ਹਨ, ਉਨ੍ਹਾਂ ਵਿਚ ਤਿਲ੍ਹਕਣਬਾਜ਼ੀ ਨਹੀਂ ਹੈ।

ਪੰਜਵੀਂ ਗੱਲ ਜੋ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਉਹ ਇਹ ਹੈ ਕਿ ਹਰ ਆਗੂ, ਆਮ ਲੋਕਾਂ ਨੂੰ ਉਹ ਸਾਂਝਾ ਕੰਮ ਕਰਨ ਲਈ ਆਖੇਗਾ, ਜੋ ਉਹ ਵੱਡੇ ਤੋਂ ਵੱਡਾ ਆਗੂ ਖ਼ੁਦ ਕਰਨ ਲਈ ਤਿਆਰ ਹੋਵੇਗਾ। ਕਿਊਬਾ ਦੇ ਹਰ ਆਗੂ ਨੂੰ ਪਤਾ ਹੈ ਕਿ ਨਿੱਜੀ ਮਿਸਾਲ ਰਾਹੀਂ ਆਮ ਲੋਕਾਂ ਨੂੰ ਪ੍ਰੇਰਨਾ ਬੜਾ ਸੌਖਾ ਹੈ। ਫੀਦਲ ਹਰ ਲੜਾਈ ਜਾਂ ਸੰਘਰਸ਼ ਵਿਚ ਕਦੇ ਪਿੱਛੇ ਨਹੀਂ ਰਿਹਾ। ਤੂਫ਼ਾਨ ਆਏ ਜਾਂ ਅਮਰੀਕੀ ਪਿੱਠੂ, ਉਹ ਹਰ ਮੁਸੀਬਤ ਸਮੇਂ ਆਪਣੇ ਲੋਕਾਂ ਦੇ ਦਰਮਿਆਨ ਹੁੰਦਾ ਸੀ। ਦੂਸਰਿਆਂ ਨੂੰ ਅੱਗੇ ਵਧਣ ਲਈ ਆਖਣ ਵੇਲੇ ਤੁਸੀਂ ਪਿੱਛੇ ਨਹੀਂ ਰਹਿ ਸਕਦੇ। ਮੈਨੂੰ ਚੇਤੇ ਹੈ ਕਿ ਇਕ ਵਾਰ ਫੀਦਲ ਨੇ ਕਿਹਾ ਸੀ,

"ਮੈਂ ਵੇਖਦਾ ਹਾਂ ਕਿ ਮੇਰੇ ਅੰਗ-ਰੱਖਿਅਕ ਮੇਰੇ ਉੱਤੇ ਹੋਣ ਵਾਲੇ ਹਰ ਹਮਲੇ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਮੈਂ ਕੁੱਝ ਨਹੀਂ ਕਹਿੰਦਾ, ਪਰ ਉਹ ਜਾਣਦੇ ਹਨ ਕਿ ਜੇ ਕਦੇ ਮੇਰੇ 'ਤੇ ਹਮਲਾ ਹੋਇਆ ਤਾਂ ਮੈਂ ਵੀ ਉਨ੍ਹਾਂ ਦੇ ਨਾਲ ਲੜਨ ਲਈ ਖੜ੍ਹਾ ਹੋ ਜਾਵਾਂਗਾ। ਜੇ ਮੈਂ ਉਨ੍ਹਾਂ ਨੂੰ ਮੇਰੀ ਖ਼ਾਤਰ ਲੜਨ ਲਈ ਛੱਡ ਕੇ ਨੱਸ ਜਾਵਾਂ ਤਾਂ ਮੈਂ ਉਨ੍ਹਾਂ ਨੂੰ ਮੂੰਹ ਕਿਵੇਂ ਵਿਖਾ ਸਕਾਂਗਾ।"

ਇਹੀ ਕਾਰਨ ਹੈ ਕਿ ਕਿਊਬਾ ਦੇ ਲੋਕ ਫੀਦਲ ਨੂੰ ਪਿਆਰ ਕਰਦੇ ਹਨ। ਕਿਊਬਾ ਦੇ ਲੋਕਾਂ ਨੂੰ

ਪਤਾ ਹੈ ਕਿ ਕੁਰਬਾਨੀ ਕੀ ਹੁੰਦੀ ਹੈ। ਇਹ ਦੋ ਚਾਰ ਜਣਿਆਂ ਦਾ ਖ਼ਾਸਾ ਨਹੀਂ, ਸਗੋਂ ਇਹ ਗੁਣ ਆਮ ਜਨਤਾ ਦਾ ਵਰਤਾਰਾ ਬਣ ਚੁੱਕਾ ਹੈ। ਚੀ ਗਵੇਰਾ ਇਸ ਵਰਤਾਰੇ ਦੀ ਉੱਘੜਵੀਂ ਉਦਾਹਰਨ ਹੈ।

ਅਗਲੀ ਗੱਲ ਸੱਚ ਬਾਰੇ ਹੈ। ਜੇ ਤੁਹਾਡੀ ਤਮੰਨਾ ਹੈ ਕਿ ਲੋਕ ਤੁਹਾਡੀ ਇੱਜ਼ਤ ਕਰਨ, ਤਾਂ ਸੱਚ ਬੋਲਣਾ ਬਹੁਤ ਜ਼ਰੂਰੀ ਹੈ ਮੈਨੂੰ ਯਾਦ ਹੈ ਕਿ ਇਕ ਵਾਰ ਕਿਸੇ ਨੇ ਫੀਦਲ ਨੂੰ ਕਿਹਾ ਸੀ ਕਿ ਉਹ ਅੱਧਾ ਸੱਚ ਦੱਸੇ, ਪਰ ਉਹ ਸਹਿਮਤ ਨਾ ਹੋਏ ਤੇ ਆਖਣ ਲੱਗੇ;

"ਪਰ ਅੱਧਾ ਸੱਚ ਦੱਸਣਾ, ਝੂਠ ਬੋਲਣ ਦੇ ਬਰਾਬਰ ਹੈ। ਸਮੁੱਚਾ ਸੱਚ ਨਾ ਦੱਸਣ ਦਾ ਅਰਥ ਹੈ, ਅੱਧਾ ਸੱਚ ਤੇ ਗੱਲਾਂ ਅਸੀਂ ਸੱਚ ਬੋਲਣ ਦੀਆਂ ਕਰ ਰਹੇ ਹਾਂ। ਦੁਸ਼ਮਣ ਕਦੇ ਵੀ ਸਾਬਤ ਨਹੀਂ ਕਰ ਸਕਿਆ ਕਿ ਅਸੀਂ ਝੂਠ ਬੋਲਦੇ ਹਾਂ, ਪਰ ਅਸੀਂ ਉਨ੍ਹਾਂ ਨੂੰ ਕਈ ਵਾਰ ਫੜ ਚੁੱਕੇ ਹਾਂ ਕਿ ਉਹ ਝੂਠ ਬੋਲਦੇ ਹਨ ਤੇ ਉਨ੍ਹਾਂ ਨੂੰ ਕਿਹਾ ਹੈ ਕਿ "ਤੁਸੀਂ ਝੂਠ ਬੋਲਦੇ ਹੋ। ਇਹ ਉਸ ਦਾ ਸਬੂਤ ਹੈ।" ਇਨਕਲਾਬ ਨੇ ਕਦੇ ਝੂਠ ਨਹੀਂ ਬੋਲਿਆ ਇਹ ਫੀਦਲ ਦੀ ਸਿੱਖਿਆ ਦਾ ਨਤੀਜਾ ਹੈ।

ਸੱਤਵਾਂ ਗੁਣ ਸੰਵੇਦਨਸ਼ੀਲਤਾ ਦਾ ਹੈ। ਫੀਦਲ ਨੇ ਆਪਣੀਆਂ ਨੀਤੀਆਂ ਤੇ ਐਕਸ਼ਨਾਂ ਵਿਚ ਇਸ ਬਾਰੇ ਸਪੱਸ਼ਟ ਦੱਸ ਦਿੱਤਾ ਹੈ, 1992 ਜਾਂ ਸ਼ਾਇਦ 1993 ਵਿਚ ਜਦੋਂ ਮੈਂ ਫੀਦਲ ਦਾ ਸਹਾਇਕ ਹੁੰਦਾ ਸੀ. ਤਾਂ ਇਕ ਵਾਰ ਅੱਧੀ ਰਾਤ ਵੇਲੇ ਅੱਜ ਵੀ 30 ਆਦਮੀ ਬੈਠੇ ਸਨ, ਜੋ ਉਸ ਨੂੰ ਮਿਲਣਾ ਚਾਹੁੰਦੇ ਸਨ। ਮਿਲਣਾ ਸੰਭਵ ਵੀ ਨਹੀਂ ਸੀ ਤੇ ਫੀਦਲ ਥੱਕਿਆ ਹੋਇਆ ਸੀ। ਉਸ ਨੇ ਕੁੱਝ ਖਾਧਾ ਪੀਤਾ ਵੀ ਨਹੀਂ ਸੀ। ਉਹ ਦਿਨ ਸਨ ਜਦੋਂ ਨਾ ਬਿਜਲੀ ਹੁੰਦੀ ਸੀ, ਨਾ ਖ਼ੁਰਾਕ, ਨਾ ਦਵਾਈਆਂ। ਸਾਡਾ 80 'ਚ ਵਪਾਰ ਬੰਦ ਹੋ ਚੁੱਕਾ ਸੀ ਤੇ ਸਾਡੀ ਨਾਕਾਬੰਦੀ ਹੋਰ ਸਖ਼ਤ ਕਰ ਦਿੱਤੀ ਗਈ ਸੀ। ਪਰ ਫੀਦਲ ਸਾਰਾ ਦਿਨ ਹੀ ਆਰਾਮ ਨਹੀਂ ਸੀ ਕਰਦਾ।

ਉਦੋਂ ਚਿੱਤਰਕਾਰ ਓਸਵਾਲਡੋ ਗੁਆਸਾਮੀਨ ਏਥੇ ਸੀ ਤੇ ਉਸ ਨੇ ਫੀਦਲ ਦੇ ਹੱਥਾਂ ਦਾ ਚਿੱਤਰ ਬਣਾਇਆ। ਫੀਦਲ ਨੇ ਵੇਖਿਆ ਤੇ ਰੋਸ ਪ੍ਰਗਟ ਕੀਤਾ। ਫੀਦਲ ਨੇ ਕਿਹਾ, "ਓਸਵਾਲਡੋ, ਇਹ ਹੱਥ, ਜੋ ਤੂੰ ਬਣਾਏ ਹਨ, ਇਹ ਬੜੇ ਪਤਲੇ ਤੇ ਪੀਲੇ ਹਨ।" ਤੇ ਓਸਵਾਲਡੋ ਦਾ ਉੱਤਰ ਸੀ, "ਕੀ ਤੁਸੀਂ ਸਮਝਦੇ ਨਹੀਂ। ਇਹ ਹੱਥ ਨਹੀਂ ਹਨ। ਕੀ ਤੁਸਾਂ ਤੱਕਿਆ ਨਹੀਂ। ਇਹ ਤੇ ਘੁੱਗੀਆਂ ਹਨ। ਇਹ ਪਵਿੱਤਰ ਹਨ। ਇਨ੍ਹਾਂ ਹੱਥਾਂ ਨੇ ਕਦੇ ਕੋਈ ਚੀਜ਼ ਨਹੀਂ ਕੀਤੀ ਤੇ ਨਾ ਹੀ ਇਹ ਹੱਥ ਕਦੇ ਲਹੂ ਨਾਲ ਰੰਗੇ ਗਏ ਹਨ।"

ਇਕ ਹੋਰ ਦਿਨ ਦੀ ਗੱਲ ਹੈ। ਇਹ ਦੇਸ਼ ਉੱਤੇ ਔਖੇ ਦਿਨਾਂ ਦੀ ਗੱਲ ਹੈ। ਮੈਂ ਆਖਿਆ, "ਤੁਹਾਡੇ ਕੋਲ਼ ਬਹੁਤ ਸਾਰੇ ਮਿਲਣ ਵਾਲੇ ਆਉਂਦੇ ਹਨ। ਮੇਰੀ ਤਜਵੀਜ਼ ਹੈ ਇਕ ਹੋਰ ਦਰਸ਼ਕ ਨੂੰ ਕੱਲ੍ਹ ਸਵੇਰੇ ਮਿਲ ਲਿਉ। ਸਿਰਫ਼ ਇਕੋ ਹੀ ਮਿਲਣ ਵਾਲ਼ਾ ਹੈ, ਮਿਸਟਰ ਟਰੂਡੋ (ਇਹ ਕੈਨੇਡਾ ਦੇ ਪ੍ਰਧਾਨ ਮੰਤਰੀ ਸਨ, ਜੋ ਫੀਦਲ ਦੇ ਗੂੜ੍ਹੇ ਮਿੱਤਰ ਸਨ)"। ਸਿਰਫ਼ ਉਹੀ ਮਿਲਣ ਵਾਲੇ ਰਹਿ ਗਏ ਸਨ। ਉਨ੍ਹਾਂ ਨੇ ਸਵੇਰੇ ਵਾਪਸ ਚਲੇ ਜਾਣਾ ਸੀ। ਫੀਦਲ ਨੇ ਕਿਹਾ, "ਕੀ ਟਰੂਡੋ ਏਥੇ ਏ ਤੇ ਤੂੰ ਮੈਨੂੰ ਦੱਸਿਆ ਹੀ ਨਹੀਂ। ਭਾਵੇਂ ਉਸ ਨੇ ਸਵੇਰੇ ਚਲੇ ਜਾਣਾ ਹੈ, ਮੈਂ ਤਾਂ ਉਸ ਨੂੰ ਅਵੱਸ਼ ਮਿਲਣਾ ਹੈ।"

ਪਰ ਮੈਂ ਕਿਹਾ, "ਪਰ ਬਹੁਤ ਲੋਕ ਮਿਲਣ ਵਾਲੇ ਹਨ ਤੇ ਤੁਸਾਂ ਅੱਜ ਕੁੱਝ ਖਾਧਾ ਵੀ ਨਹੀਂ।" ਇਸ ਦੇ ਉੱਤਰ ਵਿਚ ਫੀਦਲ ਨੇ ਕਿਹਾ, "ਨਹੀਂ, ਮੈਂ ਉਸ ਨੂੰ ਅਵੱਸ਼ ਮਿਲਣਾ ਹੈ। ਮੈਂ ਕਿਹਾ, "ਪਰ ਵੇਖੋ, ਉਹ ਹੁਣ ਪ੍ਰਧਾਨ ਮੰਤਰੀ ਨਹੀਂ ਹੈ।"



ਉਸ ਦਿਨ ਮੈਂ ਇਕ ਹੋਰ ਸਬਕ ਸਿੱਖਿਆ, ਜਦੋਂ ਮੈਂ ਕਿਹਾ "ਉਹ ਹੁਣ ਪ੍ਰਧਾਨ ਮੰਤਰੀ ਨਹੀਂ ਹੈ।"

"ਜੇ ਉਹ ਹੁਣ ਪ੍ਰਧਾਨ ਮੰਤਰੀ ਨਹੀਂ ਹੈ, ਪਰ ਗੱਲ ਇਹ ਨਹੀਂ ਹੈ।" ਫੀਦਲ ਨੇ ਮੂੰਹ ਮੋੜ ਕੇ ਕਿਹਾ ਤੇ ਮੇਰੇ ਚਿਹਰੇ ਤੋਂ ਇਕ ਇੰਚ ਦੇ ਫ਼ਰਕ ਉੱਤੇ ਕਿਹਾ, "ਮੈਨੂੰ ਫਿਰ ਕਦੇ ਅਜਿਹੀ ਗੱਲ ਨਹੀਂ ਆਖਣੀ। ਮੈਨੂੰ ਲੋਕਾਂ ਵਿਚ ਦਿਲਚਸਪੀ ਹੈ। ਉਨ੍ਹਾਂ ਦੇ ਅਹੁਦਿਆਂ ਵਿਚ ਨਹੀਂ। ਅਸਲ ਵਿਚ ਮੈਨੂੰ ਉਨ੍ਹਾਂ ਲੋਕਾਂ ਵਿਚ ਦਿਲਚਸਪੀ ਹੈ, ਜੋ ਹੁਣ ਕਿਸੇ ਵੱਡੇ ਅਹੁਦੇ ਉੱਤੇ ਨਹੀਂ ਹਨ।"

ਇਹ ਸੰਵੇਦਨਸ਼ੀਲ ਅੱਜ ਕੁੱਝ ਆਦਮੀਆਂ ਔਰਤਾਂ ਦੀ ਗੱਲ ਨਹੀਂ ਹੈ। ਇਹ ਇਨਕਲਾਬ ਦੇ ਸਮਾਜ ਢਾਂਚੇ ਦਾ ਇਕ ਅੰਗ ਬਣ ਚੁੱਕੀ ਹੈ। ਦੂਸਰਿਆਂ ਦੇ ਦੁੱਖ ਨੂੰ ਮਹਿਸੂਸ ਕਰਨਾ, ਉਨ੍ਹਾਂ ਦੀ ਪੀੜ ਨੂੰ ਵੰਡਾਉਣਾ, ਇਹ ਗੁਣ ਹੁਣ ਫੀਦਲ ਤੱਕ ਹੀ ਸੀਮਤ ਨਹੀਂ ਰਿਹਾ, ਇਹ ਸਾਡੀ ਜੀਵਨ ਸ਼ੈਲੀ ਅਥਵਾ, ਤਰਜ਼ੇ-ਜ਼ਿੰਦਗੀ ਬਣ ਚੁੱਕਾ ਹੈ।

ਫੀਦਲ ਦਾ ਅੱਠਵਾਂ ਗੁਣ ਅਥਵਾ ਵਿਸ਼ੇਸ਼ਤਾਈ ਵਿਖਾਵੇ ਦੀ ਘਾਟ ਅਥਵਾ ਦੰਭ ਦੀ ਗੈਰਹਾਜ਼ਰੀ ਹੈ। ਫੀਦਲ ਉਹੀ ਵਰਦੀ ਪਹਿਨਦਾ ਹੈ, ਕਈ ਵਾਰੀ ਘਸੀ ਹੋਈ ਹੈ ਤੇ ਕੋਈ ਤਗਮੇ ਨਹੀਂ ਲਟਕਾਉਂਦਾ। ਫੀਦਲ ਨੇ ਜ਼ੋਰ ਪਾਇਆ ਕਿ ਰਾਉਲ ਤੇ ਜੁਆਨ ਅਲਮੀਤਾ ਹੀਰੋ-ਆਫ-ਕਿਊਬਾ ਦਾ ਖ਼ਿਤਾਬ ਪ੍ਰਵਾਨ ਕਰ ਲੈਣ। ਉਹ ਇਹ ਲੈਣਾ ਨਹੀਂ ਸੀ ਚਾਹੁੰਦੇ। ਪਰ ਜਦੋਂ ਫੀਦਲ ਕਿਸੇ ਦੇ ਮੋਢੇ ਉੱਤੇ ਹੱਥ ਰੱਖ ਦਿੰਦਾ ਹੈ, ਤਾਂ ਉਸ ਵਿਅਕਤੀ ਲਈ ਨਾਂਹ ਕਰਨੀ ਮੁਸ਼ਕਿਲ ਹੋ ਜਾਂਦੀ ਹੈ।

ਕਦੇ ਜੋਸੇ ਮਾਰਤੀ ਨੇ ਕਿਹਾ ਸੀ, ਕਿ "ਸਾਡੀ ਸ਼ਾਨ ਕਣਕ ਦੇ ਇੱਕ ਦਾਣੇ ਵਿਚ ਸਮੋਅ ਸਕਦੀ ਹੈ।" ਸਾਡੇ ਲਈ ਇਹੀ ਸ਼ਬਦ ਰਾਹ ਦਰਸਾਊ ਬਣ ਚੁੱਕੇ ਹਨ। ਲੋਕ ਫੀਦਲ ਨੂੰ "ਫੀਦਲ" ਆਖ ਕੇ ਹੀ ਸੰਬੋਧਨ ਕਰਦੇ ਹਨ "ਕਮਾਂਡਰ" ਜਾਂ "ਰਾਸ਼ਟਰਪਤੀ" ਕਰਕੇ ਨਹੀਂ।

ਫੀਦਲ ਕੀ, ਹਰ ਰਾਜਸੀ ਵਿਅਕਤੀ ਅਥਵਾ ਆਗੂ ਦਾ ਇਹ ਧਰਮ ਬਣ ਚੁੱਕਾ ਹੈ ਕਿ ਉਹ ਨਵਾਂ ਕੁੱਝ ਸਿੱਖਣ ਦਾ ਯਤਨ ਕਰੇ। ਇਹ ਫੀਦਲ ਦਾ ਸ਼ੁਗਲ ਨਹੀਂ ਹੈ, ਸਗੋਂ ਫ਼ਰਜ਼ ਬਣ ਚੁੱਕਾ ਹੈ। ਫੀਦਲ ਦੇ ਕਮਰੇ ਵਿਚ ਡੰਗਰ ਚਾਰਨ ਤੇ ਚਾਰਾ ਬਣਾਉਣ ਬਾਰੇ ਵੀ ਪੁਸਤਕਾਂ ਹਨ। ਗਿਆਨ ਦੀ ਭੁੱਖ ਜਾਂ ਉਤਸੁਕਤਾ ਉਸ ਦੀ ਆਦਤ ਬਣ ਚੁੱਕੀ ਹੈ ਤੇ ਇਸ ਦੀ ਤ੍ਰਿਪਤੀ ਲਈ, ਉਹ ਨਿਰੰਤਰ ਅਧਿਐਨ ਕਰਦੇ ਹਨ।

ਹਰ ਕੰਮ ਵਿਚ ਸੰਪੂਰਨਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨੀ, ਫੀਦਲ ਦਾ ਇਕ ਹੋਰ ਗੁਣ ਹੈ। ਬਹੁਤ ਵਾਰ ਉਹ ਪਰਦੇ ਪਿੱਛੇ ਰਹਿਣਾ ਚਾਹੁੰਦੇ ਹਨ।

ਫੀਦਲ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਹਾਰ ਕਦੇ ਹਾਰ ਨਹੀਂ ਹੁੰਦੀ, ਜੇ ਇਸ ਨੂੰ ਪ੍ਰਵਾਨ ਨਾ ਕਰੀਏ। ਜੇ ਤੁਸੀਂ ਹਾਰ ਮੰਨ ਕੇ ਢੇਰੀ ਢਾਹ ਕੇ ਬੈਠ ਜਾਉ ਤਾਂ ਖ਼ਤਮ ਹੋ ਜਾਓਗੇ ਪਰ ਜੇ ਹਾਰ ਨੂੰ ਪ੍ਰਵਾਨ ਨਾ ਕਰੋ ਤੇ ਸੰਘਰਸ਼ ਕਰਦੇ ਰਹੋ ਤਾਂ ਅੱਗੇ ਜਾਂ ਪਿੱਛੇ ਜਿੱਤ ਤੁਹਾਡੀ ਹੋਵੇਗੀ। ਇਹ ਗੁਣ ਹੌਲ਼ੀ-ਹੌਲ਼ੀ ਸਾਡੀ ਕੌਮ ਦੀ ਪਛਾਣ ਬਣਦਾ ਜਾਂਦਾ ਹੈ। ਸਾਡੇ ਅਥਲੀਟਾਂ ਵੱਲ ਨਜ਼ਰ ਮਾਰੋ, ਤਾਂ ਪਤਾ ਲੱਗੇਗਾ ਕਿ ਉਹ ਹਾਰ ਕੇ ਵੀ, ਹਾਰ ਨੂੰ ਕਦੇ ਵੀ ਪ੍ਰਵਾਨ ਨਹੀਂ ਕਰਦੇ।

ਸਾਡੀ ਨਾਕਾਬੰਦੀ ਦੇ ਹੁਣ 50 ਸਾਲ ਹੋ ਗਏ ਹਨ, ਪਰ ਅਸੀਂ ਦਿਲ ਨਹੀਂ ਛੱਡਿਆ। ਢੇਰੀ ਨਹੀਂ ਢਾਹੀ, ਤੀਹ ਸਾਲ ਸੋਵੀਅਤ ਰੂਸ ਨੇ ਸਾਡੀ ਸਹਾਇਤਾ ਕੀਤੀ ਤੇ ਹੁਣ ਪਿਛਲੇ 15 ਸਾਲਾਂ ਤੋਂ

ਅਸੀਂ ਇਕੱਲੇ ਹੀ ਸੰਸਾਰ ਦੇ ਸਭ ਤੋਂ ਖ਼ੂੰਖ਼ਾਰ ਵਿਰੋਧੀ ਦਾ ਕਹਿਰ ਝੱਲ ਰਹੇ ਹਾਂ। ਮਨਕਾਡਾ ਦੀਆਂ ਬੈਰਕਾਂ ਉੱਤੇ ਹਮਲੇ ਦੀ ਅਸਫਲਤਾ ਪਿੱਛੋਂ ਫੀਦਲ ਨੇ ਦੁਬਾਰਾ ਗੁਰੀਲਾ ਲੜਾਈ ਲੜ ਕੇ, ਦੋ ਢਾਈ ਸਾਲਾਂ ਵਿਚ ਜਿੱਤ ਪ੍ਰਾਪਤ ਕੀਤੀ।

ਬਾਰ੍ਹਵੀਂ ਗੱਲ ਜੋ ਵਿਸ਼ੇਸ਼ ਹੈ ਉਹ ਹੈ ਹਰ ਕਿਸੇ ਲਈ ਇਨਸਾਫ਼ ਭਰਿਆ ਵਿਵਹਾਰ। ਹਰ ਕੋਈ ਇਨਸਾਫ਼ ਦੀ ਮੰਗ ਕਰਦਾ ਹੈ, ਪ੍ਰਸ਼ਨ ਇਹ ਹੈ ਕਿ ਦੂਸਰਿਆਂ ਨਾਲ ਵੀ ਇਨਸਾਫ਼ ਕੀਤਾ ਜਾਵੇ।

ਕਿਊਬਾ ਦੇ ਡਾਕਟਰ ਵਿਦੇਸ਼ਾਂ ਵਿਚ ਨਿਰਸਵਾਰਥ ਹੋ ਕੇ ਕੰਮ ਕਰ ਰਹੇ ਹਨ। ਸਾਡੇ ਵਿਗਿਆਨੀ ਉਨ੍ਹਾਂ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਲੱਭ ਰਹੇ ਹਨ, ਜੋ ਸਾਡੇ ਦੇਸ਼ ਵਿਚ ਹੈ ਨਹੀਂ। ਸਾਡੀਆਂ ਦਵਾਈਆਂ ਹੋਰਨਾਂ ਲੋਕਾਂ ਦੇ ਕੰਮ ਆਉਣਗੀਆਂ। ਸਾਡੇ ਡਾਕਟਰ 69 ਦੇਸ਼ਾਂ ਵਿਚ ਲੋਕ ਸੇਵਾ ਵਿਚ ਜੁਟੇ ਹੋਏ ਹਨ। ਇਹ ਫੀਦਲ ਦਾ ਮਨੁੱਖਵਾਦੀ ਸਿੱਖਿਆ ਦਾ ਨਤੀਜਾ ਹੈ।

ਤੇਰ੍ਹਵੀਂ ਗੱਲ ਹੈ ਖ਼ਿਆਲਾਂ ਦੀ ਤਾਕਤ ਬਾਰੇ ਨਿੱਜੀ ਦ੍ਰਿੜ੍ਹ ਵਿਸ਼ਵਾਸ। ਜੋਸੇ ਮਾਰਤੀ, ਸਾਡਾ ਰਹਿਬਰ, ਆਖਦਾ ਹੁੰਦਾ ਸੀ ਕਿ ਗੁਫ਼ਾ ਵਿਚੋਂ ਵੀ ਸਹੀ ਵਿਚਾਰ ਨੂੰ ਲੱਭਿਆ ਜਾ ਸਕਦਾ ਹੈ। ਏਸੇ ਲਈ ਅਸੀਂ ਆਖਦੇ ਹਾਂ, ਸਾਡੀ ਲੜਾਈ ਵਿਚਾਰਾਂ ਦੀ ਲੜਾਈ ਹੈ।

ਫੀਦਲ ਦੀ ਸਿੱਖਿਆ ਅਨੁਸਾਰ ਮਨੁੱਖੀ ਹਮਦਰਦੀ ਸਾਡੀ ਵਿਰਾਸਤ ਦਾ ਹਿੱਸਾ ਬਣ ਚੁੱਕੀ ਹੈ। ਸਾਡੇ ਦੇਸ਼ ਕਿਊਬਾ ਵਿਚ, ਜਿਸ ਵਿਚ ਸਹਾਨਭੂਤੀ (Sympathy) ਨਹੀਂ, ਉਸ ਨੂੰ ਲੋਕ ਨਿਖੱਟੂ, ਨਿਕੰਮਾ (Bum) ਸਮਝਦੇ ਹਨ।

ਅੰਤਿਮ ਵਿਸ਼ੇਸ਼ਤਾਈ ਜੋ ਫੀਦਲ ਵਿਚ ਹੈ ਉਹ ਹੈ ਘਿਰਣਾ ਦੀ ਅਣਹੋਂਦ। ਫੀਦਲ ਰਹਿ ਚੁੱਕੇ ਦੁਸ਼ਮਣਾਂ ਨੂੰ ਵੀ ਘਿਰਣਾ ਨਹੀਂ ਕਰਦਾ। ਭਾਵੇਂ ਉਹ ਲੁੱਟ-ਖਸੁੱਟ, ਨਸਲੀ ਭੇਦਭਾਵ ਤੇ ਬੇਇਨਸਾਫ਼ੀ ਨੂੰ ਘਿਰਣਾ ਕਰਦਾ ਹੈ, ਪਰ ਉਹ ਗ਼ੱਦਾਰਾਂ ਨੂੰ ਵੀ ਘਿਰਣਾ ਨਹੀਂ ਕਰਦਾ।

ਸਾਡੇ ਸਿਪਾਹੀ ਦੂਸਰੇ ਦੇਸ਼ਾਂ ਦੀ ਅਜ਼ਾਦੀ ਤੇ ਇਨਸਾਫ਼ ਲਈ ਲੜਨ ਬਾਹਰ ਗਏ ਸਨ। ਜਦੋਂ ਅਫ਼ਰੀਕਾ ਵਿਚ ਲੜਾਈ ਪਿੱਛੋਂ ਸਾਡੇ ਸਿਪਾਹੀ ਵਾਪਸ ਪਰਤੇ ਤਾਂ ਉਹ ਕੀ ਲੈ ਕੇ ਘਰ ਮੁੜੇ। ਉਹ ਸ਼ਹੀਦ ਹੋਏ ਸਾਥੀਆਂ ਦੇ ਫ਼ੁਲ (ਰਾਖ) ਲੈ ਕੇ ਵਾਪਸ ਪਰਤੇ। ਉਹ ਉੱਥੇ ਹੀਰੇ ਮੋਤੀਆਂ ਤੇ ਸੋਨੇ ਜਾਂ ਮੰਡੀਆਂ ਦੀ ਤਲਾਸ਼ ਵਿਚ ਨਹੀਂ ਸੀ ਗਏ।

ਫੀਦਲ ਨੇ ਸਾਨੂੰ ਹੰਕਾਰ ਤੇ ਖ਼ੁਸ਼ਾਮਦ ਨੂੰ ਘਿਰਣਾ ਕਰਨੀ ਸਿਖਾਈ ਹੈ।

ਫੀਦਲ ਕੋਈ ਇਕੱਲਾ-ਕਾਰਾ ਮਨੁੱਖ ਨਹੀਂ, ਜਿਸ ਦੀ ਕਿ ਅਮਰੀਕੀ ਹਾਕਮ ਮੌਤ ਉਡੀਕ ਰਹੇ ਹਨ। ਫੀਦਲ ਖ਼ਿਆਲਾਂ ਦੀ ਪ੍ਰਤੀਨਿਧਤਾ ਕਰਦਾ ਹੈ, ਸਹੀ ਖ਼ਿਆਲ ਕਦੇ ਨਹੀਂ ਮਰਦੇ ਹੁੰਦੇ।

ਫੀਦਲ, ਹਰ ਉਸਤੇ ਮਰਦਾ ਹੈ, ਜੋ ਵਿਸ਼ਵ ਵਿਚ, ਚੰਗੇਰੇ ਜੀਵਨ ਲਈ ਜੂਝਦਾ ਹੈ, ਜੋ ਜ਼ਿੰਦਗੀ ਨੂੰ ਬਿਹਤਰ ਸੁਖੀ ਤੇ ਇਨਸਾਫ਼ ਪਸੰਦ ਬਣਾਉਣ ਲਈ ਲੜਦਾ ਹੈ।

ਅਸੀਂ ਕਿਊਬਾ ਵਾਸੀ ਤੁਹਾਡੀ ਹਾਜ਼ਰੀ ਲਈ ਧੰਨਵਾਦੀ ਹਾਂ ਤੇ ਇਕਰਾਰ ਕਰਦੇ ਹਾਂ ਕਿ ਅਸੀਂ ਫੀਦਲ ਦੇ ਉਕਤ ਵਿਚਾਰਾਂ ਉੱਤੇ ਪਹਿਰਾ ਦਿੰਦੇ ਰਹਾਂਗੇ।

ਫੀਦਲ ਦੇ ਜਨਮ ਦਿਨ ਉੱਤੇ ਇਹ ਸ਼ਾਇਦ ਸਭ ਤੋਂ ਵੱਡਾ ਤੋਹਫ਼ਾ ਹੈ।

> ''ਜੀਵਨ ਦੀ ਗੁਣਵੱਤਾ ਗਿਆਨ ਵਿਚ ਹੈ, ਸਭਿਆਚਾਰ ਵਿਚ ਹੈ। ਕਦਰਾਂ-ਕੀਮਤਾਂ ਜੀਵਨ ਦੀ ਗੁਣਾਤਮਿਕਤਾ ਬਣਾਉਂਦੀਆਂ ਹਨ, ਜ਼ਿੰਦਗੀ ਦੀਆਂ ਸਿਖ਼ਰਲੀਆਂ ਕੀਮਤਾਂ ਕੁੱਲੀ, ਗੁੱਲੀ, ਜੁੱਲੀ ਤੋਂ ਵੀ ਉੱਪਰ ਹਨ।''
>
> ਫੀਡਲ ਕਾਸਟਰੋ



# ਕਈ ਸੱਚਾਈਆਂ ਹਨ ਕਾਸਤਰੋ ਦੀ ਇਨਕਲਾਬੀ ਸ਼ਖ਼ਸੀਅਤ ਦੀਆਂ

*—ਕਰਮਜੀਤ ਸਿੰਘ*

ਰਾਜਨੀਤਿਕ ਝੱਖੜਾਂ ਨਾਲ ਕਈ ਵਾਰ ਇਕੱਲਾ ਵੀ ਟੱਕਰਾਂ ਲੈਣ ਵਾਲਾ ਵੀਹਵੀਂ ਸਦੀ ਦਾ ਰੰਗਲਾ ਇਨਕਲਾਬੀ ਫੀਦਲ ਕਾਸਤਰੋ ਹੁਣ ਸਾਡੇ ਵਿੱਚ ਨਹੀਂ ਰਿਹਾ। ਥਾਂ-ਥਾਂ ਖਿਲਰੇ ਗਏ ਕੰਡਿਆਂ ਵਿੱਚੋਂ ਉਸ ਨੇ ਆਪਣੇ ਅਤੇ ਕਿਊਬਾ ਦੇ ਲੋਕਾਂ ਦੀ ਮੁਕਤੀ ਲਈ ਹੀ ਰਾਹ ਨਹੀਂ ਬਣਾਇਆ ਸਗੋਂ ਉਨ੍ਹਾਂ ਨੂੰ ਸਾਮਰਾਜੀ ਤਾਕਤਾਂ ਤੋਂ ਮੁਕਤੀ ਵੀ ਦਿਵਾਈ। ਕਾਸਤਰੋ ਨੇ ਇਨਕਲਾਬ ਦੀ ਖ਼ੁਸ਼ਬੂ, ਤਾਕਤ ਅਤੇ ਪ੍ਰਭਾਵ ਨੂੰ ਸਾਰੀ ਦੁਨੀਆਂ ਵਿੱਚ ਬਿਖੇਰਿਆ। ਦੱਖਣੀ ਅਮਰੀਕਾ ਖਿੱਤੇ ਵਿੱਚ ਕਿਊਬਾ ਇੱਕ ਛੋਟਾ ਜਿਹਾ ਮੁਲਕ ਹੈ, ਪਰ ਇੱਥੋਂ ਦੇ ਲੋਕ ਵੱਡੇ ਦਿਲਾਂ ਵਾਲੇ ਅਤੇ ਆਪਣੀ ਧੁਨ ਦੇ ਪੱਕੇ ਹਨ। ਇਨ੍ਹਾਂ ਦ੍ਰਿੜ੍ਹ ਇਰਾਦੇ ਵਾਲੇ ਲੋਕਾਂ ਵਿੱਚੋਂ ਹੀ ਕਾਸਤਰੋ ਵੱਡਾ ਹੋਇਆ। ਇਤਿਹਾਸਕਾਰ ਤੇ ਉੱਘਾ ਪੱਤਰਕਾਰ ਰਿਚਰਡ ਗੋਟ ਠੀਕ ਹੀ ਕਹਿੰਦਾ ਹੈ ਕਿ ਇਹ ਅਸਾਧਾਰਨ ਰਾਜਨੀਤਿਕ ਮਨੁੱਖ ਵਿਸ਼ਵ ਦਾ ਨਾਇਕ ਹੋ ਨਿਬੜਿਆ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਸ ਦੇ ਗੁਆਂਢ ਵਿੱਚ ਇੱਕ ਅਜਿਹਾ ਵੱਡਾ ਰਾਜਨੀਤਿਕ ਮਗਰਮੱਛ ਅਮਰੀਕਾ ਸੀ ਅਤੇ ਕਿਸੇ ਦੀ ਕੀ ਮਜਾਲ ਸੀ ਕਿ ਦੱਖਣੀ ਅਮਰੀਕਾ ਖਿੱਤੇ ਦੇ ਕੀੜੇ ਮਕੌੜਿਆਂ ਵਰਗੇ ਮੁਲਕ ਉਸ ਦੀ ਵਾਅ ਵੱਲ ਵੀ ਵੇਖ ਸਕਣ। ਇਹ ਕਾਸਤਰੋ ਹੀ ਸੀ ਜਿਸ ਨੇ ਕਦੇ ਵੀ ਉਸ ਦੀ ਧੌਂਸ ਨਹੀਂ ਸੀ ਮੰਨੀ ਤੇ ਇਹ ਠੰਢੀ-ਤੱਤੀ ਜੰਗ 60 ਸਾਲ ਤਕ ਚਲਦੀ ਰਹੀ। ਉਸ ਉੱਤੇ 600 ਤੋਂ ਵੀ ਉਪਰ ਸਿੱਧੇ ਅਤੇ ਅਸਿੱਧੇ ਹਮਲੇ ਹੋਏ, ਪਰ ਹਰ ਵਾਰ ਉਹ ਬਚਦਾ ਰਿਹਾ।

ਉਸ ਦੀ ਰਾਜਨੀਤਿਕ ਚੜ੍ਹਤ ਨਾਲ ਜੁੜੀਆਂ ਘਟਨਾਵਾਂ ਤੋਂ ਇਲਾਵਾ ਉਸ ਦੀ ਸ਼ਖ਼ਸੀਅਤ ਵਿੱਚ ਹੋਰ ਵੀ ਕਈ ਦਿਲਚਸਪ ਸੱਚਾਈਆਂ ਹਨ ਜੋ ਅੱਜ ਦੇ ਸਿਆਸਤਦਾਨ ਅਤੇ ਸਮਾਜ ਵਿਗਿਆਨੀਆਂ ਲਈ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਰਾਜਨੀਤਿਕ ਕਦਰਾਂ ਕੀਮਤਾਂ ਦਾ ਗਰਾਫ਼ ਨਿਵਾਣਾਂ ਵੱਲ ਜਾ ਰਿਹਾ ਹੈ। ਅਮਰੀਕਾ ਵਿੱਚ ਟਰੰਪ, ਰੂਸ ਵਿੱਚ ਪੂਤਿਨ ਅਤੇ ਭਾਰਤ ਵਿੱਚ ਮੋਦੀ ਦੀ ਰਾਜਨੀਤਿਕ ਬੱਲੇ-ਬੱਲੇ ਦੇ ਕੁਝ ਇਹੋ ਜਿਹੇ ਰੰਗ ਨਜ਼ਰ ਆਉਂਦੇ ਹਨ। ਇਉਂ ਜਾਪਦਾ ਹੈ ਜਿਵੇਂ ਸੰਸਾਰ ਤੇਜ਼ੀ ਨਾਲ ਕਿਸੇ ਅੰਨ੍ਹੀ ਗਲੀ ਵੱਲ ਵਧ ਰਿਹਾ ਹੈ। ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਜੇ ਛੇਤੀ ਹੀ ਫਰਾਂਸ, ਬਰਤਾਨੀਆ ਅਤੇ ਹੋਰ ਮੁਲਕਾਂ ਉੱਤੇ ਵੀ ਅਜਿਹੇ ਰੰਗ ਚੜ੍ਹ ਜਾਣਗੇ। ਫੀਦਲ ਕਾਸਤਰੋ ਦੇ ਜੀਵਨ ਦਾ ਸਭ ਤੋਂ ਵੱਡਾ ਸੁਪਨਾ ਸੀ ਕਿ ਸਮਾਜ ਦੇ ਸਾਰੇ ਵਰਗਾਂ ਵਿੱਚ ਹਰ ਪੱਖ ਤੋਂ ਅਤੇ ਵਿਸ਼ੇਸ਼ ਕਰਕੇ ਆਰਥਿਕ ਪੱਖ ਤੋਂ ਬਰਾਬਰੀ ਲਿਆਂਦੀ ਜਾਵੇ, ਹਾਲਾਂਕਿ ਇਹ ਸੰਭਵ ਨਹੀਂ। ਇੱਕ ਕਰੋੜ ਦਸ ਲੱਖ ਦੀ ਅਬਾਦੀ ਵਾਲਾ ਕਿਊਬਾ ਇੰਨੀਆਂ ਭਿਆਨਕ ਰੁਕਾਵਟਾਂ ਤੇ ਮੁਸ਼ਕਿਲਾਂ ਦਾ ਟਾਕਰਾ ਕਰਦਿਆਂ ਕਰੀਬ-ਕਰੀਬ ਸੱਚੀ-ਮੁੱਚੀਂ ਵਾਲੀ ਬਰਾਬਰੀ ਕਿਵੇਂ ਲਿਆ ਸਕਿਆ, ਇਹ ਸਮਾਜਵਾਦੀ ਅਤੇ ਸਰਮਾਏਦਾਰ ਹਕੂਮਤਾਂ ਲਈ ਵੱਡੀ-ਚੁਣੌਤੀ ਵੀ ਹੈ ਅਤੇ ਖੋਜ ਦਾ ਵਿਸ਼ਾ ਵੀ।

ਅੱਜ ਸਿਹਤ ਤੇ ਵਿੱਦਿਆ ਉੱਤੇ ਵਪਾਰੀਆਂ ਦਾ ਕਬਜ਼ਾ ਹੈ। ਇਨ੍ਹਾਂ ਅਤਿ ਮਹਿੰਗੇ ਖੇਤਰਾਂ

ਵਿੱਚ ਕਿਸੇ ਗ਼ਰੀਬ ਦਾ ਪੜ੍ਹ ਸਕਣਾ ਜਾਂ ਇਲਾਜ ਕਰਵਾ ਸਕਣਾ ਇੰਨਾ ਆਸਾਨ ਨਹੀਂ ਹੈ। ਕਿਊਬਾ ਦੀ ਰਾਜਧਾਨੀ ਵਿੱਚ ਸਮੁੰਦਰ ਕਿਨਾਰੇ ਇੱਕ ਮੈਡੀਕਲ ਕਾਲਜ ਹੈ ਜੋ ਇਕੱਲੇ ਕਿਊਬਾ ਦੇ ਵਿਦਿਆਰਥੀਆਂ ਲਈ ਹੀ ਨਹੀਂ ਸਗੋਂ ਸਰਬੱਤ ਦੇ ਭਲੇ ਦੇ ਆਦਰਸ਼ ਨੂੰ ਅਮਲ ਵਿੱਚ ਲਿਆਉਂਦਿਆਂ ਸਾਰੀ ਦੁਨੀਆਂ ਦੇ ਗ਼ਰੀਬ ਵਿਦਿਆਰਥੀਆਂ ਲਈ ਹੈ। ਇੱਥੇ 110 ਮੁਲਕਾਂ ਦੇ 20,000 ਵਿਦਿਆਰਥੀ ਡਾਕਟਰੀ ਦੀ ਸਿੱਖਿਆ ਲੈਂਦੇ ਹਨ। ਹੋਰ ਤਾਂ ਹੋਰ ਇੱਥੇ ਕੋਈ ਫੀਸ ਨਹੀਂ, ਰਿਹਾਇਸ਼ ਅਤੇ ਰੋਟੀ-ਪਾਣੀ ਮੁਫ਼ਤ ਹੈ। ਵਿਦਿਆਰਥੀਆਂ ਨੂੰ ਜੇਬ ਖ਼ਰਚ ਵੀ ਮਿਲਦਾ ਹੈ ਤੇ ਪਾਉਣ ਲਈ ਕੱਪੜੇ ਵੀ। ਹਾਲਤ ਇੱਥੋਂ ਤਕ ਪਹੁੰਚ ਗਈ ਕਿ ਅਮਰੀਕਾ ਤੋਂ ਵੀ ਗ਼ਰੀਬ ਵਿਦਿਆਰਥੀ ਇੱਥੇ ਹੀ ਪੜ੍ਹਨਾ ਪਸੰਦ ਕਰਦੇ ਹਨ। ਕਿਊਬਾ ਦੇ ਲੋਕਾਂ ਦੀ ਔਸਤ ਉਮਰ 78 ਸਾਲ ਹੈ ਜਦੋਂ ਕਿ ਗੁਆਂਢ ਵਿੱਚ ਹੀ ਪੈਂਦੇ ਹੈਤੀ ਨਾਂ ਦੇ ਮੁਲਕ ਵਿੱਚ ਲੋਕ 48 ਸਾਲ ਤਕ ਪਹੁੰਚ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਦਿੰਦੇ ਹਨ। ਇਹ ਅੰਕੜੇ ਸਰਕਾਰੀ ਨਹੀਂ ਸਗੋਂ ਸੰਯੁਕਤ ਰਾਸ਼ਟਰ ਵੱਲੋਂ ਦਿੱਤੇ ਗਏ ਹਨ।

ਤੁਸੀਂ ਜਾਦੂ ਦੀ ਛੜੀ ਨਾਲ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਨਹੀਂ ਬਦਲ ਸਕਦੇ। ਮਹਾਨ ਲੋਕਾਂ, ਪਰ ਉਹ ਮਹਾਨ ਹੋਣ ਸਹੀ, ਨੂੰ ਵੀ ਰਾਤਾਂ ਨੂੰ ਜਾਗਣਾ ਪੈਂਦਾ ਹੈ। ਕਾਸਤਰੋ ਸਵੇਰੇ ਤਿੰਨ ਵਜੇ ਦੇ ਕਰੀਬ ਸੌਂਦਾ ਸੀ। ਉਹ ਖ਼ਾਸ ਦੇ ਨਾਲ ਨਾਲ ਆਮ ਬੰਦਿਆਂ ਨੂੰ ਮਿਲਣ ਤੇ ਉਨ੍ਹਾਂ ਵਿੱਚ ਘੁਲਣਾ-ਮਿਲ਼ਣਾ ਵਧੇਰੇ ਪਸੰਦ ਕਰਦਾ ਸੀ। ਉਹ ਤਕਰੀਰ ਦਾ ਧਨੀ ਸੀ ਤੇ ਆਪਣੀ ਤਕਰੀਰ ਨਾਲ ਲੋਕਾਂ ਨੂੰ ਖਿੱਚ ਲੈਂਦਾ ਸੀ। ਉਹ ਘੰਟਿਆਂ ਬੱਧੀ ਬੋਲ ਸਕਦਾ ਸੀ। ਉਸ ਦੀ ਤਕਰੀਰ ਵਿੱਚ ਇਤਿਹਾਸ, ਸਾਹਿਤ, ਫ਼ਿਲਮਾਂ, ਖ਼ਬਰਾਂ, ਫ਼ੌਜੀ ਹੁਨਰ, ਦਰੱਖ਼ਤ ਅਤੇ ਕਿਤਾਬਾਂ ਦਾ ਵੀ ਰੌਣਕ ਮੇਲਾ ਲੱਗਦਾ ਸੀ। ਭਾਸ਼ਣ ਵੀ ਜ਼ੁਬਾਨੀ ਹੀ ਹੁੰਦੇ ਸਨ। ਫਿਰ ਵੀ ਉਸ ਨੇ ਆਪਣੀ ਆਲੇ-ਦੁਆਲੇ ਅਜਿਹਾ ਮਾਹੌਲ ਪੈਦਾ ਨਹੀਂ ਹੋਣ ਦਿੱਤਾ ਜਿਸ ਨਾਲ ਲੋਕ ਉਸ ਦੀ ਪੂਜਾ ਕਰਨ ਲੱਗ ਪੈਣ। ਚਾਪਲੂਸੀ ਕਰਨ ਵਾਲਿਆਂ ਨੂੰ ਉਹ ਬੜੀ ਛੇਤੀ ਪਛਾਣ ਲੈਂਦਾ ਸੀ ਕਿ ਉਹ ਕਿਸ ਇਰਾਦੇ ਨਾਲ ਬੋਲ ਰਹੇ ਹਨ।

ਕਾਸਤਰੋ ਨਾ ਤਾਂ ਪੱਕਾ ਨਾਸਤਿਕ ਸੀ ਤੇ ਨਾ ਹੀ ਪੱਕਾ ਆਸਤਿਕ। ਮਾਰਕਸਵਾਦ ਫਲਸਫ਼ੇ ਉੱਤੇ ਉਸ ਦੀ ਪਕੜ ਕਹਿੰਦੇ ਕਹਾਉਂਦੇ ਸਿਧਾਂਤਕਾਰਾਂ ਵਾਲੀ ਨਹੀਂ ਸੀ ਅਤੇ ਨਾ ਹੀ ਉਹ ਧਰਮ ਨੂੰ ਉਸ ਤਰ੍ਹਾਂ ਮੰਨਦਾ ਸੀ ਜਿਵੇਂ ਧਾਰਮਿਕ ਲੋਕ ਮੰਨਦੇ ਹਨ। ਉਂਜ, ਉਸ ਨੂੰ ਬਚਪਨ ਵਿੱਚ ਹੀ ਈਸਾਈ ਮੱਤ ਦੀ ਦੀਖਿਆ ਦਿੱਤੀ ਗਈ ਸੀ, ਪਰ ਬਾਅਦ ਵਿੱਚ ਯੂਨੀਵਰਸਿਟੀ ਵਿੱਚ ਕਾਨੂੰਨ ਦੀ ਪੜ੍ਹਾਈ ਕਰਦਿਆਂ ਉਸ ਦਾ ਧਰਮ ਦੇ ਬਾਹਰੀ ਸਰੂਪਾਂ ਤੋਂ ਯਕੀਨ ਉੱਠ ਗਿਆ ਸੀ। ਉਹ ਤਾਂ ਬਸ ਇਨਸਾਫ਼ ਦੀ ਗੱਲ ਕਰਦਾ ਸੀ ਅਤੇ ਸਮਾਜਿਕ ਕਦਰਾਂ ਕੀਮਤਾਂ ਦੇ ਨਿਰਮਲ ਸਰੂਪ ਵਿੱਚ ਵਿਸ਼ਵਾਸ ਰੱਖਦਾ ਸੀ। ਇਹ ਜਾਣਕਾਰੀ ਦਿਲਚਸਪ ਹੋਵੇਗੀ ਕਿ 20 ਸਤੰਬਰ 2015 ਨੂੰ ਕਾਸਤਰੋ ਦੀ ਮੁਲਾਕਾਤ ਪੋਪ ਫਰਾਂਸਿਸ ਨਾਲ ਹਵਾਨਾ ਵਿੱਚ ਹੀ ਹੋਈ। ਕਾਸਤਰੋ ਨੇ ਪੋਪ ਨੂੰ ਇੱਕ ਕਿਤਾਬ ਭੇਂਟ ਕੀਤੀ ਜਿਸ ਦਾ ਸਿਰਲੇਖ ਸੀ। ਫਿਦੇਲ ਤੇ ਧਰਮ। ਇਹ ਕਿਤਾਬ 23 ਘੰਟੇ ਲੰਮੀਆਂ ਮੁਲਾਕਾਤਾਂ ਉੱਤੇ ਆਧਾਰਿਤ ਸੀ। ਉਸ ਨੇ ਪੋਪ ਕੋਲ ਦੁਨੀਆਂ ਦੇ ਖ਼ਰਾਬ ਹੋਏ ਵਾਤਾਵਰਣ ਬਾਰੇ ਡੂੰਘੀ ਚਿੰਤਾ ਪ੍ਰਗਟ ਕੀਤੀ। ਸ਼ਾਇਦ ਇਹ ਜਾਣਕਾਰੀ ਵੀ ਦਿਲਚਸਪ ਹੋਵੇਗੀ ਕਿ 1991 ਵਿੱਚ ਉਸ ਦੇ ਇੱਕੋ ਇੱਕ



ਗੂੜ੍ਹੇ ਸਾਥੀ ਸੋਵੀਅਤ ਯੂਨੀਅਨ ਦੇ ਟੁੱਟਣ ਪਿੱਛੋਂ ਜਦੋਂ ਉਹ ਇਕੱਲਾ ਹੀ ਰਹਿ ਗਿਆ ਸੀ ਤਾਂ ਉਸ ਸਮੇਂ ਉਸ ਨੇ ਵਾਤਾਵਰਣ ਦੇ ਮੁੱਦੇ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ। ਉਸ ਨੇ ਪੋਪ ਨਾਲ ਸੰਸਾਰ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਵੀ ਗੱਲਾਂ ਕੀਤੀਆਂ। ਕਾਸਤਰੋ ਨੇ ਜਜ਼ਬਿਆਂ ਵਿੱਚ ਭਿੱਜੇ ਲਹਿਜੇ 'ਚ ਪੋਪ ਤੇ ਇਮਾਨਦਾਰੀ ਨਾਲ  ਜੋ ਸੰਘਰਸ਼ ਕਰਦੇ ਹਨ ਉਹ ਭਾਵੇਂ ਰੱਬ ਨੂੰ ਮੰਨਦੇ ਹੋਣ ਤੇ ਭਾਵੇਂ ਨਾ ਉਹੀ ਅਸਲੀ ਇਨਸਾਨ ਹੁੰਦੇ ਹਨ। ਉਸ ਨੇ ਪੋਪ ਅੱਗੇ ਤਰਕ ਪੇਸ਼ ਕੀਤਾ ਕਿ ਈਸਾ ਮਸੀਹ ਨੇ ਆਪਣੇ ਨਾਲ ਜਿਹੜੇ 12 ਸਾਥੀਆਂ ਨੂੰ ਚੁਣਿਆ, ਉਹ ਗ਼ਰੀਬ ਤੇ ਸਾਧਾਰਨ ਲੋਕ ਸਨ। ਕਮਿਊਨਿਸਟਾਂ ਦੇ ਮੁਹਾਵਰੇ ਵਿੱਚ ਉਹ ਅੱਜ ਦੇ ਪ੍ਰੋਲੇਤਾਰੀ ਯਾਨੀ ਕਿਰਤੀ ਲੋਕ ਸਨ। ਇੱਕ ਹੋਰ ਥਾਂ 'ਤੇ ਕਾਸਤਰੋ ਨੇ ਈਸਾ ਮਸੀਹ ਨੂੰ ਸੱਚਾ ਕਮਿਊਨਿਸਟ ਆਖਿਆ। ਸ਼ਾਇਦ ਅਸੀਂ ਇਹ ਐਲਾਨ  ਕਰ ਸਕਦੇ ਹਾਂ ਕਿ ਪ੍ਰੋਲੇਤਾਰੀ ਸਿਸਟਮ ਨੂੰ ਅਮਲੀ ਰੂਪ ਵਿੱਚ ਬਾਦਸ਼ਾਹਤ ਦਾ ਰੁਤਬਾ ਜੇ ਕਿਤੇ ਦਿੱਤਾ ਗਿਆ ਤਾਂ ਮਿਸਾਲ ਲਈ ਕਿਊਬਾ ਨੂੰ ਹੀ ਯਾਦ ਰੱਖਿਆ ਜਾਵੇਗਾ। ਸ਼ਾਇਦ ਇਹੋ ਕਾਰਨ ਸੀ ਕਿ ਉਸ ਦੀ ਇੱਕ ਭੈਣ ਜੂਨੈਤਾ ਕਾਸਤਰੋ ਵੀ ਉਸ ਨੂੰ ਛੱਡ ਕੇ ਅਮਰੀਕਾ ਚਲੀ ਗਈ ਸੀ ਕਿਉਂਕਿ ਖੁੱਲ੍ਹੇ ਕਰਦਿਆਂ ਦੀ ਮੌਜ ਕਾਸਤਰੋ ਨਹੀਂ ਸੀ ਦੇ ਸਕਦਾ। ਉਸ ਦੀ ਇੱਕ ਧੀ ਵੀ ਨਾਰਾਜ਼ ਹੋ ਕੇ ਚਲੀ ਗਈ। ਉਹ ਅਤੇ ਹੋਰ ਅਨੇਕਾਂ ਉਸ ਵਿਰੁੱਧ ਬੋਲਦੇ ਰਹਿੰਦੇ ਸਨ, ਪਰ ਕਾਸਤਰੋ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਸੀ ਕਰਦਾ।

ਕਿਹਾ ਜਾਂਦਾ ਹੈ ਕਿ ਕਾਸਤਰੋ ਤਾਨਾਸ਼ਾਹ ਅਤੇ ਅਤਿ ਦਾ ਬੇਰਹਿਮ ਸੀ। ਉਸ ਦੇ ਰਾਜ ਵਿੱਚ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੋਈ। ਉਸ ਦੀ ਦਹਿਸ਼ਤ ਕਾਰਨ ਹਜ਼ਾਰਾਂ ਲੋਕਾਂ ਨੇ ਅਮਰੀਕਾ ਤੇ ਹੋਰਨੀ ਥਾਈਂ ਰਾਜਨੀਤਿਕ ਸ਼ਰਣ ਲਈ। ਅਜਿਹੇ ਦੋਸ਼ ਕਿਸੇ ਹੱਦ ਤਕ ਠੀਕ ਵੀ ਹਨ। ਇਹ ਸੱਚ ਹੈ ਕਿ ਅਮਰੀਕਾ ਦੇ ਇੱਕ ਸੂਬੇ ਵਿੱਚ ਰਾਜਸੀ ਸ਼ਰਣ ਲੈਣ ਵਾਲਿਆਂ ਦਾ ਇੱਕ ਕਸਬਾ ਵੀ ਹੈ ਜਿਸ ਨੂੰ ਕਿਊਬਾ ਦੀ ਰਾਜਧਾਨੀ ਹਵਾਨਾ ਦੇ ਨਾਂ 'ਤੇ 'ਨਿੱਕਾ ਹਵਾਨਾ' ਕਿਹਾ ਜਾਂਦਾ ਹੈ। ਇਨ੍ਹਾਂ ਲੋਕਾਂ ਨੇ ਕਾਸਤਰੋ ਦੀ ਮੌਤ ਉੱਤੇ ਖੁਸ਼ੀ ਵਿੱਚ ਭੰਗੜੇ ਵੀ ਪਾਏ। ਪਰ ਜਦੋਂ ਤੁਸੀਂ ਸੱਚੀਂ-ਮੁੱਚੀਂ ਵਾਲੀ ਬਰਾਬਰੀ ਨੂੰ ਧਰਤੀ ਉੱਤੇ ਉਤਾਰਨ ਦੀ ਸਹੁੰ ਹੀ ਖਾ ਲਈ ਹੋਵੇ ਤਾਂ ਸਮਾਜ ਵਿੱਚ ਇਹੋ ਜਿਹੇ ਵਰਗ ਵੱਡੀ ਗਿਣਤੀ 'ਚ ਹੁੰਦੇ ਹਨ ਜਿਨ੍ਹਾਂ ਦੀ ਮਾਨਸਿਕਤਾ ਅਚਨਚੇਤ ਹੋ ਰਹੀ ਅਜਿਹੀ ਸਮਾਜਿਕ ਉੱਥਲ ਪੁੱਥਲ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਕਿਉਂਕਿ 'ਵੰਡ ਕੇ ਛਕਣ' ਦਾ ਸਿਧਾਂਤ ਅਜੇ ਉਨ੍ਹਾਂ ਦੇ ਜਿਸਮੋ-ਰੂਹ ਦਾ ਹਿੱਸਾ ਨਹੀਂ ਬਣਿਆ ਹੁੰਦਾ। ਕਾਸਤਰੋ ਨੇ ਇਨ੍ਹਾਂ ਗਾੜ੍ਹੇ ਹਨੇਰਿਆਂ ਨੂੰ ਚੀਰਿਆ ਸੀ। ਕੀ ਸਿਹਤ ਤੇ ਉੱਚੀਆਂ ਪੜ੍ਹਾਈਆਂ ਦੀ ਗੱਲ, ਭਲਾ ਅੱਜ ਦੇ ਜ਼ਮਾਨੇ ਵਿੱਚ ਮੁਫ਼ਤ ਕਿਤੇ ਮਿਲੇਗੀ? ਇਹ ਦੋਵੇਂ ਬਰਕਤਾਂ ਯਾਨੀ ਸਿਹਤ ਤੇ ਵਿੱਦਿਆ, ਤਨ ਤੇ ਮਨ ਦੋਵਾਂ ਨੂੰ ਰੌਸ਼ਨ ਕਰਦੀਆਂ ਹਨ ਅਤੇ ਦੁਨੀਆਂ ਅੱਜ ਇਸੇ ਤੋਂ ਹੀ ਵਾਂਝੀ ਹੈ। ਕਿੰਨੇ ਕੁ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਹਨ ਜੋ ਕਿਤਾਬਾਂ ਨੂੰ ਪਿਆਰ ਕਰਦੇ ਹਨ। ਪਰ ਕਾਸਤਰੋ ਨੂੰ ਕਿਤਾਬਾਂ ਨਾਲ ਪਿਆਰ ਸੀ, ਵੱਡੀਆਂ ਫ਼ਿਲਮਾਂ ਵੇਖਣ ਦਾ ਸ਼ੌਕ ਸੀ, ਬੂਟਿਆਂ ਨੂੰ ਮਿੱਟੀ ਤੋਂ ਬਿਨਾਂ ਹੀ ਉਗਾਉਣ ਦਾ ਸ਼ੌਕ ਸੀ, ਵੰਨ-ਸੁਵੰਨੇ ਵਧੀਆ ਖਾਣੇ ਬਣਾਉਣੇ ਪਸੰਦ ਸਨ, ਬਾਸਕਟਬਾਲ ਤੇ ਬੇਸਬਾਲ ਖੇਡਣ ਦਾ ਸ਼ੌਕ ਸੀ ਅਤੇ ਰੋਜ਼ਾਨਾ ਕਸਰਤ ਕਰਨੀ ਉਸ ਦੇ ਜੀਵਨ ਦਾ ਹਿੱਸਾ ਸੀ। 'ਬੁੱਢਾ ਆਦਮੀ ਤੇ ਸਮੁੰਦਰ'

ਦਾ ਨਾਇਕ ਤੇ ਉਸ ਮਹਾਨ ਨਾਵਲ ਦਾ ਲੇਖਕ ਉਸ ਨੂੰ ਪਸੰਦ ਸੀ। ਪਰ '100 ਸਾਲਾਂ ਦਾ ਇਕਲਾਪਾ' ਨਾਵਲ ਦੇ ਲੇਖਕ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਨਾਲ ਉਸ ਨੂੰ ਇਸ ਹੱਦ ਤਕ ਪਿਆਰ ਹੋ ਗਿਆ ਸੀ ਕਿ ਉਹ ਇਹ ਕਹਿਣੋ ਨਹੀਂ ਰਹਿ ਸਕਿਆ ਕਿ ਜੇ ਮੈਨੂੰ ਅਗਲਾ ਜਨਮ ਮਿਲਿਆ ਤਾਂ ਮੈਂ ਇੱਕ ਸਿਆਸੀ ਆਗੂ ਬਣਨ ਦੀ ਥਾਂ ਮਾਰਕੁਏਜ਼ ਵਰਗਾ ਲੇਖਕ ਬਣਨਾ ਚਾਹਾਂਗਾ। ਉਸ ਦੇ ਇਹ ਸ਼ਬਦ ਯਾਦ ਰੱਖਣ ਵਾਲੇ ਹਨ ਕਿ ਰਾਜਨੀਤੀ, ਇਨਕਲਾਬ ਅਤੇ ਵਿਚਾਰ ਮਰਦੇ ਦਮ ਤਕ ਉਸ ਦੇ ਅੰਦਰ ਹਰ ਪਲ ਜਗਦੇ ਰਹਿਣਗੇ। ਉਸ ਦੇ ਮੂੰਹੋਂ ਨਿਕਲੇ ਇਹ ਤਿੰਨ ਕੀਮਤੀ ਸ਼ਬਦ 21ਵੀਂ ਸਦੀ ਦੇ ਭਟਕ ਰਹੇ ਸਿਆਸਤਦਾਨਾਂ ਲਈ ਮਾਰਗਦਰਸ਼ਕ ਬਣ ਸਕਦੇ ਹਨ।

***ਸੰਪਰਕ-99150-91063***

"ਫਾਸ਼ੀਵਾਦ, ਹਿੰਸਕ ਹੋਣ ਸਮੇਂ ਸਭ ਕੁੱਝ ਨੂੰ ਤਬਾਹ ਕਰ ਦਿੰਦਾ ਹੈ। ਇਹ ਯੂਨੀਵਰਸਿਟੀਆਂ 'ਤੇ ਹਮਲੇ ਕਰਦਾ ਹੈ, ਇਨ੍ਹਾਂ ਨੂੰ ਬੰਦ ਕਰ ਦਿੰਦਾ ਹੈ ਤੇ ਤਬਾਹ ਕਰ ਦਿੰਦਾ ਹੈ। ਇਹ ਬੁੱਧੀਜੀਵੀਆਂ ਉੱਤੇ ਹਮਲੇ ਕਰਦਾ ਹੈ, ਉਨ੍ਹਾਂ ਨੂੰ ਦਬਾਉਂਦਾ ਹੈ ਤੇ ਪ੍ਰੇਸ਼ਾਨ ਕਰਦਾ ਹੈ। ਇਹ ਰਾਜਸੀ ਪਾਰਟੀਆਂ ਅਤੇ ਟਰੇਡ ਯੂਨੀਅਨਾਂ ਉੱਤੇ ਹਮਲੇ ਕਰਦਾ ਹੈ। ਇਹ ਜਨਤਕ ਜਥੇਬੰਦੀਆਂ ਅਤੇ ਸੱਭਿਆਚਾਰਕ ਸੰਸਥਾਵਾਂ ਉੱਤੇ ਹਮਲੇ ਕਰਦਾ ਹੈ। ਇਸ ਲਈ ਫਾਸ਼ਿਜ਼ਮ ਤੋਂ ਕੋਈ ਹੋਰ ਵੱਧ ਹਿੰਸਕ, ਵੱਧ ਪਿਛਾਂਹ ਖਿੱਚੂ ਤੇ ਵੱਧ ਗ਼ੈਰ-ਕਾਨੂੰਨੀ ਨਹੀਂ।"

(ਚਿੱਲੀ ਦੇ ਕੌਮੀ ਸਟੇਡੀਅਮ ਵਿਚ ਭਾਸ਼ਣ, 2 ਦਸੰਬਰ, 1971)

"ਇਨ੍ਹਾਂ ਨਵ-ਉਦਾਰਵਾਦੀਆਂ ਨੂੰ ਕਿਹੜੀ ਗੱਲ ਸੂਤ ਬੈਠਦੀ ਹੈ? ਉਹ ਕਿਹੜੀ ਚੀਜ਼ ਲੱਭਦੇ ਫਿਰਦੇ ਹਨ? ਉਹ ਉਸ ਦਿਨ ਦੀ ਉਡੀਕ ਵਿਚ ਹਨ, ਜਦੋਂ ਕੋਈ ਮਸੂਲ-ਚੁੰਗੀ (Tariffs) ਨਹੀਂ ਹੋਵੇਗੀ, ਜਦੋਂ ਉਨ੍ਹਾਂ ਦੇ ਨਿਵੇਸ਼ ਉੱਤੇ (Investment) ਕਿਸੇ ਦੇਸ਼ ਦੇ ਅਧਿਕਾਰੀ ਟੈਕਸ ਨਹੀਂ ਲਾ ਸਕਣਗੇ....। ਉਹ ਚਾਹੁੰਦੇ ਹਨ ਕਿ ਪੂੰਜੀ ਦਾ ਤੇ ਮਾਲ ਦਾ, ਸਾਰੀ ਦੁਨੀਆ ਵਿਚ ਮੁਫ਼ਤ ਆਉਣ ਜਾਣ ਹੋਵੇ। ਉਹ ਇਸ ਤਰ੍ਹਾਂ ਦਾ ਪੂੰਜੀਵਾਦ ਠੋਸਣਾ ਚਾਹੁੰਦੇ ਹਨ। ਸਾਡੇ ਦੇਸ਼ਾਂ ਕੋਲ, ਹੋਰ ਕੁੱਝ ਨਹੀਂ ਹੋਵੇਗਾ, ਜੋ ਵਿਚਾਰੇ ਬਦਕਿਸਮਤ ਲੋਕ ਨੌਕਰੀਆਂ ਦੀਆਂ ਤਨਖ਼ਾਹਾਂ ਵਜੋਂ ਲੈ ਸਕਣਗੇ, ਜਦਕਿ ਅਰਬਾਂਪਤੀ ਬੇਹਿਸਾਬੀ ਦੌਲਤ-ਇਕੱਠੀ ਕਰ ਲੈਣਗੇ।"

(ਵਿਚਾਰਾਂ ਦੀ ਜੰਗ-ਵੈਨਜ਼ੂਏਲਾ ਦੀ ਯੂਨੀਵਰਸਿਟੀ ਵਿਚ ਭਾਸ਼ਣ ਫਰਵਰੀ 3, 1999)

"ਕੁੱਝ ਅਜਿਹੇ ਲੋਕ ਵੀ ਹਨ, ਜੋ ਕੁੱਝ ਉਲਝੇ ਹੋਏ ਹੋਣਗੇ, ਕੁੱਝ ਅਮਰੀਕੀ ਅੰਕੜਾਂ ਦੇ ਇਕੱਠੇ ਹੋਣ ਨਾਲ ਵੀ ਕਮਜ਼ੋਰ ਹੋ ਗਏ ਹੋਣਗੇ, ਜਾਂ ਪਦਾਰਥਕ ਤਕਲੀਫ਼ਾਂ, ਖਪਤਵਾਦੀ ਸੁਸਾਇਟੀਆਂ ਦੇ ਐਸ਼ ਦੇ ਸਾਮਾਨ ਦੀ ਪ੍ਰਦਰਸ਼ਨੀ ਕਾਰਨ ਜਾਂ ਫਿਰ ਉਨ੍ਹਾਂ ਦੇ ਆਰਥਿਕ ਪ੍ਰਬੰਧ ਦੇ ਅੰਨ੍ਹੇ ਲਾਭਾਂ ਬਾਰੇ ਮਿੱਠੇ ਪਰ ਤਰੱਕੇ ਹੋਏ ਵਿਚਾਰਾਂ ਤੋਂ ਮੋਹਿਤ ਹੋ ਗਏ ਹੋਣਗੇ। ਅਜਿਹੇ ਪ੍ਰਬੰਧ ਬੰਦਿਆਂ ਨੂੰ ਪਸ਼ੂ ਸਮਝਦੇ ਹਨ ਜੋ ਕਈ ਵਾਰ ਗਾਜਰ (ਲਾਭ) ਤੇ ਕਈ ਵਾਰ ਛਾਂਟੇ ਨਾਲ ਕੁੱਟਿਆਂ ਤੁਰਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਸਮੁੱਚੀ ਵਿਚਾਰਧਾਰਾ ਇਸੇ ਉੱਤੇ ਹੀ ਬਣਦੀ ਹੈ।"

(ਵੈਂਜ਼ੂਏਲਾ ਦਾ ਕਾਂਗਰਸ ਯੂਨੀਵਰਸਿਟੀ ਵਿਚ ਦਿੱਤਾ ਭਾਸ਼ਣ ਫਰਵਰੀ 3, 1999)



# ਬੁੱਧੀਮਾਨਾਂ ਨਾਲ ਗੱਲਾਂ-ਬਾਤਾਂ

*—ਫੀਦਲ ਕਾਸਤਰੋ*

ਜੂਨ 16 ਜੂਨ 23 ਅਤੇ ਜੂਨ 30 ਨੂੰ 1961 ਵਿੱਚ ਨੈਸ਼ਨਲ ਲਾਇਬ੍ਰੇਰੀ ਹਵਾਨਾ ਦੇ ਆਡੀਟੋਰੀਅਮ ਵਿਚ ਕਈ ਸਿਲਸਿਲੇ ਵਾਰ ਮੀਟਿੰਗਾਂ ਹੋਈਆਂ ਸਨ, ਜਿਨ੍ਹਾਂ ਵਿਚ ਕਿਊਬਾ ਦੇ ਬੁੱਧੀ-ਜੀਵੀਆਂ ਅਤੇ ਹੋਰ ਬਹੁਤ ਸਾਰੇ ਪ੍ਰਤੀਨਿਧਤਾ ਕਰਨ ਵਾਲ਼ੇ ਨੁਮਾਇੰਦੀਆਂ ਨੇ ਹਿੱਸਾ ਲਿਆ ਸੀ। ਲੇਖਕਾਂ ਅਤੇ ਕਲਾਕਾਰਾਂ ਨੂੰ ਪੂਰੀ ਖੁੱਲ੍ਹ ਦਿੱਤੀ ਗਈ ਕਿ ਉਹ ਸਭਿਆਚਾਰਕ ਸਰਗਰਮੀਆਂ ਅਤੇ ਆਪਣੇ ਸਿਰਜਣਾਤਮਿਕ ਖੇਤਰ ਨਾਲ ਸਬੰਧਤ ਸਮੱਸਿਆਵਾਂ ਦੇ ਵੱਖ-ਵੱਖ ਪੱਖਾਂ ਬਾਰੇ ਆਪਣੇ ਆਪਣੇ ਦ੍ਰਿਸ਼ਟੀਕੋਣ ਬਾਰੇ ਖੁਲ਼ ਕੇ ਵਿਚਾਰਾਂ ਕਰਨ ਤੇ ਆਪਣੇ ਦ੍ਰਿਸ਼ਟੀਕੋਣਾਂ ਦੀ ਵਿਆਖਿਆ ਕਰਨ। ਇਹਨਾਂ ਮੀਟਿੰਗਾਂ ਵਿਚ ਲੋਕ-ਰਾਜ ਦਾ ਰਾਸ਼ਟਰਪਤੀ ਡਾ. ਓਸਵਾਲਡੋ ਟੋਰਾਡੋ, ਪ੍ਰਧਾਨ ਮੰਤਰੀ ਡਾ. ਫੀਦਲ ਕਾਸਤਰੋ, ਸਿਖਿਆ ਮੰਤਰੀ ਡਾ. ਆਰਮਾਡੋ ਹਾਰਟ, ਰਾਸ਼ਟਰੀ ਕੌਂਸਲ ਆਫ ਕਲਚਰ ਦੇ ਮੈਂਬਰ ਤੇ ਸਰਕਾਰ ਦੇ ਹੋਰ ਪ੍ਰਤੀਨਿੱਧ ਹਾਜ਼ਰ ਸਨ।

ਡਾਕਟਰ, ਫੀਦਲ ਕਾਸਤਰੋ ਨੇ ਵਾਰਤਾਲਾਪ ਸ਼ੁਰੂ ਕਰਦਿਆਂ ਆਖਿਆ,

"ਸਾਥੀਓ,

ਤਿੰਨਾਂ ਸੈਸ਼ਨਾਂ, ਜਿਨ੍ਹਾਂ ਵਿਚ ਸਾਡੇ ਸਭਿਆਚਾਰ ਅਤੇ ਰਚਨਾਤਮਿਕ ਕੰਮ ਨਾਲ ਸਬੰਧਤ ਸਮੱਸਿਆਵਾਂ ਦੇ ਵੱਖ-ਵੱਖ ਪੱਖਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ ਸਨ ਅਤੇ ਇਹਨਾਂ ਵਿਚ ਬਹੁਤ ਸਾਰੇ ਮੁੱਦਿਆਂ ਬਾਰੇ ਦਿਲਚਸਪ ਸਵਾਲ ਉਠਾਏ ਗਏ ਸਨ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਵਿਚਾਰ ਅਧੀਨ ਲਿਆਂਦਾ ਗਿਆ ਸੀ ਤੇ ਵੱਖੋ-ਵੱਖ ਵਿਚਾਰ ਸਾਹਮਣੇ ਆਏ ਸਨ।

ਹੁਣ ਸਾਡੀ ਵਾਰੀ ਹੈ। ਅਸੀਂ ਇੱਕ ਅਜੇਹੇ ਮਨੁੱਖ ਵਾਂਗ ਗੱਲ ਨਹੀਂ ਕਰਾਂਗੇ ਕਿ ਜੋ ਇਸ ਵਿਸ਼ੇ ਬਾਰੇ ਸਭ ਤੋਂ ਵੱਧ ਯੋਗ ਹੈ, ਸਗੋਂ ਇਸ ਕਾਰਨ ਕਿ ਅਸੀਂ ਅਨੁਭਵ ਕਰਦੇ ਹਾਂ ਕਿ ਕੁਝ ਪੱਖਾਂ ਤੋਂ ਵਿਚਾਰ ਪ੍ਰਗਟ ਕਰਨ ਦੀ ਲੋੜ ਹੈ।

ਸਾਨੂੰ ਇਹਨਾਂ ਵਿਚਾਰ-ਵਟਾਂਦਰਿਆਂ ਵਿੱਚ ਬਹੁਤ ਦਿਲਚਸਪੀ ਸੀ ਤੇ ਅਸਾਂ ਇਹ ਸਿੱਧ ਕਰ ਦਿੱਤਾ ਹੈ ਕਿ ਜਿਸ ਨੂੰ ਬੜਾ 'ਠਰੰਮਾ' ਕਿਹਾ ਜਾ ਸਕਦਾ ਹੈ। ਪਰ ਅਸਲ ਵਿਚ ਸਾਡੇ ਵਲੋਂ ਕਿਸੇ ਬਹਾਦਰੀ-ਭਰੀ ਕੋਸ਼ਿਸ਼ ਦੀ ਲੋੜ ਨਹੀਂ ਸੀ, ਕਿਉਂਕਿ ਸਾਡੇ ਵਲੋਂ ਇਹ ਵਿਚਾਰ-ਚਰਚਾ ਬੜੀ ਰੌਸ਼ਨੀ ਪਾਉਣ ਵਾਲੀ ਸੀ ਤੇ ਪੂਰੀ ਸੁੰਹਿਰਦਤਾ ਪੱਖੋਂ ਖੁਸ਼ਗਵਾਰ ਤਜਰਬਾ ਸੀ। ਨਿਰਸੰਦੇਹ ਇਸ ਭਾਂਤ ਦੀ ਵਿਚਾਰ-ਚਰਚਾ ਵਿਚ ਅਸੀਂ ਸਰਕਾਰੀ ਧਿਰ, ਉਹਨਾਂ ਮਸਲਿਆਂ ਬਾਰੇ ਵਿਚਾਰ ਪ੍ਰਗਟ ਕਰਨ ਵੇਲੇ ਸਭ ਤੋਂ ਵੱਧ ਯੋਗ ਵਿਅਕਤੀ ਨਹੀਂ ਹਾਂ ਜਿਨਾਂ ਸਵਾਲਾਂ ਬਾਰੇ ਕਿ ਤੁਸੀਂ ਵਿਸ਼ੇਸ਼ ਹੋ1...ਘੱਟੋ ਘੱਟ ਮੇਰਾ ਕੇਸ ਅਜੇਹਾ ਹੈ।

ਇਹ ਗੱਲ ਕਿ ਅਸੀਂ ਸਰਕਾਰ ਦੇ ਬੰਦੇ ਹਾਂ ਅਤੇ ਇਨਕਲਾਬੀ ਆਗੂ ਹਾਂ, ਇਸ ਦਾ ਅਰਥ ਇਹ ਨਹੀਂ ਕਿ ਅਸੀਂ ਸਮਝਦੇ ਹੋਈਏ। ਇਹ ਸੰਭਵ ਹੈ ਕਿ ਜੇ ਅਸੀਂ, ਉਹਨਾਂ ਸਾਥੀਆਂ ਨੂੰ, ਜੋ ਏਥੇ ਬੋਲੇ ਹਨ, ਮੰਤਰੀ-ਮੰਡਲ ਦੀ ਕਿਸੇ ਇਕੱਤਰਤਾ ਵਿੱਚ ਲੈ ਜਾਈਏ ਤੇ ਉਹਨਾਂ ਸਮੱਸਿਆਵਾਂ ਉੱਤੇ ਵਿਚਾਰ ਕਰੀਏ, ਜਿਨ੍ਹਾਂ ਤੋਂ ਅਸੀਂ ਬਹੁਤੇ ਵਾਕਫ ਹਾਂ, ਤਾਂ ਉਹੀ ਸਾਥੀ ਸਾਡੇ ਵਾਂਗ ਹੀ ਅਨੁਭਵ ਕਰਨਗੇ।

ਅਸੀਂ ਕਰਾਂਤੀ ਦੀ ਸਰਗਰਮ ਸ਼ਕਤੀ ਰਹੇ ਹਾਂ, ਕਿਊਬਾ ਦੀ ਸਮਾਜਕ-ਆਰਥਕ ਕਰਾਂਤੀ ਜੋ ਵਾਪਰ ਰਹੀ ਹੈ। ਇਹ ਸਮਾਜਕ-ਆਰਥਕ ਕਰਾਂਤੀ ਨਿਸਚੇ ਹੀ ਸਭਿਆਚਾਰਕ ਕਰਾਂਤੀ ਲਿਆਵੇਗੀ। ਸਾਡੇ ਵੱਲੋਂ, ਏਹ ਗੱਲ ਹੈ ਕਿ ਅਸੀਂ ਇਸ ਖੇਤਰ ਵਿੱਚ ਕੁਝ ਕੰਮ ਕੀਤਾ ਹੈ (ਭਾਵੇਂ ਕਿ ਕਰਾਂਤੀ ਦੇ ਆਰੰਭ ਨੇ ਕਈ ਹੋਰ ਸਮੱਸਿਆਵਾਂ ਪੈਦਾ ਕੀਤੀਆਂ ਸਨ)। ਅਸੀਂ ਆਪਣੇ ਆਪ ਦੀ ਆਲੋਚਨਾ ਕਰ ਸਕਦੇ ਹਾਂ, ਇਹ ਕਹਿ ਕੇ ਕਿ ਅਸੀਂ ਇਸ ਜ਼ਰੂਰੀ ਸਵਾਲ ਨੂੰ ਵਿਚਾਰਨ ਪ੍ਰਤੀ ਲਾ-ਪ੍ਰਵਾਹ ਰਹੇ ਹਾਂ। ਇਹ ਕਹਿਣ ਦਾ ਅਰਥ ਇਹ ਵੀ ਨਹੀਂ ਕਿ ਇਸ ਸਵਾਲ ਨੂੰ ਅਸੀਂ ਬਿਲਕੁਲ ਹੀ ਵਿਸਾਰੀ ਰੱਖਿਆ ਸੀ। ਇਹ ਸਮੱਸਿਆ ਪਹਿਲਾਂ ਹੀ ਸਰਕਾਰ ਵੱਲੋਂ ਵਿਚਾਰ-ਅਧੀਨ ਸੀ।

ਕਈ ਮਹੀਨੇ ਪਹਿਲਾਂ, ਇਸ ਸਭਿਆਚਾਰਕ ਸਮੱਸਿਆ ਨੂੰ ਵਿਚਾਰਨ ਲਈ ਅਸੀਂ ਇੱਕ ਮੀਟਿੰਗ ਕਰਨ ਦਾ ਇਰਾਦਾ ਕੀਤਾ ਸੀ। ਪਰ ਬੜੀ ਤੇਜ਼ੀ ਨਾਲ ਵਾਪਰ ਰਹੀਆਂ ਮਹੱਤਵਪੂਰਨ ਘਟਨਾਵਾਂ ਨੇ ਸਾਨੂੰ ਅਗੇਤੀ ਮੀਟਿੰਗ ਕਰਨ ਤੋਂ ਅਟਕਾਈ ਰੱਖਿਆ। ਫੇਰ ਵੀ ਕ੍ਰਾਂਤੀਕਾਰੀ ਸਰਕਾਰ ਇਸ ਸਮੱਸਿਆ ਪ੍ਰਤੀ ਢੁਕਵੇਂ ਕਦਮ ਚੁੱਕਣ ਲਈ ਚਿੰਤਾ ਪ੍ਰਗਟਾਉਂਦੀ ਰਹੀ ਹੈ। ਕੁਝ ਕੰਮ ਕੀਤਾ ਵੀ ਗਿਆ ਹੈ ਅਤੇ ਸਰਕਾਰ ਦੇ ਕਈ ਮੈਂਬਰ ਇੱਕ ਤੋਂ ਵੱਧ ਵਾਰ ਇਸ ਸਵਾਲ ਨੂੰ ਉਠਾਉਂਦੇ ਰਹੇ ਹਨ, ਹਾਲ ਦੀ ਘੜੀ ਇਹ ਕਿਹਾ ਜਾ ਸਕਦਾ ਹੈ ਕਿ ਕਰਾਂਤੀ ਨੇ ਖੁਦ ਸਭਿਆਚਾਰ ਖੇਤਰ ਵਿਚ ਕੁਝ ਪ੍ਰੀਵਰਤਨ ਲਿਆਂਦੇ ਹਨ। ਸਿੱਟੇ ਵਜੋਂ ਕਲਾਕਾਰਾਂ ਦੇ ਕੰਮ ਦੀਆਂ ਹਾਲਤਾਂ ਵਿਚ ਤਬਦੀਲੀਆਂ ਵਾਪਰੀਆਂ ਹਨ।

ਮੇਰੀ ਰਾਏ ਹੈ ਕਿ ਨਿਰਾਸ਼ਾਵਾਦੀ ਪੱਖਾਂ ਨੂੰ ਕੁਝ ਜ਼ਿਆਦਾ ਹੀ ਉਛਾਲਿਆ ਗਿਆ ਹੈ। ਮੇਰੀ ਧਾਰਨਾ ਹੈ ਕਿ ਏਥੇ ਕੁਝ ਚਿੰਤਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ ਜਿਨ੍ਹਾਂ ਦਾ ਕਿ ਕੋਈ ਆਧਾਰ ਨਹੀਂ ਹੈ। ਇਸ ਖੇਤਰ ਵਿਚ ਜੋ ਅਸਲ ਤਬਦੀਲੀਆਂ ਵਾਪਰੀਆਂ ਹਨ ਲੇਖਕਾਂ ਤੇ ਕਲਾਕਾਰਾਂ ਦੀ ਅਜੋਕੀ ਸਥਿਤੀ ਨੂੰ ਵਿਚਾਰ-ਚਰਚਾ ਵੇਲੇ ਅਣਗੌਲਿਆਂ ਕੀਤਾ ਗਿਆ ਹੈ।

ਪੁਰਾਣੇ ਸਮਿਆਂ ਦੇ ਟਾਕਰੇ ਉੱਤੇ, ਇਸ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ ਕਿ ਕਿਊਬਾ ਵਿਚ ਲੇਖਕ ਤੇ ਕਲਾਕਾਰ ਚੰਗੇਰੀਆਂ ਪ੍ਰਸਥਿਤੀਆਂ ਵਿਚ ਕੰਮ ਕਰ ਰਹੇ ਹਨ, ਪੁਰਾਣੇ ਸਮੇਂ ਵਿਚ ਕਲਾਤਮਕ ਯਤਨ ਬੜੇ ਹੌਸਲਾ-ਢਾਹੂ ਹੁੰਦੇ ਸਨ। ਜੇ ਕਰਾਂਤੀ ਵਾਤਾਵਰਨ ਤੇ ਕੰਮ ਦੀਆਂ ਹਾਲਤਾਂ ਵਿਚ ਵੱਡੇ ਪਰਿਵਰਤਨ ਲਿਆ ਕੇ ਆਰੰਭ ਹੋਈ ਹੈ, ਤਾਂ ਅਸੀਂ ਡਰਦੇ ਕਿਉਂ ਹਾਂ ਕਿ ਇਹੀ ਕਰਾਂਤੀ ਇਸ ਨੂੰ ਤਬਾਹ ਕਰ ਦੇਵੇਗੀ।

ਇਹ ਗੱਲ ਯਕੀਨੀ ਹੈ ਕਿ ਇਹ ਸਮੱਸਿਆ ਸਿੱਧੀ ਜੇਹੀ ਨਹੀਂ। ਇਹ ਸਪੱਸ਼ਟ ਹੈ ਕਿ ਇਹ ਸਾਡੇ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਇਸ ਦਾ ਧਿਆਨ ਨਾਲ ਵਿਸ਼ਲੇਸ਼ਣ ਕਰੀਏ। ਇਹ ਤੁਹਾਡਾ ਅਤੇ ਸਾਡਾ ਦੋਹਾਂ ਦਾ ਫਰਜ਼ ਹੈ। ਇਹ ਉਹ ਸਮੱਸਿਆ ਹੈ ਜੋ ਕਿ ਬਹੁਤ ਵਾਰ ਅਤੇ ਬਹੁਤ ਸਾਰੇ ਇਨਕਲਾਬਾਂ ਸਮੇਂ ਉਤਪੰਨ ਹੁੰਦੀ ਰਹੀ ਹੈ। ਇਹ ਬਹੁਤ ਗੁੰਝਲਦਾਰ ਸਮੱਸਿਆ ਹੈ ਤੇ ਇਸ ਦਾ ਹੱਲ ਸੌਖਾ ਨਹੀਂ। •

ਵੱਖ ਵੱਖ ਸਾਥੀਆਂ ਨੇ ਜੋ ਏਥੇ ਬੋਲੇ ਹਨ, ਕਈ ਤਰ੍ਹਾਂ ਦੇ ਦ੍ਰਿਸ਼ਟੀਕੋਣ ਪੇਸ਼ ਕੀਤੇ ਹਨ ਤੇ ਉਨ੍ਹਾਂ ਨੇ ਇਸ ਦੀਆਂ ਕਈ ਦਲੀਲਾਂ ਦਿੱਤੀਆਂ ਹਨ। ਪਹਿਲੇ ਦਿਨ ਗੱਲ ਸ਼ੁਰੂ ਕਰਨ ਵੇਲੇ ਕੁਝ ਡਰਪੋਕਤਾ ਵਿਖਾਲੀ ਦਿੰਦੀ ਸੀ ਅਤੇ ਸਾਡੇ ਲਈ ਇਹ ਜ਼ਰੂਰੀ ਹੋ ਗਿਆ ਸੀ ਕਿ ਅਜੇਹੇ ਸਾਥੀਆਂ



ਨੂੰ ਅਸੀਂ ਦੱਸਦੇ ਕਿ ਉਹ ਸਮੱਸਿਆ ਨੂੰ ਖੁੱਲ੍ਹ ਕੇ ਪੇਸ਼ ਕਰਨ ਤੇ ਉਹ ਗੱਲਾਂ ਸਪੱਸ਼ਟ ਕਰਨ, ਜੋ ਉਹਨਾਂ ਨੂੰ ਚਿੰਤਤ ਕਰ ਰਹੀਆਂ ਹਨ।

ਜੇ ਸਾਨੂੰ ਭੁਲੇਖਾ ਨਹੀਂ ਹੈ ਤਾਂ ਬੁਨਿਆਦੀ ਸਮੱਸਿਆ ਜੋ ਵਾਤਾਵਰਨ ਵਿਚ ਪੇਸ਼ ਹੈ, ਉਹ ਕਲਾਤਮਕ ਸਿਰਜਣਾ ਦੀ ਆਜ਼ਾਦੀ ਦੀ ਹੈ, ਜਦੋਂ ਬਾਹਰਲੇ ਦੇਸ਼ਾਂ ਦੇ ਲੇਖਕ ਸਾਡੇ ਦੇਸ਼ ਆਏ ਸਨ, ਖਾਸ ਤੌਰ ਤੇ ਰਾਜਸੀ ਲੇਖਕ, ਤਾਂ ਇਹ ਸਵਾਲ ਇੱਕ ਤੋਂ ਵੱਧ ਵਾਰ ਉਠਾਏ ਗਏ ਸਨ। ਇਹ ਸਵਾਲ ਨਿਰਸੰਦੇਹ ਸਭ ਦੇਸ਼ਾਂ ਵਿੱਚ ਵਿਚਾਰ ਅਧੀਨ ਆਇਆ ਸੀ, ਜਿੱਥੇ ਵੀ ਸਾਡੇ ਵਾਂਗ ਵੱਡੇ ਇਨਕਲਾਬ ਵਾਪਰੇ ਸਨ।

ਅਚਾਨਕ ਹੀ ਜਦੋਂ ਅਸੀਂ ਇਸ ਹਾਲ ਵੱਲ ਆ ਰਹੇ ਸੀ ਤਾਂ ਇੱਕ ਸਾਥੀ ਨੇ ਇੱਕ ਕਿਤਾਬਚਾ ਲਿਆਂਦਾ, ਜਿਸ ਵਿੱਚ ਇਸ ਵਿਸ਼ੇ ਬਾਰੇ ਸਾਡੀ ਅਤੇ ਸਾਰਤਰ ਦੀ ਸੰਖੇਪ ਵਾਰਤਾਲਾਪ ਦਰਜ ਸੀ। ਇਹ ਲੀਸਾਡਰੋ ਓ ਟੀਰੋ ਦੀ ਪੁਸਤਕ "ਝੀਲ ਕਿਨਾਰੇ ਗੁਫ਼ਤਗੂ" ਵਿਚੋਂ ਲਈ ਗਈ ਸੀ।(8 ਮਾਰਚ 1960 ਵਿੱਚੋਂ)

ਅਜੇਹਾ ਸਵਾਲ ਇੱਕ ਹੋਰ ਮੌਕੇ ਉੱਤੇ ਉੱਤਰੀ ਅਮਰੀਕੀ ਲੇਖਕ ਰਾਈਟ ਮਿਲਜ਼ ਨੇ ਉਠਾਇਆ ਸੀ।

ਮੈਨੂੰ ਇਹ ਪ੍ਰਵਾਨ ਕਰਨਾ ਪਵੇਗਾ ਕਿ ਕਿਸੇ ਹੱਦ ਤੀਕ ਅਜੇਹੇ ਸਵਾਲਾਂ ਲਈ ਅਸੀਂ ਕੁਝ ਤਿਆਰ ਨਹੀਂ ਸੀ। ਅਸੀਂ ਕਰਾਂਤੀ ਦੇ ਸਮੇਂ ਆਪਣੇ ਲੇਖਕਾਂ ਤੇ ਕਲਾਕਾਰਾਂ ਨਾਲ ਕੋਈ "ਯੇਨਾਨ ਕਾਨਫਰੰਸ (ਚੀਨ ਵਰਗੀ) ਨਹੀਂ ਕੀਤੀ ਸੀ। ਅਸਲ ਵਿੱਚ ਇਹ ਅਜੇਹੀ ਕਰਾਂਤੀ ਸੀ, ਜਿਸਦਾ ਗਰਭ (Gestation) ਸਮਾਂ ਤੇ ਤਾਕਤ ਵਿਚ ਆਉਣ ਦਾ ਸਮਾਂ ਅਜੇਹਾ ਸੀ, ਜੋ ਕਿ ਇਕ ਨਵਾਂ ਰੀਕਾਰਡ ਸੀ। ਦੂਸਰੇ ਇਨਕਲਾਬਾਂ ਵਾਂਗ, ਇਸਨੇ ਅਜੇ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਲੱਭਿਆ ਸੀ। ਇਸ ਦੀਆਂ ਵਿਸ਼ੇਸ਼ਤਾਈਆਂ ਵਿਚੋਂ ਇੱਕ ਇਹ ਸੀ, ਸਮੇਂ ਦੇ ਦਬਾਅ ਹੇਠ ਸਮੱਸਿਆਵਾਂ ਦਾ ਟਾਕਰਾ ਕਰਨ ਦੀ ਲੋੜ ਸੀ ਅਤੇ ਅਸੀਂ ਕਰਾਂਤੀ ਵਾਂਗ ਹੀ, ਬਹੁਤ ਕੁਝ ਦਾ ਡੰਗ ਹੀ ਸਾਰਿਆ ਹੈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਹੈ ਕਿ ਇਸ ਕਰਾਂਤੀ ਦੇ ਗਰਭ ਦਾ ਸਮਾਂ ਏਨਾ ਨਹੀਂ ਸੀ, ਜਿੰਨਾ ਹੋਰ ਇਨਕਲਾਬਾਂ ਦਾ ਨਾ ਹੀ ਇਸਦੇ ਆਗੂਆਂ ਦੀ ਬੌਧਿਕ ਪਰਪੱਕਤਾ ਏਨੀ ਸੀ, ਜਿੰਨੇ ਹੋਰ ਇਨਕਲਾਬਾਂ ਦੇ ਆਗੂਆਂ ਦੀ। ਸਾਡਾ ਵਿਸ਼ਵਾਸ਼ ਹੈ ਕਿ ਅਸੀਂ ਆਪਣੇ ਦੇਸ਼ ਦੀਆਂ ਘਟਨਾਵਾਂ ਵਿੱਚ ਜਿੰਨਾ ਹੋ ਸਕਿਆ, ਹਿੱਸਾ ਪਾਇਆ ਹੈ ਅਸੀਂ ਸਮਝਦੇ ਹਾਂ ਕਿ ਸਾਰਿਆਂ ਦੀਆਂ ਕੋਸ਼ਿਸ਼ਾਂ ਸਦਕਾ ਅਸੀਂ ਆਪਣੀ ਸੱਚੀ ਕਰਾਂਤੀ ਨੂੰ ਸੰਪੂਰਨ ਕਰ ਰਹੇ ਹਾਂ ਅਤੇ ਇਹ ਕਰਾਂਤੀ ਵਿਕਾਸ ਕਰ ਰਹੀ ਹੈ ਤੇ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਇਸ ਸਦੀ ਦੀਆਂ ਘਟਨਾਵਾਂ ਵਿਚੋਂ ਇੱਕ ਪ੍ਰਸਿੱਧ ਘਟਨਾ ਬਣ ਜਾਵੇਗੀ।

ਫਿਰ ਵੀ ਇਸ ਹਕੀਕਤ ਦੇ ਬਾਵਜੂਦ ਕਿ ਇਹਨਾਂ ਘਟਨਾਵਾਂ ਵਿਚ ਇੱਕ ਪ੍ਰਮੁੱਖ ਹਿੱਸੇ ਦੇ ਬਾਵਜੂਦ ਅਸੀਂ ਆਪਣੇ ਆਪ ਨੂੰ ਕਰਾਂਤੀਕਾਰੀ ਸਿਧਾਂਤਕਾਰ ਜਾਂ ਬੁੱਧੀ-ਜੀਵੀ ਨਹੀਂ ਸਮਝਦੇ ਜੇ ਬੰਦਿਆਂ ਨੂੰ ਉਹਨਾਂ ਦੇ ਕੰਮਾਂ ਤੋਂ ਪਰਖਿਆ ਜਾਂਦਾ ਹੈ, ਤਾਂ ਸ਼ਾਇਦ ਸਾਡਾ ਇਹ ਹੱਕ ਬਣਦਾ ਹੈ ਕਿ ਅਸੀਂ ਇਸ ਇਨਕਲਾਬ ਨੂੰ ਆਪਣਾ ਫ਼ਖ਼ਰ ਸਮਝੀਏ, ਪਰ ਅਜੇ ਅਸੀਂ ਅਜੇਹਾ ਨਹੀਂ ਸਮਝਦੇ ਤੇ ਵਿਸ਼ਵਾਸ਼ ਕਰਦੇ ਹਾਂ ਕਿ ਅਸੀਂ ਸਾਰੇ ਹੀ ਅਜੇਹਾ ਵਤੀਰਾ ਅਪਣਾਈਏ ਤੇ ਇਸ ਤੱਥ ਨੂੰ ਪਾਸੇ ਰੱਖ

ਲਈਏ ਕਿ ਅਸੀਂ ਕੀ ਕੰਮ ਕੀਤਾ ਹੈ। ਭਾਵੇਂ ਸਾਡਾ ਕੰਮ ਕਿੰਨਾ ਵੀ ਸ਼ਲਾਘਾਯੋਗ ਕਿਉਂ ਨਾ ਹੋਵੇ, ਐਪਰ ਸਾਨੂੰ-ਇੰਝ ਸ਼ੁਰੂ ਕਰਨਾ ਚਾਹੀਦਾ ਹੈ ਕਿ ਅਸੀਂ ਈਮਾਨਦਾਰੀ ਨਾਲ ਇਹ ਸੋਚੀਏ ਕਿ ਅਸੀਂ ਦੂਜਿਆਂ ਨਾਲ਼ੋਂ ਬਹੁਤਾ ਨਹੀਂ ਜਾਣਦੇ ਤੇ ਇਹ ਵੀ ਨਾ ਸੋਚੀਏ ਕਿ ਸਾਡਾ ਦ੍ਰਿਸ਼ਟੀਕੋਣ ਅਡਿੱਗ (ਅਡੋਲ) ਹੈ ਤੇ ਉਹ ਲੋਕ ਜੋ ਸਾਡੇ ਵਾਂਗ ਨਹੀਂ ਸੋਚਦੇ, ਉਹ ਕੋਈ ਭੁਲੇਖੇ ਅਧੀਨ ਹਨ। ਅਰਥਾਤ ਸਾਨੂੰ ਆਪਣੇ ਆਪ ਨੂੰ ਈਮਾਨਦਾਰ ਸਥਿਤੀ ਵਿੱਚ ਰੱਖ ਕੇ, ਝੂਠੀ ਨਿਰਮਾਣਤਾ ਨਹੀਂ ਸਗੋਂ ਉਸ ਨੂੰ ਜੋ ਅਸੀਂ ਜਾਣਦੇ ਹਾਂ, ਦਾ ਮੁਲਾਂਕਣ ਕਰੀਏ। ਅਸੀਂ ਆਪਣੇ ਆਪ ਨੂੰ ਅਜੇਹੀ ਸਥਿਤੀ ਵਿਚ ਰੱਖ ਕੇ ਵੇਖਾਂਗੇ ਦਾ ਤਾਂ ਮੇਰਾ ਵਿਸ਼ਵਾਸ਼ ਹੈ ਕਿ ਸਾਨੂੰ ਭਰੋਸੇ ਨਾਲ ਅੱਗੇ ਵਧਣਾ ਸੌਖਾ ਹੋ ਜਾਵੇਗਾ। ਜੇ ਅਸੀਂ ਇਹ ਵਿਹਾਰ ਅਪਣਾ ਲਈਏ, ਤੁਸੀਂ ਤੇ ਮੈਂ ਦੋਵੇਂ ਹੀ, ਤਾਂ ਅੰਤਰਮੁਖੀ ਵਤੀਰਾ ਅਲੋਪ ਹੋ ਜਾਵੇਗਾ ਤੇ ਇਸ ਦੇ ਨਾਲ ਹੀ ਤੇ ਸਮੱਸਿਆਵਾਂ ਦਾ ਅੰਤਰਮੁਖੀ ਵਿਸ਼ਲੇਸ਼ਣ ਵੀ ਅਲੋਪ ਹੋ ਜਾਵੇਗਾ ਅਸਲ ਵਿਚ, ਅਸੀਂ ਜਾਣਦੇ ਕੀ ਹਾਂ? ਅਸੀਂ ਸਾਰੇ ਹੀ ਸਿੱਖ ਰਹੇ ਹਾਂ ਸਾਡੇ ਲਈ ਸਿੱਖਣ ਵਾਸਤੇ ਬਹੁਤ ਕੁਝ ਹੈ ਤੇ ਏਥੇ ਅਸੀਂ ਪੜ੍ਹਾਉਣ ਲਈ ਨਹੀਂ ਆਏ, ਅਸੀਂ ਸਿੱਖਣ ਲਈ ਵੀ ਆਏ ਹਾਂ।

ਏਥੇ ਕੁਝ ਖੌਫ਼ ਸਨ ਤੇ ਕੁਝ ਸਾਥੀਆਂ ਨੇ ਇਹ ਖੌਫ਼ ਪ੍ਰਗਟ ਵੀ ਕੀਤੇ ਹਨ।

ਉਹਨਾਂ ਦਾ ਪਤਾ ਲਾਉਣ ਪਿਛੋਂ, ਕਈ ਵਾਰ ਅਸਾਂ ਸੋਚਿਆ ਕਿ ਅਸੀਂ ਸੁਪਨੇ ਲੈ ਰਹੇ ਹਾਂ। ਸਾਨੂੰ ਭੁਲੇਖਾ ਜਿਹਾ ਸੀ ਕਿ ਸਾਡੇ ਪੈਰ ਪੱਕੀ ਤਰ੍ਹਾਂ ਨਾਲ ਧਰਤੀ ਉੱਤੇ ਟਿਕੇ ਹੋਏ ਨਹੀਂ ਸਨ ਕਿਉਂਕਿ ਜੇ ਸਾਡੇ ਕੁਝ ਡਰ ਤੇ ਚਿੰਤਾਵਾਂ ਸਨ ਤਾਂ ਕਰਾਂਤੀ ਨਾਲ ਸਬੰਧਤ ਸਨ। ਸਾਡੇ ਸਾਰਿਆਂ ਲਈ ਸਭ ਤੋਂ ਵੱਡੀ ਚਿੰਤਾ ਕਰਾਂਤੀ ਬਾਰੇ ਹੋਣੀ ਚਾਹੀਦੀ ਹੈ ਜਾਂ ਕੀ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸਾਡੀ ਕਰਾਂਤੀ ਨੇ ਸਭ ਲੜਾਈਆਂ ਜਿੱਤ ਲਈਆਂ ਹਨ? ਕੀ ਅਸ਼ੀਂ ਵਿਸ਼ਵਾਸ਼ ਕਰਦੇ ਹਾਂ ਕਿ ਹੁਣ ਕਰਾਂਤੀ ਨੂੰ ਕੋਈ ਖਤਰਾ ਨਹੀਂ ਹੈ? ਹਰ ਨਾਗਰਿਕ ਦਾ ਪਹਿਲਾ ਫਿਕਰ ਕੀ ਹੋਣਾ ਚਾਹੀਦਾ ਹੈ? ਕੀ ਇਹ ਹੋਣਾ ਚਾਹੀਦਾ ਹੈ ਕਿ ਜਿਸ ਦੀ ਅਵੱਸ਼ਕਤਾ ਸੀ ਕਿ ਕਰਾਂਤੀ ਉਸ ਤੋਂ ਅੰਗਰੇਜਾਂ ਰਹੀ ਹੈ ਜਾਂ ਕੀ ਇਹ ਕਲਾ ਦਾ ਗਲ਼ਾ ਘੁੱਟਣ ਜਾ ਰਹੀ ਹੈ। ਕਿ ਕੀ ਇਹ ਆਪਣੇ ਨਾਗਰਿਕਾਂ ਦੀ ਰਚਨਾਤਮਿਕ ਪ੍ਰਤਿਭਾ ਦਾ ਗਲ਼ਾ ਘੁੱਟਣ ਜਾ ਰਹੀ ਹੈ? ਕੀ ਇਹ ਖਤਰੇ ਕਾਲਪਨਿਕ ਹਨ ਜਾਂ ਅਸਲੀ ਜੋ ਸਾਡੀ ਰਚਨਾਤਮਕ ਭਾਵਨਾ ਲਈ ਖਤਰਾ ਬਣ ਸਕਦੇ ਹਨ ਜਾਂ ਕੀ ਉਹ ਖ਼ਤਰੇ ਹਨ ਜੋ ਸਾਡੇ ਇਨਕਲਾਬ ਨੂੰ ਖ਼ਤਰੇ ਵਿਚ ਪਾ ਸਕਦੇ ਹਨ?

ਇਹ ਸਵਾਲ ਕੇਵਲ ਇਹ ਦੱਸਣ ਲਈ ਨਹੀਂ ਉਠਾਇਆ ਜਾ ਰਿਹਾ, ਕਿ ਕੇਵਲ ਦਲੀਲ ਦੇਣ ਲਈ ਹੈ, ਸਗੋਂ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸਾਰੇ ਹੀ ਲੇਖਕਾਂ ਤੇ ਕਲਾਕਾਰਾਂ, ਜੋ ਇਨਕਲਾਬ ਨੂੰ ਸਮਝਦੇ ਹਨ ਤੇ ਇਸ ਨੂੰ ਇਨਸਾਫ਼-ਦਵਾਊ ਸਮਝਦੇ ਹਨ, ਉਹਨਾਂ ਨੂੰ ਵੀ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਇਨਕਲਾਬ ਲਈ ਕਿਹੜੀ ਗੱਲ ਤੋਂ ਖ਼ਤਰਾ ਹੈ ਅਤੇ ਅਸੀਂ ਇਨਕਲਾਬ ਦੀ ਕੀ ਸਹਾਇਤਾ ਕਰ ਸਕਦੇ ਹਾਂ? ਸਾਡਾ ਵਿਸ਼ਵਾਸ਼ ਹੈ ਕਿ ਇਨਕਲਾਬ ਨੇ ਹਾਲੀ ਕਈ ਲੜਾਈਆਂ ਲੜਨੀਆਂ ਹਨ ਤੇ ਸਾਡਾ ਮੱਤ ਹੈ ਕਿ ਸਾਡਾ ਪਹਿਲਾ ਵਿਚਾਰ ਅਤੇ ਚਿੰਤਾ ਇਨਕਲਾਬ ਹੀ ਹੋਣਾ ਚਾਹੀਦਾ ਹੈ। ਸਵਾਲ ਇਹ ਹੈ ਕਿ ਅਸੀਂ ਇਨਕਲਾਬ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਕੀ ਕਰ ਸਕਦੇ ਹਾਂ। ਇਹ ਸਵਾਲ ਪਹਿਲਾਂ ਆਉਂਦਾ ਹੈ ਅਥਵਾ ਇਨਕਲਾਬ ਤੇ ਫਿਰ ਇਸ ਤੋਂ ਪਿੱਛੋਂ, ਅਸੀਂ ਹੋਰ ਸਵਾਲਾਂ ਬਾਰੇ ਚਿੰਤਤ ਹੋ ਸਕਦੇ ਹਾਂ। ਇਸਦਾ ਇਹ ਅਰਥ ਨਹੀਂ ਕਿ



ਅਸੀਂ ਦੂਸਰੀਆਂ ਸਮੱਸਿਆਵਾਂ ਬਾਰੇ ਸੋਚੀਏ ਹੀ ਨਾ। ਐਪਰ ਸਾਡੇ ਦਿਮਾਗ਼ ਲਈ ਬੁਨਿਆਦੀ ਚਿੰਤਾ ਇਨਕਲਾਬ ਹੀ ਹੋਣਾ ਚਾਹੀਦਾ ਹੈ।

ਜਿਹੜੀ ਸਮੱਸਿਆ ਏਥੇ ਵਿਚਾਰ-ਗੋਚਰੀ ਹੈ ਤੇ ਜਿਸਦਾ ਅਸੀਂ ਹੱਲ ਤਲਾਸ਼ ਕਰ ਰਹੇ ਹਾਂ, ਉਹ ਹੈ ਲੇਖਕਾਂ ਤੇ ਕਲਾਕਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ।

ਤੁਸੀਂ ਚਿੰਤਾ ਕਰ ਰਹੇ ਹੋ ਕਿ ਕੀ ਕਰਾਂਤੀ ਇਸ ਆਜ਼ਾਦੀ ਦਾ ਗਲਾ ਘੁੱਟ ਦੇਵੇਗੀ ਤੇ ਕੀ ਕਰਾਂਤੀ ਲੇਖਕਾਂ ਤੇ ਕਲਾਕਾਰਾਂ ਦੀ ਸਿਰਜਣਾਤਮਕ ਭਾਵਨਾ ਨੂੰ ਸੱਟ ਮਾਰੇਗੀ?

ਏਥੇ ਰੂਪ (form) ਦੀ ਆਜ਼ਾਦੀ ਬਾਰੇ ਗੱਲ ਹੋਈ ਹੈ। ਹਰ ਕੋਈ ਇਸ ਗੱਲ ਨਾਲ ਸਹਿਮਤ ਹੈ ਕਿ ਰੂਪ ਦੀ ਅਜ਼ਾਦੀ ਦਾ ਸਤਿਕਾਰ ਕਰਨਾ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਇਸ ਨੁਕਤੇ ਬਾਰੇ ਕਿਸੇ ਨੂੰ ਵੀ ਕੋਈ ਸ਼ੰਕਾ ਨਹੀਂ ਹੈ।

ਇਹ ਸਾਵਲ ਵਧੇਰੇ ਨਾਜ਼ਕ ਹੈ ਤੇ ਅਸਲ ਵਿਚ ਵਿਚਾਰ-ਚਰਚਾ ਸਦਕਾ ਹੋਰ ਸੂਖ਼ਮ ਬਣ ਜਾਂਦਾ ਹੈ ਜਦੋਂ ਬੰਦਾ ਵਿਸ਼ਾ-ਵਸਤੂ ਦੀ ਅਜ਼ਾਦੀ ਦੀ ਗੱਲ ਨੂੰ ਵਿਚਾਰਦਾ ਹੈ। ਇਹ ਸੂਖ਼ਮ ਮਸਲਾ ਹੈ, ਕਿਉਂਕਿ ਇਸਦੀਆਂ ਵਿਭਿੰਨ ਵਿਆਖਿਆਵਾਂ ਹੋ ਸਕਦੀਆਂ ਹਨ। ਇਸ ਸਵਾਲ ਦਾ ਸਭ ਤੋਂ ਵਾਦ-ਵਿਵਾਦੀ ਨੁਕਤਾ ਇਹ ਹੈ, ਕਿ ਕੀ ਸਾਨੂੰ ਕਲਾਤਮਕ ਪ੍ਰਗਟਾਵੇ ਸਮੇਂ ਵਿਸ਼ੇ-ਵਸਤੂ ਨਾਲ ਸਬੰਧਤ ਅਸੀਮ (Absolute) ਆਜ਼ਾਦੀ ਹੋਣੀ ਚਾਹੀਦੀ ਹੈ ਜਾਂ ਨਹੀਂ? ਸਾਨੂੰ ਪ੍ਰਤੀਤ ਹੁੰਦਾ ਹੈ ਕਿ ਕੁਝ ਸਾਥੀਆਂ ਨੇ ਇਸ ਗੱਲ ਦੀ ਤਸਦੀਕ ਕੀਤੀ ਹੈ। ਸ਼ਾਇਦ ਇਸ ਖੌਫ਼ ਦਾ ਕਾਰਨ ਕਿ ਉਹ ਸਮਝਦੇ ਹਨ ਪਾਬੰਦੀਆਂ. ਬੰਦਸ਼ਾਂ, ਸੀਮਾਵਾਂ, ਨੇਮ, ਅਧਿਕਾਰੀ ਇਸ ਸਵਾਲ ਨੂੰ ਨਜਿਠਣਗੇ।

ਪਹਿਲੀ ਗੱਲ ਮੈਨੂੰ ਇਹ ਕਹਿਣ ਦੀ ਆਗਿਆ ਦੇਵੋ ਕਿ ਕਰਾਂਤੀ ਆਜ਼ਾਦੀ ਦੀ ਰਾਖੀ ਕਰਦੀ ਹੈ ਕਿ ਕਰਾਂਤੀ ਨੇ ਦੇਸ਼ ਵਾਸਤੇ ਉੱਚੀ ਪੱਧਰ ਦੀ ਸਵਤੰਤਰਤਾ ਲਿਆਂਦੀ ਹੈ ਤੇ ਆਪਣੀ ਪਰਕਿਰਤੀ ਵਜੋਂ ਕਰਾਂਤੀ ਆਜ਼ਾਦੀ ਦੀ ਦੁਸ਼ਮਣ ਨਹੀਂ ਹੋ ਸਕਦੀ ਤੇ ਜੇ ਕੁਝ ਲੋਕ ਚਿੰਤਤ ਹਨ ਕਿ ਕਰਾਂਤੀ ਉਹਨਾਂ ਦੀ ਪ੍ਰਗਟਾਵੇ ਦੀ ਭਾਵਨਾ ਦਾ ਗਲਾ ਘੁੱਟੇਗੀ ਤਾਂ ਇਹ ਚਿੰਤਾ ਗ਼ੈਰ-ਜ਼ਰੂਰੀ ਹੈ ਅਤੇ ਇਸ ਚਿੰਤਾ ਦੀ ਕੋਈ ਹੋਂਦ ਨਹੀਂ ਹੈ।

ਫਿਰ ਇਸ ਚਿੰਤਾ ਦਾ ਹੋਰ ਕੀ ਕਾਰਨ ਹੋ ਸਕਦਾ ਹੈ? ਕੇਵਲ ਉਹ ਲੋਕ, ਜਿਨ੍ਹਾਂ ਨੂੰ ਆਪਣੇ ਕਰਾਂਤੀਕਾਰੀ ਵਿਸ਼ਵਾਸ਼ਾਂ ਉੱਤੇ ਯਕੀਨ ਨਹੀਂ, ਉਹ ਹੀ ਇਸ ਸਮੱਸਿਆ ਬਾਰੇ ਚਿੰਤਾ ਕਰਨਗੇ। ਉਹ ਜਿਸ ਨੂੰ ਆਪਣੀ ਕਲਾ ਉੱਤੇ ਭਰੋਸਾ ਨਹੀਂ, ਜਿਸ ਨੂੰ ਆਪਣੀ ਸਿਰਜਣਾਤਮਿਕ ਯੋਗਤਾ ਉੱਤੇ ਵਿਸ਼ਵਾਸ਼ ਨਹੀਂ ਕੇਵਲ ਉਹੀ ਇਸ ਬਾਬਤ ਫਿਕਰਮੰਦ ਹੋ ਸਕਦਾ ਹੈ ਅਤੇ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੋਈ ਸੱਚਾ ਇਨਕਲਾਬੀ ਭਾਵੇਂ ਉਹ ਕਲਾਕਾਰ ਜਾਂ ਬੁੱਧੀਜੀਵੀ ਹੈ ਜੋ ਕਰਾਂਤੀ ਨੂੰ ਅਨੁਭਵ ਕਰਦਾ ਹੈ ਤੇ ਉਸ ਨੂੰ ਯਕੀਨ ਹੈ ਕਿ ਉਹ ਕਰਾਂਤੀ ਦੀ ਸੇਵਾ ਕਰਨ ਦੇ ਕਾਬਿਲ ਹੈ, ਉਸ ਨੂੰ ਹੀ ਅਜੇਹੀ ਸਮੱਸਿਆ ਦਾ ਸਾਹਮਣਾ ਕਰਨ ਪੈਂਦਾ ਹੈ। ਅਰਥਾਤ ਜੇ ਸੱਚੇ ਇਨਕਲਾਬੀ ਲੇਖਕਾਂ ਅਤੇ ਕਲਾਕਾਰਾਂ ਬਾਰੇ ਸੰਕੇ ਪੈਦਾ ਹੁੰਦੇ ਹਨ।

ਮੈਂ ਅਨੁਭਵ ਕਰਦਾ ਹਾਂ ਕਿ ਇਸ ਦਾ ਉੱਤਰ ਨਾਂਹ ਵਿਚ ਬਣਦਾ ਹੈ ਤੇ ਸੰਦੇਹ ਕੇਵਲ ਉਹਨਾਂ ਲੇਖਕਾਂ ਤੇ ਕਲਾਕਾਰਾਂ ਦੇ ਮਨਾਂ ਵਿਚ ਹੀ ਪੈਦਾ ਹੁੰਦੀ ਹੈ, ਜੋ ਉਲਟ-ਇਨਕਲਾਬੀ ਹੋਣ ਤੋਂ ਬਿਨਾਂ ਇਨਕਲਾਬੀ ਨਹੀਂ ਹਨ। ਇਹ ਵੀ ਸੱਚ ਹੈ ਕਿ ਇੱਕ ਲੇਖਕ ਤੇ ਕਲਾਕਾਰ ਜੋ ਸੱਚੇ ਅਰਥਾਂ ਵਿਚ

ਕਰਾਂਤੀਕਾਰੀ ਨਹੀਂ ਹੈ, ਨੂੰ ਇਹ ਸਵਾਲ ਪੁੱਛਣਾ ਚਾਹੀਦਾ ਹੈ। ਇਕ ਈਮਾਨਦਾਰ ਲੇਖਕ ਜਾਂ ਕਲਕਾਰਾਂ, ਜੋ ਇਨਕਲਾਬ ਦੇ ਮਨੋਰਥ ਅਤੇ ਇਨਸਾਫ਼ ਸਮਝਦਾ ਹੈ, ਐਪਰ ਉਹ ਇਨਕਲਾਬ ਦਾ ਭਾਗ ਨਹੀਂ ਬਣਦਾ, ਉਸ ਨੂੰ ਸਪੱਸ਼ਟ ਤੌਰ ਤੇ ਇਸ ਸਵਾਲ ਦਾ ਸਾਹਮਣਾ ਕਰਨਾ ਚਾਹੀਦਾ ਹੈ ਕਿਉਂਕਿ ਇੱਕ ਇਨਕਲਾਬੀ ਸਭ ਸਵਾਲਾਂ ਤੋਂ ਉੱਪਰ ਕਿਸੇ ਚੀਜ਼ ਨੂੰ ਰੱਖਦਾ ਹੈ। ਇਹ ਇਨਕਲਾਬੀ ਆਪਣੀ ਰਚਨਾਤਮਕ ਭਾਵਨਾ ਤੋਂ ਵੀ ਇਸ ਨੂੰ ਉੱਪਰ ਸਮਝਦਾ ਹੈ। ਉਹ ਇਨਕਲਾਬ ਨੂੰ ਸਭ ਤੋਂ ਉੱਪਰ ਰੱਖਦਾ ਹੈ ਅਤੇ ਸਭ ਤੋਂ ਵੱਧ ਇਨਕਲਾਬੀ ਕਲਾਕਾਰ ਉਹ ਹੈ ਜੋ ਇਨਕਲਾਬ ਦੇ ਸੱਦੇ ਉੱਤੇ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ, ਅਰਥਾਤ ਆਪਣੇ ਕਲਾਤਮਕ ਬੁਲਾਵੇ ਨੂੰ ਵੀ ਕੁਰਬਾਨ ਕਰ ਦਿੰਦਾ ਹੈ।

ਕਿਸੇ ਨੇ ਵੀ ਕਦੇ ਸੋਚਿਆ ਨਹੀਂ ਹੋਣਾ ਕਿ ਹਰ ਆਦਮੀ, ਹਰ ਲੇਖਕ ਜਾਂ ਹਰ ਕਲਾਕਾਰ ਨੂੰ ਇਨਕਲਾਬੀ ਹੋਣਾ ਚਾਹੀਦਾ ਹੈ, ਜਿਵੇਂ ਕੋਈ ਵੀ ਵਿਸ਼ਵਾਸ਼ ਨਹੀਂ ਕਰਦਾ ਕਿ ਹਰ ਬੰਦੇ ਨੂੰ ਕਲਾਕਾਰ ਹੋਣਾ ਚਾਹੀਦਾ ਜਾਂ ਹਰ ਈਮਾਨਦਾਰ ਮਨੁੱਖ ਏਸੇ ਕਾਰਨ ਕਿ ਉਹ ਈਮਾਨਦਾਰ ਹੈ, ਇਸ ਲਈ ਉਹ ਵੀ ਇਨਕਲਾਬੀ ਹੋਵੇਗਾ। ਇਨਕਲਾਬੀ ਹੋਣ ਲਈ ਜ਼ਿੰਦਗੀ ਪ੍ਰਤੀ ਇੱਕ ਵਤੀਰਾ ਚਾਹੀਦਾ ਹੈ ਤੇ ਕੁਝ ਆਦਮੀ ਹਨ ਜੋ ਤਿਆਗੀ ਹੁੰਦੇ ਹਨ ਤੇ ਉਹ ਯਥਾਰਥ ਅਨੁਸਾਰ ਢਲ ਜਾਂਦੇ ਹਨ ਤੇ ਕੁਝ ਆਦਮੀ ਹੁੰਦੇ ਹਨ ਜੋ ਤਿਆਗੀ ਨਹੀਂ ਹੁੰਦੇ ਤੇ ਜੀਵਨ ਪ੍ਰਤੀ ਆਪਣੇ ਆਪ ਨੂੰ ਢਾਲ਼ਦੇ ਨਹੀਂ, ਸਗੋਂ ਇਸ ਯਥਾਰਥ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਨ। ਏਸੇ ਕਾਰਨ ਹੀ ਉਹ ਇਨਕਲਾਬੀ ਹੁੰਦੇ ਹਨ।

ਪਰ ਅਜੇਹੇ ਵੀ ਕੁਝ ਆਦਮੀ ਹੋ ਸਕਦੇ ਹਨ ਜੋ ਯਥਾਰਥ ਪ੍ਰਤੀ ਆਪਣੇ ਆਪ ਨੂੰ ਢਾਲ ਲੈਂਦੇ ਹਨ ਤੇ ਉਹ ਈਮਾਨਦਾਰ ਵੀ ਹੁੰਦੇ ਹਨ। ਫਰਕ ਇਹ ਹੁੰਦਾ ਹੈ ਕਿ ਉਹਨਾਂ ਦੀ ਭਾਵਨਾ ਇਨਕਲਾਬੀ ਨਹੀਂ ਹੁੰਦੀ, ਸਿਵਾਏ ਇਸ ਗੱਲ ਦੇ ਕਿ ਉਹਨਾਂ ਦਾ ਯਥਾਰਥ ਪ੍ਰਤੀ ਵਤੀਰਾ ਇਨਕਲਾਬੀ ਨਹੀਂ ਹੁੰਦਾ। ਨਿਰਸੰਦੇਹ ਅਜੇਹੇ ਕਲਾਕਾਰ ਤੇ ਚੰਗੇ ਲੇਖਕ ਵੀ ਹੁੰਦੇ ਹਨ, ਜਿਨ੍ਹਾਂ ਦਾ ਵਤੀਰਾ ਇਨਕਲਾਬੀ ਨਹੀਂ ਹੁੰਦਾ। ਇਸ ਭਾਂਤ ਦੇ ਕਲਾਕਾਰ ਅਤੇ ਬੁੱਧੀਜੀਵੀ ਹੀ ਹੁੰਦੇ ਹਨ, ਜੋ ਇਨਕਲਾਬ ਲਈ ਸਮੱਸਿਆ ਬਣਦੇ ਹਨ।

ਕਿਸੇ ਸਵਾਰਥੀ (Mercenary) ਕਲਾਕਾਰ ਜਾਂ ਬੁੱਧੀ-ਜੀਵੀ ਲਈ, ਕਿਸੇ ਬੇਈਮਾਨ ਕਲਾਕਾਰ ਜਾਂ ਬੁੱਧੀਜੀਵੀ ਲਈ, ਕਦੇ ਵੀ ਕੋਈ ਸਮੱਸਿਆ ਨਹੀਂ ਹੁੰਦੀ। ਉਸ ਨੂੰ ਪਤਾ ਹੁੰਦਾ ਹੈ ਕਿ ਉਸਨੇ ਕੀ ਕਰਨਾ ਹੈ। ਉਹ ਜਾਣਦਾ ਕਿ ਉਸ ਦਾ ਹਿੱਤ ਕਿੱਥੇ ਹੈ। ਉਸ ਨੂੰ ਖ਼ਬਰ ਹੈ ਕਿ ਉਹ ਕਿੱਥੇ ਜਾ ਰਿਹਾ ਹੈ।

ਕਿਸੇ ਕਲਾਕਾਰ ਜਾਂ ਬੁੱਧੀ-ਜੀਵੀ ਲਈ ਜਿਸਦਾ ਜੀਵਨ ਪ੍ਰਤੀ ਵਤੀਰਾ ਇਨਕਲਾਬੀ ਨਹੀਂ ਹੈ, ਪਰ ਜਿਹੜਾ ਉਂਝ ਈਮਾਨਦਾਰ ਆਦਮੀ ਹੈ, ਉਸ ਲਈ ਜੀਵਨ ਦੀ ਅਸਲੀ ਸਮੱਸਿਆ ਹੁੰਦੀ ਹੈ। ਇਹ ਸਪੱਸ਼ਟ ਹੈ ਕਿ ਜਿਸ ਮਨੁੱਖ ਦਾ ਅਜੇਹਾ ਜੀਵਨ-ਪ੍ਰਤੀ ਵਤੀਰਾ ਹੈ, ਭਾਵੇਂ ਉਹ ਇਨਕਲਾਬੀ ਜਾਂ ਨਹੀਂ, ਜੇ ਉਹ ਕਲਾਕਾਰ ਹੈ ਜਾਂ ਨਹੀਂ, ਉਸਦੇ ਨਿਸ਼ਾਨੇ ਹੁੰਦੇ ਹਨ, ਉਸ ਦੇ ਜੀਵਨ ਮਨਰੋਥ ਹੁੰਦੇ ਹਨ, ਤੇ ਸਾਨੂੰ ਸਭ ਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ ਕਿ ਸਾਡੇ ਕੀ ਮਨਰੋਥ ਅਤੇ ਉਦੇਸ਼ ਹਨ?



ਕਿਸੇ ਇਨਕਲਾਬੀ ਲਈ, ਅਜੇਹੇ ਮਨੋਰਥ ਅਤੇ ਨਿਸ਼ਾਨੇ ਯਥਾਰਥ ਨੂੰ ਤਬਦੀਲ ਕਰਨ ਵੱਲ ਸੇਧਿਤ ਹੁੰਦੇ ਹਨ ਇਹ ਮਨਰੋਥ ਅਤੇ ਨਿਸ਼ਾਨੇ ਮਨੁੱਖ ਦੀ ਮੁਕਤੀ ਵੱਲ ਸੇਧਿਤ ਹੁੰਦੇ ਹਨ। ਇਹ ਖ਼ੁਦ ਮਨੁੱਖ ਹੁੰਦਾ ਹੈ ਤੇ ਉਸ ਦਾ ਸਾਥੀ ਮਨੁੱਖ ਅਤੇ ਇਸ ਸਾਥੀ ਮਨੁੱਖ ਵੀ ਮੁਕਤੀ, ਜਿਹੜੀ ਕਿ.ਇਕ ਇਨਕਲਾਬੀ ਦਾ ਜੀਵਨ-ਮਨੋਰਥ ਹੁੰਦਾ ਹੈ। ਜੇ ਉਹ ਸਾਨੂੰ ਇਨਕਲਾਬੀਆਂ ਨੂੰ ਪੁੱਛਣ ਕਿ ਸਾਡੇ ਲਈ ਸਭ ਤੋਂ ਮਹੱਤਵਪੂਰਨ ਗੱਲ ਕਿਹੜੀ ਹੈ ਤਾਂ ਅਸੀਂ ਕਹਾਂਗੇ ਕਿ "ਲੋਕ"। ਅਸੀਂ ਸਦਾ ਹੀ ਲੋਕ ਸ਼ਬਦ ਬੋਲਾਂਗੇ। ਸਹੀ ਅਰਥਾਂ ਵਿਚ ਲੋਕ, ਅਰਥਾਤ, ਬਹੁ-ਗਿਣਤੀ ਲੋਕ, ਜਿਹਨਾਂ ਨੂੰ ਲੁੱਟ-ਖਸੁੱਟ ਅਧੀਨ ਰਹਿਣਾ ਪੈਂਦਾ ਹੈ ਤੇ ਬੇਫਿਰਕ ਅਣਗੌਲ਼ੇ ਵਾਤਾਵਰਨ ਵਿੱਚ। ਸਾਡੀ ਬੁਨਿਆਦੀ ਚਿੰਤਾ, ਹਮੇਸ਼ਾ ਹੀ ਬਹੁ-ਗਿਣਤੀ ਲੋਕ ਹੋਣਗੇ। ਕੁਚਲ਼ੀਆਂ ਤੇ ਲੁਟੀਦੀਆਂ ਸ਼੍ਰੇਣੀਆਂ, ਜਿਸ ਦ੍ਰਿਸ਼ਟੀਕੋਣ ਰਾਹੀਂ ਅਸੀਂ ਸਾਰਾ ਜੀਵਨ ਤੱਕਦੇ ਹਾਂ, ਜੋ ਕੁਝ ਵੀ ਉਹਨਾਂ ਲਈ ਠੀਕ ਹੈ, ਉਹ ਸਾਡੇ ਲਈ ਵੀ ਠੀਕ ਹੋਵੇਗਾ ਜੋ ਵੀ ਉੱਚਾ ਸੁੱਚਾ ਹੈ, ਲਾਹੇਵੰਦ ਤੇ ਖ਼ੂਬਸੂਰਤ ਹੈ, ਉਹ ਸਾਡੇ ਲਈ ਵੀ ਲਾਹੇਵੰਦਾਂ, ਪਵਿੱਤਰ ਤੇ ਖ਼ੂਬਸੂਰਤ ਹੋਵੇਗਾ।

ਜੇ ਕੋਈ ਮਨੁੱਖ ਆਮ-ਲੋਕਾਂ ਲਈ ਤੇ ਉਹਨਾਂ ਬਾਰੇ ਨਹੀਂ ਸੋਚਦਾ, ਅਰਥਾਤ ਜੋ ਬਹੁ-ਗਿਣਤੀ ਲੁਟੀਂਦੇ ਲੋਕਾਂ ਲਈ ਸੋਚਦਾ ਜਾਂ ਕੰਮ ਨਹੀਂ ਕਰਦਾ, ਉਹਨਾਂ ਬਹੁ-ਗਿਣਤੀ ਲੋਕਾਂ ਲਈ ਜਿਹਨਾਂ ਦੀ ਅਸੀਂ ਮੁਕਤੀ ਚਾਹੁੰਦੇ ਹਾਂ ਤਾਂ ਸਪੱਸ਼ਟ ਹੈ ਕਿ ਉਹ ਵਤੀਰਾ ਇਨਕਲਾਬੀ ਨਹੀਂ ਹੋਵੇਗਾ।

ਏਸੇ ਹੀ ਦ੍ਰਿਸ਼ਟੀਕੋਣ ਤੋਂ ਅਸੀਂ ਨੇਕੀ, ਲਾਹੇਵੰਦੀ ਅਤੇ ਹਰ ਸਰਗਰਮੀ ਦੀ ਸੁੰਦਰਤਾ ਦਾ ਵਿਸ਼ਲੇਸ਼ਣ ਕਰਦੇ ਹਾਂ।

ਅਸੀਂ ਸਮਝਦੇ ਹਾਂ ਕਿ ਇਹ ਕਿਤਨੀ ਦੁਖਾਂਤਕ ਗੱਲ ਹੋਵੇਗੀ ਕਿ ਕੋਈ ਜਣਾ ਇਸ ਗੱਲ ਨੂੰ ਸਮਝਦਾ ਵੀ ਹੈ ਅਤੇ ਫੇਰ ਵੀ ਉਸ ਵਿਰੁੱਧ ਲੜਨ ਲਈ ਇਕਬਾਲ ਕਰਨ ਤੋਂ ਇਨਕਾਰੀ ਹੈ।

ਅਸੀਂ ਇਨਕਲਾਬੀ ਹਾਂ ਤੇ ਇਸ ਦਾ ਦਾਅਵਾ ਵੀ ਕ਼ਰਦੇ ਹਾਂ ਕਿ ਅਸੀਂ ਇਨਕਲਾਬੀ ਹਾਂ। ਜਿਹੜਾ ਕੋਈ ਵੀ ਜੋ ਇਨਕਲਾਬੀ ਨਾਲੋਂ ਵਧੇਰੇ ਕਲਾਕਾਰ ਹੈ ਕਦੇ ਵੀ ਉਸ ਤਰ੍ਹਾਂ ਨਹੀਂ ਸੋਚ ਸਕਦਾ, ਜਿਵੇਂ ਅਸੀਂ ਸੋਚਦੇ ਹਾਂ। ਅਸੀਂ ਬਿਨਾ ਕਿਸੇ ਦਵੰਦ ਤੋਂ ਲੋਕਾਂ ਲਈ ਸੰਘਰਸ਼ ਕਰਦੇ ਹਾਂ। ਅਸੀਂ ਜਾਣਦੇ ਹਾਂ ਕਿ ਜੋ ਕੁਝ ਅਸੀਂ ਮਨ ਵਿਚ ਧਾਰਿਆ ਹੈ, ਉਸ ਨੂੰ ਪ੍ਰਾਪਤ ਕਰ ਸਕਦੇ ਹਾਂ ਮਨੁੱਖ ਨਿਸ਼ਾਨਾ ਤਾਂ ਲੋਕ ਹੁੰਦੇ ਹਨ। ਸਾਨੂੰ ਆਪਣੇ ਬਾਰੇ ਸੋਚਣ ਨਾਲੋਂ ਪਹਿਲਾਂ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਅਤੇ ਕੇਵਲ ਇਹੀ ਵਤੀਰਾ ਹੈ, ਜਿਸਨੂੰ ਸਹੀ ਅਰਥਾਂ ਵਿਚ ਇਨਕਲਾਬੀ ਕਿਹਾ ਜਾ ਸਕਦਾ ਹੈ, ਇਹ ਗੱਲ ਉਹਨਾਂ ਲਈ ਹੈ ਜੋ ਅਜੇਹਾ ਵਤੀਰਾ ਧਾਰਨ ਨਹੀਂ ਕਰਦੇ ਜਾਂ ਅਜੇਹਾ ਵਤੀਰਾ ਨਹੀਂ ਰੱਖਦੇ, ਪਰ ਉਹ ਲੋਕ ਈਮਾਨਦਾਰ ਹੁੰਦੇ ਹਨ, ਉਹਨਾਂ ਲਈ ਇਹ ਸਮੱਸਿਆ ਹੁੰਦੀ ਹੈ। ਜਿਵੇਂ ਉਹਨਾਂ ਲਈ ਕਰਾਂਤੀ ਇੱਕ ਸਮੱਸਿਆ ਹੁੰਦੀ ਹੈ ਤਾਂ ਉਹ ਵੀ ਇੱਕ ਸਮੱਸਿਆ ਹੁੰਦੇ ਹਨ, ਜਿਨ੍ਹਾਂ ਨਾਲ ਕਿ ਕਰਾਂਤੀ ਸਬੰਧਤ ਹੋਣੀ ਚਾਹੀਦੀ ਹੈ।

ਮੁੱਦਾ ਇਹ ਸੀ ਕਿ ਅਜੇਹੇ ਬਹੁਤ ਸਾਰੇ ਲੇਖਕ ਤੇ ਕਲਾਕਾਰ ਸਨ, ਜੋ ਕ੍ਰਾਂਤੀਕਾਰੀ ਨਹੀਂ ਸਨ, ਪਰ ਈਮਾਨਦਾਰ ਲੇਖਕ ਤੇ ਕਲਾਕਾਰ ਸਨ। ਉਹ ਕ੍ਰਾਂਤੀ ਦੀ ਸਹਾਇਤਾ ਕਰਨੀ ਚਾਹੁੰਦੇ ਸਨ ਅਤੇ ਕ੍ਰਾਂਤੀ ਵੀ ਉਹਨਾਂ ਦੀ ਸਹਾਇਤਾ ਵਿਚ ਦਿਲਚਸਪੀ ਵਿਖਾਉਂਦੀ ਸੀ। ਉਹ ਕ੍ਰਾਂਤੀ ਲਈ ਕੰਮ

ਕਰਨਾ ਚਾਹੁੰਦੇ ਸਨ ਤੇ ਕ੍ਰਾਂਤੀ ਨੂੰ ਦਿਲਚਸਪੀ ਸੀ ਕਿ ਉਹ ਲੇਖਕ ਆਪਣੇ ਗਿਆਨ ਅਤੇ ਆਪਣੀਆਂ ਕੋਸ਼ਿਸ਼ਾਂ ਨਾਲ ਸਹਾਇਤਾ ਕਰਨ।

ਜਦੋਂ ਵਿਸ਼ੇਸ਼ ਕੇਸਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਸਦੀ ਪ੍ਰਸ਼ੰਸਾ ਕਰਨੀ ਸੌਖੇਰੀ ਹੈ। ਪਰ ਇਹਨਾਂ ਵਿਸ਼ੇਸ਼ ਕੇਸਾਂ ਵਿੱਚ ਬਹੁਤ ਸਾਰੇ ਹਨ, ਜਿਨ੍ਹਾਂ ਦਾ ਵਿਸ਼ਲੇਸ਼ਣ ਕਰਨਾ ਆਸਾਨ ਨਹੀਂ। ਇੱਕ ਕੈਥੋਲਿਕ ਵਿਚਾਰਾਂ ਦਾ ਲੇਖਕ ਏਥੇ ਬੋਲ ਕੇ ਗਿਆ ਹੈ। ਉਸ ਨੇ ਉਹ ਸਮੱਸਿਆਵਾਂ ਉਠਾਈਆਂ ਹਨ ਜਿਨ੍ਹਾਂ ਬਾਰੇ ਉਹ ਚਿੰਤਤ ਸੀ ਤੇ ਉਹ ਬਹੁਤ ਸਪੱਸ਼ਟਤਾ ਨਾਲ ਬੋਲਿਆ ਸੀ? ਉਸਨੇ ਪੁੱਛਿਆ ਸੀ ਕਿ ਕੀ ਉਹ ਕਿਸੇ ਨਿਸ਼ਚਤਤ ਸਮੱਸਿਆ ਬਾਰੇ, ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰ ਸਕਦਾ ਹੈ ਤੇ ਆਪਣੇ ਦ੍ਰਿਸ਼ਟੀਕੋਣ ਦਾ ਪੱਖ ਪੂਰ ਸਕਦਾ ਹੈ। ਉਸਨੇ ਸਪੱਸ਼ਟ ਤੌਰ ਤੇ ਪੁੱਛਿਆ ਕਿ ਕੀ ਇੱਕ ਇਨਕਲਾਬੀ ਰਾਜ-ਪ੍ਰਬੰਧ ਅਧੀਨ ਉਹ ਆਪਣੇ ਜਜ਼ਬਾਤ ਨੂੰ ਆਪਣੀ ਸੋਚ ਅਨੁਸਾਰ ਪ੍ਰਗਟ ਕਰ ਸਕਦਾ ਹੈ? ਉਸ ਨੇ ਆਪਣੀ ਸਮੱਸਿਆ ਇਸ ਰੂਪ ਵਿਚ ਪੇਸ਼ ਕੀਤੀ ਜਿਸਨੂੰ ਕਿ ਚਿੰਨ੍ਹਾਤਮਕ ਕਹਿ ਸਕਦੇ ਹਾਂ। ਉਸ ਨੂੰ ਇਹ ਜਾਨਣ ਦੀ ਉਤਸਕਤਾ ਸੀ ਕਿ ਕੀ ਉਹ ਆਪਣੇ ਜਜ਼ਬਾਤ ਨੂੰ ਆਪਣੀ ਵਿਚਾਰਧਾਰਾ ਅਨੁਕੂਲ ਪ੍ਰਗਟ ਕਰ ਸਕਦਾ ਹੈ, ਜਿਹੜੀ ਕਿ ਇਨਕਲਾਬ ਦੀ ਵਿਚਾਰਧਾਰਾ ਨਹੀਂ ਸੀ। ਉਹ ਸਮਾਜਕ ਅਤੇ ਆਰਥਿਕ ਸਵਾਲਾਂ ਬਾਰੇ ਇਨਕਲਾਬ ਨਾਲ ਸਹਿਮਤ ਸੀ, ਐਪਰ ਉਸ ਦੀ ਫਲਸਫ਼ਾਨਾ ਦ੍ਰਿਸ਼ਟੀ ਇਨਕਲਾਬ ਤੋਂ ਭਿੰਨ ਸੀ ਤੇ ਇਹ ਮਸਲਾ ਚੇਤੇ ਰੱਖਣ ਦੇ ਕਾਬਲ ਹੈ ਕਿਉਂਕਿ ਇਹ ਉਹਨਾਂ ਲੇਖਕਾਂ ਤੇ ਕਲਾਕਾਰਾਂ ਦੇ ਇੱਕ ਗਰੁੱਪ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜੇ ਕ੍ਰਾਂਤੀ ਪ੍ਰਤੀ ਹਮਦਰਦੀ-ਭਰਿਆ ਵਿਹਾਰ ਰੱਖਦੇ ਹਨ ਅਤੇ ਉਹ ਇਹ ਜਾਨਣਾ ਚਾਹੁੰਦੇ ਹਨ ਕਿ ਇਨਕਲਾਬੀ ਹਾਲਤਾਂ ਅਧੀਨ ਉਹਨਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਕਿਸ ਹੱਦ ਤੀਕਰ ਆਜ਼ਾਦੀ ਹੈ, ਜੋ ਉਹਨਾਂ ਦੀਆਂ ਭਾਵਨਾਵਾਂ ਦੇ ਅਨੁਸਾਰ ਹੋਵੇ।

ਇਹ ਉਹ ਧਿਰ ਹੈ, ਜੋ ਇਨਕਲਾਬ ਲਈ ਇੱਕ ਸਮੱਸਿਆ ਪੈਦਾ ਕਰਦੀ ਹੈ ਜਿਵੇਂ ਕਿ ਇਨਕਲਾਬ ਵੀ ਇਹਨਾਂ ਲਈ ਸਮੱਸਿਆ ਹੈ ਤੇ ਇਹ ਕ੍ਰਾਂਤੀ ਦਾ ਵੀ ਫ਼ਰਜ ਹੈ ਕਿ ਉਹ ਅਜੇਹੇ ਕੇਸਾਂ ਬਾਰੇ ਚਿੰਤਤ ਹੋਵੇ। ਇਹ ਕ੍ਰਾਂਤੀ ਦਾ ਫਰਜ਼ ਹੈ ਕਿ ਉਹ ਨਾ ਲੇਖਕਾਂ ਤੇ ਕਲਾਕਾਰਾਂ ਦੀ ਅਵਸਥਾ ਬਾਰੇ ਸੋਚੇ, ਕਿਉਂਕਿ ਕ੍ਰਾਂਤੀ ਨੂੰ ਵੀ, ਕ੍ਰਾਂਤੀਕਾਰੀਆਂ ਵੱਲ ਆਪਣੀਆਂ ਕੋਸ਼ਿਸ਼ਾਂ ਝੁਕਾਉਣੀਆਂ ਚਾਹੀਦੀਆਂ ਹਨ। ਉਹਨਾਂ ਲੇਖਕਾਂ ਤੇ ਬੁੱਧੀਜੀਵੀਆਂ ਤੋਂ ਵੱਧ ਜੋ ਕ੍ਰਾਂਤੀ ਦੇ ਕਰੀਬ ਆ ਰਹੇ ਹਨ। ਇਹ ਸੰਭਵ ਹੈ ਕਿ ਉਹ ਆਦਮੀ ਤੇ ਇਸਤਰੀਆਂ ਜੋ ਸੱਚੇ ਅਰਥਾਂ ਵਿੱਚ ਯਥਾਰਥ ਵੱਲ ਇਨਕਲਾਬੀ ਵਤੀਰਾ ਰੱਖਦੇ ਹਨ, ਪਰ ਸਮੁੱਚੀ ਵੱਸੋਂ ਦਾ ਸਭ ਤੋਂ ਵੱਡਾ ਹਿੱਸਾ ਨਹੀਂ ਬਣਦੇ।

ਕ੍ਰਾਂਤੀਕਾਰੀ, ਲੋਕਾਂ ਦਾ ਮੋਹਰਲਾ ਦਸਤਾ (Vanguard)ਤੇ ਹੁੰਦੇ ਹਨ, ਪਰ ਇਹਨਾਂ ਕ੍ਰਾਂਤੀਕਾਰੀਆਂ ਨੂੰ ਸਭ ਲੋਕਾਂ ਨੂੰ ਆਪਣੇ ਨਾਲ ਤੋਰਨ ਲਈ ਲੋਕਾਂ ਵੱਲ ਮੋੜ ਕੱਟਣਾ ਚਾਹੀਦਾ ਹੈ। ਕਿਉਂਕਿ ਕ੍ਰਾਂਤੀ ਕਦੇ ਵੀ ਸਭ ਈਮਾਨਦਾਰ ਆਦਮੀ ਅਤੇ ਇਸਤਰੀਆਂ ਨੂੰ ਜੋ ਭਾਵੇਂ ਲੇਖਕ ਜਾਂ ਕਲਾਕਾਰ ਨਹੀਂ ਵੀ ਹਨ, ਪਰ ਨਾਲ ਤੁਰ ਰਹੇ ਹਨ, ਨੂੰ ਆਪਣੇ ਵੱਲ ਝੁਕਣ ਦੀਆਂ ਕੋਸ਼ਿਸ਼ਾਂ ਨੂੰ ਤਿਆਗ ਨਹੀਂ ਸਕਦੀ। ਉਹ ਵੀ ਜਿਨ੍ਹਾਂ ਨੂੰ ਕ੍ਰਾਂਤੀ ਬਾਰੇ ਕੁਝ ਸ਼ੱਕ ਹਨ ਤੇ ਕ੍ਰਾਂਤੀ ਨੂੰ ਲੋਕਾਂ ਦੇ ਸਭ ਤੋਂ ਵੱਡੇ ਹਿੱਸੇ ਨੂੰ ਆਪਣੇ ਖ਼ਿਆਲਾਂ ਵੱਲ ਖਿੱਚਣ ਦੇ ਯਤਨ ਜਾਰੀ ਰੱਖਦੇ ਹਨ। ਕ੍ਰਾਂਤੀ ਨੂੰ ਕਦੇ ਵੀ ਲੋਕਾਂ ਦੀ ਬਹੁ-ਗਿਣਤੀ ਨੂੰ ਆਪਣੇ ਵੱਲ ਖਿੱਚਣ ਦਾ ਖਿਆਲ ਭੁੱਲਣਾ ਨਹੀਂ ਚਾਹੀਦਾ। ਇਹ



ਗਿਣਤੀ ਕੇਵਲ ਕ੍ਰਾਂਤੀਕਾਰੀਆਂ ਦਾ ਹੀ ਨਹੀਂ, ਸਗੋਂ ਸਾਰੇ ਹੀ ਈਮਾਨਦਾਰ ਨਾਗਰਿਕਾਂ ਦੀ ਹੋਵੇ, ਜੋ ਭਾਵੇਂ ਇਨਕਲਾਬੀ ਨਾ ਵੀ ਹੋਣ, ਅਰਥਾਤ ਭਾਵੇਂ ਉਹਨਾਂ ਦਾ ਵਿਹਾਰ ਕ੍ਰਾਂਤੀਕਾਰੀ ਨਾ ਵੀ ਹੋਵੇ ਪਰ ਉਹ ਕ੍ਰਾਂਤੀ ਦੇ ਨਾਲ਼ ਹਨ।

ਕ੍ਰਾਂਤੀ ਨੂੰ ਕੇਵਲ ਉਹੀ ਲੋਕ ਤਿਆਗਣੇ ਚਾਹੀਦੇ ਹਨ, ਜੋ ਅਸਾਧ (Incorrigible) ਪਿਛਾਂਹ ਖਿੱਚੂ ਹਨ, ਸਗੋਂ ਜੋ ਅਸਾਧ ਉਲਟ-ਇਨਕਲਾਬੀ ਹਨ। ਬਾਕੀ ਰਹਿੰਦੇ ਸਭ ਲੋਕਾਂ ਪ੍ਰਤੀ ਕ੍ਰਾਂਤੀ ਦੀ ਨੀਤੀ ਹੁੰਦੀ ਹੈ, ਕ੍ਰਾਂਤੀ ਦੀ ਉਹਨਾਂ ਬੁੱਧੀਜੀਵੀਆਂ ਅਤੇ ਲੇਖਕਾਂ ਪ੍ਰਤੀ ਸਪੱਸ਼ਟ ਨੀਤੀ ਹੈ। ਕ੍ਰਾਂਤੀ ਨੇ ਅਸਲੀ ਸਥਿਤੀ ਸਮਝਣੀ ਹੁੰਦੀ ਹੈ, ਤੇ ਉਸ ਨੂੰ ਇਸ ਤਰ੍ਹਾਂ ਕੰਮ ਕਰਨਾ ਚਾਹੀਦਾ ਹੈ ਕਿ ਲੇਖਕਾਂ ਤੇ ਬੁੱਧੀਜੀਵੀਆਂ ਦਾ ਸਮੁੱਚਾ ਗਰੁੱਪ ਜੋ ਸਹੀ ਅਰਥਾਂ ਵਿਚ ਕ੍ਰਾਂਤੀਕਾਰੀ ਹੈ, ਉਹ ਕ੍ਰਾਂਤੀ ਵਿੱਚ ਸ਼ਾਮਲ ਹੋ ਕੇ ਰਚਨਾ ਤੇ ਕੰਮ ਕਰੇ। ਇਕ ਉਹ ਥਾਂ ਜਿੱਥੇ ਉਹਨਾਂ ਦੀ ਰਚਨਾਤਮਕ ਸਮਰੱਥਾ, ਭਾਵੇਂ ਉਹ ਕ੍ਰਾਂਤੀਕਾਰ, ਕਲਾਕਾਰ ਤੇ ਲੇਖਕ ਨਾ ਵੀ ਹੋਣ ਅਤੇ ਉਹਨਾਂ ਨੂੰ ਸਵੈ-ਪ੍ਰਗਟਾਵੇ ਦੀ ਅਜ਼ਾਦੀ ਅਤੇ ਅਵਸਰ ਪ੍ਰਾਪਤ ਹੋਵੇ। ਇਸ ਦਾ ਅਰਥ ਇਹ ਹੈ ਕਿ ਕ੍ਰਾਂਤੀ ਦੇ ਵਿਚ, ਹਰ ਚੀਜ਼, ਕ੍ਰਾਂਤੀ ਦੇ ਜੋ ਵਿਰੁੱਧ ਹੈ, ਕੁਝ ਨਹੀਂ ਹੈ, ਕ੍ਰਾਂਤੀ ਦੇ ਵਿਰੁੱਧ-ਕੱਖ ਨਹੀਂ। ਕਿਉਂਕਿ ਕ੍ਰਾਂਤੀ ਨੂੰ ਆਪਣੀ ਹੋਂਦ ਦਾ ਹੱਕ ਹੈ ਤੇ ਕਿਸੇ ਨੂੰ ਵੀ। ਕ੍ਰਾਂਤੀ ਦੀ ਹੋਂਦ ਦਾ ਵਿਰੋਧ ਨਹੀਂ ਕਰਨਾ ਚਾਹੀਦਾ। ਜਿੱਥੋਂ ਤੀਕ ਕ੍ਰਾਂਤੀ ਕੌਮ ਦੇ ਹਿੱਤਾਂ ਦਾ ਪ੍ਰਗਟਾਵਾ ਕਰਦੀ ਹੈ, ਕੋਈ ਵੀ ਸਖ਼ਸ਼ ਕ੍ਰਾਂਤੀ ਦਾ ਵਿਰੋਧ ਕਰਨ ਦੇ ਹੱਕ ਦਾ ਦਾਅਵਾ ਨਹੀਂ ਕਰ ਸਕਦਾ।

ਮੇਰਾ ਵਿਸ਼ਵਾਸ਼ ਹੈ ਕਿ ਇਹ ਗੱਲ ਚਿੱਟੇ ਦਿਨ ਵਾਂਗ ਸਪੱਸ਼ਟ ਹੈ। ਲੇਖਕਾਂ ਅਤੇ ਕਲਾਕਾਰਾਂ, ਇਨਕਲਾਬੀਆਂ ਅਤੇ ਗ਼ੈਰ ਇਨਕਲਾਬੀਆਂ ਦੇ ਅਧਿਕਾਰ ਕੀ ਹਨ? ਕ੍ਰਾਂਤੀ ਦੇ ਵਿੱਚ ਸਭੋ ਕੁੱਝ। ਕ੍ਰਾਂਤੀ ਦੇ ਵਿਰੁੱਧ, ਕੁਝ ਵੀ ਨਹੀਂ?

ਅਤੇ ਲੇਖਕਾਂ ਤੇ ਕਲਾਕਾਰਾਂ ਨੂੰ ਕੋਈ ਛੋਟ ਨਹੀਂ ਹੈ। ਇਹ ਸਭ ਨਾਗਿਰਕਾਂ ਲਈ ਆਮ ਅਸੂਲ ਹੈ। ਇਹ ਕ੍ਰਾਂਤੀ ਦਾ ਬੁਨਿਆਦੀ ਅਸੂਲ ਹੈ। ਉਲਟ-ਇਨਕਲਾਬੀਆਂ ਲਈ ਅਰਥਾਤ ਕ੍ਰਾਂਤੀ ਦੁਸ਼ਮਣਾਂ ਲਈ ਕ੍ਰਾਂਤੀ ਪ੍ਰਤੀ ਕੋਈ ਅਧਿਕਾਰ ਨਹੀਂ, ਕਿਉਂਕਿ ਕ੍ਰਾਂਤੀ ਨੂੰ ਜੀਣ ਦਾ ਹੱਕ ਹੈ, ਵਿਕਾਸ ਕਰਨ ਦਾ ਹੱਕ ਹੈ, ਤੇ ਸਫ਼ਲ ਹੋਣ ਦਾ ਹੱਕ ਹੈ ਤੇ ਕੌਣ ਹੈ ਜੋ ਇਸ ਪ੍ਰਤੀ ਸ਼ੱਕ ਪੈਦਾ ਕਰਦਾ ਹੈ? ਇਹ ਲੋਕਾਂ ਦਾ ਅਧਿਕਾਰ ਹੈ, ਜਿਨ੍ਹਾਂ ਆਖਿਆ ਹੈ, ਸਾਡਾ ਦੇਸ਼ ਜਾਂ ਮੌਤ ਅਰਥਾਤ ਕ੍ਰਾਂਤੀ ਜਾਂ ਮੌਤ?

ਕ੍ਰਾਂਤੀ ਦੀ ਉਮਰ ਜਾਂ ਕੁਝ ਵੀ ਨਹੀਂ। ਕ੍ਰਾਂਤੀ ਦੀ ਉਮਰ ਜਿਸਨੇ ਆਖਿਆ ਸੀ, "ਅਸੀਂ ਅਵੱਸ਼ ਜਿੱਤਾਂਗੇ" ਅਰਥਾਤ ਇਸਨੇ ਆਪਣੇ ਮਨੋਰਥਾਂ ਪ੍ਰਤੀ ਗੰਭੀਰ ਬਿਆਨ ਦਿੱਤਾ ਹੈ, ਭਾਵੇਂ ਕ੍ਰਾਂਤੀ ਦੇ ਦੁਸ਼ਮਣਾਂ ਦੀਆਂ ਜਾਤੀ ਦਲੀਲਾਂ ਕੁਝ ਵੀ ਹੋਣ, ਕ੍ਰਾਂਤੀ ਦੇ ਅਧਿਕਾਰ ਅਤੇ ਦਲੀਲਾਂ ਦਾ ਵਜ਼ਨ ਭਾਰੂ ਹੈ। ਕਿਉਂਕਿ ਕ੍ਰਾਂਤੀ ਇੱਕ ਇਤਿਹਾਸਕ ਪ੍ਰਕਿਰਿਆ ਹੈ ਅਤੇ ਕਿਸੇ ਖ਼ਬਤ (Caprice) ਦਾ ਸਿੱਟਾ ਨਹੀਂ ਹੋ ਸਕਦੀ। ਨਾ ਕਿਸੇ ਇਕੱਲੇ-ਕਾਰੇ ਬੰਦੇ ਦੀ। ਕ੍ਰਾਂਤੀ ਕੇਵਲ ਸਭ ਲੋਕਾਂ ਦੀ ਮਰਜ਼ੀ ਤੇ ਲੋੜ ਦੀ ਉਪਜ ਹੈ। ਏਸੇ ਲਈ ਸਮੁੱਚੇ ਲੋਕਾਂ ਦੀ ਮਰਜ਼ੀ ਦੇ ਵਿਰੁੱਧ ਲੋਕਾਂ ਦੇ ਦੁਸ਼ਮਣਾਂ ਦੇ ਅਧਿਕਾਰ ਕਿਸੇ ਗਿਣਤੀ ਵਿੱਚ ਨਹੀਂ ਹੋ ਸਕਦੇ।

ਆਪਣੇ ਖਿਆਲਾਂ ਨੂੰ ਵਧੇਰੇ ਸਪੱਸ਼ਟਤਾ ਨਾਲ ਪ੍ਰਗਟ ਕਰਨ ਲਈ ਅਸੀਂ ਸਿਰੇ ਦੇ

(extreme) ਮਾਮਲਿਆਂ ਬਾਰੇ ਗੱਲ ਕਰ ਰਹੇ ਹਾਂ, ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਅਜੇਹੇ ਸਿਰੇ ਦੇ ਕੇਸਾਂ ਵਿੱਚ ਬਹੁਤ ਕਿਸਮਾਂ ਦੇ ਮਾਨਸਿਕ ਵਤੀਰੇ ਅਤੇ ਬਹੁਤ ਭਾਂਤ ਦੀਆਂ ਚਿੰਤਾਵਾਂ ਹੋਣਗੀਆਂ। ਕ੍ਰਾਂਤੀ ਦੇ ਵੱਖ-ਵੱਖ ਪੱਖਾਂ ਨਾਲ ਸਬੰਧਤ ਹੋਣ ਦਾ ਅਰਥ ਇਹ ਨਹੀਂ ਕਿ ਕੋਈ ਬੰਦਾ ਇਨਕਲਾਬੀ ਨਹੀਂ। ਅਸੀਂ ਬੁਨਿਆਦੀ ਵਤੀਰਿਆਂ ਨੂੰ ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਕ੍ਰਾਂਤੀ ਕਲਾ ਜਾਂ ਸਭਿਆਚਾਰ ਦਾ ਗਲਾ ਘੁੱਟਣ ਦੀ ਕੋਸ਼ਿਸ਼ ਨਹੀਂ ਕਰ ਰਹੀ, ਜਦੋਂ ਕਿ ਕ੍ਰਾਂਤੀ ਦੇ ਬੁਨਿਆਦੀ ਅਸੂਲਾਂ ਵਿੱਚੋਂ ਇੱਕ ਅਸੂਲ ਕਲਾ ਤੇ ਸਭਿਆਚਾਰ ਨੂੰ ਪ੍ਰਫੁਲਤ ਕਰਨਾ ਹੈ, ਤਾਂ ਕਿ ਸਾਡੇ ਕਲਾ ਤੇ ਸਭਿਆਚਾਰ ਦੇ ਖਜ਼ਾਨੇ ਲੋਕਾਂ ਦੀ ਮਲਕੀਅਤ ਬਣ ਜਾਣ ਤੇ ਜਿਵੇਂ ਅਸੀਂ ਪਦਾਰਥਕ ਅਰਥਾਂ ਵਿਚ ਲੋਕਾਂ ਲਈ ਬਿਹਤਰ ਜੀਵਨ ਚਾਹੁੰਦੇ ਹਾਂ, ਏਸੇ ਤਰ੍ਹਾਂ ਹੀ ਅਸੀਂ ਆਤਮਕ ਅਤੇ ਸਭਿਆਚਾਰਕ ਪੱਖੋਂ ਲੋਕਾਂ ਲਈ ਬਿਹਤਰ ਜੀਵਨ ਦੀ ਕਾਮਨਾ ਕਰਦੇ ਹਾਂ ਤੇ ਜਿਵੇਂ ਕ੍ਰਾਂਤੀ ਅਜੇਹੀਆਂ ਸ਼ਰਤਾਂ ਅਤੇ ਸ਼ਕਤੀਆਂ ਦਾ ਵਿਕਾਸ ਚਾਹੁੰਦੀ ਹੈ, ਤਾਂਕਿ ਲੋਕਾਂ ਦੀਆਂ ਪਦਾਰਥਕ ਲੋੜਾਂ ਪੂਰੀਆਂ ਹੋ ਸਕਣ। ਏਸੇ ਤਰ੍ਹਾਂ ਹੀ ਅਸੀਂ ਚਾਹੁੰਦੇ ਹਾਂ ਕਿ ਉਹ ਹਾਲਤਾਂ ਪੈਦਾ ਕਰੀਏ, ਉਸ ਨਾਲ ਲੋਕਾਂ ਦੀਆਂ ਸਭਿਆਚਾਰਕ ਲੋੜਾਂ ਸੰਤੁਸ਼ਟ ਹੋ ਸਕਣ।

ਕੀ ਸਾਡੇ ਲੋਕਾਂ ਦਾ ਸਭਿਆਚਾਰਕ ਪੱਧਰ ਨੀਵਾਂ ਹੈ? ਇਸ ਸਾਲ ਦੇ ਅੰਤ ਤੀਕ ਲੋਕੀਂ ਪੜ੍ਹਨਾ ਤੇ ਲਿਖਣਾ ਨਹੀਂ ਸੀ ਜਾਣਦੇ। ਲੋਕਾਂ ਦੀ ਬਹੁ-ਗਿਣਤੀ ਭੁੱਖ ਤੋਂ ਜਾਣੂ ਹੈ ਜਾਂ ਘੱਟ ਘੱਟ ਲੋਕ ਜਾਂ ਫਿਰ ਦੁਖਿਆਰੀਆਂ ਹਾਲਤਾਂ ਵਿਚ ਰਹਿਣ ਲਈ ਮਜਬੂਰ ਸਨ, ਅਰਥਾਤ ਦੁਖਦਾਈ ਹਾਲਤਾਂ ਵਿੱਚ। ਲੋਕਾਂ ਦਾ ਇੱਕ ਹਿੱਸਾ ਪਦਾਰਥਕ ਵਸਤੂਆਂ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਹੁੰਦੀ ਹੈ ਤੋਂ ਵਿਰਵੇ ਰਹਿੰਦੇ ਹਨ ਅਤੇ ਅਸੀਂ ਅਜਿਹੀਆਂ ਹਾਲਤਾਂ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਜਿਨ੍ਹਾਂ ਸਦਕਾ ਪਦਾਰਥਕ ਵਸਤੂਆਂ ਲੋਕਾਂ ਤੀਕ ਪਹੁੰਚ ਸਕਣ।

ਏਸੇ ਹੀ ਤਰੀਕੇ ਨਾਲ, ਸਭਿਆਚਾਰਕ ਰੋਸ਼ਨੀ ਲੋਕਾਂ ਤੀਕ ਪਹੁੰਚਾਉਣ ਲਈ ਸਾਨੂੰ ਜ਼ਰੂਰੀ ਹਾਲਤਾਂ ਪੈਦਾ ਕਰਨੀਆਂ ਚਾਹੀਦੀਆਂ ਹਨ। ਇਸ ਦੇ ਕਹਿਣ ਦਾ ਇਹ ਅਰਥ ਨਹੀਂ ਕਿ ਆਪਣੀਆਂ ਰਚਨਾਵਾਂ ਦੇ ਮਹੱਤਵ ਨੂੰ ਘਟਾਉਣ ਲਈ ਕਲਾਕਾਰ ਨੂੰ ਕੁਰਬਾਨੀ ਕਰਨੀ ਚਾਹੀਦੀ ਹੈ। ਇਹ ਕਹਿਣ ਦਾ ਭਾਵ ਇਹ ਹੈ ਕਿ ਸਾਨੂੰ ਹਰ ਤਰੀਕੇ ਨਾਲ ਸੰਘਰਸ਼ ਕਰਨਾ ਚਾਹੀਦਾ ਹੈ, ਤਾਂਕਿ ਕਲਾਕਾਰ ਲੋਕਾਂ ਲਈ ਸਿਰਜਣਾ ਕਰ ਸਕੇ, ਤਾਂ ਕਿ ਬਦਲੇ ਵਿਚ ਲੋਕੀਂ ਵੀ ਆਪਣੀ ਸਭਿਆਚਾਰਕ ਪੱਧਰ ਨੂੰ ਉੱਪਰ ਚੁੱਕ ਸਕਣ ਤੇ ਕਲਾਕਾਰ ਦੇ ਨੇੜੇ ਆ ਸਕਣ। ਅਸੀਂ ਆਮ ਅਸੂਲ ਨਹੀਂ ਬਣਾ ਸਕਦੇ। ਹਰ ਕਲਾਤਮਕ ਰੌਸ਼ਨੀ ਇੱਕੋ ਤਰਾਂ ਦੀ ਪੱਧਰ ਦੀ ਨਹੀਂ ਹੁੰਦੀ। ਪਰ ਏਥੇ ਅਸੀਂ ਕਈ ਵਾਰ ਆਖਿਆ ਹੈ ਕਿ ਜਿਵੇਂ ਇਹ ਇਕੋ ਜਿਹੀ ਹੁੰਦੀ ਹੈ। ਕਈ ਅਜੇਹੇ ਵੀ ਕਲਾਤਮਕ ਪ੍ਰਗਟਾਵੇ ਹੁੰਦੇ ਹਨ ਕਿ ਜਿਹਨਾਂ ਦੀ ਪ੍ਰਕਿਰਤੀ ਲੋਕਾਂ ਦੇ ਬਹੁਤ ਕਰੀਬ ਹੁੰਦੀ ਹੈ ਤੇ ਦੂਸਰੀ ਕਲਾਤਮਕ ਭਾਵਨਾ ਨਾਲੋਂ ਭਿੰਨ ਹੁੰਦੀ ਹੈ। ਏਸੇ ਕਾਰਨ ਹੀ ਆਮ ਨੇਮ ਨਹੀਂ ਬਣਾਇਆ ਜਾ ਸਕਦਾ, ਕਿਉਂਕਿ ਸਾਨੂੰ ਸਵਾਲ ਪੁੱਛਣੇ ਪੈਂਦੇ ਹਨ।

ਸਵੈ-ਪ੍ਰਗਟਾਵੇ ਦੇ ਕਿਹੜੇ ਅਸੂਲ ਹੋਣ ਤਾਂਕਿ ਕਲਾਕਾਰ ਕੋਸ਼ਿਸ਼ ਕਰਕੇ ਲੋਕਾਂ ਤੀਕ ਪਹੁੰਚ ਸਕੇ? ਲੋਕਾਂ ਦੇ ਕਲਾਕਾਰ ਤੋਂ ਕੀ ਮੰਗ ਕਰਨੀ ਚਾਹੀਦੀ ਹੈ? ਕੀ ਅਸੀਂ ਇਸ ਬਾਰੇ ਆਮ ਬਿਆਨ ਦੇ ਸਕਦੇ ਹਾਂ? ਨਹੀਂ, ਇਹ ਗੱਲ ਨੂੰ ਵਧੇਰੇ ਸਾਧਾਰਨ ਬਣਾਉਣਾ ਹੈ। ਲੋਕਾਂ ਤੀਕ ਸਾਰੇ ਕਲਾਤਮਕ



ਪ੍ਰਗਟਾਵੇ ਪਹੁੰਚਾਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਐਪਰ ਬਦਲੇ ਵਿਚ ਇਹ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ ਲੋਕੀਂ ਗੱਲ ਨੂੰ ਵੱਧ ਤੇ ਚੰਗੀ ਤਰ੍ਹਾਂ ਸਮਝ ਸਕਣ। ਮੇਰਾ ਖਿਆਲ ਹੈ ਕਿ ਇਹ ਅਸੂਲ ਕਲਾਕਾਰ ਦੀ ਪ੍ਰੇਰਨਾ ਦੇ ਵਿਰੁੱਧ ਨਹੀਂ ਜਾਂਦਾ ਅਤੇ ਇਹ ਵੀ ਕਿ ਆਦਮੀਆਂ ਨੂੰ ਆਪਣੇ ਸਮਕਾਲੀਆਂ ਲਈ ਸਿਰਜਣਾ ਕਰਨੀ ਚਾਹੀਦੀ ਹੈ ਤੇ ਇਸ ਬਾਰੇ ਧਿਆਨ ਰੱਖਣਾ ਚਾਹੀਦਾ ਹੈ।

ਅਸੀਂ ਆਖਦੇ ਹਾਂ ਕਿ ਕੋਈ ਵੀ ਕਲਾਕਾਰ ਕੇਵਲ ਭਵਿੱਖ ਦੀ ਪੀਹੜੀ ਲਈ ਸਿਰਜਣਾ ਨਹੀਂ ਕਰਦਾ ਕਿਉਂਕਿ ਆਪਣੇ ਨਿਰਣੇ ਨੂੰ ਅਡਿੱਗ ਸਮਝਣ ਤੋਂ ਬਗ਼ੈਰ, ਮੇਰੇ ਵਿਸ਼ਵਾਸ਼ ਹੈ ਕਿ ਜਿਹੜਾ ਵੀ ਇਸ ਧਾਰਨਾ ਉੱਤੇ ਚੱਲਦਾ ਹੈ ਉਹ ਸਵੈ-ਸੰਮੋਹਨ (Self-Hypanosis) ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਦਾ ਇਹ ਅਰਥ ਵੀ ਨਹੀਂ ਕਿ ਜਿਹੜਾ ਕਲਾਕਾਰ ਸਮਕਾਲੀਆਂ ਲਈ ਲਿਖਦਾ ਹੈ, ਉਸਨੂੰ ਆਪਣੀ ਲਿਖਤ ਨੂੰ ਭਵਿੱਖ ਦੀ ਸੰਭਾਵਨਾ ਤਿਆਗਣੀ ਪੈਂਦੀ ਹੈ। ਭਾਵੇਂ ਕਿ ਉਸ ਦੇ ਸਮਕਾਲੀਆਂ ਨੇ ਉਸਨੂੰ ਸਮਝਿਆ ਹੈ ਜਾਂ ਨਹੀਂ ਅਤੇ ਕਈ ਲਿਖਤਾਂ ਇਤਿਹਾਸਕ ਅਤੇ ਸਦੀਵੀ ਮਹੱਤਵ ਪ੍ਰਾਪਤ ਕਰ ਜਾਂਦੀਆਂ ਹਨ। ਅਸੀਂ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਇਨਕਲਾਬ ਨਹੀਂ ਕਰ ਰਹੇ। ਅਸੀਂ ਆਪਣੀ ਇਸ ਪੀੜ੍ਹੀ ਲਈ ਇਨਕਲਾਬ ਕਰ ਰਹੇ ਹਾਂ ਤੇ ਇਸ ਦੀ ਸਹਾਇਤਾ ਲਈ ਕਰ ਰਹੇ ਹਾਂ ਇਸ ਗੱਲ ਤੋਂ ਆਜ਼ਾਦ ਕਿ ਭਵਿੱਖ ਦੀਆਂ ਨਸਲਾਂ ਨੂੰ ਇਸ ਤੋਂ ਲਾਭ ਹੁੰਦਾ ਹੈ ਜਾਂ ਨਹੀਂ ਤੇ ਇਹ ਇਤਿਹਾਸਕ ਘਟਨਾ ਬਣ ਜਾਵੇਗੀ। ਅਸੀਂ ਆਉਣ ਵਾਲ਼ੀ ਪੀੜ੍ਹੀ ਲਈ ਇਨਕਲਾਬ ਨਹੀਂ ਕਰ ਰਹੇ। ਪਰ ਇਹ ਕ੍ਰਾਂਤੀ ਭਵਿੱਖ ਦੀ ਪੀੜ੍ਹੀ ਲਈ ਲਾਭਵੰਦੀ ਹੋਵੇਗੀ, ਕਿਉਂਕਿ ਇਹ ਕ੍ਰਾਂਤੀ ਅੱਜ ਲਈ ਹੈ। ਅਰਥਾਤ ਅੱਜ ਦੇ ਆਦਮੀਆਂ ਤੇ ਇਸਤਰੀਆਂ ਲਈ, ਕਿਹੜਾ ਸਾਡੇ ਨਾਲ ਤੁਰੇਗਾ ਜੇ ਅਸੀਂ ਭਵਿੱਖ ਦੀਆਂ ਪੀੜ੍ਹੀਆਂ ਲਈ ਇਨਕਲਾਬ ਲਿਆਵਾਂਗੇ?

ਅਸੀਂ ਆਪਣੇ ਸਮਕਾਲੀਆਂ ਲਈ ਕੰਮ ਕਰ ਰਹੇ ਤੇ ਰਚਨਾ ਕਰ ਰਹੇ ਹਾਂ ਅਤੇ ਅਸੀਂ ਸਦੀਵੀ ਪ੍ਰਸਿੱਧਤਾ ਦੀਆਂ ਕਲਾਤਮਕ ਉਮੰਗਾਂ ਦੀ ਰਚਨਾ ਦਾ ਹੱਕ ਨਹੀਂ ਮਾਰ ਰਹੇ। ਇਹ ਸੱਚ ਹਨ, ਜਿਨ੍ਹਾਂ ਦਾ ਈਮਾਨਦਾਰੀ ਨਾਲ ਸਾਨੂੰ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਅਤੇ ਮੇਰਾ ਵਿਸ਼ਵਾਸ਼ ਹੈ ਕਿ ਗ਼ਲਤ ਨਤੀਜੇ ਕੱਢਣ ਤੋਂ ਬਚਣ ਲਈ ਸਾਨੂੰ ਕੁਝ ਬੁਨਿਆਦੀ ਸੱਚਾਂ ਤੋਂ ਆਰੰਭ ਕਰਨਾ ਜ਼ਰੂਰੀ ਹੈ। ਅਸੀਂ ਨਹੀਂ ਸੋਚਦੇ ਕਿ ਕਿਸੇ ਈਮਾਨਦਾਰ ਕਲਾਕਾਰ ਜਾਂ ਲੇਖਕ ਲਈ ਚਿੰਤਾ ਕਰਨ ਦੀ ਕੋਈ ਲੋੜ ਹੈ। ਅਸੀਂ ਅਜ਼ਾਦੀ ਦੇ ਦੁਸ਼ਮਣ ਨਹੀਂ ਹਾਂ। ਏਥੇ ਕੋਈ ਵੀ ਅਜ਼ਾਦੀ ਦਾ ਦੁਸ਼ਮਣ ਨਹੀਂ ਹੈ। ਫਿਰ ਸਾਨੂੰ ਡਰ ਕਿਸਤੋਂ ਹੈ? ਕਿਹੜੀ ਸ਼ਕਤੀ ਸਾਡੀ ਰਚਨਾਤਮਕ ਭਾਵਨਾ ਖੋਹਣ ਦੀ ਕੋਸ਼ਿਸ਼ ਕਰਨੀ ਹੈ? ਕੀ ਅਸ਼ੀਂ ਰਾਸ਼ਟਰੀ ਸਭਿਆਚਾਰਕ ਕੌਂਸਲ ਦੇ ਸਾਥੀਆਂ ਤੋਂ ਡਰਦੇ ਹਾਂ? ਜਿਹੜੀਆਂ ਗੱਲਾਂ ਬਾਤਾਂ ਅਸੀਂ ਨੈਸ਼ਨਲ ਕੌਂਸਲ ਆਫ ਕਲਚਰ ਦੇ ਮੈਂਬਰਾਂ ਨਾਲ ਕੀਤੀਆਂ ਹਨ, ਅਸੀਂ ਉਹ ਭਾਵਨਾਵਾਂ ਅਤੇ ਨੁਕਤੇ ਵੇਖੇ ਹਨ, ਜਿਹੜੇ ਕਿ ਉਹਨਾਂ ਸਰੋਕਾਰਾਂ ਤੇ ਬਹੁਤ ਦੂਰ ਹਨ, ਜਿਹੜੇ ਕਿ ਸਾਹਿਤਕ ਸ਼ੈਲੀ, ਪ੍ਰਗਟਾਵੇ ਆਦਿ ਦੀਆਂ ਸੀਮਾਵਾਂ ਬਾਰੇ ਪ੍ਰਗਟ ਕੀਤੇ ਗਏ ਹਨ ਤੇ ਜੋ ਰਚਨਾਤਮਕ ਭਾਵਨਾ ਉੱਤੇ ਠੋਸੇ ਗਏ ਹਨ।

ਸਾਡਾ ਸਿੱਟਾ ਇਹ ਹੈ ਕਿ ਨੈਸ਼ਨਲ ਕੌਂਸਲ-ਆਫ ਕਲਚਰ ਵਿਚਲੇ ਸਾਡੇ ਸਾਥੀ ਸਾਡੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਦੀਆਂ ਰਚਨਾਤਮਕ ਕੋਸ਼ਿਸ਼ਾਂ ਵਿੱਚ ਬਹੁਤ ਵਧੀਆ ਹਾਲਤਾਂ ਦੇਣ ਲਈ, ਤੁਹਾਡੇ ਵਾਂਗ ਹੀ ਫਿਕਰਮੰਦ ਹਨ। ਇਹ ਕ੍ਰਾਂਤੀ ਅਤੇ ਕ੍ਰਾਂਤੀਕਾਰੀ ਸਰਕਾਰ ਦਾ ਫਰਜ਼

ਹੈ ਕਿ ਉਹ ਵੇਖਣ ਕਿ ਇਹ ਜਥੇਬੰਦੀ ਵਿਸ਼ੇਸ਼ ਤੌਰ ਤੇ ਸਮਰੱਥ ਹੋਵੇ ਜਿਸ ਉੱਤੇ ਭਰੋਸਾ ਕੀਤਾ ਜਾ ਸਕੇ ਕਿ ਉਹ ਰਚਨਾਤਮਕ ਭਾਵਨਾ ਨੂੰ ਉਤਸ਼ਾਹਤ ਕਰੇ, ਉਸ ਦਾ ਹੌਸਲਾ ਵਧਾਵੇ, ਵਿਕਾਸ ਕਰੇ ਅਤੇ ਅਗਵਾਈ ਕਰੇ। ਹਾਂ ਉਸ ਸਿਰਜਣਾਤਮਕ ਭਾਵਨਾ ਦੀ ਅਗਵਾਈ ਕਰੇ। ਅਸੀਂ ਇਸਨੂੰ ਇਕ ਫਰਜ਼ ਸਮਝਦੇ ਹਾਂ।

ਤੇ ਕੀ ਇਹ ਕਾਰਜ ਕਲਾਕਾਰਾਂ ਅਤੇ ਲੇਖਕਾਂ ਦੇ ਅਧਿਕਾਰਾਂ ਦੀ ਸ਼ਾਇਦ ਕੋਈ ਉਲੰਘਣ (Infringment) ਹੈ? ਕੀ ਇਹ ਲੇਖਕਾਂ ਤੇ ਕਲਾਕਾਰਾਂ ਲਈ ਕੋਈ ਧਮਕੀ ਹੈ, ਅਰਥਾਤ ਕੀ ਇਹ ਕਦਮ ਧੱਕੇਸ਼ਾਹੀ ਵਾਲ਼ੇ ਜਾਂ ਲੋੜ ਤੋਂ ਜ਼ਿਆਦਾ ਹਕੂਮਤੀ ਹਨ? ਇਹ ਕੰਮ ਏਨਾ ਹੀ ਹੋਵੇਗਾ ਜਿਵੇਂ ਕੋਈ ਪੁਲਿਸ ਤੋਂ ਡਰਿਆ ਸਾਨੂੰ ਆਖੇ ਕਿ ਪੁਲਸ ਸਾਡੇ ਉੱਤੇ ਹਮਲਾ ਕਰੇਗੀ, ਜਦੋਂ ਅਸੀਂ ਕਿਸੇ ਟਰੈਫਿਕ ਲਾਈਟ ਲਾਗੋਂ ਦੀ ਲੰਘੀਏ। ਇਹ ਉਸੇ ਤਰ੍ਹਾਂ ਦੀ ਗੱਲ ਹੋਵੇਗੀ ਜਿਵੇਂ ਕੋਈ ਕਹੇ ਕਿ ਕੋਈ ਜੱਜ ਮੈਨੂੰ ਅਪਰਾਧੀ ਠਹਿਰਾਵੇਗਾ। ਇਹ ਤਾਂ ਇੰਝ ਹੋਵੇਗਾ, ਜਿਵੇਂ ਕਿ ਕੋਈ ਆਖੇ ਕਿ ਇਨਕਲਾਬੀ ਸ਼ਕਤੀ, ਸਾਡੇ ਵਿਰੁੱਧ ਹਿੰਸਾ ਕਰੇਗੀ।

ਫਿਰ ਤਾਂ ਸਾਨੂੰ ਕਈ ਗੱਲਾਂ ਬਾਰੇ ਚਿੰਤਾ ਕਰਨੀ ਪਵੇਗੀ। ਫੇਰ ਵੀ ਨਾਗਿਰਕ ਦਾ ਵਤੀਰਾ ਇਹ ਨਹੀਂ ਹੋਵੇਗਾ ਕਿ ਉਹ ਵਿਸ਼ਵਾਸ਼ ਕਰੇ ਕਿ ਰਜ਼ਾਕਾਰ (militiaman) ਸਿਪਾਹੀ ਉਸ ਉੱਤੇ ਗੋਲ਼ੀ ਚਲਾਉਣ ਵਾਲਾ ਹੈ ਅਤੇ ਜੱਜ ਉਸ ਨੂੰ ਸਜ਼ਾ ਦੇਣ ਵਾਲ਼ਾ ਹੈ ਅਤੇ ਸਟੇਟ ਦੀ ਸ਼ਕਤੀ ਉਸਦੇ ਵਿਰੁੱਧ ਹਿੰਸਾ ਵਰਤਣ ਵਾਲ਼ੀ ਹੈ।

ਸਭਿਆਚਾਰਕ ਖੇਤਰ ਵਿਚ ਕਿਸੇ ਅਧਿਕਾਰੀ ਦੀ ਹੋਂਦ ਦਾ ਇਹ ਅਰਥ ਨਹੀਂ ਕਿ ਅਧਿਕਾਰ ਦੀ ਦੁਰਵਰਤੋਂ ਕੀਤੇ ਜਾਣ ਦਾ ਖਦਸ਼ਾ ਹੈ। ਕੌਣ ਸੋਚਦਾ ਹੈ ਕਿ ਅਜੇਹੀ ਸਭਿਆਚਾਰਕ ਅਧਿਕਾਰੀ ਨਹੀਂ ਹੋਣਾ ਚਾਹੀਦਾ? ਏਸੇ ਹੀ ਮਾਪ ਅਨੁਸਾਰ ਉਹ ਸੋਚ ਸਕਦਾ ਹੈ ਕਿ ਪੁਲਿਸ ਵੀ ਨਹੀਂ ਹੋਣੀ ਚਾਹੀਦੀ ਅਤੇ ਨਾਲ ਹੀ ਸਟੇਟ ਨਹੀਂ ਹੋਣੀ ਚਾਹੀਦੀ ਤੇ ਜੇ ਕੋਈ ਸ਼ਖ਼ਸ ਇਹ ਸੋਚਦਾ ਹੈ ਕਿ ਸਟੇਟ ਅਧਿਕਾਰੀ ਦਾ ਥੋਹੜਾ ਜਿਹਾ ਝਾਉਲਾ ਵੀ ਅਲੋਪ ਹੋ ਜਾਵੇ ਤਾਂ ਆਓ ਚਿੰਤਾ ਕਰਨੀ ਛੱਡ ਦੇਈਏ। ਉਸਨੂੰ ਸਬਰ ਕਰਨ ਦਿਓ, ਕਿਉਂਕਿ ਉਹ ਦਿਨ ਵੀ ਆਵੇਗਾ ਜਦੋਂ ਸਟੇਟ ਦੀ ਹੋਂਦ ਵੀ ਨਹੀਂ ਰਹੇਗੀ!!

ਇੱਕ ਕੌਂਸਲ ਹੋਣੀ ਚਾਹੀਦੀ ਹੈ, ਜੋ ਅਗਵਾਈ ਕਰੇ, ਉਤਸ਼ਾਹ ਦੇਵੇ ਤੇ ਜੋ ਵਿਕਾਸ ਕਰੇ। ਜੋ ਬੁੱਧੀ-ਜੀਵੀਆਂ ਤੇ ਕਲਾਕਾਰਾਂ ਦੇ ਕੰਮ ਲਈ ਤੇ ਉਤਸ਼ਾਹ ਦੇਣ ਲਈ ਵਧੀਆ ਸਥਿਤੀਆਂ ਪੈਦਾ ਕਰੇ ਤੇ ਉਹ ਕਿਹੜੀ ਜਥੇਬੰਦੀ ਹੋਵੇ ਜਿਹੜੀ ਬੁੱਧੀਜੀਵੀਆਂ ਤੇ ਕਲਾਕਾਰਾਂ ਦੇ ਹਿੱਤਾਂ ਦੀ ਵਧੀਆ ਰਖਵਾਲੀ ਹੋਵੇ। ਜੇ ਇਹ ਕੌਂਸਲ ਨਹੀਂ ਤਾਂ ਹੋਰ ਕਿਹੜੀ ਹੋਵੇ? ਕਿਹੜੀ ਜਥੇਬੰਦੀ ਨੇ, ਨੈਸ਼ਨਲ ਕੌਂਸਲ ਆਫ਼-ਕਲਚਰ ਤੋਂ ਬਿਨਾਂ, ਕਾਨੂੰਨਾਂ ਦੀ ਤਜਵੀਜ਼ ਪੇਸ਼ ਕੀਤੀ ਹੈ ਜਿਸ ਨੇ ਇਹਨਾਂ ਹਾਲਤਾਂ ਨੂੰ ਬਿਹਤਰ ਬਣਾਉਣ ਲਈ, ਕਈ ਭਾਂਤ ਭਾਂਤ ਦੇ ਕਦਮ ਤਜਵੀਜ਼ ਕੀਤੇ ਹਨ?

ਕਿਹੜੀ ਜਥੇਬੰਦੀ ਨੇ ਰਾਸ਼ਟਰੀ ਪ੍ਰਕਾਸ਼ਨ ਘਰ ਦੀ ਸਥਾਪਨਾ ਲਈ ਕਾਨੂੰਨ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ, ਤਾਂਕਿ ਉਹ ਸਾਰੇ ਨੁਕਸ ਦੂਰ ਹੋ ਜਾਣ, ਜਿਹੜੇ ਇਸਦੇ ਧਿਆਨ ਵਿਚ ਲਿਆਂਦੇ ਗਏ ਹਨ? ਕਿਸ ਜਥੇਬੰਦੀ ਨੇ ਲੋਕ-ਧਾਰਾ ਅਤੇ ਮਾਨਵ-ਵੰਸ਼-ਵਿਗਿਆਨ (Ethnology) ਇਨਸਟੀਚਿਊਟ ਦੀ ਸਥਾਪਨਾ ਲਈ ਤੇ ਪੈਸੇ ਦੀ ਅਲਾਟਮੈਂਟ ਅਤੇ ਬਦੇਸ਼ੀ ਪੂੰਜੀ



ਲਈ ਪ੍ਰਬੰਧ ਕਰਨ ਦਾ ਸੁਝਾ ਦਿੱਤਾ ਹੈ ਤਾਂ ਕਿ ਬਾਹਰ ਤੋਂ ਉਹ ਪੁਸਤਕਾਂ ਮੰਗਾਵਈਆਂ ਜਾਣ ਜੋ ਕਈ ਮਹੀਨਿਆਂ ਤੋਂ ਦੇਸ਼ ਵਿਚ ਨਹੀਂ ਆ ਸਕੀਆਂ ਅਤੇ ਉਹ ਸਮੱਗਰੀ, ਜੋ ਚਿਤਰਕਾਰਾਂ ਅਤੇ ਰਚਨਾਤਮਕ ਕਲਾਕਾਰਾਂ ਦੀ ਵਰਤੋਂ ਵਿਚ ਆ ਸਕੇ? ਉਹ ਹੋਰ ਕਿਹੜੀ ਜਥੇਬੰਦੀ ਹੈ ਜੋ ਆਰਥਕ ਸਮੱਸਿਆ ਪ੍ਰਤੀ ਚਿੰਤਤ ਹੈ ਜਾਂ ਕਲਾਕਾਰਾਂ ਦੀਆਂ ਪਦਾਰਥਕ ਹਾਲਾਤਾਂ ਬਾਰੇ ਸੋਚ ਰਹੀ ਹੈ? ਕਿਹੜੀ ਸੰਸਥਾ ਹੈ ਜੋ ਲੇਖਕਾਂ ਤੇ ਕਲਾਕਾਰ ਦੀਆਂ ਅਜੋਕੀਆਂ ਲੋੜਾਂ ਬਾਰੇ ਫਿਕਰ ਕਰ ਰਹੀ ਹੈ? ਕਿਹੜੀ ਜਥੇਬੰਦੀ ਨੂੰ ਸਰਕਾਰ ਵਿਚ, ਬਜਟ, ਇਮਾਰਤਾਂ ਅਤੇ ਮਨਸੂਬਿਆਂ ਬਾਰੇ ਜੋ ਲੇਖਕਾਂ ਤੇ ਕਲਾਕਾਰਾਂ ਨਾਲ ਸਬੰਧਤ ਹਨ, ਬਾਰੇ ਹਾਮੀ ਭਰੀ ਹੈ? ਉਹ ਜਥੇਬੰਦੀ, ਸਿਵਾਏ, ਨੈਸ਼ਨਲ ਕੌਂਸਲ ਆਫ ਕਲਚਰ ਤੋਂ ਹੋਰ ਕੋਈ ਨਹੀਂ।

ਕੌਸਲ ਨੂੰ ਸ਼ੱਕ ਨਾਲ ਕਿਉਂ ਵੇਖਿਆ ਜਾ ਰਿਹਾ ਹੈ? ਕਿਉਂਕਿ ਅਸੀਂ ਡਰਦੇ ਹਾਂ ਕਿ ਇਹ ਸਭ ਕੁਝ ਉਲਟ ਕਰੇਗੀ, ਸਾਡੀਆਂ ਹਾਲਤਾਂ ਨੂੰ ਸੀਮਤ ਕਰੇਗੀ ਤੇ ਸਾਡੀ ਰਚਨਾਤਮਕ ਭਾਵਨਾ ਦਾ ਗਲ਼ਾ ਘੁੱਟੇਗੀ?

ਇਹ ਸੋਚ ਲੈਣਾ ਸੰਭਵ ਹੈ ਕਿ ਕੋਈ ਅਜੇਹਾ ਵੀ ਹੋ ਸਕਦਾ ਹੈ, ਜਿਸ ਦੀਆਂ ਅਜਿਹੀ ਅਥਾਰੇਟੀ ਨਾਲ ਕੋਈ ਵਾਹ-ਵਾਸਤਾ ਨਾ ਹੋਵੇ। ਐਪਰ ਜੋ ਲੋਕ ਅਜਿਹੀ ਕੌਂਸਲ ਦੇ ਕਦਮਾਂ ਦੀ ਲੋੜ ਨੂੰ ਸਲਾਹੁੰਦੇ ਹਨ, ਜਿਹੜੇ ਇਸ ਕੌਂਮਲ ਨੇ ਚੁੱਕਣ ਹੁੰਦੇ ਹਨ ਤੇ ਸਾਰਾ ਕੰਮ ਕਰਨਾ ਹੁੰਦਾ ਹੈ, ਉਹ ਇਸ ਗੱਲ ਨੂੰ ਸੰਕੋਚ ਨਾਲ ਨਹੀਂ ਤੱਕ ਸਕਦੇ। ਕਿਉਂਕਿ ਕੌਂਸਲ ਦਾ ਵੀ ਲੋਕਾਂ ਪ੍ਰਤੀ ਫਰਜ਼ ਹੁੰਦਾ ਹੈ ਅਤੇ ਨਾਲ ਹੀ ਇਸ ਕੌਂਸਲ ਦਾ ਕ੍ਰਾਂਤੀ ਅਤੇ ਕ੍ਰਾਂਤੀਕਾਰੀ ਸਰਕਾਰ ਪ੍ਰਤੀ ਵੀ ਜਵਾਬਦੇਹੀ ਹੁੰਦੀ ਹੈ ਤੇ ਉਹ ਫਰਜ਼ ਹੈ ਉਹਨਾਂ ਮਨੋਰਥਾਂ ਨੂੰ ਸੰਪੂਰਨ ਕਰਨਾ ਜਿਸ ਲਈ ਇਸਦੀ ਸਥਾਪਨਾ ਕੀਤੀ ਗਈ ਹੈ ਅਤੇ ਇਸ ਨੂੰ ਵੀ ਇਸ ਲਈ ਏਨੀ ਹੀ ਦਿਲਚਸਪੀ ਹੈ, ਜਿੰਨੀ ਇੱਕ ਕਲਕਾਰਾਂ ਨੂੰ ਆਪਣੇ ਕੰਮ ਦੀ ਸਫਲਤਾ ਪ੍ਰਤੀ ਹੁੰਦੀ ਹੈ।

ਮੈਨੂੰ ਨਹੀਂ ਪਤਾ ਕਿ ਜੋ ਬੁਨਿਆਦੀ ਸਮੱਸਿਆਵਾਂ ਏਥੇ ਪੇਸ਼ ਕੀਤੀਆਂ ਗਈਆਂ ਹਨ, ਮੈਂ ਉਹਨਾਂ ਨੂੰ ਛੂਹਣ ਵਿਚ ਸਫ਼ਲ ਹੋਇਆ ਹਾਂ ਜਾਂ ਨਹੀਂ। ਇੱਕ ਫਿਲਮ ਨਾਲ ਸਬੰਧਤ ਸਮੱਸਿਆਵਾਂ ਏਥੇ ਕਾਫੀ ਚੰਗੀ ਤਰ੍ਹਾਂ ਵਿਚਾਰੀਆਂ ਗਈਆਂ ਹਨ। ਮੈਂ ਖੁਦ ਉਹ ਫਿਲਮ ਨਹੀਂ ਵੇਖੀ, ਭਾਵੇਂ ਮੈਂ ਉਹ ਵੇਖਣੀ ਚਾਹੁੰਦਾ ਹਾਂ ਅਤੇ ਮੈਂ ਇਸ ਪ੍ਰਤੀ ਉਤਸੁਕ ਹਾਂ ਕੀ ਇਸ ਫਿਲਮ ਨਾਲ ਠੀਕ ਤਰ੍ਹਾਂ ਨਹੀਂ ਨਜਿੱਠਿਆ ਗਿਆ? ਅਸਲ ਵਿਚ, ਮੇਰਾ ਵਿਚਾਰ ਹੈ ਕਿ ਹੋਰ ਕਿਸੇ ਫਿਲਮ ਨੂੰ ਏਨਾ ਸਤਿਕਾਰ ਨਹੀਂ ਦਿੱਤਾ ਗਿਆ ਤੇ ਨਾ ਹੀ ਕੋਈ ਫਿਲਮ ਇੰਝ ਬਹਿਸ ਅਧੀਨ ਆਈ ਹੈ।

ਭਾਵੇਂ ਅਸਾਂ ਇਹ ਫਿਲਮ ਨਹੀਂ ਵੇਖੀ, ਅਸੀਂ ਉਹਨਾਂ ਸਾਥੀਆਂ ਦੇ ਨਿਰਣੇ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਉਹ ਫਿਲਮ ਵੇਖੀ ਹੈ। ਇਹਨਾਂ ਵੇਖਣ ਵਾਲਿਆਂ ਵਿਚ ਰਾਸ਼ਟਰਪਤੀ ਅਤੇ ਸਭਿਾਚਾਰਕ ਕੌਂਸਲ ਦੇ ਵੱਖ-ਵੱਖ ਮੈਂਬਰ ਸ਼ਾਮਿਲ ਹਨ ਤੇ ਸਾਡੇ ਸਾਰਿਆਂ ਵੱਲੋਂ ਉਹਨਾਂ ਦੀ ਰਾਏ ਸਤਿਕਾਰ ਦੀ ਹੱਕਦਾਰ ਹੈ, ਪਰ ਇੱਕ ਅਜਿਹੀ ਗੱਲ ਹੈ, ਜਿਸ ਬਾਰੇ ਝਗੜਾ ਨਹੀਂ ਹੋ ਸਕਦਾ। ਉਹ ਹੱਕ ਹੈ, ਜੋ ਕਾਨੂੰਨ ਦੇ ਸਥਾਪਤ ਕੀਤਾ ਸੀ ਤੇ ਇਹ ਸੈਂਸਰ ਬੋਰਡ ਨੇ ਨਜਿੱਠਿਆ ਸੀ। ਸ਼ਾਇਦ ਸਰਕਾਰ ਨੇ ਉਸ ਅਧਿਕਾਰ ਬਾਰੇ ਕਿੰਤੂ ਹੋ ਰਿਹਾ ਹੈ? ਕੀ ਸਰਕਾਰ ਦਾ ਹੱਕ ਬਣਦਾ ਹੈ ਜਾਂ ਕਿ ਨਹੀਂ ਬਣਦਾ ਕਿ ਉਹ ਉਸ ਕਾਨੂੰਨ ਦੀ ਵਰਤੋਂ ਕਰੇ? ਸਾਡੇ ਲਈ ਇਸ ਕੰਮ ਵਿਚ ਜੋ ਬੁਨਿਆਦੀ ਗੱਲ ਹੈ, ਉਹ ਸਭ ਤੋਂ

ਉੱਤੇ ਇਹ ਨਿਰਣਾ ਕਰਨਾ ਹੈ ਕਿ ਸਰਕਾਰ ਨੂੰ ਇਹ ਹੱਕ ਹੈ ਜਾਂ ਨਹੀਂ ਕਿ ਉਸ ਦੀ ਵਿਧੀ ਦੇ ਪ੍ਰਸ਼ਨ ਨੂੰ ਵਿਚਾਰਿਆ ਜਾਵੇ ਕਿ ਜਾਂ ਨਹੀਂ, ਜਿਵੇਂ ਕਿ ਇਹ ਸੀ ਤੇ ਇਹ ਵੇਖਣਾ ਸੀ ਕਿ ਇਹ ਠੀਕ ਸੀ ਜਾਂ ਨਹੀਂ। ਕੀ ਕੋਈ ਹੋਰ ਵਿਧੀ ਇਸ ਤੋਂ ਬਿਹਤਰ ਹੋ ਸਕਦੀ ਸੀ ਤੇ ਕੀ ਇਹ ਫੈਸਲਾ ਠੀਕ ਸੀ ਜਾਂ ਨਹੀਂ ਪਰ ਇਸ ਵਿਚ ਇੱਕ ਹੋਰ ਵੀ ਗੱਲ ਹੈ ਕਿ ਜਿਸ ਬਾਰੇ ਮੇਰੇ ਖਿਆਲ ਵਿਚ ਕਿੰਤੂ ਕਰਨ ਦਾ ਕਿਸੇ ਨੂੰ ਹੱਕ ਨਹੀਂ। ਉਹ ਹੈ ਸਰਕਾਰ ਦਾ ਫੈਸਲਾ ਕਰਨ ਦਾ ਅਧਿਕਾਰ। ਕਿਉਂਕਿ ਜੇ ਅਸੀਂ ਉਸ ਅਧਿਕਾਰ ਨੂੰ ਚਣੌਤੀ ਦਿੰਦੇ ਹਾਂ ਇਸ ਦਾ ਅਰਥ ਹੈ ਕਿ ਸਰਕਾਰ ਨੂੰ ਫਿਲਮਾਂ ਉੱਤੇ ਕਿੰਤੂ ਕਰਨ ਦਾ ਅਧਿਕਾਰ ਨਹੀਂ, ਜੋ ਅਸੀਂ ਲੋਕਾਂ ਨੂੰ ਵਿਖਾਉਣੀਆਂ ਹਨ।

ਅਤੇ ਮੇਰਾ ਵਿਚਾਰ ਹੈ ਕਿ ਇਕ ਅਜੇਹਾ ਅਧਿਕਾਰ ਹੈ, ਜਿਸ ਉੱਤੇ ਕਿੰਤੂ-ਪ੍ਰੰਤੂ ਨਹੀਂ ਹੋ ਸਕਦਾ। ਇਸ ਤੋਂ ਬਿਨਾਂ ਇੱਕ ਹੋਰ ਗੱਲ ਹੈ, ਜਿਸ ਨੂੰ ਅਸੀਂ ਪੂਰੀ ਤਰ੍ਹਾਂ ਸਮਝਦੇ ਹਾਂ ਤੇ ਇਹ ਹੈ ਕਿ ਇੱਕ ਬੌਧਿਕ ਜਾਂ ਕਲਾਤਮਕ ਸੁਭਾਅ ਵਾਲੇ ਪ੍ਰਗਟਾਵੇ ਵਿੱਚ ਕੁਝ ਗੱਲਾਂ ਇੱਕ ਦੂਸਰੇ ਨਾਲੋਂ ਘੱਟ ਜਾਂ ਵੱਧ ਮਹੱਤਵਪੂਰਨ ਹੁੰਦੀਆਂ ਹਨ। ਇਹ ਗੱਲਾਂ ਲੋਕਾਂ ਦੇ ਵਿਚਾਰਧਾਰਕ ਵਿਕਾਸ ਜਾਂ ਸਿਖਿਆ ਤੇ ਨਿਰਭਰ ਹੁੰਦੀ ਹੈ ਤੇ ਮੈਂ ਨਹੀਂ ਮੰਨਦਾ ਕੋਈ ਜਣਾ ਇਸ ਤੱਥ ਤੇ ਕਿੰਤੂ ਕਰੇ ਕਿ ਫਿਲਮਾਂ ਦੇ ਪ੍ਰਸੰਗ ਵਿਚ ਸਭ ਤੋਂ ਬੁਨਿਆਦੀ ਤੇ ਸਭ ਤੋਂ ਮਹੱਤਵਪੂਰਨ ਮਾਧਿਅਮ ਫਿਲਮਾਂ ਤੇ ਟੈਲੀਵਿਜੀਅਨ ਹੈ। ਹੁਣ ਕ੍ਰਾਂਤੀ ਦੇ ਸਮੇਂ, ਹਰ ਕੋਈ ਕਿੰਤੂ ਕਰ ਸਕਦਾ ਹੈ ਕਿ ਸਰਕਾਰ ਦਾ ਹੱਕ ਹੈ ਕਿ ਉਹ ਫਿਲਮਾਂ ਉੱਤੇ ਕੰਟਰੋਲ ਰੱਖੇ ਤੇ ਪਿਕਚਰਾਂ ਨੂੰ ਸੈਂਸਰ ਕਰੇ, ਜਿਹੜੀਆਂ ਕਿ ਲੋਕਾਂ ਨੂੰ ਵਿਖਾਈਆਂ ਜਾਣੀਆਂ ਹਨ। ਸ਼ਾਇਦ ਇਹ ਗੱਲ ਹੈ, ਜਿਸ ਬਾਰੇ ਵਾਦ-ਵਿਵਾਦ ਹੋ ਰਿਹਾ ਹੈ?

ਤੇ ਕੀ ਇਨਕਲਾਬੀ ਸਰਕਾਰ ਦੇ ਲੋਕ-ਮੀਡੀਆ ਦੀ ਨਿਗਰਾਨੀ ਕਰਨ ਦੇ ਅਧਿਕਾਰ ਨੂੰ ਤੇ ਜੋ ਇਸ ਰਾਹੀਂ ਲੋਕਾਂ ਨੂੰ ਪ੍ਰਭਾਵਤ ਕਰਦਾ ਹੈ ਬਾਰੇ ਕੋਈ ਸੀਮਾ ਜਾਂ ਪਾਬੰਦੀ ਸਮਝੀ ਜਾ ਸਕਦੀ ਹੈ?

ਜੇ ਅਸੀਂ ਕ੍ਰਾਂਤੀਕਾਰੀ ਸਰਕਾਰ ਦੇ ਇਸ ਅਧਿਕਾਰ ਨੂੰ ਚਣੌਤੀ ਦਿੰਦੇ ਹਾਂ ਤਾਂ ਸਾਡਾ ਵਾਹ ਉਹਨਾਂ ਅਸੂਲਾਂ ਦੀ ਸਮੱਸਿਆ ਨਾਲ ਪਵੇਗਾ, ਕਿਉਂਕਿ ਕ੍ਰਾਂਤੀਕਾਰੀ ਸਰਕਾਰ ਇਸ ਅਧਿਕਾਰ ਬਾਰੇ ਚੁਣੌਤੀ ਦੇਣ ਦਾ ਅਰਥ ਹੋਵੇਗਾ, ਕ੍ਰਾਂਤੀਕਾਰੀ ਸਰਕਾਰ ਦੇ ਕੰਮ ਕਰਨ ਦੇ ਅਧਿਕਾਰ ਤੋਂ ਇਨਕਾਰ ਅਤੇ ਸਰਕਾਰ ਨੂੰ ਆਪਣੀ ਜ਼ੁੰਮੇਵਾਰੀ ਨਿਭਾਉਣ ਦੇ ਅਧਿਕਾਰ ਤੋਂ ਇਨਕਾਰ। (ਖਾਸ ਤੌਰ ਤੇ ਇਨਕਲਾਬੀ ਸਥਿਤੀ ਸਮਾਂ) ਤੇ ਲੋਕਾਂ ਦੀ ਅਗਵਾਈ ਤੇ ਇਨਕਲਾਬ ਦੀ ਅਗਵਾਈ ਕਰਨ ਤੋਂ ਇਨਕਾਰ। ਕਈ ਸਮੇਂ ਇੰਝ ਪ੍ਰਤੀਤ ਹੁੰਦਾ ਸੀ ਕਿ ਇਸ ਅਧਿਕਾਰ ਤੋਂ ਇਨਕਾਰੀ ਹੋਇਆ ਜਾ ਰਿਹਾ ਹੈ। ਕਿਸੇ ਗ਼ਲਤਫਿਹਮੀ ਤੋਂ ਬਚਣ ਲਈ ਅਸੀਂ ਇਹ ਗੱਲ ਸਪੱਸ਼ਟ ਕਰ ਰਹੇ ਹਾਂ ਕਿ ਸਰਕਾਰ ਦਾ ਇਹ ਅਧਿਕਾਰ ਹੈ ਤੇ ਜੇ ਇਸ ਨੂੰ ਇਹ ਅਧਿਕਾਰ ਹੈ ਤਾਂ ਸਰਕਾਰ ਇਸ ਹੱਕ ਦੀ ਵਰਤੋਂ ਕਰ ਸਕਦੀ ਹੈ। ਇਹ ਗ਼ਲਤੀਆਂ ਕਰ ਸਕਦੀ ਹੈ, ਅਸੀਂ ਦਾਅਵਾ ਨਹੀਂ ਕਰਦੇ ਕਿ ਸਰਕਾਰ, ਅਡਿੱਗ (Infallible) ਹੈ। ਸਰਕਾਰ, ਉਸ ਅਧਿਕਾਰ ਦੀ ਵਰਤੋਂ ਕਰਦੀ ਹੋਈ ਜਾਂ ਜੋ ਇਸਦਾ ਫਰਜ਼ ਹੈ। ਜ਼ਰੂਰੀ ਨਹੀਂ ਅਡਿੱਗ ਹੀ ਹੋਵੇ। ਪਰ ਜਿਸ ਵਿਅਕਤੀ ਦੀਆਂ ਸਰਕਾਰ ਪ੍ਰਤੀ ਏਨੀਆਂ ਝਿਜਕਾਂ ਹੋਣ, ਏਨੇ ਸ਼ੰਕੇ ਹੋਣ, ਜਿਹੜਾ ਇਨਕਲਾਬੀ ਸਰਕਾਰ ਪ੍ਰਤੀ ਬੇਇਤਬਾਰੀ ਕਰਦਾ ਹੈ, ਕਿ ਉਸਦਾ ਵਿਸ਼ਵਾਸ਼ ਕਿ ਇਸ ਦੇ ਫੈਸਲੇ ਗ਼ਲਤ ਹਨ, ਉਹ ਖੌਫ਼ ਦਾ ਸ਼ਿਕਾਰ ਹੋ ਚੁੱਕਾ ਹੈ ਤੇ ਸੋਚਦਾ ਹੈ ਕਿ ਇਹ ਸਦਾ ਹੀ ਹਾਲਤ ਹੁੰਦੀ ਹੈ। ਮੈਂ ਨਹੀਂ ਕਹਿੰਦਾ ਕਿ ਸਰਕਾਰ ਆਪਣੇ ਫੈਸਲੇ ਬਾਰੇ ਭੁਲੇਖੇ



ਵਿਚ ਸੀ। ਸਗੋਂ ਮੈਂ ਇਹ ਕਹਿ ਰਿਹਾ ਹਾਂ ਕਿ ਸਰਕਾਰ ਨੇ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਕਾਰਵਾਈ ਕੀਤੀ ਹੈ। ਮੈਂ ਆਪਣੇ ਆਪ ਨੂੰ ਉਹਨਾਂ ਦੀ ਥਾਂ ਖਲੋ ਕੇ ਕਹਿਣ ਦੀ ਕੋਸ਼ਿਸ਼ ਕਰਦਾ ਹਾਂ ਜਿਹਨਾਂ ਇਸ ਫਿਲਮ ਵਿਚ ਕੰਮ ਕੀਤਾ। ਮੈਂ ਉਹਨਾਂ ਦੀ ਮਾਨਸਿਕ ਅਵਸਥਾ ਵਿਚ ਰੱਖ ਕੇ ਵੇਖਣ ਦੀ ਕੋਸ਼ਿਸ਼ ਕਰਦਾ ਹਾਂ ਤੇ ਸਮਝਣ ਦੀ ਕੋਸ਼ਿਸ਼ ਕਰਦਾ ਹਾਂ ਕਿ ਉਹਨਾਂ ਦੀ ਨਾਰਾਜ਼ਗੀ ਤੇ ਪੀੜ ਕੀ ਸੀ? ਜਦ ਇਹ ਪਿਕਚਰ ਵਿਖਾਈ ਗਈ ਸੀ। ਹਰ ਕੋਈ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹੈ, ਪਰ ਉਹਨਾਂ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਸਰਕਾਰ ਨੇ ਆਪਣੇ ਅਧਿਕਾਰ-ਖੇਤਰ ਅਨੁਸਾਰ ਕਾਰਵਾਈ ਕੀਤੀ ਸੀ ਅਤੇ ਇਸ ਫੈਸਲੇ ਦੇ ਸਮਰੱਥ ਵਿਅਕਤੀਆਂ ਨੇ ਸਮਰਥਨ ਕੀਤਾ ਸੀ। ਸਰਕਾਰ ਦੇ ਵਿਚਲੇ ਜ਼ੁੰਮੇਵਾਰ ਆਦਮੀਆਂ ਨੇ ਅਤੇ ਇਨਸਾਫ਼ ਦੀ ਭਾਵਨਾ ਅਨੁਸਾਰ ਕ੍ਰਾਂਤੀਕਾਰੀ ਸਰਕਾਰ ਉੱਤੇ ਸ਼ੰਕਾ ਕਰਨ ਦਾ ਕੋਈ ਕਾਰਨ ਹੀ ਨਹੀਂ ਕਿਉਂਕਿ ਕ੍ਰਾਂਤੀਕਾਰੀ ਸਰਕਾਰ ਉਤੇ ਇਨਸਾਫ਼ ਦੀ ਉਲੰਘਣ ਕਰਨ ਦਾ ਕੋਈ ਬਹਾਨਾ ਹੀ ਨਹੀਂ ਬਣਦਾ।

ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਸੰਪੂਰਣ ਹਾਂ। ਸਾਨੂੰ ਇਹ ਵੀ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਜਜ਼ਬੇ ਤੋਂ ਕੋਰੇ ਹਾਂ। ਕੁਝ ਲੋਕ ਕਹਿ ਸਕਦੇ ਹਨ ਕਿ ਸਰਕਾਰ ਵਿਚਲੇ ਕੁਝ ਸਾਥੀ ਜਜ਼ਬਾਤੀ ਹਨ ਕਿ ਉਹ ਜਜ਼ਬੇ ਤੋਂ ਮੁਕਤ ਨਹੀਂ ਹਨ ਤੇ ਜਿਹੜੇ ਇਸ ਗੱਲ ਉੱਤੇ ਵਿਸ਼ਵਾਸ਼ ਕਰਦੇ ਹਨ, ਕੀ ਉਹ ਸਾਨੂੰ ਯਕੀਨ ਦਿਵਾ ਸਕਦੇ ਹਨ ਕਿ ਕੀ ਉਹ ਜਜ਼ਬੇ ਤੋਂ ਮੁਕਤ ਹਨ?

ਅਤੇ ਉਹ ਬਿਨਾਂ ਇਸ ਗੱਲ ਨੂੰ ਪ੍ਰਵਾਨ ਕੀਤੇ ਦੇ ਕੁਝ ਸਾਥੀਆਂ ਦੇ ਨਿੱਜੀ ਭਾਂਤ ਦੇ ਗੁਣਾਂ ਬਾਰੇ ਗੱਲ ਕਰ ਸਕਦੇ ਹਨ ਕਿ ਸਾਡੇ ਗੁਣ ਨਿੱਜੀ ਭਾਂਤ ਦੇ ਵਤੀਰੇ ਤੋਂ ਪ੍ਰਭਾਵਿਤ ਹਨ। ਆਉ ਏਥੇ ਇਹ ਗੱਲ ਕਹੀਏ ਕਿ ਜਿਹੜਾ ਵੀ ਆਪਣੇ ਆਪ ਨੂੰ ਸੰਪੂਰਨ ਸਮਝਦਾ ਹੈ ਜਾਂ ਜਜ਼ਬੇ ਤੋਂ ਕੋਰਾ ਹਨ, ਉਹ ਪਹਿਲਾ ਰੋੜਾ ਮਾਰ ਸਕਦਾ ਹੈ।

ਮੇਰਾ ਵਿਸ਼ਵਾਸ਼ ਹੈ ਕਿ ਵਿਚਾਰ-ਵਟਾਂਦਰੇ ਵਿਚ ਕੁਝ ਨਿੱਜੀ ਅਤੇ ਜਜ਼ਬਾਤੀ ਤੱਤ ਭਾਰੂ ਰਿਹਾ ਹੈ। ਕੀ ਏਥੇ ਹਰ ਕੋਈ ਬਿਲਕੁਲ ਹੀ ਜਾਤੀ ਪੱਖਪਾਤੀ ਜਾਂ ਜਜ਼ਬਿਆਂ ਨੂੰ ਬਿਲਕੁਲ ਤਿਆਗ ਕੇ ਆਇਆ ਸੀ? ਯਕੀਨੀ ਤੌਰ ਤੇ ਨਹੀਂ। ਜੇ ਏਥੇ ਕੋਈ ਛੇ ਸਾਲ ਦਾ ਬੱਚਾ ਬੈਠਿਆ ਹੁੰਦਾ, ਤਾਂ ਉਸ ਨੇ ਵੀ ਵੱਖ-ਵੱਖ ਵਹਾਓ ਅਤੇ ਦ੍ਰਿਸ਼ਟੀਕੋਣਾਂ ਨੂੰ ਵੇਖ ਲੈਣਾ ਸੀ, ਵੱਖਰੇ-ਵੱਖਰੇ ਇੱਕ ਦੂਜੇ ਨਾਲ ਟਕਰਾਉਂਦੇ ਜਜ਼ਬੇ ਵੀ ਸਾਡੇ ਮਿੱਤਰਾਂ ਨੇ ਬਹੁਤ ਗੱਲਾਂ ਆਖੀਆਂ ਹਨ। ਉਹਨਾਂ ਦਿਲਚਸਪ ਗੱਲਾਂ ਕਹੀਆਂ ਹਨ। ਕੁਝ ਨੇ ਸ਼ਾਨਦਾਰ ਗੱਲਾਂ ਉਚਾਰੀਆਂ ਹਨ ਸਾਰੇ ਹੀ ਬੜੇ ਵਿਦਵਾਨ (Erudite) ਬਣੇ ਰਹੇ ਹਨ।

ਪਰ ਸਭ ਤੋਂ ਉੱਤੇ ਯਥਾਰਥ ਭਾਰੂ ਰਿਹਾ ਹੈ। ਵਿਚਾਰ-ਵਟਾਂਦਰੇ ਦਾ ਯਥਾਰਥ ਅਤੇ ਇੱਕ ਆਜ਼ਾਦੀ ਜਿਸ ਸਦਕਾ ਹਰ ਕੋਈ ਆਪਣੇ ਖਿਆਲਾਂ ਨੂੰ ਪ੍ਰਗਟ ਕਰਨ ਵਿਚ ਅਤੇ ਆਪਣੇ ਦ੍ਰਿਸ਼ਟੀਕੋਣ ਨੂੰ ਬਚਾਉਣ ਵਿਚ ਸਫ਼ਲ ਰਿਹਾ ਹੈ। ਉਹ ਸਵਤੰਤਰਤਾ, ਜਿਸ ਨਾਲ ਸਾਰੇ ਲੋਕ ਬੋਲ ਸਕੇ ਹਨ ਅਤੇ ਆਪਣੀ ਮੁਲਾਂਕਣ ਦੀ ਵਿਆਖਿਆ ਕਰ ਸਕੇ ਹਨ ਤੇ ਉਹ ਏਡੀ ਵੱਡੀ ਇਕੱਤਰਤਾ ਵਿਚ ਜਿਹੜੀ ਦਿਨੇ ਹੋਰ ਵੀ ਵੱਡੀ ਹੋ ਗਈ ਸੀ। ਮੀਟਿੰਗ ਜਿਸਨੂੰ ਅਸੀਂ ਹਾਂ-ਪੱਖੀ ਮੀਟਿੰਗ ਸਮਝਦੇ ਹਾਂ। ਇਸ ਇਕੱਤਰਤਾ ਵਿਚ ਅਸੀਂ ਵਿਭਿੰਨ ਭਾਂਤ ਦੇ ਸ਼ੰਕੇ ਅਤੇ ਚਿੰਤਾਵਾਂ ਨੂੰ ਦੂਰ ਕਰ ਸਕੇ ਹਾਂ। ਕੀ ਏਥੇ ਝਗੜੇ ਵੀ ਹੋਏ ਹਨ? ਨਿਰਸੰਦੇਹ ਕੀ ਕੋਈ ਜੰਗਾਂ ਤੇ ਝੜਪਾਂ ਵੀ ਲੇਖਕਾਂ ਅਤੇ

ਕਲਾਕਾਰਾਂ ਵਿੱਚ ਹੋਈਆਂ? ਕੀ ਕੋਈ ਆਲੋਚਨਾ ਅਤੇ ਉੱਤਮ-ਆਲੋਚਨਾ ਵੀ ਹੋਈ ਸੀ?

ਨਿਰਸੰਦੇਹ, ਕੀ ਕੁਝ ਸਾਥੀਆਂ ਨੇ ਦੂਸਰੇ ਸਾਥੀਆਂ ਦੀ ਕੀਮਤ ਉੱਤੇ ਆਪਣੇ ਸ਼ਸਤਰ ਚਲਾਏ ਸਨ? ਨਿਰਸੰਦੇਹ ਚਲਾਏ ਹੋਣਗੇ। ਜ਼ਖਮੀ ਹੋਏ ਸਾਥੀਆਂ ਨੇ, ਗਲਤ ਹਮਲਿਆਂ ਦੇ ਵਿਰੁੱਧ ਗੁੱਸਾ ਪ੍ਰਗਟਾਉਂਦੇ ਆਪਣੇ ਖਿਆਲ ਪ੍ਰਗਟ ਕੀਤੇ ਹਨ। ਖੁਸ਼ਕਿਸਮਤੀ ਨਾਲ਼ ਸਾਨੂੰ ਕੋਈ ਲਾਸ਼ਾਂ ਨਹੀਂ ਮਿਲੀਆਂ, ਕੇਵਲ ਜ਼ਖ਼ਮੀ ਹੀ ਮਿਲੇ ਹਨ। ਇਹਨਾਂ ਵਿਚ ਉਹ ਸਾਥੀ ਵੀ ਸ਼ਾਮਿਲ ਹਨ, ਜੋ ਅਜੇ ਵੀ ਆਪਣੇ ਜ਼ਖ਼ਮਾਂ ਦਾ ਇਲਾਜ ਕਰਵਾ ਰਹੇ ਹਨ। ਉਹਨਾਂ ਵਿਚੋਂ ਕੁਝ ਨੇ ਬੇਇਨਸਾਫ਼ੀ ਭਰਿਆ ਇਹ ਤੱਥ ਵੀ ਪ੍ਰਗਟ ਕੀਤਾ ਹੈ ਕਿ ਉਹਨਾਂ ਉੱਤੇ ਵੱਡੀ ਸਮਰੱਥਾ ਵਾਲ਼ੀਆਂ ਤੋਪਾਂ ਨਾਲ ਹਮਲਾ ਕੀਤਾ ਗਿਆ ਸੀ, ਜਿਹਨਾਂ ਉਤੇ ਜਵਾਬੀ-ਹਮਲਾ ਕਰਨਾ ਮੁਸ਼ਕਲ ਸੀ। ਕੀ ਸਖ਼ਤ ਨੂੰ ਆਲੋਚਨਾ ਕੀਤੀ ਗਈ ਹੈ ਨਿਰਸੰਦੇਹ!! ਅਤੇ ਇੱਕ ਢੰਗ ਨਾਲ ਏਥੇ ਇਕ ਸਮੱਸਿਆ ਪੇਸ਼ ਕੀਤੀ ਗਈ ਹੈ, ਜਿਸ ਦੀ ਅਸੀਂ ਦੋ ਚਾਰ ਸ਼ਬਦਾਂ ਵਿਚ ਵਿਆਖਿਆ ਨਹੀਂ ਕਰ ਸਕਦੇ। ਪਰ ਮੇਰਾ ਵਿਸ਼ਵਾਸ਼ ਹੈ ਕਿ ਜੋ ਗੱਲਾਂ ਏਥੇ ਕੀਤੀਆਂ ਗਈਆਂ ਹਨ, ਉਹਨਾਂ ਵਿਚੋਂ ਸਭ ਤੋਂ ਵਧੀਆ ਗੱਲ ਆਲੋਚਨਾ ਦੀ ਉਹ ਭਾਵਨਾ ਹੈ, ਜਿਹੜੀ ਉਸਾਰੂ ਹੋਣੀ ਚਾਹੀਦੀ ਹੈ ਤੇ ਹਾਂ-ਪੱਖੀ ਤਬਾਹ-ਕਰੂ ਨਹੀਂ ਪਰ ਆਮ ਕਰਕੇ ਇਹ ਗੱਲ ਧਿਆਨ ਵਿਚ ਨਹੀਂ ਰੱਖੀ ਜਾਂਦੀ। ਕਈਆਂ ਲਈ ਆਲੋਚਨਾ ਸ਼ਬਦ ਦਾ ਅਰਥ ਹਮਲਾ ਦੇ ਸਮਾਨਅਰਥਕ ਬਣ ਗਿਆ ਹੈ, ਜਦਕਿ ਅਸਲ ਵਿਚ ਇਸਦੇ ਅਜਹੇ ਅਰਥ ਨਹੀਂ ਹਨ। ਜਦ ਉਹ ਕਹਿੰਦੇ ਹਨ ਕਿ "ਫਲਾਣੇ ਫਲਾਣੇ ਨੇ ਤੇਰੀ ਨੁਕਤਾਚੀਨੀ ਕੀਤੀ ਹੈ" ਉਹ ਆਦਮੀ ਬਗ਼ੈਰ ਇਹ ਜਾਣੇ ਦੇ ਕਿ ਦੂਸਰੇ ਨੇ ਕੀ ਕਿਹਾ ਸੀ, ਨਾਰਾਜ਼ ਹੋ ਜਾਂਦਾ ਹੈ। ਇਸ ਤੋਂ ਉਹ ਸੋਚਦਾ ਹੈ ਕਿ ਉਸ ਨੇ ਮੈਨੂੰ ਚੀਰ ਸੁੱਟਿਆ ਹੈ।

ਐਪਰ, ਅਸਲ ਵਿਚ ਸਾਡੇ ਵਿੱਚੋਂ ਉਹ ਲੋਕ, ਜੋ ਇਹਨਾਂ ਸੰਘਰਸ਼ਾਂ ਜਾਂ ਸਮੱਸਿਆਵਾਂ ਤੋਂ ਥੋੜ੍ਹੇ ਦੂਰ ਰਹਿੰਦੇ ਰਹੇ ਹਾਂ, ਇਹ ਝੜਪਾਂ ਅਤੇ ਹਥਿਆਰਾਂ ਦੀ ਅਜਿਹੀ ਪ੍ਰੀਖਿਆ ਬਾਰੇ ਕੁਝ ਸਾਥੀਆਂ ਦੇ ਕੇਸ ਬਾਰੇ ਦੱਸਿਆ ਸੀ ਕਿ ਉਹ ਡੂੰਘੀ ਮਾਨਸਿਕ ਡੀਪਰੈਸ਼ਨ ਦੇ ਕੰਢੇ ਉੱਤੇ ਹੁੰਦੇ ਹਨ। ਕਿਉਂਕਿ ਤਬਾਹਕਰੂ ਆਲੋਚਨਾ ਜੋ ਉਹਨਾਂ ਵਿਰੁੱਧ ਵਰਤੋਂ ਵਿਚ ਲਿਆਂਦੀ ਜਾਂਦੀ ਹੈ, ਸੰਭਵ ਹੈ ਕਿ ਅਸੀਂ ਇਸ ਆਲੋਚਨਾ ਦਾ ਸ਼ਿਕਾਰ ਹੋਏ ਸਾਥੀਆਂ ਨਾਲ ਹਮਦਰਦੀ ਵਿਖਾਵਾਂਗੇ। ਕਿਉਂਕਿ ਸਾਡੇ ਵਿਚ ਰੁਚੀ ਹੁੰਦੀ ਹੈ ਕਿ ਇਹਨਾਂ ਸ਼ਿਕਾਰ ਹੋਏ ਲੋਕਾਂ ਨਾਲ ਹਮਦਰਦੀ ਕਰੀਏ।

ਅਸੀਂ ਜਿਹੜੇ ਲੋਕ ਸੁਹਿਰਦਤਾ ਨਾਲ ਸਾਰਿਆਂ ਦੀ ਏਕਤਾ ਲਈ ਯਤਨ ਕਰਦੇ ਹਾਂ, ਅਜਿਹੇ ਸ਼ਬਦਾਂ ਦੀ ਵਰਤੋਂ ਤੋਂ ਸੰਕੋਚ ਕਰਦੇ ਹਾਂ ਸ਼ਬਦ ਜਿਹੜੇ ਕਿਸੇ ਨੂੰ ਜ਼ਖਮੀ ਕਰਦੇ ਜਾਂ ਉਹਨਾਂ ਦਾ ਦਿਲ ਤੋੜਦੇ ਹਨ। ਪਰ ਇਸ ਗੱਲ ਬਾਰੇ ਕੋਈ ਕਿੰਤੂ ਨਹੀਂ ਹੋ ਸਕਦਾ ਕਿ ਨਾ-ਬਰਾਬਰ ਹਾਲਤਾਂ ਵਿੱਚ ਅਜੇਹੇ ਸੰਘਰਸ਼ ਤੇ ਵਾਦ-ਵਿਵਾਦ ਹੁੰਦੇ ਰਹਿੰਦੇ ਹਨ ਐਪਰ ਕ੍ਰਾਂਤੀ ਦੇ ਪੱਖ ਤੋਂ ਇਹ ਦ੍ਰਿਸ਼ਟੀਕੋਣ ਠੀਕ ਨਹੀਂ ਹੋ ਸਕਦਾ। ਕ੍ਰਾਂਤੀ ਕਿਸੇ ਨੂੰ ਇੱਕ ਦੂਸਰੇ ਵਿਰੁੱਧ ਹਥਿਆਰਬੰਦ ਨਹੀਂ ਕਰ ਸਕਦੀ ਤੇ ਸਾਡੀ ਰਾਏ ਹੈ ਕਿ ਲੇਖਕਾਂ ਤੇ ਕਲਾਕਾਰਾਂ ਨੂੰ ਸਵੈ-ਪ੍ਰਗਟਾਵੇ ਲਈ ਹਰ ਅਵਸਰ ਮਿਲਣਾ ਚਾਹੀਦਾ ਹੈ। ਸਾਡਾ ਮੱਤ ਹੈ ਕਿ ਲੇਖਕਾਂ ਤੇ ਕਲਾਕਾਰਾਂ ਨੂੰ ਆਪਣੀ ਜਥੇਬੰਦੀ ਰਾਹੀਂ ਤੇ ਇੱਕ ਵਿਸ਼ਾਲ ਸਭਿਆਚਾਰਕ ਪੱਤ੍ਰਿਕਾ ਰਾਹੀਂ ਵਿਚਰਨਾ ਚਾਹੀਦਾ ਹੈ ਕੀ ਇਹ ਢੰਗ ਇਸ ਸਮੱਸਿਆ ਦਾ ਸਹੀ ਹੱਲ ਨਹੀਂ ਹੈ? ਐਪਰ ਇਨਕਲਾਬ ਅੰਦਰ ਸਾਰੇ ਸਾਧਨ ਕਿਸੇ ਇੱਕ ਗਰੁੱਪ ਦੇ ਹੱਥ ਵਿਚ ਨਹੀਂ ਦੇ



ਸਕਦਾ। ਇਨਕਲਾਬ ਇਹ ਕਰ ਸਕਦਾ ਹੈ ਤੇ ਉਸ ਨੂੰ ਕਰਨਾ ਵੀ ਚਾਹੀਦਾ ਕਿ ਸਾਰੇ ਸਾਧਨ ਇਸ ਢੰਗ ਨਾਲ ਜੁਟਾਵੇ ਕਿ ਇਹਨਾਂ ਸਾਧਨਾ ਨੂੰ ਸਾਰੇ ਹੀ ਲੇਖਕ ਤੇ ਕਲਾਕਾਰ ਇਹਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਸਕਣ। ਤੁਸੀਂ ਸਾਰੇ ਹੀ ਛੇਤੀ ਹੀ ਲੇਖਕਾਂ ਤੇ ਕਲਾਕਾਰਾਂ ਦੀ ਇਕ ਐਸੋਸੀਏਸ਼ਨ ਬਣਾਉਣ ਜਾ ਰਹੇ ਹੋ ਤੇ ਤੁਸੀਂ ਇੱਕ ਕਾਂਗਰਸ ਵਿਚ ਵੀ ਭਾਗ ਲਵੋਂਗੇ। ਕਾਂਗਰਸ ਇੱਕ ਉਸਾਰੂ ਭਾਵਨਾ ਨਾਲ ਕਰਨੀ ਚਾਹੀਦੀ ਹੈ ਤੇ ਸਾਨੂੰ ਵਿਸ਼ਵਾਸ਼ ਹੈ ਕਿ ਤੁਸੀਂ ਇਸ ਨੂੰ ਸਹੀ ਭਾਵਨਾ ਨਾਲ ਸਿਰੇ ਚਾੜ੍ਹਗੇ। ਇਸ ਦੇ ਵਿਚੋਂ ਲੇਖਕਾਂ ਤੇ ਕਲਾਕਾਰਾਂ ਦੀ ਇੱਕ ਤਕੜੀ ਜਥੇਬੰਦੀ ਬਣੇਗੀ, ਜਿਸ ਵਿਚ ਉਸਾਰੇ ਤੇ ਸੱਚੀ ਭਾਵਨਾ ਵਾਲ਼ੇ ਸਾਰੇ ਹੀ ਲੇਖਕ ਭਾਗ ਲੈ ਸਕਣਗੇ ਕਿਉਂਕਿ ਜੇ ਕੋਈ ਸੋਚਦਾ ਹੈ ਕਿ ਅਸੀਂ ਉਸਨੂੰ ਗੁੱਠੇ ਲਾਉਣਾ ਚਾਹੁੰਦੇ ਹਾਂ ਜਾਂ ਜੇ ਕੋਈ ਸੋਚਦਾ ਹੈ ਕਿ ਉਸ ਦਾ ਗਲ਼ਾ ਘੁੱਟਣਾ ਚਾਹੁੰਦੇ ਹਾਂ, ਤਾਂ ਅਸੀਂ ਉਸਨੂੰ ਵਿਸ਼ਵਾਸ਼ ਦਵਾਉਂਦੇ ਹਾਂ ਕਿ ਉਸ ਨੂੰ ਇਸ ਬਾਰੇ ਬਿਲਕੁਲ ਗ਼ਲਤ-ਫ਼ਹਿਮੀ ਹੈ।

ਤੇ ਹੁਣ ਵੇਲਾ ਹੈ ਕਿ ਤੁਸੀਂ ਕਿਸੇ ਜਥੇਬੰਦਕ ਰੂਪ ਵਿਚ ਤੇ ਆਪਣੇ ਪੂਰੇ ਉਤਸ਼ਾਹ ਨਾਲ ਉਹਨਾਂ ਕਾਰਜਾਂ ਵਿਚ ਜੁੱਟ ਜਾਉ ਜੋ ਕ੍ਰਾਂਤੀ ਵਿੱਚ ਤੁਹਾਡੇ ਜ਼ੁੰਮੇ ਹਨ ਅਤੇ ਲੇਖਕਾਂ ਤੇ ਕਲਾਕਾਰਾਂ ਦੀ ਵਿਸ਼ਾਲ ਜਥੇਬੰਦੀ ਦੀ ਸਥਾਪਨਾ ਕਰੋ। ਮੈਨੂੰ ਨਹੀਂ ਪਤਾ ਕਿ ਜੋ ਵਿਸ਼ਾਲ ਪ੍ਰਸ਼ਨ ਏਥੇ ਉਠਾਏ ਗਏ ਹਨ, ਉਹ ਕਾਂਗਰਸ ਸਮੇਂ ਵਿਚਾਰੇ ਜਾਣਗੇ ਕਿ ਨਹੀਂ। ਪਰ ਸਾਨੂੰ ਪਤਾ ਹੈ ਕਿ ਕਾਂਗਰਸ ਕੀਤੀ ਜਾਣੀ ਹੈ ਅਤੇ ਇਸਦਾ ਕੰਮ ਅਤੇ ਲੇਖਕਾਂ ਤੇ ਕਲਾਕਾਰਾਂ ਦਾ ਕੀਤਾ ਜਾਣ ਵਾਲਾ ਕੰਮ, ਅਗਲੀ ਇਕੱਤਰਤਾ ਵਿਚ ਵਿਚਾਰ-ਵਟਾਂਦਰੇ ਦੇ ਮੁੱਖ ਵਿਸ਼ੇ ਹੋਣਗੇ। ਸਾਡਾ ਵਿਸ਼ਵਾਸ ਹੈ ਕਿ ਅਸੀਂ ਦੁਬਾਰਾ ਮਿਲਾਂਗੇ, ਘੱਟੋ ਘੱਟ, ਅਸੀਂ ਉਸ ਖੁਸ਼ੀ ਅਤੇ ਉਹਨਾਂ ਮੀਟਿੰਗਾਂ ਦੇ ਲਾਭ ਤੋਂ ਵਿਰਵੇ ਨਹੀਂ ਰਹਿਣਾ ਚਾਹੁੰਦੇ, ਜਿਨ੍ਹਾਂ ਵੱਲ ਇਹਨਾਂ ਸਮੱਸਿਆਵਾਂ ਕਾਰਨ ਧਿਆਨ ਗਿਆ ਹੈ। ਸਾਨੂੰ ਦੁਬਾਰਾ ਮਿਲਣਾ ਪੈਣਾ ਹੈ। ਇਸ ਦੇ ਕੀ ਅਰਥ ਹਨ? ਕਿ ਅਸੀਂ ਇਹਨਾਂ ਸਮੱਸਿਆਵਾਂ ਦੇ ਵਿਚਾਰਨ ਦੇ ਕੰਮ ਨੂੰ ਜਾਰੀ ਰੱਖਣਾ ਹੈ। ਅਰਥਾਤ ਹਰ ਕੋਈ ਤਸੱਲੀ ਰੱਖੇ ਕਿ ਸਰਕਾਰ ਇਹਨਾਂ ਸਮੱਸਿਆਵਾਂ ਵਿਚ ਡੂੰਘੀ ਦਿਲਚਸਪੀ ਰੱਖਦੀ ਹੈ ਅਤੇ ਭਵਿੱਖ ਵਿੱਚ ਇਹਨਾਂ ਸਮੱਸਿਆਵਾਂ ਨੂੰ ਵਿਚਾਰ ਲਈ ਖੁੱਲ੍ਹਾ ਮੌਕਾ ਮਿਲੇਗਾ।

ਸਾਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਨਾਲ ਲੇਖਕਾਂ ਤੇ ਕਲਾਕਾਰਾਂ ਨੂੰ ਡੂੰਘੀ ਦਿਲਚਸਪੀ ਹੋਵੇਗੀ ਤੇ ਸਾਨੂੰ ਉਮੀਦ ਹੈ ਕਿ ਅਸੀਂ ਹੋਰ ਵਧੇਰੇ ਜਾਣਕਾਰੀ ਅਤੇ ਗਿਆਨ ਪ੍ਰਾਪਤ ਕਰਾਂਗੇ।

ਸਭਿਆਚਾਰਕ ਰਾਸ਼ਟਰੀ ਕੌਂਸਲ ਕੋਲ ਵੀ ਇੱਕ ਸੂਚਨਾ ਏਜੰਸੀ ਹੋਣੀ ਚਾਹੀਦੀ ਹੈ। ਮੇਰਾ ਖ਼ਿਆਲ ਹੈ ਕਿ ਇਸ ਢੰਗ ਨਾਲ ਕੰਮ ਟਿਕਾਣੇ ਆ ਜਾਵੇਗਾ ਅਤੇ ਇਸ ਨੂੰ ਸਭਿਆਚਾਰਕ ਪਾਬੰਦੀ ਜਾਂ ਰਚਨਾਤਮਕ ਭਾਵਨਾ ਦਾ ਗਲ਼ਾ ਘੁੱਟਣਾ ਨਹੀਂ ਕਿਹਾ ਜਾ ਸਕਦਾ। ਕ੍ਰਾਂਤੀ ਇਹ ਚਾਹੁੰਦੀ ਹੈ ਕਿ ਕਲਾਕਾਰ ਲੋਕਾਂ ਵੱਲੋਂ ਵੱਧ ਤੋਂ ਵੱਧ ਕੋਸ਼ਿਸ਼ ਕਰਨ। ਇਹ ਚਾਹੁੰਦੀ ਹੈ ਕਿ ਉਹ ਵੱਧ ਤੋਂ ਵੱਧ ਦਿਲਚਸਪੀ ਲੈਣ ਅਤੇ ਇਨਕਲਾਬੀ ਕੰਮ ਵਿਚ ਕੋਸ਼ਿਸ਼ ਕਰਨ। ਸਾਡਾ ਖ਼ਿਆਲ ਹੈ ਕਿ ਕ੍ਰਾਂਤੀ ਦਾ ਏਨਾ ਕੁ ਤਾਂ ਹੱਕ ਬਣਦਾ ਹੈ।

ਕੀ ਇਸ ਦਾ ਇਹ ਅਰਥ ਹੈ ਕਿ ਅਸੀਂ ਲੋਕਾਂ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਉਹ ਕੀ ਲਿਖਣ? ਜੋ ਕੁਝ ਕੋਈ ਲਿਖਣਾ ਚਾਹੁੰਦਾ ਹੈ, ਉਸ ਦੀ ਉਹਨੂੰ ਆਗਿਆ ਹੈ ਅਤੇ ਜੇ ਉਹ ਜੋ ਕੁਝ

ਲਿਖਦਾ ਹੈ, ਚੰਗਾ ਨਹੀਂ ਹੈ, ਤਾਂ ਇਹ ਉਸ ਦੀ ਸਮੱਸਿਆ ਹੈ, ਅਸੀਂ ਕਿਸੇ ਨੂੰ ਉਸ ਵਿਸ਼ੇ ਬਾਰੇ ਲਿਖਣ ਤੋਂ ਹਟਕਦੇ ਨਹੀਂ, ਉਸ ਤਰ੍ਹਾਂ ਲਿਖਣ ਦਾ ਹੱਕ ਹੈ, ਜਿਸ ਤਰ੍ਹਾਂ ਉਹ ਪ੍ਰਗਟ ਕਰਨਾ ਚਾਹੁੰਦਾ ਹੈ। ਅਸੀਂ ਹਮੇਸ਼ਾ ਹੀ ਉਸਦੇ ਰਚਨਾਤਮਕ ਕੰਮ ਨੂੰ ਕ੍ਰਾਂਤੀਕਾਰੀ ਦ੍ਰਿਸ਼ਟੀ ਤੋਂ ਮੁਲਾਂਕਣ ਕਰਾਂਗੇ। ਇਹ ਇਨਕਲਾਬੀ ਸਰਕਾਰ ਦਾ ਅਧਿਕਾਰ ਹੈ। ਇਹ ਏਨਾ ਹੀ ਯੋਗ, ਜਿੰਨਾ ਉਹ ਅਧਿਕਾਰ ਜਿਸ ਢੰਗ ਨਾਲ ਹਰ ਇੱਕ ਪ੍ਰਗਟ ਕਰਨਾ ਚਾਹੁੰਦਾ ਹੈ।

ਬਹੁਤ ਸਾਰੇ ਕਦਮ ਪੁੱਟ ਜਾ ਰਹੇ ਹਨ, ਜਿਨ੍ਹ ਵਿਚੋਂ ਕੁਝ ਇਕ ਦਾ ਏਥੇ ਜ਼ਿਕਰ ਕੀਤਾ ਗਿਆ ਹੈ। ਅਸੀਂ ਉਹਨਾਂ ਨੂੰ ਸੂਚਿਤ ਕਰਨਾ ਚਾਹੁੰਦੇ ਹਾਂ, ਜਿਹੜੇ ਕੌਮੀ ਪ੍ਰਕਾਸ਼ਨ ਘਰ ਦੀ ਸਮੱਸਿਆ ਬਾਰੇ ਚਿੰਤਾ ਕਰਦੇ ਸਨ ਕਿ ਇਸ ਦੇ ਚਲਾਉਣ ਲਈ ਇੱਕ ਕਾਨੂੰਨ ਬਣਾਉਣ ਉੱਤੇ ਵਿਚਾਰ ਕੀਤੀ ਜਾ ਰਹੀ ਹੈ ਤਾਂ ਕਿ ਇਸ ਦੀ ਕਾਰਜ-ਵਿਧੀ ਨੂੰ ਨਿਯਮ-ਬੱਧ ਕੀਤਾ ਜਾਵੇ ਅਤੇ ਨਵੀਆਂ ਸੰਪਾਦਕੀ ਡਵੀਯਨਾਂ ਬਣਾਈਆਂ ਜਾਣ, ਲੋੜੀਂਦੀ ਭਿੰਨਤਾ ਤੇ ਨਜ਼ਰ ਰੱਖੀ ਜਾਵੇ ਤੇ ਜੋ ਘਾਟਾਂ ਇਸ ਸਮੇਂ ਆਉਂਦੀਆਂ ਹਨ, ਉਨ੍ਹਾਂ ਨੂੰ ਦੂਰ ਕੀਤਾ ਜਾਵੇ। ਨੈਸ਼ਨਲ ਪਬਲਿਸ਼ਿੰਗ ਹਾਊਸ ਹਾਲ ਹੀ ਵਿਚ ਬਣਾਈ ਗਈ ਸੰਸਥਾ ਹੈ, ਜਿਸਨੇ ਮੁਸ਼ਕਿਲ ਹਾਲਤਾਂ ਵਿੱਚ ਮੂੰਹ ਵਿਖਾਲਿਆ ਹੈ, ਕਿਉਂਕਿ ਇਸਨੇ ਅਖਬਾਰ ਵਾਲੇ Plant ਵਿਚ ਕੰਮ ਸ਼ੁਰੂ ਕਰਨਾ ਸੀ, ਜਿਹੜਾ ਅਚਾਨਕ ਹੀ ਬੰਦ ਹੋ ਗਿਆ ਸੀ (ਅਸੀਂ ਉਸ ਦਿਨ ਉਥੇ ਹਾਜ਼ਰ ਸੀ, ਜਦੋਂ ਇਹ ਅਖਬਾਰ ਪਲਾਂਟ, ਆਪਣੇ ਕਾਮਿਆਂ ਅਤੇ ਸੰਪਾਦਕਾਂ ਨਾਲ ਚਾਲੂ ਹੋਇਆ ਸੀ) ਇਸ ਪਲਾਂਟ ਨੂੰ ਬੜੀਆਂ ਜ਼ਰੂਰੀ ਲਿਖਤਾਂ ਜੋ ਮਿਲਟਰੀ ਦੀ ਲੋੜ ਨਾਲ ਸਬੰਧਤ ਸਨ, ਨੂੰ ਛਾਪਣ ਵੱਲ ਧਿਆਨ ਦੇਣਾ ਪਿਆ ਸੀ। ਕੌਮੀ ਪ੍ਰਕਾਸ਼ਨ ਘਰ ਦੀਆਂ ਕਈ ਘਾਟਾਂ ਹਨ ਪਰ ਇਹ ਸਾਰੀਆਂ ਠੀਕ ਕਰ ਲਈਆਂ ਜਾਣਗੀਆਂ। ਸ਼ਿਕਾਇਤਾਂ ਲਈ ਕੋਈ ਕਾਰਨ ਨਹੀਂ ਰਹਿਣ ਦਿੱਤਾ ਜਾਵੇਗਾ, ਜਿਵੇਂ ਕਿ ਇਸ ਮੀਟਿੰਗ ਵਿਚ ਦੱਸੀਆਂ ਗਈਆਂ ਹਨ, ਪੁਸਤਕਾਂ ਅਤੇ ਹੋਰ ਸਾਮਾਨ ਮੰਗਵਾਉਣ ਲਈ ਕਦਮ ਪੁੱਟ ਜਾ ਰਹੇ ਹਨ ਤੇ ਉਹ ਸਮੱਸਿਆਵਾਂ ਹੱਲ ਕਰ ਲਈਆਂ ਜਾਣਗੀਆਂ, ਜੋ ਲੇਖਕਾਂ ਤੇ ਕਲਾਕਾਰ ਨਾਲ਼ ਸਬੰਧਤ ਹਨ ਅਤੇ ਜਿਸ ਬਾਰੇ "ਸਭਿਆਚਾਰ ਦੀ ਕੌਮੀ ਕੌਂਸਲ" ਵੀ ਚਿੰਤਤ ਹੈ। ਜਿਵੇਂ ਕਿ ਤੁਸੀਂ ਜਾਣਦੇ ਹੋ, ਸਟੇਟ ਦੇ ਵੱਖ-ਵੱਖਰੇ ਮਹਿਕਮੇ ਅਤੇ ਸੰਸਥਾਵਾਂ ਹਨ ਤੇ ਸਟੇਟ ਵਿੱਚ, ਹਰ ਕੋਈ, ਆਪਣਾ ਕੰਮ ਚਲਾਉਣ ਲਈ ਲੋੜੀਂਦੇ ਸਾਧਨ ਪ੍ਰਾਪਤ ਕਰਨਾ ਚਾਹੁੰਦਾ ਹੈ।

ਅਸੀਂ ਕੁਝ ਪੱਖ ਦੱਸਣਾ ਚਾਹੁੰਦੇ ਹਾਂ, ਜਿਨ੍ਹਾਂ ਵਿਚ ਅਸੀਂ ਕੁਝ ਅੱਗੇ ਵਧੇ ਹਾਂ, ਖੇਤਰ ਜਿਨ੍ਹਾਂ ਬਾਰੇ ਸਾਨੂੰ ਸਭ ਨੂੰ ਫ਼ਖ਼ਰ ਹੋਣਾ ਚਾਹੀਦਾ ਹੈ। ਸਿੰਫੋਨੀ ਆਰਕੈਸਟਰਾ ਦੀ ਸਫ਼ਲਤਾ ਵੱਲ ਵੇਖੋ, ਮਿਸਾਲ ਵਜੋਂ ਜਿਸਨੂੰ ਪੂਰੀ ਤਰ੍ਹਾਂ ਮੁੜ ਜਥੇਬੰਦ ਕੀਤਾ ਗਿਆ ਹੈ ਤੇ ਕੇਵਲ ਕਲਾਤਮਕ ਅਰਥਾਂ ਵਿਚ ਹੀ ਉੱਚੀ ਪੱਧਰ ਉੱਤੇ ਨਹੀਂ ਪਹੁੰਚਿਆ, ਸਗੋਂ ਇਨਕਲਾਬੀ ਅਰਥਾਂ ਵਿਚ ਵੀ। ਕਿਉਂਕਿ ਸਿੰਫੋਨੀ ਆਰਕੈਸਟਰਾ ਦੇ ਤੀਹ ਦੇ ਕਰੀਬ ਰਜ਼ਾਕਾਰ-ਕਾਰਾਂ ਮੈਂਬਰ ਹਨ।

ਕਿਊਬਾ ਦੀ ਬੈਲਿਡ ਨੂੰ ਮੁੜ ਉਸਾਰਿਆ ਗਿਆ ਹੈ ਅਤੇ ਇਸਨੇ ਇਹਨਾਂ ਹੀ ਦਿਨਾਂ ਵਿਚ ਬਾਹਰਲੇ ਦੇਸ਼ਾਂ ਦਾ ਦੌਰਾ ਕੀਤਾ ਹੈ ਤੇ ਜਿਨ੍ਹਾਂ ਦੇਸ਼ਾਂ ਵਿੱਚ ਵੀ ਇਹ ਗਏ ਹਨ ਉਥੇ ਪ੍ਰਸ਼ੰਸਾ ਤੇ ਪ੍ਰਵਾਨਗੀ ਪ੍ਰਾਪਤ ਕੀਤੀ ਹੈ।

"ਮਾਡਰਨ ਨਾਚ ਗਰੁੱਪ" ਵੀ ਕਾਫ਼ੀ ਸਫ਼ਲ ਰਿਹਾ ਹੈ ਅਤੇ ਇਸ ਦੀ ਯੋਰਪ ਵਿਚ ਬੜੀ ਪ੍ਰਸ਼ੰਸਾ



ਹੋਈ ਹੈ।

ਸਭਿਆਚਾਰ ਪੱਖੋਂ ਨੈਸ਼ਨਲ ਲਾਇਬ੍ਰੇਰੀ ਬੜੀ ਮਿਹਨਤ ਕਰ ਰਹੀ ਹੈ। ਇਹ ਲੋਕਾਂ ਨੂੰ ਚਿੱਤਰਕਾਰੀ ਅਤੇ ਸੰਗੀਤ ਵਿਚ ਦਿਲਚਸਪੀ ਪੈਦਾ ਕਰਨ ਲਈ ਰੁੱਝੀ ਹੋਈ ਹੈ। ਇਸਨੇ ਇਕ ਆਰਟ ਦਾ ਮਹਿਕਮਾਂ ਚਾਲੂ ਕੀਤਾ ਹੈ ਜੋ ਲੋਕਾਂ ਨੂੰ ਸੁੰਦਰ ਚਿੱਤਰਾਂ ਬਾਰੇ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕਰੇਗਾ ਇਸਦਾ ਇਕ ਸੰਗੀਤ ਮਹਿਮਕਾ ਵੀ ਹੈ, ਇਕ ਨੌਜਵਾਨਾਂ ਦਾ ਭਾਗ ਤੇ ਇੱਕ ਬਾਲਾਂ ਦਾ।

ਇਸ ਹਾਲ ਵਿਚ ਪਹੁੰਚਣ ਤੋਂ ਪਹਿਲਾਂ ਅਸੀਂ ਹੁਣੇ ਹੀ ਨੈਸ਼ਨਲ ਲਾਇਬ੍ਰੇਰੀ ਦਾ ਬਾਲ-ਵਿਭਾਗ ਤੱਕ ਰਹੇ ਸੀ। ਅਸੀਂ ਉਥੇ ਕਾਫ਼ੀ ਬੱਚੇ ਵੇਖੇ ਤੇ ਜੋ ਕੰਮ ਉਥੇ ਹੋ ਰਿਹਾ ਸੀ, ਉਹ ਵੀ ਤੱਕਿਆ। ਕੌਮੀ ਲਾਇਬ੍ਰੇਰੀ ਵਿਚ ਜੋ ਵਿਕਾਸ ਹੋ ਰਿਹਾ ਹੈ, ਉਹ ਇਸ ਗੱਲ ਦੀ ਵੱਡੀ ਦਲੀਲ ਹੈ ਕਿ ਉਹ ਸਾਧਨਾਂ ਦਾ ਪ੍ਰਬੰਧ ਕਰੇ, ਜੋ ਇਸ ਨੂੰ ਜਾਰੀ ਰੱਖਣ ਲਈ ਚਾਹੀਦੇ ਹਨ। ਨੈਸ਼ਨਲ ਪਬਲਿਸ਼ਿੰਗ ਹਾਊਸ ਹੁਣ ਇਕ ਹਕੀਕਤ ਬਣ ਚੁੱਕਾ ਹੈ ਤੇ ਜੋ ਨਵੀਂ ਜਥੇਬੰਦਕ ਸ਼ਕਲ ਇਸ ਨੂੰ ਦਿੱਤੀ ਜਾ ਰਹੀ ਹੈ ਇਸ ਨਾਲ ਇਹ ਕ੍ਰਾਂਤੀ ਦੀ ਜਿੱਤ ਹੋਵੇਗੀ, ਜਿਸ ਨਾਲ ਲੋਕੀਂ ਸਿਖਿਅਤ ਹੋਣਗੇ।

ਚੈਲ-ਚਿੱਤਰਾਂ ਦੀ ਕੌਮੀ ਸੰਸਥਾ ਵੀ ਇਕ ਹਕੀਕਤ ਬਣ ਚੁੱਕੀ ਹੈ। ਇਸ ਦੀ ਮੁੱਢਲੀ ਸਟੇਜ ਤੇ ਮੁੱਖ ਤੌਰ ਤੇ ਲੋੜੀਂਦੀ ਸਮੱਗਰੀ ਅਤੇ ਸਾਮਾਨ ਦਾ ਪ੍ਰਬੰਧ ਕਰਨਾ ਸੀ। ਇਨਕਲਾਬ ਨੇ ਘੱਟੋ-ਘੱਟ ਫਿਲਮ ਦਸਤਕਾਰੀ ਦੀ ਨੀਂਹ ਰੱਖ ਦਿੱਤੀ ਹੈ। ਇਸ ਦੀ ਨੀਂਹ ਰੱਖਣ ਲਈ ਬੜਾ ਮੁੱਲ ਤਾਰਨਾ ਪਿਆ ਹੈ ਅਤੇ ਜੇ ਇਹ ਗੱਲ ਧਿਆਨ ਵਿੱਚ ਰੱਖੀਏ ਕਿ ਸਾਡਾ ਦੇਸ਼ ਸਨਅਤੀ ਪੱਖ ਤੋਂ ਤਰੱਕੀ-ਯਾਫ਼ਤਾ ਨਹੀਂ ਹੈ ਤੇ ਸਾਰੇ ਸਾਮਾਨ ਦੀ ਪ੍ਰਾਪਤੀ ਲਈ ਕੁਰਬਾਨੀ ਕਰਨੀ ਪਈ ਹੈ। ਜੇ ਸਾਡੇ ਕੋਲ਼ ਫਿਲਮ-ਦਸਤਕਾਰੀ ਲਈ ਵਧੇਰੇ ਸਹੂਲਤਾਂ ਨਹੀਂ ਹਨ ਤਾਂ ਇਸਦਾ ਕਾਰਨ ਸਰਕਾਰ ਦੀ ਰੋਕਾਂ ਲਾਉਣ ਵਾਲੀ ਉਹ ਨੀਤੀ ਹੀ ਨਹੀਂ ਹੈ, ਸਗੋਂ ਇਸ ਲਈ ਉਹਨਾਂ ਆਰਥਕ ਵਸੀਲਿਆਂ ਦੀ ਘਾਟ ਵੀ ਹੈ, ਜਿਨ੍ਹਾਂ ਦੀ ਸਹਾਇਤਾ ਨਾਲ ਸ਼ੌਕੀਆ ਲਹਿਰਾਂ ਵਿਕਸਿਤ ਹੁੰਦੀਆਂ ਤੇ ਸਿਨੇਮੇ ਦੇ ਹੁਨਰ ਦਾ ਵਿਕਾਸ ਹੁੰਦਾ ਹੈ। ਇਹ ਉਸ ਸਮੇਂ ਕੀਤਾ ਜਾਵੇਗਾ, ਜਦੋਂ ਸਾਡੇ ਕੋਲ਼ ਹੋਰ ਸਾਧਨ ਪ੍ਰਾਪਤ ਹੋਣਗੇ।

ਇਨਸਟੀਚਿਊਟ ਦੀ ਮੋਸ਼ਨ ਪਿਕਚਰ ਵਿਚਲੀ ਨੀਤੀ ਅਤੇ ਇਸ ਸੰਸਥਾ ਦੀਆਂ ਕੰਮ ਕਰਨ ਵਾਲ਼ੀਆਂ ਟੋਲੀਆਂ ਵਿਚਲੀ ਮੁਕਾਬਲੇ ਦੀ ਭਾਵਨਾ ਦੇ ਲਾਗੂ ਹੋਣ ਨੂੰ ਵੀ ਵਿਚਾਰਿਆ ਜਾਵੇਗਾ। ਇਹ ਇਨਸਟੀਚਿਊਟ ਦੇ ਕੰਮ ਨੂੰ ਵਿਚਾਰਨਾ ਹਾਲੀ ਸੰਭਵ ਨਹੀਂ। ਇਸ ਨੂੰ ਵਿਚਾਰਨ ਲਈ ਹਾਲੀ ਕਾਫ਼ੀ ਕੰਮ ਨਹੀਂ ਕੀਤਾ ਗਿਆ, ਪਰ ਇਹ ਸੰਸਥਾ ਚੱਲਦੀ ਪਈ ਹੈ ਤੇ ਅਸੀਂ ਜਾਣਦੇ ਹਾਂ ਕੁਝ ਡਾਕੂਮੈਂਟਰੀਆਂ ਬਣੀਆਂ ਹਨ, ਜਿਨ੍ਹਾਂ ਰਾਹੀਂ ਬਾਹਰ ਇਨਕਲਾਬ ਬਾਰੇ ਜਾਣਕਾਰੀ ਗਈ ਹੈ। ਪਰ ਸਾਨੂੰ ਜਿਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਕਿ ਮੂਵੀ ਸਨਅਤ ਦੀ ਪਹਿਲਾਂ ਹੀ ਨੀਂਹ ਰੱਖੀ ਜਾ ਚੁੱਕੀ ਹੈ।

ਸਭਿਆਚਾਰਕ ਖੇਤਰ ਵਿੱਚ ਵੀ ਪਬਲਿਸਟੀ ਅਤੇ ਟਾਕਸ (Talks) ਰਾਹੀਂ, ਵੱਖ ਵੱਖ ਏਜੰਸੀਆਂ ਵੱਲੋਂ ਕਾਫ਼ੀ ਕੰਮ ਕੀਤਾ ਗਿਆ ਹੈ। ਪਰ ਫੇਰ ਵੀ, ਇਹ ਕੰਮ ਇਸ ਦੇ ਟਾਕਰੇ ਤੇ ਕਾਫ਼ੀ ਨਹੀਂ ਤੇ ਨਾ ਹੀ ਕ੍ਰਾਂਤੀ ਜੋ ਕੁਝ ਚਾਹੁੰਦੀ ਹੈ, ਉਸ ਅਨੁਸਾਰ ਹੈ।

ਅਜੇ ਵੀ, ਕਈ ਅਜੇਹੇ ਸਵਾਲ ਹਨ, ਜੋ ਹੱਲ ਕਰਨ ਵਾਲ਼ੇ ਹਨ, ਤੇ ਜਿਹਨਾਂ ਵਿਚ ਲੇਖਕਾਂ ਤੇ ਕਲਾਕਾਰਾਂ ਨੂੰ ਦਿਲਚਸਪੀ ਹੈ। ਉਹ ਸਮੱਸਿਆਵਾਂ ਪਦਾਰਥਕ ਅਥਵਾ ਆਰਥਕ ਸੁਭਾਅ

ਵਾਲੀਆਂ ਹਨ। ਕੱਲ੍ਹ ਦੀਆਂ ਹਾਲਤਾਂ ਹੁਣ ਨਹੀਂ ਹਨ। ਅੱਜ ਦੇ ਸਮੇਂ ਉਹ ਛੋਟੀ ਜੇਹੀ, ਪਰ ਵਿਸ਼ੇਸ਼ ਅਧਿਕਾਰਾਂ ਵਾਲੀ ਉਹ ਸ਼੍ਰੇਣੀ ਨਹੀਂ ਜੋ ਬਹੁਤ ਮਹਿੰਗੀ ਕੀਮਤ ਤਾਰ ਕੇ, ਲੇਖਕਾਂ ਦੀਆਂ ਲਿਖਤਾਂ ਨੂੰ ਖਰੀਦਦੀ ਹੁੰਦੀ ਸੀ। ਅਸੀਂ ਇਸ ਤੋਂ ਵਾਕਿਫ਼ ਹਾਂ, ਕਿਉਂਕਿ ਇੱਕ ਤੋਂ ਵੱਧ ਕਲਾਕਾਰ ਅੰਤ ਨੂੰ ਕੰਗਾਲੀ ਤੇ ਗੁੰਮਨਾਮੀ ਦਾ ਸ਼ਿਕਾਰ ਹੁੰਦੇ ਸਨ। ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਤੇ ਇਹਨਾਂ ਦਾ ਹੱਲ ਕਰਨਾ ਹੈ ਅਤੇ ਕ੍ਰਾਂਤੀਕਾਰੀ ਸਰਕਾਰ ਨੂੰ ਇਹਨਾਂ ਨੂੰ ਹੱਲ ਕਰਨਾ ਚਾਹੀਦਾ ਹੈ। ਕਲਚਰ ਦੀ ਰਾਸ਼ਟਰੀ ਕੌਂਸਲ ਨੂੰ ਇਹਨਾਂ ਦੇ ਹੱਲ ਲਈ ਚਿੰਤਤ ਹੋਣਾ ਚਾਹੀਦਾ ਹੈ ਅਤੇ ਉਹਨਾਂ ਸਮੱਸਿਆਵਾਂ ਪ੍ਰਤੀ ਜੋ ਲੇਖਕਾਂ ਨੂੰ ਪੇਸ਼ ਹਨ ਤੇ ਜੋ ਹੁਣ ਕੁਝ ਨਹੀਂ ਲਿਖਦੇ ਤੇ ਕੰਮ ਕਰਨਾ ਤਿਆਗ ਗਏ ਹਨ।

ਉਹਨਾਂ ਲੇਖਕਾਂ ਨੂੰ ਗਰੰਟੀ ਦੇਣੀ ਚਾਹੀਦੀ ਹੈ ਕਿ ਹੁਣ ਦੀ ਹਾਲਤ ਵਿਚ ਉਹਨਾਂ ਦੀਆਂ ਢੁਕਵੀਆਂ ਪਦਾਰਥਕ ਹਾਲਤਾਂ ਸੁਧਾਰਨ ਸਗੋਂ ਭਵਿੱਖ ਦੀ ਵੀ ਸੁਰੱਖਿਆ ਹੋਵੇ। ਕਿਸੇ ਹੱਦ ਤੀਕ ਹੁਣ ਕਾਪੀਰਾਈਟ ਇੰਸਟੀਚਿਊਟ ਦੀ ਪੁਨਰ-ਜਥੇਬੰਦੀ ਸਦਕਾ, ਬਹੁਤ ਸਾਰੇ ਲੇਖਕਾਂ ਤੇ ਕਲਾਕਾਰਾਂ ਦੀ, ਜਿਹਨਾਂ ਦੀ ਬੁਰੀ ਤਰ੍ਹਾਂ ਲੁੱਟ ਹੁੰਦੀ ਸੀ ਤੇ ਜਿਹਨਾਂ ਦੇ ਹੱਕਾਂ ਦਾ ਗਲ੍ਹਾ ਘੁਟਿਆ ਜਾਂਦਾ ਸੀ, ਉਹਨਾਂ ਦੀ ਹਾਲਤ ਵਿਚ ਬੜਾ ਸੁਧਾਰ ਹੋਇਆ ਹੈ, ਅੱਜ ਉਹ ਲੇਖਕ ਜੋ ਅਤਿ ਦੀ ਕੰਗਾਲੀ ਵਿਚ ਰਹਿੰਦੇ ਸਨ, ਉਹਨਾਂ ਨੂੰ ਏਨੀ ਕੁ ਆਮਦਨ ਹੋ ਜਾਂਦੀ ਹੈ ਜਿਸ ਸਦਕਾ ਉਹ ਸੁਹਣੀ ਤਰ੍ਹਾਂ ਗੁਜ਼ਾਰਾ ਕਰ ਸਕਦੇ ਹਨ।

ਇਹ ਹਨ ਉਹ ਕਦਮ ਜੋ ਇਨਕਲਾਬ ਨੇ ਚੁੱਕੇ ਹਨ, ਪਰ ਇਹ ਕੇਵਲ ਮੁੱਢਲੇ ਕਦਮ ਹਨ। ਇਸ ਤੋਂ ਬਾਅਦ ਹੋਰ ਕਦਮ ਵੀ ਚੁੱਕੇ ਜਾਣਗੇ, ਜਿਹਨਾਂ ਕਾਰਨ ਅਜੇ ਹੋਰ ਵਧੇਰੇ ਬਿਹਤਰ ਹਾਲਤਾਂ ਹੋ ਜਾਣਗੀਆਂ।

ਇਕ ਹੋਰ ਖਿਆਲ ਵੀ ਕਰਨ ਵਾਲਾ ਹੈ ਕਿ ਅਜਿਹਾ ਕੋਈ ਸਥਾਨ ਹੋਵੇ, ਜਿੱਥੇ ਲੇਖਕ ਤੇ ਕਲਾਕਾਰ ਆਰਾਮ ਤੇ ਕੰਮ ਕਰ ਸਕਣ। ਇੱਕ ਵਾਰੀ ਜਦੋਂ ਅਸੀਂ ਸਾਰੇ ਹੀ ਰਾਸ਼ਟਰੀ ਇਲਾਕੇ ਵਿਚ ਦੀ ਸਫ਼ਰ ਕਰ ਰਹੇ ਸੀ ਤਾਂ ਇਕ ਬੜੀ ਸੁੰਦਰ ਥਾਂ ਵੇਖ ਕੇ ਸਾਨੂੰ ਖਿਆਲ ਫੁਰਿਆ ਆਈਲੈਂਡ ਆਫ ਪਾਈਨਜ਼ ਵਿਚ, ਕਿ ਏਥੇ ਚੀਨ ਦੇ ਜੰਗਲ ਵਿਚਕਾਰ ਇਕ ਜਗ੍ਹਾ ਹੋਵੇ, ਜਿੱਥੇ ਅਸੀਂ ਲੇਖਕਾਂ ਤੇ ਕਲਾਕਾਰਾਂ ਦਾ ਸਤਿਕਾਰ ਕਰ ਸਕੀਏ (ਉਸ ਸਮੇਂ ਅਸੀਂ ਵਿਚਾਰ ਕਰ ਰਹੇ ਸੀ ਕਿ ਅਸੀਂ ਕੋਈ ਪੁਰਸਕਾਰ, ਵਿਸ਼ਵ ਦੇ ਵਧੀਆ ਲੇਖਕਾਂ ਤੇ ਕਲਾਕਾਰਾਂ ਲਈ ਸਥਾਪਤ ਕਰੀਏ) ਉਹ ਮਨਸੂਬਾ ਸਿਰੇ ਨਾ ਚੜ੍ਹ ਸਕਿਆ, ਪਰ ਇਸਨੂੰ ਮੁੜ ਵਿਚਾਰਿਆ ਜਾ ਸਕਦਾ ਹੈ ਅਤੇ ਇਕ ਸ਼ਾਂਤ ਸ਼ਰਨਗਾਹ ਰਚੀ ਜਾ ਸਕਦੀ ਹੈ ਜਿੱਥੇ ਆਰਾਮ ਕੀਤਾ ਜਾ ਸਕੇ ਤੇ ਜਿੱਥੇ ਲਿਖਣ ਲਈ ਉਤਸ਼ਾਹ ਮਿਲ਼ੇ। ਮੇਰਾ ਖ਼ਿਆਲ ਹੈ ਇਹ ਲੇਖਕ ਲਈ ਠੀਕ ਰਹੇਗਾ ਅਤੇ ਆਰਕੀਟੈਕਟਾਂ ਲਈ ਵੀ ਕਿ ਉਹ ਸੋਚਣਾ ਆਰੰਭ ਕਰਨ ਅਤੇ ਲੇਖਕਾਂ ਕਲਾਕਾਰਾਂ ਲਈ ਆਦਰਸ਼ਕ ਸਥਾਨ ਦੀ ਯੋਜਨਾ ਬਣਾਉਣ ਤੇ ਵੇਖਣ ਕਿ ਇਸ ਬਾਰੇ ਸਹਿਮਤੀ ਬਣ ਸਕਦੀ ਹੈ। ਕ੍ਰਾਂਤੀਕਾਰੀ ਸਰਕਾਰ ਇਸ ਦੇ ਬਜਟ ਵਿਚ ਆਪਣਾ ਹਿੱਸਾ ਪਾਉਣ ਲਈ ਤਿਆਰ ਹੈ ਅਤੇ ਕੀ ਇਸ ਦੀ ਯੋਜਨਾ, ਸਾਡੇ ਕ੍ਰਾਂਤੀਕਾਰੀਆਂ ਵੱਲੋਂ ਕਿਤੇ ਰਚਨਾਤਮਕ ਭਾਵਨਾ ਉੱਤੇ ਪਾਬੰਦੀ ਤਾਂ ਨਹੀਂ ਸਮਝੀ ਜਾਵੇਗੀ? ਕਿਉਂਕਿ, ਕਿਸੇ ਅਰਥਾਂ ਵਿੱਚ ਇਹ ਕਦੇ ਨਾ ਭੁੱਲੋ ਕਿ ਕ੍ਰਾਂਤੀਕਾਰੀ, ਜਿਹੜੇ ਅਸੀਂ ਆਪਣੀ ਸੋਚ ਅਨੁਸਾਰ ਕੰਮ ਕਰਦੇ ਆ ਰਹੇ ਹਾਂ, ਹੁਣ ਸਾਨੂੰ



ਯੋਜਨਾਬੰਦੀ ਦੀ ਹਕੀਕਤ ਨਾਲ ਵਾਹ ਪੈ ਰਿਹਾ ਹੈ ਤੇ ਇਸ ਨਾਲ ਸਾਡੇ ਲਈ ਵੀ ਇੱਕ ਸਮੱਸਿਆ ਬਣਦੀ ਹੈ। ਕਿਉਂਕਿ ਹੁਣ ਤੀਕ ਸਾਡੇ ਕੋਲ਼ ਇਕ ਸਿਰਜਣਾਤਮਕ ਭਾਵਨਾ ਸੀ, ਜਿਸ ਵਿੱਚ ਉੱਦਮ ਅਤੇ ਕ੍ਰਾਂਤੀਕਾਰੀ ਲਾਗਤ (Investment) ਦੀ ਭਾਵਨਾ ਸੀ, ਜਿਸ ਦੀ ਹੁਣ ਯੋਜਨਾ ਬਣਾਉਣੀ ਪਵੇਗੀ। ਸੋ ਇਹ ਕਦੀ ਨਾ ਸੋਚੋ ਕਿ ਅਸੀਂ ਸਮੱਸਿਆ ਤੋਂ ਦੂਰੀ ਤੇ ਖਲੋਤੇ ਹਾਂ ਕਿਉਂਕਿ ਸਾਡੇ ਦ੍ਰਿਸ਼ਟੀਕੋਣ ਅਨੁਸਾਰ ਅਸੀਂ ਰੋਸ ਵੀ ਕਰ ਸਕਦੇ ਸੀ ਤੇ ਹੁਣ ਸਾਨੂੰ ਪਤਾ ਹੈ ਕਿ ਅਗਲੇ ਸਾਲ ਕੀ ਕੀਤਾ ਜਾਣਾ ਹੈ। ਇਸ ਤੋਂ ਅਗਲੇ ਤੇ ਅਗਲੇਰੇ ਸਾਲਾਂ ਵਿਚ। ਕੌਣ ਝਗੜਾ ਕਰੇਗਾ ਕਿ ਆਰਥਕਤਾ ਦੀ ਯੋਜਨਾ ਬੰਦੀ ਕਰਨ ਦੀ ਲੋੜ ਹੈ?

ਐਪਰ ਲੇਖਕਾਂ ਤੇ ਕਲਾਕਾਰਾਂ ਦੇ ਆਰਾਮ ਲਈ ਜਗ੍ਹਾ ਉਸਾਰਨਾ ਇਸ ਸਕੀਮ ਦੇ ਅਨੁਕੂਲ ਬੈਠਦਾ ਹੈ। ਸੱਚ ਹੀ, ਇਹ ਗੱਲ ਇਨਕਲਾਬ ਲਈ ਬੜਾ ਤਸੱਲੀ ਵਾਲ਼ੀ ਹੋਵੇਗੀ ਜੇ ਇਸ ਯੋਜਨਾ ਨੂੰ ਸਿਰੇ ਚੜ੍ਹੀਆਂ ਵਿੱਚ ਗਿਣ ਸਕੀਏ।

ਏਥੇ ਅਸੀਂ ਲੇਖਕਾਂ ਤੇ ਕਲਾਕਾਰਾਂ ਦੀ ਵਰਤਮਾਨ ਅਵਸਥਾ ਬਾਰੇ ਵਿਚਾਰ ਕਰ ਰਹੇ ਹਾਂ। ਪਰ ਪ੍ਰਤੀਤ ਹੁੰਦਾ ਹੈ ਕਿ ਅਸੀਂ ਭਵਿੱਖ ਦੇ ਪ੍ਰਿਪੇਖ (Perspective) ਨੂੰ ਕੁਝ ਭੁੱਲ ਗਏ ਹਾਂ ਤੇ ਅਸੀਂ, ਜਿਨ੍ਹਾਂ ਪੱਲੇ ਤੁਹਾਡੇ ਬਾਰੇ ਬੁੜ ਬੁੜ ਕਰਨ ਲਈ ਕੋਈ ਕਾਰਨ ਨਹੀਂ, ਅਸੀਂ ਇੱਕ ਛਿਣ ਲੇਖਕਾਂ ਤੇ ਕਲਾਕਾਰਾਂ ਬਾਰੇ ਸੋਚਣ ਲਈ ਸਮਰਪਣ ਕਰ ਦਿੱਤਾ ਹੈ। ਅਸੀਂ ਹੈਰਾਨ ਹੁੰਦੇ ਸੀ ਕਿ ਜੇ ਸਰਕਾਰ ਦੇ ਬੰਦੇ (ਜ਼ਰੂਰੀ ਨਹੀਂ ਅਸੀਂ ਹੀ) ਕਲਾਕਾਰਾਂ ਤੇ ਲੇਖਕਾਂ ਨੇ ਦੁਬਾਰਾ ਮਿਲਣਾ ਹੋਵੇ ਜਿਵੇਂ ਕਿ ਉਹਨਾਂ ਨੂੰ ਭਵਿੱਖ ਵਿਚ ਪੰਜ ਜਾਂ ਦਸ ਸਾਲਾਂ ਵਿਚ ਮਿਲਣਾ ਚਾਹੀਦਾ ਹੈ, ਜਦੋਂ ਸਾਡਾ ਸਭਿਆਚਾਰ, ਅਸਾਧਾਰਨ ਵਿਕਾਸ ਕਰ ਚੁੱਕਾ ਹੋਵੇਗਾ, ਜਿਸਦੀ ਕਿ ਅਸੀਂ ਯੋਜਨਾ ਬਣਾਈ ਸੀ, ਜਦੋਂਕਿ ਵਰਤਮਾਨ ਸਿਖਿਆ ਪ੍ਰਬੰਧ ਦੇ ਫਲ ਪ੍ਰਗਟ ਹੋਣੇ ਸ਼ੁਰੂ ਹੋ ਜਾਣਗੇ!

ਇਹਨਾਂ ਸਵਾਲਾਂ ਦੇ ਉਠਾਏ ਜਾਣ ਤੋਂ ਕਾਫੀ ਦੇਰ ਪਹਿਲਾਂ, ਕ੍ਰਾਂਤੀਕਾਰੀ ਸਰਕਾਰ, ਪਹਿਲਾਂ ਹੀ, ਸਭਿਆਚਾਰ ਨੂੰ ਲੋਕਾਂ ਤੀਕ ਲਿਜਾਣ ਲਈ ਤਤਪਰ ਸੀ, ਅਸੀਂ ਹਮੇਸ਼ਾਂ ਹੀ ਆਸ਼ਾਵਾਦੀ ਰਹੇ ਹਾਂ। ਮੇਰਾ ਵਿਸ਼ਵਾਸ਼ ਹੈ ਕਿ ਆਸ਼ਾਵਾਦੀ ਹੋਏ ਤੋਂ ਬਗ਼ੈਰ, ਇਨਕਲਾਬੀ ਹੋਣਾ ਅਸੰਭਵ ਹੈ। ਕਿਉਂਕਿ ਜਿਹੜੀਆਂ ਔਕੜਾਂ ਇਨਕਲਾਬ ਨੂੰ ਸਰ ਕਰਨੀਆਂ ਪੈਂਦੀਆਂ ਹਨ ਉਹ ਬੜੀਆਂ ਗੰਭੀਰ ਹਨ ਤੇ ਬੰਦੇ ਨੂੰ ਅਵੱਸ਼ ਹੀ ਆਸ਼ਾਵਾਦੀ ਹੋਣਾ ਪੈਂਦਾ ਹੈ। ਨਿਰਾਸ਼ਾਵਾਦੀ ਕਦੇ ਇਨਕਲਾਬੀ ਨਹੀਂ ਹੋ ਸਕਦਾ।

ਇਨਕਲਾਬ ਦੇ ਕਈ ਪੜਾਅ ਆਏ ਸਨ ਇੱਕ ਪੜਾਅ ਸੀ, ਜਦੋਂ ਵੱਖ-ਵੱਖ ਏਜੰਸੀਆਂ ਨੇ ਸਭਿਆਚਾਰ ਦੇ ਖੇਤਰ ਵਿਚ ਉੱਦਮ ਕੀਤਾ। ਖੇਤੀਬਾੜੀ ਦਾ ਰਾਸ਼ਟਰੀ ਖੋਜ-ਸ਼ਾਲਾ ਨੇ ਵੀ ਸਭਿਆਚਾਰਕ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਅਸੀਂ ਕੌਮੀ ਥੀਏਟਰ ਨਾਲ ਟਕਰਾ ਗਏ, ਕਿਉਂਕਿ ਕੁਝ ਕੰਮ ਉਹਨਾਂ ਵੱਲੋਂ ਵੀ ਕੀਤਾ ਜਾ ਰਿਹਾ ਸੀ ਅਤੇ ਅਚਾਨਕ ਹੀ ਅਸੀਂ ਵੀ ਕੁਝ ਹੋਰ ਕੰਮ ਕਰ ਰਹੇ ਸੀ। ਹੁਣ ਸਾਰਾ ਕੁਝ ਇੱਕ ਜਥੇਬੰਦੀ ਅਧੀਨ ਹੈ।

ਪੇਂਡੂ ਇਲਾਕੇ ਵਿਚ ਸਾਡੀਆਂ ਯੋਜਨਾਵਾਂ ਸਬੰਧੀ ਇਕ ਸਵਾਲ ਇਹ ਵੀ ਸਾਹਮਣੇ ਆਇਆ ਕਿ ਸਭਿਆਚਾਰ ਨੂੰ ਖੇਤੀ ਫਾਰਮਾਂ ਅਤੇ ਕੋਆਪਰੇਟਿਵ ਵਿਚ ਕਿਵੇਂ ਲਿਜਾਣਾ ਹੈ? ਖ਼ੈਰ, ਸੰਗੀਤ, ਨਿਰਤ ਅਤੇ ਨਾਟਕ ਦੀ ਸਿਖਿਆ ਅਧਿਆਪਕਾਂ ਰਾਹੀਂ, ਕੇਵਲ ਆਸ਼ਾਵਾਦੀ ਹੀ ਅਜਿਹੀਆਂ

ਗੱਲਾਂ ਦਾ ਸੁਝਾਅ ਦੇ ਸਕਦੇ ਹਨ। ਖ਼ੈਰ, ਥੀਏਟਰ ਬਾਰੇ ਪਿਆਰ ਲਈ ਚੇਤਨਾ ਕਿਵੇਂ, ਕਿਸਾਨਾਂ ਵਿਚ ਜਗਾਈ ਜਾਵੇ? ਕੀ ਸਿਖਿਆ ਦੇਣ ਵਾਲੇ ਅਧਿਆਪਕਾਂ ਰਾਹੀਂ? ਅਸੀਂ 3000 ਲੋਕ-ਫਾਰਮਾਂ ਅਤੇ 600 ਕੋਆਪਰੇਟਿਵ ਲਈ ਇਨਸਟਰਕਟਰ ਕਿੱਥੋਂ ਲਿਆਉਂਦੇ? ਇਹਨਾਂ ਸਾਰਿਆਂ ਦੀਆਂ ਮੁਸ਼ਕਲਾਂ ਸਨ ਤੇ ਮੈਨੂੰ ਯਕੀਨ ਹੈ ਕਿ ਆਪ ਸਾਰੇ ਹੀ ਇਸ ਨਾਲ ਸਹਿਮਤ ਹੋਵੋਗੇ ਕਿ ਜੇ ਇਹ ਅਸੀਂ ਪੂਰਾ ਕਰ ਲੈਂਦੇ, ਤਾਂ ਇਹ ਵਿਸ਼ੇਸ਼ ਪ੍ਰਾਪਤੀ ਹੋਣੀ  ਸੀ, ਖਾਸ ਕਰਕੇ ਲੋਕਾਂ ਵਿਚ ਹੁਨਰਾਂ ਦੀ ਤਲਾਸ਼ ਅਤੇ ਲੋਕਾਂ ਨੂੰ ਦਰਸ਼ਕਾਂ ਦੀ ਥਾਂ ਰਚਨਾਕਾਰਾਂ ਵਿਚ ਤਬਦੀਲ ਕਰ ਦੇਣਾ। ਕਿਉਂਕਿ ਅੰਤਮ ਤੌਰ ਤੇ ਇਹ ਲੋਕ ਹੀ ਹੁੰਦੇ ਹਨ ਜੋ ਮਹਾਨ ਸਿਰਜਣਹਾਰੇ ਹੁੰਦੇ ਹਨ। ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਤੇ ਨਾ ਹੀ ਇਹ ਗੱਲ ਭੁੱਲਣੀ ਚਾਹੀਦੀ ਕਿ ਵਿਕਸਤ ਹੋਣ ਬਿਨਾਂ ਸਾਡੇ ਪਿੰਡਾਂ ਥਾਵਾਂ ਵਿਚ ਹਜ਼ਾਰਾਂ ਹੀ ਮਨ ਅਜ਼ਾਈਂ ਗਵਾਚ ਜਾਂਦੇ ਹਨ। ਸਾਡੇ ਪੇਂਡੂ ਥਾਵਾਂ ਉੱਤੇ ਬਹੁਤ ਸਾਰੇ ਹੁਨਰ ਗਵਾਚ ਚੁੱਕੇ ਹਨ। ਇਹਨਾਂ ਬਾਰੇ ਸਾਨੂੰ ਯਕੀਨ ਹੈ। ਜੇ ਅਸੀਂ ਇਹ ਗੱਲ ਨਾ ਸਮਝੀਏ ਕਿ ਸਭ ਤੋਂ ਵੱਧ ਸੂਝਵਾਨ ਲੋਕ ਸਾਡੇ ਆਪਣੇ ਦੇਸ਼ ਵਿੱਚ ਹੁੰਦੇ ਹਨ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਇੰਝ ਨਹੀਂ ਸੋਚਦਾ।

ਮੈਂ ਅਕਸਰ ਹੀ ਇਹ ਮਿਸਾਲ ਦਿੰਦਾ ਹਾਂ ਕਿ ਜਿੱਥੇ ਮੈਂ ਜੰਮਿਆਂ ਸੀ, ਉਥੇ ਹਜ਼ਾਰਾਂ ਹੀ ਬੱਚੇ ਸਨ ਤੇ ਉਹਨਾਂ ਵਿੱਚੋਂ ਮੈਂ ਕੇਵਲ ਇਕੱਲਾ ਹੀ ਸੀ ਜੋ ਯੂਨੀਵਰਸਿਟੀ ਵਿੱਚ ਪੜ੍ਹਨ ਦੇ ਕਾਬਿਲ ਹੋਇਆ, ਪਹਿਲਾਂ ਮੈਨੂੰ ਪਾਦਰੀਆਂ ਆਦਿ ਦੇ ਕਈ ਸਕੂਲਾਂ ਵਿੱਚ ਪੜ੍ਹਨਾ ਪਿਆ। ਮੈਂ ਕਿਸੇ ਨੂੰ ਵੀ ਸ਼ਰਾਪ ਨਹੀਂ ਦੇਣਾ ਚਾਹੁੰਦਾ, ਭਾਵੇਂ ਮੈਂ ਇਹ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਵੀ ਉਹੀ ਅਧਿਕਾਰ ਹੈ, ਜੇਹੋ ਜਿਹਾ ਕਿਸੇ ਹੋਰ ਦਾ ਕਿ ਮੈਂ ਸ਼ਿਕਾਇਤ ਕਰਨਾ ਚਾਹੁੰਦਾ ਹਾਂ ਤੇ ਮੈਨੂੰ ਸ਼ਿਕਾਇਤ ਕਰਨ ਦਾ ਅਧਿਕਾਰ ਹੈ। ਕਿਸੇ ਨੇ ਕਿਹਾ ਸੀ ਕਿ ਉਹ ਪੂੰਜੀਵਾਦੀ ਸਮਾਜ ਵੱਲੋਂ ਢਾਲ਼ਿਆ ਗਿਆ ਸੀ। ਮੈਂ ਕਹਿ ਸਕਦਾ ਹਾਂ ਕਿ ਮੈਂ ਇਸ ਨਾਲੋਂ ਵੀ ਬਾਰੇ ਢੰਗ ਨਾਲ ਢਾਲ਼ਿਆ ਗਿਆ ਸੀ ਕਿ ਮੈਂ ਸਭ ਤੋਂ ਵੱਧ ਪਿਛਾਖੜ ਰਾਹੀਂ ਢਾਲਿਆ ਗਿਆ ਸੀ ਅਤੇ ਮੇਰੇ ਕਾਫ਼ੀ ਸਾਰੇ ਸਾਲ ਹਨੇਰੇ, ਵਹਿਮਾਂ ਤੇ ਕੁਫ਼ਰਾਂ ਵਿੱਚ ਗਵਾਚ ਗਏ ਸਨ।

ਇਹ ਉਹ ਸਮਾਂ ਸੀ ਜਦੋਂ ਉਹ ਕਿਸ ਨੂੰ ਸੋਚਣਾ ਸਹੀ ਸਿਖਾਲਦੇ ਸਨ, ਸਗੋਂ ਵਿਸ਼ਵਾਸ਼ ਕਰਨ ਲਈ ਮਜਬੂਰ ਕਰਦੇ ਸਨ, ਮੇਰੀ ਰਾਏ ਹੈ ਕਿ ਜਦੋਂ ਬੰਦੇ ਦੀ ਸੋਚਣ ਤੇ ਦਲੀਲ ਨੂੰ ਰੋਕਿਆ ਜਾਂਦਾ ਹੈ, ਤਾਂ ਉਹ ਮਨੁੱਖੀ ਜੀਵ ਦੀ ਥਾਂ ਪਾਲਤੂ ਜਾਨਵਰ ਬਣ ਜਾਂਦਾ ਹੈ। ਮੈਂ ਆਦਮੀ ਦੇ ਧਾਰਮਕ ਜਜ਼ਬਿਆਂ ਦੇ ਵਿਰੁੱਧ ਬਗਾਵਤ ਨਹੀਂ ਕਰ ਰਿਹਾ, ਅਸੀਂ ਉਹਨਾਂ ਜਜ਼ਬਿਆਂ ਦਾ ਸਤਿਕਾਰ ਕਰਦੇ ਹਾਂ। ਅਸੀਂ ਮਨੁੱਖ ਦੇ ਵਿਸ਼ਵਾਸ਼ ਤੇ ਧਰਮ ਦੇ ਅਧਿਕਾਰ ਦਾ ਸਤਿਕਾਰ ਕਰਦੇ ਹਾਂ। ਪਰ ਉਹਨਾਂ ਨੇ ਮੇਰੇ ਆਜ਼ਾਦੀ ਦੇ ਅਧਿਕਾਰ ਦਾ ਸਤਿਕਾਰ ਨਹੀਂ ਕੀਤਾ। ਮੈਨੂੰ ਧਰਮ ਜਾਂ ਵਿਸ਼ਵਾਸ਼ ਰੱਖਣ ਦਾ ਹੱਕ ਨਹੀਂ ਸੀ। ਉਹਨਾਂ ਨੇ ਮੇਰੇ ਉੱਤੇ ਇੱਕ ਵਿਸ਼ਵਾਸ਼ ਅਤੇ ਇਕ ਧਰਮ ਤੋਸਿਆ ਸੀ ਅਤੇ ਮੈਨੂੰ ਬਾਰਾਂ ਸਾਲ ਇੱਕ ਪਾਲਤੂ ਪਸ਼ੂ ਬਣਾਈ ਰੱਖਿਆ ਸੀ।

ਕੁਦਰਤੀ ਹੀ ਮੈਨੂੰ ਸ਼ਿਕਾਇਤੀ ਸੁਰਾਂ ਵਿਚ ਇਹਨਾਂ ਸਾਲਾਂ ਬਾਰੇ ਬੋਲਣਾ ਪੈ ਰਿਹਾ ਹੈ, ਸਾਲ ਜਦੋਂ ਨਿੱਕਿਆ ਨੂੰ ਚੀਜ਼ਾਂ ਬਾਰੇ ਬਹੁਤ ਸਾਰੀ ਦਿਲਚਸਪੀ ਅਤੇ ਉਤਸਕਤਾ ਹੁੰਦੀ ਹੈ। ਸਾਲ ਜਦੋਂ ਮੈਂ ਸਿਲਸਿਲਾਵਾਰ ਅਧਿਐਨ ਵਿਚ ਲਾ ਸਕਦਾ ਸੀ ਤੇ ਜਿਸ ਨਾਲ ਮੈਂ ਉਹ ਸਭਿਆਚਾਰ ਗ੍ਰਹਿਣ ਕਰ



ਸਕਦਾ ਸੀ, ਜੋ ਸਾਨੂੰ ਕਿਊਬਾ ਦੇ ਬਾਲਾਂ ਨੂੰ ਅੱਜ ਹਰ ਪੱਖੋਂ ਗ੍ਰਹਿਣ ਕਰਨ ਦਾ ਅਵਸਰ ਹੈ।

ਸਾਡੀ ਕ੍ਰਾਂਤੀ ਤੋਂ ਪਹਿਲਾਂ ਹਜ਼ਾਰਾਂ ਵਿੱਚੋਂ ਇੱਕ, ਜੋ ਯੂਨੀਵਰਸਿਟੀ ਦੀ ਡਿਗਰੀ ਲੈ ਸਕਦਾ ਸੀ ਅਤੇ ਉਸਨੂੰ ਕਈ ਮੀਲ-ਪੱਥਰ ਲੰਘਣੇ ਪੈਂਦੇ ਸੀ ਅਤੇ ਇਹ ਇੱਕ ਕਰਾਮਾਤ ਹੀ ਹੁੰਦੀ ਸੀ ਕਿ ਉਹ ਮਾਨਸਿਕ ਤੌਰ ਤੇ ਕੁਚਲੇ ਜਾਣ ਤੋਂ ਬਚ ਸਕਦਾ ਸੀ ਇੰਝ ਹਜ਼ਾਰਾਂ ਵਿੱਚੋਂ ਕੋਈ ਇਕ ਇਸ ਨੂੰ ਪਾਰ ਕਰਦਾ ਸੀ।

ਕਿਉਂ? ਕਿਉਂਕਿ ਹਜ਼ਾਰਾਂ ਵਿੱਚੋਂ ਕੋਈ ਇੱਕ ਹੁੰਦਾ ਸੀ, ਜਿਹੜਾ ਕਿਸੇ ਪ੍ਰਾਈਵੇਟ ਸਕੂਲ ਵਿਚ ਪੜ੍ਹਨ ਦਾ ਖਰਚਾ ਦੇ ਸਕਦਾ ਸੀ, ਹੁਣ ਮੈਂ ਇਹ ਮੰਨਣ ਜਾ ਰਿਹਾ ਹਾਂ ਕਿ ਮੈਂ ਉਹਨਾਂ ਹਜ਼ਾਰਾਂ ਵਿਚ ਸਭ ਤੋਂ ਯੋਗ ਅਤੇ ਲਾਇਕ ਵਿਦਿਆਰਥੀ ਸੀ? ਮੇਰਾ ਯਕੀਨ ਹੈ ਕਿ ਅਸੀਂ ਉਸ ਚੋਣ ਦੀ ਉਪਜ ਹਾਂ, ਪਰ ਇਹ ਕੋਈ ਕੁਦਰਤੀ ਚੋਣ ਨਹੀਂ ਸੀ, ਸਗੋਂ ਸਮਾਜਕ ਸੀ। ਮੈਂ ਸਮਾਜਕ ਤੌਰ ਤੇ ਯੂਨੀਵਰਸਿਟੀ ਜਾਣ ਲਈ ਚੁਣਿਆ ਗਿਆ ਸੀ ਤੇ ਸਮਾਜਕ ਚੋਣ ਦੀ ਅਣਗਹਿਲੀਕਾਰਨ ਚੁਣੇ ਜਾਣ ਤੋਂ ਰਹਿ ਗਏ? ਇਹ ਹੈ ਸੱਚ ਤੇ ਉਹ ਜੋ ਵਿਸ਼ਵਾਸ਼ ਕਰਦਾ ਹੈ ਕਿ ਉਹ ਕਲਾਕਾਰ ਹੈ, ਉਸਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬਹੁਤ ਸਾਰੇ ਲੋਕ ਜੋ ਉਸ ਨਾਲੋਂ ਬਿਹਤਰ ਹਨ ਤੇ ਉਹਨਾਂ ਨੂੰ ਕਲਾਕਾਰ ਬਣਨ ਦਾ ਅਵਸਰ ਨਹੀਂ ਮਿਲ਼ਿਆ ਜੇ ਅਸੀਂ ਇਹ ਗੱਲ ਪ੍ਰਵਾਨ ਨਹੀਂ ਕਰਦੇ ਤਾਂ ਅਸੀਂ ਹਕੀਕਤ ਤੋਂ ਅੱਖਾਂ ਮੀਟ ਰਹੇ ਹਾਂ।

ਸਾਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ ਤੇ ਦੂਜਿਆਂ ਦੇ ਵਾਂਗ ਅਸੀਂ ਰੇੜ੍ਹੇ ਚਲਾਉਣ ਵਾਲਿਆਂ ਦੇ ਪੁੱਤਰਾਂ ਵਾਂਗ ਨਹੀਂ ਜਨਮੇ। ਮੈਂ ਸੋਚਦਾ ਹਾਂ ਕਿ ਜੋ ਕੁਝ ਅਸੀਂ ਆਖਿਆ ਹੈ ਇਸ ਤੋਂ ਪਤਾ ਲੱਗਦਾ ਹੈ ਕਿ ਅਣਗਿਣਤ ਹੁਨਰਮੰਦ ਸਨ, ਮੌਕਾ ਨਾ ਮਿਲਣ ਕਰਕੇ ਅਜਾਈਂ ਰੁਲ਼ ਗਏ ਹਨ।

ਅਸੀਂ ਹਰ ਇੱਕ ਨੂੰ ਅਵਸਰ ਦੇਣ ਲਈ ਜਾ ਰਹੇ ਹਾਂ ਅਸੀਂ ਉਹ ਹ੍ਹਾਲਤਾਂ ਪੈਦਾ ਕਰਨ ਜਾ ਰਹੇ ਹਾਂ, ਜਿਨ੍ਹਾਂ ਰਾਹੀਂ ਕਲਾਤਮਕ ਸਾਹਿਤਕ, ਵਿਗਿਆਨਕ ਜਾਂ ਹੋਰ ਤਰ੍ਹਾਂ ਦੀ ਪ੍ਰਤਿਭਾ ਵਿਕਾਸ ਕਰ ਸਕੇ ਅਤੇ ਇਨਕਲਾਬ ਦੇ ਮਹੱਤਵ ਬਾਰੇ ਸੋਚੇ, ਜਿਹੜਾ ਇਸ ਗੱਲ ਦੀ ਆਗਿਆ ਦਿੰਦਾ ਹੈ ਤੇ ਜਿਹੜਾ ਪਹਿਲਾਂ ਹੀ, ਲੋਕਾਂ ਨੂੰ ਪੜ੍ਹਨਾ ਤੇ ਲਿਖਣਾ ਸਿਖਣ ਲਈ ਕੰਮ ਸ਼ੁਰੂ ਕਰ ਚੁੱਕਾ ਹੈ ਤੇ ਅਗਲੀ ਸਕੂਲ ਦੀ ਮਿਆਦ ਤੀਕ ਇਸ ਨੂੰ ਸੰਪੂਰਨ ਕਰ ਲਵੇਗਾ ਅਤੇ ਸਕੂਲਾਂ ਰਾਹੀਂ ਹਰ ਥਾਂ ਕਿਊਬਾ ਵਿਚ ਅਜਿਹੀਆਂ ਮੁਹਿੰਮਾਂ ਰਾਹੀਂ ਅਤੇ ਨਵੇਂ ਸਿਖਿਆ ਟੀਚਰਾਂ ਦੀ ਸਹਾਇਤਾ ਨਾਲ ਸਾਰੀ ਪ੍ਰਤਿਭਾ ਨੂੰ ਰੌਸ਼ਨੀ ਵਿਚ ਲਿਆ ਸਕਣਗੇ ਅਤੇ ਇਹ ਤਾਂ ਅਜੇ ਆਰੰਭ ਹੀ ਹੈ।

ਦੇਸ਼ ਦੇ ਅਧਿਆਪਕ ਇਹ ਸਿਖਣਗੇ ਕਿ ਬੱਚੇ ਵਿਚ ਵਿਸ਼ੇਸ਼ ਪ੍ਰਤਿਭਾ ਹੈ ਅਤੇ ਉਹ ਸਿਫ਼ਾਰਿਸ਼ ਕਰਨਗੇ ਕਿਸ ਬੱਚੇ ਨੂੰ ਰਾਸ਼ਟਰੀ ਅਕਾਡਮੀ-ਆਫ ਆਰਟ ਲਈ ਵਜ਼ੀਫਾ ਦਿੱਤਾ ਜਾਵੇ ਅਤੇ ਨਾਲ ਹੀ ਉਹ ਬਾਲਗਾਂ ਵਿਚ ਕਲਾਤਮਕ ਰੁੱਚੀ ਨੂੰ ਦਰਸਾਉਣਗੇ। ਕੁਝ ਟੈਸਟ ਪਹਿਲਾਂ ਹੀ ਕੀਤੇ ਗਏ ਹਨ, ਜਿਨ੍ਹਾਂ ਰਾਹੀਂ ਸਾਧਾਰਨ ਕਿਸਾਨ ਦੀ ਅਤੇ ਲੋਕਾਂ ਵਿੱਚੋਂ ਆਮ ਆਦਮੀ ਦੀ ਕਲਾਤਮਕ ਪ੍ਰਸ਼ਨਾਂ ਨੂੰ ਗ੍ਰਹਿਣ ਕਰਨ ਦੀ ਅਤੇ ਸਭਿਆਚਾਰ ਨੂੰ ਸਮਝਣ ਦੀ ਅਤੇ ਤੁਰੰਤ ਹੀ ਸਿਰਜਣ ਦਾ ਕਾਰਜ ਆਰੰਭ ਕਰਨ ਦੀ ਸਿਖਿਆ ਦੇਣਗੇ। ਕੋਆਪਰੇਟਿਵ ਖੇਤਾਂ ਵਿਚ ਵੀ ਕੁਝ ਸਾਥੀ ਹਨ, ਜਿਨ੍ਹਾਂ ਦੇ ਹੁਣ ਡਰਾਮਾ ਗਰੁੱਪ ਬਣੇ ਹਨ। ਲੋਕ-ਰਾਜ ਦੀਆਂ ਕਈ ਥਾਵਾਂ ਉੱਤੇ ਪ੍ਰੋਗਰਾਮ ਕੀਤੇ ਗਏ ਹਨ ਅਤੇ ਆਮ ਲੋਕਾਂ ਇਸਤਰੀਆਂ ਅਤੇ  ਮਰਦਾਂ ਦੀਆਂ ਕਲਾਤਮਕ ਕਿਰਤਾਂ ਤੋਂ ਆਮ ਲੋਕਾਂ ਦੀ

ਇਹਨਾਂ ਗੱਲਾਂ ਵਿਚ ਦਿਲਚਸਪੀ ਦਾ ਪਤਾ ਲੱਗਦਾ ਹੈ। ਕਲਪਣਾ ਕਰੋ ਕਿ ਇਸਦਾ ਕੀ ਅਰਥ ਹੋਵੇਗਾ ਜਦੋਂ ਅਸੀਂ ਨਾਟਕ, ਸੰਗੀਤ ਅਤੇ ਨਾਚ ਦੇ ਸਿਖਿਅਕਾਂ ਨੂੰ ਕੋਆਪਰੇਟਿਵਾਂ ਅਤੇ ਲੋਕ-ਫਾਰਮਾਂ ਉਤੇ ਲੈ ਕੇ ਜਾਵਾਂਗੇ।

ਕੇਵਲ ਦੋ ਸਾਲਾਂ ਦੇ ਸਮੇਂ ਵਿਚ ਅਸੀਂ ਹਜ਼ਾਰਾਂ ਹੀ ਇਨਸਟਰਕਟਰਾਂ ਨੂੰ ਭੇਜਣ ਵਿਚ ਸਫ਼ਲ ਹੋ ਜਾਵਾਂਗੇ ਤੇ ਕਲਾ ਦੇ ਹਰ ਖੇਤਰ ਲਈ ਵੀ ਅਜੇਹੇ ਹਜ਼ਾਰਾਂ ਹੀ ਸਿਖਿਆ-ਕਲਾਕਾਰਾਂ ਨੂੰ ਵੀ।

ਸਕੂਲਾਂ ਨੂੰ ਜਥੇਬੰਦ ਕੀਤਾ ਗਿਆ ਹੈ। ਉਹ ਪਹਿਲਾਂ ਹੀ ਚੱਲ ਰਹੇ ਹਨ। ਕਲਪਣਾ ਕਰੋ ਕਿ ਨਾਚ, ਸੰਗੀਤ ਤੇ ਨਾਟਕ ਦੇ ਹਜ਼ਾਰ ਗਰੁੱਪ ਸਾਰੇ ਟਾਪੂ ਵਿਚ ਹੋਣਗੇ ਤੇ ਸਾਰੇ ਦੇਸ਼ ਵਿਚ। ਅਸੀਂ ਸ਼ਹਿਰ ਦੀ ਗੱਲ ਨਹੀਂ ਕਰ ਰਹੇ। ਸ਼ਹਿਰ ਵਿਚ ਕੁਝ ਸੌਖਾ ਹੁੰਦਾ ਹੈ। ਸਭਿਆਚਾਰ ਵਿਕਾਸ ਵਿਚ ਇਸਦਾ ਅਰਥ ਕੀ ਹੋਵੇ। ਕਿਉਂਕਿ ਕਈਆਂ ਨੇ ਲੋਕਾਂ ਦੀ ਪੱਧਰ ਨੂੰ ਉੱਚਾ ਚੁੱਕਣ ਦੀ ਗੱਲ ਕੀਤੀ ਹੈ। ਪਰ ਸਵਾਲ ਹੈ ਕਿਵੇਂ? ਕ੍ਰਾਂਤੀਕਾਰੀ ਸਰਕਾਰ ਉਹ ਹਾਲਤਾਂ ਪੈਦਾ ਕਰ ਰਹੀ ਹੈ, ਜਿਸ ਨਾਲ ਕੁਝ ਸਾਲਾਂ ਵਿਚ ਹੀ ਸਭਿਆਚਾਰ ਦਾ ਲੋਕ-ਪੱਧਰ ਅਸਾਧਾਰਨ ਤੌਰ ਤੇ ਉੱਚਾ ਚੁੱਕਿਆ ਜਾਵੇਗਾ।

ਅਸੀਂ ਤਿੰਨ ਬਰਾਂਚਾਂ ਦੀ ਚੋਣ ਕੀਤੀ ਹੈ, ਪਰ ਅਸੀਂ ਹੋਰ ਬਰਾਚਾਂ ਦੀ ਚੋਣ ਕਰਨੀ ਜਾਰੀ ਰੱਖਾਂਗੇ ਤੇ ਸਭਿਆਚਾਰ ਦੇ ਸਾਰੇ ਹੀ ਪੱਖ ਦੇ ਵਿਕਾਸ ਲਈ ਕੋਸ਼ਿਸ਼ ਜਾਰੀ ਰੱਖਾਂਗੇ।

ਆਰਟ ਸਿਖਾਉਣ ਵਾਲੇ ਟੀਚਰਾਂ ਦਾ ਸਕੂਲ ਪਹਿਲਾਂ ਹੀ ਚੱਲ ਰਿਹਾ ਹੈ ਤੇ ਜਿਹੜੇ ਸਾਥੀ ਉੱਥੇ ਕੰਮ ਕਰ ਰਹੇ ਹਨ, ਉਹ ਭਵਿੱਖ ਦੇ ਸਿਖਿਅਕਾਂ ਦੀ ਤਰੱਕੀ ਤੋਂ ਸੰਤੁਸ਼ਟ ਹਨ ਐਪਰ ਇਸ ਤੋਂ ਬਿਨਾਂ ਨੈਸ਼ਨਲ ਅਕਾਡਮੀ-ਆਫ-ਆਰਟ ਦੀ ਉਸਾਰੀ ਆਰੰਭ ਕਰ ਦਿੱਤੀ ਹੈ, ਜਿਹੜੀ ਨੈਸ਼ਨਲ ਅਕਾਡਮੀ ਆਫ ਮੈਨੂਅਲ ਆਰਟਸ ਤੋਂ ਵੱਖਰੀ ਹੋਵੇਗੀ, ਨਿਸਚੇ ਹੀ ਕਿਊਬਾ ਦੀ ਅਕਾਡਮੀ ਆਫ ਆਰਟ ਸੰਸਾਰ ਵਿਚ ਸਭ ਤੋਂ ਸੁੰਦਰ ਹੋਵੇਗੀ। ਕਿਉਂ? ਕਿਉਂਕਿ ਇਹ ਅਕਾਡਮੀ ਵਿਸ਼ਵ ਦੇ ਸੁੰਦਰ ਆਬਾਦੀ ਵਾਲੇ ਜ਼ਿਲਿਆਂ ਵਿੱਚੋਂ ਇਕ ਵਿਚ ਹੋਵੇਗੀ, ਜਿੱਥੇ ਕਿਊਬਾ ਦੀ ਐਸ਼ ਕਰਣ ਵਾਲੀ ਸਰਮਾਏਦਾਰੀ ਕਹਿੰਦੀ ਹੁੰਦੀ ਸੀ। ਇਹ ਇਲਾਕਾ ਸਭ ਤੋਂ ਠਾਠ ਨਾਲ਼ ਰਹਿਣ ਵਾਲੀ ਤੇ ਐਸ਼-ਕਰਦੀ ਪਰ ਨਾਲ ਗ਼ੈਰ-ਸਭਿਅਕ ਬੁਰਜੂਆਜ਼ੀ ਦਾ ਸੀ, ਜੋ ਹੁਣ ਬੀਤੇ ਦੀ ਗੱਲ ਬਣ ਕੇ ਰਹਿ ਗਈ ਹੈ। ਉਹਨਾਂ ਸਾਰਿਆਂ ਘਰਾਂ ਵਿਚ ਬਾਰਾਂ (Bar) ਹੁੰਦੀਆਂ ਸਨ ਤੇ ਉਨ੍ਹਾਂ ਦੇ ਵਸਨੀਕ ਕੁਝ ਇੱਕ ਨੂੰ ਛੱਡ ਕੇ, ਉਨ੍ਹਾਂ ਦਾ ਸਭਿਆਚਾਰਕ ਸਮੱਸਿਆਵਾਂ ਨਾਲ ਕੋਈ ਵਾਹ-ਵਾਸਤਾ ਨਹੀਂ ਸੀ। ਉਹ ਨਾ ਮੰਨਣਯੋਗ ਅਮੀਰੀ ਠਾਠ ਨਾਲ ਰਹਿੰਦੇ ਸਨ ਤੇ ਉੱਥੇ ਜਾ ਕੇ ਵੇਖਣ ਦੇ ਲਾਇਕ ਗੱਲ ਹੈ ਕਿ ਉਹ ਕਿਵੇਂ ਰਹਿੰਦੇ ਹੁੰਦੇ ਸਨ। ਪਰ ਉਹ ਨਹੀਂ ਜਾਣਦੇ ਕਿ ਉਥੇ ਇਕ ਅਸਾਧਾਰਨ ਆਰਟ ਅਕਾਡਮੀ ਬਣ ਜਾਵੇਗੀ ਅਤੇ ਉੱਥੇ ਲੱਖ-ਪਤੀਆਂ ਦੇ ਘਰਾਂ ਵਿਚ ਵਿਦਿਆਰਥੀ ਰਿਹਾ ਕਰਨਗੇ। ਉਹ ਉਥੇ ਇਕਾਂਤ-ਵਾਸੀ ਜ਼ਿੰਦਗੀ ਬਤੀਤ ਨਹੀਂ ਕਰਨਗੇ, ਸਗੋਂ ਘਰੇਲੂ ਵਾਤਾਵਰਨ ਵਾਂਗ ਰਹਿਣਗੇ ਅਤੇ ਉਹ ਅਕਾਡਮੀ ਵਿਚ ਪੜ੍ਹਾਈ ਕਰਿਆ ਕਰਨਗੇ। ਅਕਾਡਮੀ ਕੰਟਰੀ-ਕਲੱਬ ਵਿਚਕਾਰ ਸਥਿਤ ਹੋਵੇਗੀ ਤੇ ਉਸਦਾ ਨਕਸ਼ਾ ਆਰਕੀਟੈਕਟਾਂ ਅਤੇ ਕਲਾਕਾਰਾਂ ਵੱਲੋਂ ਬਣਾਇਆ ਜਾਵੇਗਾ, ਉਹਨਾਂ ਨੇ ਪਹਿਲਾਂ ਹੀ ਕੰਮ ਆਰੰਭ ਕਰ ਦਿੱਤਾ ਹੈ ਅਤੇ ਉਹ ਦਸੰਬਰ ਮਹੀਨੇ ਵਿਚ ਕੰਮ ਮੁਕੰਮਲ ਕਰਨ ਦਾ ਇਕਰਾਰ ਹੈ। ਉਹਨਾਂ ਨੇ ਤਿੰਨ ਲੱਖ ਫੁੱਟ ਲੰਮੀ ਸਖਤ ਲੱਕੜ (Malogany) ਪ੍ਰਾਪਤ ਕਰ ਲਈ ਹੈ। ਸੰਗੀਤ, ਨਿਰਤ, ਬੈਲੇ, ਥੀਏਟਰ ਅਤੇ ਚਿਤਰਕਾਰੀ-ਕਲਾ ਦੇ ਸਕੂਲ ਗੋਲਫ ਦੇ ਮੈਦਾਨ ਦੇ



ਵਿਚਕਾਰ ਹੋਣਗੇ ਅਤੇ ਇਕ ਸੁਪਨ-ਸੰਸਾਰ ਵਰਗਾ ਮਾਹੌਲ ਹੋਵੇਗਾ, ਇਹ ਥਾਂ ਹੈ ਜਿੱਥੇ ਆਰਟ-ਅਕਾਡਮੀ ਸਥਿਤ ਹੋਵੇਗੀ। ਇਸ ਦੇ ਆਲ਼ੇ-ਦਵਾਲ਼ੇ ਸੱਠ ਘਰ ਹੋਣਗੇ। ਇਸਦੇ ਇਕ ਪਾਸੇ ਸੋਸ਼ਲ ਸੈਂਟਰ ਹੋਵੇਗਾ। ਨਾਲ ਡਾਈਲਿੰਗ ਰੂਮ, ਲਾਂਜ, ਸਵਿਮਿੰਗ-ਤਲਾ ਅਤੇ ਨਾਲ ਇਕ ਇਮਾਰਤ ਹੋਵੇਗੀ, ਜਿੱਥੇ ਬਾਹਰੋਂ ਸਾਡੀ ਸਹਾਇਤਾ ਕਰਨ ਵਾਲ਼ੇ ਆਏ ਅਧਿਆਪਕ ਠਹਿਰਿਆ ਕਰਨਗੇ।

ਅਕਾਡਮੀ ਦੀ ਤਿੰਨ ਹਜ਼ਾਰ ਬੱਚਿਆਂ ਦੀ ਸਮਰੱਥਾ ਹੋਵੇਗੀ ਅਰਥਾਤ ਤਿੰਨ ਹਜ਼ਾਰ ਵਜ਼ੀਫਾ-ਪ੍ਰਾਪਤ ਵਿਦਿਆਰਥੀ। ਅਸੀਂ ਆਸ ਕਰਦੇ ਹਾਂ ਕਿ ਇਹ ਅਗਲੇ ਸਾਲ ਤੋਂ ਕੰਮ ਸ਼ੁਰੂ ਕਰ ਦੇਵੇਗੀ।

ਅਤੇ ਨੈਸ਼ਨਲ ਅਕਾਡਮੀ ਆਫ ਮੈਨੂਅਲਜ਼ ਜੋ ਇਕ ਹੋਰ ਗੋਲਫ ਕਾਰਨਰ ਉੱਤੇ ਸਥਿੱਤ ਹੈ ਤੇ ਜਿਸਦੀਆਂ ਇਮਾਰਤਾਂ ਵੀ ਇਹਨਾਂ ਨਾਲ ਮਿਲ਼ਦੀਆਂ ਹਨ ਤੇ ਜਿਸ ਵਿਚ ਅਜੇਹੇ ਹੀ ਵਿਦਿਆਰਥੀ ਹੋਣਗੇ ਜੋ ਅਜਿਹੇ ਮਿਲਦੇ ਜੁਲਦੇ ਘਰਾਂ ਵਿਚ ਰਹਿਣਗੇ ਛੇਤੀ ਹੀ ਕੰਮ ਆਰੰਭ ਕਰ ਦੇਵੇਗੀ। ਇਹ ਅਕਾਦਮੀਆਂ ਵਿਸ਼ੇਸ਼ ਭਾਂਤ ਦੀਆਂ ਰਾਸ਼ਟਰੀ ਵੰਨਗੀ ਦੀਆਂ ਹੋਣਗੀਆਂ। ਇਸ ਦਾ ਇਹ ਅਰਥ ਨਹੀਂ ਕਿ ਕੇਵਲ ਇਹ ਹੀ ਸਕੂਲ ਹਨ। ਨਹੀਂ ਇਹਨਾਂ ਵਿਚ ਵਜ਼ੀਫੇ ਵਾਲੇ ਵਿਦਿਆਰਥੀ ਭਰਤੀ ਹੋਣਗੇ। ਏਥੇ, ਉਹ ਨੌਜਵਾਨ ਲੋਕ ਹੋਣਗੇ, ਜੋ ਵੱਡੀ ਯੋਗਤਾ ਦਾ ਪ੍ਰਮਾਣ ਦੇਣ ਵਾਲੇ ਹੋਣਗੇ-ਮਸ ਫੁੱਟ ਅਤੇ ਬੱਚੇ, ਜਿਹਨਾਂ ਨੂੰ ਵਿਕਾਸ ਲਈ ਆਦਰਸ਼ਕ ਸਹੂਲਤਾਂ ਮਿਲਣਗੀਆਂ।

ਹਰ ਕੋਈ ਹੁਣ ਬੱਚਾ ਬਣਨਾ ਚਾਹੇਗਾ, ਜੋ ਇਹਨਾਂ ਅਕਾਡਮੀਆਂ ਵਿਚ ਦਾਖਲੇ ਹੋ ਸਕੇ। ਕੀ ਤੁਸੀਂ ਇਸ ਤਰ੍ਹਾਂ ਨਹੀਂ ਸੋਚਦੇ? ਏਥੇ ਅਸੀਂ ਉਹਨਾਂ ਚਿੱਤਰਕਾਰਾਂ ਦੀ ਗੱਲ ਕੀਤੀ ਸੀ, ਜੋ ਕੇਵਲ ਕਾਫੀ ਉੱਤੇ ਹੀ ਗੁਜ਼ਾਰਾ ਕਰਦੇ ਹੁੰਦੇ ਸਨ। ਜ਼ਰਾ ਕਲਪਣਾ ਕਰੋ ਕਿ ਹੁਣ ਹਾਲਤਾਂ ਕਿੰਨੀਆਂ ਵੱਖਰੀਆਂ ਹੋਣਗੀਆਂ ਅਤੇ ਅਸੀਂ ਧਿਆਨ ਰੱਖਾਂਗੇ ਕਿ ਇਹਨਾਂ ਦੀ ਰਚਨਾਤਮਕ ਭਾਵਨਾ ਦੇ ਮੌਲਣ ਲਈ ਆਦਰਸ਼ਕ ਅਵਸਥਾਵਾਂ ਹੋਣ।

ਸਿਖਿਆ ਘਰੇਲੂ ਰਿਹਾਇਸ਼, ਖ਼ੁਰਾਕ ਤੇ ਆਮ ਸਭਿਆਚਾਰ ਏਥੇ ਉਹ ਬੱਚੇ ਹੋਣਗੇ ਜੋ ਇਹਨਾਂ ਸਕੂਲਾਂ ਵਿਚ ਅੱਠ ਸਾਲ ਦੀ ਉਮਰੇ ਪੜ੍ਹਨੇ ਪੈਣਗੇ ਅਤੇ ਜੋ ਨਾਲ਼ ਦੀ ਨਾਲ਼ ਕਲਾਤਮਕ ਸਿਖਿਆ ਵੀ ਪ੍ਰਾਪਤ ਕਰਨਗੇ ਅਤੇ ਆਮ ਸਿਖਿਆ ਵੀ। ਕੀ ਉਹ ਆਪਣੀਆਂ ਪ੍ਰਤਿਭਾਵਾਂ ਅਤੇ ਆਪਣੀਆਂ ਸ਼ਖਸੀਅਤਾਂ ਨੂੰ ਪੂਰੀ ਤਰ੍ਹਾਂ ਵਿਕਸਿਤ ਕਰਨ ਦੇ ਕਾਬਿਲ ਨਹੀਂ ਹੋਣਗੇ।

ਇਹ ਗੱਲਾਂ ਖ਼ਿਆਲਾਂ ਅਤੇ ਸੁਪਨਿਆਂ ਤੋਂ ਜ਼ਿਆਦਾ ਹਨ। ਇਹ ਇਨਕਲਾਬ ਦੀਆਂ ਹਕੀਕਤਾਂ ਹਨ। ਸਿਖਿਆ ਦੇਣ ਵਾਲ਼ੇ ਜਿਹਨਾਂ ਦੀ ਟ੍ਰੇਨਿੰਗ ਜਾਰੀ ਹੈ ਤੇ ਜਿਹੜੇ ਨੈਸ਼ਨਲ ਸਕੂਲ ਤਿਆਰ ਹੋ ਰਹੇ ਹਨ-ਇਹ ਹਕੀਕਤਾਂ ਹਨ। ਇਹ ਹੈ ਇਨਕਲਾਬ ਦੇ ਅਰਥ !... ਏਹੋ ਕਾਰਨ ਹੈ ਕਿ ਸਭਿਆਚਾਰ ਲਈ ਇਨਕਲਾਬ ਕਿਉਂ ਅਵੱਸ਼ਕ ਹੈ।

ਅਸੀਂ ਇਨਕਲਾਬ ਬਿਨਾਂ ਇਹ ਕਾਰਜ ਕਿਵੇਂ ਕਰ ਸਕਦੇ ਸੀ? ਆਉ ਕਲਪਣਾ ਕਰੀਏ ਕਿ ਅਸੀਂ ਆਪਣੀ ਸਿਰਜਣਾਤਮਕ ਭਾਵਨਾ ਦੇ ਮੁੱਕ ਜਾਣ ਅਤੇ ਸਟਾਲਨਵਾਦੀ ਇਨਕਲਾਬ ਦੇ ਤਾਨਾਸ਼ਾਹੀ ਦੇ ਹੱਥਾਂ ਵਿਚ ਕੁਚਲੇ ਜਾਣ ਤੋਂ ਡਰਦੇ ਹਾਂ। ਭੱਦਰ ਪੁਰਸ਼ੋ, ਕੀ ਭਵਿੱਖ ਬਾਰੇ ਸੋਚਣਾ ਬਿਹਤਰ ਨਹੀਂ ਹੋਵੇਗਾ? ਕੀ ਅਸੀਂ ਆਪਣੇ ਫੁੱਲਾਂ ਦੇ ਮੁਰਝਾਉਣ ਬਾਰੇ ਸੋਚ ਰਹੇ ਹੋਵਾਂਗੇ, ਜਦਕਿ

ਅਸੀਂ ਹਰ ਥਾਂ ਫੁੱਲ ਬੀਜ ਰਹੇ ਹਾਂ? ਜਦੋਂ ਅਸੀਂ ਭਵਿੱਖ ਦੀਆਂ ਰਚਨਾਤਮਕ ਭਾਵਨਾਵਾਂ ਨੂੰ ਨਵਾਂ ਰੂਪ ਦੇ ਰਹੇ ਹਾਂ?

ਤੇ ਕਿਹੜਾ ਹੋਵੇਗਾ ਜਿਹੜਾ ਅੱਜ ਦਾ ਵਟਾਂਦਰਾ ਨਹੀਂ ਕਰੇਗਾ? ਕਿਹੜਾ ਹੋਵੇਗਾ ਜੋ ਆਪਣੀ ਹੁਣ ਦੀ ਹੋਂਦ ਨੂੰ ਭਵਿੱਖ ਨਾਲ ਵਟਾਵੇਗਾ ਨਹੀਂ? ਕਿਹੜਾ ਹੋਵੇਗਾ ਜੋ ਅੱਜ ਜੋ ਕੁਝ ਉਸ ਕੋਲ ਹੈ, ਭਵਿੱਖ ਲਈ ਕੁਰਬਾਨ ਨਹੀਂ ਕਰੇਗਾ ਤੇ ਕਿਹੜਾ ਮਨੁੱਖ, ਜਿਸ ਵਿਚ ਕਲਾਤਮਕ ਸੰਵੇਦਨਾ ਹੈ, ਜਿਸ ਵਿਚ ਯੋਧੇ ਦੀ ਭਾਵਨਾ ਨਹੀਂ ਜੋ ਲੜਾਈ ਵਿਚ ਮਾਰਿਆ ਜਾਂਦਾ ਹੈ। ਇਹ ਜਾਣਦੇ ਹੋਏ ਕਿ ਉਹ ਮਰ ਰਿਹਾ ਹੈ, ਕਿ ਉਸ ਦੀ ਸਰੀਰਕ ਹੋਂਦ ਖਤਮ ਹੋ ਰਹੀ ਹੈ, ਪਰ ਜੋ ਆਪਣੇ ਖ਼ੂਨ ਨਾਲ ਆਪਣੇ ਸਾਥੀਆਂ ਤੇ ਲੋਕਾਂ ਦੀ ਜਿੱਤ ਨੂੰ ਭਰਪੂਰ ਕਰ ਰਿਹਾ ਹੈ? ਉਸ ਸਿਪਾਹੀ ਬਾਰੇ ਸੋਚੋ ਜੋ ਮਰ ਰਿਹਾ ਹੈ, ਉਸ ਕੋਲ ਜੋ ਵੀ ਹੈ, ਸਭ ਕੁਝ ਕੁਰਬਾਨ ਕਰ ਰਿਹਾ ਹੈ। ਉਹ ਆਪਣੀ ਜ਼ਿੰਦਗੀ ਆਪਣਾ ਪਰਿਵਾਰ ਕੁਰਬਾਨ ਕਰ ਰਿਹਾ ਹੈ, ਕਿਉਂ? ਤਾਂਕਿ ਅਸੀਂ ਇਹ ਸਾਰੇ ਕੰਮ ਕਰ ਸਕੀਏ।

ਪਰ ਉਹ ਕੈਸਾ ਮਨੁੱਖ ਹੈ, ਜਿਸ ਵਿਚ ਕਲਾਤਮਕ ਸੰਵੇਦਨਾ ਹੈ ਤੇ ਉਸ ਵਿਚ ਇਹ ਲੜਨ ਦੀ ਭਾਵਨਾ ਨਾ ਹੋਵੇ, ਜੋ ਲੜਾਈ ਵਿਚ ਮਾਰਿਆ ਜਾਂਦਾ ਹੈ ਤੇ ਇਹ ਜਾਣਦੇ ਹੋਏ ਕਿ ਉਹ ਮਰ ਰਿਹਾ ਹੈ, ਕਿ ਉਸ ਦੀ ਸਰੀਰਕ ਹੋਂਦ ਖਤਮ ਹੋ ਰਹੀ ਹੈ ਤੇ ਉਹ ਆਪਣੇ ਲਹੂ ਨਾਲ ਆਪਣੇ ਲੋਕਾਂ ਅਤੇ ਆਪਣੇ ਸਾਥੀ ਜੀਵਾਂ ਦੀ ਜਿੱਤ ਲਈ ਲਹੂ ਡੋਲ੍ਹ ਰਿਹਾ ਹੈ। ਉਸ ਸਿਪਾਹੀ ਬਾਰੇ ਸੋਚੋ, ਜੋ ਲੜਦਾ ਲੜਦਾ ਮਰ ਜਾਂਦਾ ਹੈ, ਉਸ ਕੋਲ਼ ਜੋ ਹੈ, ਉਹ ਸਭ ਕੁਝ ਕੁਰਬਾਨ ਕਰ ਦਿੰਦਾ ਹੈ, ਉਹ ਆਪਣੀ ਜ਼ਿੰਦਗੀ ਤੇ ਆਪਣੇ ਪਰਿਵਾਰ ਕੁਰਬਾਨ ਕਰ ਦਿੰਦਾ ਹੈ। ਕਿਉਂ? ਤਾਂਕਿ ਅਸੀਂ ਇਹ ਸਾਰੇ ਕੰਮ ਕਰਨ ਸਕੀਏ ਤੇ ਉਹ ਕੈਸਾ ਮਨੁੱਖ ਹੈ, ਜਿਸ ਵਿਚ ਮਨੁੱਖੀ ਸੰਵੇਦਨਾ ਹੈ, ਕਲਾਤਮਕ ਸੰਵੇਦਨਾ ਹੈ, ਇਹ ਨਹੀਂ ਸੋਚਦਾ ਕਿ ਇਹ ਕੁਝ ਕਰਨ ਲਈ, ਕੁਰਬਾਨੀ ਕਰਨੀ ਠੀਕ ਹੋਵੇਗੀ?

ਪਰ ਇਨਕਲਾਬ ਰਚਨਾਤਮਕ ਪ੍ਰਤਿਭਾਵਾਂ ਲਈ ਕੁਰਬਾਨੀਆਂ ਦੀ ਮੰਗ ਨਹੀਂ ਕਰ ਰਿਹਾ, ਸਗੋਂ ਇਸਦੇ ਉਲਟ, ਇਹ ਆਖਦਾ ਹੈ ਕਿ "ਇਸ ਸਿਰਜਣਾਤਮਕ ਭਾਵਨਾ ਨੂੰ ਇਨਕਲਾਬ ਦੀ ਸੇਵਾ ਲਈ ਅਰਪਨ ਕਰ ਦਿਉ ਤੇ ਬਿਨਾ ਭੈਅ ਤੋਂ, ਨਹੀਂ ਤੇ ਤੁਹਾਡਾ ਕੰਮ ਵਿਗੜ ਜਾਵੇਗਾ। ਪਰ ਜੇ ਕਿਸੇ ਦਿਨ ਤੁਸੀਂ ਸੋਚਦੇ ਹੋ ਕਿ ਤੁਹਾਡਾ ਕੰਮ ਵਿਗੜ ਸਕਦਾ ਹੈ ਤਾਂ ਕਹੋ ਇਹ ਠੀਕ ਹੈ ਜੋ ਮੈਂ ਉਸ ਕੰਮ ਲਈ ਜੋ ਮਹਾਨ ਹੈ ਤੇ ਸਭ ਦੇ ਸਾਹਮਣੇ ਹੈ ਵਾਸਤੇ ਕੁਝ ਦੇਣ ਦੇ ਰਿਹਾ ਹਾਂ।

ਅਸੀਂ ਕਲਾਕਾਰ ਨੂੰ ਆਖਦੇ ਹਾਂ ਕਿ ਉਹ ਆਪਣੀ ਰਚਨਾਤਮਕ ਸ਼ਕਤੀ ਨੂੰ ਪੂਰੀ ਤਰ੍ਹਾਂ ਵਿਕਸਤ ਕਰੇ। ਅਸੀਂ ਉਹ ਹਾਲਤਾਂ ਆਦਰਸ਼ਕ ਬਣਾਉਣੀਆਂ ਚਾਹੁੰਦੇ ਹਾਂ ਤਾਂ ਕਿ ਰਚਨਾਤਮਕ ਪ੍ਰਤਿਸਭਾ ਵਾਲਾ ਕਲਾਕਾਰ ਅਤੇ ਬੁੱਧੀਜੀਵੀ ਵਿਕਾਸ ਕਰ ਸਕੇ। ਕਿਉਂਕਿ ਜੇ ਅਸੀਂ ਭਵਿੱਖ ਲਈ ਰਚਨਾ ਕਰਦੇ ਹਾਂ, ਤਾਂ ਅਸੀਂ ਹੁਣ ਦੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਲਈ ਕਿਵੇਂ ਵਧੀਆ ਨਹੀਂ ਚਾਹਾਂਗੇ? ਅਸੀਂ ਸਭਿਆਚਾਰ ਪ੍ਰਤੀ ਵੱਧ ਤੋਂ ਵੱਧ ਵਿਕਾਸ ਲਈ ਮੰਗ ਕਰਦੇ ਹਾਂ ਅਤੇ ਸੰਖੇਪ ਵਿਚ ਇਨਕਲਾਬ ਪੱਖੋਂ ਵੀ, ਕਿਉਂਕਿ ਇਨਕਲਾਬ ਪੱਖੋਂ ਦਾ ਅਰਥ ਹੈ ਹੋਰ ਵਧੇਰੇ ਸਭਿਆਚਾਰ, ਹੋਰ ਵਧੇਰੇ ਕਲਾ।

ਅਸੀਂ ਬੁੱਧੀਜੀਵੀਆਂ ਅਤੇ ਕਲਾਕਾਰਾਂ ਨੂੰ ਕੰਮ ਵਿਚ ਹੋਰ ਵਧੇਰੇ ਹਿੱਸਾ ਪਾਉਣ ਲਈ ਆਖਦੇ ਹਾਂ ਕਿਉਂਕਿ ਆਖਰਕਾਰ ਇਹ ਸਾਰਾ ਕਾਰਜ ਇਸ ਪੀੜ੍ਹੀ ਦਾ ਹੈ। ਆਉਣ ਵਾਲੀ ਪੀੜ੍ਹੀ ਸਾਡੇ



ਨਾਲੋਂ ਬਿਹਤਰ ਹੋਵੇਗੀ, ਪਰ ਉਹ ਅਸੀਂ ਹੋਵਾਂਗੇ ਜਿਨ੍ਹਾਂ ਨੇ ਉਸ ਪੀੜ੍ਹੀ ਨੂੰ ਬਿਹਤਰ ਬਣਾਉਣਾ ਦਾ ਕੰਮ ਕੀਤਾ। ਅਸੀਂ ਹੀ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਡੌਲਿਆ ਹੈ। ਇਸ ਪੀੜ੍ਹੀ ਦੇ ਆਦਮੀ ਭਾਵੇਂ ਪੁਰਾਣੀ ਤੇ ਭਾਵੇਂ ਨਵੀਂ, ਦਾੜ੍ਹੀ ਵਾਲੇ ਜਾਂ ਬਿਨਾਂ ਦਾੜ੍ਹੀ ਤੋਂ, ਸਿਰ ਤੇ ਵੱਧ ਵਾਲ ਹੋਣ ਜਾਂ ਨਾਂ ਹੋਣ ਜਾਂ ਵਾਲ ਚਿੱਟੇ ਹੋਣ। ਇਹ ਸਾਡਾ ਸਾਰਿਆਂ ਦਾ ਕੰਮ ਹੈ। ਅਸੀਂ ਅਗਿਆਨਤਾ ਦੇ ਵਿਰੁੱਧ ਜੰਗ ਛੇੜਨ ਲੱਗੇ ਹਾਂ ਅਸੀਂ ਅਗਿਆਨਤਾ ਦੇ ਵਿਰੁੱਧ ਬੇਕਿਰਕ ਲੜਾਈ ਵਿੱਢਣ ਲੱਗੇ ਹਾਂ ਤੇ ਆਪਣੇ ਬਾਹੂ-ਬਲ ਦੀ ਪ੍ਰੀਖਿਆ ਲੈਣ ਜਾ ਰਹੇ ਹਾਂ।

ਕੀ ਕੋਈ ਅਜੇਹਾ ਹੈ ਜੋ ਸਹਿਯੋਗ ਨਾਲ਼ ਕੰਮ ਨਹੀਂ ਕਰਨਾ ਚਾਹੁੰਦਾ? ਇਸ ਤੋਂ ਵੱਡੀ ਸਜ਼ਾ ਹੋਰ ਕਿਹੜੀ ਹੈ ਕਿ ਉਸ ਸੰਤੁਸ਼ਟੀ ਤੋਂ ਵਿਰਵੇ ਰਹਿ ਜਾਣਾਂ ਕਿ ਜੋ ਦੂਸਰੇ ਕਰ ਰਹੇ ਹਨ? ਅਸੀਂ ਗੱਲ ਕੀਤੀ ਸੀ ਕਿ ਅਸੀਂ ਵਿਸ਼ੇਸ਼ ਅਧਿਕਾਰਾਂ ਵਾਲ਼ੇ ਹਾਂ। ਅਸੀਂ ਇੱਕ ਸਕੂਲ ਵਿੱਚੋਂ ਲਿਖਣਾ ਤੇ ਪੜ੍ਹਨਾ ਸਿਖਿਆ ਫਿਰ ਹਾਈ ਸਕੂਲੇ ਗਏ, ਫਿਰ ਯੂਨੀਵਰਸਿਟੀ ਤੇ ਸਿਖਿਆ ਦੇ ਆਰੰਭਕ ਸਿਧਾਂਤ ਸਿੱਖੇ, ਏਨੇ ਕਾਫ਼ੀ ਕਿ ਅਸੀਂ ਕੁਝ ਕਰਨ ਦੇ ਯੋਗ ਹੋ ਸਕੀਏ ਤੇ ਅਸੀਂ ਆਪਣੇ ਆਪ ਨੂੰ ਵਿਸ਼ੇਸ਼ ਅਧਿਕਾਰਾਂ ਵਾਲੇ ਕਹਿ ਸਕਦੇ ਹਾਂ ਕਿ ਅਸੀਂ ਇੱਕ ਕ੍ਰਾਂਤੀ ਵਿਚ ਰਹਿ ਰਹੇ ਹਾਂ? ਅਸੀਂ ਮਹਾਨ ਇਨਕਲ਼ਾਬਾਂ ਬਾਰੇ ਵੱਡੀ ਦਿਲਚਸਪੀ ਨਾਲ ਪੜ੍ਹਿਆ ਹੈ, ਕਿਹੜਾ ਹੈ ਜਿਸਨੇ ਫ੍ਰਾਂਸੀਸੀ ਇਨਕਲ਼ਾਬ ਅਤੇ ਰੂਸੀ ਇਨਕਲਾਬ ਬਾਰੇ ਕਹਾਣੀਆਂ ਨੂੰ ਡੂੰਘੀ ਦਿਲਚਸਪੀ ਨਾਲ ਨਹੀਂ ਪੜ੍ਹਿਆ? ਕਿਹੜਾ ਹੈ ਜਿਸਨੇ ਕਦੇ ਇਹਨਾਂ ਇਨਕਲਾਬ ਦਾ ਨਿੱਜੀ ਦਰਸ਼ਕ ਬਣਨ ਦਾ ਸੁਪਨਾ ਨਹੀਂ ਲਿਆ? ਮੇਰੇ ਮਨ ਨੂੰ ਵੀ ਕੁਝ ਹੋਇਆ ਸੀ, ਜਦੋਂ ਮੈਂ, ਮਿਸਾਲ ਵਜੋਂ, ਕਿਊਬਾ ਦੀ ਅਜ਼ਾਦੀ ਦੀ ਜੰਗ ਬਾਰੇ ਪੜ੍ਹਿਆ ਸੀ। ਮੈਨੂੰ ਅਫਸੋਸ ਹੈ ਕਿ ਮੈਂ ਉਸ ਸਮੇਂ ਪੈਦਾ ਨਹੀਂ ਸੀ ਹੋਇਆ ਤੇ ਮੈਂ ਆਜ਼ਾਦੀ ਦੀ ਜੰਗ ਦਾ ਯੋਧਾ ਨਾ ਬਣ ਸਕਿਆ ਤੇ ਮੈਂ ਉਸ ਬੀਰਤਾ ਭਰੇ ਸਮੇਂ ਵਿਚ ਹਾਜ਼ਰ ਨਹੀਂ ਸੀ। ਅਸੀਂ ਸਭ ਨੇ ਆਜ਼ਾਦੀ-ਸੰਗਰਾਮ ਦੀਆਂ ਘਟਨਾਵਾਂ ਨੂੰ ਡੂੰਘੇ ਜਜ਼ਬੇ ਨਾਲ ਪੜ੍ਹਿਆ ਹੋਇਆ ਹੈ ਅਤੇ ਅਸੀਂ ਕਲਾਕਾਰਾਂ ਯੋਧਿਆਂ ਤੇ ਬੁੱਧੀ-ਜੀਵੀਆਂ ਨਾਲ ਈਰਖਾ ਕਰਦੇ ਹਾਂ ਤੇ ਨਾਲ ਹੀ ਉਸ ਸਮੇਂ ਦੇ ਆਗੂਆਂ ਨਾਲ ਵੀ। ਫੇਰ ਵੀ, ਇਹ ਮਾਣ ਸਾਨੂੰ ਹੀ ਮਿਲ ਰਿਹਾ ਹੈ ਕਿ ਅਸੀਂ ਅਜੋਕੇ ਸਮੇਂ ਵਿਚ ਰਹਿ ਰਹੇ ਹਾਂ ਤੇ ਇਕ ਇਨਕਲਾਬ ਦੇ ਚਸ਼ਮ-ਦੀਦ ਗਵਾਹ ਬਣ ਰਹੇ ਹਾਂ। ਉਸ ਇਨਕਲਾਬ ਦੇ ਜੋ ਸਾਡੇ ਦੇਸ਼ ਦੀਆਂ ਸਰਹੱਦਾਂ ਤੋਂ ਬਾਹਰ ਵੀ ਵਿਕਸਿਤ ਹੋ ਰਿਹਾ ਹੈ ਅਤੇ ਜਿਸ ਦਾ ਰਾਜਸੀ ਅਤੇ ਆਚਰਨਿਕ ਪ੍ਰਭਾਵ, ਇਸ ਮਹਾਂਦੀਪ ਦੇ ਸਾਮਰਾਜ ਨੂੰ ਕਾਬਾਂ ਛੇੜ ਰਿਹਾ ਹੈ ਤੇ ਜੋ ਲੜਖੜਾ ਰਿਹਾ ਹੈ। ਇਸ ਨਾਲ ਕਿਊਬਾ ਦਾ ਇਨਕਲਾਬ ਲਾਤੀਨੀ ਅਮਰੀਕਾ ਵਿਚ ਇਸ ਸਦੀ ਦੀ ਸਭ ਤੋਂ ਮਹੱਤਵਪੂਰਨ ਘਟਨਾ ਬਣ ਗਿਆ ਹੈ। ਇਹ ਉਨ੍ਹੀਵੀਂ ਸਦੀ ਦੀਆਂ ਆਜ਼ਾਦੀ ਦੀਆਂ ਜੰਗਾਂ ਤੋਂ ਬਾਅਦ ਦੀ ਵੀ ਸਭ ਤੋਂ ਵੀ ਮਹਾਨ ਘਟਨਾ ਹੈ। ਅਸਲ ਵਿਚ ਮਨੁੱਖ ਦੀ ਮੁਕਤੀ ਇਕ ਨਵੀਂ ਗੱਲ ਹੈ, ਕਿਉਂਕਿ ਉਹ ਆਜ਼ਾਦੀ ਦੀਆਂ ਜੰਗ ਕੀ ਸਨ? ਉਹ ਬਸਤੀਵਾਦੀ ਚੌਧਰ (ਧੌਂਸ) ਦੀ ਥਾਂ ਲੁਟੇਰੀਆਂ ਸ਼੍ਰੇਣੀਆਂ ਦੀ ਉਹਨਾਂ ਸਾਰੇ ਦੇਸ਼ਾਂ ਵਿਚ ਚੌਧਰ ਸੀ?

ਅਤੇ ਇਹ ਸਾਡੇ ਸਿਰ ਪਈ ਹੈ ਕਿ ਅਸੀਂ ਇਸ ਮਹਾਨ ਇਤਿਹਾਸਕ ਘਟਨਾ ਸਮੇਂ ਰਹਿ ਰਹੇ ਹਾਂ।

ਇਹ ਕਿਹਾ ਜਾ ਸਕਦਾ ਹੈ ਕਿ ਇਹ ਦੂਸਰੀ ਮਹਾਨ ਇਤਿਹਾਸਕ ਘਟਨਾ ਹੈ ਜੋ ਲਾਤੀਨੀ ਅਮਰੀਕਾ ਵਿਚ ਪਿਛਲੀਆਂ ਤਿੰਨ ਸਦੀਆਂ ਵਿਚ ਵਾਪਰੀ ਹੈ ਅਤੇ ਅਸੀਂ ਕਿਊਬਾ-ਵਾਸੀ ਇਸ ਦੇ ਸਿਰਜਣਹਾਰੇ ਹਾਂ ਤੇ ਇਹ ਜਾਣਦੇ ਹਾਂ ਕਿ ਜਿੰਨੀ ਅਸੀਂ ਮਿਹਨਤ ਕਰਾਂਗੇ, ਓਨ੍ਹਾਂ ਹੀ ਇਨਕਲਾਬ ਦੀ ਜਵਾਲਾ ਮੱਚੇਗੀ ਓਨਾ ਜ਼ਿਆਦਾ ਹੀ ਇਹ ਇਤਿਹਾਸ ਵਿਚ ਕਮਾਲ ਦਾ ਕਰਤੱਵ ਨਿਭਾਏਗੀ।

ਤੁਹਾਨੂੰ ਲੇਖਕਾਂ ਤੇ ਕਲਾਕਾਰਾਂ ਨੂੰ ਇਹ ਵਿਸ਼ੇਸ਼ ਮਾਣ ਮਿਲ ਰਿਹਾ ਹੈ ਕਿ ਤੁਸੀਂ ਜਾਤੀ ਤੌਰ ਤੇ ਇਸ ਇਨਕਲਾਬ ਨੂੰ ਵੇਖ ਰਹੇ ਹੋ ਅਤੇ ਇਹ ਇਨਕਲਾਬ ਮਨੁੱਖੀ ਇਤਿਹਾਸ ਦੀ ਪ੍ਰਸਿੱਧ ਘਟਨਾ ਹੈ ਇਸ ਵਿਚ ਵਿਚਰਨਾ ਅਤੇ ਇਸ ਦਾ ਗਵਾਹ ਬਣਨ ਮਾਣ ਵਾਲੀ ਗੱਲ ਹੈ।

ਇਹ ਵੀ ਇੱਕ ਵਿਸ਼ੇਸ਼ ਅਧਿਕਾਰ ਹੈ ਜਿਹੜੇ ਅਜਿਹੀਆਂ ਚੀਜ਼ਾਂ ਨੂੰ ਸਮਝਣ ਦੇ ਯੋਗ ਨਹੀਂ ਹਨ, ਜਿਹੜੇ ਇਸ ਬਾਰੇ ਫਰੇਬ ਕਰਦੇ ਹਨ, ਉਹਨਾਂ ਨੂੰ ਭੁਲੇਖੇ ਵਿਚ ਪਏ ਰਹਿਣ ਦਿਉ ਅਤੇ ਜੋ ਝੂਠਾਂ ਕਾਰਨ ਦੁਬਿਧਾ ਵਿਚ ਪਏ ਹੋਏ ਹਨ, ਉਹ ਇਨਕਲਾਬ ਨੂੰ ਤਿਆਗ ਰਹੇ ਸਨ। ਜਿਨ੍ਹਾਂ ਨੇ ਇਸ ਨੂੰ ਤਿਆਗ ਦਿੱਤਾ ਹੈ ਅਸੀਂ ਉਹਨਾਂ ਬਾਰੇ ਕੀ ਕਹਿ ਸਕਦੇ ਹਾਂ? ਅਸੀਂ ਉਹਨਾਂ ਬਾਰੇ ਅਫ਼ਸੋਸ ਤੋਂ ਸਿਵਾਏ ਕੀ ਸੋਚ ਸਕਦੇ ਹਾਂ? ਉਹ ਇਸ ਦੇਸ਼ ਨੂੰ ਤਿਆਗ ਰਹੇ ਹਨ, ਇਹ ਵੀ ਪੂਰੀ ਤਰ੍ਹਾਂ ਇਨਕਲਾਬੀ ਬੁੜਬੁੜਾਉਣਾਪਨ ਹੈ, ਸਾਮਰਾਜ ਦੈਂਤ ਦੇ ਘੁਰਨੇ ਵਿਚ ਰੀਂਗ ਕੇ ਜਾ ਵੜਨਾ, ਜਿੱਥੇ ਆਤਮਾ ਦਾ ਕੋਈ ਪ੍ਰਗਟਾਵਾ ਜੀਵਨ ਨਹੀਂ ਹੋ ਸਕਦਾ। ਉਹਨਾਂ ਨੇ ਭਗੌੜੇ ਤੇ ਗੱਦਾਰ ਬਣ ਜਾਣ ਨੂੰ ਪਹਿਲ ਦਿੱਤੀ ਹੈ ਤੇ ਆਪਣੀ ਜੰਮਣ-ਭੋਂ ਨੂੰ ਤਿਆਗ ਦਿੱਤਾ ਹੈ ਤੇ ਦਰਸ਼ਕ ਬਣ ਕੇ ਏਥੇ ਰਹਿਣਾ ਨਹੀਂ ਚਾਹਿਆ।

ਅਤੇ ਤੁਹਾਨੂੰ ਮੌਕਾ ਮਿਲਿਆ ਹੈ ਕਿ ਤੁਸੀਂ ਦਰਸ਼ਕਾਂ ਤੋਂ ਵੱਧ ਬਣ ਕੇ ਰਹੋ, ਇਨਕਲਾਬ ਦੇ ਸਿਰਜਣਹਾਰੇ ਬਣੋ, ਇਸ ਬਾਰੇ ਲਿਖੋ ਤੇ ਇਸ ਬਾਰੇ ਪ੍ਰਗਟਾਵਾ ਕਰੋ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੁਹਾਨੂੰ ਕੀ ਪੁਛਣਗੀਆਂ? ਤਕਨੀਕੀ ਪੱਖ ਤੋਂ, ਸੰਭਵ ਹੈ, ਤੁਸੀਂ ਉੱਚ-ਪੱਧਰ ਦੀਆਂ ਰਚਨਾਤਮਕ ਕਿਰਤਾਂ ਸਿਰਜ ਸਕੋ। ਐਪਰ ਜੇ ਤੁਸੀਂ ਆਉਣ ਵਾਲੀਆਂ ਨਸਲਾਂ ਨੂੰ, ਅਰਥਾਤ ਅੱਜ ਤੋਂ ਸੌ ਸਾਲ ਬਾਅਦ ਵਾਲਿਆਂ ਨੂੰ ਦੱਸੋਗੇ ਕਿ ਇੱਕ ਲੇਖਕ ਤੇ ਇੱਕ ਬੁੱਧੀ-ਜੀਵੀ ਇਨਕਲਾਬ ਦੇ ਸਮੇਂ ਹੁੰਦਾ ਸੀ ਤੇ ਉਸ ਨੇ ਇਨਕਲਾਬ ਨੂੰ ਪ੍ਰਗਟ ਨਹੀਂ ਸੀ ਕੀਤਾ ਤੇ ਨਾ ਹੀ ਉਹ ਇਨਕਲਾਬ ਦਾ ਅੰਗ ਬਣਿਆ ਸੀ, ਤਾਂ ਉਸ ਲਈ ਸਮਝਣਾ ਕਠਿਨ ਹੋ ਜਾਵੇਗਾ। ਜਦ ਆਉਣ ਵਾਲੇ ਸਾਲਾਂ ਵਿਚ, ਕਈ ਲੇਖਕ ਹੋਣਗੇ ਜੋ ਇਨਕਲਾਬ ਨੂੰ ਚਿਤਰਨਾ ਚਾਹੁਣਗੇ, ਇਨਕਲਾਬ ਬਾਰੇ ਲਿਖਣਾ ਚਾਹੁਣਗੇ ਇਸ ਬਾਰੇ ਮਸਾਲਾ ਇਕੱਠਾ ਕਰਨਾ ਚਾਹੁਣਗੇ ਤਾਂ ਕਿ ਉਹ ਜਾਣ ਸਕਣ ਕਿ ਇਹ ਕਿਸ ਤਰ੍ਹਾਂ ਦਾ ਇਨਕਲਾਬ ਸੀ, ਕਿਵੇਂ ਵਾਪਰਿਆ ਸੀ ਤੇ ਉਦੋਂ ਲੋਕ ਕਿਵੇਂ ਰਹਿੰਦੇ ਹੁੰਦੇ ਸਨ...

ਪਿਛਲੇ ਦਿਨੀਂ ਸਾਨੂੰ ਇਕ ਬੁੱਢੀ ਔਰਤ ਮਿਲੀ, ਜਿਸ ਦੀ ਉਮਰ 108 ਸਾਲ ਸੀ। ਜਿਸਨੇ ਥੋੜ੍ਹਾ ਸਮਾਂ ਪਹਿਲਾਂ ਹੀ ਲਿਖਣਾ ਤੇ ਪੜ੍ਹਨਾ ਆਰੰਭ ਕੀਤਾ ਸੀ। ਅਸਾਂ ਉਸ ਨੂੰ ਸੁਝਾਅ ਦਿੱਤਾ ਸੀ ਕਿ ਉਹ ਇੱਕ ਪੁਸਤਕ ਲਿਖੇ। ਉਹ ਇੱਕ ਗ਼ੁਲਾਮ ਰਹਿ ਚੁੱਕੀ ਸੀ ਤੇ ਅਸੀਂ ਇਹ ਜਾਨਣਾ ਚਾਹੁੰਦੇ ਸੀ ਕਿ ਉਸ ਨੂੰ ਇੱਕ ਗ਼ੁਲਾਮ ਵਾਂਗ ਦੁਨੀਆਂ ਕਿਸ ਤਰ੍ਹਾਂ ਦੀ ਲੱਗਦੀ ਹੁੰਦੀ ਸੀ, ਉਸਦੇ ਪਹਿਲੇ ਵੇਲਿਆਂ ਦੇ ਪ੍ਰਭਾਵ ਕੀ ਸਨ, ਉਸਦੇ ਮਾਲਕ ਅਤੇ ਉਸਦੇ ਸਾਥੀ ਗ਼ੁਲਾਮ ਕੈਸੇ ਹੁੰਦੇ ਸਨ।



ਮੇਰਾ ਵਿਸ਼ਵਾਸ ਹੈ ਕਿ ਇਹ ਬੁੱਢੀ ਔਰਤ ਉਸ ਯੁੱਗ ਬਾਰੇ ਸਾਡੇ ਨਾਲੋਂ ਕੁਝ ਵਧੇਰੇ ਦਿਲਚਸਪ ਲਿਖ ਸਕੇਗੀ। ਇੱਕ ਸਾਲ ਵਿਚ ਇਕ ਆਦਮੀ ਲਿਖਣਾ ਤੇ ਪੜ੍ਹਨਾ ਸਿੱਖ ਸਕਦਾ ਹੈ ਅਤੇ 108 ਸਾਲ ਦੀ ਉਮਰ ਵਿੱਚ ਇੱਕ ਪੁਸਤਕ ਲਿਖ ਸਕਦਾ ਹੈ।

ਅਜਿਹੀਆਂ ਚੀਜ਼ਾਂ ਇਨਕਲਾਬ ਦੇ ਫਲ ਹਨ!! ਉਸ ਨਾਲੋਂ ਬਿਹਤਰ ਕੌਣ ਲਿਖ ਸਕਦਾ ਹੈ ਕਿ ਗ਼ੁਲਾਮ ਨੇ ਕੀ ਕੁਝ ਝੱਲਿਆ ਸੀ ਅਤੇ ਅਜੋਕੇ ਸਮੇਂ ਬਾਰੇ ਤੁਹਾਡੇ ਨਾਲੋਂ ਚੰਗੇਰਾ ਕੌਣ ਲਿਖ ਸਕਦਾ ਹੈ? ਅਤੇ ਕਿੰਨੇ ਲੋਕ ਹਨ ਜਿਹਨਾਂ ਇਹ ਸਮਾਂ ਨਹੀਂ ਵੇਖਿਆ, ਉਹ ਭਵਿੱਖ ਵਿਚ ਦੂਸਰੇ ਫਾਸਲੇ ਤੋਂ, ਦੂਸਰੀਆਂ ਲਿਖਤਾਂ ਵਿਚੋਂ ਮਸਾਲਾ ਚੁਣ ਕੇ ਲਿਖਣਾ ਆਰੰਭ ਕਰਨਗੇ।

ਦੂਸਰੇ ਪਾਸੇ, ਆਓ ਆਪਣੇ ਕੰਮ ਦਾ ਨਿਰਣਾ ਕਰਨ ਲਈ ਕਾਹਲੀ ਨਾ ਕਰੀਏ, ਕਿਉਂਕਿ ਸਾਡੇ ਕੋਲ ਲੋੜ ਤੋਂ ਵੱਧ ਜੱਜ ਹੋਣਗੇ। ਜਿਸ ਗੱਲ ਤੋਂ ਸਾਨੂੰ ਡਰਨਾ ਹੈ, ਉਹ ਕੋਈ ਕਲਪਤ ਅਧਿਕਾਰ-ਪ੍ਰਾਪਤ ਤੇ ਸਭਿਆਚਾਰ ਦਾ ਸਖਤ ਜੱਜ ਨਹੀਂ ਹੋਵੇਗਾ। ਉਹਨਾਂ ਜੱਜਾਂ ਤੋਂ ਡਰੋ, ਜੋ ਜ਼ਿਆਦਾ ਸਖ਼ਤ ਹਨ, ਆਉਣ ਵਾਲੀਆਂ ਪੁਸ਼ਤਾਂ ਦੇ ਜੱਜਾਂ ਤੋਂ ਡਰੋ, ਆਉਣ ਵਾਲੀਆਂ ਨਸਲਾਂ ਤੋਂ ਡਰੋ, ਜਿਹੜੇ, ਜਦੋਂ ਸਭ ਕੁਝ ਕਿਹਾ ਤੇ ਕੀਤਾ ਜਾ ਚੁੱਕਾ ਹੋਵੇਗਾ ਤੇ ਜਿਸਨੇ ਆਖਰੀ ਸ਼ਬਦ ਆਖਣਾ ਹੈ।

***"ਫੀਦਲ ਕਾਸਤਰੋ ਰੀਡਰ" (2007 ਵਿਚੋਂ ਅੰਗਰੇਜ਼ੀ ਚੋਂ ਅਨੁਵਾਦ***
***ਪੰਜਾਬੀ ਰੂਪ-ਹਰਭਜਨ ਸਿੰਘ ਹੁੰਦਲ***

"ਕਿਸੇ ਨੂੰ ਭੁਲੇਖਾ ਨਾ ਲੱਗੇ-ਸਾਡੇ ਉੱਤੇ ਦਬਾਅ ਨਹੀਂ ਪਾਇਆ ਜਾ ਸਕਦਾ, ਨਾ ਹੀ ਪ੍ਰਭਾਵਿਤ ਕੀਤਾ ਜਾ ਸਕਦਾ, ਨਾ ਹੀ ਵੱਢੀ ਦਿੱਤੀ ਜਾ ਸਕਦੀ ਤੇ ਨਾ ਖਰੀਦਿਆ ਜਾ ਸਕਦਾ ਹੈ। ਸ਼ਾਇਦ ਯੂ.ਐਸ.ਏ. ਵੱਡੀ ਸ਼ਕਤੀ ਹੈ, ਇਸ ਕਰਕੇ ਇਹ ਮਹਿਸੂਸ ਕਰਦੀ ਹੈ ਕਿ ਇਹ ਜੋ ਚਾਹੇ, ਕਰ ਸਕਦੀ ਹੈ ਤੇ ਇਹ ਵੀ ਸੋਚ ਸਕਦੀ ਹੈ ਕਿ ਇਸ ਲਈ ਕਿਹੜੀ ਗੱਲ ਠੀਕ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਇਹ ਆਖ ਰਹੀ ਹੈ ਕਿ ਦੋ ਕਾਨੂੰਨ ਹਨ, ਨੇਮਾਂ ਦੇ ਜੋ ਜੁੱਟ, ਦੋ ਤਰ੍ਹਾਂ ਦਾ ਤਰਕ-ਸ਼ਾਸਤਰ। ਇਕ ਅਮਰੀਕਾ ਲਈ ਤੇ ਇਕ ਦੂਸਰੇ ਦੇਸ਼ਾਂ ਲਈ। ਸ਼ਾਇਦ ਇਹ ਮੇਰੇ ਲਈ ਆਦਰਸ਼ਵਾਦੀ ਗੱਲ ਹੋਵੇ, ਪਰ ਮੈਂ ਕਦੀ ਵੀ ਯੂ.ਐਸ.ਏ. ਦੇ ਸਰਬ-ਵਿਆਪੀ ਵਿਸ਼ੇਸ਼ ਅਧਿਕਾਰ ਨੂੰ ਪ੍ਰਵਾਨ ਨਹੀਂ ਕੀਤਾ। ਮੈਂ ਕਦੇ ਵੀ ਵੱਖਰੇ ਨੇਮਾਂ ਤੇ ਵੱਖਰੇ ਕਾਨੂੰਨਾਂ ਦੀ ਹੋਂਦ ਨੂੰ ਪ੍ਰਵਾਨ ਨਹੀਂ ਕਰਾਂਗਾ। ਮੈਂ ਆਸ ਕਰਦਾ ਹਾਂ ਕਿ ਇਤਿਹਾਸ ਯੂ.ਐਸ.ਏ. ਦੀ ਬੇਸ਼ਰਮੀ ਦੀ ਗਵਾਹੀ ਦੇਵੇਗਾ ਕਿ ਯੂ.ਐਸ.ਏ. ਨੇ ਵੀਹ ਸਾਲ ਤੱਕ ਉਨ੍ਹਾਂ ਦਵਾਈਆਂ ਦੀ ਵਿਕਰੀ ਦੀ ਆਗਿਆ ਨਹੀਂ ਦਿੱਤੀ, ਜੋ ਜ਼ਿੰਦਗੀਆਂ ਨੂੰ ਬਚਾਉਣ ਲਈ ਲੋੜੀਂਦੀਆਂ ਸਨ।

(ਹਵਾਲਾ Pirates of the Caribbean ਤਾਰਕ ਅਲੀ, ਲੈਫਟ ਵਰਲਡ, 206)

"ਇਨਕਲਾਬ ਫੁੱਲਾਂ ਦੀ ਸੇਜ ਨਹੀਂ। ਇਨਕਲਾਬ ਭਵਿੱਖ ਅਤੇ ਭੂਤਕਾਲ ਦਾ ਸੰਘਰਸ਼ ਹੈ।"

ਫੀਡਲ ਕਾਸਟਰੋ

# ਸਾਮਰਾਜਵਾਦੀ ਸੰਸਾਰੀਕਰਨ ਦਾ ਜਵਾਬ ਹੈ, ਸਮਾਜਵਾਦੀ ਸੰਸਾਰੀਕਰਨ

*—ਫੀਦੇਲ ਕਾਸਟਰੋ*

ਸਾਡੇ ਵਿਚਾਰ ਵਿੱਚ ਸੰਸਾਰੀਕਰਨ ਕਿਸੇ ਦੀ ਸਨਕ ਨਹੀਂ ਹੈ, ਇਹ ਕਿਸੇ ਦੀ ਖੋਜ ਵੀ ਨਹੀਂ ਹੈ। ਸੰਸਾਰੀਕਰਨ ਇਤਿਹਾਸ ਦਾ ਨਿਯਮ ਹੈ। ਇਹ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦਾ ਨਤੀਜਾ ਹੈ। ਇਹ ਵਿਗਿਆਨਕ ਅਤੇ ਤਕਨੀਕੀ ਵਿਕਾਸ ਦਾ ਸਿੱਟਾ ਹੈ। ਇਹ ਕੋਈ ਨਵੀਂ ਚੀਜ਼ ਨਹੀਂ ਹੈ। ਇਹ ਪਹਿਲਾਂ ਵੀ ਹੁੰਦਾ ਰਿਹਾ ਹੈ। ਹੁਣ ਇਸ ਵਿੱਚ ਨਵੀਂ ਗੱਲ ਇਹੀ ਹੈ ਕਿ ਇਹ ਨਵ-ਉਦਾਰਵਾਦੀ ਸੰਸਾਰੀਕਰਨ ਹੈ, ਜੋ ਦੁਨੀਆ ਦੇ ਸਾਰੇ ਦੇਸ਼ਾਂ ਨੂੰ ਵਿਆਕਤੀਗਤ ਸੰਪਤੀ ਵਿੱਚ ਬਦਲ ਦੇਣਾ ਚਾਹੁੰਦਾ ਹੈ। ਇਸ ਦੇ ਪਿੱਛੇ ਸਾਮਰਾਜਵਾਦੀ ਹਨ, ਜਿਨ੍ਹਾਂ ਦਾ ਸਰਗਨਾ ਹੈ ਅਮਰੀਕਾ। ਉਹਨਾਂ ਸਾਰੀ ਦੁਨੀਆ ਨੂੰ ਲੁੱਟ ਕੇ, ਉਹਨਾਂ ਦਾ ਸ਼ੋਸ਼ਣ ਕਰਕੇ, ਅਪਾਰ ਧਨ ਇਕੱਠਾ ਕਰ ਲਿਆ ਹੈ, ਜਿਸ ਨਾਲ ਉਹ ਪੂਰੀ ਦੁਨੀਆਂ ਦੇ ਕੁਦਰਤੀ ਸੋਮਿਆਂ ਨੂੰ, ਕਾਰਖਾਨਿਆਂ ਨੂੰ, ਪੂਰੀਆਂ ਦੀਆਂ ਪੂਰੀਆਂ ਸੇਵਾਵਾਂ ਅਤੇ ਸੰਚਾਰ-ਵਿਵਸਥਾਵਾਂ ਆਦਿ ਨੂੰ ਖਰੀਦ ਲੈਂਦੇ ਹਨ। ਉਹ ਸਾਰੀ ਦੁਨੀਆ ਵਿੱਚ ਜ਼ਮੀਨਾਂ ਵੀ ਖਰੀਦ ਰਹੇ ਹਨ ਕਿਉਂਕਿ ਦੂਜੇ ਦੇਸ਼ਾਂ ਵਿੱਚ ਜ਼ਮੀਨ ਉਨ੍ਹਾਂ ਦੇ ਦੇਸ਼ਾਂ ਦੇ ਮੁਕਾਬਲੇ ਸਸਤੀ ਹੈ। ਉਹ ਸਮਝਦੇ ਹਨ ਕਿ ਇਹ ਭਵਿੱਖ ਲਈ ਚੰਗਾ ਨਿਵੇਸ਼ ਹੈ। ਮੈਨੂੰ ਹੈਰਾਨੀ ਹੁੰਦੀ ਹੈ-ਆਖਰ ਉਹ ਸਾਨੂੰ ਕੀ ਬਣਾ ਕੇ ਛੱਡਣਗੇ? ਸਾਡੇ ਹੀ ਦੇਸ਼ਾਂ ਵਿੱਚ ਅਸੀਂ ਦੂਜੇ ਦਰਜੇ ਦੇ ਨਾਗਰਿਕ ਬਣਾ ਦਿੱਤੇ ਜਾਵਾਂਗੇ? ਜਾਂ ਹੋਰ ਵੀ ਸਹੀ ਸ਼ਬਦ ਦਾ ਇਸਤੇਮਾਲ ਕਰਾਂ ਤਾਂ ਗੁਲਾਮ? ਉਹ ਸਮੁੱਚੀ ਦੁਨੀਆ ਨੂੰ ਮੁਕਤ ਵਪਾਰ ਦੇ ਖੇਤਰ ਬਣਾ ਦੇਣਾ ਚਾਹੁੰਦੇ ਹਨ, ਜਿੱਥੇ ਉਨ੍ਹਾਂ ਨੂੰ ਟੈਕਸ ਨਾ ਦੇਣਾ ਪਵੇ, ਜਿੱਥੇ ਗਰੀਬੀ ਕਾਰਨ ਮਜ਼ਦੂਰ ਸਸਤੇ ਮਿਲ਼ਦੇ ਹਨ, ਜਿੱਥੇ ਕੱਚੇ ਮਾਲ ਅਤੇ ਮਸ਼ੀਨਾਂ ਦੇ ਹਿੱਸੇ ਪੁਰਜ਼ੇ ਲਾ ਕੇ ਉਹ ਕਾਰਖਾਨੇ ਲਗਾਉਂਦੇ ਹਨ ਅਤੇ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਪੈਦਾ ਕਰਦੇ ਹਨ। ਉਨ੍ਹਾਂ ਚੀਜ਼ਾਂ ਨੂੰ ਆਪਣੇ ਦੇਸ਼ ਵਿੱਚ ਬਣਵਾਉਣ ਲਈ ਉਹਨਾਂ ਨੂੰ ਜਿੰਨੀ ਮਜ਼ਦੂਰੀ ਦੇਣੀ ਪੈਂਦੀ ਹੈ, ਉਸ ਤੋਂ ਬਹੁਤ ਘੱਟ, ਕਦੇ-ਕਦੇ ਤਾਂ ਸਿਰਫ ਪੰਜ ਪ੍ਰਤੀਸ਼ਤ ਦੇ ਕੇ ਇਥੋਂ ਦੇ ਮਜ਼ਦੂਰਾਂ ਤੋਂ ਬਣਵਾ ਲੈਂਦੇ ਹਨ।

ਹੋਰ ਵੀ ਉਦਾਸ ਕਰਨ ਵਾਲੀ ਗੱਲ ਉਹ ਸਾਡੇ ਦੇਸ਼ਾਂ ਵਿੱਚ ਆਪਸੀ ਹੋੜ ਲਗਾਉਂਦੇ ਹਨ ਕਿ ਸਾਡੇ ਵਿੱਚ ਕੌਣ ਉਨ੍ਹਾਂ ਨੂੰ ਜ਼ਿਆਦਾ ਫਾਇਦੇ ਪਹੁੰਚਾਉਂਦਾ ਹੈ, ਕੌਣ ਉਨ੍ਹਾਂ ਨੂੰ ਨਿਵੇਸ਼ਾਂ ਤੇ ਟੈਕਸਾਂ ਵਿੱਚ ਵਧੇਰੇ ਛੋਟ ਦੇਂਦਾ ਹੈ। ਉਹਨਾਂ ਤੀਜੀ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੂੰ ਇਸੇ ਆਪਸੀ ਹੋੜ ਵਿੱਚ ਉਲਝਾ ਦਿੱਤਾ ਹੈ ਕਿ ਕਿਹੜਾ ਦੇਸ਼ ਆਪਣੇ ਅੰਦਰ ਉਨ੍ਹਾਂ ਦੀ ਪੂੰਜੀ ਦਾ ਨਿਵੇਸ਼ ਕਰਾਉਣ ਲਈ ਆਪਣੇ ਅੰਦਰ ਕਿੰਨੇ ਜ਼ਿਆਦਾ ਮੁਕਤ ਵਪਾਰ ਖੇਤਰ ਬਣਾਉਣ ਲਈ ਤਿਆਰ ਹੈ। ਬਹੁਤੇ [illegible]ਜ਼ਾਂ ਦੀ ਗਰੀਬੀ ਅਤੇ ਬੇਰੁਜ਼ਗਾਰੀ ਦਾ ਫਾਇਦਾ ਉਠਾ ਕੇ ਉਨ੍ਹਾਂ ਨੂੰ ਆਪਣੇ ਦੇਸ਼ ਅੰਦਰ ਮੁਕਤ [illegible]ਾਰ ਕੇਂਦਰ ਬਣਾਉਣ ਲਈ ਮਜਬੂਰ ਕਰ ਦੇਂਦੇ ਹਨ। ਇਸ ਤੋਂ ਉਹ ਭਾਰੀ ਮੁਨਾਫ਼ਾ ਕਮਾਉਂਦੇ [illegible] ਉਸ ਨਾਲ ਉਹ ਹਰ ਚੀਜ਼ ਖਰੀਦਣਾ ਸ਼ੁਰੂ ਕਰ ਦਿੰਦੇ ਹਨ। ਜ਼ਮੀਨਾਂ ਤੋਂ ਲੈ ਕੇ ਜਹਾਜ਼ੀ



ਬੇੜਿਆਂ ਅਤੇ ਹਵਾਈ ਸੇਵਾਵਾਂ ਤੱਕ ਹਰ ਚੀਜ਼, ਜੋ ਉਨ੍ਹਾਂ ਦੇਸ਼ਾਂ ਦੀ ਜਨਤਾ ਦੀ ਆਪਣੀ ਸੰਪਤੀ ਹੁੰਦੀ ਹੈ। ਨਵ-ਉਦਾਰਵਾਦੀ ਸੰਸਾਰੀਕਰਨ ਦੇ ਚਲਦਿਆਂ ਤੀਜੀ ਦੁਨੀਆ ਦੇ ਦੇਸ਼ਾਂ ਦਾ ਭਵਿੱਖ ਇਹੀ ਹੋ ਸਕਦਾ ਹੈ, ਪਰੰਤੂ ਇਹ ਨਾ ਸਮਝੋ ਕਿ ਇਹ ਭਵਿੱਖ ਸਿਰਫ ਮਜ਼ਦੂਰਾਂ ਲਈ ਹੈ। ਤੀਜੀ ਦੁਨੀਆਂ ਦੇ ਦੇਸ਼ਾਂ ਦੇ ਰਾਸ਼ਟਰੀ ਵਪਾਰੀਆਂ ਤੋਂ ਲੈ ਕੇ ਦਰਮਿਆਨੇ ਅਤੇ ਛੋਟੇ ਮਾਲਕਾਂ ਤੱਕ ਦਾ ਭਵਿੱਖ ਇਹੀ ਹੈ, ਕਿਉਂਕਿ ਉਨ੍ਹਾਂ ਨੂੰ ਬਹੁਕੌਮੀ ਕੰਪਨੀਆਂ ਨਾਲ ਮੁਕਾਬਲਾ ਕਰਨਾ ਪਵੇਗਾ, ਜਿਨ੍ਹਾਂ ਕੋਲ਼ ਅਥਾਹ ਪੂੰਜੀ ਹੈ, ਬਿਹਤਰੀਨ ਤਕਨੀਕ ਹੈ, ਵੰਡ ਦਾ ਵਿਸ਼ਵੀਕਰਨ ਨੈੱਟਵਰਕ ਹੈ। ਫਿਰ ਉਨ੍ਹਾਂ ਨੂੰ ਵਪਾਰਕ ਕਰਜ਼ਾ ਲੈਣ ਲਈ ਉਹ ਸੁਵਿਧਾਵਾਂ ਵੀ ਮੁਹੱਈਆ ਨਹੀਂ ਹਨ, ਜੋ ਬਹੁਕੌਮੀ ਕੰਪਨੀਆਂ ਨੂੰ ਹਨ।

ਉਦਾਹਰਨ ਲਈ ਮੰਨ ਲਉ ਤੀਜੀ ਦੁਨੀਆ ਦੇ ਦੇਸ਼ ਰੈਫਰੀਜੀਰੇਟਰ ਬਣਾਉਂਦੇ ਹਨ, ਜੋ ਗੁਣਵੱਤਾ ਦੀ ਦ੍ਰਿਸ਼ਟੀ ਤੋਂ ਸਵੀਕਾਰਤ ਅਤੇ ਘੱਟ ਕੀਮਤ ਵਾਲੇ ਵੀ ਹੁੰਦੇ ਹਨ, ਪਰੰਤੂ ਕੀ ਉਹ ਫਰਿੱਜ ਬਣਾਉਣ ਵਾਲ਼ੀਆਂ ਬਹੁਕੌਮੀ ਕੰਪਨੀਆਂ ਨਾਲ ਮੁਕਾਬਲਾ ਕਰ ਸਕਦੇ ਹਨ, ਜੋ ਲਗਾਤਾਰ ਆਪਣੀ ਬਿਹਤਰ ਤਕਨੀਕ ਅਤੇ ਨਵੇਂ ਡਿਜ਼ਾਈਨ ਬਣਾਉਣ ਦੇ ਸਮਰੱਥ ਹੋ ਸਕਦੀਆਂ ਹਨ; ਆਪਣੇ ਫਰਿੱਜ ਦੇ ਇਸ਼ਤਿਹਾਰ ਅਤੇ ਟਰੇਡ ਮਾਰਕ ਦੀ ਪ੍ਰਸਿੱਧੀ ਲਈ ਵੱਡੀਆਂ-ਵੱਡੀਆਂ ਰਕਮਾਂ ਖਰਚ ਕਰ ਸਕਦੀਆਂ ਹਨ, ਜਿੱਥੇ ਉਨ੍ਹਾਂ ਨੂੰ ਟੈਕਸ ਨਹੀਂ ਦੇਣੇ ਪੈਂਦੇ ਅਤੇ ਮਜ਼ਦੂਰੀ ਬਹੁਤ ਘੱਟ ਦੇਣੀ ਹੈ। ਉਨ੍ਹਾਂ ਕੋਲ਼ ਆਪਣੀ ਵਿਸ਼ਾਲ ਪੂੰਜੀ ਤਾਂ ਹੁੰਦੀ ਹੀ ਹੈ, ਉਹਨਾਂ ਅਜਿਹੇ ਵਿੱਤੀ ਢੰਗ ਵੀ ਕੱਢੇ ਹੋਏ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਨੂੰ ਇੱਕ, ਦੋ, ਤਿੰਨ ਸਾਲ ਲਈ ਵਪਾਰਕ ਕਰਜ਼ੇ ਅਸਾਨੀ ਨਾਲ਼ ਮਿਲ਼ ਸਕਦੇ ਹਨ। ਉਹ ਆਪਣੇ ਫਰਿਜਾਂ ਨੂੰ ਨਿਰਯਾਤ ਕਿੱਥੇ ਅਤੇ ਕਿਵੇਂ ਕਰ ਸਕਦੇ ਹਨ? ਦੁਨੀਆ ਦੇ ਬਹੁਤ ਵੱਡੇ ਹਿੱਸੇ ਵਿੱਚ ਤਾਂ ਗਰੀਬ, ਬੇਰੁਜ਼ਗਾਰ ਅਤੇ ਭੁੱਖ-ਨੰਗੇ ਲੋਕ ਰਹਿੰਦੇ ਹਨ। ਜੇ ਉਨ੍ਹਾਂ ਦੇ ਫਰਿਜਾਂ ਦੇ ਗਾਹਕ ਨਹੀਂ ਹੋ ਸਕਦੇ ਤਾਂ ਕੀ ਅਸੀਂ ਉਦੋਂ ਤੱਕ ਉਡੀਕ ਕਰੀਏ, ਜਦੋਂ ਤੱਕ ਦੁਨੀਆਂ ਦੇ ਇਹ ਸਾਰੇ ਗਰੀਬ, ਬੇਰੁਜ਼ਗਾਰ ਅਤੇ ਭੁੱਖੇ-ਨੰਗੇ ਲੋਕ ਇਸ ਲਾਇਕ ਨਾ ਹੋ ਜਾਣ ਕਿ ਉਹ ਇੱਕ ਫਰਿੱਜ, ਇੱਕ ਟੀ ਵੀ ਸੈੱਟ, ਇੱਕ ਟੈਲੀਫੋਨ, ਇੱਕ ਏਅਰ ਕੰਡੀਸ਼ਨਰ, ਇੱਕ ਕਾਰ, ਇੱਕ ਕੰਪਿਊਟਰ, ਇੱਕ ਮਕਾਨ, ਇੱਕ ਗੈਰਾਜ ਆਦਿ ਖਰੀਦ ਸਕਣ। ਸਾਮਰਾਜਵਾਦੀ ਲੋਕ ਤਾਂ ਸਾਨੂੰ ਸਾਡੇ ਵਿਕਾਸ ਦਾ ਇਹੀ ਰਸਤਾ ਦੱਸਦੇ ਹਨ, ਪਰੰਤੂ ਉਨ੍ਹਾਂ ਦੇ ਨਵ-ਉਦਾਰਵਾਦੀ ਸਿਧਾਂਤਕਾਰ ਕੀ ਕਦੇ ਇਹ ਦੱਸ ਸਕਣਗੇ ਕਿ ਦੁਨੀਆ ਤੋਂ ਬੇਰੁਜ਼ਗਾਰੀ ਕਦੋਂ ਖਤਮ ਹੋਵੇਗੀ? ਤੀਜੀ ਦੁਨੀਆਂ ਦੇ ਲੋਕਾਂ ਦੀ ਬੇਰੁਜ਼ਗਾਰੀ ਦੀ ਗੱਲ ਛੱਡੋ, ਧਨੀ ਦੇਸ਼ਾਂ ਵਿੱਚ ਜੋ ਬੇਰੁਜ਼ਗਾਰੀ ਹੈ, ਉਸ ਦੀ ਸਮੱਸਿਆ ਦਾ ਕੀ ਹੱਲ ਹੈ ਉਹਨਾਂ ਕੋਲ਼? ਵਿਕਾਸ ਦੀ ਅਜਿਹੀ ਹਾਸੋ-ਹੀਣੀ ਧਾਰਨਾ ਦੇ ਚਲਦਿਆਂ ਉਨ੍ਹਾਂ ਕੋਲ਼ ਕਦੇ ਕੋਈ ਗੱਲ ਦਾ ਹੱਲ ਹੋਵੇਗਾ ਵੀ ਨਹੀਂ।

ਉਨ੍ਹਾਂ ਦੀ ਵਿਵਸਥਾ ਦਾ ਬਹੁਤ ਭਾਰੀ ਅੰਤਰ ਵਿਰੋਧ ਇਹ ਹੈ ਕਿ ਉਹ ਤਕਨੀਕ ਵਿੱਚ ਜਿੰਨਾ ਜ਼ਿਆਦਾ ਨਿਵੇਸ਼ ਕਰਦੇ ਹਨ ਅਤੇ ਜਿੰਨਾ ਜ਼ਿਆਦਾ ਉਸ ਦਾ ਇਸਤੇਮਾਲ ਕਰਦੇ ਹਨ, ਓਨੀ ਹੀ ਜ਼ਿਆਦਾ ਬੇਰੁਜ਼ਗਾਰੀ ਵਧਦੀ ਹੈ। ਬਹੁਤ ਜ਼ਿਆਦਾ ਵਿਕਸਤ ਅਤੇ ਤਕਨੀਕੀ ਉਪਕਰਨ, ਜੋ ਮਾਨਵੀ ਮਿਹਨਤ ਤੋਂ ਬਣਦੇ ਹਨ, ਭੌਤਿਕ ਸੰਪਤੀ ਨੂੰ ਤਾਂ ਵਧਾਉਂਦੇ ਹਨ, ਪਰੰਤੂ ਨਾਲ਼-ਨਾਲ਼ ਗਰੀਬੀ, ਛਾਂਟੀ, ਬੇਰੁਜ਼ਗਾਰੀ ਵੀ ਵਧਾਉਂਦੇ ਹਨ। ਹੋਣਾ ਤਾਂ ਇਹ ਚਾਹੀਦਾ ਹੈ ਉਨ੍ਹਾਂ ਕਾਰਨ ਲੋਕਾਂ

ਦੇ ਕੰਮ ਦੇ ਘੰਟੇ ਘੱਟ ਹੋ ਜਾਣ ਅਤੇ ਉਨ੍ਹਾਂ ਨੂੰ ਆਰਾਮ ਕਰਨ, ਖੇਡਣ ਕੁੱਦਣ, ਸੱਭਿਆਚਾਰਕ ਅਤੇ ਵਿਗਿਆਨਕ ਉੱਨਤੀ ਦੇ ਕੰਮਾਂ ਲਈ ਜ਼ਿਆਦਾ ਸਮਾਂ ਮਿਲ਼ੇ, ਪਰ ਇਹ ਅਸੰਭਵ ਹੈ, ਕਿਉਂਕਿ ਬਹੁਕੌਮੀ ਕੰਪਨੀਆਂ ਵਾਲੇ ਲੋਕ ਮੰਡੀ ਦੇ ਪਵਿੱਤਰ ਨਿਯਮਾਂ ਦਾ ਪਾਲਣ ਕਰਦੇ ਹੋਏ ਅਜਿਹਾ ਕਦੇ ਨਹੀਂ ਹੋਣ ਦੇਣਗੇ, ਨਹੀਂ ਤਾਂ ਉਹਨਾਂ ਨੂੰ ਸਸਤੇ ਮਜ਼ਦੂਰ ਕਿਵੇਂ ਮਿਲਣਗੇ? ਖਾਣ-ਪੀਣ ਅਤੇ ਐਸ਼ ਕਰਨ ਦੀਆਂ ਉਹ ਚੀਜ਼ਾਂ ਉਨ੍ਹਾਂ ਨੂੰ ਕਿਵੇਂ ਮਿਲਣਗੀਆਂ? ਜਿਨ੍ਹਾਂ ਨੂੰ ਉਹ ਆਪਣੇ ਦੇਸ਼ਾਂ ਵਿੱਚ ਖ਼ੁਦ ਉਗਾ ਜਾਂ ਬਣਾ ਨਹੀਂ ਸਕਦੇ? ਉਹ ਕੰਮ ਕਰਨ ਵਾਲ਼ੇ ਨੌਕਰ ਕਿਵੇਂ ਮਿਲਣਗੇ, ਜੋ ਉਹ ਖ਼ੁਦ ਨਹੀਂ ਕਰ ਸਕਦੇ ਜਾਂ ਕਰਨਾ ਨਹੀਂ ਚਾਹੁੰਦੇ।

ਆਪਣੇ ਸ਼ਾਨਦਾਰ ਆਰਥਕ ਨਿਯਮਾਂ ਦੇ ਚਲਦਿਆਂ ਉਹ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਲੋਕਾਂ ਨਾਲ਼ ਕੀ ਕਰ ਰਹੇ ਹਨ? ਉਹ ਬਹੁਤ ਲੋਕਾਂ ਉਹਨਾਂ ਦੇ ਅਪਣੇ ਹੀ ਦੇਸ਼ ਵਿੱਚ ਵਿਦੇਸ਼ੀ ਬਣਾ ਰਹੇ ਹਨ। ਆਪਣੇ ਦੇਸ਼ ਵਿੱਚ ਇੱਕ ਵਿਗਿਆਨਕ, ਡਾਕਟਰ, ਇੰਜੀਨੀਅਰ ਜਾਂ ਅਧਿਆਪਕ ਤਿਆਰ ਕਰਨ ਉੱਤੇ ਉਹਨਾਂ ਨੂੰ ਬਹੁਤ ਹੀ ਭਾਰੀ ਖਰਚ ਕਰਨਾ ਪੈਂਦਾ ਹੈ। ਇਸ ਲਈ ਉਹ ਤੀਜੀ ਦੁਨੀਆ ਦੇ ਦੇਸ਼ਾਂ ਦੀ ਜਨਤਾ ਦੀ ਖ਼ੂਨ-ਪਸੀਨੇ ਦੀ ਕਮਾਈ ਨਾਲ ਤਿਆਰ ਕੀਤੇ ਗਏ ਵਿਗਿਆਨੀਆਂ, ਡਾਕਟਰਾਂ, ਇੰਜੀਨੀਅਰਾਂ ਆਦਿ ਨੂੰ ਆਪਣੇ ਕੋਲ਼ ਬੁਲਾ ਲੈਂਦੇ ਹਨ। ਗੱਲ ਆਪਣਾ ਖਰਚ ਬਚਾਉਣ ਅਤੇ ਦੂਜੇ ਦੇਸ਼ਾਂ ਦੇ ਸਾਧਨਾਂ ਨੂੰ ਲੁੱਟ ਲੈਣ ਦੀ ਹੀ ਨਹੀਂ ਹੈ, ਗੱਲ ਇਹ ਵੀ ਹੈ ਕਿ ਨਿਰੰਤਰ ਨਵੀਂਆਂ ਤਕਨੀਕਾਂ ਨਾਲ ਬਣੇ ਉਦਯੋਗਾਂ ਨੂੰ ਚਲਾਉਣ ਦੀ ਖ਼ੁਦ ਉਹਨਾਂ ਵਿੱਚ ਯੋਗਤਾ ਵੀ ਨਹੀਂ ਹੈ। ਕੁਝ ਸਮਾਂ ਪਹਿਲਾਂ ਅਮਰੀਕੀ ਅਖਬਾਰਾਂ ਵਿੱਚ ਛਪਿਆ ਸੀ ਕਿ ਅਮਰੀਕਾ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਅਤਿਅੰਤ ਕੁਸ਼ਲ ਕਰਮਚਾਰੀਆਂ ਨੂੰ ਬੁਲਾਉਣ ਲਈ ਦੋ ਲੱਖ ਵੀਜ਼ੇ ਦੇਵੇਗਾ। ਕਾਰਨ, ਅਮਰੀਕੀ ਲੋਕ ਜ਼ਿਆਦਾ ਪੜ੍ਹੇ-ਲਿਖੇ ਨਹੀਂ ਹੁੰਦੇ। ਉਹਨਾਂ ਵਿੱਚੋਂ ਬਹੁਤੇ ਅਜਿਹੇ ਮਿਲ਼ ਜਾਣਗੇ, ਜੋ ਬ੍ਰਾਜ਼ੀਲ ਨੂੰ ਬੋਲੀਵੀਆ ਜਾਂ ਬੋਲੀਵੀਆ ਨੂੰ ਬ੍ਰਾਜ਼ੀਲ ਸਮਝਦੇ ਹੋਣਗੇ। ਖ਼ੁਦ ਅਮਰੀਕਾ ਵਿੱਚ ਕਈ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਅਮਰੀਕੀ ਆਪਣੇ ਦੇਸ਼ ਬਾਰੇ ਹੀ ਬਹੁਤੀਆਂ ਗੱਲਾਂ ਨਹੀਂ ਜਾਣਦੇ। ਇਥੋਂ ਤੱਕ ਕਿ ਜਿਸ ਲਤੀਨੀ ਅਮਰੀਕੀ ਦੇਸ਼ ਦਾ ਉਨ੍ਹਾਂ ਨਾਂਅ ਸੁਣਿਆ ਹੋਇਆ ਹੈ, ਉਸ ਦੇ ਬਾਰੇ ਉਹ ਇਹ ਨਹੀਂ ਜਾਣਦੇ ਕਿ ਉਹ ਅਫ਼ਰੀਕਾ ਵਿੱਚ ਹੈ ਜਾਂ ਯੂਰਪ ਵਿੱਚ। ਇਹ ਕੋਈ ਅਤਿਕਥਨੀ ਨਹੀਂ, ਇਹੀ ਕਾਰਨ ਹੈ ਕਿ ਉਹ ਸਾਡੀ ਦੁਨੀਆਂ ਤੋਂ ਚੁਣ-ਚੁਣ ਕੇ ਅਤਿਅੰਤ ਕੁਸ਼ਲ ਕਰਮਚਾਰੀਆਂ ਨੂੰ ਲੈ ਲੈਂਦੇ ਹਨ, ਜੋ ਮੁੜ ਕਦੇ ਆਪਣੇ ਦੇਸ਼ ਨਹੀਂ ਪਰਤਦੇ।

ਕਰਮਚਾਰੀ ਨੂੰ ਹੀ ਨਹੀਂ, ਉਹ ਸਾਡੇ ਖਿਡਾਰੀਆਂ ਤੱਕ ਨੂੰ ਲੈ ਜਾਂਦੇ ਹਨ। ਉਹ ਸਾਡੇ ਖਿਡਾਰੀਆਂ ਨੂੰ ਉਸੇ ਤਰਾਂ ਹੀ ਖਰੀਦਦੇ ਹਨ, ਜਿਵੇਂ ਪੁਰਾਣੇ ਜ਼ਮਾਨੇ ਵਿੱਚ ਗ਼ੁਲਾਮ ਖਰੀਦੇ ਜਾਂਦੇ ਸਨ। ਫ਼ਰਕ ਇਹੀ ਹੈ ਕਿ ਉਹ ਉੱਚੇ ਮੁੱਲ 'ਤੇ ਖਰੀਦੇ ਜਾਂਦੇ ਹਨ। ਸਾਡਾ ਸਧਾਰਨ ਖਿਡਾਰੀ ਵੀ ਉੱਥੇ ਜਾ ਕੇ ਲੱਖਾਂ ਕਮਾਂਉਦਾ ਹੈ ਅਤੇ ਉਸ ਨੂੰ ਚੰਗੀ ਪ੍ਰਸਿੱਧੀ ਵੀ ਮਿਲ਼ਦੀ ਹੈ। ਅਸੀਂ ਜੇਕਰ ਆਪਣੇ (ਕਿਊਬਾ) ਬੇਮਿਸਾਲ ਖਿਡਾਰੀਆਂ ਦੀ ਬੋਲੀ ਲਗਾਂਦੇ ਤਾਂ ਸੱਚਮੁੱਚ ਧਨੀ ਹੋ ਜਾਂਦੇ। ਉਹ ਹੁਣ ਬੇਸਬਾਲ ਦੇ ਅਮਰੀਕੀ ਖਿਡਾਰੀਆਂ 'ਤੇ, ਜੋ ਉਹਨਾਂ ਨੂੰ ਬਹੁਤ ਮਹਿੰਗੇ ਪੈਂਦੇ ਹਨ, ਪੈਸੇ ਨਹੀਂ ਖਰਚ ਕਰਨਾ ਚਾਹੁੰਦੇ। ਇਸ ਲਈ ਉਹ ਵੈਨਜ਼ੂਏਲਾ, ਗੁਆਟੇਮਾਲਾ, ਬ੍ਰਾਜ਼ੀਲ, ਅਰਜਨਟੀਨਾ ਆਦਿ



ਵਿੱਚ ਖਿਡਾਰੀਆਂ ਨੂੰ ਸਿੱਖਿਅਤ ਕਰਨ ਵਾਲ਼ੀਆਂ ਅਕਾਦਮੀਆਂ ਚਲਾਉਂਦੇ ਹਨ ਅਤੇ ਇੱਥੋਂ ਦੇ ਲੋਕਾਂ ਨੂੰ ਖਿਡਾਰੀ ਬਣਾ ਕੇ ਲੈ ਜਾਂਦੇ ਹਨ। ਇੱਥੋਂ ਦੇ ਲੋਕਾਂ ਨੂੰ ਲੱਗਦਾ ਹੈ ਕਿ ਉਹ ਲੱਖਾਂ ਕਮਾ ਰਹੇ ਹਨ ਅਤੇ ਮੀਡੀਏ ਵਿੱਚ ਛਾ ਕੇ ਸਾਰੀ ਦੁਨੀਆ ਵਿੱਚ ਜਾਣੇ ਜਾ ਰਹੇ ਹਨ, ਪਰ ਉਹਨਾਂ ਨੂੰ ਪਤਾ ਨਹੀਂ ਲੱਗਦਾ ਕਿ ਅਮਰੀਕੀ ਖਿਡਾਰੀਆਂ ਦੇ ਮੁਕਾਬਲੇ ਉਨ੍ਹਾਂ ਨੂੰ ਘੱਟ ਪੈਸਾ ਦਿੱਤਾ ਜਾ ਰਿਹਾ ਹੈ ਅਤੇ ਉਹਨਾਂ ਨੂੰ ਇਸ਼ਤਿਹਾਰਾਂ ਵਿੱਚ ਵੇਚ ਕੇ ਉਸ ਤੋਂ ਕਿਤੇ ਜ਼ਿਆਦਾ ਪੈਸਾ ਕਮਾਇਆ ਜਾ ਰਿਹਾ ਹੈ।

ਅਮਰੀਕੀ ਸੱਭਿਆਚਾਰ ਦੀ ਖਾਸ ਚੀਜ਼ ਅਮਰੀਕੀ ਟੈਲੀਵਿਜ਼ਨ, ਮੈਂ ਉਸ ਨੂੰ ਬਹੁਤ ਘੱਟ ਦੇਖਦਾ ਹਾਂ ਅਤੇ ਜਦੋਂ ਕਦੇ ਦੇਖਦਾ ਹਾਂ, ਬਰਦਾਸ਼ਤ ਨਹੀਂ ਕਰ ਸਕਦਾ, ਕਿਉਂਕਿ ਹਰ ਤਿੰਨ ਮਿੰਟ ਬਾਅਦ ਉਸ 'ਤੇ ਮਸ਼ਹੂਰੀ ਆਉਣ ਲੱਗਦੀ ਹੈ। ਕਿਊਬਾ ਵਿੱਚ ਅਸੀਂ ਟੀ ਵੀ 'ਤੇ ਦਿਖਾਉਣ ਲਈ ਕੁਝ ਸੋਪ ਆਪੇਰਾ ਬਾਹਰੋਂ ਖਰੀਦਦੇ ਹਾਂ, ਪਰ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਬਣੇ ਸੋਪ ਆਪੇਰਾ ਕਿਊਬਾ ਦੀ ਜਨਤਾ ਲਈ ਏਨੇ ਆਕਰਸ਼ਕ ਹੁੰਦੇ ਹਨ ਕਿ ਉਹਨਾਂ ਨੂੰ ਦੇਖਣ ਲਈ ਕਈ ਲੋਕ ਆਪਣੇ ਕੰਮ ਰੋਕ ਦੇਂਦੇ ਹਨ। ਇਸੇ ਤਰ੍ਹਾਂ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਕਈ ਚੰਗੀਆਂ ਫਿਲਮਾਂ ਬਣਦੀਆਂ ਹਨ, ਪਰ ਦੁਨੀਆ ਭਰ ਵਿੱਚ ਅਮਰੀਕੀ ਚੀਜ਼ਾਂ ਚਲਦੀਆਂ ਹਨ-ਡੱਬਾ-ਬੰਦ ਸੱਭਿਆਚਾਰ। ਸਾਡੇ ਇੱਥੇ ਕਾਗਜ਼ ਦੀ ਕਮੀ ਹੈ, ਇਸ ਲਈ ਕਾਗਜ਼ ਦਾ ਇਸਤੇਮਾਲ ਅਸੀਂ ਜ਼ਿਆਦਾ ਪਾਠ-ਪੁਸਤਕਾਂ ਅਤੇ ਘੱਟ ਪੰਨਿਆਂ ਵਾਲੇ ਅਖ਼ਬਾਰ ਛਾਪਣ ਲਈ ਕਰਦੇ ਹਾਂ, ਜਦੋਂ ਕਿ ਪੂੰਜੀਵਾਦੀ ਦੇਸ਼ਾਂ ਵਿੱਚ ਅਨੇਕਾਂ ਪੰਨਿਆਂ ਅਤੇ ਰੰਗੀਨ ਤਸਵੀਰਾਂ ਵਾਲ਼ੀਆਂ ਚਿਕਨੀਆਂ ਪੱਤਰਕਾਵਾਂ ਛਪਦੀਆਂ ਹਨ, ਜਿਨ੍ਹਾਂ ਨੂੰ ਗਰੀਬ ਦੇਸ਼ਾਂ ਦੇ ਲੋਕ ਪੜ੍ਹਦੇ ਹਨ ਅਤੇ ਉਹਨਾਂ ਵਿੱਚ ਛਪੇ ਇਸ਼ਤਿਹਾਰਾਂ ਰਾਹੀਂ ਪੂੰਜੀਵਾਦ ਦੁਆਰਾ ਦਿਖਾਏ ਗਏ ਸਵਰਗ ਦੇ ਸੁਪਨੇ ਦੇਖਦੇ ਹਨ, ਜੋ ਉਹਨਾਂ ਨੂੰ ਕਦੇ ਵੀ ਮਿਲਣ ਵਾਲ਼ਾ ਨਹੀਂ।

ਉਹ ਸਾਨੂੰ ਸੁਪਨੇ ਦਿਖਾਉਂਦੇ ਹਨ। ਉਹ ਸਾਡੇ ਅੰਦਰ ਇੱਛਾ ਜਗਾਉਂਦੇ ਹਨ ਕਿ ਸਾਡੇ ਵਿਚੋਂ ਹਰੇਕ ਵਿਅਕਤੀ ਕੋਲ ਕਾਰ ਹੋਵੇ। ਇਸੇ ਨੂੰ ਉਹ ਵਿਕਾਸ ਕਹਿੰਦੇ ਹਨ, ਪਰ ਕੀ ਅਜੇਹਾ ਵਿਕਾਸ ਕਦੇ ਸੰਭਵ ਹੈ? ਮੰਨ ਲਓ ਅਜੇਹਾ ਕਿਸੇ ਵੀ ਤਰ੍ਹਾਂ ਹੋ ਜਾਵੇ ਤਾਂ ਕੀ ਹੋਵੇਗਾ? ਜੇਕਰ ਚੀਨ ਦੇ ਹਰ ਘਰ ਵਿੱਚ ਕਾਰ ਹੋ ਗਈ ਤਾਂ ਉਥੋਂ ਦੀ ਸਾਰੀ ਉਪਜਾਊ ਜ਼ਮੀਨ ਸੜਕਾਂ, ਪੈਟਰੋਲ ਪੰਪਾਂ ਅਤੇ ਪਾਰਕਿੰਗ ਦੀ ਜਗ੍ਹਾ ਲਈ ਇਸ ਕਦਰ ਰੁਕ ਜਾਵੇਗੀ ਕਿ ਉਥੇ ਚੌਲਾਂ ਦਾ ਇੱਕ ਦਾਣਾ ਵੀ ਨਹੀਂ ਉਗਾਇਆ ਜਾ ਸਕੇਗਾ। ਆਖਰ ਉਹ ਜੋ ਖਪਤਕਾਰੀ ਦੁਨੀਆ 'ਤੇ ਥੋਪ ਰਹੇ ਹਨ, ਉਹ ਸਿਰਫ਼ ਪਾਗਲਪਣ ਹੈ, ਬਕਵਾਸ ਹੈ। ਇਸ ਦਾ ਮਤਲਬ ਇਹ ਨਹੀਂ ਕਿ ਦੁਨੀਆ ਤਪੱਸਵੀਆਂ ਦਾ ਆਸ਼ਰਮ ਬਣ ਜਾਣੀ ਚਾਹੀਦੀ ਹੈ। ਸੁੱਖ ਸੁਵਿਧਾ ਦੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ, ਪਰ ਖਪਤ ਦੇ ਮਾਪਦੰਡ ਤਾਂ ਸਾਨੂੰ ਹੀ ਬਣਾਉਣੇ ਪੈਣਗੇ, ਨਹੀਂ ਤਾਂ ਇਹ ਧਰਤੀ ਮਨੁੱਖਾਂ ਦੇ ਰਹਿਣ ਲਾਇਕ ਨਹੀਂ ਰਹਿ ਜਾਵੇਗੀ।

ਤਰਕ ਦਿੱਤਾ ਜਾਂਦਾ ਹੈ ਕਿ ਅੱਜ ਦੇ ਮਨੁੱਖ ਕੋਲ ਆਤਮਕ ਸੁੱਖ ਲਈ ਸਮਾਂ ਕਿੱਥੇ, ਪਰ ਮੈਂ ਕਹਿੰਦਾ ਹਾਂ ਕਿ ਇਸਤਰੀ-ਪੁਰਸ਼ਾਂ ਲਈ ਅੱਠ ਘੰਟੇ ਹੀ ਕੰਮ ਕਰਨਾ ਕਿਉਂ ਜ਼ਰੂਰੀ ਹੈ? ਜੇਕਰ ਸਾਡੇ ਕੋਲ ਤਕਨੀਕ ਹੈ, ਜੋ ਸਾਡੀ ਪੈਦਾਵਾਰ ਵਧਾ ਸਕਦੀ ਹੈ ਤਾਂ ਲੋਕ ਅੱਠ ਘੰਟੇ ਦੀ ਬਜਾਏ ਚਾਰ ਘੰਟੇ

ਕੰਮ ਕਿਉਂ ਨਾ ਕਰਨ? ਇਸ ਨਾਲ ਬੇਰੁਜ਼ਗਾਰੀ ਵੀ ਦੂਰ ਹੋਵੇਗੀ ਅਤੇ ਲੋਕਾਂ ਕੋਲ ਫੁਰਸਤ ਵੀ ਜ਼ਿਆਦਾ ਹੋਵੇਗੀ। ਜਦੋਂ ਮਨੁੱਖ ਨੇ ਆਪਣੀ ਬੁੱਧੀ ਨਾਲ ਮਾਨਵਤਾ ਦੀ ਖੁਸ਼ਹਾਲੀ ਲਈ ਨਵੀਂ ਤਕਨੀਕ ਅਤੇ ਤਰੀਕੇ ਵਿਕਸਤ ਕਰ ਲਏ ਹਨ ਤਾਂ ਲੋਕ ਦਿਨ-ਰਾਤ ਪੈਸਾ ਕਮਾਉਣ ਦੇ ਚੱਕਰ ਵਿੱਚ ਹੀ ਕਿਉਂ ਪਏ ਰਹਿਣ? ਭੁੱਖੇ, ਬਿਮਾਰ, ਬੇਰੁਜ਼ਗਾਰ ਕਿਉਂ ਰਹਿਣ? ਗਿਆਨ-ਵਿਗਿਆਨ, ਸੱਭਿਆਚਾਰ ਅਤੇ ਦੂਜੀਆਂ ਮਾਨਵੀ ਚੀਜ਼ਾਂ ਤੋਂ ਵਾਂਝੇ ਕਿਉਂ ਰਹਿਣ। ਉਹ ਕੁਝ ਵਿਸ਼ੇਸ਼ ਅਧਿਕਾਰ ਪ੍ਰਾਪਤ ਅਤੇ ਸ਼ਕਤੀਸ਼ਾਲੀ ਲੋਕਾਂ ਦੇ ਕੰਮਕਾਜੀ ਲਾਭਾਂ ਜਾਂ ਮੁਨਾਫ਼ੇ ਲਈ ਉਹਨਾਂ ਨੂੰ ਪਾਗਲ ਬਣਾ ਦੇਣ ਵਾਲੇ ਆਰਥਕ ਨਿਯਮਾਂ ਅਨੁਸਾਰ ਕਿਉਂ ਜਿਉਣ ਜੋ ਕਦੇ ਅਟਲ ਜਾਂ ਅਪਰਿਵਰਤਣਸ਼ੀਲ ਨਹੀਂ ਸਨ, ਬਦਲਦੇ ਰਹੇ ਹਨ ਅਤੇ ਜਿਨ੍ਹਾਂ ਦਾ ਬਦਲਣਾ ਨਿਸਚਿਤ ਹੈ। ਉਹਨਾਂ ਕਾਰ ਬਣਾਉਣ ਦੀ ਸਮਰੱਥਾ ਦੁੱਗਣੀ ਕਰ ਦਿੱਤੀ ਹੈ। ਇਸ ਨਾਲ ਜੋ ਕਾਰਾਂ ਬਣਨਗੀਆਂ, ਉਨ੍ਹਾਂ ਨੂੰ ਕੌਣ ਖਰੀਦੇਗਾ? ਉਨ੍ਹਾਂ ਦੇ ਗਾਹਕ ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਖੋਜੇ ਜਾਣਗੇ। ਉਥੋਂ ਦੇ ਲੋਕਾਂ ਨੂੰ ਵਿਕਸਤ ਪੂੰਜੀਵਾਦੀ ਦੇਸ਼ਾਂ ਦੇ ਸੱਭਿਆਚਾਰ ਅਨੁਸਾਰ ਜਿਊਣਾ ਜ਼ਰੂਰੀ ਦੱਸ ਕੇ ਭਾਰੀ ਇਸ਼ਤਿਹਾਰਾਂ ਰਾਹੀਂ ਇਹ ਸਮਝਾਇਆ ਜਾਵੇਗਾ ਕਿ ਹਰ ਘਰ ਵਿੱਚ ਇੱਕ ਕਾਰ ਦਾ ਹੋਣਾ ਜ਼ਰੂਰੀ ਹੈ, ਪਰ ਜਿੱਥੇ ਲੋਕਾਂ ਕੋਲ ਖਾਣ ਨੂੰ ਰੋਟੀ ਨਹੀਂ, ਉਥੇ ਕੌਣ ਖਰੀਦੇਗਾ? ਉਹ ਥੋੜ੍ਹੇ ਜਿਹੇ ਲੋਕ, ਜੋ ਧਨੀ ਹਨ, ਪਰ ਜੇਕਰ ਉਹਨਾਂ ਥੋੜ੍ਹੇ ਜਿਹੇ ਲੋਕਾਂ ਦੇ ਵੀ ਹਰ ਘਰ ਵਿੱਚ ਕਾਰ ਹੋ ਗਈ ਤਾਂ ਏਨੀਆਂ ਕਾਰਾਂ ਉਥੇ ਹੋ ਜਾਣਗੀਆਂ ਕਿ ਉਤਪਾਦਨ ਦੇ ਸਾਧਨ ਅਤੇ ਵਾਤਾਵਰਣ ਤਬਾਹ ਹੋ ਜਾਵੇਗਾ। ਏਨਾ ਹੀ ਨਹੀਂ ਸਮਾਜਕ ਵਿਕਾਸ ਲਈ ਜ਼ਰੂਰੀ ਸੀਮਤ ਸਾਧਨ ਵੀ ਕਾਰਾਂ ਖਰੀਦਣ, ਉਹਨਾਂ ਲਈ ਸੜਕਾਂ ਬਣਾਉਣ ਅਤੇ ਪੈਟਰੋਲ ਖਰੀਦਣ ਆਦਿ ਲਈ ਉਡਾ ਦਿੱਤੇ ਜਾਣਗੇ। ਪਰ ਉਦਯੋਗਿਕ ਦੇਸ਼ਾਂ ਨੇ ਤੀਜੀ ਦੁਨੀਆ ਦੇ ਦੇਸ਼ਾਂ ਦੇ ਲੋਕਾਂ ਦੇ ਮਨ ਵਿੱਚ ਅਸੰਭਵ ਸੁਪਨਿਆਂ ਦੇ ਬੀਜ, ਬੀਜ ਕੇ ਮਾਨਵ ਜਾਤੀ ਅਤੇ ਧਰਤੀ ਲਈ ਭਿਆਨਕ ਖ਼ਤਰੇ ਪੈਦਾ ਕਰ ਦਿੱਤੇ ਹਨ। ਪੂੰਜੀਵਾਦੀ ਵਿਵਸਥਾ ਨੇ ਵਾਤਾਵਰਣ ਵਿੱਚ ਜ਼ਹਿਰ ਭਰ ਦਿੱਤਾ ਹੈ ਅਤੇ ਉਹ ਉਹਨਾਂ ਕੁਦਰਤੀ ਸਰੋਤਾਂ ਨੂੰ ਤਬਾਹ ਕਰ ਰਹੀ ਹੈ, ਜੋ ਇੱਕ ਵਾਰ ਇਸਤੇਮਾਲ ਕਰ ਲੈਣ ਤੋਂ ਬਾਅਦ ਫਿਰ ਪੈਦਾ ਨਹੀਂ ਕੀਤੇ ਜਾ ਸਕਦੇ, ਜਦੋਂ ਕਿ ਭਵਿੱਖ ਵਿੱਚ ਉਹਨਾਂ ਦੀ ਜ਼ਰੂਰਤ ਹੋਵੇਗੀ ਅਤੇ ਉਨ੍ਹਾਂ ਨੂੰ ਬਚਾ ਕੇ ਰੱਖਣਾ ਜ਼ਰੂਰੀ ਹੈ। ਇਹ ਅੱਜ ਇੱਕ ਵਿਚਾਰ ਜਾਂ ਧਾਰਨਾ ਨਹੀਂ, ਬਲਕਿ ਠੋਸ ਹਕੀਕਤ ਹੈ। ਪੂੰਜੀਵਾਦ ਅਸਮਾਨਤਾ 'ਤੇ ਚਲਦਾ ਹੈ, ਪਰ ਜਦੋਂ ਧਰਤੀ 'ਤੇ ਰਹਿਣ ਵਾਲੇ ਅੱਸੀ ਪ੍ਰਤੀਸ਼ਤ ਲੋਕ ਉਸ ਦੇ ਕਾਰਨ ਦੁਖੀ ਹੋਣ ਤਾਂ ਨਿਸਚਿਤ ਹੈ ਕਿ ਇਹ ਵਿਵਸਥਾ ਚੱਲ ਨਹੀਂ ਸਕਦੀ। ਇਸ ਲਈ ਸਾਨੂੰ ਅਜਿਹੇ ਵਿਚਾਰਾਂ ਅਤੇ ਧਾਰਨਾਵਾਂ ਦੀ ਜ਼ਰੂਰਤ ਹੈ, ਜਿਨ੍ਹਾਂ ਦੇ ਅਧਾਰ ਉੱਤੇ ਇੱਕ ਚੱਲ ਸਕਣ ਵਾਲੀ, ਕਾਇਮ ਰੱਖੀ ਜਾ ਸਕਣ ਵਾਲੀ ਅਤੇ ਬਿਹਤਰ ਦੁਨੀਆ ਬਣਾਈ ਕਿਵੇਂ ਜਾਵੇ? ਇਸ ਦਾ ਜਵਾਬ ਇਕ ਹੀ ਹੈ: ਸਾਨੂੰ ਸਾਰਿਆਂ ਨੂੰ ਅਤੇ ਸਾਡੇ ਦੇਸ਼ਾਂ ਨੂੰ ਇਸ ਨਵ-ਉਦਾਰਵਾਦੀ ਸੰਸਾਰੀਕਰਨ ਦੇ ਵਿਰੁੱਧ ਇੱਕਜੁੱਟ ਹੋਣਾ ਹੋਵੇਗਾ। ਇਹ ਮੁਸ਼ਕਲ ਕੰਮ ਹੈ, ਬਹੁਤ ਹੀ ਮੁਸ਼ਕਲ, ਪਰ ਇਸ ਨੂੰ ਆਸਾਨ ਬਣਾਇਆ ਜਾ ਸਕਦਾ ਹੈ। ਜੇਕਰ ਅਸੀਂ ਸੰਸਾਰੀਕਰਨ ਨੂੰ ਇੱਕ ਬੁਰਾਈ ਮੰਨ ਕੇ ਉਸ ਨੂੰ ਖ਼ਤਮ ਕਰਨ ਦੀ ਸੋਚਾਂਗੇ ਤਾਂ ਅਜਿਹਾ ਕਰਨਾ ਸਾਨੂੰ ਮੁਸ਼ਕਲ ਹੀ ਨਹੀਂ, ਅਸੰਭਵ ਲੱਗੇਗਾ ਅਤੇ ਉਹ ਵਾਸਤਵ ਵਿੱਚ ਅਸੰਭਵ ਹੋਵੇਗਾ। ਇਸ ਲਈ ਅਸੀਂ ਇਹ ਮੰਨ ਕੇ ਚੱਲੀਏ ਕਿ ਸੰਸਾਰੀਕਰਨ ਆਪਣੇ-ਆਪ ਵਿੱਚ



ਕੋਈ ਬੁਰੀ ਚੀਜ਼ ਨਹੀਂ। ਸੰਸਾਰੀਕਰਨ ਅਜਿਹੀ ਪ੍ਰਕਿਰਿਆ ਹੈ, ਜਿਸ ਨੂੰ ਪਲਟਿਆ ਨਹੀਂ ਜਾ ਸਕਦਾ, ਪਰ ਸਵਾਲ ਉਠਾਉਣਾ ਚਾਹੀਦਾ ਹੈ : ਕਿਹੋ ਜਿਹਾ ਸੰਸਾਰੀਕਰਨ? ਅਰਥਾਤ ਸੰਸਾਰੀਕਰਨ ਪੂੰਜੀਵਾਦੀ ਹੀ ਕਿਉਂ? ਸਮਾਜਵਾਦੀ ਕਿਉਂ ਨਹੀਂ?

ਇਹ ਸਵਾਲ ਉੱਠ ਹੀ ਰਿਹਾ ਹੈ। ਕਿਊਬਾ ਵਿੱਚ ਅਸੀਂ ਅਲੱਗ-ਅਲੱਗ ਦੇਸ਼ਾਂ ਦੇ ਛੇ ਸੌ ਅਰਥ ਸ਼ਾਸਤਰੀਆਂ ਦਾ ਇੱਕ ਸੰਮੇਲਨ ਕੀਤਾ। ਉਸ ਵਿੱਚ ਅਸੀਂ ਹਰ ਤਰ੍ਹਾਂ ਦੀ ਵਿਚਾਰਧਾਰਾ ਦੇ ਅਰਥ ਸ਼ਾਸਤਰੀਆਂ ਨੂੰ ਬੁਲਾਇਆ। ਸੰਮੇਲਨ ਦੀ ਸਮਾਪਤੀ ਮੈਂ ਕਰਨੀ ਸੀ। ਮੈਂ ਸਮਾਪਤੀ ਭਾਸ਼ਣ ਦਿੱਤਾ, ਉਸ ਵਿੱਚ ਮੈਂ ਅਤਿਅੰਤ ਸੰਖੇਪ ਰੂਪ ਵਿੱਚ ਕੇਬਲਗ੍ਰਾਮ ਦੀ ਸ਼ੈਲੀ ਵਿੱਚ ਅਤੇ ਜ਼ਿਆਦਾਤਰ ਖੁਦ ਨਾਲ਼ ਸੰਵਾਦ ਕਰਦਿਆਂ ਇਹ ਗੱਲਾਂ ਕਹੀਆਂ:

ਆਮ ਲੋਕਾਂ ਨੂੰ ਸੁਣ ਕੇ ਅਸੀਂ ਕੁਝ ਸਿੱਖਿਆ ਹੈ। ਇੱਥੇ ਬਹੁਤ ਸਾਰੇ ਅਤੇ ਵੱਖਰੇ-ਵੱਖਰੀ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਗਏ। ਵਿਦਵਤਾ ਅਤੇ ਪ੍ਰਤਿਭਾ ਦਾ ਅਸਾਧਾਰਨ, ਸਪੱਸ਼ਟ ਅਤੇ ਸੁੰਦਰ ਪ੍ਰਦਰਸ਼ਨ ਹੋਇਆ। ਸਾਡੇ ਸਾਰਿਆਂ ਦੇ ਆਪਣੇ ਵਿਚਾਰ ਅਤੇ ਆਪਣੀਆਂ ਆਪਣੀਆਂ ਦ੍ਰਿੜ੍ਹ ਮਾਨਤਾਵਾਂ ਹਨ : ਜਿਸ ਅਵਿਸ਼ਵਾਸਯੋਗ ਅਤੇ ਬੇਮਿਸਾਲ ਸੰਸਾਰੀਕਰਨ ਉੱਤੇ ਇੱਥੇ ਵਿਚਾਰ ਹੋਇਆ, ਉਹ ਇੱਕ ਇਤਿਹਾਸਕ ਵਿਕਾਸ ਦੀ ਦੇਣ ਹੈ, ਮਾਨਵ ਸੱਭਿਅਤਾ ਦਾ ਫਲ਼ ਹੈ, ਜੋ ਕੇਵਲ 3000 ਸਾਲਾਂ ਦੇ ਛੋਟੇ ਜਿਹੇ ਅਰਸੇ ਵਿੱਚ ਉਪਲੱਬਧ ਹੋਇਆ ਹੈ। ਇਸ ਦੀ ਸ਼ੁਰੂਆਤ ਸਾਡੇ ਪੁਰਖਿਆਂ ਨੇ ਕੀਤੀ ਸੀ, ਜੋ ਪਹਿਲਾਂ ਹੀ ਮਾਨਵ ਜਾਤੀ ਦੇ ਰੂਪ ਵਿੱਚ ਵਿਕਸਤ ਹੋ ਚੁੱਕੇ ਸਨ। ਅੱਜ ਦਾ ਆਦਮੀ ਪੈਰੀਕਲੀਜ਼, ਪਲੈਟੋ ਜਾਂ ਅਰਸਤੂ ਤੋਂ ਜ਼ਿਆਦਾ ਬੁੱਧੀਮਾਨ ਨਹੀਂ ਅਤੇ ਅਸੀਂ ਹੁਣ ਤੱਕ ਇਹ ਨਹੀਂ ਜਾਣਦੇ ਕਿ ਉਸ ਵਿੱਚ ਅੱਜ ਦੀਆਂ ਅਤਿਅੰਤ ਜਟਿਲ ਸਮੱਸਿਆਵਾਂ ਨੂੰ ਸੁਲਝਾ ਸਕਣ ਵਾਲੀ ਬੁੱਧੀ ਹੈ ਵੀ ਜਾਂ ਨਹੀਂ। ਅਸੀਂ ਸ਼ਰਤਾਂ ਲਗਾ ਰਹੇ ਹਾਂ ਕਿ ਉਹ ਇਸ ਕੰਮ ਨੂੰ ਕਰ ਸਕਦਾ ਹੈ ਜਾਂ ਨਹੀਂ। ਦਰਅਸਲ ਇਸ ਸੰਮੇਲਨ ਵਿੱਚ ਅਸੀਂ ਇਹੀ ਕੀਤਾ ਹੈ।

ਇੱਕ ਸਵਾਲ ਹੈ: ਕੀ ਇਹ ਪ੍ਰਕਿਰਿਆ ਪਲਟੀ ਜਾ ਸਕਦੀ? ਮੇਰਾ ਉੱਤਰ ਹੈ, ਜੋ ਖ਼ੁਦ ਨੂੰ ਦਿੰਦਾ ਹਾਂ, ਨਹੀਂ। ਅੱਜ ਦਾ ਸੰਸਾਰੀਕਰਨ ਕਿਸ ਪ੍ਰਕਾਰ ਦਾ ਹੈ? ਇਹ ਜਿਵੇਂ ਕਿ ਬਹੁਤ ਲੋਕ ਕਹਿੰਦੇ ਹਨ, ਨਵ-ਉਦਾਰਵਾਦੀ ਸੰਸਾਰੀਕਰਨ ਹੈ। ਕੀ ਇਹ ਚੱਲ ਸਕਦਾ ਹੈ? ਨਹੀਂ। ਕੀ ਇਹ ਲੰਮੇ ਸਮੇਂ ਤੱਕ ਬਣਿਆ ਰਹਿ ਸਕਦਾ ਹੈ? ਬਿਲਕੁੱਲ ਨਹੀਂ। ਕੀ ਇਹ ਸਦੀ ਤੱਕ ਚੱਲਣ ਵਾਲੀ ਚੀਜ਼ ਹੈ? ਹਰਗਿਜ਼ ਨਹੀਂ। ਕੀ ਇਹ ਕੁਝ ਦਹਾਕਿਆਂ ਦਾ ਮਾਮਲਾ ਹੈ? ਹਾਂ, ਦਹਾਕਿਆਂ ਦਾ ਹੀ। ਜਲਦੀ ਹੀ ਇਸ ਦੀ ਹੋਂਦ ਸਮਾਪਤ ਹੋ ਜਾਵੇਗੀ। ਕੀ ਮੈਂ ਖ਼ੁਦ ਨੂੰ ਕੋਈ ਪੈਗੰਬਰ ਜਾਂ ਭਵਿੱਖਵਕਤਾ ਸਮਝਦਾ ਹਾਂ? ਨਹੀਂ। ਕੀ ਮੈਂ ਅਰਥ ਸ਼ਾਸਤਰ ਬਾਰੇ ਬਹੁਤ ਜਾਣਦਾ ਹਾਂ? ਨਹੀਂ। ਸ਼ਾਇਦ ਬਿਲਕੁੱਲ ਨਹੀਂ, ਪਰ ਜੋ ਮੈਂ ਬਿਆਨ ਕੀਤਾ ਹੈ, ਉਸ ਦੇ ਲਈ ਜੋੜ-ਬਾਕੀ ਗੁਣਾਂ-ਭਾਗ ਜਾਨਣਾ ਹੀ ਕਾਫ਼ੀ ਨਹੀਂ ਹੈ, ਜਿਸ ਨੂੰ ਬੱਚੇ ਸਕੂਲ ਵਿੱਚ ਸਿੱਖਦੇ ਹਨ।

ਇਹ ਪਰਿਵਰਤਨ ਹੋਵੇਗਾ ਕਿਵੇਂ?: ਸਾਨੂੰ ਨਹੀਂ ਪਤਾ। ਕੀ ਇਹ ਹਿੰਸਕ ਕ੍ਰਾਂਤੀਕਾਰੀਆਂ ਜਾਂ ਤਬਾਹਕੁੰਨ ਜੰਗਾਂ ਰਾਹੀਂ ਹੋਵੇਗਾ? ਇਹ ਤਾਂ ਅਸੰਭਵ, ਅਤਾਰਕਿਕ ਅਤੇ ਆਤਮਘਾਤੀ ਲੱਗਦਾ ਹੈ। ਤਾਂ ਕੀ ਇਹ ਡੂੰਘੇ ਅਤੇ ਮਹਾਂ-ਗੰਭੀਰ ਸੰਕਟ ਰਾਹੀਂ ਹੋਵੇਗਾ? ਮੰਦੇ ਭਾਗਾਂ ਨੂੰ ਅਜਿਹਾ ਹੀ ਹੋਣ ਦੀ ਸੰਭਾਵਨਾ ਸਭ ਤੋਂ ਜ਼ਿਆਦਾ ਹੈ। ਅਜਿਹਾ ਹੋਣਾ ਲਾਜ਼ਮੀ ਹੈ ਅਤੇ ਇਹ ਹੋਵੇਗਾ ਕਈ ਤਰ੍ਹਾਂ ਦੇ

ਉਪਾਵਾਂ ਅਤੇ ਸੰਘਰਸ਼ ਦੇ ਕਈ ਤਰ੍ਹਾਂ ਦੇ ਰੂਪਾਂ ਰਾਹੀਂ। ਤਾਂ ਸੰਸਾਰੀਕਰਨ ਕਿਸ ਪ੍ਰਕਾਰ ਦਾ ਹੋਵੇਗਾ? ਉਹ ਸੰਸਾਰੀਕਰਨ ਚਾਹੇ ਸਮਾਜਵਾਦੀ ਹੋਵੇ, ਕਮਿਊਨਿਸਟ ਹੋਵੇ ਜਾਂ ਤੁਸੀਂ ਉਸ ਨੂੰ ਜੋ ਨਾਂਅ ਵੀ ਦੇਣਾ ਚਾਹੋ, ਅਜਿਹਾ ਹੋਵੇਗਾ ਜੋ ਚਲੇਗਾ।

ਕੀ ਕੁਦਰਤ ਅਤੇ ਉਸ ਦੇ ਨਾਲ-ਨਾਲ ਮਾਨਵ ਜਾਤੀ ਅਜਿਹੇ ਪਰਿਵਰਤਨ ਬਿਨਾਂ ਬਹੁਤ ਸਮੇਂ ਤੱਕ ਬਚੀ ਰਹਿ ਸਕਦੀ ਹੈ?

ਨਹੀਂ, ਉਸ ਦੇ ਕੋਲ ਬਹੁਤਾ ਸਮਾਂ ਨਹੀਂ ਬਚਿਆ।

ਨਵੀਂ ਦੁਨੀਆ ਦੇ ਨਿਰਮਾਤਾ ਕੌਣ ਹੋਣਗੇ?

ਸਾਡੀ ਧਰਤੀ ਦੇ ਇਸਤਰੀ-ਪੁਰਸ਼।

ਉਹਨਾਂ ਦੇ ਹਥਿਆਰ ਕੀ ਹੋਣਗੇ? ਵਿਚਾਰ ਅਤੇ ਚੇਤਨਾ।

ਇਹਨਾਂ ਹਥਿਆਰਾਂ ਨੂੰ ਬਣਾਏਗਾ ਕੌਣ? ਕੌਣ ਇਹਨਾਂ ਨੂੰ ਤਿੱਖੇ ਕਰੇਗਾ? ਕੌਣ ਇਹਨਾਂ ਨੂੰ ਅਜਿੱਤ ਬਣਾਏਗਾ?

ਇਹ ਸਭ ਤੁਸੀਂ ਕਰੋਗੇ।

ਕੀ ਇਹ ਇੱਕ ਖ਼ਾਬ-ਖਿਆਲੀ ਹੈ? ਬਹੁਤ ਸਾਰੇ ਸੁਪਨਿਆਂ ਵਿੱਚੋਂ ਇੱਕ ਸੁਪਨਾ? ਨਹੀਂ, ਕਿਉਂਕਿ ਇਹ ਵਾਸਤਵਿਕ ਰੂਪ ਵਿੱਚ ਲਾਜ਼ਮੀ ਹੈ ਅਤੇ ਇਸ ਦਾ ਕੋਈ ਬਦਲ ਨਹੀਂ ਹੈ। ਇਹ ਸੁਪਨਾ ਪਹਿਲਾਂ ਵੀ ਦੇਖਿਆ ਜਾ ਚੁੱਕਾ ਹੈ, ਪਰ ਉਦੋਂ ਸ਼ਾਇਦ ਇਹ ਸਮੇਂ ਤੋਂ ਪਹਿਲਾਂ ਦੇਖ ਲਿਆ ਗਿਆ।

"ਮਜ਼ਦੂਰਾਂ ਅਤੇ ਕਿਸਾਨਾਂ ਦਾ ਇਹ ਸਮਾਜਵਾਦੀ ਅਤੇ ਗਣਤਾਂਤਵਿਕ (ਡੈਮੋਕਰੈਟਿਕ) ਇਨਕਲਾਬ ਹੈ। ਨਿਰਮਾਣਤਾ ਨਾਲ਼ ਨਿਰਮਾਣਤਾ ਲਈ ਨਿਰਮਾਣ ਲੋਕਾਂ ਦਾ ਇਨਕਲਾਬ।"

(ਅਪ੍ਰੈਲ 16, 1961, ਆਪਣੀ ਸਰਕਾਰ ਨੂੰ ਸਮਾਜਵਾਦੀ ਐਲਾਨਣ ਸਮੇਂ)

"ਜੇ਼ ਕੋਈ ਕਿਊਬਾ ਵਾਸੀ ਭੁੱਖਾ ਹੁੰਦਾ ਹੈ ਤਾਂ ਸਾਨੂੰ ਦੁੱਖ ਹੁੰਦਾ ਹੈ। ਸਾਨੂੰ ਦੁੱਖ ਹੁੰਦਾ ਹੈ ਜੇ ਉਸ ਲਈ ਡਾਕਟਰ ਨਾ ਹੋਣ, ਬੱਚਾ ਦੁੱਖੀ ਹੁੰਦਾ ਹੈ ਜਾਂ ਪੜ੍ਹਿਆ ਨਹੀਂ ਹੁੰਦਾ, ਪਰਿਵਾਰ ਕੋਲ਼ ਰਹਿਣ ਲਈ ਘਰ ਨਾ ਹੋਵੇ। ਸਾਨੂੰ ਦੁੱਖ ਹੁੰਦਾ ਹੈ ਭਾਵੇਂ ਉਹ ਸਾਡਾ ਸਕਾ ਭਰਾ, ਪੁੱਤ, ਪਿਤਾ ਨਾ ਵੀ ਹੋਵੇ। ਤੇ ਫਿਰ ਸਾਨੂੰ ਦੁੱਖ ਕਿਉਂ ਨਹੀਂ ਹੋਣਾ ਚਾਹੀਦਾ ਜੇ ਅਸੀਂ ਅੰਗੋਲਾ ਦੇ ਬੱਚੇ ਨੂੰ ਭੁੱਖਾ ਦੇਖੀਏ, ਦੁੱਖ ਵਿਚ ਦੇਖੀਏ ਅਤੇ ਉਹ ਮਰ ਜਾਵੇ ਜਾਂ ਉਸਦਾ ਕਤਲ ਕਰ ਦਿੱਤਾ ਜਾਵੇ।"

"ਮੇਰਾ ਲਗਾਉ ਕਿਸੇ ਚੀਜ਼ ਨਾਲ ਨਹੀਂ। ਮੇਰਾ ਲਗਾਉ ਸਿਰਫ਼ ਮੇਰੀ ਡਿਊਟੀ ਨਾਲ਼ ਹੈ, ਡਿਊਟੀ ਕਰਨ ਨਾਲ਼ ਹੈ। ਮੈਂ ਸਮਝਦਾ ਹਾਂ ਕਿ ਮੈਂ ਡਿਊਟੀ ਨਿਭਾਉਂਦਿਆਂ ਹੀ ਜਾਨ ਦੇਵਾਂਗਾ।"

ਫੀਡਲ ਕਾਸਟਰੋ



# ਅਸੀਂ ਹਰ ਕਿਸਮ ਦੇ ਅੱਤਵਾਦ ਦੇ ਖ਼ਿਲਾਫ਼ ਹਾਂ

*ਮੁਲਾਕਾਤੀ : ਇਗਨੇਸ਼ੀਓ ਰਾਮੋਨਿਟ*

? ਜਿਹੜੇ ਲੋਕ ਤੁਹਾਡੇ ਇਨਕਲਾਬ ਦੀ ਨੁਕਤਾਚੀਨੀ ਕਰਦੇ ਹਨ ਉਹ ਇਹਦੇ ਲਈ ਤੁਹਾਨੂੰ ਹੀ ਕਸੂਰਵਾਰ ਕਹਿੰਦੇ ਹਨ। ਉਹ ਜਦੋਂ ਵੀ ਗੱਲ ਕਰਦੇ ਹਨ ਤਾਂ ਕਹਿੰਦੇ ਹਨ 'ਕਾਸਤਰੋ ਦਾ ਕਿਊਬਾ'।

ਕਾਸਤਰੋ- ਉਨ੍ਹਾਂ ਨੂੰ ਸਾਰਾ ਕੁਝ ਮੇਰੇ ਨਾਲ ਹੀ ਬੰਨ੍ਹਣ ਦੀ ਆਦਤ ਹੈ ਜਿਵੇਂ ਕਿਊਬਾ ਵਿਚ ਲੋਕ ਹੁੰਦੇ ਹੀ ਨਹੀਂ। ਪਰ ਹਕੀਕਤ ਇਹ ਹੈ ਕਿ ਕਰੋੜਾਂ ਬੰਦੇ ਹਨ ਜਿਨ੍ਹਾਂ ਨੇ ਜੱਦੋ-ਜਹਿਦ ਕੀਤੀ ਹੈ, ਜਿਨ੍ਹਾਂ ਨੇ ਇਨਕਲਾਬ ਦੀ ਰਾਖੀ ਕੀਤੀ ਹੈ। ਲੱਖਾਂ ਡਾਕਟਰ ਹਨ, ਕਿਸਾਨ ਹਨ, ਵਿਦਿਆਰਥੀ ਹਨ, ਕੀ ਉਨ੍ਹਾਂ ਦੀ ਕੋਈ ਹੋਂਦ ਨਹੀਂ। ਬੱਸ ਉਨ੍ਹਾਂ ਨੂੰ ਇਹੀ ਇਕੱਲਾ ਮਾੜਾ ਬੰਦਾ ਕਾਸਤਰੋ ਦਿਸਦਾ ਹੈ। ਤੁਸੀਂ ਅੰਦਾਜ਼ਾ ਵੀ ਨਹੀਂ ਲਾ ਸਕਦੇ ਕਿ ਮੈਨੂੰ ਕਿੰਨੇ ਆਟੋਗ੍ਰਾਫ ਦੇਣੇ ਪੈਂਦੇ ਹਨ। ਕਿੰਨੇ ਅਮਰੀਕਨ ਮੇਰੇ ਨਾਲ ਗੱਲ ਕਰਨ ਆਉਂਦੇ ਹਨ, ਮੈਨੂੰ ਫੁਲਾਂ ਦੇ ਗੁਲਦਸਤੇ ਭੇਟ ਕਰਦੇ ਹਨ, ਕਿਤਾਬਾਂ, ਕਾਰਡ ਆਦਿ ਦਿੰਦੇ ਹਨ ਜਿਨ੍ਹਾਂ 'ਤੇ ਮੈਂ ਦਸਤਖ਼ਤ ਕਰਦਾ ਹਾਂ। ਮੇਰੇ ਨਾਲ ਕਿੰਨੀਆਂ ਤਸਵੀਰਾਂ ਖਿਚਾਉਂਦੇ ਹਨ, ਤੁਸੀਂ ਯਕੀਨ ਨਹੀਂ ਕਰ ਸਕਦੇ। ਸੋ ਮੇਰਾ ਖਿਆਲ ਹੈ ਕਿ ਮੈਂ ਕੋਈ ਅਲੋਕਾਰ ਜਿਹਾ ਮਨੁੱਖ ਹੀ ਹਾਂ।

? ਅਲੋਕਾਰ ਜਿਹਾ, ਸਟਾਰ ?

ਕਾਸਤਰੋ- ਹਾਂ, ਉਹ ਜਿਹਨੂੰ ਤੁਸੀਂ ਛੇਤੀ ਮਿਲਣਾ ਹੋਵੇ ਤਾਂ ਜੋ ਤੁਸੀਂ ਕਹਿ ਸਕੋ, 'ਦੇਖਿਆ, ਇਹ ਮੇਰੀ ਫੋਟੋ ਫਲਾਣੇ ਨਾਲ ਖਿੱਚੀ ਹੋਈ ਹੈ।' ਪਰ ਮੈਂ ਸਦਾ ਅਪਣਾ ਲੇਖਾ ਜੋਖਾ ਕਰਦਾ ਹਾਂ। ਜਦੋਂ ਕਦੀ ਮੈਂ ਕੁਝ ਵੱਧ ਘੱਟ ਬੋਲ ਜਾਵਾਂ ਜਾਂ ਕੁਝ ਇਹੋ ਜਿਹਾ ਕਹਿ ਜਾਵਾਂ ਜੋ ਫਜ਼ੂਲ ਜਿਹਾ ਲੱਗੇ ਤਾਂ ਮੈਂ ਆਪੇ ਨੂੰ ਸਖ਼ਤੀ ਨਾਲ ਨਜਿੱਠਦਾ ਹਾਂ। ਹਰ ਇਕ ਨੂੰ ਆਪਣੇ ਕੀਤੇ ਦਾ ਧਿਆਨ ਰੱਖਣਾ ਚਾਹੀਦਾ ਹੈ। ਏਨੇ ਸਾਲਾਂ ਦੇ ਬੀਤਣ ਨਾਲ਼ ਮੇਰੇ ਅਸਰ ਰਸੂਖ ਜਾਂ ਮੇਰੀ ਤਾਕਤ ਮੈਨੂੰ ਹੌਲ਼ੀ-ਹੌਲ਼ੀ ਘੁਮੰਡੀ ਤੇ ਹੋਰ ਬੜਾ ਕੁਝ ਬਣਾ ਸਕਦੀ ਸੀ ਪਰ ਹੋਇਆ ਇਹਦੇ ਉਲਟ ਹੈ। ਮੈਂ ਹਰ ਰੋਜ਼ ਹੋਰ ਹਲੀਮ, ਘੱਟ ਅਡੰਬਰੀ ਤੇ ਘੱਟ ਸੰਤੁਸ਼ਟ ਹੁੰਦਾ ਜਾ ਰਿਹਾ ਹਾਂ। ਇਹ ਮੇਰੀ ਅਪਣੀ ਪ੍ਰਵਿਰਤੀ ਨਾਲ਼ ਹੀ ਜੱਦੋ ਜਹਿਦ ਹੈ। ਮੇਰਾ ਯਕੀਨ ਹੈ ਇਹ ਸਿੱਖਿਆ ਹੈ ਜਾਂ ਬਹੁਤ ਗੰਭੀਰ ਅਤੇ ਔਖੀ ਵਿਦਿਆ ਜੋ ਇਸ ਨਿਗੂਣੇ ਜਹੇ ਪਸ਼ੂ ਨੂੰ ਮਨੁੱਖ ਵਿਚ ਬਦਲਦੀ ਹੈ।

? ਤੁਹਾਡੇ ਖਿਆਲ ਵਿਚ ਇਤਿਹਾਸ ਤੁਹਾਨੂੰ ਕਿਵੇਂ ਦੇਖੇਗਾ ?

ਕਾਸਤਰੋ- ਮੇਰਾ ਖਿਆਲ ਹੈ ਇਹ ਕੋਈ ਫ਼ਿਕਰ ਵਾਲੀ ਗੱਲ ਨਹੀਂ। ਨੈਪੋਲੀਅਨ ਹਮੇਸ਼ਾ ਹੀ ਠਾਠ ਬਾਠ ਦੀ ਗੱਲ ਕਰਦਾ ਹੁੰਦਾ ਸੀ, ਅਪਣੀ ਸ਼ਾਨ ਦੀ ਪਰ ਹੁਣ ਦੇਖੋ, ਇਸ ਗੱਲ ਦੇ ਬਾਵਜੂਦ ਕਿ ਉਸ ਨੇ ਅਸਲੀ ਜਰਨੈਲ ਤੇ ਸਮਰਾਟ ਦੇ ਤੌਰ 'ਤੇ ਕਿੰਨੇ ਵੱਡੇ ਵੱਡੇ ਕੰਮ ਕੀਤੇ, ਉਸ ਨੂੰ ਕਈਆਂ ਦੇਸ਼ਾਂ ਵਿਚ ਉਹਦੇ ਨਾਮ ਦੀ ਬਰਾਂਡੀ ਨਾਲ ਹੀ ਲੋਕ ਜਾਣਦੇ ਹਨ। ਏਸ ਲਈ ਮੈਂ ਆਪਣੇ ਬਾਅਦ ਦਾ ਫ਼ਿਕਰ ਕਿਉਂ ਲਾਵਾਂ।

? ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਨੇ 2005 ਵਿਚ ਕਿਹਾ ਸੀ ਕਿ ਕਾਸਤਰੋ ਨੂੰ

ਦਿਮਾਗ਼ ਦੀ ਬਿਮਾਰੀ (ਪਾਰਕਿੰਸਨਜ਼) ਹੋ ਗਈ ਹੈ। ਤੁਸੀਂ ਇਹਦੇ ਬਾਰੇ ਕੀ ਕਹਿਣਾ ਹੈ ?

ਕਾਸਤਰੋ- ਇਸ ਤੋਂ ਲੱਗਦਾ ਹੈ ਕਿ ਹੁਣ ਉਹ ਆਪ ਹੀ ਮੰਨ ਰਹੇ ਹਨ ਕਿ ਮੇਰੀ ਸਾਰੀ ਉਮਰ ਦੌਰਾਨ ਉਹ ਇੱਕੋ ਕੰਮ ਨਾ ਕਰ ਸਕੇ। ਇਹ ਕੰਮ ਸੀ ਮੈਨੂੰ ਕਤਲ ਕਰਨ ਦਾ। ਜੇ ਮੈਂ ਫਜ਼ੂਲ ਜਿਹਾ ਮਨੁੱਖ ਹੁੰਦਾ ਤਾਂ ਇਹ ਸੋਚਕੇ ਵੀ ਘੁਮੰਡ ਨਾਲ ਭਰ ਜਾਂਦਾ ਕਿ ਇਹ ਮੂਰਖ਼ ਹੁਣ ਮੇਰੀ ਬਿਮਾਰੀ ਨਾਲ਼ ਮਰਨ ਦਾ ਇੰਤਜ਼ਾਰ ਕਰ ਰਹੇ ਹਨ। ਆਏ ਦਿਨ ਉਹ ਕੋਈ ਇਹੋ ਜਿਹਾ ਸ਼ੋਸ਼ਾ ਛੱਡਦੇ ਹੀ ਰਹਿੰਦੇ ਹਨ, ਕਾਸਤਰੋ ਨੂੰ ਆਹ ਹੋ ਗਿਆ, ਕਾਸਤਰੋ ਨੂੰ ਔਹ ਹੋ ਗਿਆ ਤੇ ਹੁਣ ਉਨ੍ਹਾਂ ਮੇਰੀ ਦਿਮਾਗ਼ੀ ਬਿਮਾਰੀ ਦੀ ਗੱਲ ਬਣਾਈ ਹੈ। ਜੇ ਮੈਨੂੰ ਇਹ ਹੋਵੇ ਵੀ ਤਾਂ ਫੇਰ ਕੀ ਲੋਹੜਾ ਆ ਗਿਆ। ਪੋਪ ਜੌਹਨ ਪਾਲ ਦੂਜੇ ਨੂੰ ਵੀ ਇਹੋ ਬਿਮਾਰੀ ਸੀ ਤੇ ਕਿੰਨੇ ਹੀ ਸਾਲ ਉਹ ਦੁਨੀਆ ਦੇ ਕਈਆਂ ਦੇਸ਼ਾਂ ਵਿਚ ਘੁੰਮਦਾ ਰਿਹਾ ਸੀ।

? ਤੁਸੀਂ ਸਿਫ਼ਤ ਕਰਨ ਵਾਲੇ ਮਨੁੱਖ ਹੋ ਪਰ ਕਈ ਤੁਹਾਡੇ 'ਤੇ ਇੱਕ ਜ਼ਾਲਮ ਤਾਨਾਸ਼ਾਹ ਹੋਣ ਦਾ ਦੋਸ਼ ਲਾਉਂਦੇ ਹਨ ?

ਕਾਸਤਰੋ- ਮੈਨੂੰ ਨਹੀਂ ਪਤਾ ਕਿ ਉਹ ਮੈਨੂੰ ਤਾਨਾਸ਼ਾਹ ਕਿਵੇਂ ਕਹਿੰਦੇ ਹਨ। ਤਾਨਾਸ਼ਾਹ ਉਹ ਹੁੰਦਾ ਹੈ ਜੋ ਆਪ ਹੁਦਰੇ, ਇੱਕ ਪਾਸੜ ਫੈਸਲੇ ਕਰੇ, ਜੋ ਅਪਣੇ ਆਪ ਨੂੰ ਸਭ ਸੰਸਥਾਵਾਂ ਤੋਂ ਉੱਚਾ ਸਮਝੇ, ਜੋ ਕਾਨੂੰਨ ਨੂੰ ਅਪਣੀ ਜੇਬ ਵਿਚ ਪਿਆ ਸਮਝੇ, ਜਿਸ ਨੂੰ ਅਪਣੀ ਹੀ ਇੱਛਾ ਤੇ ਮੌਜ ਦਾ ਖ਼ਿਆਲ ਹੋਵੇ। ਏਦਾਂ ਤਾਂ ਪੋਪ ਜੌਹਨ ਪਾਲ ਦੂਜੇ ਨੂੰ, ਜਿਸ ਨੇ ਸਦਾ ਹੀ ਲੜਾਈ ਦਾ ਵਿਰੋਧ ਕੀਤਾ, ਸਭ ਤੋਂ ਵੱਡਾ ਤਾਨਾਸ਼ਾਹ ਕਹਿ ਲਉ ਤੇ ਅਮਰੀਕਾ ਦੇ ਪ੍ਰਧਾਨ ਬੁਸ਼ ਨੂੰ ਸਭ ਤੋਂ ਵੱਡਾ ਅਵਾਮੀ ਲੀਡਰ। ਯੂਰਪ ਦੇ ਬਹੁਤ ਸਾਰੇ ਸਨਅਤੀ ਦੇਸ਼ ਉਹਨੂੰ ਏਦਾਂ ਹੀ ਸਮਝਦੇ ਹਨ ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਬੁਸ਼ ਬਿਨਾਂ ਅਪਣੀ ਸੈਨੇਟ ਜਾਂ ਮੰਤਰੀ ਮੰਡਲ ਨੂੰ ਪੁੱਛਣ ਦੇ ਕਈ ਭਿਆਨਕ ਫੈਸਲੇ ਲੈ ਲੈਂਦਾ ਹੈ। ਪੁਰਾਣੇ ਵੇਲੇ ਰੋਮ ਦੇ ਸ਼ਹਿਨਸ਼ਾਹਾਂ ਨੂੰ ਵੀ ਏਨੇ ਅਧਿਕਾਰ ਨਹੀਂ ਸਨ ਜਿੰਨੇ ਅੱਜ ਅਮਰੀਕਾ ਦੇ ਪ੍ਰਧਾਨ ਕੋਲ ਹਨ।

ਮੈਂ ਆਪ ਹੁਦਰੇ ਫੈਸਲੇ ਨਹੀਂ ਲੈਂਦਾ। ਕਿਊਬਾ ਦੀ ਸਰਕਾਰ ਵੀ ਪ੍ਰਧਾਨਗੀ ਵਾਲੀ ਸਰਕਾਰ ਨਹੀਂ। ਸਾਡੇ ਕੋਲ ਸਟੇਟ ਕੌਂਸਲ ਹੈ ਤੇ ਮੇਰੀ ਲੀਡਰੀ ਉਨ੍ਹਾਂ ਦੇ ਵਿਚਕਾਰ ਹੀ ਹੈ। ਹਾਂ ਇਤਿਹਾਸਕ ਕਾਰਨਾਂ ਕਰਕੇ ਮੇਰਾ ਬਹੁਤ ਅਸਰ ਰਸੂਖ ਹੈ ਪਰ ਮੈਂ ਹੁਕਮਨਾਮੇ ਜਾਰੀ ਕਰਕੇ ਸਰਕਾਰ ਨਹੀਂ ਚਲਾਉਂਦਾ।

? ਤੇ ਫੇਰ ਜ਼ਾਲਮ ਹੋਣ ਦੇ ਦੋਸ਼ ਬਾਰੇ--?

ਕਾਸਤਰੋ-ਮੇਰਾ ਖ਼ਿਆਲ ਹੈ ਕਿ ਜਿਸ ਆਦਮੀ ਨੇ ਅਪਣੀ ਸਾਰੀ ਉਮਰ ਬੇਇਨਸਾਫ਼ੀ ਨਾਲ ਲੜਦਿਆਂ ਗੁਜ਼ਾਰ ਦਿੱਤੀ ਹੋਵੇ, ਦੂਜਿਆਂ ਦੀ ਸੇਵਾ ਕਰਨ ਲਈ ਹਰ ਕਿਸਮ ਦੀ ਧੱਕੇਸ਼ਾਹੀ ਦੇ ਖ਼ਿਲਾਫ਼ ਖਲੋਤਾ ਹੋਵੇ, ਹੋਰਨਾਂ ਲਈ ਹੀ ਸਭ ਕੁਝ ਕੀਤਾ ਹੋਵੇ, ਹਰ ਵੇਲੇ ਏਕਤਾ ਦਾ ਪ੍ਰਚਾਰ ਵੀ ਕੀਤਾ ਹੋਵੇ ਤੇ ਏਕਤਾ ਲਈ ਅਮਲ ਵੀ, ਉਹਨੂੰ ਕੋਈ ਕਿਵੇਂ ਜ਼ੁਲਮ ਨਾਲ ਬੰਨ੍ਹ ਸਕਦਾ ਹੈ। ਇਸ ਸਾਰੀ ਭੰਡੀ ਦਾ ਆਧਾਰ ਜਾਂ ਝੂਠ ਹੈ ਜਾਂ ਝੂਠਾ ਪ੍ਰਚਾਰ। ਕੋਈ ਦੱਸ ਸਕਦਾ ਹੈ ਕਿ ਕਿਊਬਾ ਵਿਚ ਕਦੇ ਕਿਸੇ ਇੱਕ ਆਦਮੀ 'ਤੇ ਵੀ ਜ਼ੁਲਮ ਹੋਇਆ ਹੋਵੇ ਜਾਂ ਮੈਂ ਕਿਸੇ ਉਤੇ ਅਤਿਆਚਾਰ ਦੇ ਹੁਕਮ ਦਿੱਤੇ ਹੋਣ। ਏਥੇ ਤਾਂ ਕਿਸੇ ਨੂੰ ਸਾਡੇ ਨਾਲ ਅਸਹਿਮਤ ਹੋਣ 'ਤੇ ਵੀ ਕੁਝ ਨਹੀਂ ਕਿਹਾ ਗਿਆ ਜਾਂ



ਕਿਸੇ ਐਸੇ ਨੂੰ ਵੀ ਜੋ ਸਾਡੇ ਇਨਕਲਾਬ ਬਾਰੇ ਵੀ ਵੱਖਰੀ ਤਰ੍ਹਾਂ ਸੋਚਦਾ ਹੈ। ਸਾਡੀਆਂ ਅਦਾਲਤਾਂ, ਸਾਡੇ ਕਾਨੂੰਨਾਂ ਅਧੀਨ ਹੀ ਸਜ਼ਾਵਾਂ ਦਿੰਦੀਆਂ ਹਨ ਜਿਨ੍ਹਾਂ ਵਿਚ ਇਨਕਲਾਬ ਵਿਰੋਧੀ ਐਕਟ ਵੀ ਸ਼ਾਮਲ ਹਨ। ਇਹ ਤਾਂ ਸਾਰੀ ਦੁਨੀਆਂ ਦੇ ਇਤਿਹਾਸ ਵਿਚ ਹੀ ਵਾਪਰਿਆ ਹੈ ਕਿ ਜਿਹੜੇ ਵਿਅਕਤੀ ਆਪਣੇ ਦੇਸ਼ ਨੂੰ ਛੱਡਕੇ ਕਿਸੇ ਹੋਰ ਦੇਸ਼ ਦੀ ਕਠਪੁਤਲੀ ਬਣਦੇ ਹਨ, ਉਨ੍ਹਾਂ ਬਾਰੇ ਗੰਭੀਰਤਾ ਨਾਲ ਸੋਚਿਆ ਗਿਆ ਹੈ। ਇਹ ਵਿਚਾਰ ਕਿ ਅਸੀਂ ਏਥੇ ਕਿਊਬਾ ਵਿਚ ਕਿਸੇ ਨੂੰ ਇਨਕਲਾਬੀਆਂ ਤੋਂ ਵੱਖਰੀ ਤਰ੍ਹਾਂ ਸੋਚਣ ਵਾਲ਼ੇ ਨੂੰ ਸਜ਼ਾ ਦਿੰਦੇ ਹਾਂ ਸਰਾਸਰ ਝੂਠਾ ਪ੍ਰਾਪੇਗੰਡਾ ਹੈ। ਅਸੀਂ ਕਿਸੇ ਦੇ ਕੀਤੇ ਗ਼ਲਤ ਕੰਮ ਕਰਕੇ ਸਜ਼ਾ ਦਿੰਦੇ ਹਾਂ ਪਰ ਕਿਸੇ ਦੇ ਵੱਖਰੇ ਵਿਚਾਰਾਂ ਕਰਕੇ ਨਹੀਂ।

? ਕੀ ਤੁਹਾਡੀ ਇਸ ਗੱਲ ਨਾਲ ਸਹਿਮਤੀ ਹੈ ਕਿ ਅੱਜ ਦੀ ਦੁਨੀਆ ਨੂੰ ਜੇ ਸਭ ਤੋਂ ਵੱਧ ਖ਼ਤਰਾ ਹੈ ਤਾਂ ਉਹ ਹੈ ਅੱਤਵਾਦ ਤੋਂ ?

ਕਾਸਤਰੋ-ਕਿਊਬਾ ਗਿਆਰਾਂ ਸਤੰਬਰ ਨੂੰ ਅਮਰੀਕਾ 'ਤੇ ਹੋਏ ਅੱਤਵਾਦੀ ਹਮਲੇ ਦੀ ਡਟ ਕੇ ਵਿਰੋਧਤਾ ਕਰਦਾ ਹੈ। ਤੇ ਅਸੀਂ ਇਹ ਗੱਲ ਕਈ ਵਾਰੀ ਦੁਹਰਾਈ ਵੀ ਹੈ ਕਿ ਅਸੀਂ ਹਰ ਕਿਸਮ ਦੇ ਅੱਤਵਾਦ ਦੇ ਖ਼ਿਲਾਫ਼ ਹਾਂ। ਅਮਰੀਕਾ ਨੇ ਸਾਡੇ ਨਾਲ ਸਾਡੇ ਦੇਸ਼ ਨੂੰ ਅੱਤਵਾਦ ਫੈਲਾਉਣ ਵਾਲੇ ਦੇਸ਼ਾਂ ਦੀ ਲਿਸਟ ਵਿਚ ਸ਼ਾਮਲ ਕੀਤਾ ਹੋਇਆ ਹੈ ਪਰ ਅਸੀਂ ਆਪਣੀ ਧਰਤੀ ਕਿਸੇ ਵੀ ਅੱਤਵਾਦੀ ਨੂੰ ਅਮਰੀਕਾ ਜਾਂ ਹੋਰ ਕਿਸੇ ਦੇਸ਼ ਦੇ ਖ਼ਿਲਾਫ਼ ਅੱਤਵਾਦੀ ਕਾਰਵਾਈ ਕਰਨ ਲਈ ਨਹੀਂ ਵਰਤਣ ਦੇਵਾਂਗੇ। ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਅੱਤਵਾਦ ਵੱਡਾ ਖ਼ਤਰਾ ਹੈ ਪਰ ਮਨੁੱਖਤਾ ਲਈ ਅੱਜ ਹੋਰ ਵੀ ਏਨੇ ਹੀ ਗੰਭੀਰ ਖ਼ਤਰੇ ਮੌਜੂਦ ਹਨ ਜਿਵੇਂ ਬੜੀ ਤੇਜ਼ੀ ਨਾਲ ਤਬਾਹ ਹੋ ਰਿਹਾ ਸਾਡਾ ਆਲ਼ਾ ਦੁਆਲ਼ਾ, ਛਾਲ਼ਾਂ ਮਾਰ ਕੇ ਵਧ ਰਹੀ ਗਰੀਬੀ, ਸਿਹਤ ਸੇਵਾਵਾਂ ਦੀ ਘਾਟ। ਇਹਦੇ ਨਾਲ ਹੀ ਤੁਸੀਂ ਅੱਜ ਦੁਨੀਆ ਦੀ ਇਕੋ ਰਹਿ ਗਈ ਸੁਪਰ ਪਾਵਰ ਦੀਆਂ ਹੈਂਕੜ ਵਾਲ਼ੀਆਂ ਨੀਤੀਆਂ ਨੂੰ ਵੀ ਸ਼ਾਮਲ ਕਰ ਲਵੋ।

? ਤੁਸੀਂ ਵਾਤਾਵਰਣ ਨੂੰ ਬਚਾਉਣ ਦੀ ਗੱਲ ਕਰ ਰਹੇ ਹੋ ਪਰ ਕਿਊਬਾ ਖ਼ੁਦ ਤੰਬਾਕੂ ਦਾ ਉਤਪਾਦਨ ਕਰਦਾ ਹੈ ਜਿਸ ਨਾਲ ਕੈਂਸਰ ਹੁੰਦਾ ਹੈ। ਤੁਸੀਂ ਖ਼ੁਦ ਸਿਗਾਰ ਦੇ ਸ਼ੌਕੀਨ ਰਹੇ ਹੋ ਹਾਲਾਂਕਿ ਤੁਸੀਂ ਹੁਣ ਇਸ ਦਾ ਪ੍ਰਯੋਗ ਬੰਦ ਕਰ ਦਿੱਤਾ ਹੈ। ਤੁਸੀਂ ਇਸ ਸਮੱਸਿਆ ਨੂੰ ਕਿਵੇਂ ਵੇਖਦੇ ਹੋ?

ਕਾਸਤਰੋ - ਇਹ ਆਦਤ ਮੈਨੂੰ ਮੇਰੇ ਪਿਓ ਨੇ ਪਾਈ ਸੀ, ਉਦੋਂ ਜਦੋਂ ਮੈਂ ਹਾਲੇ ਚੌਦਾਂ-ਪੰਦਰਾਂ ਸਾਲਾਂ ਦਾ ਸੀ। ਮੈਂ ਅਪਣੀ ਜਿੰਦਗੀ ਵਿਚ ਬਹੁਤ ਤੰਬਾਕੂ ਪੀਤਾ ਹੈ। ਫੇਰ ਵੀਹ ਕੁ ਸਾਲ ਪਹਿਲਾਂ ਮੈਂ ਸੋਚਿਆ ਕਿ ਸਿਹਤ ਦੀ ਖ਼ਾਤਰ ਮੈਨੂੰ ਇਹ ਬੰਦ ਕਰਨਾ ਚਾਹੀਦਾ ਹੈ। ਮੈਨੂੰ ਲੱਗਾ ਕਿ ਇਸ ਆਦਤ ਨੂੰ ਛੱਡਣ ਨਾਲ ਮੇਰੇ ਦੇਸ਼ ਦੇ ਲੋਕਾਂ ਦਾ ਵੀ ਭਲਾ ਹੋਵੇਗਾ ਤੇ ਇਹ ਜ਼ਰੂਰੀ ਕੁਰਬਾਨੀ ਹੈ। ਬੱਸ ਉਸੇ ਦਿਨ ਤੋਂ ਮੈਂ ਇਹਨੂੰ ਹੱਥ ਨਹੀਂ ਲਾਇਆ। ਸਾਰੇ ਜਾਣਦੇ ਹਨ ਕਿ ਇਤਿਹਸਕ ਤੌਰ 'ਤੇ ਅਸੀਂ ਪਿਛਲੇ 500 ਸਾਲ ਤੋਂ ਤੰਬਾਕੂ ਦਾ ਉਤਪਾਦਨ ਕਰਦੇ ਆ ਰਹੇ ਹਾਂ। ਇਸ ਟਾਪੂ ਦੇ ਮੂਲ ਨਿਵਾਸੀ ਇਸ ਦਾ ਉਤਪਾਦਨ ਤੇ ਪ੍ਰਯੋਗ ਕਰਦੇ ਸਨ। ਜਦੋਂ ਕੋਲੰਬਸ ਇਥੇ ਆਇਆ, ਉਸ ਨੇ ਸਾਡੀ ਤੇ ਸਾਡੇ ਤੰਬਾਕੂ ਦੀ ਖੋਜ ਕੀਤੀ। ਪਰ ਅੱਜ ਵੀ ਅਸੀਂ ਇਸ ਦਾ ਉਤਪਾਦਨ ਨਹੀਂ ਵਧਾਇਆ। ਨਾਕੇਬੰਦੀ ਦਾ ਸ਼ਿਕਾਰ ਹੋਣ ਦੇ ਬਾਵਜੂਦ ਅਸੀਂ ਇਸ ਦਾ ਉਤਪਾਦਨ ਲਗਾਤਾਰ ਘੱਟ ਕਰ ਰਹੇ

ਹਾਂ¢ ਹੌਲੀ-ਹੌਲੀ ਅਸੀਂ ਇਸ ਨੂੰ ਖ਼ਤਮ ਕਰ ਦੇਵਾਂਗੇ।... ਕਿਊਬਾ ਭਾਵੇਂ ਤੰਬਾਕੂ ਦਾ ਉਤਪਾਦਕ ਤੇ ਨਿਰਯਾਤ ਕਰਨ ਵਾਲ਼ਾ ਮੁਲਕ ਹੈ ਪਰ ਹੁਣ ਇਹ ਤੰਬਾਕੂ ਵਿਰੋਧੀ ਪ੍ਰੋਗਰਾਮ ਚਲਾ ਰਿਹਾ ਹੈ। ਇਸ ਤੋਂ ਇਲਾਵਾ ਕਿਊਬਾ ਵਧੀਆ ਰੱਮ ਵੀ ਤਿਆਰ ਕਰਦਾ ਹੈ। ਪਰ ਅਸੀਂ ਇਸ ਦੇ ਪ੍ਰਯੋਗ ਦੀ ਕਦੇ ਵੀ ਸਲਾਹ ਨਹੀਂ ਦੇ ਸਕਦੇ। ਪਰ ਜੇਕਰ ਕੋਈ ਇਸ ਦਾ ਪ੍ਰਯੋਗ ਕਰਦਾ ਹੈ ਤਾਂ ਉਸਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਗਰਭਵਤੀ ਔਰਤਾਂ ਵਿਚ ਇਸ ਦੀ ਬੇਹੱਦ ਮੰਗ ਹੈ ਪਰ ਉਨ੍ਹਾਂ ਨੂੰ ਮੇਰੀ ਸਲਾਹ ਹੈ ਕਿ ਉਹ ਇਸਦਾ ਪ੍ਰਯੋਗ ਨਾ ਕਰਨ। ਅਸੀਂ ਇਹ ਇਸ ਲਈ ਕਹਿ ਰਹੇ ਤਾਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਗਰਭਵਤੀ ਔਰਤਾਂ ਨੂੰ ਸ਼ਰਾਬ ਤੇ ਤੰਬਾਕੂ ਨਾਲ ਬਹੁਤ ਨੁਕਸਾਨ ਉਠਾਉਣਾ ਪੈ ਸਕਦਾ ਹੈ।

? ਕੀ ਕਿਊਬਾ ਦੇ ਲੀਡਰਾਂ ਵਿਚ ਭ੍ਰਿਸ਼ਟਾਚਾਰ ਦੀ ਲਾਹਨਤ ਵੀ ਹੈ ?

ਕਾਸਤਰੋ-ਇਹ ਬਿਮਾਰੀ ਥੋੜ੍ਹੇ ਜਹੇ ਅਫਸਰਾਂ ਅੰਦਰ ਫੈਲੀ ਸੀ ਜੋ ਬਾਹਰ ਦੇ ਵੱਡੇ ਵਪਾਰੀਆਂ ਨਾਲ਼ ਦਲਾਲੀ ਕਰਦੇ ਸਨ ਤੇ ਸਾਨੂੰ ਉਨ੍ਹਾਂ ਵਿਰੁੱਧ ਕਦਮ ਚੁੱਕਣੇ ਪਏ। ਪਰ ਇਹਦਾ ਇਲਾਜ ਸੌਖਾ ਨਹੀਂ। ਜਿਥੋਂ ਤੱਕ ਮੇਰਾ ਅਪਣਾ ਸੰਬੰਧ ਹੈ ਮੈਂ ਇਮਾਨਦਾਰੀ ਨਾਲ ਦੱਸਦਾ ਹਾਂ ਕਿ ਮੇਰੇ ਕੋਲ਼ ਕੋਈ ਜਾਇਦਾਦ ਨਹੀਂ। ਮੇਰੀ ਜੇਬ ਵਿਚ ਕੁਝ ਪੈਸੇ ਹੀ ਹਨ ਜੋ ਉਹ ਸਾਰੇ ਖਰਚ ਦੇ ਕੇ, ਜਿਹੜੇ ਸਾਡੀ ਹਕੂਮਤ ਆਉਣ ਦੇ ਪਹਿਲੇ ਦਿਨੋਂ ਹੀ ਲਾਗੂ ਕੀਤੇ ਗਏ ਸਨ, ਬਚੇ ਰਹਿੰਦੇ ਹਨ। ਮੈਨੂੰ ਸਾਰੀ ਉਮਰ ਏਨੀ ਹੀ ਤਨਖਾਹ ਮਿਲ਼ਦੀ ਰਹੀ ਹੈ ਜਿੰਨੀ ਹੁਣ, ਜਿਸ ਵਿਚੋਂ ਮੈਂ ਪਾਰਟੀ ਦਾ ਫੰਡ ਦੇਣਾ ਹੁੰਦਾ ਹੈ, ਹਰ ਮਹੀਨੇ ਘਰ ਦਾ ਖਰਚ ਚੁਕਣਾ ਹੁੰਦਾ ਹੈ। ਪਰ ਮੈਂ ਅਪਣੇ ਕੋਲ ਕੁਝ ਨਾ ਹੋਣ ਦਾ ਰੋਣਾ ਨਹੀਂ ਰੋਂਦਾ। ਮੇਰੇ ਕੋਲ਼ ਸਭ ਕੁਝ ਹੈ ਜੋ ਮੈਨੂੰ ਚਾਹੀਦਾ ਹੈ। ਮੈਨੂੰ ਬਾਹਲ਼ਾ ਕੁਝ ਚਾਹੀਦਾ ਵੀ ਨਹੀਂ।

ਮੇਰੀ ਮਹੀਨੇ ਦੀ ਤਨਖਾਹ ਤੀਹ ਕੁ ਡਾਲਰ ਹੈ। ਪਰ ਹੈਰਾਨੀ ਹੁੰਦੀ ਹੈ ਕਿ ਮੈਨੂੰ ਹੁਣ ਤਾਈਂ ਦੋ ਵਾਰੀ ਅਮੀਰ ਲੋਕਾਂ ਦੀ ਬਣਦੀ ਸੂਚੀ ਵਿਚ ਸ਼ਾਮਲ ਕੀਤਾ ਜਾ ਚੁੱਕਾ ਹੈ। ਉਹ ਅਜਿਹਾ ਕਿਉਂ ਕਰਦੇ ਹਨ ਮੈਨੂੰ ਪਤਾ ਨਹੀਂ। ਉਨ੍ਹਾਂ ਨੂੰ ਅਜਿਹਾ ਕਰਕੇ ਕੀ ਮਿਲ਼ਦਾ ਹੈ, ਮੈਂ ਕੀ ਜਾਣਾ। ਮੇਰੇ ਕੋਲ਼ ਤਾਂ ਇੱਕ ਪੈਸਾ ਵੀ ਨਹੀਂ।

ਸੋਚਦਾ ਹਾਂ ਕਿ ਮੈਂ ਬਿਨਾਂ ਕੋਈ ਪੈਸਾ ਛੱਡ ਕੇ ਮਰਾਂਗਾ। ਮੈਨੂੰ ਅਪਣੀਆਂ ਯਾਦਾਂ ਤੇ ਹੋਰ ਕਿਤਾਬਾਂ ਲਿਖਣ ਲਈ ਕਰੋੜਾਂ ਦੀਆਂ ਪੇਸ਼ਕਸ਼ਾਂ ਹੋ ਚੁੱਕੀਆਂ ਹਨ ਪਰ ਮੈਂ ਇਹ ਵੀ ਕਦੇ ਨਹੀਂ ਕੀਤਾ।

(ਹੁਣ) ਤੋਂ ਧੰਨਵਾਦ ਸਹਿਤ

(ਅੰਗਰੇਜ਼ੀ ਤੋਂ ਉਲੱਥਾ ਅਵਤਾਰ ਜੰਡਿਆਲਵੀ)

ਮਾਓ ਨੂੰ ਮਿਲਣ ਦੀ ਰੀਝ

ਮਾਓ ਨੂੰ ਮਿਲਣ ਨੂੰ ਮੇਰਾ ਦਿਲ ਕਰਦਾ ਸੀ ਪਰ ਇਹ ਹੋ ਨਾ ਸਕਿਆ ਕਿਉਂਕਿ ਚੀਨ ਤੇ ਰੂਸ ਦੇ ਝਗੜੇ ਸ਼ੁਰੂ ਹੋ ਗਏ ਸਨ। ਮਾਓ ਦੁਨੀਆ ਦੇ ਵੱਡੇ ਨੀਤੀਵਾਨਾਂ ਤੇ ਅਪਣੇ ਸਮੇਂ ਦੇ ਵੱਡੇ ਜਰਨੈਲਾਂ ਵਿਚੋਂ ਸੀ। ਮੈਨੂੰ ਉਹਦੇ ਲਿਖੇ ਹੋਏ ਉਹ ਖ਼ਤ ਨਹੀਂ ਭੁਲਦੇ ਜੋ ਉਸ ਨੇ ਅਪਣੇ ਆਖ਼ਰੀ ਦਿਨਾਂ ਵਿਚ ਰੂਸ ਅਤੇ ਚੀਨ ਦਾ ਪਾੜਾ ਘਟਾਉਣ ਬਾਰੇ ਲਿਖੇ ਸਨ।



# ਖਿਆਲ ਕਦੇ ਮਰਦੇ ਨਹੀਂ

*ਮੁਲਾਕਾਤੀ : ਹਰਬ੍ਰਟ ਮੈਥੀਊ*

16-17 ਫਰਵਰੀ 1957 ਦੀ ਰਾਤ ਸੀ ਇਹ। ਪੂਰੇ ਤੀਹ ਸਾਲ ਤੇ ਕੁਝ ਮਹੀਨੇ ਦਾ ਸੀ ਫੀਦਲ ਕਾਸਤਰੋ। ਕਿਊਬਾ ਦੇ ਇਕ ਸੰਘਣੇ ਜੰਗਲ ਅਤੇ ਪਹਾੜੀ ਇਲਾਕੇ ਸਈਰਾ ਮਾਇਸਤ੍ਰਾ ਵਿਚ ਤੀਹ ਚਾਲ਼ੀ ਗੁਰੀਲਿਆਂ ਦੀ ਅਗਵਾਈ ਵਿਚ ਜੁੱਟਿਆ ਹੋਇਆ। ਉਹਦੇ ਨਾਲ ਗੱਲਾਂ ਕਰਨੀਆਂ ਤਾਂ ਕੀ, ਉਹਨੂੰ ਲੱਭਣਾ ਵੀ ਮੁਸ਼ਕਲ ਸੀ। ਕਿਊਬਾ ਦੇ ਉਸ ਵੇਲੇ ਦੇ ਪ੍ਰਧਾਨ ਫੁਲਜੈਨਸ਼ਿਓ ਬਾਤਿਸਤਾ ਨੇ ਅਫਵਾਹ ਫੈਲਾ ਰੱਖੀ ਸੀ ਕਿ ਫੀਦਲ ਮਰ ਮੁੱਕ ਗਿਆ ਹੈ।

ਫੀਦਲ ਕਾਸਤਰੋ ਦੇ ਮਨ ਵਿਚ ਬਗਾਵਤ ਦੀ ਪਹਿਲੀ ਚਿੰਗਾਰੀ ਉਦੋਂ ਭੜਕੀ ਸੀ ਜਦੋਂ ਉਹ ਛੱਬੀ ਸਾਲ ਦਾ ਭਰ ਜਵਾਨ ਜੋਸ਼ੀਲਾ ਵਕੀਲ ਸੀ। ਉਸਨੇ ਅਪਣੇ ਕੁਝ ਹਮਖ਼ਿਆਲ ਇਨਕਲਾਬੀ ਨੌਜਵਾਨ ਇਕੱਠੇ ਕਰਕੇ ਸਾਨਟਿਆਗੋ ਦੇ ਨੇੜੇ ਮੋਨਕਾਡੋ ਬੈਰਕਸ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਾ ਹੋਇਆ ਤੇ ਫੜਿਆ ਗਿਆ। ਉਹਦੇ ਨਾਲ ਦੇ ਸਾਥੀ ਮਾਰੇ ਗਏ। ਉਸ ਉਪਰ ਮੁਕੱਦਮਾ ਚੱਲਿਆ ਤਾਂ ਇਸ ਮੁਕੱਦਮੇ ਦੌਰਾਨ ਉਸ ਨੇ ਐਸੀ ਜਜ਼ਬਾਤੀ ਤਕਰੀਰ ਕੀਤੀ ਸੀ ਜੋ ਰੂਸੋ ਤੇ ਬਾਲਜ਼ਾਕ ਵਰਗੇ ਸੁਤੰਤਰ ਖਿਆਲੀ ਬੁੱਧੀਜੀਵੀਆਂ ਦੇ ਹਵਾਲਿਆਂ ਨਾਲ ਭਰੀ ਹੋਈ ਸੀ। ਇਸ ਤਕਰੀਰ ਨੇ ਦੇਸ਼ ਦੇ ਸਗਵੇਂ ਨੌਜਵਾਨਾਂ ਦੇ ਦਿਲਾਂ ਨੂੰ ਬਗ਼ਾਵਤ ਦੀ ਚੁਆਤੀ ਲਾ ਦਿੱਤੀ ਸੀ।

ਦੋ ਸਾਲ ਬਾਅਦ ਉਹ ਜੇਲ੍ਹ ਤੋਂ ਰਿਹਾਅ ਹੋਇਆ ਤਾਂ ਮੈਕਸੀਕੋ ਵੱਲ ਤਿਲਕ ਗਿਆ। 1956 ਨੂੰ ਉਹ ਅਪਣਾ ਫੈਸਲੇ ਦਾ ਸਾਲ ਕਹਿੰਦਾ ਸੀ। 'ਮੈਂ ਜਾਂ ਸੂਰਬੀਰ ਬਣਾਂਗਾ ਜਾਂ ਸ਼ਹੀਦ' ਉਹ ਕਹਿੰਦਾ ਹੁੰਦਾ ਸੀ। ਇਸੇ ਸਾਲ ਦੌਰਾਨ ਉਸਨੇ ਫੇਰ ਕੁਝ ਨੌਜਵਾਨਾਂ ਦੀ ਲਾਮਬੰਦੀ ਕੀਤੀ ਤੇ ਉਨ੍ਹਾਂ ਨੂੰ ਗੁਰੀਲਾ ਯੁੱਧ ਦੀ ਸਿਖਲਾਈ ਦਿੱਤੀ। ਇਸੇ ਸਾਲ ਦਸੰਬਰ ਦੇ ਪਹਿਲੇ ਹਫ਼ਤੇ ਉਸਨੇ ਗਰੈਨਮਾ ਨਾਮ ਦੇ ਛੋਟੇ ਸਮੁੰਦਰੀ ਜਹਾਜ਼ ਵਿਚ ਅਪਣੇ 82 ਲੜਾਕਿਆਂ ਨਾਲ ਮੈਕਸੀਕੋ ਤੋਂ ਕਿਊਬਾ ਵੱਲ ਚਾਲੇ ਪਾਏ। ਇਨ੍ਹਾਂ ਵਿਚ ਹੀ ਉਸਦਾ ਸਭ ਤੋਂ ਪਿਆਰਾ ਮਿੱਤਰ ਚੀ ਗਵੇਰਾ ਵੀ ਸੀ।

ਮਾੜੀ ਕਿਸਮਤ ਨਾਲ ਗਰੈਨਮਾ ਨੂੰ ਕਿਸੇ ਕਿਊਬਨ ਨੇਵੀ ਦੀ ਕਿਸ਼ਤੀ ਨੇ ਦੇਖ ਲਿਆ ਸੀ ਅਤੇ ਯਕਦਮ ਉਨ੍ਹਾਂ 'ਤੇ ਹਵਾਈ ਹਮਲੇ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਨੂੰ ਅਪਣੀ ਮੰਜ਼ਿਲ ਤੋਂ ਪਰ੍ਹਾਂ ਹੀ ਦੱਖਣੀ ਤੱਟ 'ਤੇ ਉਤਰਨਾ ਪਿਆ। ਉਨ੍ਹਾਂ 'ਤੇ ਹੁਣ ਮਿਲਟਰੀ ਦੀ ਗੋਲਾਬਾਰੀ ਵੀ ਹੋ ਰਹੀ ਸੀ, ਹਥਿਆਰ ਤੇ ਰਾਸ਼ਨ ਵੀ ਖੁੱਸ ਗਿਆ ਸੀ ਤੇ ਉਹ ਇੱਕ-ਇੱਕ, ਦੋ-ਦੋ ਕਰਕੇ ਨੇੜਲੀਆਂ ਪਹਾੜੀਆਂ ਵਿਚ ਲੁਕ ਗਏ ਸਨ। ਖਬਰੇ ਇਹੋ ਸਮਾਂ ਸੀ ਜਿਸ ਬਾਰੇ ਚੀ ਗਵੇਰਾ ਨੇ ਅਪਣੀ ਪ੍ਰਸਿੱਧ ਡਾਇਰੀ ਵਿਚ ਲਿਖਿਆ ਹੈ ਕਿ ਉਸਨੂੰ ਦਵਾਈਆਂ ਦੇ ਥੈਲੇ ਅਤੇ ਬੰਦੂਕ ਦੇ ਕਾਰਤੂਸਾਂ ਵਿਚੋਂ ਇੱਕ ਨੂੰ ਛੱਡਣ ਦਾ ਫੈਸਲਾ ਕਰਨਾ ਪੈਣਾ ਸੀ।

ਕੁਝ ਹਫ਼ਤੇ ਟਿਕ ਟਿਕਾ ਰਿਹਾ ਤਾਂ ਲੋਕ ਹੈਰਾਨ ਹੋ ਰਹੇ ਸਨ ਕਿ ਫੀਦਲ ਨੂੰ ਕੀ ਹੋ ਗਿਆ ਹੈ। ਬਾਤਿਸਤਾ ਖੁਸ਼ ਸੀ ਕਿ ਬਗ਼ਾਵਤ ਸਦਾ ਲਈ ਕੁਚਲੀ ਗਈ ਹੈ। ਪਰ ਫੀਦਲ ਨੇ ਪਹਾੜੀਆਂ ਵਿਚ ਹੀ ਨੌਜਵਾਨ ਫੇਰ ਲਾਮਬੰਦ ਕਰ ਲਏ ਸਨ। ਅਪਣੇ ਪੈਰਾਂ 'ਤੇ ਖੜੋਂਦਿਆਂ ਹੀ ਉਸਨੂੰ ਖਿਆਲ

ਆਇਆ ਸੀ ਹੁਣ ਕਿਊਬਾ ਦੇ ਅਵਾਮ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਬਗ਼ਾਵਤ ਸੁਲਗ ਹੀ ਨਹੀਂ ਰਹੀ ਦਿਨੋ ਦਿਨ ਤਗੜੀ ਵੀ ਹੋ ਰਹੀ ਹੈ। ਅਮਰੀਕਨ ਰਿਪੋਰਟਰ ਹਰਬ੍ਰਟ ਮੈਥੀਊ ਨਾਲ ਫੀਦਲ ਕਾਸਤਰੋ ਦੀਆਂ ਕੀਤੀਆਂ ਇਹ ਇਤਿਹਾਸਕ ਗੱਲਾਂ ਇਸੇ ਕਰਕੇ ਹੀ ਹੋਈਆਂ ਸਨ।

ਕਾਸਤਰੋ ਦੇ ਤਿੰਨ ਭਰੋਸੇਯੋਗ ਗੁਰੀਲਿਆਂ ਨੇ ਕਿਊਬਾ ਦੀ ਰਾਜਧਾਨੀ ਵਿਚ ਆਏ ਹੋਏ ਹਰਬ੍ਰਟ ਮੈਥੀਊ ਨੂੰ ਲੱਭਿਆ। ਰਿਪੋਰਟਰ ਨੂੰ ਹੋਰ ਕੀ ਚਾਹੀਦਾ ਸੀ। ਉਹ ਕਾਸਤਰੋ ਨੂੰ ਮਿਲਣ ਲਈ ਤਿਆਰ ਹੋ ਗਿਆ। ਅਸਲ ਵਿਚ ਤਾਂ ਉਹ ਵੀ ਹਵਾਨਾ ਇਸੇ ਲਈ ਆਇਆ ਸੀ ਕਿ ਹਾਲਾਤ ਦਾ ਸੱਚ ਲੱਭਿਆ ਜਾਵੇ। ਸਰਕਾਰ ਵਲੋਂ ਸਾਰੇ ਪੱਤਰਕਾਰਾਂ 'ਤੇ ਪਾਬੰਦੀ ਲੱਗੀ ਹੋਈ ਸੀ ਪਰ ਮੈਥਿਊ ਕੁਝ ਹੋਰ ਬਣ ਕੇ ਕਿਊਬਾ ਪਹੁੰਚ ਗਿਆ ਸੀ।

ਮੁਲਾਕਾਤ ਕਰਨ ਦਾ ਅਗਲਾ ਖ਼ਤਰੇ ਵਾਲਾ ਕੰਮ ਫੀਦਲ ਤੱਕ ਪਹੁੰਚਣਾ ਸੀ। ਸਾਰੇ ਰਸਤੇ ਵਿਚ ਮਿਲਟਰੀ ਦੇ ਮਜ਼ਬੂਤ ਨਾਕੇ ਸਨ। ਮੈਥੀਊ ਨੂੰ ਕਿਹਾ ਗਿਆ ਕਿ ਉਹ ਸਪੇਨੀ ਬੋਲੀ ਨਾ ਜਾਨਣ ਦਾ ਬਹਾਨਾ ਕਰੇ ਤੇ ਚੁੱਪ ਗੜੁੱਪ ਰਹੇ। ਗੁਰੀਲੇ ਨਾਕੇ ਵਾਲ਼ਿਆਂ ਨੂੰ ਇਹੀ ਦੱਸਦੇ ਸਨ ਕਿ ਇਹ ਅਮਰੀਕਨ ਗੰਨੇ ਦੀਆਂ ਫਸਲਾਂ ਦਾ ਜਾਇਜ਼ਾ ਲੈਣ ਆਇਆ ਹੈ। ਕਿਸੇ ਨੂੰ ਉਸ 'ਤੇ ਸ਼ੱਕ ਨਾ ਹੋਇਆ ਤੇ ਜੀਪ ਵਿਚ ਇੱਕ ਪਹਾੜੀ ਦੇ ਨਾਲ਼ ਵਗਦੇ ਨਾਲ਼ੇ ਕੋਲ ਪਹੁੰਚ ਗਏ। ਨਾਲ ਹੀ ਵੱਡੇ ਵੱਡੇ ਸੰਘਣੇ ਦਰਖਤਾਂ ਦਾ ਝੁੰਡ ਸੀ। ਅੱਧੀ ਕੁ ਰਾਤ ਬੀਤ ਗਈ ਸੀ ਜਦੋਂ ਉਨ੍ਹਾਂ ਨੇ ਨਾਲ਼ੇ ਦੇ ਬਰਫ਼ ਵਰਗੇ ਪਾਣੀ ਨੂੰ ਪਾਰ ਕੀਤਾ। ਏਥੇ ਹੀ ਕਿਤੇ ਪਹਾੜ ਵਿਚ ਸੀ ਫੀਦਲ ਦਾ ਟਿਕਾਣਾ।

ਫੇਰ ਗੁਰੀਲਿਆਂ ਵਿਚਕਾਰ ਡਬਲ ਵਿਸਲਾਂ ਨਾਲ ਗੱਲ ਬਾਤ ਤੇ ਇਸ਼ਾਰੇ ਹੋਣ ਲੱਗੇ। ਫੀਦਲ ਦਾ ਹੁਕਮ ਸੀ ਕਿ ਉਹ ਉਥੇ ਹੀ ਠਹਿਰਨ ਤੇ ਦੋ ਕੁ ਘੰਟਿਆਂ ਵਿਚ ਉਹ ਖ਼ੁਦ ਉਥੇ ਆ ਜਾਵੇਗਾ। ਜ਼ਮੀਨ 'ਤੇ ਹੀ ਕੰਬਲ਼ ਵਿਛਾ ਦਿੱਤਾ ਗਿਆ ਤੇ ਉਡੀਕ ਹੋਣ ਲੱਗੀ। ਬਾਕੀ ਦੀ ਕਹਾਣੀ ਮੈਥੀਊ ਦੀ ਜ਼ੁਬਾਨੀ ਸੁਣੋ।

'ਫੀਦਲ ਕਾਸਤਰੋ ਦਾ ਛੋਟਾ ਭਰਾ ਰਾਉਲ ਕਾਸਤਰੋ ਕੁਝ ਜਣਿਆਂ ਨਾਲ ਪਹਿਲਾਂ ਪਹੁੰਚਿਆ ਤੇ ਫੇਰ ਆਪ ਫੀਦਲ। ਦਰਸ਼ਨੀ ਜਵਾਨ ਸੀ ਉਹ। ਛੇ ਫੁੱਟ ਕੱਦ, ਬਦਾਮੀ ਰੰਗ, ਭਰਿਆ ਹੋਇਆ ਚਿਹਰਾ ਤੇ ਖਿੱਲਰੀ ਹੋਈ ਦਾੜ੍ਹੀ। ਉਹਦੇ ਘਸਮੈਲੇ ਰੰਗ ਦੀ ਯੂਨੀਫਾਰਮ ਪਾਈ ਹੋਈ ਸੀ ਤੇ ਹੱਥ ਵਿਚ ਦੂਰਬੀਨ ਵਾਲੀ ਰਾਈਫਲ। ਲਗਦਾ ਸੀ ਉਹਦੇ ਨਾਲ ਦਿਆਂ ਕੋਲ ਇਹਦੇ ਨਾਲ਼ ਦੀਆਂ ਪੰਜਾਹ ਕੁ ਬੰਦੂਕਾਂ ਹੋਰ ਸਨ।

'ਅਸੀਂ ਇਨ੍ਹਾਂ ਬੰਦੂਕਾਂ ਨਾਲ ਹਜ਼ਾਰ ਗਜ਼ ਤੱਕ ਨਿਸ਼ਾਨਾ ਲਾ ਸਕਦੇ ਹਾਂ।' ਉਸਨੇ ਕਿਹਾ।

'ਕੁਝ ਏਧਰ ਓਧਰ ਦੀਆਂ ਗੱਲਾਂ ਕਰਕੇ ਅਸੀਂ ਵਿਛੇ ਹੋਏ ਕੰਬਲ 'ਤੇ ਬੈਠ ਗਏ। ਕਿਸੇ ਨੇ ਟਮਾਟੋ ਜੂਸ, ਸੈਂਡਵਿੱਚ ਅਤੇ ਕੌਫੀ ਲੈ ਆਂਦੀ ਤੇ ਫੀਦਲ ਨੇ ਹਵਾਨਾ ਸਿਗਾਰ ਦਾ ਅਪਣਾ ਮਨਪਸੰਦ ਡੱਬਾ ਖੋਲ੍ਹ ਲਿਆ। ਅਗਲੇ ਤਿੰਨ ਘੰਟੇ ਸਾਡੀਆਂ ਗੱਲਾਂ ਹੁੰਦੀਆਂ ਰਹੀਆਂ ਪਰ ਕਾਨਾਫੂਸੀ ਵਰਗੀਆਂ। ਕਾਸਤਰੋ ਨੇ ਦੱਸਿਆ ਕਿ ਚਾਰੇ ਪਾਸੇ ਫੌਜੀਆਂ ਦੀਆਂ ਧਾੜਾਂ ਹਨ ਤੇ ਉਨ੍ਹਾਂ ਨੂੰ ਉਮੀਦ ਹੈ ਕਿ ਉਹ ਮੈਨੂੰ ਫੜ ਲੈਣਗੇ।

'ਉਹਦੀ ਸ਼ਖ਼ਸੀਅਤ ਦਾ ਏਨਾ ਪ੍ਰਭਾਵ ਦੇਖਕੇ ਮੈਨੂੰ ਸਮਝ ਆ ਰਹੀ ਸੀ ਕਿ ਕਿਉਂ ਕਿਊਬਾ ਦੇ ਨੌਜਵਾਨ ਉਹਦੇ ਦੀਵਾਨੇ ਸਨ। ਪੜ੍ਹਿਆ ਲਿਖਿਆ, ਧੁਨ ਦਾ ਪੱਕਾ, ਨਵੀਨ ਵਿਚਾਰਾਂ ਨਾਲ



ਭਰਿਆ ਹੋਇਆ ਗੱਭਰੂ ਸੀ ਉਹ, ਜਿਸ ਕੋਲ ਆਗੂ ਬਣਨ ਦੀ ਪੂਰੀ ਨਿਪੁੰਨਤਾ ਸੀ। ਉਹਦੇ ਕੋਲ ਬੈਠਿਆਂ ਮਹਿਸੂਸ ਹੁੰਦਾ ਸੀ ਕਿ ਹੁਣ ਉਹਦੀ ਜਿੱਤ ਹੋਣੀ ਲਾਜ਼ਮੀ ਹੈ। ਉਸਨੇ ਮੈਨੂੰ ਦੱਸਿਆ ਕਿ ਹਰ ਰੋਜ਼ ਹਵਾਈ ਜਹਾਜ਼ ਉਨ੍ਹਾਂ 'ਤੇ ਬੰਬ ਸੁੱਟਦੇ ਹਨ ਪਰ ਕੋਈ ਨੁਕਸਾਨ ਨਹੀਂ ਸੀ ਹੁੰਦਾ। ਮੈਂ ਦੇਖਿਆ ਕਿ ਉਸੇ ਵੇਲੇ ਸਾਡੇ ਉਪਰੋਂ ਇੱਕ ਅਜਿਹਾ ਹੀ ਹਵਾਈ ਜਹਾਜ਼ ਲੰਘਿਆ ਸੀ।

'ਫੀਦਲ ਗੱਲਾਂ ਕਰਨ ਦਾ ਮਾਹਰ ਹੈ। ਉਹਦੀਆਂ ਬਿੱਲੀਆਂ ਅੱਖਾਂ ਝਲਕਦੀਆਂ ਹਨ ਤੇ ਉਹ ਅਪਣਾ ਮੂੰਹ ਤੁਹਾਡੇ ਨੇੜੇ ਲਿਆ ਕੇ ਐਕਟਰਾਂ ਵਾਂਗ ਗੱਲ ਕਰਦਾ ਹੈ।

'ਸਾਨੂੰ ਹੁਣ ਲੜਦਿਆਂ ਨੂੰ ਉਨਾਸੀ ਦਿਨ ਹੋ ਗਏ ਹਨ। ਬਾਤਿਸਤਾ ਦੇ ਫੌਜੀ ਚੰਗੀ ਤਰ੍ਹਾਂ ਨਹੀਂ ਲੜਦੇ। ਉਨ੍ਹਾਂ ਦੇ ਹੌਸਲੇ ਟੁੱਟ ਚੁੱਕੇ ਹਨ ਤੇ ਸਾਡੇ ਬੁਲੰਦੀ 'ਤੇ ਪਹੁੰਚੇ ਹੋਏ ਹਨ। ਅਸੀਂ ਕਈਆਂ ਨੂੰ ਮਾਰ ਮੁਕਾਇਆ ਪਰ ਜਿਨ੍ਹਾਂ ਨੂੰ ਜਿਉਂਦੇ ਫੜਿਆ ਉਨ੍ਹਾਂ ਨਾਲ ਅਸੀਂ ਹਮਦਰਦੀ ਨਾਲ ਗੱਲਾਂ ਕੀਤੀਆਂ। ਉਨ੍ਹਾਂ ਨੂੰ ਗੋਲੀ ਨਹੀਂ ਮਾਰੀ ਤੇ ਛੱਡ ਦਿੱਤਾ। ਮੈਨੂੰ ਪਤਾ ਹੈ ਕਿ ਉਨ੍ਹਾਂ ਵਿਚੋਂ ਕੁਝ ਬਾਤਿਸਤਾ ਦੀ ਮਿਲਟਰੀ ਦੇ ਕਾਬੂ ਆ ਗਏ ਤੇ ਫੇਰ ਗੋਲੀ ਨਾਲ ਉਡਾ ਦਿੱਤੇ ਗਏ। ਇਨ੍ਹਾਂ ਫੌਜੀਆਂ ਨੂੰ ਏਨਾ ਪਤਾ ਹੀ ਨਹੀਂ ਕਿ ਪਹਾੜਾਂ ਵਿਚ ਇਸ ਕਿਸਮ ਦੀ ਲੜਾਈ ਕਿਵੇਂ ਲੜਨੀ ਹੈ।

'ਕਿਊਬਾ ਦੇ ਲੋਕ ਰੇਡੀਓ 'ਤੇ ਸੈਂਸਰਸ਼ਿਪ ਕਰਕੇ ਸਾਡੀਆਂ ਖਬਰਾਂ ਨਹੀਂ ਸੁਣਦੇ। ਹੁਣ ਤੂੰ ਉਨ੍ਹਾਂ ਨੂੰ ਦੱਸੇਂਗਾ। ਇਸ ਜਜ਼ੀਰੇ ਵਿਚ ਚਾਰੇ ਪਾਸੇ ਮੇਰੇ ਅਨੁਆਈ ਹਨ¢ ਸਭ ਚੋਟੀ ਦੇ ਬੰਦੇ ਮੇਰੇ ਨਾਲ਼ ਹਨ, ਖਾਸ ਕਰਕੇ ਨੌਜਵਾਨ। ਕਿਊਬਾ ਦੇ ਲੋਕ ਕਦੀ ਵੀ ਗ਼ੁਲਾਮੀ ਨਹੀਂ ਸਹਿਣਗੇ।'

'ਮੈਂ ਉਸ ਨੂੰ ਉਨ੍ਹਾਂ ਖਬਰਾਂ ਬਾਰੇ ਪੁੱਛਿਆ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਉਹ ਛੇਤੀ ਹੀ ਇਕ ਬਾਗ਼ੀ ਸਰਕਾਰ ਦਾ ਐਲਾਨ ਕਰਨ ਵਾਲ਼ਾ ਹੈ ਤਾਂ ਉਸ ਨੇ ਕਿਹਾ:-

'ਨਹੀਂ, ਅਜੇ ਨਹੀਂ। ਅਜੇ ਵਕਤ ਨਹੀਂ ਆਇਆ। ਮੌਕਾ ਆਏਗਾ ਤਾਂ ਮੈਂ ਆਪਣੇ ਹੋਣ ਦਾ ਐਲਾਨ ਕਰ ਦਿਆਂਗਾ। ਇਸ ਕੰਮ ਵਿਚ ਜਿੰਨੀ ਕੁ ਹੋਰ ਦੇਰ ਕੀਤੀ ਜਾਵੇ ਤਾਂ ਇਹਦਾ ਓਨਾ ਹੀ ਵਧੇਰੇ ਅਸਰ ਹੋਵੇਗਾ ਕਿਉਂਕਿ ਹੁਣ ਲੋਕ ਸਾਡੇ ਬਾਰੇ ਗੱਲਾਂ ਕਰ ਰਹੇ ਹਨ। ਕਾਹਲ਼ੀ ਕੋਈ ਨਹੀਂ। ਕਿਊਬਾ ਅੰਦਰ ਜੰਗ ਛਿੜੀ ਹੋਈ ਹੈ ਪਰ ਬਾਤਿਸਤਾ ਇਹਨੂੰ ਲੁਕੋਣ ਦਾ ਯਤਨ ਕਰ ਰਿਹਾ ਹੈ। ਡਿਕਟੇਟਰ ਨੂੰ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਉਹ ਲੋਕਾਂ ਵਿਚ ਸਭ ਅੱਛੇ ਦਾ ਭੁਲੇਖਾ ਪਾਈ ਰੱਖੇ ਪਰ ਅਸੀਂ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਸਰਕਾਰ ਖੱਸੀ ਹੈ।'

ਫੇਰ ਉਹ ਤਲਖ਼ੀ ਨਾਲ ਕਹਿਣ ਲੱਗਾ, 'ਬਾਤਿਸਤਾ ਦੀ ਸਰਕਾਰ ਅਮਰੀਕਾ ਦੇ ਦਿੱਤੇ ਹੋਏ ਹਥਿਆਰ ਸਿਰਫ਼ ਮੇਰੇ ਖ਼ਿਲਾਫ਼ ਹੀ ਨਹੀਂ ਵਰਤ ਰਹੀ, ਸਾਰੇ ਕਿਊਬਾ ਦੇ ਆਮ ਲੋਕਾਂ ਖ਼ਿਲਾਫ਼ ਵਰਤ ਰਹੀ ਹੈ। ਉਨ੍ਹਾਂ ਕੋਲ਼ ਹਰ ਤਰ੍ਹਾਂ ਦੀਆਂ ਮਸ਼ੀਨਗੰਨਾਂ ਤੇ ਬੰਬ ਆਦਿ ਹਨ ਪਰ ਸਾਨੂੰ ਇੱਥੇ ਕੋਈ ਖ਼ਤਰਾ ਨਹੀਂ। ਉਹ ਇੱਥੇ ਕਿਸੇ ਤਰ੍ਹਾਂ ਵੀ ਪਹੁੰਚ ਨਹੀਂ ਸਕਦੇ।'

'ਕਾਸਤਰੋ ਨੂੰ ਅੰਗਰੇਜ਼ੀ ਬੋਲਣੀ ਆਉਂਦੀ ਹੈ ਪਰ ਉਹਨੇ ਗੱਲਬਾਤ ਸਪੇਨੀ ਵਿਚ ਹੀ ਕਰਨੀ ਚਾਹੀ। ਉਹ ਅੰਦਰੋਂ ਇੱਕ ਫੌਜੀ ਨਹੀਂ ਸਗੋਂ ਇੱਕ ਸਿਆਸੀ ਮਨੁੱਖ ਹੈ। ਉਹਦੇ ਮਨ ਵਿਚ ਆਜ਼ਾਦੀ, ਸਮਾਜਕ ਨਿਆਂ ਅਤੇ ਜਮਹੂਰੀਅਤ ਬਾਰੇ ਬੜੇ ਉੱਚ ਪਾਏ ਦੇ ਖ਼ਿਆਲ ਹਨ। ਉਹ ਕਿਊਬਾ ਵਿਚ ਵੋਟਾਂ ਪਾਉਣੀਆਂ ਚਾਹੁੰਦਾ ਹੈ, ਵਿਧਾਨ ਬਣਾਉਣਾ ਚਾਹੁੰਦਾ ਹੈ। ਉਹਦੇ ਅੰਦਰ ਦੇਸ਼ ਦੀ ਆਰਥਕਤਾ ਬਾਰੇ ਵੀ ਕਈ ਸੁਝਾਅ ਹਨ। 26 ਜੁਲਾਈ ਵਾਲ਼ੀ ਉਹਦੀ ਲਹਿਰ ਨੇ ਕੌਮ ਪ੍ਰਸਤੀ,

ਸਾਮਰਾਜ ਵਿਰੋਧੀ ਅਤੇ ਬਸਤੀਵਾਦ ਵਿਰੋਧੀ ਗੱਲਾਂ ਕੀਤੀਆਂ ਸਨ ਪਰ ਮੇਰੇ ਕੋਲ ਉਹ ਕਹਿ ਰਿਹਾ ਸੀ:-

'ਨਹੀਂ, ਨਹੀਂ, ਤੁਸੀਂ ਮੇਰੇ 'ਤੇ ਯਕੀਨ ਕਰੋ ਕਿ ਮੈਂ ਅਮਰੀਕਾ ਅਤੇ ਉਹਦੇ ਲੋਕਾਂ ਦੇ ਖ਼ਿਲਾਫ਼ ਬਿਲਕੁਲ ਨਹੀਂ ਹਾਂ। ਅਸੀਂ ਕਿਊਬਾ ਵਿਚ ਜਮਹੂਰੀਅਤ ਦੀ ਲੜਾਈ ਲੜ ਰਹੇ ਹਾਂ ਤੇ ਤਾਨਾਸ਼ਾਹੀ ਦਾ ਅੰਤ ਚਾਹੁੰਦੇ ਹਾਂ। ਅਸੀਂ ਫੌਜ ਦੇ ਖ਼ਿਲਾਫ਼ ਨਹੀਂ ਹਾਂ, ਇਸੇ ਲਈ ਫੜੇ ਹੋਏ ਫੌਜੀਆਂ ਨੂੰ ਰਿਹਅ ਕਰ ਦਿੰਦੇ ਹਾਂ। ਅਸੀਂ ਜਾਣਦੇ ਹਾਂ ਕਿ ਉਹ ਅੰਦਰੋਂ ਚੰਗੇ ਹਨ ਤੇ ਕਈ ਉਨ੍ਹਾਂ ਦੇ ਅਫ਼ਸਰ ਵੀ। ਬਾਤਿਸਤਾ ਨੇ ਸਾਡੇ ਵਿਰੁੱਧ ਤਿੰਨ ਹਜ਼ਾਰ ਫੌਜੀ ਝੋਕੇ ਹੋਏ ਹਨ ਪਰ ਮੈਂ ਤੁਹਾਨੂੰ ਇਹ ਨਹੀਂ ਦੱਸਾਂਗਾ ਕਿ ਸਾਡੇ ਕੋਲ ਕਿੰਨੇ ਹਨ। ਉਹ ਦੋ-ਦੋ ਸੌ ਦੀਆਂ ਟੋਲੀਆਂ ਬਣਾ ਕੇ ਤੁਰਦੇ ਹਨ ਤੇ ਅਸੀਂ ਦਸ ਤੋਂ ਲੈ ਕੇ ਚਾਲੀ-ਚਾਲੀ ਤੱਕ ਦੀਆਂ। ਫੇਰ ਵੀ ਜਿੱਤ ਸਾਡੀ ਹੁੰਦੀ ਹੈ। ਇਹ ਸਮੇਂ ਦਾ ਯੁੱਧ ਹੈ ਤੇ ਸਮਾਂ ਸਾਡੇ ਵੱਲ ਹੈ।'

'ਮੈਨੂੰ ਇਹ ਦਿਖਾਉਣ ਲਈ ਕਿ ਉਹ ਅਪਣੇ ਸਾਥੀਆਂ ਦਾ ਕਿੰਨਾ ਖ਼ਿਆਲ ਰੱਖਦਾ ਹੈ ਉਸ ਨੇ ਕਿਸੇ ਨੂੰ ਇਕ ਵੱਡਾ ਸਾਰਾ ਥੈਲਾ ਚੁੱਕ ਲਿਆਉਣ ਨੂੰ ਕਿਹਾ। ਇਸ ਵਿਚੋਂ ਨੋਟਾਂ ਦਾ ਵੱਡਾ ਢੇਰ ਨਿਕਲਿਆ। ਇਸ ਢੇਰ ਵੱਲ ਦੇਖਦਿਆਂ ਉਸ ਨੇ ਕਿਹਾ:-

'ਕਿਸੇ ਵੀ ਫੌਜੀ ਨੂੰ ਬਾਤਿਸਤਾ ਤੋਂ ਮਹੀਨੇ ਦੇ ਸਿਰਫ 72 ਡਾਲਰ ਲੈ ਕੇ ਮਰਨ ਦੀ ਕੀ ਲੋੜ ਹੈ। ਜਦੋਂ ਸਾਡੀ ਜਿੱਤ ਹੋਵੇਗੀ ਤਾਂ ਅਸੀਂ ਮਹੀਨੇ ਦਾ ਸੌ ਡਾਲਰ ਖ਼ੁਸ਼ੀ ਨਾਲ ਦੇਵਾਂਗੇ ਅਤੇ ਉਨ੍ਹਾਂ ਨੂੰ ਅਪਣੇ ਆਜ਼ਾਦ ਕਿਊਬਾ ਲਈ ਲੜ ਮਰਨ ਦਾ ਗੌਰਵ ਵੀ ਹੋਵੇਗਾ।

'ਮੈਂ ਸਦਾ ਹੀ ਅਗਲੀਆਂ ਸਫਾਂ ਵਿਚ ਰਹਿੰਦਾ ਹਾਂ।' ਉਸ ਨੇ ਕਿਹਾ ਤੇ ਬਾਕੀਆਂ ਨੇ ਇਸ ਸੱਚ ਦੀ ਗਵਾਹੀ ਦਿੱਤੀ। ਪਤਾ ਨਹੀਂ ਕਿਤੇ ਉਹ ਬਾਤਿਸਤਾ ਦੇ ਫੌਜੀਆਂ ਦੇ ਹੱਥ ਆ ਵੀ ਜਾਵੇ ਪਰ ਅਜੇ ਲੱਗਦਾ ਹੈ ਕਿ ਉਹਨੂੰ ਰੋਕਣ ਵਾਲਾ ਕੋਈ ਨਹੀਂ।

'ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਣਾ ਮੈਂ ਕਿੱਥੇ ਹਾਂ। ਪਰ ਸਾਨੂੰ ਹਮੇਸ਼ਾ ਹੀ ਪਤਾ ਹੁੰਦਾ ਹੈ ਕਿ ਉਹ ਕਿੱਥੇ ਹਨ। ਤੂੰ ਇੱਥੇ ਆਉਣ ਲਈ ਬੜਾ ਖ਼ਤਰਾ ਮੁੱਲ ਲਿਆ ਹੈ ਪਰ ਫ਼ਿਕਰ ਨਾ ਕਰੀਂ ਅਸੀਂ ਸਾਰਾ ਇੰਤਜ਼ਾਮ ਕੀਤਾ ਹੋਇਆ ਹੈ ਤੇ ਮੇਰੇ ਆਦਮੀ ਤੈਨੂੰ ਆਪੇ ਛੱਡ ਆਉਣਗੇ।'' ਉਸ ਨੇ ਕਿਹਾ।

ਤੇ ਹੋਇਆ ਵੀ ਠੀਕ ਇਵੇਂ ਹੀ। ਦਿਨ ਚੜ੍ਹਿਆ ਹੋਇਆ ਸੀ। ਕਿਸੇ ਨੇ ਪੱਤਿਆਂ ਹੇਠ ਲਕੋਈ ਜੀਪ ਤਾਈਂ ਪਹੁੰਚਣ ਲਈ ਘੋੜਾ ਲੈ ਆਂਦਾ। ਦੋ ਚਾਰ ਨਾਕੇ ਲੰਘੇ ਜਿਨ੍ਹਾਂ ਵਿਚੋਂ ਅਸੀਂ ਬਿਨਾਂ ਕਿਸੇ ਸ਼ੱਕ ਦੇ ਪਾਰ ਹੋ ਗਏ। ਹਵਾਨਾ ਪਹੁੰਚ ਕੇ ਮੈਂ ਸ਼ੇਵ ਕੀਤੀ ਤੇ ਫੇਰ ਨਿਊਯਾਰਕ ਲਈ ਹਵਾਈ ਜਹਾਜ਼ ਫੜ ਲਿਆ। ਲੋਕਾਂ ਲਈ ਅਸੀਂ ਦੋ-ਚਾਰ ਦਿਨਾਂ ਵਾਸਤੇ ਛੁੱਟੀ ਕੱਟਣ ਅਤੇ ਮੱਛੀਆਂ ਫੜਨ ਆਏ ਸਾਂ।

"ਲੜਾਕੂ ਯੋਧਾ ਮਰ ਸਕਦਾ ਹੈ, ਪਰ ਉਸ ਦੇ ਖ਼ਿਆਲ ਕਦੇ ਨਹੀਂ ਮਰਦੇ। ਅਮਰੀਕੀ ਸਰਕਾਰ ਦਾ ਆਦਮੀ ਉੱਥੇ ਕੀ ਕਰ ਰਿਹਾ ਸੀ ਜਿੱਥੇ ਚੀ ਗਵੇਰਾ ਜ਼ਖ਼ਮੀ ਹੋਇਆ ਅਤੇ ਕੈਦੀ ਬਣਾਇਆ ਗਿਆ? ਉਹ ਕਿਵੇਂ ਸੋਚ ਸਕਦੇ ਸੀ ਕਿ ਚੀ ਗਵੇਰਾ ਨੂੰ ਖ਼ਤਮ ਕੀਤਿਆਂ ਉਹ ਲੜਾਕੂ ਯੋਧੇ ਵਜੋਂ ਖ਼ਤਮ ਹੋ ਜਾਵੇਗਾ। ਹੁਣ ਚੀ 'ਲਾ-ਹੀ ਗੂਰਾ' ਵਿਚ ਹੀ ਨਹੀਂ ਸਗੋਂ ਹਰ ਥਾਂ ਮੌਜੂਦ ਹੈ।"

(ਸਾਂਤਾ ਕਲਾਰਾ 17 ਅਕਤੂਬਰ 1997 ਦਾ ਭਾਸ਼ਣ)



"ਕਿਊਬਾ ਕਦੇ ਵੀ ਅਮਰੀਕਾ ਦੇ ਲੋਕਾਂ ਨੂੰ ਅਪਣਾ ਦੁਸ਼ਮਣ ਐਲਾਨ ਨਹੀਂ ਕਰੇਗਾ। ਉਹ ਲੋਕ ਅਸਾਧਾਰਨ ਪ੍ਰਚਾਰ ਦੀ ਮੁਹਿਮ ਦਾ ਸ਼ਿਕਾਰ ਹੋ ਰਹੇ ਹਨ ਜਿਸ ਕਰ ਕੇ ਦਿਲਾਂ ਵਿਚ ਘ੍ਰਿਣਾ ਅਤੇ ਬਦਲੇ ਦੀ ਭਾਵਨਾ ਬੀਜੀ ਜਾ ਰਹੀ ਹੈ। ਇਹ ਘ੍ਰਿਣਾ ਐਨੀ ਹੈ ਕਿ ਸੰਗੀਤ ਉਤੇ ਵੀ ਪਾਬੰਦੀ ਲੱਗ ਗਈ ਹੈ, ਜਿਹੜਾ ਕਿ ਸ਼ਾਂਤੀ ਦੀ ਪ੍ਰੇਰਨਾ ਦਿੰਦਾ ਹੈ। ਕਿਊਬਾ ਉਸ ਸੰਗੀਤ ਨੂੰ ਅਪਣਾ ਲਵੇਗਾ, ਅਸੀਂ ਅਤੇ ਸਾਡੇ ਬੱਚੇ ਓਨਾ ਚਿਰ ਅਮਨ ਦੇ ਗੀਤ ਗਾਉਂਦੇ ਰਹਾਂਗੇ, ਜਿੰਨੀ ਦੇਰ ਤਕ ਐਲਾਨੀ ਖ਼ੂਨੀ ਜੰਗ ਜਾਰੀ ਰਹਿੰਦੀ ਹੈ।"

(ਅੱਤਵਾਦ ਵਿਰੁੱਧ ਜੰਗ ਦਾ ਭਾਸ਼ਣ 22 ਸਤੰਬਰ, 2001)

"ਅਸੀਂ ਕਿਸੇ ਨੂੰ, ਜੋ ਵਿਸ਼ਾ ਉਸ ਨੂੰ ਪਸੰਦ ਹੈ, ਬਾਰੇ ਲਿਖਣ ਤੋਂ ਰੋਕਦੇ ਨਹੀਂ ਸਗੋਂ ਇਸ ਦੇ ਉਲਟ ਹਰ ਇਕ ਨੂੰ, ਉਸ ਸਾਹਿਤ ਰੂਪ ਵਿਚ ਲਿਖਣਾ ਚਾਹੀਦਾ ਹੈ, ਜੋ ਉਨ੍ਹਾਂ ਨੂੰ ਸਭ ਤੋਂ ਚੰਗਾ ਲਗਦਾ ਹੈ। ਉਨ੍ਹਾਂ ਨੂੰ ਉਹ ਖ਼ਿਆਲ ਆਜ਼ਾਦੀ ਨਾਲ ਪ੍ਰਗਟ ਕਰਨਾ ਚਾਹੀਦਾ ਹੈ, ਜੋ ਉਹ ਪ੍ਰਗਟਾਉਣਾ ਚਾਹੁੰਦੇ ਹਨ। ਅਸੀਂ ਹਮੇਸ਼ਾ ਹੀ ਹਰ ਲੇਖਕ ਦੀ ਰਚਨਾ ਨੂੰ ਇਨਕਲਾਬੀ ਨਜ਼ਰੀਏ ਤੋਂ ਮੁਲਾਂਕਣ ਕਰਾਂਗੇ। ਇਹ ਵੀ ਇਨਕਲਾਬੀ ਸਰਕਾਰ ਦਾ ਅਧਿਕਾਰ ਹੈ, ਜਿਸ ਦਾ ਉਸੇ ਤਰ੍ਹਾਂ ਹੀ ਸਤਿਕਾਰ ਕਰਨਾ ਚਾਹੀਦਾ ਹੈ ਜਿਵੇਂ ਕਿ ਹਰ ਆਦਮੀ ਦਾ ਅਧਿਕਾਰ ਹੈ ਕਿ ਉਹ ਜਿਵੇਂ ਉਸ ਦੀ ਮਰਜ਼ੀ ਹੈ, ਆਪਣੇ ਆਪ ਦਾ ਪ੍ਰਗਟਾਵਾ ਕਰੇ ਤੇ ਉਸ ਦਾ ਸਤਿਕਾਰ ਕੀਤਾ ਜਾਵੇ।"

( ਲੇਖਕਾਂ ਨੂੰ ਸੰਬੋਧਨ, 1961)

"ਫਾਸ਼ੀਵਾਦ, ਹਿੰਸਕ ਹੋਣ ਸਮੇਂ ਸਭ ਕੁਝ ਤਬਾਹ ਕਰ ਦਿੰਦਾ ਹੈ। ਇਹ ਯੂਨੀਵਰਸਿਟੀਆਂ 'ਤੇ ਹਮਲੇ ਕਰਦਾ ਹੈ, ਇਨ੍ਹਾਂ ਨੂੰ ਬੰਦ ਕਰ ਦਿੰਦਾ ਹੈ ਤੇ ਤਬਾਹ ਕਰ ਦਿੰਦਾ ਹੈ। ਇਹ ਬੁੱਧੀਜੀਵੀਆਂ 'ਤੇ ਹਮਲੇ ਕਰਦਾ ਹੈ, ਉਨ੍ਹਾਂ ਨੂੰ ਦਬਾਉਂਦਾ ਹੈ ਤੇ ਪ੍ਰੇਸ਼ਾਨ ਕਰਦਾ ਹੈ। ਇਹ ਰਾਜਸੀ ਪਾਰਟੀਆਂ ਤੇ ਟਰੇਡ ਯੂਨੀਅਨਾਂ 'ਤੇ ਹਮਲੇ ਕਰਦਾ ਹੈ। ਇਹ ਜਨਤਕ ਜਥੇਬੰਦੀਆਂ ਅਤੇ ਸਭਿਆਚਾਰ ਅਦਾਰਿਆਂ 'ਤੇ ਹਮਲੇ ਕਰਦਾ ਹੈ। ਇਸ ਲਈ ਫਾਸ਼ਿਜ਼ਮ ਤੋਂ ਹੋਰ ਵੱਧ ਹਿੰਸਕ, ਵੱਧ ਪਿਛਾਂਹ ਖਿਚੂ ਅਤੇ ਗੈਰ ਕਾਨੂੰਨੀ ਕੋਈ ਨਹੀਂ।"

(ਚਿੱਲੀ ਦੇ ਕੌਮੀ ਸਟੇਡੀਅਮ ਵਿਚ ਭਾਸ਼ਣ 2 ਦਸੰਬਰ, 1971)

"ਮੈਂ ਵਾਅਦਾ ਕਰਦਾ ਹਾਂ ਕਿ ਜੇ ਤੁਹਾਡੀ ਇੱਛਾ ਹੈ ਤਾਂ ਮੈਂ ਤੁਹਾਡੇ ਨਾਲ ਹੋਵਾਂਗਾ, ਉਦੋਂ ਤਕ ਜਦੋਂ ਤਕ ਮੈਂ ਸਮਝਦਾ ਹਾਂ ਕਿ ਮੇਰੇ ਤੁਹਾਡੇ ਨਾਲ ਹੋਣ ਦਾ ਕੋਈ ਲਾਭ ਹੈ। ਇਸ ਤੋਂ ਪਹਿਲਾਂ ਕਿ ਕੋਈ ਕੁਦਰਤੀ ਭਾਣਾ ਵਰਤ ਜਾਏ। ਇਕ ਮਿੰਟ ਪਹਿਲਾਂ ਨਹੀਂ ਤੇ ਨਾ ਹੀ ਇਕ ਸਕਿੰਟ ਪਿੱਛੋਂ ਤਕ – ਹੁਣ ਮੈਂ ਸਮਝਦਾ ਹਾਂ ਕਿ ਜ਼ਿੰਦਗੀ ਦੇ ਅੰਤ ਤਕ ਆਰਾਮ ਕਰਨਾ ਮੇਰੀ ਕਿਸਮਤ ਵਿਚ ਨਹੀਂ।'' (ਮਾਰਚ 6, 2003, ਕਿਊਬਾ ਦੀ ਨੈਸ਼ਨਲ ਅਸੈਂਬਲੀ ਲਈ, ਕੌਂਸਲ ਆਫ਼ ਸਟੇਟ ਲਈ ਛੇਵੀਂ ਬਾਰ ਪ੍ਰਧਾਨ ਚੁਣੇ ਜਾਣ ਤੇ)

# ਨਵੀਂ ਦੁਨੀਆ ਸੰਭਵ ਹੈ: ਫੀਦਲ ਕਾਸਤਰੋ

?1954 ਵਿਚ ਗੁਆਟੇਮਾਲਾ ਵਿਚ ਜੈਕੋਬੋ ਅਰਬੇਂਜ ਦੀ ਸਰਕਾਰ ਦਾ ਤਖ਼ਤਾ ਪਲਟਿਆ ਗਿਆ। ਇਸ ਘਟਨਾ ਨੇ ਤੁਹਾਡੀ ਸੋਚ ਨੂੰ ਕਿਵੇਂ ਪ੍ਰਭਾਵਤ ਕੀਤਾ?

ਕਾਸਤਰੋ- 26 ਜੁਲਾਈ 1953 ਨੂੰ ਕਿਊਬਨ ਤਾਨਾਸ਼ਾਹ ਫਲੂਜੇਂਸਿਓ ਬਾਤਿਸਤਾ ਦੇ ਫੌਜੀ ਕਿਲੇ ਮੋਨਕਾਡਾ 'ਤੇ ਹਮਲਾ ਕਰਨ ਕਰਕੇ ਮੈਂ ਉਸ ਸਮੇਂ ਪਾਈਂਸ ਪੇਨਿਟੇਨਿਟੀ ਦੇ ਟਾਪੂ ਵਿਚ ਇਕਾਂਤ ਸੈੱਲ ਵਿਚ ਕੈਦ ਸਾਂ। ਇਸ ਸਮੇਂ ਤਕ ਮੇਰੇ ਸਿਆਸੀ ਤੇ ਕ੍ਰਾਂਤੀਕਾਰੀ ਵਿਚਾਰ ਲੰਮਾ ਸਫ਼ਰ ਤੈਅ ਕਰ ਚੁੱਕੇ ਸਨ।

ਗੁਆਟੇਮਾਲਾ ਵਿਚ ਜੋ ਵਾਪਰਿਆ, ਮੇਰੇ ਲਈ ਕੋਈ ਅਣਹੋਣੀ ਘਟਨਾ ਨਹੀਂ ਸੀ। ਪਰ ਇਸ ਘਟਨਾ ਨੇ ਸਾਨੂੰ ਉਤੇਜਨਾ ਅਤੇ ਗੁੱਸੇ ਵਿਚ ਜ਼ਰੂਰ ਲੈ ਆਂਦਾ। ਇਸ ਦੇ ਨਾਲ ਹੀ ਇਸ ਘਟਨਾ ਨੇ ਸਾਡੀ ਇਸ ਸਮਝ ਨੂੰ ਹੋਰ ਪੁਖ਼ਤਾ ਕਰ ਦਿੱਤਾ ਕਿ ਬੁਨਿਆਦੀ ਤਬਦੀਲੀ ਤੋਂ ਬਿਨਾਂ ਕਿਸੇ ਕਿਸਮ ਦੇ ਬਦਲਾਅ ਬੇਮਾਇਨਾ ਹਨ।

ਮੈਂ ਇਹ ਜ਼ਰੂਰ ਜਾਣਦਾ ਸੀ ਕਿ ਗੁਆਟੇਮਾਲਾ ਵਿਚ ਭੂਮੀ ਸੁਧਾਰ ਕਾਨੂੰਨ ਪਾਸ ਕਰਨ ਦੇ ਸਿੱਟੇ ਵਜੋਂ ਰਾਸ਼ਟਰਪਤੀ ਜੈਕੋਬੋ ਦੇ ਵਿਰੁੱਧ ਕੀ-ਕੀ ਹੋ ਸਕਦਾ ਹੈ। ਇਸ ਘਟਨਾ ਤੋਂ ਤੁਰੰਤ ਬਾਅਦ ਅਮਰੀਕਨ ਸਰਕਾਰ ਨੇ ਅਪਣੀ ਖੁਫ਼ੀਆ ਏਜੰਸੀ (ਸੀਥਆਈਥਏਥ) ਦੇ ਜ਼ਰੀਏ ਅਰਬੇਂਜ ਦੀ ਸਰਕਾਰ ਦਾ ਤਖ਼ਤਾ ਪਲਟਨ ਦੀ ਯੋਜਨਾ ਬਣਾਈ। ਬਾਅਦ ਵਿੱਚ, ਇਸੇ ਤਰਜ਼ 'ਤੇ ਪਿਗਜ਼ ਦੀ ਖਾੜੀ 'ਤੇ ਹਮਲਾ ਕਰਨ ਦੇ ਨਾਲ ਹੀ ਕਿਊਬਾ ਵਿਚ ਵੀ ਤਖ਼ਤਾ ਪਲਟਾਉਣ ਦੀ ਕੋਸ਼ਿਸ਼ ਕੀਤੀ ਗਈ।

ਮੇਰੇ ਖ਼ਿਆਲ ਵਿਚ ਉਨ੍ਹਾਂ ਨੇ ਹੋਂਡਰਾਸ ਦੀ ਸਰਹੱਦ 'ਤੇ ਕਈ ਵਿਅਕਤੀਆਂ ਨੂੰ ਟ੍ਰੇਨਿੰਗ ਦਿੱਤੀ। ਕਈ ਯੋਜਨਾਵਾਂ ਨਾਲ ਗੁਆਟੇਮਾਲਾ 'ਤੇ ਮੁੱਖ ਹਮਲਾ ਕੀਤਾ ਗਿਆ। ਇਸ ਹਮਲੇ ਵਿਚ ਫੌਜ ਦੇ ਕਈ ਭਾਗਾਂ ਦੀਆਂ ਵਿਭਿੰਨ ਟੁਕੜੀਆਂ ਸ਼ਾਮਲ ਸਨ।

ਆਮ ਲੋਕਾਂ ਨੇ ਅਰਬੇਂਜ ਦਾ ਸਮਰੱਥਨ ਕੀਤਾ। ਪਰ ਉਹ ਹਥਿਰਆਹੀਣ ਸਨ। ਅਜਿਹੇ ਮੌਕੇ ਉਨ੍ਹਾਂ ਕੋਲ ਲੜਨ ਦਾ ਕੋਈ ਰਾਹ ਨਹੀਂ ਸੀ। ਇਧਰ ਫੌਜ ਵੀ ਆਮ ਲੋਕਾਂ ਨੂੰ ਹਥਿਆਰ ਦੇਣਾ ਨਹੀਂ ਸੀ ਚਾਹੁੰਦੀ। ਇਸ ਕਰਕੇ ਇਹ ਹਮਲਾ ਅਸਫ਼ਲ ਹੋਇਆ ਅਤੇ ਕੁਝ ਹੀ ਦਿਨਾਂ ਵਿਚ ਅਰਬੇਂਜ ਦੀ ਸਰਕਾਰ ਸੱਤਾ ਤੋਂ ਬਾਹਰ ਹੋ ਗਈ।

ਇਸ ਘਟਨਾ ਨੇ ਉਪਮਹਾਦੀਪ ਦੀਆਂ ਸਾਰੀਆਂ ਪ੍ਰਗਤੀਸ਼ੀਲ ਤਾਕਤਾਂ ਅਤੇ ਲਾਤੀਨੀ ਅਮਰੀਕੀ ਲੋਕਾਂ 'ਤੇ ਗਹਿਰਾ ਅਸਰ ਛੱਡਿਆ। ਇਸ ਕਾਰਵਾਈ ਨੂੰ ਅਮਰੀਕੀ ਦਖ਼ਲਅੰਦਾਜ਼ੀ ਦੇ ਤੌਰ 'ਤੇ ਵੇਖਿਆ ਗਿਆ। ਸੋ, ਇਥੇ ਇਕ ਅਜਿਹੀ ਸਰਕਾਰ ਦਾ ਤਖ਼ਤਾ ਪਲਟਿਆ ਗਿਆ ਸੀ ਜੋ ਆਮ ਲੋਕਾਂ ਲਈ ਕੰਮ ਕਰਨਾ ਚਾਹੁੰਦੀ ਸੀ।

? ਇਸ ਘਟਨਾ ਦਾ ਚੀ ਗਵੇਰਾ 'ਤੇ ਵੀ ਜ਼ਰੂਰ ਅਸਰ ਹੋਇਆ ਹੋਵੇਗਾ।



ਕਾਸਤਰੋ- 26 ਜੁਲਾਈ 1953 ਨੂੰ ਮੋਨਕਾਡਾ ਅਤੇ ਬਾਯਮੋ ਦੀਆਂ ਕਾਰਵਾਈਆਂ ਵਿਚ ਭਾਗ ਲੈਣ ਵਾਲੇ ਕੁਝ ਸਾਥੀ ਗੁਆਟੇਮਾਲਾ ਵਿਚ ਸਨ। ਚੀ ਗਵੇਰਾ ਵੀ ਉਸ ਸਮੇਂ ਉਥੇ ਹੀ ਸਨ। ਉਨ੍ਹਾਂ ਦਾ ਨਾਂ ਅਰਨੇਸਟੋ ਗਵੇਰਾ ਸੀ। ਪਰ ਅਰਜਨਟੀਨੀ ਹੋਣ ਕਾਰਣ ਲੋਕ ਉਨ੍ਹਾਂ ਨੂੰ 'ਚੀ' ਕਹਿੰਦੇ ਸਨ। ਮੇਰੇ ਖ਼ਿਆਲ ਵਿਚ ਉਹ ਉਥੇ ਹੀ ਡਾਕਟਰ ਦੇ ਤੌਰ 'ਤੇ ਕਾਰਜਸ਼ੀਲ ਸਨ। ਇਸ ਘਟਨਾ ਨੇ ਉਨ੍ਹਾਂ 'ਤੇ ਵੀ ਗਹਿਰਾ ਅਸਰ ਪਾਇਆ।

ਬਾਅਦ ਵਿਚ ਚੀ ਅਤੇ ਹੋਰ ਪੰਜ-ਸੱਤ ਸਾਥੀ ਮੈਕਸਿਕੋ ਚਲੇ ਗਏ। ਮੈਕਸਿਕੋ ਵਿਖੇ ਹੀ ਚੀ ਨਾਲ ਮੇਰੀ ਮੁਲਾਕਾਤ ਹੋਈ। ਮੈਨੂੰ ਯਾਦ ਹੈ ਕਿ ਉਸ ਵੇਲੇ ਦੀ ਇਸ ਘਟਨਾ ਕਾਰਣ ਬਹੁਤ ਗੁੱਸੇ ਵਿਚ ਸਨ। ਗੁਆਟੇਮਾਲਾ ਵਿਚ ਤਾਂ ਰਾਸ਼ਟਰਪਤੀ ਦੁਆਰਾ ਸਾਧਾਰਨ ਜਿਹਾ ਪਰਿਵਰਤਨ ਕੀਤਾ ਗਿਆ ਸੀ, ਜੋ ਕਿਸੇ ਵੀ ਤਰ੍ਹਾਂ ਨਾਲ ਕ੍ਰਾਂਤੀਕਾਰੀ ਨਹੀਂ ਸੀ।

ਅਸੀਂ ਸ਼ਾਇਦ ਇਹ ਫਿਰ ਯਾਦ ਕਰਨਾ ਤੇ ਸਿੱਖਣਾ ਸੀ ਕਿ ਕ੍ਰਾਂਤੀ ਲਈ ਜਨਤਾ ਦਾ ਸਮਰਥਨ ਜ਼ਰੂਰੀ ਹੈ ਅਤੇ ਹਥਿਆਰਬੰਦ ਲੋਕ ਵੀ ਜ਼ਰੂਰੀ ਹਨ। ਇਹ ਸਾਡੇ ਦੇਸ਼ ਦੀਆਂ ਪਰਸਥਿਤੀਆਂ ਲਈ ਲਾਜ਼ਮੀ ਤੱਤ ਹੈ। ਕ੍ਰਾਂਤੀ ਲਈ ਨਵੀਂ ਫੌਜ ਵੀ ਲਾਜ਼ਮੀ ਹੁੰਦੀ ਹੈ।

ਉਸ ਸਮੇਂ ਸਾਡਾ ਧਿਆਨ ਲਾਤੀਨੀ ਅਮਰੀਕਾ 'ਤੇ ਕੇਂਦਰਤ ਨਾ ਹੋ ਕੇ ਸਾਡੇ ਅਪਣੇ ਦੇਸ਼ ਕਿਊਬਾ 'ਤੇ ਕੇਂਦਰਤ ਸੀ। ਇਸ ਦਾ ਕਾਰਣ ਇਹ ਸੀ ਕਿ ਸਾਡੇ ਜੋ ਵੀ ਅਨੁਭਵ ਅਤੇ ਸਿੱਟੇ ਸਨ, ਉਹ ਕਿਊਬਾ 'ਤੇ ਅਧਾਰਤ ਸਨ। ਅਸੀਂ ਕੁਝ ਨਿਸ਼ਚਤ ਧਾਰਨਾਵਾਂ ਅਤੇ ਠੋਸ ਨਤੀਜਿਆਂ 'ਤੇ ਪਹੁੰਚ ਚੁੱਕੇ ਸਾਂ। ਪਰ ਇਹ ਬੁਨਿਆਦੀ ਤੌਰ 'ਤੇ ਕਿਊਬਾ 'ਤੇ ਹੀ ਕੇਂਦਰਤ ਸਨ। ਉਸ ਸਮੇਂ ਸਾਡੇ ਦਿਮਾਗ ਵਿਚ ਇਹ ਜ਼ਰੂਰ ਸੀ ਕਿ ਇਸ ਸਮੇਂ ਕ੍ਰਾਂਤੀ ਪੂਰੇ ਲਾਤੀਨੀ-ਅਮਰੀਕਾ ਵਿਚ ਤਾਂ ਨਹੀਂ ਪਰ ਕਿਊਬਾ ਵਿਚ ਲਾਜ਼ਮੀ ਤੌਰ 'ਤੇ ਸੰਭਵ ਹੈ।

ਨਿਸ਼ਚਤ ਤੌਰ 'ਤੇ ਅਸੀਂ ਲਾਤੀਨੀ-ਅਮਰੀਕਾ ਬਾਰੇ ਚਿੰਤਤ ਸਾਂ। ਅਸੀਂ ਇਸ ਖਿੱਤੇ ਦੇ ਸੁਤੰਤਰਤਾ-ਸੰਘਰਸ਼ ਤੋਂ ਜਾਣੂ ਸਾਂ। ਇਸ ਤੋਂ ਇਲਾਵਾ ਅਸੀਂ (ਸਿਮੋਨ) ਬੋਲੀਵਾਰ ਦੇ ਉਸ ਸੁਪਨੇ ਨਾਲ ਵੀ ਸੰਬੰਧਤ ਸਾਂ, ਜਿਸ ਵਿਚ ਉਨ੍ਹਾਂ ਨੇ ਲਾਤੀਨੀ-ਅਮਰੀਕੀ ਦੇਸ਼ਾਂ ਦਾ ਇਕ ਸੰਘ ਬਣਾਉਣ ਦੀ ਕਲਪਨਾ ਕੀਤੀ ਸੀ। ਇਹ ਵੀ ਉਸ ਸਮੇਂ ਜਦੋਂ ਅੱਜ ਵਾਂਗ ਸੰਚਾਰ ਤੇ ਆਵਾਜਾਈ ਦੇ ਸਾਧਨਾਂ ਦੀ ਸੁਵਿਧਾ ਨਹੀਂ ਸੀ। ਉਹ ਉਸ ਸਮੇਂ ਇਕ ਸੰਘੀ ਲਾਤੀਨੀ-ਅਮਰੀਕਾ ਦਾ ਸੁਪਨਾ ਵੇਖ ਰਹੇ ਸਨ। ਉਦੋਂ ਇਸ ਸੁਪਨੇ ਨੂੰ ਸਿਰੇ ਚੜ੍ਹਾਉਣਾ ਬਿਲਕੁਲ ਅਸੰਭਵ ਮੰਨਿਆ ਜਾਂਦਾ ਸੀ।

ਕਿਸੇ ਸਮੇਂ ਮੈਂ ਵੀ ਸੰਘੀ ਢਾਂਚੇ ਬਾਰੇ ਸੋਚਦਾ ਸਾਂ। ਇਹ 1946-47 ਈਥ ਦੀ ਗੱਲ ਹੈ। ਉਸ ਸਮੇਂ ਅਸੀਂ ਵਿਦਿਆਰਥੀ ਸਾਂ ਅਤੇ ਲਾਤੀਨੀ-ਅਮਰੀਕੀ ਅੰਦੋਲਨ ਦੇ ਪੂਰੇ ਸਮੱਰਥਕ ਸਾਂ। ਉਦਾਹਰਣ ਦੇ ਤੌਰ 'ਤੇ ਯੂਨੀਵਰਸਿਟੀ ਵਿਚ ਮੇਰੀ ਪਹਿਲੀ ਗਤੀਵਿਧੀ ਪਿਯੂਟੋਰਿਕੋ ਦੀ ਆਜ਼ਾਦੀ ਲਈ ਬਣਾਈ ਕਮੇਟੀ ਵਿਚ ਮੈਂਬਰ ਦੇ ਰੂਪ ਵਿਚ ਸ਼ਾਮਲ ਹੋਣਾ ਸੀ। ਉਦੋਂ ਮੈਂ ਮਾਰਕਸਵਾਦ ਦਾ ਅਧਿਐਨ ਨਹੀਂ ਸੀ ਕੀਤਾ। ਪਰ ਮੈਂ ਉਸ ਸਮੇਂ ਰਾਸ਼ਟਰਵਾਦੀ ਹੋਣ ਦੇ ਨਾਲ ਲਾਤੀਨੀ-ਅਮਰੀਕੀ ਲੋਕਾਂ ਦੀਆਂ ਭਾਵਨਾਵਾਂ ਨਾਲ ਪ੍ਰੇਰਿਤ ਪਿਊਟੋਰਿਕੋ ਦੀ ਸੁਤੰਤਰਤਾ ਲਈ ਅਲਬਿਜ਼ੂ ਕੈਂਪੋਸ ਦੇ ਸੰਘਰਸ਼ ਦਾ ਸਮੱਰਥਕ ਸਾਂ। ਅਰਜਨਟੀਨਾ ਦੁਆਰਾ ਮਾਲਵਿਨਾਸ ਦੀ ਕੀਤੀ ਜਾ ਰਹੀ ਮੰਗ ਦੇ ਵੀ ਅਸੀਂ ਸਮੱਰਥਕ ਸਾਂ। ਇਸ ਸਮੇਂ ਅਸੀਂ ਯੂਰਪੀ ਦੇਸ਼ਾਂ ਦੇ ਬਸਤੀਵਾਦੀ ਰਵੱਈਏ ਦੇ ਵੀ ਸਖ਼ਤ

ਵਿਰੋਧੀ ਸਾਂ। ਉਸ ਸਮੇਂ ਤਕ ਜਮੈਕਾ ਅਤੇ ਕੈਰੇਬੀਅਨ ਦੇਸ਼ਾਂ ਵਿਚੋਂ ਬਹੁਤੇ ਮੁਲਕ ਗੁਲਾਮ ਸਨ। ਇਸ ਤੋਂ ਇਲਾਵਾ ਅਸੀਂ ਡੋਮਨਿਕ ਗਣਰਾਜ ਵਿਚ (ਤਾਨਾਸ਼ਾਹ ਰਾਫੇਲ) ਟ੍ਰਾਜਿਲਾਂ ਵਿਰੁਧ ਕ੍ਰਾਂਤਕਾਰੀ ਅੰਦੋਲਨ ਦੇ ਕੱਟੜ ਸਮਰੱਥਕ ਸਾਂ। ਆਮ ਤੌਰ 'ਤੇ ਵਿਦਿਆਰਥੀਆਂ ਦਾ ਵਿਰੋਧ ਅਤੇ ਸੰਘਰਸ਼ ਦਮਨਕਾਰੀ ਅਤੇ ਖ਼ੂਨੀ ਸਰਕਾਰਾਂ ਵਿਰੁੱਧ ਸੀ। ਇਨ੍ਹਾਂ ਦਮਨਕਾਰੀ ਅਤੇ ਖ਼ੂਨ ਦੀਆਂ ਪਿਆਸੀਆਂ ਕਈ ਸਰਕਾਰਾਂ ਦਾ ਮੈਂ ਜ਼ਿਕਰ ਕਰ ਚੁੱਕਾ ਹਾਂ। ਇਹ ਨਿਕਾਰਾਗੁਆ ਵਿਚ ਸੋਮੋਜੋ ਜਾਂ ਹੋਰ ਦੇਸ਼ਾਂ ਦੀਆਂ ਸਰਕਾਰਾਂ ਵਾਂਗ ਹੀ ਸਨ। ਇਸ ਦੇ ਬਾਵਜੂਦ ਅਸੀਂ ਲਾਤੀਨੀ-ਅਮਰੀਕਾ ਵਿਚ ਕਿਸੇ ਕ੍ਰਾਂਤੀ ਬਾਰੇ ਨਹੀਂ ਸੋਚ ਰਹੇ ਸਾਂ। ਅਸੀਂ ਬੁਨਿਆਦੀ ਤੌਰ 'ਤੇ ਕਿਊਬਾ ਅਤੇ ਅਪਣੇ ਕ੍ਰਾਂਤੀਕਾਰੀ ਵਿਚਾਰਾਂ ਬਾਰੇ ਹੀ ਸੋਚ ਰਹੇ ਸਾਂ।

ਬੇਸ਼ੱਕ (ਗੁਆਟੇਮਾਲਾ ਦੇ) ਇਸ ਅਨੁਭਵ ਰਾਹੀਂ ਅਸੀਂ ਸੰਯੁਕਤ ਰਾਜ ਅਮਰੀਕਾ ਦੀ ਦਖ਼ਲਵਾਦੀ ਨੀਤੀ ਨੂੰ ਜਾਣਿਆ। ਇਸ ਦੇ ਨਾਲ ਹੀ ਅਸੀਂ ਅਪਣੇ ਦੇਸ਼ਾਂ ਵਿਚ ਆਜ਼ਾਦੀ ਦੀ ਕਮੀ ਨੂੰ ਮਹਿਸੂਸ ਕੀਤਾ, ਜੋ ਇਸ ਗੱਲ ਵੱਲ ਇਸ਼ਾਰਾ ਸੀ ਕਿ ਭਵਿੱਖ ਦਾ ਸੰਘਰਸ਼ ਕਿੰਨਾ ਔਖਾ ਹੋਵੇਗਾ।

? ਤੁਸੀਂ ਇਹ ਕਦੋਂ ਮਹਿਸੂਸ ਕੀਤਾ ਕਿ ਕਿਊਬਨ ਕ੍ਰਾਂਤੀ ਦੇ ਵਿਚਾਰ ਦਾ ਮਤਲਬ ਠੰਢੀ-ਜੰਗ ਦੇ ਦੋ ਪੱਖਾਂ ਵਿਚੋਂ ਇਕ ਪੱਖ ਨੂੰ ਸਵੀਕਾਰ ਕਰਨਾ ਜਾਂ ਉਸ ਵੱਲ ਜਾਣਾ ਹੈ?

ਕਾਸਤਰੋ- ਅਸਲ ਵਿਚ, ਠੰਢੀ-ਜੰਗ ਵਿਚ ਨਾ ਤਾਂ ਅਸੀਂ ਕਿਸੇ ਪੱਖ ਵੱਲ ਝੁਕੇ ਅਤੇ ਨਾ ਹੀ ਠੰਢੀ ਜੰਗ ਦਾ ਜਨਮ ਸਾਡੇ ਕਾਰਣ ਹੋਇਆ। ਅਸੀਂ ਕਿਊਬਾ ਵਿਚ ਇਕ ਅਸਲੀ ਅਤੇ ਠੋਸ ਕ੍ਰਾਂਤੀ ਚਾਹੁੰਦੇ ਸਾਂ। ਅਸੀਂ ਇਕ ਸਮਾਜਵਾਦੀ ਕ੍ਰਾਂਤੀ ਰਾਹੀਂ ਦੂਰਗਾਮੀ ਭਵਿੱਖ ਸੰਬੰਧੀ ਸੋਚ ਰਹੇ ਸਾਂ।

1952 ਈ. ਵਿਚ ਅਸੀਂ ਇਸੇ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰ ਚੁੱਕੇ ਸਾਂ। ਉਸ ਸਮੇਂ ਚੋਣਾਂ ਦੇ ਨਿਰਧਾਰਤ ਪ੍ਰੋਗਰਾਮ ਦੇ ਕੁਝ ਹਫ਼ਤਿਆਂ ਬਾਅਦ ਬਾਤਿਸਤਾ ਦੀ ਫੌਜ ਨੇ ਤਖ਼ਤਾ ਪਲਟ ਦਿੱਤਾ ਸੀ। ਇਸ ਤਖ਼ਤਾ ਪਲਟਣ ਕਾਰਣ ਸੰਪੂਰਨ ਸੰਵਿਧਾਨਕ ਨਿਆਂ-ਪ੍ਰਕਿਰਿਆ ਨੂੰ ਹੀ ਖ਼ਤਮ ਕਰ ਦਿੱਤਾ ਗਿਆ ਸੀ। ਇਸ ਕਾਰਵਾਈ ਨੇ ਸੰਵਿਧਾਨਕ, ਨਿਆਂਇਕ ਅਤੇ ਸ਼ਾਂਤੀਪੂਰਨ ਸੰਘਰਸ਼ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਸਮਾਪਤ ਕਰ ਦਿੱਤਾ ਸੀ। ਉਦੋਂ ਤਕ ਮੈਨੂੰ ਇਹ ਗੱਲ ਸਪੱਸ਼ਟ ਹੋ ਚੁੱਕੀ ਸੀ ਕਿ ਕਿਊਬਾ ਵਿਚ ਕੋਈ ਵੀ ਠੋਸ ਤਬਦੀਲੀ ਕੇਵਲ ਕ੍ਰਾਂਤੀ ਨਾਲ ਹੀ ਹੋ ਸਕਦੀ ਹੈ ਅਤੇ ਇਸ ਸੰਘਰਸ਼ ਦੀ ਸ਼ੁਰੂਆਤ ਸੱਤਾ ਲਈ ਕ੍ਰਾਂਤੀਕਾਰੀ ਸੰਘਰਸ਼ ਨਾਲ ਹੋਵੇਗੀ।

ਅਸੀਂ ਇਹ 1952 ਈ. ਤੋਂ ਹੀ ਸੋਚ ਰਹੇ ਸਾਂ। ਹਾਲਾਂਕਿ ਅਸੀਂ ਉਪਰੋਕਤ ਸਿੱਟਿਆਂ 'ਤੇ ਪਹੁੰਚ ਚੁੱਕੇ ਸਾਂ ਇਸ ਦੇ ਬਾਵਜੂਦ ਅਸੀਂ ਸੰਵਿਧਾਨਕ ਢਾਂਚੇ ਦੇ ਅੰਤਰਗਤ ਅਪਣਾ ਕਾਰਜ ਕਰ ਰਹੇ ਸਾਂ। ਸਾਡੇ ਦਿਮਾਗ ਵਿਚ ਸਪੱਸ਼ਟ ਤੇ ਸ੍ਰੇਸ਼ਠ ਪ੍ਰੋਗਰਾਮ ਸੀ।

ਸੰਖੇਪ ਵਿਚ, ਅਸੀਂ ਇਸ ਨਤੀਜੇ 'ਤੇ ਪਹੁੰਚੇ ਸਾਂ ਕਿ ਕ੍ਰਾਂਤੀ ਸਿਆਸੀ ਸੱਤਾ ਪ੍ਰਾਪਤ ਕਰਨ ਅਤੇ ਉਸ ਉਪਰ ਅਧਿਕਾਰ-ਜਮਾਈ ਰੱਖਣ ਵਿਚ ਹੀ ਸੰਭਵ ਹੈ। ਰਾਜ ਸੱਤਾ ਕ੍ਰਾਂਤੀਕਾਰੀ ਤਰੀਕਿਆਂ ਨਾਲ ਹੀ ਪ੍ਰਾਪਤ ਹੋਵੇਗੀ ਕਿਉਂਕਿ ਪੂੰਜੀਵਾਦੀ ਵਿਵਸਥਾ ਅਤੇ ਸਮਾਜ ਅਨੰਤਕਾਲਕ ਤੇ ਠੋਸ ਰੂਪ ਵਿਚ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਸੰਵਿਧਾਨਕ ਢਾਂਚਾ



ਅਤੇ ਨਿਆਂਤੰਤਰ ਹੀ ਅਸਲੀ ਅਤੇ ਪ੍ਰਮਾਣਕ ਕ੍ਰਾਂਤੀ ਦੇ ਰਾਹ ਵਿਚ ਰੁਕਾਵਟ ਬਣਿਆ ਹੋਇਆ ਸੀ।

ਪਰ, ਬਾਤਿਸਤਾ ਦੁਆਰਾ ਤਖਤਾ ਪਲਟਨ ਦੀ ਕਾਰਵਾਈ ਨੇ ਸਾਡੀ ਸਾਰੀ ਸਿਆਸਤ ਨੂੰ ਬਦਲ ਦਿੱਤਾ। ਅਸੀਂ ਪਹਿਲਾਂ ਇਹ ਸੋਚਦੇ ਸਾਂ ਕਿ ਰਾਜਸੱਤਾ ਲਈ ਬਾਕੀ ਸ਼ਕਤੀਆਂ ਨੂੰ ਇੱਕ ਜੁੱਟ ਕਰਕੇ ਸੰਘਰਸ਼ ਕੀਤਾ ਜਾਏ। ਪਰ, ਇਹ ਇੱਕ ਕਠੋਰ ਅਤੇ ਕੌੜੀ ਸੱਚਾਈ ਸੀ ਕਿ ਬਾਕੀ ਰਾਜਨੀਤਕ ਸ਼ਕਤੀਆਂ ਇੱਕਜੁੱਠ ਹੋਣ ਦੇ ਯੋਗ ਨਹੀਂ ਸਨ ਅਤੇ ਇਹ ਕੋਈ ਗੰਭੀਰ ਕਦਮ ਵੀ ਨਹੀਂ ਉਠਾ ਸਕਦੀਆਂ ਸਨ। ਉਦੋਂ ਇਸ ਕਾਰਜ ਲਈ ਅਸੀਂ ਅਪਣੇ ਸੰਗਠਨ ਨੂੰ ਪ੍ਰੇਰਿਤ ਕੀਤਾ। ਤਖ਼ਤਾ ਪਲਟਣ ਦੇ ਇੱਕ ਸਾਲ ਦੇ ਅੰਦਰ ਅਸੀਂ 1000 ਵਿਅਕਤੀਆਂ ਨੂੰ ਸੰਗਠਤ ਕੀਤਾ ਅਤੇ ਉਨ੍ਹਾਂ ਨੂੰ ਪੂਰਨ ਸਿਖਲਾਈ ਦਿੱਤੀ। ਆਜ਼ਾਦੀ ਲਈ ਕੀਤੀ ਗਈ ਕ੍ਰਾਂਤੀਕਾਰੀ ਕਾਰਵਾਈ ਦੀ ਉਮੀਦ ਵਿਚ ਇਹ ਕਾਰਜ ਖੁਲ੍ਹੇ ਰੂਪ ਵਿਚ ਕੀਤਾ ਗਿਆ। ਅਸੀਂ ਉਨ੍ਹਾਂ ਵਿਅਕਤੀਆਂ ਦੇ ਸਮੂਹ ਨਾਲ ਕਾਰਜ ਕੀਤਾ ਜੋ ਤਤਕਾਲੀਨ ਸਿਆਸਤ ਤੋਂ ਬਿਲਕੁਲ ਅਣਜਾਣ ਸਨ। ਇਸ ਤਰ੍ਹਾਂ ਅਸੀਂ ਗੁਪਤ ਰੂਪ ਵਿਚ ਨਹੀਂ ਸਗੋਂ ਪ੍ਰਤੱਖ ਰੂਪ ਵਿਚ ਅਤੇ ਲਗਭਗ ਆਮ ਹਾਲਤਾਂ ਵਿਚ ਇਸ ਕਾਰਜ ਨੂੰ ਅੰਜਾਮ ਦੇਣ ਦੇ ਯੋਗ ਸਾਂ।

? ਤੁਹਾਡੇ ਸੰਘਰਸ਼ ਦੀ ਅਸਲੀ ਸ਼ੁਰੂਆਤ ਕਿਸ ਕਾਰਵਾਈ ਨੂੰ ਮੰਨਿਆ ਜਾ ਸਕਦਾ ਹੈ

ਕਾਸਤਰੋ- ਓਰੀਏਂਟ ਦੇ ਕੰਢੇ ਮੋਨਕਾਡਾ ਦੇ ਫੌਜੀ ਕਿਲ੍ਹੇ 'ਤੇ ਸਾਡੇ ਦੁਆਰਾ ਹਮਲਾ ਕਰਨ ਤਕ (26 ਜੁਲਾਈ, 1953) ਪ੍ਰਸਥਿਤੀਆਂ ਵਿਚ ਕੋਈ ਪਰਿਵਰਤਨ ਨਾ ਹੋਇਆ। ਫੌਜੀ ਕੈਂਪ 'ਤੇ ਕੀਤਾ ਗਿਆ ਹਮਲਾ ਸੰਘਰਸ਼ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ। 10 ਮਾਰਚ 1952 ਨੂੰ ਹੋਏ ਤਖ਼ਤਾ-ਪਲਟਾਉਣ ਦੀ ਕਾਰਵਾਈ ਤੋਂ ਪਹਿਲਾਂ ਸਾਨੂੰ ਫੌਜ ਦੇ ਕੁਝ ਹਿੱਸਿਆਂ ਤੋਂ ਸਮੱਰਥਨ ਦੀ ਉਮੀਦ ਸੀ। ਅਸੀਂ ਫੌਜੀਆਂ ਨਾਲ ਕੀਤੇ ਜਾਣ ਵਾਲੇ ਅਨਿਆਂ ਅਤੇ ਗ਼ੈਰ-ਬਰਾਬਰੀ ਦਾ ਸਪੱਸ਼ਟ ਰੂਪ ਵਿਚ ਵਿਰੋਧ ਕੀਤਾ ਸੀ। ਇਸ ਤਰ੍ਹਾਂ ਅਸੀਂ ਨਾ ਕੇਵਲ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ ਅਤੇ ਹਾਸ਼ੀਗਤ ਵਰਗਾਂ ਦੇ ਪੱਖ ਵਿਚ ਸਾਂ, ਬਲਕਿ ਉਨ੍ਹਾਂ ਫੌਜੀਆਂ ਦੇ ਪੱਖ ਵਿਚ ਵੀ ਸਾਂ, ਜਿਨ੍ਹਾਂ ਤੋਂ ਪ੍ਰਮੁੱਖ ਸਿਆਸਤਦਾਨ ਅਤੇ ਫੌਜੀ ਅਧਿਕਾਰੀ ਜ਼ਬਰਦਸਤੀ ਕੰਮ ਕਰਵਾਉਂਦੇ ਸਨ। ਫੌਜੀਆਂ ਵਿਰੁੱਧ ਹੁੰਦੀ ਗ਼ੈਰ-ਬਰਾਬਰੀ ਅਤੇ ਅਨਿਆਂ ਨੂੰ ਮੁੱਦਾ ਬਣਾਉਂਦਿਆਂ ਅਸੀਂ ਅੰਦੋਲਨ ਦਾ ਆਗਾਜ਼ ਕੀਤਾ। ਸਾਡੇ ਪ੍ਰੋਗਰਾਮ ਵਿਚ ਫੌਜੀਆਂ ਦਾ ਵਿਸ਼ਵਾਸ ਜਿੱਤਣਾ ਅਤੇ ਉਨ੍ਹਾਂ ਦਾ ਸਮਰਥਨ ਪ੍ਰਾਪਤ ਕਰਨਾ ਸ਼ਾਮਲ ਸੀ। ਇਸ ਤੋਂ ਇਲਾਵਾ ਤਖ਼ਤਾ ਪਲਟਨ ਦੀ ਕਾਰਵਾਈ ਤੋਂ ਬਾਅਦ ਅਸੀਂ ਫੌਜ ਅਤੇ ਫੌਜੀਆਂ ਨੂੰ ਸਿੱਧੇ ਸੰਘਰਸ਼ ਕਰਨ ਲਈ ਪ੍ਰੇਰਿਆ।

ਇਸ ਨਾਲ ਇਕ ਜ਼ਬਰਦਸਤ ਵਿਵਾਦ ਉਤਪੰਨ ਹੋ ਗਿਆ, ਕਿਉਂਕਿ ਬਾਤਿਸਤਾ ਦੀ ਸਰਕਾਰ 4 ਸਤੰਬਰ 1933 ਨੂੰ ਪਹਿਲਾਂ ਤਖ਼ਤਾ ਪਲਟਾਉਣ ਤੋਂ ਬਾਅਦ ਫੌਜੀਆਂ ਦੁਆਰਾ ਸਥਾਪਤ ਕੀਤੀ ਗਈ ਸੀ। ਇਸ ਨੂੰ ਸਾਰਜੈਂਟ ਅੰਦੋਲਨ ਨੇ ਸਮੱਰਥਨ ਦਿੱਤਾ ਸੀ। ਉਸ ਨੇ (ਬਾਤਿਸਤਾ) ਫੌਜ ਵਿਚ ਅਪਣਾ ਜ਼ਬਰਦਸਤ ਪ੍ਰਭਾਵ ਅਤੇ ਪਕੜ ਬਣਾ ਰੱਖੀ ਸੀ, ਕਿਉਂਕਿ ਉਸ ਨੇ ਸਾਰਜੈਂਟਾਂ ਨੂੰ ਅਨੇਕ ਵਿਸ਼ੇਸ਼ ਅਧਿਕਾਰ ਦੇ ਕੇ ਉਨ੍ਹਾਂ ਨੂੰ ਲੈਫਟੀਨੈਂਟ, ਕੈਪਟਨ, ਕਰਨਲ ਅਤੇ ਜਨਰਲ ਬਣਾ ਦਿੱਤਾ ਸੀ। ਇਸ ਤਰ੍ਹਾਂ ਉਸਨੇ ਬਹੁਤ ਜ਼ਿਆਦਾ ਸ਼ਕਤੀ ਪ੍ਰਾਪਤ ਕਰ ਲਈ ਸੀ।

ਅਸੀਂ ਇਸ ਵਿਚਾਰ ਨੂੰ ਛੱਡਿਆ ਕਿ 'ਕ੍ਰਾਂਤੀ ਫੌਜ ਦੇ ਸਮੱਰਥਨ ਨਾਲ ਹੀ ਸੰਭਵ ਹੈ ਜਾਂ ਉਸ ਦੇ ਸਮੱਥਨ ਤੋਂ ਬਿਨਾਂ ਅਤੇ ਉਸ ਦੀ ਵਿਰੋਧ ਰਹਿਤ ਭੂਮਿਕਾ ਦੁਆਰਾ' ਸੰਭਵ ਹੈ। ਬਲਕਿ ਅਸੀਂ ਫੌਜ ਵਿਰੁੱਧ ਕ੍ਰਾਂਤੀਕਾਰੀ ਸੰਘਰਸ਼ ਕਰਨ ਲਈ ਅਪਣੇ ਆਪ ਨੂੰ ਸੰਗਠਿਤ ਕਰਨ ਦਾ ਨਿਡਰ ਫੈਸਲਾ ਕਰ ਲਿਆ। ਸਾਡੇ ਅਤੇ ਸੱਤਾਧਾਰੀ ਸ਼ਕਤੀ ਵਿਚਕਾਰ ਮੌਜੂਦ ਫਰਕ ਨੂੰ ਵੇਖਦਿਆਂ ਦੁਨੀਆ ਵਿਚ ਕਿਸੇ ਨੂੰ ਵੀ ਯਕੀਨ ਨਹੀਂ ਆ ਸਕਦਾ ਕਿ ਅਸੀਂ ਸਫ਼ਲਤਾ ਹਸਲ ਕੀਤੀ ਹੋਵੇਗੀ।

ਅਸੀਂ 'ਸ਼ੀਤ-ਯੁੱਧ' ਬਾਰੇ ਨਹੀਂ ਸੋਚ ਰਹੇ ਸਾਂ, ਕਿਉਂਕਿ ਸਾਡੇ ਦੇਸ਼ ਵਿਚ ਇਕ ਦਮਨਕਾਰੀ, ਕਰੂਰ ਅਤੇ ਪ੍ਰਤੀਕ੍ਰਿਆਵਾਦੀ ਸੱਤਾ ਤੰਤਰ ਵਿਰੁੱਧ ਸੰਘਰਸ਼ ਚੱਲ ਰਿਹਾ ਸੀ। ਸਾਡਾ ਕੇਂਦਰ ਕਿਊਬਾ ਸੀ। ਨਾ ਕਿ ਸ਼ੀਤ ਯੁੱਧ। ਸਾਨੂੰ ਕੇਵਲ ਅਪਣੇ ਉਦੇਸ਼ਾਂ ਦੀ ਪ੍ਰਾਪਤੀ ਦੀਆਂ ਸੰਭਾਵਨਾਵਾਂ 'ਤੇ ਯਕੀਨ ਸੀ। ਸੱਚ ਕਹਾਂ ਤਾਂ ਕ੍ਰਾਂਤੀਕਾਰੀ ਸੰਘਰਸ਼ ਦੀ ਸਫ਼ਲਤਾ ਵਿਚ।

ਇਹ ਜਿੱਤ ਆਮ ਲੋਕਾਂ ਦੇ ਪੂਰਨ ਸਮੱਰਥਣ ਅਤੇ ਸੰਘਰਸ਼ ਵਿਚ ਰੰਗੀ ਇਕ ਨਵੀਂ ਫੌਜ ਦੀਆਂ ਸੰਭਾਵਨਾਵਾਂ 'ਤੇ ਅਧਾਰਤ ਸੀ। ਇਹ ਗੁਆਟੇਮਾਲਾ ਵਰਗੀ ਸਥਿਤੀ ਨਹੀਂ ਸੀ, ਜਿਥੇ ਸਰਕਾਰ ਨੇ ਪੁਰਾਣੀ ਪ੍ਰੋਫ਼ੈਸ਼ਨਲ ਫੌਜ ਅਤੇ ਗੈਰ-ਹਥਿਆਰਬੰਦ ਲੋਕਾਂ ਵਿਚਕਾਰ ਭੂਮੀ-ਸੁਧਾਰ ਲਾਗੂ ਕੀਤੇ ਸਨ। ਯੁੱਧ ਦੇ ਖ਼ਤਮ ਹੋਣ ਸਮੇਂ ਸਾਡੇ ਕੋਲ ਕੁਲ 3000 ਹਥਿਆਰਬੰਦ ਲੋਕ ਸਨ। ਪਰ ਆਮ ਲੋਕਾਂ ਦੇ ਸੰਪੂਰਨ ਸਹਿਯੋਗ ਕਾਰਣ ਅਸੀਂ 80000 ਲੋਕਾਂ ਦੀ ਫੌਜ ਅਤੇ ਪੁਲਿਸ ਤੰਤਰ ਨੂੰ ਉਖਾੜਨ ਵਿਚ ਕਾਮਯਾਬ ਰਹੇ। ਇਨ੍ਹਾਂ ਲੋਕਾਂ ਤੋਂ ਹਥਿਆਰ ਲੈ ਕੇ ਅਸੀਂ ਇਕ ਨਵੀਂ ਫੌਜ ਦਾ ਗਠਨ ਕੀਤਾ। ਇਹ ਫੌਜ ਕਿਸਾਨਾਂ, ਮਜ਼ਦੂਰਾਂ ਤੇ ਵਿਦਿਆਰਥੀਆਂ ਭਾਵ ਅਤਿ ਸਾਧਾਰਨ ਲੋਕਾਂ ਨੂੰ ਮਿਲਾ ਕੇ ਬਣਾਈ ਗਈ ਸੀ। ਇਨ੍ਹਾਂ ਪਰਸਥਿਤੀਆਂ 'ਚ ਜ਼ਰੂਰੀ ਸੀ ਕਿ ਕ੍ਰਾਂਤੀ ਹੋਵੇ ਅਤੇ ਉਸਦੀ ਰੱਖਿਆ ਕੀਤੀ ਜਾਵੇ। ਇਸ ਲਈ ਇਸਦੀ ਵਧੇਰੇ ਵਿਆਖਿਆ ਕਰਨ ਦੀ ਲੋੜ ਨਹੀਂ ਕਿ ਜਿਥੇ ਗੁਆਟੇਮਾਲਾ ਵਿਚ ਯੋਜਨਾ ਸਫ਼ਲ ਹੋਈ, ਉਥੇ ਪਿਗਸ ਦੀ ਖਾੜੀ 'ਤੇ ਕੀਤਾ ਗਿਆ ਹਮਲਾ ਅਸਫ਼ਲ ਹੋਇਆ। ਜਦੋਂਕਿ ਇਹ ਯੁੱਧ ਪੂਰਬ ਦੇ ਗੰਦੇ ਅਤੇ ਲਾਲਚੀ ਭਾੜੇ ਦੇ ਫੌਜੀਆਂ 'ਤੇ ਅਧਾਰਿਤ ਸੀ।

?ਅਜਿਹੀ ਸਥਿਤੀ ਵਿਚ 'ਸ਼ੀਤ ਯੁੱਧ' ਬਾਰੇ ਸੋਚਣ ਲਈ ਸਾਡੇ ਕੋਲ ਸਮਾਂ ਹੀ ਕਿਥੇ ਸੀ?

ਕਾਸਤਰੋ- ਅਸੀਂ ਮੁਕਾਬਲਤਨ ਸਿੱਧੇ-ਸਾਦੇ ਲੋਕ ਸਾਂ। ਅਸੀਂ ਇਸ ਗੱਲ 'ਤੇ ਯਕੀਨ ਕਰਦੇ ਸਾਂ ਕਿ ਇਕ ਅੰਤਰ-ਰਾਸ਼ਟਰੀ ਸ਼ਕਤੀ ਮੌਜੂਦ ਹੈ। ਕੁਝ ਅੰਤਰ-ਰਾਸ਼ਟਰੀ ਸਿਧਾਂਤ ਅਸਲ ਵਿਚ ਮੌਜੂਦ ਹਨ ਅਤੇ ਸਾਡੇ ਦੇਸ਼ ਦੀ ਪ੍ਰਭੂਸੱਤਾ ਦਾ ਸਨਮਾਨ ਕੀਤਾ ਜਾਵੇਗਾ। ਦੂਸਰੇ ਵਿਸ਼ਵ ਯੁਧ ਨੂੰ ਬੀਤਿਆਂ ਜ਼ਿਆਦਾ ਸਮਾਂ ਨਹੀਂ ਸੀ ਹੋਇਆ। ਪ੍ਰਤੀਤ ਹੁੰਦਾ ਸੀ ਕਿ ਦੁਨੀਆ ਵਿਚ ਮੁਲਕਾਂ ਦੀ ਖ਼ੁਦਮੁਖ਼ਤਿਆਰੀ ਸੰਬੰਧੀ ਵਿਵੇਕ ਪੈਦਾ ਹੋ ਚੁੱਕਾ ਹੈ ਅਤੇ ਖ਼ੁਦਮੁਖ਼ਤਿਆਰੀ ਸੰਬੰਧੀ ਸਨਮਾਨ ਦੀ ਭਾਵਨਾ ਹੈ। ਇਸ ਲਈ, ਕਿਉਂਕਿ ਸਾਡੇ ਕੋਲ ਆਮ ਜਨਤਾ ਦਾ ਸਮੱਰਥਨ ਸੀ, ਨਾਲ ਹੀ ਕ੍ਰਾਂਤੀ ਦੀ ਰੱਖਿਆ ਕਰਨ ਲਈ ਲੋੜੀਂਦੀ ਸ਼ਕਤੀ ਵੀ। ਇਸ ਤੋਂ ਇਲਾਵਾ ਆਮ ਜਨਤਾ ਦੇ ਹਿਤਾਂ ਦੇ ਅਨੁਕੂਲ ਇਕ ਪ੍ਰੋਗਰਾਮ ਸੀ। ਇਸ ਕਾਰਣ ਸਾਨੂੰ ਹੋਰ ਵੱਧ ਯਕੀਨ ਸੀ ਕਿ ਸਾਡੇ ਦੇਸ਼ ਦੀ ਖ਼ੁਦਮੁਖ਼ਤਿਆਰੀ ਦਾ ਸਨਮਾਨ ਕੀਤਾ ਜਾਵੇਗਾ।

ਮੇਰਾ ਮੰਨਣਾ ਹੈ ਕਿ ਇਸ ਤਰ੍ਹਾਂ ਅਸੀਂ ਅਪਣੇ ਆਪ ਨੂੰ ਧੋਖਾ ਦਿੱਤਾ। ਗੁਆਟੇਮਾਲਾ ਵਿਚ



ਆਰਬੇਂਜ਼ ਦੀ ਸਰਕਾਰ ਨਾਲ ਹੋਏ ਹਾਦਸੇ ਦੇ ਅਨੁਭਵ ਤੋਂ ਬਾਅਦ ਹੀ ਸਾਡਾ ਵਿਸ਼ਵਾਸ਼ ਸੀ ਕਿ ਦਖ਼ਲਅੰਦਾਜ਼ੀ ਦੀਆਂ ਕਾਰਵਾਈਆਂ ਨੂੰ ਕਰਨ ਦਾ ਸਮਾਂ ਖ਼ਤਮ ਹੋ ਗਿਆ ਹੈ ਕਿਉਂਕਿ ਅਸੀਂ ਮੰਨਦੇ ਸੀ ਕਿ ਸਾਡਾ ਕੰਮ ਨਿਆਂਕਾਰੀ ਹੈ ਅਤੇ ਅਸੀਂ ਲੋਕਾਂ ਲਈ ਕੰਮ ਕਰ ਰਹੇ ਹਾਂ, ਜਿਸ ਨੂੰ ਅੰਤਰ-ਰਾਸ਼ਟਰੀ ਸਮੱਰਥਨ ਅਤੇ ਹਮਦਰਦੀ ਹਾਸਲ ਹੈ। ਇਥੋਂ ਤਕ ਕਿ ਸੰਯੁਕਤ ਰਾਜ ਅਮਰੀਕਾ ਦਾ ਵੀ ਸਮੱਰਥਨ ਹਾਸਲ ਹੈ। ਇਸ ਕਾਰਣ ਸਾਨੂੰ ਵਿਸ਼ਵਾਸ਼ ਸੀ ਕਿ ਸਾਡੇ ਦੇਸ਼ ਦਾ ਸਨਮਾਨ ਕੀਤਾ ਜਾਵੇਗਾ।

ਉਸ ਸਮੇਂ ਸਾਡੇ ਕੋਲ ਇਕ ਬਹੁਤ ਹੀ ਆਧੁਨਿਕ ਤੇ ਪ੍ਰਗਤੀਸ਼ੀਲ ਪ੍ਰੋਗਰਾਮ ਸੀ; ਜਿਸ ਨੂੰ ਮੋਨਕਾਡਾ ਪ੍ਰੋਗਰਾਮ ਕਿਹਾ ਗਿਆ। ਮੈਂ ਇਸ ਦੀ ਵਿਆਖਿਆ ਨਹੀਂ ਕਰ ਰਿਹਾ ਪਰ ਮੈਂ ਇਹ ਜ਼ਰੂਰ ਦੱਸਣਾ ਚਾਹਾਂਗਾ ਕਿ ਇਸ ਵਿਚ ਕ੍ਰਾਂਤੀਕਾਰੀ ਢੰਗ ਨਾਲ ਭੂਮੀ-ਸੁਧਾਰ ਕਰਨਾ ਅਤੇ ਇਸ ਦੇ ਨਾਲ ਹੀ ਸ਼ਹਿਰੀ-ਸੁਧਾਰ ਸ਼ਾਮਲ ਸਨ। ਇਸ ਵਿਚ ਯੁੱਧ-ਅਪਰਾਧੀਆਂ ਨੂੰ ਸਜ਼ਾ ਦੇਣਾ ਸ਼ਾਮਲ ਸੀ। ਇਸ ਵਿਚ ਉਨ੍ਹਾਂ ਲੋਕਾਂ 'ਤੇ ਮੁਕੱਦਮਾ ਚਲਾਉਣਾ ਅਤੇ ਦੰਡ ਦੇਣਾ ਸ਼ਾਮਲ ਸੀ ਜਿਨ੍ਹਾਂ ਨੇ ਗੰਭੀਰ ਅਪਰਾਧ ਕੀਤੇ ਸਨ। ਮਾੜੇ ਕਰਮਾਂ ਨੂੰ ਉਨ੍ਹਾਂ ਵਿਚੋਂ ਕਈ ਅਪਰਾਧੀ ਭੱਜ ਗਏ ਅਤੇ ਉਨ੍ਹਾਂ ਸੰਯੁਕਤ ਰਾਜ ਅਮਰੀਕਾ ਵਿਚ ਜਾ ਕੇ ਸ਼ਰਨ ਲੈ ਲਈ। ਇਨ੍ਹਾਂ ਅਪਰਾਧੀਆਂ ਨੇ ਹਜ਼ਾਰਾਂ ਹੱਤਿਆਵਾਂ ਤੇ ਸੰਪਤੀ ਚੋਰੀ ਕੀਤੀ ਸੀ। ਇਨ੍ਹਾਂ ਸਾਰੀਆਂ ਪਰਸਥਿਤੀਆਂ ਅਤੇ ਇਸ ਕੌੜੇ ਸੱਚ ਨੂੰ ਕ੍ਰਾਂਤੀ ਦੀ ਜਿੱਤ ਤੋਂ ਬਾਅਦ ਸਾਡੇ ਦੇਸ਼ ਵਿਚ ਦੋਹਰਾਇਆ ਗਿਆ।

? ਜੇਕਰ ਭਵਿੱਖ ਵੱਲ ਵੇਖੀਏ ਤਾਂ ਕ੍ਰਾਂਤੀਕਾਰੀ ਸਮਾਜਵਾਦ, ਮਾਰਕਸਵਾਦ ਪਤਨਸ਼ੀਲ ਦਿਖਾਈ ਦਿੰਦੇ ਹਨ। ਕੀ ਅਜਿਹਾ ਨਹੀਂ ਹੈ? ਕੀ ਮਾਰਕਸਵਾਦ ਦਾ ਕੋਈ ਭਵਿੱਖ ਹੈ?

ਕਾਸਤਰੋ- ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਸਮਾਜਵਾਦ ਕੋਈ ਅਜਿਹੀ ਚੀਜ਼ ਨਹੀਂ ਹੈ, ਜਿਸਨੂੰ ਸਮਾਜਵਾਦ ਦੇ ਕਿਸੇ ਇਕ ਸਿਧਾਂਤਕਾਰ ਨਾਲ ਸੰਬੰਧਤ ਕਰ ਦਿੱਤਾ ਜਾਵੇ। ਇਸ ਦੇ ਬਾਵਜੂਦ ਸਮਾਜਵਾਦ ਦੇ ਸਭ ਤੋਂ ਤੇਜਸਵੀ ਅਤੇ ਪ੍ਰਚਾਰਕ ਚਿੰਤਕ ਮਾਰਕਸ ਸਨ। ਜੇਕਰ ਉਨ੍ਹਾਂ ਦੇ ਸਾਰੇ ਵਿਚਾਰ ਨਹੀਂ ਤਾਂ ਬਹੁਤੇ ਸਾਰੇ ਅੱਜ ਵੀ ਸਹੀ ਅਤੇ ਅਪਣੇ ਆਪ ਵਿਚ ਸੰਪੂਰਨ ਹਨ।

ਮਾਰਕਸ ਦੇ ਸਮੇਂ ਕੁਦਰਤੀ ਸਾਧਨ ਅਸੀਮਤ ਪ੍ਰਤੀਤ ਹੁੰਦੇ ਸਨ। ਕੋਈ ਵੀ ਉਸ ਸਮੇਂ ਤੇਲ ਜਾਂ ਗੈਸ ਬਾਰੇ ਏਨਾ ਨਹੀਂ ਜਾਣਦਾ ਸੀ। ਕੇਵਲ ਕੋਇਲਾ ਹੀ ਪ੍ਰਯੋਗ ਕੀਤਾ ਜਾਂਦਾ ਸੀ। ਮਾਰਕਸ ਲਈ ਵੀ ਇਸ ਧਰਤੀ ਦੇ ਸਾਧਨ ਅਸੀਮਤ ਸਨ।

ਮਾਰਕਸ ਅੱਜ ਦੇ ਦੌਰ ਦੀਆਂ ਪ੍ਰਸਥਿਤੀਆਂ ਬਾਰੇ ਨਹੀਂ ਜਾਣਦੇ ਸਨ। ਉਹ ਉਦਯੋਗੀਕਰਨ ਅਤੇ ਪੂੰਜੀਵਾਦ ਦੇ ਵਿਸ਼ੇ ਬਾਰੇ ਜਾਣਦੇ ਸਨ; ਜਿਸਦਾ ਉਨ੍ਹਾਂ ਇੰਗਲੈਂਡ ਤੇ ਜਰਮਨੀ ਵਿਚ ਅਧਿਐਨ ਕੀਤਾ ਸੀ। ਉਨ੍ਹਾਂ ਨੇ ਸੰਯੁਕਤ ਰਾਜ ਅਮਰੀਕਾ ਬਾਰੇ ਸਨਮਾਨਯੋਗ ਢੰਗ ਨਾਲ ਹੀ ਕਿਹਾ ਹੈ। ਉਹ ਅਕਸਰ ਸੰਯੁਕਤ ਰਾਜ ਅਮਰੀਕਾ ਦੇ ਪੂੰਜੀਵਾਦ ਬਾਰੇ ਚਰਚਾ ਕਰਦੇ ਸਨ। ਪਰ ਮਾਰਕਸ ਇਕ ਵਿਸ਼ਵੀਕ੍ਰਿਤ ਵਿਸ਼ਵ ਦੀ ਧਾਰਨਾ ਨਾਲ ਸਹਿਮਤ ਸਨ। ਉਹ ਇਕ ਦੇਸ਼ ਵਿਚ ਸਮਾਜਵਾਦ ਦੀ ਸੰਭਾਵਨਾ ਨਾਲ ਸਹਿਮਤ ਨਹੀਂ ਸਨ।

ਕਿਹਾ ਜਾ ਸਕਦਾ ਹੈ ਕਿ ਮਾਰਕਸ ਸਮਾਜਵਾਦੀ ਵਿਸ਼ਵੀਕਰਨ ਦੇ ਸਿਧਾਂਤਕਾਰ ਸਨ। ਉਹ

ਵਿਸ਼ਵੀਕਰਨ ਨੂੰ ਪੂੰਜੀਵਾਦੀ ਵਿਕਾਸ ਦੀ ਲਾਜ਼ਮੀ ਘਟਨਾ ਮੰਨਦੇ ਸੀ। ਸਭਿਅਤਾ, ਉਤਪਾਦਕ ਸ਼ਕਤੀਆਂ ਅਤੇ ਤਕਨੀਕ ਦੇ ਵਿਕਾਸ ਦਾ ਇਕ ਅਜਿਹਾ ਨਤੀਜਾ ਜਿਸ ਤੋਂ ਬਚਿਆ ਨਹੀਂ ਜਾ ਸਕਦਾ। ਇਸ ਦੇ ਵਿਕਾਸ ਨੂੰ ਰੋਕਿਆ ਨਹੀਂ ਜਾ ਸਕਦਾ।

?ਤੇ ਹੁਣ ਕੀ ਸਥਿਤੀ ਦੇਖਦੇ ਹੋ ਤੁਸੀਂ।

ਕਾਸਤਰੋ- ਹੁਣ ਜੋ ਸਥਿਤੀ ਹੈ ਉਸ ਬਾਰੇ ਇਹ ਵਿਚਾਰ ਕਰਨਾ ਹੈ ਕਿ ਉਸ ਵਿਚ ਕਿਸ ਤਰ੍ਹਾਂ ਦਾ ਵਿਸ਼ਵੀਕਰਨ ਹੋ ਰਿਹਾ ਹੈ? ਇਹ ਅਜਿਹਾ ਵਿਸ਼ਵ ਹੈ ਜਿਥੇ ਰਾਸ਼ਟਰ ਰਾਜ ਅਲੋਪ ਹੋ ਰਹੇ ਹਨ। ਅਪਣੀ ਸ਼ਕਤੀ ਖੋ ਰਹੇ ਹਨ। ਜਿਵੇਂ ਕਿ ਯੂਰਪ ਵਿਚ; ਜਿਥੇ ਉਹ ਕਾਫ਼ੀ ਸਾਲਾਂ ਤਕ ਲੜਦੇ-ਝਗੜਦੇ ਰਹੇ ਪਰ ਅੱਜ ਉਹ ਇਕਜੁਟ ਹੋ ਰਹੇ ਹਨ। ਅੱਜ ਉਹ ਦੋਸਤ ਬਣੇ ਹੋਏ ਹਨ। ਸੀਮਾਵਾਂ ਨੂੰ ਪਾਰ ਕਰ ਰਹੇ ਹਨ। ਕਈ ਹੋਰ ਤਰੀਕਿਆਂ ਨਾਲ ਵੀ ਰਾਸ਼ਟਰ ਰਾਜ ਅਲੋਪ ਹੋ ਰਹੇ ਹਨ।

ਪਰ ਪੂੰਜੀਵਾਦੀ ਨਵ-ਉਦਾਰਵਾਦੀ ਵਿਸ਼ਵੀਕਰਨ ਸੁਭਾਅ ਪੱਖੋਂ ਹੀ ਗੈਰ-ਮਨੁੱਖੀ ਹੈ। ਸਾਨੂੰ ਕਿਸੇ ਦਿਨ ਮਾਰਕਸ ਦੇ ਕਾਰਜ ਦਾ ਪੁਨਰ-ਮੁਲੰਕਣ ਕਰਨਾ ਹੋਵੇਗਾ। ਕਿਉਂਕਿ ਉਹ ਪਹਿਲੇ ਵਿਅਕਤੀ ਸਨ ਜੋ ਸੰਪੂਰਨ ਵਿਸ਼ਵੀਕ੍ਰਿਤ ਅਰਥ-ਵਿਵਸਥਾ ਨਾਲ ਸਹਿਮਤ ਸਨ। ਉਹ ਇਕ ਦੇਸ਼ ਵਿਚ ਸਮਾਜਵਾਦ ਦੀ ਸੰਭਾਵਨਾ ਨਾਲ ਸਹਿਮਤ ਨਹੀਂ ਸਨ। ਉਹ ਇਸ ਬਾਰੇ ਸੋਚ ਵੀ ਨਹੀਂ ਸਕਦੇ ਸਨ ਕਿ ਉਸ ਸਮੇਂ ਯੂਰਪ ਦਾ ਸਭ ਤੋਂ ਪੱਛੜਿਆ ਮੁਲਕ ਪਹਿਲਾ ਸਮਾਜਵਾਦੀ ਦੇਸ਼ ਬਣੇਗਾ, ਸੋਵੀਅਤ ਸੰਘ ਦੇ ਰੂਪ ਵਿਚ।

ਉਨ੍ਹਾਂ ਪੂੰਜੀਵਾਦ ਦਾ ਉਚਿਤ ਅਧਿਐਨ ਕੀਤਾ। ਬਹੁਕੌਮੀ ਪੂੰਜੀਵਾਦੀ ਕੰਪਨੀਆਂ, ਅਸੰਤੁਲਤ ਵਿਕਾਸ ਅਤੇ ਵੱਡੀਆਂ ਆਰਥਕ ਤਾਕਤਾਂ ਵਿਚਕਾਰ ਮੌਜੂਦ ਗਲਵੱਢ ਮੁਕਾਬਲੇ ਬਾਰੇ ਉਨ੍ਹਾਂ ਨੇ ਪੂਰਾ ਅਧਿਐਨ ਕੀਤਾ ਸੀ।

ਲੈਨਿਨ ਨੂੰ ਜਰਮਨੀ ਵਿਚ ਕ੍ਰਾਂਤੀ ਦੀ ਉਮੀਦ ਸੀ ਅਤੇ ਦੂਸਰੇ ਵਿਕਸਤ ਦੇਸ਼ਾਂ ਵਿਚ ਇਸ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਸੀ। ਇਕ ਦੇਸ਼ ਵਿਚ ਸਮਾਜਵਾਦ, ਸੋਵੀਅਤ ਸੰਘ ਦਾ ਉਦੈ ਇਸ ਕਾਰਣ ਹੋਇਆ ਕਿਉਂਕਿ ਉਨ੍ਹਾਂ ਕੋਲ ਹੋਰ ਕੋਈ ਬਦਲ ਨਹੀਂ ਸੀ। ਇਕ ਕ੍ਰਾਂਤੀਕਾਰੀ ਦੇ ਰੂਪ ਵਿਚ ਉਹ ਇਸ ਨਾਲੋਂ ਵੱਧ ਹੋਰ ਕੀ ਦੇ ਸਕਦੇ ਸਨ? ਮਾਰਕਸ ਦੇ ਵਿਚਾਰਾਂ 'ਤੇ ਅਧਾਰਤ ਉਨ੍ਹਾਂ ਨੇ ਇਕ ਦੇਸ਼ ਵਿਚ ਸਮਾਜਵਾਦ ਦੇ ਨਿਰਮਾਣ ਦਾ ਯਤਨ ਕੀਤਾ, ਜੋ ਉਦਯੋਗਿਕ ਤੌਰ 'ਤੇ ਕਾਫ਼ੀ ਪੱਛੜਿਆ ਮੁਲਕ ਸੀ। ਘੱਟੋ-ਘੱਟ ਮਾਰਕਸ ਦੀਆਂ ਧਾਰਨਾਵਾਂ ਦੇ ਅਨੁਕੂਲ ਤਾਂ ਬਿਲਕੁਲ ਵੀ ਨਹੀਂ ਸੀ। ਇਸ ਲਈ ਸਿਧਾਂਤਕ ਖੇਤਰ ਵਿਚ ਉਨ੍ਹਾਂ ਦਾ ਯੋਗਦਾਨ ਅੱਤਵਾਦੀ ਰੂਪ ਵਿਚ ਨਹੀਂ ਵੇਖਿਆ ਜਾਣਾ ਚਾਹੀਦਾ।

ਭਵਿੱਖ ਦੇ ਬੁੱਧੀਜੀਵੀਆਂ ਨੂੰ ਮਾਰਕਸ ਤੇ ਲੈਨਿਨ ਦਾ ਹੋਰ ਜ਼ਿਆਦਾ ਗੰਭੀਰਤਾ ਨਾਲ ਅਧਿਐਨ ਕਰਨ ਦੀ ਲੋੜ ਹੈ। ਉਨ੍ਹਾਂ ਨੇ ਮਿਲਟਨ (ਫ੍ਰੀਡਮੈਨ) ਤੋਂ ਵੀ ਵੱਧ ਅਧਿਐਨ ਕੀਤਾ ਹੋਵੇਗਾ। ਕੇਨਸ ਤੋਂ ਵੀ ਜ਼ਿਆਦਾ, ਜੋ ਇਕ ਮਹੱਤਵਪੂਰਨ ਵਿਅਕਤੀ ਸੀ। ਐਡਮ ਸਮਿਥ ਤੇ ਡੇਵਿਡ ਰਿਕਾਰਡੋ ਤੋਂ ਵੀ ਵੱਧ, ਵਰਤਮਾਨ ਅਰਥ-ਵਿਵਸਥਾ ਦੇ ਸਾਰੇ ਮਹਾਨ ਸਿਧਾਂਤਕਾਰਾਂ ਨਾਲੋਂ ਜ਼ਿਆਦਾ, ਅਰਥ-ਸ਼ਾਸਤਰ ਦਾ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲੇ ਵਿਦਵਾਨਾਂ ਨਾਲੋਂ



ਵੀ ਵੱਧ। ਭਵਿੱਖ ਵਿਚ ਮਾਰਕਸ ਤੇ ਲੈਨਿਨ ਦਾ ਅਧਿਐਨ ਇਸ ਲਈ ਵੀ ਜ਼ਰੂਰ ਕਰਨਾ ਹੋਵੇਗਾ, ਕਿਉਂਕਿ ਨੇੜ ਭਵਿੱਖ ਵਿਚ ਇਕ ਵਿਸ਼ਵੀਕ੍ਰਿਤ ਦੁਨੀਆ ਹੋਂਦ ਵਿਚ ਜ਼ਰੂਰ ਆਵੇਗੀ ਅਤੇ ਉਸ ਸਮੇਂ ਇਸ ਸਵਾਲ ਦਾ ਜਵਾਬ ਦੇਣਾ ਸਭ ਤੋਂ ਵੱਧ ਲਾਜ਼ਮੀ ਹੋਵੇਗਾ ਕਿ ਕੀ ਪੂਰਨ ਰੂਪ ਵਿਚ ਵਿਸ਼ਵੀਕ੍ਰਿਤ ਵਿਸ਼ਵ ਨੂੰ ਪਸੰਦ ਕੀਤਾ ਜਾਵੇਗਾ?

ਜੇਕਰ ਕਾਰਲ ਮਾਰਕਸ ਅਤੇ ਪੋਪ ਜੌਨ ਪਾਲ ਦੇ ਵਿਚਕਾਰ ਕੋਈ ਸਮਾਨਤਾ ਹੈ-ਤਾਂ ਉਹ ਇਹ ਹੈ ਕਿ ਕਾਰਲ ਮਾਰਕਸ ਨੇ ਸਰਵਹਾਰਾ ਦੇ ਅੰਤਰ-ਰਾਸ਼ਟਰੀਕਰਨ ਬਾਰੇ ਕਿਹਾ ਸੀ ਅਤੇ ਪੋਪ ਜੌਨ ਪਾਲ ਨੇ ਆਪਸੀ ਭਾਈਚਾਰੇ ਦੇ ਵਿਸ਼ਵੀਕਰਨ ਦੀ ਮੰਗ ਕੀਤੀ ਹੈ। ਭਵਿੱਖ ਵੱਲ ਵੇਖੀਏ ਤਾਂ ਉੱਤਰ ਲਈ ਕੁਝ ਪ੍ਰਸ਼ਨ ਬਾਕੀ ਹਨ। ਵਿਸ਼ਵੀਕ੍ਰਿਤ ਵਿਸ਼ਵ ਨੂੰ ਕਿਸ ਤਰ੍ਹਾਂ ਦਾ ਹੋਣਾ ਹੋਵੇਗਾ? ਕੀ ਵਰਤਮਾਨ ਦੀਆਂ ਵਸ਼ਿਸ਼ਟੀਕਰਨ ਦੀਆਂ ਧਾਰਨਾਵਾਂ 'ਤੇ ਅਧਾਰਤ ਵਿਸ਼ਵ ਅਰਥ-ਵਿਵਸਥਾ ਵਾਲਾ ਵਿਸ਼ਵ ਲੋਕ ਪੱਖੀ ਹੋਵੇਗਾ?

ਤੱਥ ਇਹ ਹੈ ਕਿ ਪੂੰਜੀਵਾਦ ਨੇ ਕੇਵਲ ਉਤਪਾਦਨ ਸ਼ਕਤੀਆਂ ਦਾ ਹੀ ਵਿਕਾਸ ਨਹੀਂ ਕੀਤਾ, ਨਾ ਹੀ ਉਸ ਰਾਜਨੀਤਕ ਆਰਥਕਤਾ ਨੂੰ ਹੀ ਉਤਪੰਨ ਕੀਤਾ ਹੈ ਜਿਸਨੇ ਪੂਰੇ ਵਿਸ਼ਵ ਨੂੰ ਅਪਣੇ ਪ੍ਰਭਾਵ ਹੇਠ ਰੱਖਿਆ ਹੋਇਆ ਹੈ ਬਲਕਿ ਪੂੰਜੀਵਾਦ ਜੀਵਨ ਦੇ ਵੱਖ-ਵੱਖ ਰੂਪਾਂ, ਪੂੰਜੀ ਦੀ ਖਪਤ ਅਤੇ ਵੰਡ ਦਾ ਵਿਕਾਸ ਕਰਦਾ ਹੈ; ਜੋ ਕਿ ਪੂਰੇ ਸੰਸਾਰ ਦੇ ਸੰਦਰਭ ਵਿਚ ਲੋਕ ਪੱਖੀ ਨਹੀਂ ਹੈ ਅਤੇ ਉਸ ਦਾ ਕੋਈ ਭਵਿੱਖ ਵੀ ਨਹੀਂ ਹੈ।

ਮੈਨੂੰ ਯਕੀਨ ਹੈ ਕਿ ਮਨੁੱਖਤਾ ਇਸ ਦੇ ਜਵਾਬ ਲੱਭੇਗੀ, ਪਰ ਨਵੀਆਂ ਸਮੱਸਿਆਵਾਂ ਹਨ ਅਤੇ ਯਾਦ ਰੱਖੋ ਕਿ ਮਾਰਕਸ, ਏਂਜਲਸ ਅਤੇ ਲੈਨਿਨ ਦੇ ਕਾਰਜ ਕੋਈ ਧਰਮ ਗ੍ਰੰਥ ਨਹੀਂ ਹਨ। ਉਹ ਰੂੜੀਵਾਦ ਅਤੇ ਕੱਟੜਤਾ ਤੋਂ ਦੂਰ ਸਨ। ਇਸ ਲਈ ਉਨ੍ਹਾਂ ਦੇ ਅਤੇ ਹੋਰ ਬਾਕੀ ਵਿਚਾਰਾਂ ਨੂੰ ਨਵੀਆਂ ਪਰਸਥਿਤੀਆਂ ਦੇ ਅਨੁਰੂਪ ਵਿਕਸਤ ਹੋਣਾ ਹੋਵੇਗਾ।

? ਮੇਰੇ ਖ਼ਿਆਲ ਵਿਚ ਤੁਹਾਡਾ ਜਵਾਬ ਹੈ ਕਿ ਸਮਾਜਵਾਦ ਲੋਕ ਪੱਖੀ ਹੈ ਅਤੇ ਭਵਿੱਖ ਵਿਚ ਵੀ ਇਸ ਦੀ ਹੋਂਦ ਰਹੇਗੀ?

ਕਾਸਤਰੋ- ਬਿਲਕੁਲ ਇਹੋ ਗੱਲ ਹੈ। ਕੁਝ ਦਿਨਾਂ ਬਾਅਦ ਅਸੀਂ ਸਮਾਜਵਾਦੀ ਵੰਡ ਵੇਖਾਂਗੇ। ਲਾਤੀਨੀ ਅਮਰੀਕਾ ਨੂੰ ਹੀ ਲੈਂਦੇ ਹਾਂ। ਇਹ ਦੁਨੀਆ ਦਾ ਉਹ ਹਿੱਸਾ ਹੈ, ਜਿਥੇ ਸੰਪਤੀ ਦੀ ਸਭ ਤੋਂ ਬੇਹੂਦਾ ਵੰਡ ਹੈ।

ਤੁਸੀਂ ਮਾਰਕਸਵਾਦ ਤੇ ਸਮਾਜਵਾਦ ਦਾ ਜ਼ਿਕਰ ਕੀਤਾ। ਮੈਂ ਕਿਸੇ ਕਿਸਮ ਦੀ ਤੁਲਨਾ ਨਹੀਂ ਕਰਨਾ ਚਾਹੁੰਦਾ, ਪਰ ਕਈ ਗੱਲਾਂ ਮੇਰੇ ਜ਼ਿਹਨ ਵਿਚ ਹਨ। ਜਦੋਂ ਰੋਮਨਾਂ ਨੇ ਯੇਰੂਸ਼ਲਮ 'ਤੇ ਕਬਜ਼ਾ ਕਰ ਲਿਆ ਅਤੇ ਸ਼ੁਰੂਆਤੀ ਈਸਾਈ ਇਧਰ-ਉਧਰ ਬਿਖਰ ਗਏ, ਉਦੋਂ ਪ੍ਰਤੀਤ ਹੁੰਦਾ ਸੀ ਕਿ ਈਸਾਈਅਤ ਰੋਮਨ ਸਾਮਰਾਜ ਦੀਆਂ ਕਬਰਾਂ ਵਿਚ ਦਫ਼ਨ ਹੋ ਜਾਵੇਗੀ। ਉਦੋਂ ਕੋਈ ਇਹ ਸ਼ਰਤ ਵੀ ਨਹੀਂ ਸੀ ਲਗਾਉਂਦਾ ਕਿ ਰੋਮਨ ਮੂਰਤੀ ਪੂਜਕਾਂ ਦੇ ਵਿਚਾਰ ਨੂੰ ਵਿਸਥਾਪਤ ਕਰਦੇ ਹੋਏ ਈਸਾਈਅਤ ਦਾ ਵਿਚਾਰ ਜਿਉਂਦਾ ਰਹੇਗਾ ਅਤੇ ਇਹ ਵਿਚਾਰ ਪੂਰੀ ਦੁਨੀਆ ਵਿਚ ਪ੍ਰਸਾਰਤ ਹੋ ਜਾਵੇਗਾ। ਇਸ ਧਰਮ ਦੇ ਇਕ ਖਰਬ ਤੋਂ ਵੱਧ ਅਨੁਯਾਈ ਹੋਣਗੇ। ਜਦੋਂ ਵਾਲਟੇਅਰ, ਦਿਦਰੋ ਤੇ

ਰੂਸੋ ਵਰਗੇ ਫਰਾਂਸ ਦੀ ਕ੍ਰਾਂਤੀ ਦੇ ਦਾਰਸ਼ਿਨਕਾਂ ਨੇ ਅਪਣੇ ਵਿਚਾਰ ਪੇਸ਼ ਕੀਤੇ ਸਨ, ਉਸ ਸਮੇਂ ਇਨ੍ਹਾਂ ਵਿਚਾਰਾਂ ਨੂੰ ਅਪਵਿੱਤਰ ਤੇ ਧਰਮ-ਵਿਰੋਧੀ ਮੰਨਿਆ ਗਿਆ ਸੀ। ਕੋਈ ਵੀ ਉਸ ਸਮੇਂ ਵਿਸ਼ਵਾਸ ਨਹੀਂ ਕਰ ਸਕਦਾ ਸੀ ਕਿ ਇਕ ਦਿਨ ਇਹ ਵਿਚਾਰ ਪੱਛਮੀ ਜਗਤ ਵਿਚ ਸਭ ਤੋਂ ਵੱਧ ਪ੍ਰਚਲਤ ਹੋਣਗੇ। ਜਦੋਂ ਡਾਂਟੋਨ, ਰਾਬਸਪਿਯਰੇ ਸਮੇਤ ਫਰਾਂਸੀਸੀ ਕ੍ਰਾਂਤੀ ਦੇ ਉਗਰ ਕ੍ਰਾਂਤੀਕਾਰੀ, ਜਿਨ੍ਹਾਂ ਨੂੰ ਬਾਅਦ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਰਾਸ਼ਟਰੀ ਸਭਾ ਵਿਚ ਬਹਿਸ ਕੀਤੀ ਸੀ ਅਤੇ (ਕਲੈਂਡਰ) ਸਮੇਂ ਵਿਚ ਪਰਿਵਰਤਨ ਕੀਤਾ ਗਿਆ ਸੀ। ਤਰਕ ਦੀ ਮਹੱਤਤਾ ਸਥਾਪਤ ਕੀਤੀ ਗਈ ਸੀ। ਕੁਝ ਗੱਲਾਂ ਕਿਸੇ ਦੇ'ਤੇ ਦੇ ਜਨਮ ਵਾਂਗ ਤਾਂ ਘੱਟੋ-ਘੱਟ ਮਾਰਕਸਵਾਦ ਵਿਚ ਪੈਦਾ ਨਹੀਂ ਹੋਈਆਂ। ਕੋਈ ਵੀ ਨਹੀਂ ਸੋਚੇਗਾ ਕਿ ਉਹ ਪੱਛਮੀ ਦੁਨੀਆ ਦੀ ਬੁਨਿਆਦ ਹੀ ਹਿਲਾ ਦੇਣਗੇ।

ਜਦੋਂ ਫਰਾਂਸੀਸੀ ਕ੍ਰਾਂਤੀ ਦਾ ਦਮਨ ਕੀਤਾ ਗਿਆ ਅਤੇ ਬੋਨਾਪਾਰਟ ਦਾ ਸਾਮਰਾਜ ਸਥਾਪਤ ਹੋਇਆ ਅਤੇ ਪਵਿੱਤਰ ਗਠਬੰਧਨ ਹੋਂਦ ਵਿਚ ਆਇਆ, ਕੋਈ ਵੀ ਇਸ ਗੱਲ 'ਤੇ ਵਿਸ਼ਵਾਸ ਨਹੀਂ ਸੀ ਕਰਦਾ ਕਿ ਇਕ ਦਿਨ ਇਸ ਕ੍ਰਾਂਤੀ ਦਾ ਵਿਚਾਰ ਵਿਸ਼ਵ ਵਿਚ ਪੂੰਜੀਵਾਦੀ ਅਰਥ-ਵਿਵਸਥਾ ਅਤੇ ਸਿਆਸੀ ਸੱਤਾ ਦਾ ਜਨਮਦਾਤਾ ਹੋਵੇਗਾ। ਸਮਾਜਵਾਦ ਦਾ ਵਿਚਾਰ ਜੋ ਅਪਣੇ ਆਪ ਵਿਚ ਸਰਵੋਤਮ ਹੈ ਅਤੇ ਮਨੁੱਖ ਨੂੰ ਆਪਸੀ ਭਾਈਚਾਰੇ ਦੀ ਅਪੀਲ ਕਰਦਾ ਹੈ, ਇਹ ਵਿਚਾਰ ਕਿਵੇਂ ਖ਼ਤਮ ਹੋ ਜਾਵੇਗਾ? ਇਸ ਤੋਂ ਬਾਅਦ ਬਚੇਗਾ ਹੀ ਕੀ? ਸਵਾਰਥੀਪੁਣਾ, ਵਿਅਕਤੀਵਾਦ, ਨਿੱਜੀ ਲਾਲਸਾਵਾਂ, ਇਹ ਵਿਸ਼ਵ ਨੂੰ ਬਚਾ ਨਹੀਂ ਸਕਣਗੇ। ਮੈਂ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਹੋ ਵਿਚਾਰ ਮੈਂ ਸੋਚਦਾ ਹਾਂ।

? ਭਵਿੱਖ ਪ੍ਰਤੀ ਤੁਸੀਂ ਨਿਰਾਸ਼ ਹੋ ਜਾ ਸਾਕਾਰਾਤਮਕ?

ਕਾਸਤਰੋ- ਕੋਈ ਵੀ ਨਿਰਾਸ਼ਾਵਾਦੀ ਕਦੇ ਵੀ ਕ੍ਰਾਂਤੀਕਾਰੀ ਨਹੀਂ ਹੋ ਸਕਦਾ। ਸਾਡੇ ਸਾਹਮਣੇ ਜੋ ਵੀ ਕਠਿਨਾਈਆਂ ਸਨ, ਉਹ ਬਹੁਤ ਭਾਰੀ ਤੇ ਬਹੁਤ ਵੱਡੀਆਂ ਸਨ। ਜੇਕਰ ਅਸੀਂ ਹਾਂ-ਪੱਖੀ ਨਾ ਹੁੰਦੇ ਤਾਂ ਨਿਸ਼ਚਤ ਹੀ ਅਸੀਂ ਉਨ੍ਹਾਂ ਉੱਪਰ ਜਿੱਤਾਂ ਪ੍ਰਾਪਤ ਨਾ ਕਰ ਸਕਦੇ।

ਜਦੋਂ ਅਸੀਂ ਗ੍ਰਾਨਾਮਾ (1956 ਵਿਚ) ਅਪਣੇ ਸੰਘਰਸ਼ ਦੀ ਸ਼ੁਰੂਆਤ ਕਰਨ ਲਈ ਪਹੁੰਚੇ, ਅਸੀਂ ਕੇਵਲ 82 ਲੜਾਕੂ ਸਾਂ। ਅਸੀਂ ਸੋਚਿਆ ਸੀ ਕਿ 300 ਵਿਅਕਤੀਆਂ ਨਾਲ ਸੰਘਰਸ਼ ਦੀ ਸ਼ੁਰੂਆਤ ਕਰਾਂਗੇ। ਇਸ ਮਗਰੋਂ ਅਸੀਂ ਫਿਰ ਬਿਖਰ ਗਏ। ਬਾਅਦ ਵਿਚ ਜਦੋਂ ਅਸੀਂ ਸੰਗਠਤ ਹੋਏ, ਸਾਡੇ ਕੋਲ ਸਿਰਫ਼ ਸੱਤ ਹਥਿਆਰਬੰਦ ਵਿਅਕਤੀ ਸਨ। ਸ਼ੁਰੂਆਤ ਵਿਚ ਤਾਂ ਦੋ ਵਿਅਕਤੀਆਂ ਤੇ ਦੋ ਰਾਇਫ਼ਲਾਂ ਨਾਲ ਮੈਂ ਇੱਕਲਾ ਸੀ। ਮੇਰੇ ਤੇ ਮੇਰੇ ਸਾਥੀ ਕੋਲ ਰਾਈਫ਼ਲ ਸੀ। ਸਾਡੇ ਤੀਸਰੇ ਸਾਥੀ ਕੋਲ ਕੋਈ ਵੀ ਹਥਿਆਰ ਨਹੀਂ ਸੀ। ਇਕ ਅਚਾਨਕ ਹੋਏ ਹਮਲੇ ਦੌਰਾਨ ਸਾਨੂੰ ਵੱਖ ਹੋਣਾ ਪਿਆ, ਜਿਸ ਵਿਚ ਦੁਸ਼ਮਣ ਨੇ ਸਾਡੇ ਅਨੁਭਵਹੀਣ ਹੋਣ ਦਾ ਫਾਇਦਾ ਉਠਾਇਆ। ਪਰ ਅਸੀਂ ਸਿਖਿਆ। ਬਾਅਦ ਵਿਚ ਤਾਂ ਅਸੀਂ ਅਪਣਾ ਪਾਠ ਚੰਗੀ ਤਰ੍ਹਾਂ ਹੀ ਸਿੱਖ ਲਿਆ ਸੀ।

ਇਸ ਲਈ ਤੁਸੀਂ ਵੇਖ ਸਕਦੇ ਹੋ ਕਿ ਇਸ ਤਰ੍ਹਾਂ ਹਥਿਆਰਬੰਦ ਵਿਆਕਤੀਆਂ ਦਾ ਛੋਟਾ ਜਿਹਾ ਸਮੂਹ ਦੋਬਾਰਾ ਸੰਗਠਿਤ ਹੋਣ ਦੇ ਯੋਗ ਸੀ ਜਦੋਂ ਕਿ ਬਾਤਿਸਤਾ ਕੋਲ ਕਈ ਤਰ੍ਹਾਂ ਦੇ ਸਾਧਨ ਸਨ। ਜਿਵੇਂ 80,000 ਹਥਿਆਰਬੰਦ ਵਿਅਕਤੀ ਆਦਿ। ਪਰ ਅਸੀਂ ਸੁਰੱਖਿਅਤ ਰਹੇ ਅਤੇ ਸਾਨੂੰ ਯਕੀਨ ਹੈ ਕਿ ਆਉਣ ਵਾਲੀ ਪੀੜ੍ਹੀ ਇਸ ਤਰ੍ਹਾਂ ਦੇ ਆਸ਼ਾਵਾਦ ਨਾਲ ਸਾਡੇ ਸੰਘਰਸ਼ ਦੀ ਰੱਖਿਆ



ਕਰੇਗੀ।

ਪਰ ਅਸੀਂ ਯਥਾਰਥਵਾਦੀ ਵੀ ਹਾਂ। ਜੇਕਰ ਤੁਸੀਂ ਯਥਾਰਥਵਾਦੀ ਨਹੀਂ ਹੋ ਤਾਂ ਤੁਸੀਂ ਯੁੱਧ ਹਾਰ ਸਕਦੇ ਹੋ। ਤੁਹਾਨੂੰ ਸਮੱਸਿਆਵਾਂ ਪ੍ਰਤੀ ਚੇਤੰਨ ਰਹਿਣਾ ਪੈਂਦਾ ਹੈ। ਦੂਜੇ ਸ਼ਬਦਾਂ ਵਿਚ, ਤੁਸੀਂ ਆਸ਼ਾਵਾਦੀ ਹੋ ਸਕਦੇ ਹੋ, ਪਰ ਉਸ ਸਮੇਂ ਤੁਹਾਨੂੰ ਯਥਾਰਥਵਾਦੀ ਵੀ ਹੋਣਾ ਪੈਂਦਾ ਹੈ। ਇਸ ਤੱਥ ਦੇ ਬਾਵਜੂਦ ਕਿ ਮਨੁੱਖ ਜਾਤੀ ਨੇ ਹੁਣ ਤਕ ਅਪਣੇ ਆਪ ਨੂੰ ਹੋਰ ਜ਼ਿਆਦਾ ਬੁੱਧੀਮਾਨ ਹੋਣ ਦਾ ਕੋਈ ਸਬੂਤ ਨਹੀਂ ਦਿੱਤਾ ਹੈ। ਪਰ ਤੁਹਾਨੂੰ ਮਨੁੱਖ ਜਾਤੀ ਉਪਰ ਵਿਸ਼ਵਾਸ ਹੋਣਾ ਚਾਹੀਦਾ ਹੈ। ਉਸ ਨੂੰ ਹੋਰ ਬੁੱਧੀਮਾਨੀ ਦੀ ਲੋੜ ਹੈ ਅਤੇ ਉਹ ਇਸ ਨੂੰ ਹਾਸਲ ਕਰ ਸਕਦੀ ਹੈ।

ਹੁਣ ਅਸੀਂ ਬਹੁਤ ਹੀ ਤੇਜ਼ੀ ਨਾਲ ਵਿਕਸਤ ਹੋ ਰਹੇ ਹਾਂ। ਇਹ ਵੇਖੋ ਕਿ ਤੁਸੀਂ ਅਪਣੇ ਮੀਡੀਆ ਦਾ ਪ੍ਰਯੋਗ ਕਿਵੇਂ ਕਰ ਸਕਦੇ ਹੋ? ਕਿਵੇਂ ਅਪਣੇ ਸਭਿਆਚਾਰ ਨੂੰ ਨਸ਼ਟ ਕੀਤੇ ਬਿਨਾਂ ਇਸ ਨੂੰ ਵਿਕਸਤ ਕਰ ਸਕਦੇ ਹੋ? ਇਤਿਹਾਸ ਤੋਂ ਕੀ ਸਬਕ ਲੈ ਸਕਦੇ ਹੋ? ਕਿਉਂਕਿ ਤੁਹਾਡੇ ਕੋਲ ਮੀਡੀਆ ਹੈ ਤੇ ਤੁਸੀਂ ਚੇਤਨਾ ਫੈਲਾਅ ਸਕਦੇ ਹੋ। ਜਨਤਾ ਨੂੰ ਸਿਖਿਅਤ ਕਰ ਸਕਦੇ ਹੋ ਤੇ ਮਨੁੱਖੀ ਮੁੱਲਾਂ ਨੂੰ ਪੇਸ਼ ਕਰ ਸਕਦੇ ਹੋ।

ਮਨੁੱਖਤਾ ਨੂੰ ਸਿਖਿਅਤ ਕਰਨ ਦੀ ਲੋੜ ਹੈ। ਇਹ ਹੋਰ ਜ਼ਿਆਦਾ ਉਤਪਾਦਕ ਮਸ਼ੀਨਾਂ ਦੀ ਮੰਗ ਕਰਨ ਵਰਗੀ ਗੱਲ ਨਹੀਂ ਹੈ। ਮੈਂ ਇਕ ਅਜਿਹਾ ਆਸ਼ਾਵਾਦੀ ਹਾਂ, ਜੋ ਵਿਸ਼ਵਾਸ ਕਰਦਾ ਹੈ ਕਿ ਮਨੁੱਖ ਨੂੰ ਹੋਰ ਵੱਧ ਜਾਣਨ ਦੀ ਲੋੜ ਹੈ। ਮੈਂ ਸਮਾਜ ਦੀ ਪ੍ਰਵਿਰਤੀ ਤੇ ਗਤੀ ਨੂੰ ਘੋਖਦਾ ਹਾਂ, ਜਿਸ ਨਾਲ ਬੇਹਤਰ ਦੁਨੀਆ ਲਈ ਆਸ ਬੱਝਦੀ ਹੈ।

ਯਾਦ ਰੱਖੋ, ਜਿਹੜੀਆਂ ਚੀਜ਼ਾਂ ਬਾਰੇ ਕੁਝ ਸਮਾਂ ਪਹਿਲਾਂ ਸੋਚਿਆ ਤਕ ਨਹੀਂ ਸੀ ਜਾ ਸਕਦਾ, ਉਹ ਅੱਜ ਵਾਪਰ ਰਹੀਆਂ ਹਨ। ਪੋਪ ਖ਼ੁਦ ਪ੍ਰਮਾਣੂ ਤਜਰਬਿਆਂ ਤੇ ਧਾਰਮਕ ਯੁੱਧਾਂ ਦਾ ਖੰਡਨ ਕਰ ਚੁੱਕੇ ਹਨ। ਉਨ੍ਹਾਂ ਨੇ ਗੈਲੇਲੀਓ ਨੂੰ ਨਿਰਦੋਸ਼ ਠਹਿਰਾਇਆ ਹੈ। ਉਹ ਕਹਿ ਚੁੱਕੇ ਹਨ ਕਿ ਡਾਰਵਿਨ ਦਾ ਉਤਪਤੀ ਸਿਧਾਂਤ ਅਤੇ ਕਾਇਨਾਤ ਦੀ ਉਤਪਤੀ ਦਾ ਸਿਧਾਂਤ ਵਿਰੋਧੀ ਨਹੀਂ ਸਨ। ਸੁਣੋ; ਜੇਕਰ ਪੋਪ ਇਹ ਕੁਝ ਸਦੀਆਂ ਪਹਿਲਾਂ ਕਹਿੰਦੇ ਤਾਂ ਉਹ ਵੀ ਜ਼ਿੰਦਾ ਜਲਾ ਦਿਤੇ ਜਾਂਦੇ। ਸੋ, ਮਨੁੱਖੀ ਚੇਤਨਾ ਦਾ ਬਹੁਤ ਹੀ ਤੀਵਰ ਗਤੀ ਨਾਲ ਵਿਕਾਸ ਹੋ ਰਿਹਾ ਹੈ।

ਇਨ੍ਹਾਂ ਸਮੱਸਿਆਵਾਂ ਬਾਰੇ ਸੋਚਣ ਵਾਲੇ ਅਨੇਕ ਵਿਅਕਤੀ ਹਨ ਅਤੇ ਮੈਂ ਉਨ੍ਹਾਂ ਪ੍ਰਤੀ ਸਾਕਾਰਾਤਮਕ ਰਵੱਈਆ ਰੱਖਦਾ ਹਾਂ। ਮੈਂ ਸੋਚਦਾ ਹਾਂ ਕਿ ਨਸਲਵਾਦ, ਵਿਦੇਸ਼ੀ ਵਿਰੋਧ, ਪੂੰਜੀ, ਖ਼ਪਤਵਾਦ ਆਦਿ ਉੱਪਰ ਮਨੁੱਖੀ ਭਾਈਚਾਰਾ ਜਿੱਤ ਪ੍ਰਾਪਤ ਕਰੇਗਾ। ਮੈਂ ਵਿਸ਼ਵਾਸ ਕਰਦਾ ਹਾਂ ਕਿ ਸਵਾਰਥੀਪੁਣੇ ਤੇ ਨਿੱਜਵਾਦ ਉਪਰ ਉਦਾਰਤਾ ਨੂੰ ਜਿੱਤ ਪ੍ਰਾਪਤ ਹੋਵੇਗੀ। ਅਸੀਂ ਇਕ ਨਵੇਂ ਯੁੱਗ ਦੇ ਨੇੜੇ ਹਾਂ।

? 1991 ਵਿਚ ਸੋਵੀਅਤ ਸੰਘ ਅਤੇ ਪੂਰਬੀ ਯੂਰਪ ਦੇ ਦੇਸ਼ਾਂ ਦਾ ਪਤਨ ਇਕ ਭਿਆਨਕ ਘਟਨਾ ਸੀ। ਲੋਕ ਕਹਿੰਦੇ ਹਨ ਕਿ ਉਥੇ ਮਾਫ਼ੀਏ ਦਾ ਰਾਜ ਸਥਾਪਤ ਹੋ ਗਿਆ ਸੀ। ਪਾਰਟੀ ਨੇ ਦੇਸ਼ ਦੀ ਸੰਪਤੀ ਅਤੇ ਸਾਧਨਾਂ ਦੇ ਇਕ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ ਸੀ। ਇਹ ਤੱਥ ਹੈ ਕਿ ਸੋਵੀਅਤ ਸਮਾਜਵਾਦ ਦੇ 70 ਸਾਲ ਬੀਤ ਜਾਣ ਤੋਂ ਬਾਅਦ ਵੀ ਉਥੇ 'ਨਵੇਂ ਆਦਮੀ' ਦਾ ਨਿਰਮਾਣ ਨਹੀਂ ਹੋ ਸਕਿਆ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?

ਕਾਸਤਰੋ- ਮੇਰੀ ਇਸ ਵਿਚ ਕੋਈ ਰੁਚੀ ਨਹੀਂ ਕਿ ਸੋਵੀਅਤਾਂ ਨੇ ਜੋ ਗਲਤੀਆਂ ਕੀਤੀਆਂ ਉਸ ਦਾ ਬਚਾਅ ਕੀਤਾ ਜਾਵੇ। ਮੈਨੂੰ ਇਸ ਗੱਲ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਮੈਂ ਅੱਜ ਵੀ ਸੋਚਦਾ ਹਾਂ ਕਿ ਇਸ ਦੇਸ਼ (ਸੋਵੀਅਤ ਸੰਘ) ਨੂੰ ਉਦਯੋਗੀਕਰਨ ਲਈ ਪੱਛਮ ਦੁਆਰਾ ਮਜਬੂਰ ਕੀਤਾ ਗਿਆ ਕਿਉਂਕਿ ਪੱਛਮ ਨੇ ਉਸ ਦੀ ਨਾਕਾਬੰਦੀ ਕਰ ਦਿੱਤੀ ਸੀ। ਹਮਲਾ ਕੀਤਾ ਅਤੇ ਉਨ੍ਹਾਂ ਸਾਹਮਣੇ ਯੁੱਧ ਦੀ ਚਿਤਾਵਨੀ ਸੀ। ਇਸ ਸਥਿਤੀ ਵਿਚ ਤੇਜ਼ ਉਦਯੋਗੀਕਰਨ ਤੋਂ ਬਿਨਾਂ ਸੋਵੀਅਤ ਸੰਘ ਫਾਸ਼ੀਵਾਦੀ ਹਮਲੇ ਦੀ ਮਾਰ ਤੋਂ ਬਚਣ ਦੇ ਯੋਗ ਨਹੀਂ ਸੀ। ਉਹ ਉਨ੍ਹਾਂ ਨੂੰ ਹਰਾ ਚੁੱਕੇ ਸਨ। ਯੁੱਧ ਦੌਰਾਨ ਉਹ ਕਾਰਖਾਨਿਆਂ ਨੂੰ ਚਲਾਉਣ ਦੇ ਯੋਗ ਸਨ। ਉਨ੍ਹਾਂ ਅਪਣੇ ਕਾਰਖਾਨਿਆਂ ਨੂੰ ਬਰਫ਼ 'ਤੇ ਵੀ ਸਥਾਪਤ ਕਰ ਲਿਆ ਸੀ, ਸਿਰ 'ਤੇ ਛੱਤ ਵੀ ਨਹੀਂ ਸੀ। ਫਿਰ ਵੀ ਉਨ੍ਹਾਂ ਨੇ ਉਤਪਾਦਨ ਕੀਤਾ। ਇਹ ਇਕ ਬਹੁਤ ਵੱਡੀ ਗੱਲ ਸੀ। ਹਜ਼ਾਰਾਂ ਸਿਆਸੀ ਗ਼ਲਤੀਆਂ ਕਰਨ ਦੇ ਬਾਵਜੂਦ ਯੁੱਧ ਵਿਚ ਸੋਵੀਅਤਾਂ ਦੁਆਰਾ ਕੀਤਾ ਗਿਆ ਇਹ ਬੇਹਤਰੀਨ ਕਾਰਜ ਸੀ। ਇਸ ਦੇ ਨਾਲ ਹੀ ਉਨ੍ਹਾਂ ਦੀਆਂ ਸਿਆਸੀ ਗਲਤੀਆਂ ਦਾ ਮੈਂ ਆਲੋਚਕ ਹਾਂ।

ਇਕ ਵਾਰ ਫਿਰ ਅਸੀਂ ਉਨ੍ਹਾਂ ਨਾਲ ਅਪਣੇ ਰਿਸ਼ਤਿਆਂ ਨੂੰ ਵੇਖਦੇ ਹਾਂ। ਇਹ ਰਿਸ਼ਤੇ ਉਨ੍ਹਾਂ ਦੇ ਪਤਨ ਤੋਂ ਤੀਹ ਸਾਲ ਪੁਰਾਣੇ ਹਨ। ਮੇਰੇ ਖ਼ਿਆਲ ਅਨੁਸਾਰ ਸੋਵੀਅਤ ਸੰਘ ਕੋਲ ਲੋੜੋਂ ਵੱਧ ਪੈਟਰੋਲ ਸੀ। ਪੈਟਰੋਲ ਦੇ ਉਤਪਾਦਨ ਤੋਂ ਬਾਅਦ ਬਚੇ ਡੀਜ਼ਲ ਅਤੇ ਬਾਕੀ ਚੀਜ਼ਾਂ ਉਦਯੋਗ ਤੇ ਖੇਤੀ ਦੇ ਪ੍ਰਯੋਗ ਲਈ ਕੰਮ ਆਉਂਦੀਆਂ ਹਨ। ਉਨ੍ਹਾਂ ਨੇ ਅਮਰੀਕਾ ਤੇ ਪੱਛਮੀ ਯੂਰਪ ਵਾਂਗ ਉਪਭੋਗੀ ਸਮਾਜ ਨੂੰ ਜਨਮ ਨਹੀਂ ਦਿੱਤਾ ਸੀ ਜਿਸ ਨਾਲ ਨਿੱਜੀ ਮਾਲਕੀ ਵਾਲੀਆਂ ਕਾਰਾਂ ਦੀ ਭਰਮਾਰ ਹੋ ਜਾਵੇ ਜਿਨ੍ਹਾਂ ਵਿਚ ਪੈਟਰੋਲ ਦੀ ਸਭ ਤੋਂ ਵੱਧ ਖ਼ਪਤ ਹੁੰਦੀ ਹੈ। ਮੇਰਾ ਖ਼ਿਆਲ ਹੈ ਕਿ ਇਸ ਮਾਮਲੇ ਵਿਚ ਉਹ ਠੀਕ ਸਨ। ਸੱਠਵਿਆਂ ਵਿਚ ਸੋਵੀਅਤ ਸੰਘ ਨੇ ਮੰਡੀ ਨਹੀਂ ਵੇਖੀ ਸੀ। ਇਸ ਤੋਂ ਇਲਾਵਾ ਸੋਵੀਅਤ ਬੱਸਾਂ, ਜੀਪਾਂ, ਵੈਨਾਂ, ਕਾਰਾਂ ਆਦਿ ਵਿਚ ਕਮੀ ਦਾ ਕੋਈ ਹੋਰ ਸਪੱਸ਼ਟੀਕਰਨ ਨਹੀਂ ਹੋਵੇਗਾ।

ਪਰ ਤੱਥ ਇਹ ਹੈ ਕਿ (ਸੋਵੀਅਤ) ਉਤਪਾਦਨ ਅਰਥ-ਵਿਵਸਥਾ ਦੇ ਕਈ ਖੇਤਰ ਤਕਨੀਕੀ ਵਿਕਾਸ ਦੇ ਮਾਮਲੇ ਵਿਚ ਸਮੇਂ ਤੋਂ ਮਗਰ ਸਨ। ਇਨ੍ਹਾਂ ਦਾ ਮੁੱਲ ਸਮਾਜਵਾਦ ਅਤੇ ਸਾਮਰਾਜਵਾਦ ਤੇ ਉਸ ਦੇ ਸਹਿਯੋਗੀਆਂ ਵਿਚਕਾਰ ਸੰਘਰਸ਼ ਦੇ ਰੂਪ ਵਿਚ ਚੁਕਾਉਣਾ ਪਿਆ। ਕੀ ਇਹ ਜਾਣਨ ਵਾਲੀ ਗੱਲ ਨਹੀਂ ਹੈ ਕਿ ਸੋਵੀਅਤ ਸੰਘ ਵਿਚ ਕਿਉਂ ਕਿਸੇ ਹੋਰ ਦੇਸ਼ ਦੇ ਮੁਕਾਬਲੇ ਵੱਧ ਖੋਜ ਕੇਂਦਰ ਸਨ। ਵੱਧ ਖੋਜ ਯੋਜਨਾਵਾਂ ਸਨ, ਜਿਨ੍ਹਾਂ 'ਤੇ ਉਹ ਲੋਕ ਕੰਮ ਕਰਦੇ ਸਨ। ਫੌਜ ਨੂੰ ਛੱਡ ਕੇ ਇਨ੍ਹਾਂ ਯੋਜਨਾਵਾਂ ਵਿਚੋਂ ਕੁਝ ਨੇ ਉਨ੍ਹਾਂ ਦੀ ਅਰਥ-ਵਿਵਸਥਾ ਨੂੰ ਲਾਭ ਵੀ ਪਹੁੰਚਾਇਆ। ਉਨ੍ਹਾਂ ਦਾ ਰਾਹ ਬੜਾ ਸੰਕੀਰਨ ਸੀ। ਇਹ ਸੁਰੱਖਿਆ ਕਾਰਣਾਂ ਕਰਕੇ ਹੋ ਸਕਦਾ ਹੈ ਕਿ ਉਹ ਬਹੁ-ਮਾਰਗੀ ਰਾਹ ਵਿਕਸਤ ਨਹੀਂ ਕਰ ਸਕੇ। ਸੁਰੱਖਿਆ ਕਾਰਣਾਂ ਕਰਕੇ ਹੀ ਇਥੇ ਯੂਰਪੀ ਰੇਲਾਂ ਲਈ ਪ੍ਰਯੋਗ ਹੋਣ ਵਾਲੀਆਂ ਰੇਲ ਪੱਟੜੀਆਂ ਤੋਂ ਚੌੜੀਆਂ ਰੇਲ-ਪੱਟੜੀਆਂ ਦਾ ਪ੍ਰਯੋਗ ਹੁੰਦਾ ਸੀ। ਆਵਾਜਾਈ ਵਿਚ ਉਨ੍ਹਾਂ ਕਾਫ਼ੀ ਸੰਤੋਖਜਨਕ ਤਰੱਕੀ ਕੀਤੀ ਸੀ। ਉਨ੍ਹਾਂ ਦੇ ਇਹ ਸਾਧਨ ਭਾਵੇਂ ਸੁਵਿਧਾਪੂਰਨ ਜਾਂ ਲਗਜ਼ਰੀ ਵਾਲੇ ਨਹੀਂ ਸਨ। ਪਰ ਸਾਇਬੇਰੀਆਈ ਰੇਲ ਹਜ਼ਾਰਾਂ ਮੀਲ ਜਾਂਦੀ ਸੀ। ਭਾੜਾ ਬਹੁਤ



ਸਸਤਾ ਸੀ। ਇਸ ਵਿਸ਼ਾਲ ਦੇਸ਼ ਦੇ ਹਰ ਕੋਨੇ ਤਕ ਰੇਲ ਜਾਂਦੀ ਸੀ। ਇਥੇ ਅੱਜ ਪ੍ਰਾਈਵੇਟ ਗੱਡੀਆਂ ਵਿਚ ਮਣਾਮੂਹੀ ਪੈਟਰੋਲ ਖ਼ਪਤ ਹੁੰਦਾ ਹੈ। ਅਮਰੀਕਾ 8.5 ਅਰਬ ਬੈਰਲ ਤੋਂ ਵੱਧ ਪੈਟਰੋਲ ਪ੍ਰਤੀਦਿਨ ਖਪਤ ਕਰਦਾ ਹੈ। ਖਪਤ ਦਾ ਇਹ ਪੱਧਰ ਪੂਰੀ ਦੁਨੀਆ ਵਿਚ ਮੌਜੂਦ ਤੇਲ ਦੇ ਸੁਰੱਖਿਅਤ ਖੇਤਰਾਂ ਨੂੰ ਬਹੁਤ ਤੇਜ਼ੀ ਨਾਲ ਨਸ਼ਟ ਕਰ ਰਿਹਾ ਹੈ।

? ਸੋਵੀਅਤ ਲੋਕਾਂ ਦੇ ਮਨ ਵਿਚ ਨੈਤਿਕਤਾ ਦਾ ਪਤਨ ਹੋ ਗਿਆ ਸੀ ਜਾਂ ਉਹ ਨੈਤਿਕ ਪੱਧਰ ਤੋਂ ਉਚਿਤਤਾ ਪ੍ਰਾਪਤ ਨਹੀਂ ਕਰ ਸਕੇ ਸਨ? ਕਿਸ ਚੀਜ਼ ਨੇ ਉਥੇ ਬੁਰਾਈਆਂ ਤੇ ਵਿਆਪਕ ਭ੍ਰਿਸ਼ਟਾਚਾਰ ਨੂੰ ਵਧਾਇਆ?

ਕਾਸਤਰੋ- ਪੂੰਜੀਵਾਦ ਹੀ ਸਾਰੇ ਕਿਸਮ ਦੇ ਰੋਗਾਣੂਆਂ ਦਾ ਜਨਮਦਾਤਾ ਹੈ। ਪੂੰਜੀਵਾਦ ਹੀ ਮਾਫ਼ੀਏ ਨੂੰ ਜਨਮ ਦਿੰਦਾ ਹੈ। ਇਸ ਵਿਵਸਥਾ ਵਿਚ ਭ੍ਰਿਸ਼ਟਾਚਾਰ ਦੇ ਸਾਰੇ ਕੀਟਾਣੂ ਹਮੇਸ਼ਾ ਹੀ ਮੌਜੂਦ ਰਹਿੰਦੇ ਹਨ। ਇਹ ਸਮਾਜਵਾਦ ਵਿਚ ਵੀ ਪੈਦਾ ਹੋਏ, ਕਿਉਂਕਿ ਲੋਕਾਂ ਦੀਆਂ ਲੋੜਾਂ ਹੁੰਦੀਆਂ ਹਨ।... ਅਸੀਂ ਸੰਘਰਸ਼ ਕੀਤਾ ਅਤੇ ਅਸੀਂ ਅੱਜ ਵੀ ਹੋਰ ਜ਼ਿਆਦਾ ਸੰਘਰਸ਼ ਕਰ ਰਹੇ ਹਾਂ ਕਿਉਂਕਿ ਕ੍ਰਾਂਤੀ ਸਾਰੇ ਕਾਨੂੰਨਾਂ ਤੋਂ ਦੂਰ ਹੋ ਕੇ ਹੁੰਦੀ ਹੈ। ਮੈਨੂੰ ਯਾਦ ਹੈ ਕਿ ਉਸ ਸਮੇਂ ਅਸੀਂ ਵੇਖਿਆ ਕਿ ਅਮੀਰਾਂ ਦਾ ਸਭਿਆਚਾਰ ਵੱਖਰਾ ਹੈ ਤੇ ਗਰੀਬਾਂ ਦਾ ਵੱਖਰਾ। ਅਮੀਰ ਮਨੁੱਖ ਦੇ ਸਭਿਆਚਾਰ ਦੇ ਅੰਤਰਗਤ ਬਹੁਤ ਇਮਾਨਦਾਰ ਵਿਆਕਤੀ ਦਾ ਮਤਲਬ ਹੈ 'ਮੈਂ ਖਰੀਦਿਆ, ਮੈਂ ਪੈਸੇ ਦਿੱਤੇ। ਗਰੀਬਾਂ ਦੇ ਸਭਿਆਚਾਰ ਦਾ ਮਤਲਬ ਹੈ, 'ਮੈਂ ਇਸ ਨੂੰ ਇਥੇ (ਕਿਊਬਾ ਵਿਚ) ਕਿਵੇਂ ਪ੍ਰਾਪਤ ਕਰ ਸਕਦਾ ਹਾਂ? ਮੈਂ ਇਸ ਨੂੰ ਅਮੀਰਾਂ ਜਾਂ ਦੂਸਰਿਆਂ ਤੋਂ ਕਿਵੇਂ ਚੁਰਾ ਸਕਦਾ ਹਾਂ, ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਗਰੀਬੀ ਵਿਚੋਂ ਪੈਦਾ ਹੁੰਦਾ ਹੈ। ਜਦੋਂ ਤੁਸੀਂ ਸਾਰੀਆਂ ਚੀਜ਼ਾਂ ਦੇ ਪਰਿਵਰਤਨ ਲਈ ਸਮਾਜਕ ਪਰਿਵਰਤਨ ਕਰਦੇ ਹੋ ਤਾਂ ਵੀ ਪੁਰਾਣੀਆਂ ਆਦਤਾਂ ਲੰਮੇ ਸਮੇਂ ਤਕ ਕਾਇਮ ਰਹਿੰਦੀਆਂ ਹਨ।

ਜੇਕਰ ਕਿਊਬਾ ਵਿਚੋਂ ਸਮਾਜਵਾਦ ਖਤਮ ਹੋ ਜਾਵੇ ਤਾਂ ਇਥੇ ਵੀ ਮਾਫ਼ੀਆ ਇਕਦਮ ਪੈਦਾ ਹੋ ਜਾਵੇਗਾ। ਇਹ ਨਸ਼ੀਲਿਆਂ ਦਵਾਈਆਂ ਤੇ ਅਪਰਾਧ ਦੇ ਨਾਲ-ਨਾਲ ਪੂੰਜੀਵਾਦ ਦੇ ਸਭ ਤੋਂ ਭ੍ਰਿਸ਼ਟ ਹਿੱਸੇ ਦੇ ਰੂਪ ਵਿਚ ਬਹੁਤ ਥਾਵਾਂ 'ਤੇ ਪਸਰ ਜਾਵੇਗਾ। ਅਸੀਂ ਅਪਣੇ ਸਮਾਜ ਦੇ ਸਾਰੇ ਖੇਤਰਾਂ ਵਿਚ ਪਰਿਵਰਤਨ ਕਰਨ ਵਿਚ ਅਜੇ ਤਕ ਕਾਮਯਾਬ ਨਹੀਂ ਹੋ ਸਕੇ। ਪਰ ਅਸੀਂ ਬਹੁਤ ਉਤਸ਼ਾਹ ਨਾਲ ਸਪੱਸ਼ਟ ਰੂਪ ਵਿਚ ਵੇਖਦੇ ਹਾਂ ਕਿ ਸਿਖਿਆ ਵਿਚ ਹੋਏ ਅਸਲੀ ਪਰਿਵਰਤਨ ਰਾਹੀਂ ਸਮਾਜ ਵਿਚ ਕ੍ਰਾਂਤੀਕਾਰੀ ਤਬਦੀਲੀ ਆਈ ਹੈ। ਇਸੇ ਤਰ੍ਹਾਂ ਸੋਵੀਅਤ ਸੰਘ ਵਿਚ ਅਨੇਕਾਂ ਸਕੂਲ ਸਨ, ਉਨ੍ਹਾਂ ਨੇ ਬਹੁਤ ਸਾਰੀਆਂ ਖੋਜ ਯੋਜਨਾਵਾਂ ਸਿਰੇ ਚਾੜ੍ਹੀਆਂ ਤੇ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਉਚ ਦਰਜੇ ਦੀਆਂ ਸਨ।

ਪਰ ਅਜਿਹਾ ਹੋ ਹੀ ਸਕਦਾ ਹੈ, ਮਨੁੱਖ ਤਾਂ ਮਨੁੱਖ ਹੀ ਹੈ। ਅਸੀਂ ਉਸ ਨੂੰ ਕੇਵਲ ਆਦਰਸ਼ਕ ਪ੍ਰਾਣੀ ਨਹੀਂ ਮੰਨ ਸਕਦੇ। ਮੈਂ ਪੂਰਨ ਵਿਸ਼ਵਾਸ ਨਾਲ ਵਿਅਕਤੀਆਂ ਵਿਚਕਾਰ ਉਨ੍ਹਾਂ ਦੀਆਂ ਹਾਰਾਂ ਤੇ ਸੀਮਾਵਾਂ ਸਮੇਤ ਕੰਮ ਕਰਨਾ ਆਰੰਭ ਕੀਤਾ। ਜੇਕਰ ਤੁਸੀਂ ਅਪਣੀ ਇੱਛਾ ਸ਼ਕਤੀ ਨੂੰ ਬਚਾਈ ਰੱਖਿਆ ਹੈ ਅਤੇ ਤੁਸੀਂ ਅਪਣੇ ਆਪ ਨੂੰ ਬੇਹਤਰ ਕਰਨ ਲਈ ਲੋੜੀਂਦੀ ਬੌਧਿਕਤਾ ਦਾ ਪਰਿਚੈ ਦਿੱਤਾ ਹੈ ਤਾਂ ਨਿਸ਼ਚਤ ਤੌਰ 'ਤੇ ਤੁਹਾਨੂੰ ਸਫ਼ਲਤਾ ਹਾਸਲ ਹੋਵੇਗੀ। ਜੇਕਰ ਮੈਂ ਇਸ ਗੱਲ 'ਤੇ

ਵਿਸ਼ਵਾਸ ਨਾ ਕਰਦਾ ਤਾਂ ਲਾਜ਼ਮੀ ਹੀ ਮੌਤ ਨਾਲ ਸੰਘਰਸ਼ ਕਰਨ ਦਾ ਕੋਈ ਕਾਰਣ ਨਾ ਹੁੰਦਾ।

? ਜਦੋਂ ਸੋਵੀਅਤ ਸੰਘ ਦਾ ਪਤਨ ਹੋਇਆ, ਉਸ ਸਮੇਂ ਲੋਕਾਂ ਨੇ ਸ਼ੱਕ ਪ੍ਰਗਟ ਕੀਤਾ ਸੀ ਕਿ ਹੁਣ ਕਿਊਬਾ ਦੇ ਇਨਕਲਾਬ ਦਾ ਵੀ ਪਤਨ ਹੋ ਜਾਵੇਗਾ। ਤੁਸੀਂ ਇਸ ਨੂੰ ਕਿਸ ਤਰ੍ਹਾਂ ਲਿਆ ਅਤੇ ਇਸ ਸ਼ੱਕ ਨੂੰ ਕਿਵੇਂ ਨਿਰਮੂਲ ਸਾਬਤ ਕੀਤਾ?

ਕਾਸਤਰੋ- ਜਦੋਂ ਸੋਵੀਅਤ ਸੰਘ ਤੇ ਸਮਾਜਵਾਦੀ ਸਮੂਹ ਦਾ ਪਤਨ ਹੋਇਆ, ਉਸ ਸਮੇਂ ਸਭ ਨੂੰ ਲੱਗ ਰਿਹਾ ਸੀ ਕਿ ਕਿਊਬਾ ਦਾ ਇਨਕਲਾਬ ਵੀ ਫਹਿ-ਫੇਰੀ ਹੋ ਜਾਵੇਗਾ। ਇਸ ਮਹਾਸ਼ਕਤੀ ਦੇ ਢਹਿਣ ਨਾਲ ਸਾਡੇ ਦੇਸ਼ ਨੂੰ ਵੀ ਭਾਰੀ ਸੱਟ ਲੱਗੀ। ਅਸੀਂ ਇਕੱਲੇ ਰਹਿ ਗਏ। ਸਾਡੀ ਚੀਨੀ ਦਾ ਸਾਰਾ ਬਾਜ਼ਾਰ ਖ਼ਤਮ ਹੋ ਗਿਆ। ਸਾਡੇ ਭੋਜਨ ਪਦਾਰਥ, ਤੇਲ, ਇਥੋਂ ਤਕ ਕਿ ਲਾਸ਼ਾਂ ਦੇ ਅੰਤਿਮ ਸਸਕਾਰ ਲਈ ਆਉਣ ਵਾਲੀ ਲੱਕੜ ਰੋਕ ਦਿੱਤੀ ਗਈ। ਹੌਲੀ-ਹੌਲੀ ਅਸੀਂ ਕੱਚੇ ਮਾਲ, ਭੋਜਨ, ਸਾਬਣ ਅਤੇ ਲਗਭਗ ਹਰ ਚੀਜ਼ ਤੋਂ ਵੰਚਿਤ ਹੋ ਗਏ। ਅਜਿਹੇ ਸਮੇਂ ਹਰ ਕਿਸੇ ਨੇ ਸੋਚਿਆ ਕਿ ਸਾਡੀ ਕ੍ਰਾਂਤੀ ਦਾ ਵੀ ਪਤਨ ਹੋ ਕੇ ਰਹੇਗਾ। ਕੁਝ ਲੋਕਾਂ ਦਾ ਇਹ ਵੀ ਸੋਚਣਾ ਸੀ ਕਿ ਜੇਕਰ ਕਿਊਬਾ ਦੀ ਕ੍ਰਾਂਤੀ ਦਾ ਹੁਣ ਪਤਨ ਨਹੀਂ ਹੁੰਦਾ ਤਾਂ ਆਉਣ ਵਾਲੇ ਸਮੇਂ ਵਿਚ ਤਾਂ ਇਹ ਜ਼ਰੂਰ ਖ਼ਤਮ ਹੋ ਜਾਵੇਗੀ। ਇਸ ਵਿਸ਼ੇ ਬਾਰੇ ਬਜਾਏ ਗੰਭੀਰ ਸੋਚ-ਵਿਚਾਰ ਕਰਨ ਦੇ ਇਹ ਲੋਕ ਪਤਾ ਨਹੀਂ ਕਿਸ ਤਰ੍ਹਾਂ ਦੇ ਮਾੜੇ ਸੁਪਨੇ ਵੇਖ ਰਹੇ ਸਨ। ਅਸੀਂ ਇਸ ਵਿਸ਼ੇ ਬਾਰੇ ਬਹੁਤ ਸੋਚ-ਵਿਚਾਰ ਕਰਨ ਮਗਰੋਂ ਇਸ ਨਤੀਜੇ 'ਤੇ ਪਹੁੰਚੇ ਕਿ ਅਸੀਂ ਇਸ ਦੇਸ਼ ਨੂੰ ਹਰ ਹਾਲਤ ਵਿਚ ਬਚਾਉਣਾ ਹੈ। ਅਸੀਂ ਸੋਚਦੇ ਸਾਂ ਕਿ ਇਕ ਗੌਰਵਮਈ ਦੇਸ਼ ਦਾ ਕਦੇ ਪਤਨ ਨਹੀਂ ਹੋ ਸਕਦਾ।

ਅਮਰੀਕਾ ਨੇ ਅਪਣੇ ਉਦੇਸ਼ਾਂ ਅਨੁਸਾਰ ਨਾਕੇਬੰਦੀ ਕਰ ਲਈ। ਟਰੋਸਿਲੀ ਤੇ ਹੇਲਮਸ ਬਰਟਨ ਕਾਨੂੰਨਾਂ ਨੂੰ ਪਾਸ ਕਰ ਦਿੱਤਾ ਗਿਆ। ਹੇਲਮਸ ਬਰਟਨ ਕਾਨੂੰਨ ਤਾਂ ਹੱਦਬੰਦੀ ਤੋਂ ਬਾਹਰ ਵੀ ਲਾਗੂ ਹੁੰਦਾ ਹੈ। ਸਾਡੀਆਂ ਉਪਭੋਗੀ ਵਸਤੂਆਂ ਦੇ ਦੋਵੇਂ ਹੀ ਬਾਜ਼ਾਰ ਅਚਾਨਕ ਡੁੱਬ ਗਏ। ਪ੍ਰਤੀ ਵਿਅਕਤੀ ਕੈਲੋਰੀ ਦੀ ਮਾਤਰਾ ਅੱਧੀ ਰਹਿ ਗਈ। ਪੂਰੇ ਦੇਸ਼ ਨੇ ਇਸ ਸਥਿਤੀ ਵਿਰੁਧ ਅਪਣਾ ਪ੍ਰਤੀਰੋਧ ਵਿਅਕਤ ਕੀਤਾ। ਲੋਕਾਂ ਨੇ ਇਸ ਦਾ ਮੁਕਾਬਲਾ ਕੀਤਾ ਤੇ ਸਮਾਜਕ ਖੇਤਰ ਵਿਚ ਸਨਮਾਨਯੋਗ ਤਰੱਕੀ ਕੀਤੀ। ਅੱਜ ਇਸਨੇ ਖਾਦ ਪਦਾਰਥ ਲੋੜੀਂਦੀ ਮਾਤਰਾ ਵਿਚ ਇਕੱਤਰ ਕਰ ਲਏ ਹਨ ਅਤੇ ਬਾਕੀ ਖੇਤਰਾਂ ਵਿਚ ਵੀ ਤੇਜ਼ ਗਤੀ ਵਿਚ ਪ੍ਰਗਤੀ ਹੋਈ ਹੈ। ਅਸੀਂ ਜਿਹੜੀਆਂ ਪ੍ਰਸਥਿਤੀਆਂ ਵਿਚ ਕਾਰਜ ਕੀਤਾ ਤੇ ਰਾਸ਼ਟਰ ਪੱਧਰ 'ਤੇ ਜੋ ਚੇਤਨਾ ਪੈਦਾ ਕੀਤੀ, ਉਹ ਆਉਣ ਵਾਲੇ ਸਮੇਂ ਵਿਚ ਇਕ ਚਮਤਕਾਰ ਵਾਂਗ ਹੋਵੇਗੀ। ਅਸੀਂ ਇਹ ਪ੍ਰਤੀਰੋਧ ਕਿਉਂ ਕੀਤਾ ਸੀ? ਕਿਉਂਕਿ ਸਾਡੀ ਕ੍ਰਾਂਤੀ ਨੂੰ ਹਮੇਸ਼ਾ ਸਾਰੇ ਮੁਲਕਾਂ ਦਾ ਸਮਰਥਨ ਪ੍ਰਾਪਤ ਹੋਇਆ ਅਤੇ ਸਾਡੇ ਸਾਰੇ ਦੇਸ਼ ਨੇ ਕ੍ਰਾਂਤੀ ਵਿਚ ਅਪਣਾ ਵਿਸ਼ਵਾਸ ਕਾਇਮ ਰੱਖਿਆ। ਸਾਨੂੰ ਸਾਡੀ ਬੁੱਧੀਮਾਨ ਜਨਤਾ ਦਾ ਸਮੱਰਥਨ ਮਿਲਿਆ ਜਿਸ ਨਾਲ ਅਸੀਂ ਲਗਾਤਾਰ ਸੰਗਠਤ, ਸਿਖਿਅਤ ਤੇ ਸੰਘਰਸ਼ੀਲ ਹੁੰਦੇ ਗਏ।

? ਨਵ-ਉਦਾਰਵਾਦੀ ਵਿਸ਼ਵੀਕਰਨ ਦੇ ਪ੍ਰਭਾਵ ਨੂੰ ਰੋਕਣ ਲਈ ਤੁਹਾਡੀ ਕੀ ਯੋਜਨਾ ਹੈ? ਤੁਸੀਂ ਕਿਸੇ ਵੇਲੇ ਕਿਹਾ ਸੀ, 'ਅਸੀਂ ਬੜੇ ਧੀਰਜ ਨਾਲ ਵਿਸ਼ਵੀਕਰਨ ਦੇ ਪਤਨ ਦੀ ਉਡੀਕ ਕਰ ਰਹੇ ਹਾਂ।'

ਕਾਸਤਰੋ- ਅਸੀਂ ਕੁਝ ਸਮਾਂ ਪਹਿਲਾਂ ਉਸ ਵਿਸ਼ਾ-ਵਸਤੂ ਦਾ ਗੰਭੀਰ ਅਧਿਐਨ ਕੀਤਾ ਸੀ ਜੋ



ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਚਲਾ ਰਿਹਾ ਹੈ। ਅਸੀਂ ਇਹ ਸਿੱਟਾ ਕੱਢਿਆ ਕਿ ਇਹ ਪ੍ਰਕਿਰਿਆ 1929 ਦੇ ਵਿੱਤੀ ਸੰਕਟ ਤੋਂ ਵੀ ਭਿਆਨਕ ਨਤੀਜੇ ਉਤਪੰਨ ਕਰੇਗੀ। ਅਸੀਂ 1929 ਦੇ ਸੰਕਟ ਬਾਰੇ ਗਾਲਬ੍ਰੇਥ ਤੇ ਹੋਰ ਅਰਥ-ਸ਼ਾਸਤਰੀਆਂ ਦੇ ਵਿਸ਼ਲੇਸ਼ਣ ਦਾ ਗੰਭੀਰ ਅਧਿਐਨ ਕੀਤਾ ਸੀ। ਇਸ ਦੇ ਨਾਲ ਹੀ ਪੂੰਜੀਵਾਦੀ ਉਤਪਾਦਨ ਦੇ ਬੁਨਿਆਦੀ ਵਿਚਾਰਾਂ ਨਾਲ ਸੰਬੰਧਤ ਖੋਜਾਂ ਦਾ ਵੀ ਅਧਿਐਨ ਕੀਤਾ। ਇਸ ਮਗਰੋਂ ਅਸੀਂ ਅਪਣੇ ਆਪ ਨੂੰ ਸਵਾਲ ਕੀਤਾ ਕਿ ਇਸ ਵਿਵਸਥਾ ਵਿਚ ਕਿਹੜੀ ਚੀਜ਼ ਬੁਨਿਆਦੀ ਹੈ। ਇਹ ਚੀਜ਼ ਪੂਰੇ ਵਿਸ਼ਵ ਵਿਚ ਮੁਕਤ ਖਪਤ, ਮੁਕਤ ਕਾਰਪੋਰੇਟ ਵਰਗੀ ਹੈ। ਇਹ ਅਜਿਹਾ 'ਸੱਚ' ਹੈ, ਜਿਸ ਨੂੰ ਧਰਮ ਸਿਧਾਂਤ ਵਾਂਗ ਪਵਿੱਤਰ ਮੰਨਿਆ ਜਾਂਦਾ ਹੈ। ਵਿਸ਼ਵੀਕਰਨ 'ਇਕ ਦਰਸ਼ਨ' ਹੈ। ਕੋਈ ਇਸ ਨੂੰ 'ਇਤਿਹਾਸ ਦਾ ਅੰਤ। ਕਹਿੰਦਾ ਹੈ। ਮੈਂ ਅਜੇ ਵੀ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਇਕ ਦੂਸਰਾ ਰਸਤਾ ਵੀ ਹੈ। ਸਾਨੂੰ ਵਿਸ਼ਵੀਕਰਨ ਦਾ ਵਿਰੋਧ ਕਰਨਾ ਚਾਹੀਦਾ ਹੈ।

? ਕੀ ਤੁਸੀਂ ਸੋਚਦੇ ਹੋ ਕਿ ਵਿਸ਼ਵੀਕਰਨ ਪੂੰਜੀਵਾਦ ਦਾ ਹੀ ਵਿਨਾਸ਼ ਕਰ ਰਿਹਾ ਹੈ?

ਕਾਸਤਰੋ- ਅੱਜ ਕਿਸੇ ਕਿਸਮ ਦਾ ਪੂੰਜੀਵਾਦ ਨਹੀਂ ਹੈ। ਅੱਜ ਕਿਸੇ ਕਿਸਮ ਦੀ ਕੋਈ ਪ੍ਰਤੀਯੋਗਤਾ ਨਹੀਂ ਹੈ। ਅੱਜ ਸਾਰੇ ਵਿਸ਼ਵ ਵਿਚ ਕੇਵਲ ਏਕਾਧਿਕਾਰ ਹੈ। ਉਨ੍ਹਾਂ ਕੁਝ ਦੇਸ਼ਾਂ ਵਿਚਕਾਰ ਇਕ ਕਿਸਮ ਦਾ ਮੁਕਾਬਲਾ ਹੈ, ਜੋ ਟੈਲੀਵਿਜ਼ਨ ਜਾਂ ਕੰਪਿਊਟਰ ਬਣਾਉਂਦੇ ਹਨ- ਇਥੋਂ ਤਕ ਕਿ ਕਾਰਾਂ ਵੀ ਵਿਸ਼ਵ ਬੈਂਕ ਬਣਾਉਂਦਾ ਹੈ।

ਵਿਸ਼ਵ ਦੀ 80 ਫੀਸਦੀ ਅਰਥ-ਵਿਵਸਥਾ ਦਾ ਕੰਟਰੋਲ 500 ਕੌਮਾਂਤਰੀ ਵਪਾਰਕ ਕੰਪਨੀਆਂ ਦੇ ਹੱਥਾਂ ਵਿਚ ਹੈ। ਮੁਕਾਬਲੇ ਕਰਕੇ ਕੀਮਤਾਂ ਵਿਚ ਕਮੀ ਨਹੀਂ ਹੁੰਦੀ। ਉਦਾਹਰਣ ਦੇ ਤੌਰ 'ਤੇ ਏਡਜ਼ ਲਈ ਬਣੀ ਦਵਾਈ ਦੀ ਵਿਕਰੀ ਲਈ ਏਕਾਧਿਕਾਰ ਹੈ, ਇਸ ਕਰਕੇ ਇਨ੍ਹਾਂ ਦਵਾਈਆਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਦਵਾਈਆਂ ਦੇ ਰੇਟ ਉਨ੍ਹਾਂ ਦੀ ਅਸਲੀ ਕੀਮਤ ਨਾਲੋਂ ਕਈ ਗੁਣਾ ਵੱਧ ਰੱਖੇ ਜਾਂਦੇ ਹਨ। ਬੁਨਿਆਦੀ ਤੌਰ 'ਤੇ ਇਹ ਵਿਗਿਆਪਨਾਂ 'ਤੇ ਨਿਰਭਰ ਕਰਦਾ ਹੈ ਕਿ ਕਿਹੜੀ ਵਸਤੂ ਵਿਕੇਗੀ ਤੇ ਕਿਹੜੀ ਨਹੀਂ। ਜਿਸ ਵਿਅਕਤੀ ਕੋਲ ਬਹੁਤਾ ਧਨ ਨਹੀਂ ਹੈ ਉਹ ਕਿਸੇ ਤਰ੍ਹਾਂ ਨਾਲ ਅਪਣੇ ਉਤਪਾਦ ਦੀ ਮਸ਼ਹੂਰੀ ਨਹੀਂ ਕਰ ਸਕਦਾ। ਫਿਰ ਇਸ ਦਾ ਮਤਲਬ ਹੋ ਜਾਂਦਾ ਹੈ ਕਿ ਇਹ ਵਸਤੂ ਬੇਹਤਰ ਨਹੀਂ ਹੈ।

ਦੂਸਰੇ ਵਿਸ਼ਵ ਯੁੱਧ ਦੌਰਾਨ ਹੋਏ ਖ਼ੂਨ-ਖਰਾਬੇ ਤੋਂ ਬਾਅਦ ਅਸੀਂ ਸ਼ਾਂਤੀਪੂਰਨ ਦੁਨੀਆ ਦਾ ਵਾਅਦਾ ਕੀਤਾ ਸੀ। ਅਸੀਂ ਵਾਅਦਾ ਕੀਤਾ ਸੀ ਕਿ ਗਰੀਬ ਤੇ ਅਮੀਰ ਵਿਚਕਾਰ ਖਾਈ ਖ਼ਤਮ ਹੋਵੇਗੀ। ਵੱਧ ਵਿਕਸਤ ਦੇਸ਼ ਘੱਟ ਵਿਕਸਤ ਦੇਸ਼ਾਂ ਦੀ ਮਦਦ ਕਰਨਗੇ। ਇਹ ਸਾਰੀਆਂ ਗੱਲਾਂ ਮਹਾ-ਝੂਠ ਸਾਬਤ ਹੋਈਆਂ ਹਨ। ਇਕ ਅਜਿਹੀ ਦੁਨੀਆ ਸਾਡੇ ਉਪਰ ਥੋਪ ਦਿੱਤੀ ਗਈ ਹੈ, ਜੋ ਕਿਸੇ ਵੀ ਤਰੀਕੇ ਨਾਲ ਨਿਆਂਪੂਰਨ ਨਹੀਂ ਹੈ ਅਤੇ ਨਾ ਹੀ ਹੋ ਸਕਦੀ ਹੈ। ਇਹ ਕਿਸੇ ਵੀ ਤਰ੍ਹਾਂ ਨਾਲ ਲੋਕ ਪੱਖੀ ਨਹੀਂ ਹੋ ਸਕਦੀ। ਇਹ ਦੁਨੀਆ ਮੌਤ ਦੀ ਅੰਨ੍ਹੀ ਗਲੀ ਵੱਲ ਜਾ ਰਹੀ ਹੈ।.... ਇਸ ਦੌਰ ਵਿਚ ਸਾਨੂੰ ਸਮਾਜਵਾਦ ਦੇ ਸਿਧਾਂਤਾਂ ਅਤੇ ਉਸ ਦੀ ਕਾਰਜ ਵਿਵਸਥਾ ਨੂੰ ਵਿਕਸਤ ਕਰਨਾ ਹੋਵੇਗਾ।

? ਵਿਆਨਾ ਵਿਚ ਹੋਈ ਮੀਟਿੰਗ ਵਿਚ ਇਹ ਫੈਸਲਾ ਹੋਇਆ ਸੀ ਕਿ 'ਸਮਾਜਵਾਦ। ਸ਼ਬਦ

ਦਾ ਪ੍ਰਯੋਗ ਨਹੀਂ ਹੋਵੇਗਾ ਕਿਉਂਕਿ ਇਹ ਇਕ ਅਜਿਹਾ ਸ਼ਬਦ ਹੈ, ਜੋ ਅਪਣੇ ਅਰਥਾਂ ਵਿਚ ਵੰਡਿਆ ਹੋਇਆ ਹੈ।

ਕਾਸਤਰੋ- ਵੇਖੋ, ਮਾਰਕਸਵਾਦ ਕੀ ਹੈ? ਸਮਾਜਵਾਦ ਕੀ ਹੈ? ਇਹ ਬਹੁਤ ਪਰਿਭਾਸ਼ਤ ਨਹੀਂ ਹੈ। ਸਭ ਤੋਂ ਪਹਿਲਾਂ ਪੂੰਜੀਵਾਦ ਦੀ ਵਿਆਖਿਆ ਲਈ ਰਾਜਨੀਤਕ ਅਰਥ-ਸ਼ਾਸਤਰ ਹੋਂਦ ਵਿਚ ਆਇਆ। ਇਸ ਲਈ ਜ਼ਿੰਮੇਵਾਰ ਵਿਅਕਤੀ ਐਡਮ ਸਮਿਥ ਸੀ। ਇਸੇ ਤਰ੍ਹਾਂ ਅਸੀਂ ਵੀ ਇਥੇ ਸਮਾਜਵਾਦ ਦੇ ਨਿਰਮਾਣ ਲਈ ਪੂੰਜੀਵਾਦ ਦੁਆਰਾ ਅਪਨਾਈਆਂ ਗਈਆਂ ਜਮਾਤਾਂ ਨੂੰ ਸਵੀਕਾਰ ਕਰ ਲੈਂਦੇ ਹਾਂ। ਇਨ੍ਹਾਂ ਜਮਾਤਾਂ ਨਾਲ ਸਾਡਾ ਗਹਿਰਾ ਸਰੋਕਾਰ ਹੁੰਦਾ ਹੈ। ਜੇਕਰ ਤੁਸੀਂ ਸਮਾਜਵਾਦ ਦੇ ਨਿਰਮਾਣ ਲਈ ਮਕਾਨਕੀ ਢੰਗ ਨਾਲ ਜਮਾਤਾਂ ਦਾ ਪ੍ਰਯੋਗ ਕਰੋਗੇ ਤਾਂ ਨਿਸ਼ਚਤ ਰੂਪ ਵਿਚ ਤੁਸੀਂ ਸਾਰੀਆਂ ਕਾਰਪੋਰੇਟ ਨੂੰ ਇਕ-ਦੂਸਰੇ ਨਾਲ ਮੁਕਾਬਲਾ ਕਰਨ ਲਈ ਮਜਬੂਰ ਕਰੋਗੇ। ਇਸ ਤਰ੍ਹਾਂ ਇਹ ਅਪਰਾਧੀ ਤੇ ਚੋਰ ਕਾਰਪੋਰੇਟ ਹੋਰ ਵੱਧ ਵਿਕਸਤ ਹੋਣਗੇ। ਇਥੋਂ ਖਰੀਦੇ ਸਾਮਾਨ ਦੀ ਵਿਕਰੀ ਉਥੇ ਕਰਨਗੇ। ਇਸ ਮਾਮਲੇ ਨੂੰ ਸਮਝਣ ਲਈ ਗਹਿਰਾਈ ਵਿਚ ਜਾਣ ਦੀ ਲੋੜ ਹੈ।

ਵਿਤੀ-ਬਜਟ ਅਤੇ ਸਵੈ- ਵਿੱਤ ਨੂੰ ਲੈ ਕੇ ਇਕ ਵਾਰ ਚੀ-ਗਵੇਰਾ ਬਹੁਤ ਵੱਡੀ ਉਲਝਣ ਵਿਚ ਫਸ ਗਏ ਸਨ। ਅਸੀਂ ਇਸ ਬਾਰੇ ਗੱਲਬਾਤ ਕੀਤੀ। ਸਰਕਾਰ ਵਿਚ ਮੰਤਰੀ ਹੋਣ ਕਾਰਣ ਉਨ੍ਹਾਂ ਕਈ ਏਕਾਧਿਕਾਰਵਾਦੀ ਤੰਤਰਾਂ ਦਾ ਅਧਿਐਨ ਕੀਤਾ ਅਤੇ ਬਾਅਦ ਵਿਚ ਉਨ੍ਹਾਂ ਵਿਤੀ-ਬਜਟ ਵਿਧੀ ਦਾ ਪ੍ਰਯੋਗ ਕੀਤਾ। ਸੋਵੀਅਤ ਸੰਘ ਨੇ ਦੂਸਰੀ ਵਿਵਸਥਾ ਦਾ ਪ੍ਰਯੋਗ ਕੀਤਾ ਸੀ। ਇਹ ਲੋਕ ਅਪਣੇ-ਅਪਣੇ ਪੱਖ ਵਿਚ ਇਕ ਮਜ਼ਬੂਤ ਰਾਏ ਰੱਖਦੇ ਸਨ।

ਮਾਰਕਸ ਨੇ ਇਨ੍ਹਾਂ ਵਿਸ਼ਿਆਂ ਬਾਰੇ ਸਰਸਰੀ ਜਿਹਾ 'ਗੋਥਾ ਪ੍ਰੋਗਰਾਮ ਦੀ ਆਲੋਚਨਾ' ਵਿਚ ਵਿਚਾਰ ਪੇਸ਼ ਕੀਤਾ ਸੀ। ਇਸ ਵਿਚ ਉਨ੍ਹਾਂ ਇਹ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਸੀ ਕਿ ਸਮਾਜਵਾਦ ਲਈ ਕੀ ਬੇਹਤਰ ਹੋਵੇਗਾ। ਕਿਉਂਕਿ ਉਹ ਬਹੁਤ ਜ਼ਿਆਦਾ ਬੁੱਧੀਮਾਨ ਵਿਅਕਤੀ ਸਨ। ਯਥਾਰਥ ਬੋਧ ਦੀ ਉਨ੍ਹਾਂ ਨੂੰ ਏਨੀ ਗਹਿਰੀ ਸਮਝ ਸੀ ਕਿ ਉਹ ਸੋਚ ਸਕਦੇ ਸੀ ਕਿ ਸਮਾਜਵਾਦ ਲਈ ਕੀ ਬੇਹਤਰ ਹੋਵੇਗਾ ਤੇ ਇਸੇ ਨੂੰ ਉਹ 'ਯੂਟੋਪੀਆ' ਲਿਖ ਸਕਦੇ ਸਨ। ਸਮੱਸਿਆ ਉਨ੍ਹਾਂ ਦੇ ਸਿਧਾਂਤ ਦਾ ਵਿਸ਼ਲੇਸ਼ਣ ਕਰਨ ਵਿਚ ਹੈ ਅਤੇ ਇਸ ਵਿਸ਼ੇ ਬਾਰੇ ਕਈ ਵਿਸ਼ਲੇਸ਼ਣ ਉਪਲਬਧ ਹਨ। ਅਰਾਜਕਤਾਵਾਦੀ ਤੇ ਸਮਾਜਵਾਦੀਆਂ ਵਿਚਕਾਰ ਵਿਵਾਦ ਦਾ ਕਾਰਣ ਇਹੋ ਹੈ। 1917 ਦੀ ਕ੍ਰਾਂਤੀ ਤੋਂ ਬਾਅਦ ਟ੍ਰਾਟਸਕੀਵਾਦੀਆਂ ਤੇ ਸਟਾਲਨਵਾਦੀਆਂ ਵਿਚਕਾਰ ਵਿਵਾਦ ਦਾ ਵੀ ਇਹੋ ਕਾਰਣ ਸੀ।

?ਸਟਾਲਨ ਅਤੇ ਟ੍ਰਾਟਸਕੀ ਨੂੰ ਤੁਸੀਂ ਕਿਵੇਂ ਦੇਖਦੇ ਹੋ?

ਕਾਸਤਰੋ- ਬਿਨਾਂ ਸ਼ੱਕ ਦੋਵੇਂ ਮਹਾਨ ਨੇਤਾਵਾਂ ਵਿਚੋਂ ਟ੍ਰਾਟਸਕੀ ਵੱਧ ਬੁਧੀਮਾਨ ਤੇ ਬੌਧਿਕ ਸਨ। ਸਟਾਲਨ ਵਿਹਾਰਕ ਨੇਤਾ ਸਨ। ਉਹ ਸਿਧਾਂਤਵਾਦੀ ਵਿਚਾਰਕ ਨਹੀਂ ਸਨ। ਹਾਲਾਂਕਿ ਕੁਝ ਸਮੇਂ ਬਾਅਦ ਉਨ੍ਹਾਂ (ਸਟਾਲਨ) ਨੇ ਵਿਚਾਰਕ ਦਾ ਰੂਪ ਪ੍ਰਾਪਤ ਕਰਨ ਦਾ ਯਤਨ ਕੀਤਾ। ਮੈਨੂੰ ਕੁਝ ਪੁਸਤਕਾਂ ਦੀ ਯਾਦ ਆ ਰਹੀ ਹੈ, ਜਿਨ੍ਹਾਂ ਵਿਚ ਸਟਾਲਨ ਨੇ 'ਦਵੰਦਵਾਦੀ ਭੌਤਿਕਵਾਦ' ਦੇ ਸਾਰ ਦੀ ਵਿਆਖਿਆ ਦਾ ਯਤਨ ਕੀਤਾ ਸੀ ਅਤੇ ਉਸ ਵਿਚ ਉਨ੍ਹਾਂ ਨੇ ਪਾਣੀ ਨੂੰ ਉਦਾਹਰਣ ਦੇ ਰੂਪ



ਵਿਚ ਪੇਸ਼ ਕੀਤਾ ਸੀ। ਇਸ ਤਰ੍ਹਾਂ ਨਾਲ ਸਟਾਲਨ ਨੂੰ ਵਿਚਾਰਕ ਬਣਾਉਣ ਦਾ ਯਤਨ ਕੀਤਾ ਗਿਆ। ਉਹ ਬਹੁਤ ਜ਼ਿਆਦਾ ਯੋਗਤਾ ਵਾਲੇ ਸੰਗਠਨਕਰਤਾ ਸਨ। ਮੇਰੇ ਵਿਚਾਰ ਅਨੁਸਾਰ ਉਹ ਇਕ ਕ੍ਰਾਂਤੀਕਾਰੀ ਸਨ। ਮੈਂ ਨਹੀਂ ਸੋਚਦਾ ਕਿ ਉਹ ਕਦੇ ਜ਼ਾਰ ਦੀ ਫੌਜ ਵਿਚ ਰਹੇ ਸਨ। ਇਸਦੇ ਬਾਵਜੂਦ ਉਨ੍ਹਾਂ ਨੇ ਉਹ ਗਲਤੀਆਂ ਕੀਤੀਆਂ, ਜਿਨ੍ਹਾਂ ਬਾਰੇ ਅਸੀਂ ਸਾਰੇ ਜਾਣਦੇ ਹਾਂ- ਦਮਨ, ਸ਼ੁੱਧੀਕਰਨ ਦੀ ਮੁਹਿਮ ਅਤੇ ਹੋਰ ਵੀ ਬਹੁਤ ਕੁਝ।

?ਤੇ ਲੈਨਿਨ ਬਾਰੇ ਤੁਹਾਡੇ ਕੀ ਵਿਚਾਰ ਹਨ?

ਕਾਸਤਰੋ- ਲੈਨਿਨ ਇਕ ਪ੍ਰਤਿਭਾਵਾਨ ਤੇ ਖਾਸ ਵਿਅਕਤਿਤਵ ਵਾਲੇ ਵਿਅਕਤੀ ਸਨ। ਜੇਕਰ ਉਹ ਜ਼ਿੰਦਾ ਰਹਿੰਦੇ ਤਾਂ ਉਹ ਨਿਸ਼ਚਤ ਹੀ ਬਹੁਤ ਕੁਝ ਕਰ ਸਕਨ ਦੇ ਸਮੱਰਥ ਸਨ। ਸਿਧਾਂਤ ਹਮੇਸ਼ਾ ਮਦਦ ਨਹੀਂ ਕਰਦਾ। ਉਸ ਦੌਰ ਵਿਚ ਜਦੋਂ ਸਮਾਜਵਾਦੀ ਰਾਜ ਦਾ ਨਿਰਮਾਣ ਹੋ ਰਿਹਾ ਸੀ, ਲੈਨਿਨ ਨੇ 1921 ਵਿਚ ਨਵੀਨ ਆਰਥਕ ਪ੍ਰੋਗਰਾਮ ਨੂੰ ਲਾਗੂ ਕੀਤਾ ਸੀ। ਅਸੀਂ ਵੀ ਇਸ ਸਬੰਧੀ ਕਾਫ਼ੀ ਚਰਚਾ ਕੀਤੀ ਸੀ। ਚੀ-ਗਵੇਰਾ ਨੇ ਖ਼ੁਦ ਇਸ ਨਵੀਨ ਪ੍ਰੋਗਰਾਮ ਨੂੰ ਪਸੰਦ ਨਹੀਂ ਸੀ ਕੀਤਾ।

ਅਸਲ ਵਿਚ ਲੈਨਿਨ ਨੇ ਬਹੁਤ ਹੀ ਬੇਹਤਰੀਨ ਵਿਚਾਰ ਪੇਸ਼ ਕੀਤਾ ਸੀ। ਸਰਵਹਾਰਾ ਦੀ ਨਿਗਰਾਨੀ ਹੇਠ ਪੂੰਜੀਵਾਦ ਦਾ ਨਿਰਮਾਣ। ਯਾਦ ਕਰੋ ਕਿ ਉਸ ਸਮੇਂ ਸਾਰੀਆਂ ਵੱਡੀਆਂ ਤਾਕਤਾਂ ਬਾਲਸ਼ਵਿਕ ਕ੍ਰਾਂਤੀ ਨੂੰ ਨਸ਼ਟ ਕਰ ਦੇਣਾ ਚਾਹੁੰਦੀਆਂ ਸਨ। ਹਰ ਕਿਸੇ ਨੇ ਬਾਲਸ਼ਵਿਕ ਕ੍ਰਾਂਤੀ 'ਤੇ ਹਮਲੇ ਕੀਤੇ ਸਨ। ਰੂਸ ਪੂਰੇ ਯੂਰਪ ਵਿਚ ਸਭ ਤੋਂ ਘੱਟ ਵਿਕਸਤ ਦੇਸ਼ ਸੀ। ਭਾਵੇਂ ਲੈਨਿਨ ਨੇ ਮਾਰਕਸ ਦੇ ਸਿਧਾਂਤਾਂ ਦਾ ਪ੍ਰਯੋਗ ਕਰਕੇ ਇਥੇ ਕ੍ਰਾਂਤੀ ਲੈ ਆਂਦੀ ਪਰ ਉਸ ਸਮੇਂ ਸਭ ਤੋਂ ਗੁੰਝਲਦਾਰ ਸਿਧਾਂਤਕ ਵਿਚਾਰ ਇਹ ਸੀ ਕਿ ਕ੍ਰਾਂਤੀ ਇਕ ਦੇਸ਼ ਵਿਚ ਨਹੀਂ ਆ ਸਕਦੀ। ਕ੍ਰਾਂਤੀ ਸਭ ਤੋਂ ਪਹਿਲਾਂ ਵਿਕਸਤ ਉਦਯੋਗਿਕ ਦੇਸ਼ਾਂ ਵਿਚ ਆਵੇਗੀ, ਜਿਥੇ ਉਤਪਾਦਨ ਸ਼ਕਤੀਆਂ ਸਭ ਨਾਲੋਂ ਵੱਧ ਚੇਤਨਾ ਸੰਪੰਨ ਹੁੰਦੀਆਂ ਹਨ। ਇਸ ਤਰ੍ਹਾਂ ਦੀ ਮਹਾਨ ਦੁਬਿਧਾ ਵਿਚ ਵੀ ਸਭ ਤੋਂ ਪਹਿਲਾਂ ਕ੍ਰਾਂਤੀ ਰੂਸ ਵਿਚ ਹੋਈ। ਇਸ ਤੋਂ ਬਾਅਦ ਵੱਡਾ ਸਵਾਲ ਇਹ ਸੀ ਕਿ ਕਿਹੜੇ ਰਸਤੇ ਦਾ ਅਨੁਕਰਨ ਕੀਤਾ ਜਾਵੇ। ਜਦੋਂ ਬਾਕੀ ਯੂਰਪ ਵਿਚ ਕ੍ਰਾਂਤੀਕਾਰੀ ਅੰਦੋਲਨਾਂ ਦਾ ਪਤਨ ਹੋ ਚੁੱਕਾ ਸੀ, ਲੈਨਿਨ ਕੋਲ ਹੋਰ ਕੋਈ ਬਦਲ ਨਹੀਂ ਸੀ ਬਚਿਆ। ਉਨ੍ਹਾਂ ਨੇ ਇਕ ਦੇਸ਼ ਵਿਚ ਸਮਾਜਵਾਦ ਦੇ ਨਿਰਮਾਣ ਦਾ ਯਤਨ ਕੀਤਾ। ਅਪਣਾ ਸਿਧਾਂਤ ਵਿਕਸਤ ਕੀਤਾ। ਕਲਪਨਾ ਕਰੋ ਕਿ ਇਕ ਅਜਿਹੇ ਮੁਲਕ ਵਿਚ ਸਮਾਜਵਾਦ ਦਾ ਨਿਰਮਾਣ ਕੀਤਾ ਜਾ ਰਿਹਾ ਸੀ, ਜਿਥੇ ਅਣਪੜ੍ਹਤਾ ਦੀ ਦਰ 80 ਫੀਸਦੀ ਸੀ। ਸਥਿਤੀ ਵੀ ਅਜਿਹੀ ਸੀ ਕਿ ਹਰ ਕੋਈ ਲੈਨਿਨ 'ਤੇ ਹਮਲਾ ਕਰ ਰਿਹਾ ਸੀ। ਦੇਸ਼ ਵਿਚ ਜਿਹੜੇ ਵੀ ਬੁੱਧੀਮਾਨ ਵਿਅਕਤੀ ਬਚੇ ਸਨ, ਉਹ ਜਾਂ ਤਾਂ ਉਥੋਂ ਚਲੇ ਗਏ ਸਨ ਅਤੇ ਜਾਂ ਫਿਰ ਉਨ੍ਹਾਂ ਨੂੰ ਸਜ਼ਾ ਹੋ ਚੁੱਕੀ ਸੀ।

?ਕੀ ਸੱਚਮੁਚ ਇਹ ਘਾਤਕ ਬਹਿਸਾਂ ਵਾਲਾ ਭਿਆਨਕ ਸਮਾਂ ਸੀ?

ਕਾਸਤਰੋ- ਇਸ ਤਰ੍ਹਾਂ ਦੇ ਕਈ ਵਿਵਾਦ ਸਨ। ਉਸ ਸਮੇਂ ਲੈਨਿਨ ਦੀ ਮੌਤ ਹੋਈ। ਮੇਰੀ ਰਾਏ ਵਿਚ 'ਨਵੀਨ ਆਰਥਕ ਪ੍ਰੋਗਰਾਮ' ਨੂੰ ਲਾਗੂ ਕਰਨ ਦੇ ਦਸ ਸਾਲਾਂ ਤਕ ਸੋਵੀਅਤ ਸੰਘ ਨੇ ਖੇਤੀ ਤੇ ਕਿਸਾਨ ਸਹਿਕਰਤਾਵਾਂ ਨੂੰ ਸਥਾਪਤ ਕਰਨ ਵਿਚ ਸਮਾਂ ਬਰਬਾਦ ਕਰ ਦਿੱਤਾ। ਇਨ੍ਹਾਂ ਪਰਸਥਿਤੀਆਂ ਵਿਚ ਨਿੱਜੀ ਪੱਧਰ 'ਤੇ ਵੱਧ ਉਤਪਾਦਨ ਹੋ ਸਕਦਾ ਸੀ। ਸਮੂਹੀਕਰਨ ਵਿਚ

ਭਿਆਨਕ ਉਤਾਵਲਾਪਨ ਵਿਖਾਇਆ ਗਿਆ। ਕਿਊਬਾ ਵਿਚ ਹਮੇਸ਼ਾ ਅਜਿਹਾ ਰਿਹਾ ਹੈ ਕਿ ਇਥੇ ਪੂਰਬ ਵਿਚ ਇਕ ਲੱਖ ਵਿਅਕਤੀ ਭੂਮੀ ਮਾਲਕ ਸਨ। ਸੰਨ 1959 ਵਿਚ ਅਸੀਂ ਪਹਿਲਾ ਕੰਮ ਇਹ ਕੀਤਾ ਕਿ ਜੋ ਵੀ ਕਿਰਾਏ ਦੀ ਜ਼ਮੀਨ 'ਤੇ ਜਾਂ ਫਸਲ ਦੇ ਹਿੱਸੇਦਾਰ ਦੇ ਰੂਪ ਵਿਚ ਕੰਮ ਕਰ ਰਹੇ ਸਨ, ਉਹ ਪਹਿਲਾਂ ਵਾਂਗ ਹੀ ਕੰਮ ਕਰਦੇ ਰਹੇ।

? ਕੀ ਤੁਸੀਂ ਸੋਚਦੇ ਹੋ ਕਿ ਅਜੋਕੇ ਦੌਰ ਵਿਚ ਅਸੀਂ ਵਿਚਾਰਧਾਰਕ ਭੁਲੇਖਿਆਂ ਵਿਚ ਜੀਅ ਰਹੇ ਹਾਂ?

ਕਾਸਤਰੋ- ਹਾਂ, ਮੰਨਦਾ ਹਾਂ। ਵਿਚਾਰਧਾਰਕ ਪੱਧਰ 'ਤੇ ਅੱਜ ਬਹੁਤ ਜ਼ਿਆਦਾ ਭੰਬਲਭੂਸਾ ਮੌਜੂਦ ਹੈ। ਜਿਸ ਦੁਨੀਆ ਵਿਚ ਅਸੀਂ ਅੱਜ ਰਹਿ ਰਹੇ ਹਾਂ, ਇਹ ਬਹੁਤ ਵੱਖਰੀ ਹੈ। ਕਈ ਸਮੱਸਿਆਵਾਂ ਹਨ। ਸਾਡੇ ਸਮਿਆਂ ਦੇ ਵੱਡੇ ਸਿਆਸੀ ਤੇ ਸਮਾਜਕ ਚਿੰਤਕਾਂ ਦੇ ਵਿਚਾਰਾਂ ਵਿਚ ਵੱਡੇ ਖੱਪੇ ਹਨ। ਇਨ੍ਹਾਂ ਖੱਪਿਆਂ ਕਾਰਣ ਉਹ ਅਪਣੇ ਗਿਆਨ ਦੁਆਰਾ ਲੋਕਾਂ ਵਿਚ ਕ੍ਰਾਂਤੀਕਾਰੀ ਚੇਤਨਾ ਨਹੀਂ ਫੈਲਾਅ ਰਹੇ।

ਅੱਜ ਲੋਕ ਘੱਟ ਵਿਕਾਸ, ਬਿਮਾਰੀਆਂ ਤੇ ਅਣਪੜ੍ਹਤਾ ਖਿਲਾਫ਼ ਲੜ ਰਹੇ ਹਨ, ਪਰ ਜਿਸ ਨੂੰ ਅਸੀਂ ਮਨੁੱਖਤਾ ਸਾਹਮਣੇ ਪੈਦਾ ਹੋਈਆਂ ਸਮੱਸਿਆਵਾਂ ਦਾ ਵਿਸ਼ਵੀ ਹੱਲ ਕਹਿ ਸਕਦੇ ਹਾਂ ਅਜੇ ਤਕ ਸਾਹਮਣੇ ਨਹੀਂ ਆਇਆ। ਮਨੁੱਖਤਾ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੇਵਲ ਇਕ ਮੁਲਕ ਦੇ ਆਧਾਰ 'ਤੇ ਨਹੀਂ ਲੱਭਿਆ ਜਾ ਸਕਦਾ। ਅੱਜ ਵਿਸ਼ਵ ਪੱਧਰ 'ਤੇ ਪਹਿਲਾਂ ਨਾਲੋਂ ਕਿਤੇ ਵੱਧ ਤਾਨਾਸ਼ਾਹੀ ਕਾਇਮ ਹੈ। 'ਨਵ-ਉਦਾਰਵਾਦੀ ਵਿਸ਼ਵੀਕਰਨ' ਨੂੰ ਸਾਮਰਾਜ ਤੇ ਉਸ ਦੇ ਸਹਿਯੋਗੀਆਂ ਦਾ ਸਮੱਰਥਨ ਪ੍ਰਾਪਤ ਹੈ। ਵਿਸ਼ਵ ਵਪਾਰ ਸੰਗਠਨ, ਵਿਸ਼ਵ ਬੈਂਕ, ਅੰਤਰ-ਰਾਸ਼ਟਰੀ ਮੁਦਰਾ ਕੋਸ਼ ਅਸਿੱਧੇ ਤੌਰ 'ਤੇ ਤਾਨਾਸ਼ਾਹੀ, ਪ੍ਰਭੂਸੱਤਾ ਤੇ ਸ਼ੋਸ਼ਣ ਤੰਤਰ ਦੇ ਅਧੀਨ ਕਾਰਜ ਕਰ ਰਹੇ ਹਨ। ਇਹ ਬਸਤੀਵਾਦੀ ਦਾਸਤਾਨ ਦੇ ਮਹਾ ਭਿਆਨਕ ਨਤੀਜਿਆਂ ਨਾਲੋਂ ਵੀ ਬੁਰਾ ਹੈ।

ਕਈ ਲੋਕ ਅਪਣੇ ਆਪ ਨੂੰ ਇਸ ਮੌਜੂਦਾ ਤਾਨਾਸ਼ਾਹੀ ਤੋਂ ਮੁਕਤ ਕਰਨ ਦਾ ਯਤਨ ਕਰ ਰਹੇ ਹਨ। ਤੁਸੀਂ ਜਾਣਦੇ ਹੋ ਕਿ ਕਿੰਨੇ ਲੋਕਾਂ ਨੇ ਪੋਟਰੋ ਅਲੇਗਰੇ ਵਿਚ ਅਤੇ 2004 ਵਿਚ ਮੁੰਬਈ ਵਿਚ 'ਵਿਸ਼ਵ ਸਮਾਜਕ ਮੰਚ' (ਰੁਛਘ) ਰਾਹੀਂ ਸ਼ਿਰਕਤ ਕੀਤੀ ਸੀ। ਇਸ ਉਦਾਰਵਾਦੀ ਵਿਸ਼ਵੀਕਰਨ ਬਾਰੇ ਮੈਂ ਬਹੁਤ ਸਾਰੇ ਲੇਖ ਪੜ੍ਹਦਾ ਰਹਿੰਦਾ ਹਾਂ। ਇਸ ਤੋਂ ਇਲਾਵਾ ਇਸ ਸੰਬੰਧੀ ਹੋਰ ਸਮੱਗਰੀ ਦਾ ਵੀ ਮੈਂ ਅਧਿਐਨ ਕੀਤਾ ਹੈ।

ਪਿਛਲੇ ਕਈ ਸਾਲਾਂ ਤੋਂ ਸਾਡੇ ਸਹਿਯੋਗੀ ਮੱਧਮਾਰਗੀ ਤੇ ਪਿਛਾਂਹ ਖਿੱਚੂ ਪੱਤ੍ਰਿਕਾਵਾਂ ਵਿਚ ਛਪੇ ਲੇਖ ਪੜ੍ਹ ਰਹੇ ਹਨ। ਅਸੀਂ ਲਗਾਤਾਰ ਆਰਥਕ ਸਮੱਸਿਆਵਾਂ ਦਾ ਵਿਸ਼ਲੇਸ਼ਣ ਸਾਰੀਆਂ ਹਫ਼ਤਾਵਾਰੀ ਤੇ ਰੋਜ਼ਾਨਾ ਪੱਤ੍ਰਿਕਾਵਾਂ ਵਿਚ ਵੇਖਦੇ ਰਹੇ ਹਾਂ। ਇਸ ਅਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਹੁਣ ਲੋਕਾਂ ਲਈ ਸਮੱਸਿਆਵਾਂ ਨੂੰ ਸਮਝਣਾ ਔਖਾ ਹੋ ਗਿਆ ਹੈ। ਇਸ ਦਾ ਪ੍ਰਮੁੱਖ ਕਾਰਣ ਇਹ ਹੈ ਕਿ ਬਹੁਤੇ ਦੇਸ਼ਾਂ ਵਿਚ ਜ਼ਿਆਦਾਤਰ ਆਬਾਦੀ ਨੂੰ ਆਰਥਕਤਾ ਨਾਲ ਸਬੰਧਤ ਸਿਖਿਆ ਹੀ ਪ੍ਰਦਾਨ ਨਹੀਂ ਕੀਤੀ ਜਾ ਰਹੀ। ਇਹੋ ਹਾਲ ਸਿਆਸੀ ਸਿਖਿਆ ਦਾ ਹੈ।

? ਕੀ ਤੁਸੀਂ ਧਾਰਮਕ ਕੱਟੜਪੁਣੇ ਦੇ ਸਖ਼ਤ ਖ਼ਿਲਾਫ਼ ਹੋ?

ਕਾਸਤਰੋ- ਹਾਂ ਮੈਂ ਹਰ ਕਿਸਮ ਦੇ ਕੱਟੜਪੁਣੇ ਦਾ ਵਿਰੋਧੀ ਹਾਂ। ਮੈਂ ਤੁਹਾਨੂੰ ਦੱਸਣਾ ਚਾਹੁੰਦਾ



ਹਾਂ ਕਿ ਕਿਥੇ-ਕਿਥੇ ਸਾਡੇ ਵਿਸ਼ਵਾਸ ਝੂਠੇ ਹਨ। ਵਿਚਾਰਾਂ ਦੀ ਅਦਭੁਤ ਸ਼ਕਤੀ ਨਾਲ ਅਸੀਂ ਪਿਛਲੇ ਸਮੇਂ ਦੌਰਾਨ ਬਹੁਤ ਕੁਝ ਸਿਖਿਆ ਹੈ। ਅਸੀਂ ਹਮੇਸ਼ਾ ਲੋਕਾਂ ਨੂੰ ਸਹੀ ਤੌਰ 'ਤੇ ਸਿਖਿਅਤ ਕਰਨ ਦਾ ਯਤਨ ਕਰਦੇ ਰਹੇ ਹਾਂ। ਖ਼ਾਸ ਤੌਰ 'ਤੇ ਨਵੀਂ ਪੀੜ੍ਹੀ ਨੂੰ ਤਾਂ ਅਸੀਂ ਹੋਰ ਵੱਧ ਸਿਖਿਅਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਦਾ ਕਾਰਣ ਇਹ ਹੈ ਕਿ ਮੌਜੂਦਾ ਵਿਸ਼ਵੀਕ੍ਰਿਤ ਦੁਨੀਆ ਤੁਹਾਨੂੰ ਮਜਬੂਰ ਕਰ ਰਹੀ ਹੈ ਕਿ ਤੁਸੀਂ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰੋ, ਜਿਸ ਨਾਲ ਸਾਡੇ ਸਾਹਮਣੇ ਮੌਜੂਦ ਸਮੱਸਿਆਵਾਂ ਨੂੰ ਵੇਖਿਆ ਜਾ ਸਕੇ ਅਤੇ ਇਨ੍ਹਾਂ ਦਾ ਕੋਈ ਵਿਸ਼ਵੀ ਹੱਲ ਲੱਭਿਆ ਜਾ ਸਕੇ।

? ਇਹ ਹੱਲ ਕਿਸ ਤਰ੍ਹਾਂ ਦੇ ਹੋਣਗੇ?

ਕਾਸਤਰੋ- ਅਸੀਂ ਇਤਿਹਾਸ ਦੁਆਰਾ ਇਹ ਜਾਣਦੇ ਹਾਂ ਕਿ ਮਨੁੱਖ ਜਾਤੀ ਬਾਕੀ ਪਰਜਾਤੀਆਂ ਦੇ ਮੁਕਾਬਲਤਨ ਨਵੀਂ ਹੈ। ਉਤਪਤੀ ਦੇ ਵਿਭਿੰਨ ਦੌਰਾਂ ਦੀ ਲੱਖਾਂ ਸਾਲਾਂ ਦੀ ਪਰਕਿਰਿਆ ਦੀ ਤੁਲਨਾ ਵਿਚ ਇਸ ਜਾਤੀ ਦੀ ਉਮਰ ਬਹੁਤ ਘੱਟ ਹੈ।

ਅਪਣੀਆਂ ਸਾਰੀਆਂ ਬੌਧਿਕ ਯੋਗਤਾਵਾਂ ਨਾਲ ਅੱਜ ਦਾ ਮਨੁੱਖ ਲਗਭਗ ਇਕ ਲੱਖ ਸਾਲ ਪੁਰਾਣਾ ਹੈ। ਅਸੀਂ ਜਾਣਦੇ ਹਾਂ ਕਿ ਜੀਵਨ ਦੀ ਉਤਪੱਤੀ ਕਈ ਵਾਰ ਓਲਕਾ ਪਿੰਡਾਂ ਦੁਆਰਾ ਤਹਿਸ ਨਹਿਸ ਕੀਤੀ ਗਈ- ਵਿਗਿਆਨੀ ਦੱਸਦੇ ਹਨ ਕਿ ਇਹ ਇਕ ਵੱਡੇ ਪ੍ਰਮਾਣੂ ਵਿਸਫੋਟ ਦੇ ਬਰਾਬਰ ਸੀ, ਜਿਸ ਨਾਲ ਇਸ ਗ੍ਰਹਿ ਦਾ ਵਾਤਾਵਰਣ ਧੂੜ ਨਾਲ ਭਰ ਗਿਆ ਸੀ ਅਤੇ ਪੂਰੀ ਧਰਤੀ ਕਈ ਹਫ਼ਤਿਆਂ ਤਕ ਹਨੇਰੇ ਵਿਚ ਡੁੱਬ ਗਈ ਸੀ। ਕੌਣ ਜਾਣਦਾ ਹੈ ਕਿ ਇਸ ਨਾਲ ਕਿੰਨੀਆਂ ਪ੍ਰਜਾਤੀਆਂ ਦੇ ਡਾਇਨਾਰਸੌਰ ਅਤੇ ਇਸੇ ਤਰ੍ਹਾਂ ਦੇ ਹੋਰ ਜੀਵ ਖ਼ਤਮ ਹੋ ਗਏ। ਫਿਰ ਦੂਸਰੇ ਕਿਸਮ ਦੇ ਜੀਵਾਂ ਦੀ ਉਤਪਤੀ ਹੋਈ... ਪਰ ਉਸ ਸਮੇਂ ਤਕ ਵੀ ਮਨੁੱਖ ਜਾਤੀ ਦੀ ਹੋਂਦ ਨਹੀਂ ਸੀ।

ਅੱਜ ਦੀ ਦੁਨੀਆ ਸਾਹਮਣੇ ਨਵਾਂ ਖ਼ਤਰਾ ਹੈ। ਸਾਡੀ ਆਬਾਦੀ ਸੱਤ ਅਰਬ ਤੋਂ ਵੱਧ ਹੈ ਅਤੇ ਹਰ ਸਾਲ ਬੜੀ ਤੇਜ਼ੀ ਨਾਲ ਆਬਾਦੀ ਵੱਧ ਰਹੀ ਹੈ। ਮੇਰੇ ਕੋਲ ਤਿੰਨ ਘੜੀਆਂ ਹਨ, ਜੋ ਥੋੜ੍ਹੇ ਬਹੁਤ ਫਰਕ ਨਾਲ ਹਰ ਰੋਜ਼ ਹੋਣ ਵਾਲੀ ਵਿਸ਼ਵ ਪੱਧਰ 'ਤੇ ਜਨਸੰਖਿਆ ਦੇ ਵਾਧੇ ਬਾਰੇ ਦੱਸਦੀਆਂ ਹਨ। ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਚੀਨ ਨੇ ਅਪਣੀ ਜਨਸੰਖਿਆ ਨੂੰ ਕੰਟਰੋਲ ਕਰਨ ਲਈ ਸਾਰਥਕ ਯਤਨ ਕੀਤੇ ਹਨ। ਇਸ ਦੇ ਬਾਵਜੂਦ ਸਾਡੇ ਗ੍ਰਹਿ ਦੀ ਅਬਾਦੀ 7 ਅਰਬ ਤੋਂ ਵੱਧ ਗਈ ਹੈ।

ਵਿਸ਼ਵੀਕਰਨ ਲਗਾਤਾਰ ਇਨ੍ਹਾਂ ਭਿਆਨਕ ਸੱਚਾਈਆਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ। ਕੌਮਾਂਤਰੀ ਮੁਦਰਾ ਕੋਸ਼ ਦਾ ਸ਼ਾਸਨ ਕਈ ਦੇਸ਼ਾਂ ਨੂੰ ਨਿਰਦੇਸ਼ਤ ਕਰ ਰਿਹਾ ਹੈ ਅਤੇ ਵਿਸ਼ਾਲ ਗਿਣਤੀ ਲੋਕਾਂ ਨੂੰ ਨਰਕ ਵਿਚ ਝੋਕ ਰਿਹਾ ਹੈ। ਇਸ ਤਰ੍ਹਾਂ ਸਾਮਰਾਜਵਾਦ, ਜਿਸ ਦੀ ਰੁਚੀ ਕੇਵਲ ਵੱਡੀਆਂ ਕਾਰਪੋਰੇਸ਼ਨਾਂ ਦੇ ਹਿਤਾਂ ਨੂੰ ਸੁਰੱਖਿਅਤ ਕਰਨ ਵਿਚ ਹੈ ਅਤੇ ਉਹ ਸਭ ਕੁਝ ਹਰ-ਇਕ ਵਿਅਕਤੀ ਦੀ ਕੀਮਤ 'ਤੇ ਕਰ ਰਿਹਾ ਹੈ। ਉਹ (ਅਮਰੀਕਾ) ਜਿਸ 'ਤੇ ਵੀ ਚਾਹੁੰਦੇ ਹਨ, ਟੈਕਸ ਲਗਾ ਦਿੰਦੇ ਹਨ। ਉਨ੍ਹਾਂ ਕੈਨੇਡਾ 'ਤੇ ਵੀ ਲੱਕੜੀ ਦੀ ਦਰਾਮਦ 'ਤੇ 30 ਫੀਸਦੀ ਦਾ ਟੈਕਸ ਥੋਪ ਦਿੱਤਾ ਹੈ, ਜਿਸ ਨਾਲ ਕਈ ਅਰਬ ਡਾਲਰ ਦਾ ਬਾਜ਼ਾਰ ਪ੍ਰਭਾਵਤ ਹੋਇਆ ਸੀ।

ਪੂਰੀ ਦੁਨੀਆ ਵਿਚ, ਵੱਖ-ਵੱਖ ਮੁਲਕਾਂ ਵਿਚ ਮਜ਼ਬੂਤ ਰਾਸ਼ਟਰੀ ਭਾਵਨਾਵਾਂ ਵਿਕਸਤ ਹੋ ਰਹੀਆਂ ਹਨ। ਇਹ ਕੋਈ ਚੰਗੀ ਗੱਲ ਨਹੀਂ ਹੈ। ਇਸ ਸਮੇਂ ਸਾਡੀਆਂ ਚਿੰਤਾਵਾਂ ਤੇ ਸਰੋਕਾਰ

ਰਾਸ਼ਟਰੀ ਨਹੀਂ ਸਗੋਂ ਅੰਤਰ-ਰਾਸ਼ਟਰੀ ਹਨ। ਦੁਨੀਆ ਵਿਚ ਹੁਣ ਅੰਤਰ-ਰਾਸ਼ਟਰੀ ਭਾਵਨਾਵਾਂ
ਵਿਕਸਤ ਹੋਣੀਆਂ ਚਾਹੀਦੀਆਂ ਹਨ। ਜੇਕਰ ਅਸੀਂ ਅੰਤਰ-ਰਾਸ਼ਟਰਵਾਦੀ ਨਹੀਂ ਹੋਵਾਂਗੇ ਤਾਂ
ਅਸੀਂ ਵਿਸ਼ਵ-ਭਾਈਚਾਰੇ ਦਾ ਅਨੁਕਰਨ ਨਹੀਂ ਕਰ ਸਕਾਂਗੇ। ਜਾਂ ਅਸੀਂ ਦੂਸਰੇ ਮੁਲਕਾਂ ਨੂੰ ਦੋਸ਼ੀ
ਠਹਿਰਾਉਣ ਲੱਗ ਪਵਾਂਗੇ। ਇਹ ਬਿਲਕੁਲ ਉਸੇ ਤਰ੍ਹਾਂ ਹੋਵੇਗਾ ਜਿਵੇਂ ਫਾਸ਼ੀਵਾਦ ਲਈ ਪੂਰੇ
ਜਰਮਨੀ ਦੇ ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ। ਹਾਲਾਂਕਿ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਰਮਨ
ਦੇ ਅਨੇਕ ਨਾਗਰਿਕਾਂ ਨੇ ਇਸ ਵਿਕਰਾਲਤਾ ਦਾ ਖੰਡਨ ਕੀਤਾ ਸੀ।

? ਕਿਊਬਾ 'ਤੇ ਦੋਸ਼ ਲਗਾਇਆ ਗਿਆ ਹੈ ਕਿ ਉਸ ਨੇ ਇਰਾਨ ਨੂੰ ਤਕਨੀਕ ਦੇ ਨਾਲ-ਨਾਲ
ਕਈ ਤਰ੍ਹਾਂ ਦੀ ਮਦਦ ਦਿੱਤੀ ਹੈ?

ਕਾਸਤਰੋ- ਹਾਂ, ਸਾਡੇ ਉੱਪਰ ਇਸ ਤਰ੍ਹਾਂ ਦੇ ਬੜੇ ਦੋਸ਼ ਲਗਾਏ ਗਏ ਹਨ। ਸਾਡੇ 'ਤੇ ਦੋਸ਼
ਲਗਾਇਆ ਗਿਆ ਹੈ ਅਸੀਂ ਇਰਾਨ ਨਾਲ ਸਮਝੌਤਾ ਕੀਤਾ ਹੈ। ਜੀ ਹਾਂ, ਅਸੀਂ ਇਰਾਨ ਨਾਲ
ਸਹਿਯੋਗ ਕੀਤਾ ਹੈ, ਪਰ ਇਹ ਪ੍ਰਮਾਣੂ ਊਰਜਾ ਬਾਰੇ ਨਹੀਂ ਸਗੋਂ ਅਸੀਂ ਇਰਾਨ ਦੇ ਸਹਿਯੋਗ ਨਾਲ
ਕੈਂਸਰ ਦੇ ਇਲਾਜ ਲਈ ਪ੍ਰਯੋਗ ਹੋਣ ਵਾਲੀਆਂ ਦਵਾਈਆਂ ਦੇ ਇਕ ਕਾਰਖਾਨੇ ਦਾ ਨਿਰਮਾਣ ਕਰ
ਰਹੇ ਹਾਂ। ਜਿਸ ਤਰ੍ਹਾਂ ਅਸੀਂ ਪ੍ਰਮਾਣੂ ਅਪ੍ਰਸਾਰ ਸੰਧੀ 'ਤੇ ਦਸਤਖ਼ਤ ਕੀਤੇ, ਉਸੇ ਤਰ੍ਹਾਂ ਇਰਾਨ ਨੇ ਵੀ
ਇਸ ਸੰਧੀ 'ਤੇ ਦਸਤਖ਼ਤ ਕੀਤੇ ਹਨ। ਅਸੀਂ ਕਦੇ ਵੀ ਪ੍ਰਮਾਣੂ ਹਥਿਆਰਾਂ ਦੇ ਨਿਰਮਾਣ ਦੇ ਵਿਚਾਰ
ਨੂੰ ਨਹੀਂ ਸਵੀਕਾਰਾਂਗੇ ਕਿਉਂਕਿ ਸਾਨੂੰ ਇਸ ਦੀ ਲੋੜ ਹੀ ਨਹੀਂ ਹੈ। ਪ੍ਰਮਾਣੂ ਹਥਿਆਰਾਂ ਨੂੰ ਵਿਕਸਤ
ਕਰਨ ਨਾਲ ਕੀ ਹਾਸਲ ਹੋਵੇਗਾ ਜਦੋਂ ਕਿ ਸਾਡੇ ਦੁਸ਼ਮਣਾਂ ਕੋਲ ਤਾਂ ਇਹ ਹਜ਼ਾਰਾਂ ਦੀ ਤਾਦਾਦ
ਵਿਚ ਹਨ। ਇਸ ਤਰ੍ਹਾਂ ਤਾਂ ਇਕ ਵਾਰ ਫੇਰ ਹਥਿਆਰਾਂ ਦੀ ਅੰਨ੍ਹੀ ਦੌੜ ਸ਼ੁਰੂ ਹੋ ਜਾਵੇਗੀ। ਕਿਸੇ ਨੂੰ ਵੀ
ਪ੍ਰਮਾਣੂ ਹਥਿਆਰ ਵਿਕਸਤ ਕਰਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਅਸੀਂ ਇਸ ਦੇ ਵਿਰੋਧ
ਵਿਚ ਹਮੇਸ਼ਾ ਬੋਲਦੇ ਰਹਾਂਗੇ। ਸਾਨੂੰ ਇਨ੍ਹਾਂ ਸਾਰੀਆਂ ਮੂਰਖ਼ਤਾਵਾਂ 'ਤੇ ਰੋਕ ਲਗਾਉਣ ਦੀ ਲੋੜ ਹੈ,
ਜਿਸ ਨੂੰ ਸਾਮਰਾਜਵਾਦ ਪੂਰੀ ਦੁਨੀਆ ਵਿਚ ਦਹਿਸ਼ਤ ਜ਼ੋਰ ਨਾਲ ਫੈਲਾਅ ਰਿਹਾ ਹੈ। ਵੱਧ ਤੋਂ ਵੱਧ
ਮੁਲਕਾਂ ਦੇ ਇਕੱਠੇ ਹੋਣ ਨਾਲ ਇਹ ਡਰ ਘਟੇਗਾ। ਜਿਉਂ-ਜਿਉਂ ਵੱਧ ਤੋਂ ਵੱਧ ਮੁਲਕ ਵਿਦਰੋਹੀ
ਹੋਣਗੇ, ਤਿਉਂ-ਤਿਉਂ ਸਾਮਰਾਜ ਆਪਣੀ ਘ੍ਰਿਣਤ ਤੇ ਤ੍ਰਿਸਕਾਰਤ ਵਿਵਸਥਾ ਨੂੰ ਜਾਰੀ ਰੱਖਣ ਦੇ
ਯੋਗ ਨਹੀਂ ਰਹੇਗਾ। ਮੈਂ ਸੋਚਦਾ ਹਾਂ ਕਿ ਸਾਮਰਾਜ ਹੁਣ ਜਾਂ ਬਾਅਦ ਵਿਚ ਲੋਕਾਂ ਦਾ ਦੇਵਤਾ ਨਹੀਂ
ਬਣ ਸਕਦਾ।

? ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਸਮਾਜਵਾਦੀ ਮੁਲਕਾਂ ਨੇ ਵਾਤਾਵਰਣ ਦੇ ਮੁੱਦੇ 'ਤੇ
ਧਿਆਨ ਨਹੀਂ ਦਿੱਤਾ। ਕੀ ਕਿਊਬਾ ਵਿਚ ਵਾਤਾਵਰਣ 'ਤੇ ਧਿਆਨ ਦਿੱਤਾ ਗਿਆ?

ਕਾਸਤਰੋ- ਅਸੀਂ ਕਿਊਬਾ ਵਿਚ ਮੌਸਮ ਵਿਚ ਆਉਣ ਵਾਲੀ ਤਬਦੀਲੀ ਬਾਰੇ ਪੜਤਾਲ ਸ਼ੁਰੂ
ਕੀਤੀ ਹੋਈ ਹੈ। ਸਮੁੰਦਰ ਤਲ ਵਿਚ ਆਏ ਪਰਿਵਰਤਨਾਂ ਬਾਰੇ ਵੀ ਅਸੀਂ ਜਾਂਚ ਸ਼ੁਰੂ ਕੀਤੀ ਹੈ। ਸੱਚ
ਤਾਂ ਇਹ ਹੈ ਕਿ ਵਾਤਾਵਰਣ ਬਾਰੇ ਸਾਡੇ ਮੁਲਕ ਵਿਚ ਚੇਤਨਾ ਦਾ ਪਾਸਾਰ ਬੜੀ ਤੇਜ਼ੀ ਨਾਲ ਹੋ
ਰਿਹਾ ਹੈ। ਲੋਕ ਸਿਖਿਅਤ ਹੋ ਰਹੇ ਹਨ ਤੇ ਟੈਲੀਵਿਜ਼ਨ 'ਤੇ ਇਸ ਵਿਸ਼ੇ ਸੰਬੰਧੀ ਲਗਾਤਾਰ ਪ੍ਰੋਗਰਾਮ
ਚੱਲਦੇ ਰਹਿੰਦੇ ਹਨ। ਸਾਡੇ ਸਾਰੇ ਬੱਚੇ ਇਸ ਵਿਸ਼ੇ ਸੰਬੰਧੀ ਪੜ੍ਹਾਈ ਲਾਜ਼ਮੀ ਵਿਸ਼ੇ ਵਜੋਂ ਕਰ ਰਹੇ
ਹਨ।



ਦੁਨੀਆ 'ਤੇ ਕਈ ਨਵੀਆਂ ਤੇ ਪੁਰਾਣੀਆਂ ਬਿਮਾਰੀਆਂ ਦਾ ਖ਼ਤਰਾ ਮੰਡਰਾ ਰਿਹਾ ਹੈ। ਧਰਤੀ
ਦੀ ਉਪਜਾਊ ਸ਼ਕਤੀ ਘਟ ਰਹੀ ਹੈ। ਮੌਸਮ ਵਿੱਚ ਵੱਡੀਆਂ ਤਬਦੀਲੀਆਂ ਵਾਪਰ ਰਹੀਆਂ ਹਨ।
ਹਵਾ, ਪਾਣੀ ਤੇ ਸਮੁੰਦਰ ਹਰ ਦਿਨ ਗੰਧਲੇ ਹੋ ਰਹੇ ਹਨ।

ਇਨ੍ਹਾਂ ਮਸਲਿਆਂ 'ਤੇ ਕਾਰਵਾਈ ਕਰਨ ਦੇ ਸੰਯੁਕਤ ਰਾਸ਼ਟਰ ਸੰਘ ਦੇ ਅਧਿਕਾਰ ਨੂੰ ਖ਼ਤਮ
ਕਰ ਦਿੱਤਾ ਗਿਆ ਹੈ। ਇਸ ਸੰਸਥਾ ਨੂੰ ਜਾਣ ਬੁੱਝ ਕੇ ਕਿਨਾਰੇ ਕੀਤਾ ਗਿਆ ਹੈ ਅਤੇ ਇਹ ਨਸ਼ਟ ਹੋ
ਰਹੀ ਹੈ। ਤੀਸਰੀ ਦੁਨੀਆ ਦੇ ਮੁਲਕਾਂ ਨੇ 2.5 ਟ੍ਰੀਲੀਅਨ ਡਾਲਰ ਦਾ ਕਰਜ਼ਾ ਮੋੜਨਾ ਹੈ, ਜੋ ਕਿ
ਵਰਤਮਾਨ ਸਥਿਤੀ ਵਿਚ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ। ਦੂਸਰੇ ਪਾਸੇ ਇਕ ਟ੍ਰੀਲੀਅਨ ਡਾਲਰ
ਮਾਰੂ ਹਥਿਆਰਾਂ 'ਤੇ ਖਰਚ ਹੋ ਰਿਹਾ ਹੈ। ਇਹ ਸਭ ਕਿਉਂ ਤੇ ਕਾਹਦੇ ਲਈ?

ਬਿਲਕੁਲ ਏਨੀ ਹੀ ਰਕਮ ਕਾਰੋਬਾਰੀ ਵਿਗਿਆਪਨਾਂ 'ਤੇ ਖਰਚ ਹੋ ਰਹੀ ਹੈ, ਜੋ ਕਰੋੜਾਂ ਲੋਕਾਂ
ਵਿਚ ਉਪਭੋਗੀ ਲਾਲਸਾ ਪੈਦਾ ਕਰਦੇ ਹਨ, ਜਿਸ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਇਹ ਸਭ
ਕਿਉਂ?

ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਮਨੁੱਖ ਜਾਤੀ ਸਮਾਪਤੀ ਦੇ ਹਕੀਕੀ ਖ਼ਤਰੇ ਸਾਹਮਣੇ
ਖੜੀ ਹੈ। ਸਵੈ-ਵਿਨਾਸ਼, ਕਿਉਂਕਿ ਇਸ ਅਖੌਤੀ 'ਸਭਿਅਤਾ' ਦਾ ਜੋ ਲੋਕ ਸ਼ਿਕਾਰ ਹਨ, ਉਹ
ਮਨੁੱਖ ਜਾਤੀ ਦੇ ਆਪਣੇ ਹੀ ਪਾਗ਼ਲਪਨ ਕਾਰਣ ਹੈ।

1992 ਵਿਚ ਜਦੋਂ ਇਸ ਵਿਸ਼ੇ 'ਤੇ ਅਜੇ ਕੋਈ ਸਿਆਸਤਦਾਨ ਗੱਲ ਵੀ ਨਹੀਂ ਸੀ ਕਰਨਾ
ਚਾਹੁੰਦਾ, ਮੈਂ ਸੰਯੁਕਤ ਰਾਸ਼ਟਰ ਸੰਘ ਵੱਲੋਂ ਕਰਵਾਏ 'ਧਰਤੀ ਵਾਤਾਵਰਨ ਸੰਮੇਲਨ' ਵਿਚ
ਚੇਤਾਵਨੀ ਦਿੱਤੀ ਸੀ। ਉਸ ਸਮੇਂ ਕਈਆਂ ਦਾ ਵਿਚਾਰ ਸੀ ਕਿ ਮੈਂ ਵਧਾ-ਚੜ੍ਹਾ ਕੇ ਗੱਲ ਕਰ ਰਿਹਾ
ਹਾਂ। ਮੈਂ ਉਦੋਂ ਕਿਹਾ ਸੀ ਕਿ ਮਨੁੱਖ ਖ਼ਤਮ ਹੋਣ ਕੰਢੇ ਖੜ੍ਹਾ ਹੈ। ਅੱਜ ਸਮਾਂ ਮੇਰੀ ਉਸ ਗੱਲ ਨੂੰ ਸੱਚ
ਸਾਬਤ ਕਰ ਰਿਹਾ ਹੈ। ਦੁਰਭਾਗ ਵੱਸ ਇਹ ਗੱਲ ਹਰ ਦਿਨ ਹੋਰ ਵੱਧ ਸਪੱਸ਼ਟ ਹੋ ਰਹੀ ਹੈ।

? ਕੀ ਉਦਾਰਵਾਦੀ ਵਿਸ਼ਵੀਕਰਨ ਅਤੇ ਤੇਜ਼ੀ ਨਾਲ ਹੋ ਰਹੇ ਵਾਤਾਵਰਣ ਦੇ ਵਿਨਾਸ਼
ਵਿਚਕਾਰ ਕੋਈ ਸੰਬੰਧ ਹੈ?

ਕਾਸਤਰੋ- ਕੌਮਾਂਤਰੀ ਮੁਦਰਾ ਕੋਸ਼ ਤੇ ਬੇਰਹਿਮ ਉਦਾਰਵਾਦੀ ਵਿਸ਼ਵੀਕਰਨ ਨੇ ਅਰਬਾਂ ਲੋਕਾਂ
ਦੀ ਸਿਹਤ, ਸਿਖਿਆ ਤੇ ਸਮਾਜਕ ਸੁਰੱਖਿਆ ਦੀ ਬਲੀ ਲੈ ਲਈ ਹੈ।.... ਮੈਂ ਸੋਚਦਾ ਹਾਂ ਕਿ ਵਿਸ਼ਵ
ਵਪਾਰ ਮੰਚ ਦੀਆਂ ਨੀਤੀਆਂ ਨਾਲ ਵਾਤਾਵਰਣ ਸੁਰੱਖਿਆ ਦਾ ਕਾਰਜ ਅਧੂਰਾ ਤੇ ਵੰਚਿਤ ਹੀ
ਰਹੇਗਾ। ਵਿਸ਼ਵ ਵਪਾਰ ਮੰਚ ਉਦੇਸ਼ਪੂਰਨ ਢੰਗ ਨਾਲ ਇਸ ਤਰ੍ਹਾਂ ਬਣਾਇਆ ਗਿਆ ਹੈ ਜੋ ਬਿਨਾਂ
ਕਿਸੇ ਰੋਕ ਦੇ ਅਮੀਰ ਦੇਸ਼ਾਂ ਨੂੰ ਦੁਨੀਆ ਵਿਚ ਕਿਤੇ ਵੀ ਆਪਣੀਆਂ ਵਪਾਰਕ ਵਸਤੂਆਂ ਦੀ ਤੇਜ਼ੀ
ਨਾਲ ਆਦਾਨ-ਪ੍ਰਦਾਨ ਲਈ ਮਨਜ਼ੂਰੀ ਦਿੰਦਾ ਹੈ। ਇਸ ਨਾਲ ਗਰੀਬ ਦੇਸ਼ਾਂ ਦਾ ਉਦਯੋਗਕ ਤੇ
ਖੇਤੀ ਢਾਂਚਾ ਨਸ਼ਟ ਹੋ ਰਿਹਾ ਹੈ। ਸਿੱਟੇ ਵਜੋਂ ਗਰੀਬ ਮੁਲਕਾਂ ਕੋਲ ਭਵਿੱਖ ਕੱਚੇ ਮਾਲ ਅਤੇ ਸਸਤੀ
ਕਿਰਤ ਦਾ ਨਿਰਯਾਤ ਕਰਨ ਤੋਂ ਸਵਾਏ ਕੁਝ ਵੀ ਨਹੀਂ ਬਚਦਾ।.... ਪ੍ਰਤਿਭਾ ਪਲਾਇਨ ਨਾਲ
ਸਾਮਰਾਜ ਨੇ ਇਸ ਗ੍ਰਹਿ ਦੀ ਸਾਰੀ ਬੌਧਿਕ ਸੰਪਤੀ 'ਤੇ ਏਕਾਧਿਕਾਰ ਕਰ ਰੱਖਿਆ ਹੈ। ਇਸ ਦੇ ਨਾਲ
ਹੀ ਧਰਤੀ 'ਤੇ ਮੌਜੂਦ ਸਾਰੇ ਕੁਦਰਤੀ ਤੇ ਊਰਜਾ ਸਰੋਤਾਂ ਦਾ ਗ਼ੈਰ-ਉਚਿਤ ਪ੍ਰਯੋਗ ਕਰਕੇ ਸਾਮਰਾਜ
ਨੇ ਇਨ੍ਹਾਂ ਸ੍ਰੋਤਾਂ 'ਤੇ ਸਿੱਧੇ-ਅਸਿੱਧੇ ਢੰਗ ਨਾਲ ਕਬਜ਼ਾ ਕਰ ਲਿਆ ਹੈ। ਇਹ ਸੂਚੀ ਇਥੇ ਹੀ ਖ਼ਤਮ

ਨਹੀਂ ਹੋ ਜਾਂਦੀ। ਸਥਿਤੀਆਂ ਹੋਰ ਵੱਧ ਗੰਭੀਰ ਤੇ ਬੁਰੀਆਂ ਹਨ। ਲੁੱਟਮਾਰ ਹਰ ਦਿਨ ਵਧ ਰਹੀ ਹੈ।

? ਕਿਊਬਾ 'ਉਪਭੋਗੀ ਸਮਾਜ' ਨਹੀਂ ਹੈ। ਇਸਨੂੰ ਅਡੰਬਰ ਹੀਣ ਸਮਾਜ ਕਿਹਾ ਜਾ ਸਕਦਾ ਹੈ। ਪਰ ਇਥੇ ਕੁਝ ਲੋਕ ਰੌਲਾ ਪਾ ਰਹੇ ਹਨ ਕਿ ਪੂੰਜੀਵਾਦੀ ਉਪਭੋਗਤਾਵਾਦੀ ਸਮਾਜ ਵਿਚ ਉਪਲਬਧ ਵਸਤੂਆਂ ਉਨ੍ਹਾਂ ਨੂੰ ਕਿਉਂ ਨਹੀਂ ਮਿਲਦੀਆਂ?

ਕਾਸਤਰੋ- ਹਾਂ, ਮੈਂ ਇਨ੍ਹਾਂ ਲੋਕਾਂ ਨੂੰ ਕਹਿ ਚੁੱਕਾ ਹਾਂ ਕਿ ਉਪਭੋਗੀ ਸਮਾਜ ਅੱਜ ਦੇ ਨਵ-ਉਦਾਰਵਾਦੀ ਵਿਸ਼ਵੀਕਰਨ ਦੇ ਦੌਰ ਵਿਚ ਵਿਕਸਤ ਹੋ ਚੁੱਕੇ ਪੂੰਜੀਵਾਦ ਦੁਆਰਾ ਖੋਜੀ ਗਈ ਸਭ ਤੋਂ ਵੱਧ ਭੈਅ-ਭੀਤ ਕਰਨ ਵਾਲੀ ਤ੍ਰਾਸਦਿਕ ਤੇ ਦਹਿਸ਼ਤੀ ਖੋਜ ਹੈ। ਮੈਂ ਕਲਪਨਾ ਕਰਦਾ ਹਾਂ ਕਿ ਅਫ਼ਰੀਕਾ ਵਿਚ ਰਹਿਣ ਵਾਲੀ ਵੱਡੀ ਗਿਣਤੀ ਆਬਾਦੀ ਕੋਲ ਨਾ ਬਿਜਲੀ ਹੈ, ਨਾ ਸਾਫ਼ ਪਾਣੀ। ਇਥੇ ਕਈ ਥਾਂਵਾਂ 'ਤੇ 80 ਫ਼ੀਸਦੀ ਆਬਾਦੀ ਨੂੰ ਪੜ੍ਹਨਾ-ਲਿਖਣਾ ਤਕ ਨਹੀਂ ਆਉਂਦਾ।

ਇਸ ਕਰੂਰ ਤੇ ਰਾਖ਼ਸ਼ੀ ਅਰਥ-ਵਿਵਸਥਾ ਵਿਚ ਮੌਜੂਦ ਉਪਭੋਗਤਾਵਾਦ ਨੇ ਸਾਬਤ ਕਰ ਦਿੱਤਾ ਹੈ ਕਿ ਅਗਲੇ ਪੰਜਾਹ ਸਾਲਾਂ ਵਿਚ ਜੀਵਨ ਲਈ ਜ਼ਰੂਰੀ ਧਾਤਾਂ ਜਿਵੇਂ ਪੈਟਰੋਲ, ਕੋਇਲਾ, ਗੈਸ ਆਦਿ ਖ਼ਤਮ ਹੋ ਜਾਣਗੀਆਂ।.... ਮਨੁੱਖਤਾ ਦੁਆਰਾ ਸਿਰਜੀ ਨੈਤਿਕਤਾ ਦੇ ਸਭ ਤੋਂ ਵੱਧ ਪ੍ਰਮਾਣਕ ਸਿਧਾਂਤਾਂ, ਸਭਿਆਚਾਰਾਂ ਤੇ ਨੈਤਿਕ ਮੁੱਲਾਂ ਦੁਆਰਾ ਉਪਭੋਗਤਾਵਾਦ ਖ਼ਿਲਾਫ਼ ਸੰਘਰਸ਼ ਜ਼ਰੂਰੀ ਹੈ।

? ਨਾਗਰਿਕਾਂ ਨੂੰ ਭੌਤਿਕ ਉਤਪਾਦ ਦੀ ਲੋੜ ਤਾਂ ਹੁੰਦੀ ਹੀ ਹੈ, ਤੁਸੀਂ ਕੀ ਸੋਚਦੇ ਹੋ?

ਕਾਸਤਰੋ- ਹਾਂ, ਮੈਂ ਭੌਤਿਕ ਲੋੜਾਂ ਨੂੰ ਭੋਰਾ ਵੀ ਸੀਮਤ ਕਰਕੇ ਨਹੀਂ ਵੇਖਦਾ। ਸਾਨੂੰ ਹਮੇਸ਼ਾ ਇਸ ਨੂੰ ਪਹਿਲ ਦੇਣ ਦੀ ਲੋੜ ਹੈ। ਕਿਉਂਕਿ ਵਿਕਾਸ ਲਈ ਤੇ ਇਕ ਉਚ ਕੋਟੀ ਦੇ ਜੀਵਨ ਲਈ ਕੁਝ ਨਿਸ਼ਚਤ ਲੋੜਾਂ ਨੂੰ ਪੂਰਾ ਕਰਨਾ ਬੜਾ ਲਾਜ਼ਮੀ ਹੈ। ਪ੍ਰਤੱਖ ਰੂਪ ਵਿਚ ਇਹ ਭੌਤਿਕ ਵਸਤਾਂ ਹੁੰਦੀਆਂ ਹਨ। ਪਰ ਅਸਲ ਵਿਚ ਸਾਡੇ ਜੀਵਨ ਮੁੱਲ ਹੀ ਚੰਗੇਰੇ ਜੀਵਨ ਦਾ ਨਿਰਮਾਣ ਕਰਦੇ ਹਨ। ਇਥੋਂ ਤਕ ਕਿ ਇਹ ਜੀਵਨ ਮੁੱਲ ਰੋਟੀ, ਕੱਪੜਾ ਤੇ ਮਕਾਨ ਨਾਲੋਂ ਵੀ ਵੱਧ ਅਹਿਮੀਅਤ ਰੱਖਦੇ ਹਨ।

? ਕੀ ਵਿਨਾਸ਼ ਤੋਂ ਬਚਣ ਦੀ ਮਨੁੱਖ ਜਾਤੀ ਕੋਲ ਯੋਗਤਾ ਹੈ?

ਕਾਸਤਰੋ- ਅੱਜ ਅਸੀਂ ਜਾਣਦੇ ਹਾਂ ਕਿ ਚੀਜ਼ਾਂ ਕਿਸ ਤਰ੍ਹਾਂ ਟੁੱਟ-ਭੱਜ ਰਹੀਆਂ ਹਨ। ਮੇਰੇ ਨਜ਼ਰੀਏ ਅਨੁਸਾਰ ਇਸ ਸਮੇਂ ਵਿਸ਼ਵੀ ਚੇਤਨਾ ਨੂੰ ਫੈਲਾਉਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਹੈ। ਇਨ੍ਹਾਂ ਸਮੱਸਿਆਵਾਂ ਨੂੰ ਹਰ ਉਮਰ ਦੇ ਬੱਚਿਆਂ, ਔਰਤਾਂ, ਮਰਦਾਂ, ਬੁਢਿਆਂ ਆਦਿ ਤਕ ਲੈ ਜਾਣਾ ਹੋਵੇਗਾ। ਮੌਜੂਦਾ ਪ੍ਰਸਥਿਤੀਆਂ ਇਸ ਚੇਤਨਾ ਲਈ ਰਾਹ ਪੱਧਰਾ ਕਰ ਰਹੀਆਂ ਹਨ। ਸਾਰੀਆਂ ਚੀਜ਼ਾਂ ਅੰਤਰ-ਸੰਬੰਧਤ ਹਨ ਜਿਵੇਂ, ਅਨਪੜ੍ਹਤਾ, ਬੇਰੁਜ਼ਗਾਰੀ, ਮੌਸਮ ਪਰਿਵਰਤਨ, ਗਰੀਬੀ, ਭੁੱਖ, ਮਹਾਮਾਰੀ, ਪੀਣ ਵਾਲੇ ਪਾਣੀ ਦੀ ਕਿੱਲਤ, ਆਵਾਸ, ਬਿਜਲੀ, ਸਮੁੰਦਰੀ ਤੂਫ਼ਾਨ, ਹੜ੍ਹ, ਜੰਗਲਾਂ ਦਾ ਖ਼ਾਤਮਾ, ਹੋਰ ਬਹੁਤ ਸਾਰੀਆਂ ਸਮੱਸਿਆਵਾ ਜਿਨ੍ਹਾਂ ਤੋਂ ਤੁਸੀਂ ਵਾਕਫ਼ ਹੋ। ਅੱਜ ਸਮੁੰਦਰ ਤੇ ਨਦੀਆਂ ਵੱਧ ਪ੍ਰਦੂਸ਼ਤ ਹਨ। ਲਗਭਗ 15 ਕਰੋੜ ਹੈਕਟੇਅਰ ਜੰਗਲ ਦਾ ਹਰ ਸਾਲ ਵਿਨਾਸ਼ ਹੋ ਰਿਹਾ ਹੈ।



ਮਨੁੱਖੀ ਸਮਾਜ ਨੇ ਬਹੁਤ ਵੱਡੀਆਂ ਭੁੱਲਾਂ ਕੀਤੀਆਂ ਹਨ ਅਤੇ ਉਹ ਇਨ੍ਹਾਂ ਨੂੰ ਲਗਾਤਾਰ ਦੁਹਰਾ ਰਿਹਾ ਹੈ। ਪਰ ਮੈਨੂੰ ਭਰੋਸਾ ਹੈ ਕਿ ਮਨੁੱਖਤਾ ਬੇਹਤਰ ਤੇ ਚੰਗੇ ਵਿਚਾਰਾਂ ਨਾਲ ਸਹਿਮਤ ਹੋਣ ਦੇ ਯੋਗ ਹੈ। ਮਨੁੱਖਤਾ ਭਵਿੱਖ ਵਿਚ ਉਸ ਖ਼ਤਰੇ ਤੋਂ ਬਾਹਰ ਆ ਜਾਵੇਗੀ ਜੋ ਸਾਮਰਾਜ ਨੇ ਉਸ 'ਤੇ ਥੋਪਿਆ ਹੈ। ਅਸੀਂ ਜੋ ਸੋਚਦੇ ਹਾਂ ਤੇ ਮਹਿਸੂਸ ਕਰਦੇ ਹਾਂ ਉਸ ਲਈ ਅਪਣਾ ਜੀਵਨ ਵੀ ਨਿਛਾਵਰ ਕਰ ਦਿੰਦੇ ਹਾਂ। ਇਹ ਇਤਿਹਾਸ ਵਿਚ ਅਨੇਕਾਂ ਵਾਰ ਵੇਖਣ ਨੂੰ ਮਿਲਿਆ ਹੈ।

? ਕਿਊਬਾ ਵਿਚ ਜਿਸਨੂੰ ਤੁਸੀਂ ਵਿਚਾਰਾਂ ਦਾ ਸੰਘਰਸ਼ ਕਹਿੰਦੇ ਹੋ, ਉਸ 'ਤੇ ਤੁਸੀਂ ਬਹੁਤ ਕੁਝ ਦਾਅ 'ਤੇ ਲਗਾ ਰੱਖਿਆ ਹੈ। ਇਸ 'ਵਿਚਾਰਾਂ ਦੇ ਸੰਘਰਸ਼' ਦੀ ਕੀ ਪਰਿਭਾਸ਼ਾ ਹੈ?

ਕਾਸਤਰੋ- ਅਸੀਂ ਜੋ ਕੁਝ ਕਰ ਰਹੇ ਹਾਂ ਉਹ 'ਵਿਚਾਰਾਂ ਦਾ ਸੰਘਰਸ਼' ਹੀ ਹੈ।... 'ਵਿਚਾਰਾਂ ਦੇ ਸੰਘਰਸ਼' ਤੋਂ ਪਹਿਲਾਂ ਸਾਡਾ ਯੁੱਧ ਇਹ ਸੀ ਕਿ ਕਿਸ ਤਰ੍ਹਾਂ ਅਪਣੇ ਦੇਸ਼ ਦੇ ਸਭਿਆਚਾਰ ਦੀ ਰੱਖਿਆ ਕੀਤੀ ਜਾਵੇ। ਬੁੱਧੀਜੀਵੀ ਮੇਰੇ ਉਸ ਵਾਕ ਨੂੰ ਯਾਦ ਕਰਨ ਜੋ ਮੈਂ ਇਕ ਵਿਸ਼ੇਸ਼ ਦੌਰ ਵਿਚ ਕਿਹਾ ਸੀ 'ਸਾਨੂੰ ਅਪਣੇ ਸਭਿਆਚਾਰ ਨੂੰ ਬਚਾਉਣਾ ਚਾਹੀਦਾ ਹੈ।' ਅਸੀਂ ਕੁਝ ਸਮਾਂ ਪਹਿਲਾਂ ਯੂ.ਐਨ.ਈ.ਏ.ਸੀ. (ਕਿਊਬਾ ਦੇ ਲੇਖਕਾਂ ਤੇ ਕਲਾਕਾਰਾਂ ਦਾ ਸੰਘ) ਦਾ ਸੰਮੇਲਨ ਕਰਵਾਇਆ ਅਤੇ ਇਹ ਸੰਮੇਲਨ ਕਈ ਦਿਨਾਂ ਤਕ ਚੱਲਿਆ। ਇਸ ਦੌਰਾਨ ਅਸੀਂ ਸਭਿਆਚਾਰਕ ਹਮਲੇ ਬਾਰੇ ਚਰਚਾ ਕੀਤੀ। ਅਸੀਂ ਇਸ ਚਰਚਾ ਵਿਚ ਉਨ੍ਹਾਂ ਅੰਕੜਿਆਂ ਦਾ ਪ੍ਰਯੋਗ ਕੀਤਾ ਜੋ ਕੁਝ ਪੁਸਤਕਾਂ ਵਿਚ ਦਰਜ ਸਨ। ਪੱਤਰਕਾਰ ਵੀ ਸਾਡੇ ਨਾਲ ਜੁੜ ਗਏ ਅਤੇ ਬਾਅਦ ਵਿਚ ਹਰ ਛਿਮਾਹੀ ਬਹਿਸਾਂ ਹੋਣ ਲੱਗੀਆਂ। ਇਸ ਤਰ੍ਹਾਂ ਅਸੀਂ ਚੇਤਨਾ ਗ੍ਰਹਿਣ ਕਰਨੀ ਸ਼ੁਰੂ ਕੀਤੀ।

ਲੰਮੇ ਸਮੇਂ ਤੋਂ ਵਿਸ਼ਵ ਭਰ ਦੇ ਬੌਧਿਕ ਹਲਕੇ, ਖੋਜਾਰਥੀ ਅਤੇ ਅਰਥਸ਼ਾਸਤਰੀ ਇਨ੍ਹਾਂ ਸਮੱਸਿਆਵਾਂ ਬਾਰੇ ਗੱਲਬਾਤ ਕਰ ਰਹੇ ਹਨ। ਮੈਨੂੰ ਲਗਦਾ ਹੈ ਕਿ ਇਹ ਇਸ ਕਾਰਣ ਹੋ ਰਿਹਾ ਹੈ ਕਿ ਅਸੀਂ ਆਸ਼ਾਵਾਦੀ ਹਾਂ ਕਿ ਇਹ ਦੁਨੀਆ ਬਚਾਈ ਜਾ ਸਕਦੀ ਹੈ। ਇਸ ਦੇ ਬਾਵਜੂਦ ਭਿਆਨਕ ਤੇ ਇਕ-ਪੱਖੀ ਸ਼ਕਤੀ ਦਾ ਜਨਮ ਹੋ ਚੁੱਕਾ ਹੈ। ਫੇਰ ਵੀ ਇਹ ਦੁਨੀਆ ਬਚਾਈ ਜਾ ਸਕੇਗੀ। ਮੈਂ ਮੰਨਦਾ ਹਾਂ ਕਿ ਸ੍ਰੇਸ਼ਠ ਵਿਚਾਰ ਕਿਸੇ ਵੀ ਮਹਾਸ਼ਕਤੀ ਨਾਲੋਂ ਵੱਧ ਪ੍ਰਭਾਵਸ਼ਾਲੀ ਹੁੰਦੇ ਹਨ। ਕਿਸੇ ਵੀ ਸ਼ਕਤੀ ਦੇ ਮੁਕਾਬਲੇ ਸਿਆਣੇ ਵਿਚਾਰ ਵੱਧ ਮਾਨਤਾ ਪ੍ਰਾਪਤ ਕਰਦੇ ਹਨ।

ਇਹ ਵਿਚਾਰ ਹੀ ਹਨ ਜਿਨ੍ਹਾਂ ਨੇ ਦੁਨੀਆ ਨੂੰ ਗਿਆਨ ਨਾਲ ਸੰਪੰਨ ਕੀਤਾ ਹੈ। ਜਦੋਂ ਮੈਂ ਵਿਚਾਰਾਂ ਬਾਰੇ ਗੱਲ ਕਰਦਾ ਹਾਂ ਉਸ ਸਮੇਂ ਮੇਰਾ ਮਤਲਬ ਨਿਆਂਕਾਰੀ ਤੇ ਨਿਰਪੱਖ ਵਿਚਾਰਾਂ ਤੋਂ ਹੁੰਦਾ ਹੈ, ਜੋ ਦੁਨੀਆ ਵਿਚ ਸ਼ਾਂਤੀ ਲਿਆ ਸਕਦੇ ਹਨ। ਇਹ ਦੁਨੀਆ ਸਾਹਮਣੇ ਮੰਡਰਾਉਂਦੇ ਯੁੱਧ ਦੇ ਖ਼ਤਰੇ ਨੂੰ ਹੱਲ ਕਰ ਸਕਦੇ ਹਨ। ਇਹ ਵਿਸ਼ਵ ਵਿਚ ਹਿੰਸਾ ਖ਼ਤਮ ਕਰ ਸਕਦੇ ਹਨ। ਇਹੋ ਕਾਰਣ ਹੈ ਕਿ ਮੈਂ ਹਮੇਸ਼ਾ 'ਵਿਚਾਰਾਂ ਦੇ ਸੰਘਰਸ਼' ਦੀ ਗੱਲ ਕੀਤੀ ਹੈ।

? ਤੁਸੀਂ ਅਪਣੇ ਹਰੇਕ ਨਾਗਰਿਕ ਦੇ ਗਿਆਨ, ਸਿਖਿਆ ਤੇ ਸਭਿਆਚਾਰ ਨੂੰ ਉੱਚਾ ਚੁੱਕਣ ਦਾ ਯਤਨ ਕੀਤਾ ਹੈ। ਗਿਆਨ ਦਾ ਸਮਾਜੀਕਰਨ ਭਾਵ ਬਹੁ-ਗਿਣਤੀ ਲੋਕਾਂ ਦੇ ਭਲੇ ਲਈ ਗਿਆਨ-ਇਸ ਦਾ ਕੀ ਭਾਵ ਹੈ?

ਕਾਸਤਰੋ- 1959 ਤੋਂ ਬਾਅਦ ਅਸੀਂ ਸਿਖਿਆ ਢਾਂਚੇ ਦੇ ਸਾਰੇ ਤੰਤਰ ਨੂੰ ਤਬਦੀਲ ਕਰ

ਦਿੱਤਾ। ਹੁਣ ਇਥੇ ਕੋਈ ਅਣਪੜ੍ਹ ਨਹੀਂ ਹੈ। ਇਥੇ ਕੋਈ ਬੱਚਾ ਅਜਿਹਾ ਨਹੀਂ ਹੈ ਜੋ ਸਕੂਲ ਨਹੀਂ ਜਾਂਦਾ। ਪਰ ਯੂਨੀਵਰਸਿਟੀ ਵਿਚ ਦਾਖ਼ਲਾ ਅਕਾਦਮਕ ਆਧਾਰ 'ਤੇ ਹੁੰਦਾ ਹੈ। ਇਸ ਨਾਲ ਗਰੀਬ ਤੇ ਹਾਸ਼ੀਆਗਤ ਲੋਕਾਂ ਦੀ ਸਥਿਤੀ ਵਿਚ ਬੇਹੱਦ ਸੁਧਾਰ ਹੋਇਆ ਹੈ। ਜੇਕਰ ਤੁਸੀਂ ਗਰੀਬ ਤੇ ਹਾਸ਼ੀਆਗਤ ਲੋਕਾਂ ਦੇ ਗਿਆਨ ਤੇ ਸਿਖਿਆ ਦਾ ਧਿਆਨ ਨਹੀਂ ਰੱਖੋਗੇ ਅਤੇ ਉਨ੍ਹਾਂ ਨੂੰ ਅੱਧ-ਵਿਚਕਾਰ ਛੱਡ ਦਿਓਗੇ ਤਾਂ ਇਹ ਗੈਰ-ਤਰਜੀਹੀ ਵਰਗ ਅਪਰਾਧ ਵੱਲ ਚਲੇ ਜਾਣਗੇ।

ਅਸੀਂ ਪੂਰੇ ਮੁਲਕ ਵਿਚ ਉੱਚ ਸਿਖਿਆ ਫੈਲਾਉਣ ਦਾ ਯਤਨ ਕਰ ਰਹੇ ਹਾਂ। ਜਿਉਂ-ਜਿਉਂ ਲੋਕਾਂ ਵਿਚ ਸਿਖਿਆ ਵਧੇਗੀ ਤਿਉਂ-ਤਿਉਂ ਵਰਗ ਭੇਦ ਖ਼ਤਮ ਹੋਵੇਗਾ। ਸਾਡੇ ਨੌਜਵਾਨ ਸਭ ਤੋਂ ਵੱਧ ਕ੍ਰਾਂਤੀਕਾਰੀ ਹਨ। ਜਿਹੜੇ ਲੋਕ ਕਿਸੇ ਕਾਰਣ ਕਰਕੇ ਅਗਾਂਹ ਨਹੀਂ ਪੜ੍ਹ ਸਕਦੇ, ਅਸੀਂ ਉਨ੍ਹਾਂ ਲਈ ਵਖੇਰੇ ਅਤੇ ਆਕਰਸ਼ਕ ਸਲੇਬਸ ਤਿਆਰ ਕੀਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਵਿਤੀ ਮਦਦ ਵੀ ਦਿੱਤੀ ਜਾਂਦੀ ਹੈ। ਕੈਦੀਆਂ ਲਈ ਸਿਖਿਆ ਦੇ ਖੇਤਰ ਵਿਚ ਨਵੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ। ਇਸੇ ਤਰ੍ਹਾਂ ਸੰਗੀਤ, ਨ੍ਰਿਤ, ਨਾਟਕ, ਚਿਤਰਕਾਰੀ ਆਦਿ ਲਈ ਨੌਜਵਾਨ ਬੇਹੱਦ ਉਤਸ਼ਾਹ ਵਿਖਾ ਰਹੇ ਹਨ। ਡਾਕਟਰੀ ਸਿਖਿਆ ਲਈ ਕਈ ਨਵੇਂ ਸਕੂਲ ਖੋਲ੍ਹੇ ਗਏ ਹਨ ਜਿਸ ਨਾਲ ਸਾਡਾ ਦੇਸ਼ ਦਿਨ-ਪ੍ਰਤੀਦਿਨ ਬੇਹਤਰ ਹੁੰਦਾ ਜਾ ਰਿਹਾ ਹੈ। ਅਸੀਂ ਸੈਂਕੜੇ ਕੰਪਿਊਟਰ ਕਲੱਬਾਂ ਦੀ ਸਥਾਪਨਾ ਕੀਤੀ ਹੈ। ਜੇਕਰ ਕਿਸੇ ਖੇਤਰ ਵਿਚ ਨੌਕਰੀਆਂ ਵਿਚ ਕਟੌਤੀ ਹੁੰਦੀ ਹੈ ਤਾਂ ਅਸੀਂ ਉਨ੍ਹਾਂ ਨੂੰ ਵਜ਼ੀਫਾ ਦਿੰਦੇ ਹਾਂ। ਅੱਜ ਛੇ ਲੱਖ ਤੋਂ ਵੱਧ ਵਿਦਿਆਰਥੀ ਯੂਨੀਵਰਸਿਟੀਆਂ ਵਿਚ ਉੱਚ-ਸਿਖਿਆ ਪ੍ਰਾਪਤ ਕਰ ਰਹੇ ਹਨ। ਸਾਡੇ ਕੋਲ 1000 ਤੋਂ ਵੱਧ ਯੂਨੀਵਰਸਿਟੀ ਕੇਂਦਰ ਹਨ। 170 ਮਿਊਂਸਪਲ ਕੇਂਦਰ (ਕੈਂਪਸ) ਹਨ, ਜੋ ਸਿੱਧੇ ਤੌਰ 'ਤੇ ਉੱਚ ਸਿਖਿਆ ਮੰਤਰਾਲੇ ਅਧੀਨ ਹਨ। ਜੇਲ੍ਹਾਂ ਵਿਚ 20 ਯੂਨੀਵਰਸਿਟੀ ਕੇਂਦਰ ਹਨ। ਲਗਭਗ 170 ਕੇਂਦਰ ਸਿਹਤ ਸੰਭਾਲ ਲਈ ਖੋਲ੍ਹੇ ਗਏ ਹਨ। ਡੇਢ ਹਜ਼ਾਰ ਦੇ ਕਰੀਬ ਪਾਲੀਟੈਕਨੀਕਲ ਕੇਂਦਰ ਖੋਲ੍ਹੇ ਗਏ ਹਨ। ਇਨ੍ਹਾਂ ਕੇਂਦਰਾਂ ਵਿਚ ਲਗਭਗ ਇਕ ਲੱਖ ਅਧਿਆਪਕ ਕਾਰਜ ਕਰ ਰਹੇ ਹਨ। ਜਿਹੜੇ ਲੋਕ ਗੰਨਾ ਕੇਂਦਰਾਂ ਜਾਂ ਪ੍ਰਸ਼ਾਸਨਿਕ ਤੰਤਰ ਵਿਚ ਕੰਮ ਕਰਦੇ ਹਨ, ਉਹ ਵੀ ਕਲਾਸਾਂ ਪੜ੍ਹਾਉਂਦੇ ਹਨ। ਇਸ ਤਰ੍ਹਾਂ ਵਿਦਿਆਰਥੀ ਤੇ ਅਧਿਆਪਕਾਂ ਦੀ ਗਿਣਤੀ ਅੱਠ ਲੱਖ ਤੋਂ ਵੀ ਵੱਧ ਹੈ।

? ਲੋਕਾਂ ਦੀਆਂ ਰੋਜ਼ਾਨਾਂ ਦੀਆਂ ਸਮੱਸਿਆਵਾਂ ਬਾਰੇ ਸੋਚਣਾ ਤੁਹਾਡੀ ਆਦਤ ਹੈ। ਇਹ ਤੁਹਾਡੇ ਭਾਸ਼ਣਾਂ ਤੋਂ ਵੀ ਸਪੱਸ਼ਟ ਹੁੰਦਾ ਹੈ। ਸਾਨੂੰ ਦੱਸੋ ਕਿ ਕਿਊਬਾ ਵਿਚ ਕਿਹੜੀ ਚੀਜ਼ ਕੰਮ ਨਹੀਂ ਕਰ ਰਹੀ ਅਤੇ ਦੇਸ਼ ਦੇ ਕੁਝ ਲੋਕ ਉਸ 'ਮਹੱਤਵਪੂਰਨ' ਚੀਜ਼ ਦੀ ਗੈਰ-ਹਾਜ਼ਰੀ ਦਾ ਅਹਿਸਾਸ ਕਿਉਂ ਕਰ ਰਹੇ ਹਨ?

ਕਾਸਤਰੋ- ਮੈਂ ਉਨ੍ਹਾਂ ਗਲਤੀਆਂ ਦਾ ਤੇ ਉਨ੍ਹਾਂ ਕੰਮਾਂ ਦਾ ਜੋ ਸਹੀ ਤਰੀਕੇ ਨਾਲ ਨਹੀਂ ਹੋ ਰਹੇ, ਸਭ ਤੋਂ ਵੱਡਾ ਆਲੋਚਕ ਹਾਂ। ਸਾਨੂੰ ਸਾਡੇ ਦੇਸ਼ ਦੀ ਸਾਧਾਰਨ ਜਨਤਾ ਦਾ ਸਨਮਾਨ ਕਰਨਾ ਚਾਹੀਦਾ ਹੈ। ਲੋਕਾਂ ਨੂੰ ਪੂਰਾ ਹੱਕ ਹੈ ਕਿ ਉਹ ਅਪਣੇ ਦ੍ਰਿਸ਼ਟੀਕੋਣ ਨੂੰ ਸੁਤੰਤਰ ਰੂਪ 'ਚ ਪੇਸ਼ ਕਰਨ। ਦੇਸ਼ ਦੇ ਕੁਝ ਲੋਕ ਨਿਰਾਸ਼ ਜ਼ਰੂਰ ਹਨ। ਅਸੀਂ ਚਾਹੁੰਦੇ ਹਾਂ ਕਿ ਨਿਰਾਸ਼ ਲੋਕਾਂ ਦੀ ਨਾਰਾਜ਼ਗੀ ਹਰ ਹਾਲਤ ਵਿਚ ਸਾਹਮਣੇ ਆਉਣੀ ਚਾਹੀਦੀ ਹੈ। ਅਸੀਂ ਤਾਂ ਹੀ ਜਾਣ ਸਕਦੇ ਹਾਂ ਕਿ ਉਹ ਕੀ ਚਾਹੁੰਦੇ ਹਨ। ਇਨ੍ਹਾਂ ਵਿਚੋਂ ਕੁਝ ਦੀ ਰਾਇ ਹੈ ਕਿ 'ਫਲਾਣਾ ਕੰਮ ਬਹੁਤ ਖਰਚੀਲਾ ਹੋਣਾ ਚਾਹੀਦਾ ਹੈ।' ਜਾਂ



'ਫਲਾਣੀ ਤਰ੍ਹਾਂ ਦੇ ਟੈਲੀਵਿਜ਼ਨ ਪ੍ਰਸਾਰਨ ਨੂੰ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।' ਲਾਜ਼ਮੀ ਤੌਰ 'ਤੇ ਇਸ ਤਰ੍ਹਾਂ ਦੀਆਂ ਰਾਵਾਂ ਕਈ ਵਾਰ ਸਾਡੀ ਮਦਦ ਵੀ ਕਰਦੀਆਂ ਹਨ।

...ਅਸੀਂ 2005 ਵਿਚ ਦੇਸ਼ ਵਿਚ ਪਨਪ ਰਹੀਆਂ ਸਮੱਸਿਆਵਾਂ ਜਿਵੇਂ ਭ੍ਰਿਸ਼ਟਾਚਾਰ, ਸਟੇਟ ਸੈਕਟਰ 'ਚੋਂ ਚੋਰੀ, ਗੈਰ-ਕਾਨੂੰਨੀ ਧਨ ਆਦਿ ਨੂੰ 'ਯੁੱਧ ਰਾਹੀਂ ਖ਼ਤਮ ਕਰਨ' ਦਾ ਹੋਕਾ ਦਿੱਤਾ ਸੀ। ਅਸੀਂ ਪੂਰੇ ਦੇਸ਼ ਦੇ ਹਰ ਨਾਗਰਿਕ ਨੂੰ ਸੱਦਾ ਦਿੱਤਾ ਕਿ ਉਹ ਇਸ 'ਯੁੱਧ' ਵਿਚ ਹਿੱਸਾ ਲਵੇ। ਅਜਿਹੀਆਂ ਸਮੱਸਿਆਵਾਂ ਉਦੋਂ ਵਾਪਰਦੀਆਂ ਹਨ, ਜਦੋਂ ਲੋਕਾਂ ਨੂੰ ਅਰਥ-ਵਿਵਸਥਾ ਬਾਰੇ ਗਹਿਰੀ ਚੇਤਨਾ ਨਹੀਂ ਹੁੰਦੀ। ਅਸੀਂ ਇਸ ਗੱਲ ਨੂੰ ਸਮਝਣ ਵਿਚ ਅਸਫ਼ਲ ਰਹੇ। ਪਰ ਹੁਣ ਅਸੀਂ ਅਪਣੀਆਂ ਗਲਤੀਆਂ, ਅਸਫ਼ਲਤਾਵਾਂ, ਅਨਿਆਂ ਆਦਿ ਬਾਰੇ ਵਿਸਥਾਰ ਵਿਚ ਸੋਚਿਆ ਹੈ। ਅਸੀਂ ਅਪਣੀਆਂ ਗਲਤੀਆਂ ਖ਼ਿਲਾਫ ਬੇਹਤਰੀਨ ਸ਼ਕਤੀ ਤੇ ਅਪਣੇ ਅਨੁਭਵਾਂ ਨਾਲ 'ਯੁੱਧ' ਸ਼ੁਰੂ ਕੀਤਾ ਅਤੇ ਹੌਲੀ-ਹੌਲੀ ਅਸੀਂ ਇਹ ਯੁੱਧ ਜਿੱਤ ਰਹੇ ਹਾਂ।

ਅੱਜ ਵੀ ਇਥੇ ਹਜ਼ਾਰਾਂ ਪਰਜੀਵੀ ਅਜਿਹੇ ਹਨ, ਜੋ ਕੁਝ ਵੀ ਉਤਪਾਦਨ ਨਹੀਂ ਕਰਦੇ। ਪਰ ਇਹ ਲੋਕ ਲਗਾਤਾਰ ਅਮੀਰ ਹੋ ਰਹੇ ਹਨ। ਇਹ ਲੋਕ ਹੀ ਭ੍ਰਿਸ਼ਟਾਚਾਰ ਫੈਲਾਅ ਰਹੇ ਹਨ, ਜਿਸ ਨਾਲ ਦੇਸ਼ ਨੂੰ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੇ ਇਸ ਸੰਘਰਸ਼ ਵਿਚ ਕਿਸੇ ਲਈ ਕੋਈ ਢਿਲ ਨਹੀਂ ਹੈ। ਹਰ ਨਾਗਰਿਕ ਵਿਚ ਸ਼ਰਮ ਮਹਿਸੂਸ ਕਰਨ ਦੀ ਯੋਗਤਾ ਹੁੰਦੀ ਹੈ ਅਤੇ ਇਕ ਕ੍ਰਾਂਤੀਕਾਰੀ ਦਾ ਪਹਿਲਾ ਕਰਤੱਵ ਅਪਣੇ ਆਪ ਲਈ ਕਠੋਰ ਹੋਣਾ ਹੈ। ਥਥਥਅਸੀਂ ਕਿਸੇ ਪੂੰਜੀਵਾਦੀ ਮੁਲਕ ਵਿਚ ਨਹੀਂ ਹਾਂ, ਜਿਥੇ ਭ੍ਰਿਸ਼ਟਾਚਾਰ ਨੂੰ ਪ੍ਰਫੁਲਤ ਹੋਣ ਦਾ ਮੌਕਾ ਦਿੱਤਾ ਜਾਂਦਾ ਹੈ।

? ਕੀ ਇਸ ਭ੍ਰਿਸ਼ਟਾਚਾਰ ਨੂੰ ਉਤਪਾਦਨ ਵਿਚ ਕਮੀ ਜਾਂ ਤੁਹਾਡੀ ਕਠੋਰਤਾ ਨੇ ਜਨਮ ਤਾਂ ਨਹੀਂ ਦਿੱਤਾ?

ਕਾਸਤਰੋ- ਹਾਂ, ਮੈਂ ਮੰਨਦਾ ਹਾਂ। ਪਰ ਵਸਤੂਆਂ ਤੇ ਸਾਧਨਾਂ ਦੀ ਚੋਰੀ ਕੋਈ ਨਵੀਂ ਗੱਲ ਨਹੀਂ ਹੈ। ਭਾਵ, ਇਸ ਦੀ ਸ਼ੁਰੂਆਤ ਕਿਸੇ ਖ਼ਾਸ ਦੌਰ ਤੋਂ ਨਹੀਂ ਹੁੰਦੀ। ਪਰ ਸੋਵੀਅਤ ਸੰਘ ਦੇ ਪਤਨ ਤੋਂ ਬਾਅਦ ਕਿਊਬਾ ਵਿਚ ਇਹ ਪ੍ਰਵਿਰਤੀ ਵਧੀ ਹੈ। ਸੋਵੀਅਤ ਸੰਘ ਦੇ ਪਤਨ ਕਾਰਣ ਇਥੇ ਗੈਰ-ਬਰਾਬਰੀ ਵਧੀ ਤੇ ਕੁਝ ਲੋਕਾਂ ਲਈ ਢੇਰ ਸਾਰਾ ਧਨ ਇਕਠਾ ਕਰਨਾ ਸੰਭਵ ਹੋ ਗਿਆ। ਇਸ ਸਮੇਂ ਦੌਰਾਨ ਹੀ ਸਰਕਾਰੀ ਖੇਤਰ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਵਧ ਗਿਆ। ਅਸੀਂ ਕਈ ਸਰਕਾਰੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਵੀ ਦਿੱਤਾ ਤੇ ਕਈਆਂ ਨੂੰ ਬਦਲਿਆ ਵੀ ਗਿਆ, ਪਰ ਇਹ ਇਸ ਦਾ ਕੋਈ ਪੱਕਾ ਹੱਲ ਨਹੀਂ ਹੈ। ਇਹ ਵੇਖਣ ਦੀ ਲੋੜ ਹੈ ਕਿ ਭ੍ਰਿਸ਼ਟਾਚਾਰ ਕਿਸ ਤਰ੍ਹਾਂ ਅਪਣੀਆਂ ਜੜ੍ਹਾਂ ਜਮਾ ਰਿਹਾ ਹੈ।

ਸੋਵੀਅਤ ਸੰਘ ਦੇ ਪਤਨ ਤੋਂ ਬਾਅਦ ਇਥੇ ਵਿਦੇਸ਼ੀ ਮੁਦਰਾਂ ਦੀਆਂ ਦੁਕਾਨਾਂ ਸਥਾਪਤ ਹੋ ਗਈਆਂ। ਕੁਝ ਲੋਕਾਂ ਨੇ ਐਸ਼ੋ-ਆਰਾਮ ਦੀਆਂ ਵਸਤਾਂ 'ਤੇ ਬੇਤਹਾਸ਼ਾ ਧਨ ਖਰਚਣਾ ਆਰੰਭ ਕਰ ਦਿੱਤਾ। ਇਹ ਉਸ ਸਮੇਂ ਹੋ ਰਿਹਾ ਸੀ ਜਦੋਂ ਕਿਊਬਾ ਵਿਚ ਕਟੌਤੀ ਦਾ ਮਾਹੌਲ ਸੀ। ਨਵ-ਧਨਾਢ ਲੋਕ ਵੱਖ-ਵੱਖ ਥਾਵਾਂ ਤੋਂ ਸਾਧਨਾਂ ਦੀ ਚੋਰੀ ਕਰਕੇ ਸਾਧਾਰਨ ਕਰਮਚਾਰੀ ਨਾਲੋਂ ਕਈ ਗੁਣਾਂ ਵੱਧ ਕਮਾਉਂਦੇ ਸਨ। ਇਸ ਤਰ੍ਹਾਂ ਇਹ ਲੋਕ ਦੇਸ਼ ਨੂੰ ਬਹੁਤ ਪਿਛਾਂਹ ਵੱਲ ਲੈ ਜਾ ਰਹੇ ਸਨ। ਹਵਾਨਾ ਵਿਚ

ਤਾਂ ਪੈਟਰੋਲ ਦੀ ਚੋਰੀ ਲੋਕ ਪਾਗਲਾਂ ਵਾਂਗ ਕਰਦੇ ਸਨ। ਕਈ ਲੋਕ ਅਜੇ ਵੀ ਸਰਕਾਰੀ ਗੱਡੀਆਂ ਦਾ ਪ੍ਰਯੋਗ ਅਪਣੇ ਸਾਕ ਸਬੰਧੀਆਂ, ਦੋਸਤਾਂ, ਅਪਣੀ ਪ੍ਰੇਮਿਕਾ ਆਦਿ ਨੂੰ ਘੁਮਾਉਣ ਲਈ ਕਰ ਰਹੇ ਹਨ।

ਸਭ ਤੋਂ ਪਹਿਲਾਂ ਇਹ ਮਾਮਲਾ ਨੈਤਿਕਤਾ ਦਾ ਹੈ। ਮੇਰੇ ਖ਼ਿਆਲ ਅਨੁਸਾਰ ਸਾਰੇ ਮਾਮਲੇ ਵਿਚ ਨੈਤਿਕਤਾ ਦੀ ਬੜੀ ਵੱਡੀ ਭੂਮਿਕਾ ਹੋਵੇਗੀ। ਪਰ ਇਹ ਜੀਵਨ ਤੇ ਮੌਤ ਦੇ ਅਰਥਸ਼ਾਸਤਰ ਦਾ ਵੀ ਸਵਾਲ ਹੈ। ਜਦੋਂ ਇਸ ਦੇਸ਼ ਵਿਚ ਤੇਲ ਆਉਂਦਾ ਹੈ ਉਦੋਂ ਇਹ ਦੇਸ਼ ਬਹੁਤ ਖਰੀਚਲਾ ਹੋ ਜਾਂਦਾ ਹੈ। ਇਥੇ ਕਿਸੇ ਨੂੰ ਤੇਲ ਜਾਂ ਬਿਜਲੀ ਦੀਆਂ ਬਾਜ਼ਾਰੀ ਕੀਮਤਾਂ ਬਾਰੇ ਨਹੀਂ ਪਤਾ। ਹੁਣ ਅਸੀਂ ਕਿਊਬਾ ਵਿਚ ਲੋਕਾਂ ਨੂੰ ਮੁਫ਼ਤ ਘਰ ਦੇਣ ਵਿਚ ਸਖ਼ਤੀ ਕਰ ਰਹੇ ਹਾਂ। ਇਸ ਦਾ ਕਾਰਣ ਇਹ ਹੈ ਕਿ ਜਿਨ੍ਹਾਂ ਨੂੰ ਅਸੀਂ ਘਰ ਦਿੰਦੇ ਹਾਂ ਉਹ ਨਵ-ਧਨਾਢੀਆਂ ਨੂੰ ਵੇਚ ਦਿੰਦੇ ਹਨ। ਕੀ ਇਹ ਸਮਾਜਵਾਦ ਹੈ?

? ਕੀ ਤੁਸੀਂ ਸਬਸਿਡੀਆਂ ਖ਼ਤਮ ਕਰ ਰਹੇ ਹੋ?

ਕਾਸਤਰੋ- ਨਹੀਂ, ਅਸੀਂ ਕੁਝ ਰਿਆਇਤਾਂ ਜ਼ਰੂਰ ਦੇਵਾਂਗੇ, ਪਰ ਕੁਝ ਨਿਰਧਾਰਤ ਸਾਲਾਂ ਵਿਚ ਵਿਅਕਤੀ ਘਰ ਦਾ ਕਿਰਾਇਆ ਜ਼ਰੂਰ ਦੇਵੇਗਾ, ਜੋ ਘਰ ਦੀ ਕੀਮਤ ਦੇ ਬਰਾਬਰ ਹੋਵੇਗਾ। ਇਹ ਸਾਰੀਆਂ ਚੀਜ਼ਾਂ ਜੋ ਲੋਕਾਂ ਨਾਲ ਸੰਬੰਧਤ ਹਨ, ਸਾਡੀ ਪਹੁੰਚ ਵਿਚ ਹਨ। ਇਸ ਦੇਸ਼ ਵਿਚ ਕੇਵਲ ਇਕ ਗੱਲ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਉਹ ਹੈ ਬਰਬਾਦੀ, ਸਵਾਰਥਪੁਣਾ ਅਤੇ ਗੈਰ-ਜ਼ਿੰਮੇਵਾਰੀ ਨਾਲ ਅਮੀਰ ਹੋਣਾ। ਸਾਧਨਾਂ ਨੂੰ ਬਰਬਾਦ ਕਰਨ ਦੀ ਇਜਾਜ਼ਤ ਤਾਂ ਬਿਲਕੁਲ ਵੀ ਨਹੀਂ ਦਿੱਤੀ ਜਾਵੇਗੀ। ਅਸੀਂ ਹੌਲੀ-ਹੌਲੀ ਇਨ੍ਹਾਂ ਬੁਰਾਈਆਂ ਦਾ ਹੱਲ ਲੱਭ ਰਹੇ ਹਾਂ। ਜਿਹੜੇ ਲੋਕ ਵੱਧ ਮਿਹਨਤ ਕਰਦੇ ਹਨ, ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਜ਼ਿਆਦਾ ਮਿਲੇਗਾ। ਹੁਣ ਅਸੀਂ ਸਭਿਆਚਾਰਕ ਮਾਧਿਅਮਾਂ ਰਾਹੀਂ ਵੀ ਇਨ੍ਹਾਂ ਸਮੱਸਿਆਵਾਂ ਨਾਲ ਨਜਿਠਣ ਦਾ ਯਤਨ ਕਰ ਰਹੇ ਹਾਂ। ਇਸ ਤਰ੍ਹਾਂ ਅਤੀਤ ਦੀ ਰਹਿੰਦ-ਖੂਹੰਦ ਵਿਚ ਬਚੀ ਗੈਰ-ਬਰਾਬਰੀ ਨੂੰ ਬਿਲਕੁਲ ਖ਼ਤਮ ਕਰ ਦਿੱਤਾ ਜਾਵੇਗਾ। ਭਵਿੱਖ ਵਿਚ ਇਨ੍ਹਾਂ ਰਿਆਇਤਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਤੇ ਇਕ ਸਭਿਆ ਤੇ ਨਿਆਂਸ਼ੀਲ ਸਮਾਜ ਵੱਲ ਸਾਡੇ ਕਦਮ ਤੇਜ਼ੀ ਨਾਲ ਵਧ ਰਹੇ ਹੋਣਗੇ।

ਥਥਥ ਇਸ ਸਬੰਧੀ ਸਾਨੂੰ ਹਿੰਮਤੀ ਹੋਣਾ ਪਵੇਗਾ। ਇਹ ਸੋਚੇ ਬਿਨਾਂ ਕਿ ਕਿਊਬਾ ਤੋਂ ਬਾਹਰਲੇ 'ਡਾਕੂ' ਸਾਨੂੰ ਕੀ ਕਹਿਣਗੇ। ਸਾਨੂੰ ਇਸ ਗੱਲ ਦਾ ਵੀ ਅਹਿਸਾਸ ਹੋਣਾ ਚਾਹੀਦਾ ਹੈ ਕਿ ਅਸੀਂ ਅਪਣੀਆਂ ਗਲਤੀਆਂ ਨੂੰ ਸਵੀਕਾਰ ਕਰੀਏ। ਕਿਉਂਕਿ ਇਹ ਇਕ ਚੀਜ਼ ਹੈ, ਜਿਸ ਰਾਹੀਂ ਅਪਣੇ ਮਕਸਦ ਤਕ ਪਹੁੰਚਿਆ ਜਾ ਸਕਦਾ ਹੈ। ਇਹ ਮਕਸਦ ਅਸੀਂ ਅਪਣੇ ਲਈ ਨਿਰਧਾਰਤ ਕਰ ਰੱਖਿਆ ਹੈ।

? ਅੱਜ ਜਿਸ ਤਰ੍ਹਾਂ ਕਿਊਬਾ ਵਿਚ ਇਕ ਪਾਰਟੀ ਰਾਜ ਹੈ ਕੀ ਇਹ ਇਥੇ ਥੋਪੀ ਗਈ ਬਿਮਾਰ ਸਿਆਸੀ ਵਿਵਸਥਾ ਨਹੀਂ ਹੈ?

ਕਾਸਤਰੋ- ਤੁਸੀਂ ਇਕ ਪਾਰਟੀ ਸਿਸਟਮ ਬਾਰੇ ਪੁੱਛ ਰਹੇ ਹੋ? ਠੀਕ। ਸਮਾਜ ਜਿੰਨਾ ਵੱਧ ਸਭਿਆਚਾਰਕ ਸੰਪੰਨ ਹੁੰਦਾ ਜਾਂਦਾ ਹੈ, ਦੁਨੀਆ ਬਾਰੇ ਜਿੰਨਾ ਵੱਧ ਜਾਣਦਾ ਹੈ, ਉਨਾ ਹੀ ਲੋਕ ਖ਼ੁਸ਼ੀ ਨਾਲ ਅਪਣੀ ਸਭਿਆਚਾਰਕ ਕੀਮਤ ਪਛਾਣਦੇ ਹਨ। ਅਸਲ ਵਿਚ ਮੈਂ ਵੇਖਿਆ ਹੈ ਕਿ ਉਨ੍ਹਾਂ



ਦੇਸ਼ਾਂ ਵਿਚ ਕੀ ਹੁੰਦਾ ਹੈ ਜਿਥੇ 100 ਜਾਂ 120 ਸਿਆਸੀ ਪਾਰਟੀਆਂ ਹਨ... ਮੈਂ ਨਹੀਂ ਸੋਚਦਾ ਕਿ ਤੁਸੀਂ ਸਰਕਾਰ ਦੇ ਸਰੂਪ ਬਾਰੇ ਜਾਂ ਲੋਕਤੰਤਰ ਦੇ ਸਰੂਪ ਬਾਰੇ ਪਰਸਥਿਤੀਆਂ ਦਾ ਆਦਰਸ਼ੀਕਰਨ ਕਰ ਸਕਦੇ ਹੋ। ਇਹ ਪਾਗਲਪਨ ਹੈ। ਤੀਸਰੀ ਦੁਨੀਆ ਦਾ ਕੋਈ ਵੀ ਦੇਸ਼ 100 ਦਲਾਂ ਨਾਲ ਅਪਣੇ ਆਪ ਨੂੰ ਕਿਵੇਂ ਸਥਾਪਤ ਕਰ ਸਕੇਗਾ। ਇਸ ਤਰ੍ਹਾਂ ਦੇ ਮਾਹੌਲ ਵਿਚ ਉਹ ਤਰੱਕੀ ਕਿਵੇਂ ਕਰ ਸਕਦਾ ਹੈ?

ਕਈ ਦੇਸ਼ਾਂ ਵਿਚ ਬਹੁ-ਦਲਾਂ ਵਿਚਕਾਰ ਪਰੰਪਰਾਗਤ ਚੋਣ ਵਿਵਸਥਾ ਵਿਚ ਇਕ ਪਾਪੂਲਰ ਮੁਕਾਬਲਾ ਜਿਹਾ ਬਣ ਕੇ ਰਹਿ ਜਾਂਦਾ ਹੈ। ਅਸਲ ਵਿਚ ਇਹ ਕੋਈ ਚੋਣ ਮੁਕਾਬਲਾ ਨਹੀਂ ਹੁੰਦਾ। ਜਿਹੜਾ ਭੀੜ ਨਾਲ ਸੰਵਾਦ ਪੈਦਾ ਕਰ ਲੈਂਦਾ ਹੈ ਉਹੀ ਜਿੱਤ ਜਾਂਦਾ ਹੈ। ਇਥੇ ਮੀਡੀਆ, ਪੈਸਾ, ਵਿਅਕਤੀ ਦੀ ਸਰੀਰਕ ਦਿੱਖ, ਵਿਗਿਆਪਨ ਆਦਿ ਵੱਧ ਮਾਇਨੇ ਰੱਖਦੇ ਹਨ। ਕਈ ਦੇਸ਼ਾਂ ਵਿਚ ਇਨ੍ਹਾਂ ਚੋਣਾਂ ਦੀ ਕੀਮਤ 100 ਕਰੋੜ ਡਾਲਰ ਤਕ ਪਹੁੰਚ ਗਈ ਹੈ। ਅਮਰੀਕੀ ਤਰੀਕੇ ਵਿਚ ਤਾਂ ਵਿਅਕਤੀ ਦੀ ਈਮੇਜ ਵੀ ਵੱਡਾ ਰੋਲ ਅਦਾ ਕਰਦੀ ਹੈ। ਉਥੇ ਚੁਣਾਵੀ ਉਮੀਦਵਾਰ ਅਪਣੇ 'ਈਮੇਜ ਸਲਾਹਕਾਰ' ਨੂੰ ਨਾਲ ਰੱਖਦੇ ਹਨ। ਇਹ ਉਮੀਦਵਾਰ ਨੂੰ ਸਲਾਹ ਦਿੰਦੇ ਹਨ ਕਿ ਕਿਸ ਤਰ੍ਹਾਂ ਨਾਲ ਵਾਲ ਵਹੁਣੇ ਹਨ, ਕਿਵੇਂ ਲੋਕਾਂ ਨਾਲ ਗੱਲ ਕਰਨੀ ਹੈ। ਚੋਣਾਂ ਇਕ ਕਿਸਮ ਦਾ ਮੇਲਾ ਹੁੰਦੀਆਂ ਹਨ।

ਕਈ ਵਾਰ ਚੋਣਾਂ ਵਿਚ ਲੋਕ ਅਮੀਰ ਹੋਣ ਲਈ ਭਾਗ ਲੈਂਦੇ ਹਨ। ਜਿਹੜੇ ਲੋਕ ਮੀਡੀਆ ਨੂੰ ਵੱਧ ਤੋਂ ਵੱਧ ਅਪਣੇ ਕਬਜ਼ੇ ਵਿਚ ਰੱਖਦੇ ਹਨ, ਉਹੀ ਜਿੱਤ ਪ੍ਰਾਪਤ ਕਰਦੇ ਹਨ। ਜਿਹੜਾ ਉਮੀਦਵਾਰ ਵੱਧ ਪੈਸੇ ਖਰਚਣ ਦੀ ਯੋਗਤਾ ਨਹੀਂ ਰੱਖਦਾ ਉਹ ਹਾਰ ਜਾਂਦਾ ਹੈ। ਇਸ ਤਰ੍ਹਾਂ ਇਨ੍ਹਾਂ ਚੋਣਾਂ ਦੇ ਨਤੀਜੇ ਬੜੇ ਅਜੀਬ ਆਉਂਦੇ ਹਨ। ਇਸ ਮਾਹੌਲ ਵਿਚ ਚੋਣਾਵੀ ਹਾਰ-ਜਿੱਤ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ।

ਦੂਸਰੀਆਂ ਥਾਵਾਂ ਵਾਂਗ ਕਿਊਬਾ ਵਿਚ ਪਾਰਟੀ, ਉਮੀਦਵਾਰ ਦੇ ਚੁਣੇ ਜਾਣ ਵਿਚ ਕੋਈ ਭੂਮਿਕਾ ਅਦਾ ਨਹੀਂ ਕਰਦੀ। ਜਦੋਂ ਕਿ ਦੂਸਰੇ ਦੇਸ਼ਾਂ ਵਿਚ ਅਜਿਹਾ ਹੁੰਦਾ ਹੈ।... ਇੰਗਲੈਂਡ ਦਾ ਚੋਣ ਸਿਸਟਮ ਕੁਝ ਚੰਗਾ ਹੈ ਕਿਉਂਕਿ ਇਥੇ ਹਰ ਵਿਅਕਤੀ ਇਕ ਪਾਰਟੀ ਨਾਲ ਸੰਬੰਧਤ ਹੁੰਦਾ ਹੈ। ਅਜਿਹੇ ਦੇਸ਼ਾਂ ਵਿਚ ਅਕਸਰ ਦੋ ਪਾਰਟੀਆਂ ਹੁੰਦੀਆਂ ਹਨ ਜਿਸ ਕਾਰਣ ਪ੍ਰਤੀਨਿਧੀ ਸੰਸਦ ਵਿਚ ਕਾਫ਼ੀ ਅਨੁਭਵ ਪ੍ਰਾਪਤ ਕਰ ਲੈਂਦੇ ਹਨ। ਇਕ ਆਮ ਨਿਯਮ ਦੇ ਰੂਪ ਵਿਚ ਰਾਸ਼ਟਰਪਤੀ ਵਿਵਸਥਾ ਦੇ ਅਧਿਕਾਰੀਆਂ ਦੀ ਤੁਲਨਾ ਵਿਚ ਕੈਰੇਬਿਆਈ ਦੇਸ਼ਾਂ ਦੇ ਸਿਆਸੀ ਪ੍ਰਤੀਨਿਧ ਤੇ ਚੁਣੇ ਹੋਏ ਅਧਿਕਾਰੀ ਵੱਧ ਪ੍ਰਭਾਵੀ, ਵੱਧ ਯੋਗਤਾ ਵਾਲੇ ਅਤੇ ਵੱਧ ਸਿਖਿਅਤ ਹੁੰਦੇ ਹਨ।

ਇਥੇ ਕਿਊਬਾ ਵਿਚ ਸਭ ਤੋਂ ਪਹਿਲਾਂ ਨਿਯਮ ਹੈ ਕਿ ਪਾਰਟੀ ਉਮੀਦਵਾਰਾਂ ਦੇ ਨਾਂ ਪੇਸ਼ ਨਹੀਂ ਕਰਦੀ। ਉਮੀਦਵਾਰ ਜਨਤਾ ਦੁਆਰਾ ਚੋਣ ਮੈਦਾਨ ਵਿਚ ਭੇਜਿਆ ਜਾਂਦਾ ਹੈ। ਹਰੇਕ ਜ਼ਿਲ੍ਹੇ ਦੇ ਲੋਕ ਇਕ ਸੰਮੇਲਨ ਵਿਚ ਇਕੱਠੇ ਹੁੰਦੇ ਹਨ ਤੇ ਅਪਣੇ ਉਮੀਦਵਾਰ ਨੂੰ ਚੁਣਦੇ ਹਨ। ਇਹ ਉਮੀਦਵਾਰ ਹੀ ਆਮ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਰਾਸ਼ਟਰ-ਸਭਾ (ਸੰਸਦ) ਵਿਚ ਜਾਂਦਾ ਹੈ। ਇਸ ਗੱਲ ਨੂੰ ਬਹੁਤ ਸਖ਼ਤੀ ਨਾਲ ਲਾਗੂ ਕੀਤਾ ਗਿਆ ਹੈ।

? ਕੀ ਮੈਂ ਪੁੱਛ ਸਕਦਾ ਹਾਂ ਕਿ ਤੁਹਾਡੀ ਤਨਖ਼ਾਹ ਕਿੰਨੀ ਹੈ?

ਕਾਸਤਰੋ- ਮੇਰੀ ਤਨਖ਼ਾਹ ਪੱਚੀ ਪੈਸੇ ਪ੍ਰਤੀ ਡਾਲਰ ਦੀ ਆਦਾਨ-ਪ੍ਰਦਾਨ ਦਰ ਨਾਲ ਤੀਹ ਡਾਲਰ ਪ੍ਰਤੀ ਮਹੀਨਾ ਹੈ। ਪਰ ਮੈਂ ਭੁੱਖ ਨਾਲ ਮਰ ਨਹੀਂ ਰਿਹਾ ਤੇ ਨਾ ਹੀ ਭੁੱਖਮਾਰੀ ਦਾ ਸ਼ਿਕਾਰ ਹਾਂ। ਮੈਂ ਪਾਰਟੀ ਪ੍ਰਤੀ ਅਪਣੀਆਂ ਦੇਣਦਾਰੀਆਂ ਨੂੰ ਚੁਕਾਉਂਦਾ ਹਾਂ। ਘਰ ਦੇ ਕਿਰਾਏ ਸਮੇਤ ਇਨ੍ਹਾਂ ਲਈ ਮੇਰੀ ਤਨਖ਼ਾਹ ਦਾ ਦਸ ਪ੍ਰਤੀਸ਼ਤ ਖਰਚ ਹੋ ਜਾਂਦਾ ਹੈ। ਮੈਂ ਅਪਣੀ ਮਾਂ ਦੀ ਰਿਸ਼ਤੇ ਵਿਚ ਲੱਗਦੀ ਚਾਚੀ ਦੀ ਮਦਦ ਕਰਦਾ ਹਾਂ, ਜਿਸ ਦਾ ਇਕਲੌਤਾ ਪੁੱਤਰ ਯੁੱਧ ਵਿਚ ਮਾਰਿਆ ਗਿਆ ਸੀ।... ਮੇਰੇ ਕੋਲ ਅਣਗਿਣਤ ਤੋਹਫੇ ਸਨ ਜੋ ਲੋਕਾਂ ਨੇ ਸਮੇਂ-ਸਮੇਂ 'ਤੇ ਮੈਨੂੰ ਦਿੱਤੇ ਸਨ। ਇਨ੍ਹਾਂ ਦੀ ਕੀਮਤ ਲੱਖਾਂ ਵਿਚ ਸੀ। ਕਿਤਾਬਾਂ ਨੂੰ ਛੱਡ ਕੇ ਮੈਂ ਇਹ ਤੋਹਫ਼ੇ ਲੋਕਾਂ ਨੂੰ ਹੀ ਸਮਰਪਿਤ ਕਰ ਦਿੱਤੇ। ਇਨ੍ਹਾਂ ਵਿਚ ਮਹਿੰਗੀਆਂ ਘੜੀਆਂ, ਬਹੁਤ ਵਧੀਆ ਪੇਂਟਿੰਗਾਂ, ਪ੍ਰਾਚੀਨ ਕਲਾਕਿਰਤਾਂ ਅਤੇ ਹੋਰ ਵੀ ਬਹੁਤ ਕੁਝ ਸ਼ਾਮਲ ਹੈ। ਪੁਸਤਕਾਂ ਮੈਂ ਅਪਣੇ ਕੋਲ ਇਸ ਲਈ ਰੱਖੀਆਂ ਕਿਉਂਕਿ ਮੈਂ ਇਨ੍ਹਾਂ ਪੁਸਤਕਾਂ ਵਿਚ ਹੀ ਮਰਨਾ ਚਾਹੁੰਦਾ ਹਾਂ।... ਮੇਰੇ ਕੋਲ ਨਿਜੀ ਤੌਰ 'ਤੇ ਇਕ ਪੈਸਾ ਵੀ ਨਹੀਂ ਹੈ। ਰਾਸ਼ਟਰਪਤੀ ਹੁੰਦਿਆਂ ਸਾਰਾ ਖਰਚਾ ਪ੍ਰਸ਼ਾਸਨਿਕ ਮਹਿਕਮਾ ਕਰਦਾ ਸੀ। ਅਸਲ ਵਿਚ ਜਦੋਂ ਮੈਂ ਵਿਦੇਸ਼ ਯਾਤਰਾ ਕਰਦਾ ਸਾਂ ਜਾਂ ਕਿਸੇ ਹੋਟਲ ਵਿਚ ਖਾਣਾ ਖਾਂਦਾ ਸਾਂ ਤਾਂ ਮੇਰੀ ਜੇਬ ਵਿਚ ਇਕ ਪੈਨੀ ਵੀ ਨਹੀਂ ਸੀ ਹੁੰਦੀ।... ਮੈਂ ਕਹਿ ਸਕਦਾ ਹਾਂ ਕਿ ਇਥੇ ਇਕ ਨਿਯਮ ਲਾਗੂ ਕੀਤਾ ਜਾ ਚੁੱਕਾ ਹੈ; 'ਹਰੇਕ ਨੂੰ ਉਸ ਦੀ ਯੋਗਤਾ ਅਨੁਸਾਰ, ਹਰੇਕ ਨੂੰ ਉਸ ਦੀ ਲੋੜ ਅਨੁਸਾਰ।' ਮੇਰੀਆਂ ਵਿਅਕਤੀਗਤ ਲੋੜਾਂ ਬਹੁਤ ਘੱਟ ਹਨ। ਇਹੋ ਕਾਰਣ ਹੈ ਕਿ ਮੈਂ ਕਦੇ ਅਪਣੀ ਤਨਖ਼ਾਹ ਵਧਵਾਉਣ ਦਾ ਯਤਨ ਨਹੀਂ ਕੀਤਾ। ਮੈਂ ਬਿਨਾਂ ਪੈਸੇ ਤੋਂ ਮਰਨਾ ਚਾਹੁੰਦਾ ਹਾਂ। ਮੈਨੂੰ ਅਪਣੀਆਂ ਯਾਦਾਂ ਬਾਰੇ ਪੁਸਤਕਾਂ ਲਿਖਣ ਦਾ ਕਰੋੜਾਂ ਡਾਲਰ ਦੀ ਆਫ਼ਰ ਆਈ, ਪਰ ਮੈਂ ਕਦੇ ਵੀ ਇਹ ਕੰਮ ਨਹੀਂ ਕੀਤਾ। ਕਿਸੇ ਵੀ ਕ੍ਰਾਂਤੀਕਾਰੀ ਦੇ ਮਨ ਵਿਚ ਬਦਲੇ ਦੀ ਭਾਵਨਾ ਦਾ ਕੋਈ ਸਥਾਨ ਨਹੀਂ ਹੋ ਸਕਦਾ। ਤੁਸੀਂ ਦੁਨੀਆ ਦੀ ਸਾਰੀ ਇੱਛਾ ਸ਼ਕਤੀ ਨਾਲ ਸੰਘਰਸ਼ ਕਰ ਸਕਦੇ ਹੋ ਪਰ ਤੁਸੀਂ ਘਿਰਣਾ ਦੇ ਆਧਾਰ 'ਤੇ ਕੁਝ ਨਹੀਂ ਕਰ ਸਕਦੇ। ਅਸੀਂ ਵਿਅਕਤੀਗਤ ਤੌਰ 'ਤੇ ਅਮਰੀਕਨ ਨਾਗਰਿਕਾਂ ਦਾ ਵਿਰੋਧ ਨਹੀਂ ਕਰਦੇ ਅਤੇ ਨਾ ਹੀ ਅਸੀਂ ਉਨ੍ਹਾਂ ਦੇ ਵਿਰੁੱਧ ਹਾਂ। ਸਗੋਂ ਜਦੋਂ ਕੋਈ ਅਮਰੀਕਨ ਇਥੇ ਆਉਂਦਾ ਹੈ, ਉਦੋਂ ਕਿਸੇ ਦੂਸਰੇ ਦੇਸ਼ ਦੇ ਨਾਗਰਿਕ ਨਾਲੋਂ ਵੱਧ ਉਸ ਦਾ ਸਵਾਗਤ ਹੁੰਦਾ ਹੈ। ਅਸੀਂ ਅਮਰੀਕੀ ਨਾਗਰਿਕ ਨਾਲ ਕਦੇ ਵੀ ਭੇਦਭਾਵ ਨਹੀਂ ਰੱਖਦੇ। ਕਿਊਬਾ ਦੇ ਲੋਕ ਅੰਨ੍ਹੇ-ਰਾਸ਼ਟਰਵਾਦੀ ਵੀ ਨਹੀਂ ਹਨ। ਜੇਕਰ ਅਸੀਂ ਸੱਚੇ ਨਾ ਹੁੰਦੇ ਤਾਂ ਹੁਣ ਤਕ ਸਾਡੀ ਹੋਂਦ ਵੀ ਨਾ ਹੁੰਦੀ। ਤੁਸੀਂ ਕਿਸੇ ਵੀ ਕ੍ਰਾਂਤੀ ਨੂੰ ਵਿਚਾਰਾਂ ਦੇ ਆਧਾਰ 'ਤੇ ਹੀ ਜ਼ਿੰਦਾ ਰੱਖ ਸਕਦੇ ਹੋ।

ਸਾਨੂੰ ਮਨੁੱਖ ਜਾਤੀ 'ਤੇ ਪੂਰਾ ਵਿਸ਼ਵਾਸ ਹੈ। ਮਨੁੱਖ ਅਪਣੇ ਸਨਮਾਨ ਲਈ ਅਤੇ ਮੁੱਲਾਂ ਲਈ ਅਪਣੀ ਜਾਨ ਦਿੰਦਾ ਰਿਹਾ ਹੈ। ਮਨੁੱਖ ਲਈ ਸਨਮਾਨ ਤੇ ਮੁੱਲ ਕਿਸੇ ਵੀ ਹੋਰ ਚੀਜ਼ ਨਾਲੋਂ ਵੱਧ ਕੀਮਤੀ ਹੁੰਦੇ ਹਨ। ਅਮਰੀਕਾ ਦੁਨੀਆ ਵਿਚੋਂ ਸੁਤੰਤਰਤਾ, ਸਮਾਨਤਾ ਤੇ ਭਾਈਚਾਰਾ ਖ਼ਤਮ ਕਰਨ 'ਤੇ ਤੁਲਿਆ ਹੋਇਆ ਹੈ। ਇਸ ਮਾਹੌਲ ਵਿਚ ਬੁੱਧੀਜੀਵੀਆਂ ਦੀ ਸਭ ਤੋਂ ਵੱਧ ਭੂਮਿਕਾ ਨੂੰ ਮੈਂ ਰੇਖਾਂਕਿਤ ਕਰਨ ਦਾ ਯਤਨ ਕਰਦਾ ਹਾਂ। ਕੇਵਲ ਇਕ ਵਿਸ਼ੇਸ਼ ਪੱਧਰ ਦੇ ਬੁੱਧੀਜੀਵੀ, ਜਿਨ੍ਹਾਂ ਵਿਚ ਪ੍ਰੋਫੈਸਰ ਸ਼ਾਮਲ ਹਨ, ਇਨ੍ਹਾਂ ਵਿਚ ਉਹ ਸਾਰੇ ਲੋਕ ਵੀ ਸ਼ਾਮਲ ਹਨ, ਜੋ ਇੰਟਰਨੈੱਟ ਰਾਹੀਂ ਸ਼ਕਤੀਸ਼ਾਲੀ ਅੰਦੋਲਨ ਸੰਗਠਿਤ ਕਰਦੇ ਹਨ। ਇਸ ਤਰ੍ਹਾਂ ਨਾਲ ਕਈ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ



ਹੋਏ ਹਨ। ਇਹ ਪ੍ਰਤੀਰੋਧ ਦੁਨੀਆ ਦੇ 'ਦੇਵਤਿਆਂ' ਨੂੰ ਡਰਾਉਣ ਲੱਗਾ ਹੈ। ਅਮਰੀਕੀਆਂ ਨੂੰ ਉਨ੍ਹਾਂ ਦੇ ਕਈ ਸ਼ਾਸਕ ਬੁੱਧੂ ਬਣਾਉਂਦੇ ਰਹੇ ਹਨ। ਪਰ ਜਿਵੇਂ ਲਿੰਕਨ ਨੇ ਕਿਹਾ ਸੀ, 'ਤੁਸੀਂ ਕੁਝ ਲੋਕਾਂ ਨੂੰ ਹਮੇਸ਼ਾ ਬੁੱਧੂ ਬਣਾ ਸਕਦੇ ਹੋ, ਤੇ ਸਾਰੇ ਲੋਕਾਂ ਨੂੰ ਕੁਝ ਸਮੇਂ ਲਈ ਬੁੱਧੂ ਬਣਾ ਸਕਦੇ ਹੋ, ਪਰ ਤੁਸੀਂ ਸਾਰਿਆਂ ਨੂੰ ਹਮੇਸ਼ਾ ਲਈ ਬੁੱਧੂ ਨਹੀਂ ਬਣਾ ਸਕਦੇ।' ਅਸੀਂ ਅਪਣੇ ਆਪ ਨੂੰ ਖੁਸ਼ਨਸੀਬ ਮੰਨਦੇ ਹਾਂ ਕਿ ਘਿਰਣਾ ਸਾਡੀ ਸਿਆਸਤ ਦਾ ਹਥਿਆਰ ਨਹੀਂ ਹੈ। ਸਾਡਾ ਸਿਆਸੀ ਹਥਿਆਰ 'ਸਿਧਾਂਤ' ਹੈ ਅਤੇ ਇਹ ਗੱਲ ਅਸੀਂ ਅਪਣੇ ਅਨੁਭਵਾਂ ਤੋਂ ਬਾਖ਼ੂਬੀ ਸਿੱਖੀ ਹੈ।

? ਤੁਸੀਂ ਲੰਮੇ ਸਮੇਂ ਤਕ ਕੰਮ ਕਰਦੇ ਹੋ। ਤੁਹਾਡੀ ਸਿਹਤ ਦਾ ਕੀ ਰਾਜ਼ ਹੈ?

ਕਾਸਤਰੋ- ਮੈਂ ਅਪਣੀਆਂ ਸੁਭਾਵਕ ਜ਼ਿੰਮੇਵਾਰੀਆਂ ਤੋਂ ਬਿਨਾਂ ਦੋ ਹੋਰ ਮਹੱਤਵਪੂਰਨ ਕੰਮ ਕਰਦਾ ਹਾਂ। ਟੈਲੀਵਿਜ਼ਨ 'ਤੇ ਮੌਜੂਦਗੀ ਅਤੇ ਅਪਣੇ ਪ੍ਰਤੀਨਿਧੀ ਮੰਡਲਾਂ ਨਾਲ ਮੁਲਾਕਾਤ ਜੋ ਅੰਬੈਸਡਰ ਵਜੋਂ ਅੰਤਰ-ਰਾਸ਼ਟਰੀ ਮੰਚਾਂ 'ਤੇ ਕੰਮਾਂ ਲਈ ਜਾ ਰਹੇ ਹੁੰਦੇ ਹਨ।... ਇਸ ਤੋਂ ਇਲਾਵਾ ਮੈਂ ਅਪਣੇ ਆਪ ਨੂੰ ਊਰਜਾ ਸੰਪੰਨ ਵਿਆਕਤੀ ਸਮਝਦਾ ਹਾਂ। ਨਵੀਆਂ ਗੱਲਾਂ ਨੂੰ ਸਿਖਣ ਲਈ ਮੇਰੇ ਮਨ ਵਿਚ ਬੇਹੱਦ ਉਤਸ਼ਾਹ ਹੈ। ਮੈਂ ਹਮੇਸ਼ਾ ਸਰੀਰਕ ਤੇ ਮਾਨਸਿਕ ਤੌਰ 'ਤੇ ਨਿਰੋਗ ਤੇ ਚੰਗਾ ਮਹਿਸੂਸ ਕਰਦਾ ਹਾਂ। ਮੇਰਾ ਖ਼ਿਆਲ ਹੈ ਕਿ ਕਸਰਤ ਕਰਨ ਦੀ ਆਦਤ ਨੇ ਇਸ ਵਿਚ ਵੱਧ ਯੋਗਦਾਨ ਪਾਇਆ ਹੈ। ਸਰੀਰਕ ਕਸਰਤ ਨਾ ਕੇਵਲ ਮਾਸ-ਪੇਸ਼ੀਆਂ ਨੂੰ ਠੀਕ ਕਰਦੀ ਹੈ ਸਗੋਂ ਇਸ ਦਾ ਮਾਨਸਿਕ ਲਾਭ ਵੀ ਹੁੰਦਾ ਹੈ। ਇਹ ਸਾਡੇ ਸਰੀਰ ਵਿਚ ਖ਼ੂਨ ਤੇ ਆਕਸੀਜ਼ਨ ਦੀ ਰਫ਼ਤਾਰ ਨੂੰ ਸਹੀ ਕਰਦੀ ਹੈ।

? ਤੁਸੀਂ ਕਈ ਵਾਰ ਭਾਸ਼ਣ ਕਰਦਿਆਂ ਡਿੱਗੇ ਹੋ, ਇਸ ਤਰ੍ਹਾਂ ਦੀਆਂ ਦੁਰਘਟਨਾਵਾਂ ਤੁਹਾਡੀ ਸਿਹਤ ਲਈ ਹਾਨੀਕਾਰਕ ਨਹੀਂ ਹਨ?

ਕਾਸਤਰੋ- ਇਹ ਸਹੀ ਗੱਲ ਹੈ ਕਿ ਜੂਨ 2001 ਅਤੇ 20 ਅਕਤੂਬਰ 2004 ਨੂੰ ਮੈਂ ਭਾਸ਼ਣ ਕਰਦਿਆਂ ਡਿਗ ਪਿਆ ਸੀ। ਜੂਨ 2001 ਨੂੰ ਹਵਾਨਾ ਦੇ ਗੁਆਂਢ ਐਲਕੋਟਰੋ ਵਿਚ ਅੱਤ ਦੀ ਗਰਮੀ ਦੇ ਦਿਨ ਅਤੇ ਤਿੰਨ ਘੰਟੇ ਤੋਂ ਵੱਧ ਸਮਾਂ ਭਾਸ਼ਣ, ਜੋ ਟੈਲੀਵਿਜ਼ਨ 'ਤੇ ਸਿੱਧਾ ਪ੍ਰਸਾਰਤ ਹੋ ਰਿਹਾ ਸੀ, ਦੌਰਾਨ ਮੈਂ ਕੁਝ ਦੇਰ ਲਈ ਅਪਣੀ ਚੇਤਨਾ ਖੋ ਬੈਠਾ ਸਾਂ। ਇਸ ਲਈ ਕੁਝ ਚੀਜ਼ਾਂ ਜ਼ਿੰਮੇਵਾਰ ਸਨ। ਇਹ ਜ਼ਿਆਦਾ ਧੁੱਪ ਤੇ ਗਰਮੀ ਕਾਰਣ ਵਾਪਰਿਆ ਸੀ। ਇਸ ਘਟਨਾ ਤੋਂ ਕੁਝ ਘੰਟਿਆਂ ਬਾਅਦ ਅਮਰੀਕਾ ਵਿਚ ਕੁਝ ਲੋਕ ਜਸ਼ਨ ਮਨਾਉਣ ਲੱਗੇ। ਇਹ ਲੋਕ ਉਦੋਂ ਹੈਰਾਨ ਹੋਏ ਹੋਣਗੇ ਜਦੋਂ ਮੈਂ ਠੀਕ ਹੋ ਕੇ ਦੁਬਾਰਾ ਟੈਲੀਵਿਜ਼ਨ 'ਤੇ ਆਇਆ। ਇਹ ਕੋਈ ਵੱਡਾ ਮਸਲਾ ਨਹੀਂ ਸੀ। ਇਹ ਧੁੱਪ ਵਿਚ ਲਗਾਤਾਰ ਖੜ੍ਹੇ ਰਹਿਣ ਕਰਕੇ ਕਿਸੇ ਵੀ ਵਿਆਕਤੀ ਨਾਲ ਵਾਪਰ ਸਕਦਾ ਹੈ।

...ਹੁਣ 20 ਅਕਤੂਬਰ, 2004 ਵਾਲੀ ਘਟਨਾ ਵੱਲ ਆਉਂਦੇ ਹਾਂ। ਮੈਂ ਅਪਣਾ ਭਾਸ਼ਣ ਖ਼ਤਮ ਕਰ ਚੁੱਕਾ ਸਾਂ। ਰਾਤ ਦੇ ਲਗਭਗ ਦਸ ਵੱਜੇ ਸਨ। ਮੈਂ ਵਾਪਸ ਜਾ ਰਿਹਾ ਸੀ ਕਿ ਪੌੜੀਆਂ ਵਿਚ ਡਿਗ ਗਿਆ। ਮੈਂ ਬਚਣ ਦੀ ਕੋਸ਼ਿਸ਼ ਵੀ ਕੀਤੀ ਪਰ ਮੇਰਾ ਚੇਹਰਾ ਤੇ ਸਿਰ ਵੀ ਜਖ਼ਮੀ ਹੋ ਗਏ। ਇਹ ਮੇਰੀ ਅਪਣੀ ਗਲਤੀ ਕਾਰਣ ਵਾਪਰਿਆ ਹਾਦਸਾ ਸੀ। ਮੈਨੂੰ ਹਵਾਨਾ ਦੇ ਹਸਪਤਾਲ ਵਿਖੇ ਲਿਜਾਇਆ ਗਿਆ। ਮੈਂ ਗੱਲ-ਬਾਤ ਕਰਨ ਦੇ ਯੋਗ ਸਾਂ। ਗੋਡੇ ਦੀ ਚੱਪਣੀ ਅਤੇ ਬਾਂਹ ਵਿਚ

ਫਰੈਕਚਰ ਸੀ। ਡਾਕਟਰ ਨੇ ਅਪ੍ਰੇਸ਼ਨ ਨਾਲ ਇਸ ਨੂੰ ਠੀਕ ਕਰ ਦਿੱਤਾ ਸੀ। ਪਰ ਇਸ ਦੌਰਾਨ ਮੈਂ ਦੇਸ਼ ਦੇ ਕਿਸੇ ਵੀ ਮਸਲੇ ਤੋਂ ਨਾ ਤਾਂ ਅਪਣਾ ਧਿਆਨ ਹਟਾਇਆ ਤੇ ਨਾ ਹੀ ਕਿਸੇ ਮਾਮਲੇ ਨੂੰ ਨਜ਼ਰਅੰਦਾਜ਼ ਕੀਤਾ।... ਅੱਜ ਮੈਂ ਬਿਨਾ ਕਿਸੇ ਸਮੱਸਿਆ ਦੇ ਆਮ ਵਰਗੀ ਜ਼ਿੰਦਗੀ ਜੀਅ ਰਿਹਾ ਹਾਂ।

? ਨਵੰਬਰ 2005 ਵਿਚ ਸੀ.ਆਈ.ਏ. ਨੇ ਤੁਹਾਡੀ ਭਿਆਨਕ ਬਿਮਾਰੀ ਬਾਰੇ 'ਸੂਚਨਾ' ਦਿੱਤੀ ਸੀ?

ਕਾਸਤਰੋ- ਇਹ ਸੱਚ ਹੈ ਕਿ ਉਹ ਲੰਮੇ ਸਮੇਂ ਤੋਂ ਮੇਰੀ ਮੌਤ ਦੀ ਉਡੀਕ ਕਰ ਰਹੇ ਹਨ। ਇਸ ਕਰਕੇ ਉਹ ਨਵੀਆਂ-ਨਵੀਆਂ ਕਹਾਣੀਆਂ ਘੜ ਕੇ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ। ਇਹ ਲੋਕ ਤਾਂ ਮੈਨੂੰ ਪਤਾ ਨਹੀਂ ਕਿੰਨੀ ਵਾਰ ਮਾਰ ਚੁੱਕੇ ਹਨ ਪਰ ਉਹ ਹਰ ਵਾਰ ਨਿਰਾਸ਼ ਹੀ ਹੁੰਦੇ ਹਨ। ਅਪਣੇ ਐਕਸੀਡੈਂਟ ਤੋਂ ਬਾਅਦ ਮੈਂ ਵੱਧ ਤੰਦਰੁਸਤ ਮਹਿਸੂਸ ਕਰਦਾ ਹਾਂ, ਵੱਧ ਸਰੀਰਕ ਅਭਿਆਸ ਕਰਦਾ ਹਾਂ। ਮੈਂ ਅਪਣੇ ਜੀਵਨ ਦੇ ਆਖ਼ਰੀ ਸਾਹ ਤਕ ਕਸਰਤ ਕਰਦਾ ਰਹਾਂਗਾ। ਹੁਣ ਮੈਂ ਕਿਸੇ ਵੀ ਚੀਜ਼ ਨੂੰ ਨਜ਼ਰਅੰਦਾਜ਼ ਨਹੀਂ ਕਰਦਾ, ਇਸ ਕਰਕੇ ਮੈਂ ਅਪਣੇ ਅੰਦਰ ਪਹਿਲਾਂ ਨਾਲੋਂ ਵੱਧ ਊਰਜਾ, ਆਤਮਿਕ ਸ਼ਕਤੀ ਅਤੇ ਇੱਛਾ-ਸ਼ਕਤੀ ਦਾ ਅਨੁਭਵ ਕਰ ਰਿਹਾ ਹਾਂ।

? ਤੁਸੀਂ ਅਪਣੇ ਕੋਲ ਪਿਸਤੌਲ ਰੱਖਦੇ ਹੋ। ਤੁਹਾਡੀ ਸਰੀਰਕ ਸ਼ਕਤੀ ਘਟਣ ਕਾਰਨ ਹਥਿਆਰ ਚਲਾਉਣ ਦੀ ਸੰਭਾਵਨਾ ਘੱਟ ਹੈ। ਕੀ ਤੁਸੀਂ ਇਸ ਗੱਲ ਤੋਂ ਚਿੰਤਤ ਹੋ?

ਕਾਸਤਰੋ- ਜਦੋਂ ਤੋਂ ਸੀ.ਆਈ.ਏ. ਨੇ ਮੇਰੀ ਹੱਤਿਆ ਦੇ ਯਤਨ ਕੀਤੇ ਹਨ, ਉਦੋਂ ਤੋਂ ਹੀ ਹਥਿਆਰ ਰੱਖਣਾ ਮੇਰੀ ਮਜਬੂਰੀ ਬਣ ਗਿਆ ਹੈ। ਮੇਰੇ ਕੋਲ 15 ਸ਼ਾਟ ਬਰਾਊਨਿੰਗ ਹਨ। ਮੈਂ ਅਪਣੀ ਜ਼ਿੰਦਗੀ ਵਿਚ ਬਹੁਤ ਗੋਲੀਆਂ ਚਲਾਈਆਂ ਹਨ। ਮੈਂ ਹਮੇਸ਼ਾ ਇਕ ਚੰਗਾ ਨਿਸ਼ਾਨੇਬਾਜ਼ ਰਿਹਾ ਹਾਂ। ਮੈਂ ਅੱਜ ਵੀ ਦੁਸ਼ਮਣ ਤੋਂ ਨਹੀਂ ਡਰਦਾ।... ਕੱਲ ਨੂੰ ਮੇਰੀ ਮੌਤ ਹੋ ਹੀ ਜਾਣੀ ਹੈ, ਉਦੋਂ ਮੇਰਾ ਪ੍ਰਭਾਵ ਹੋਰ ਵੱਧ ਪ੍ਰਸਾਰਤ ਹੋਵੇਗਾ। ਇਕ ਵਾਰ ਮੈਂ ਕਿਹਾ ਸੀ ਕਿ ਜਦੋਂ ਅਸਲ ਵਿਚ ਮੇਰੀ ਮੌਤ ਹੋ ਜਾਵੇਗੀ, ਉਦੋਂ ਵੀ ਕੋਈ ਵਿਅਕਤੀ ਵਿਸ਼ਵਾਸ ਨਹੀਂ ਕਰੇਗਾ ਕਿ ਮੇਰੀ ਮੌਤ ਹੋ ਗਈ।

? ਕੀ ਤੁਸੀਂ ਸੋਚਦੇ ਹੋ ਕਿ ਕ੍ਰਾਂਤੀ ਅਜੇ ਮੁਕੰਮਲ ਨਹੀਂ ਹੋਈ?

ਕਾਸਤਰੋ- ਅਸੀਂ ਖ਼ੁਸ਼ਕਿਸਮਤ ਹਾਂ ਕਿ ਕ੍ਰਾਂਤੀ ਨੂੰ ਤਿੰਨ ਪੀੜ੍ਹੀਆਂ ਤਕ ਲੈ ਆਏ ਹਾਂ। ਅਸੀਂ ਇਥੇ ਸਿਖਿਆ ਨੂੰ ਪ੍ਰਫੁਲਤ ਕਰਦੇ ਪ੍ਰੋਗਰਾਮ ਅਰੰਭੇ, ਡਾਕੂਆਂ ਵਿਰੁੱਧ ਮੋਰਚਾ ਛੇੜਿਆ, ਨਾਕੇਬੰਦੀ ਵਿਰੁੱਧ ਸੰਘਰਸ਼ ਕੀਤਾ, ਅੱਤਵਾਦ ਵਿਰੁੱਧ ਲੜੇ ਅਤੇ ਹੋਰ ਅਨੇਕਾਂ ਅੰਤਰ-ਰਾਸ਼ਟਰੀ ਪ੍ਰੋਗਰਾਮਥਥਥ ਲੱਖਾਂ ਲੋਕ ਇਨ੍ਹਾਂ ਪ੍ਰੋਗਰਾਮਾਂ ਨਾਲ ਜੁੜੇ ਹੋਏ ਹਨ। ਅਸੀਂ ਵਿਗਿਆਨ ਵਿਚ, ਤਕਨੀਕ ਵਿਚ, ਮਜ਼ਦੂਰਾਂ ਦੀ ਅਗਵਾਈ ਵਿਚ, ਬੌਧਿਕਤਾ ਵਿਚ, ਅਧਿਐਨ ਵਿਚ, ਲਗਭਗ ਹਰ ਖੇਤਰ ਵਿਚ ਮਹੱਤਵਪੂਰਨ ਉਪਲਬਧੀਆਂ ਕੀਤੀਆਂ ਹਨ। ਇਨ੍ਹਾਂ ਉਪਲਬਧੀਆਂ ਵਿਚ ਅੱਜ ਦੀ ਨੌਜਵਾਨ ਪੀੜ੍ਹੀ ਵੀ ਸ਼ਾਮਲ ਹੈ।... ਸਾਡੇ ਸਾਹਮਣੇ ਇਹ ਨਵੀਂ ਪੀੜ੍ਹੀ ਹੈ, ਕਿਉਂਕਿ ਅਸੀਂ ਤਾਂ ਹੁਣ ਬੀਤ ਚੁੱਕੇ ਹਾਂ। ਰਾਊਲ ਮੈਥੋਂ ਕੇਵਲ ਚਾਰ ਸਾਲ ਛੋਟੇ ਹਨ ਪਰ ਉਹ ਮੇਰੇ ਨਾਲੋਂ ਵੱਧ ਜਵਾਨ ਹਨ।

...ਅਸੀਂ ਸੈਂਕੜਿਆਂ ਦੀ ਤਾਦਾਦ ਵਿਚ ਨਵੀਆਂ ਪ੍ਰਤਿਭਾਵਾਂ ਨੂੰ ਲੱਭਿਆ ਹੈ। ਇਹ ਬੱਚੇ



ਪ੍ਰਭਾਵਸ਼ਾਲੀ ਹਨ ਤੇ ਅਪਣੇ ਵਿਚਾਰਾਂ ਨੂੰ ਸਪੱਸ਼ਟ ਰੂਪ ਵਿਚ ਸਾਹਮਣੇ ਰੱਖਦੇ ਹਨ। ਕੌਣ ਜਾਣਦਾ ਸੀ ਕਿ ਸਾਡੇ ਏਨੇ ਪ੍ਰਤਿਭਾਸ਼ਾਲੀ ਬੱਚੇ ਹੋਣਗੇ। ਮੈਂ ਮੰਨਦਾ ਹਾਂ ਕਿ ਪ੍ਰਤਿਭਾ ਹਰ ਜਗ੍ਹਾ ਹੁੰਦੀ ਹੈ। ਕਿਸੇ ਕੋਲ ਕੋਈ ਪ੍ਰਤਿਭਾ ਹੈ ਤੇ ਦੂਸਰੇ ਕੋਲ ਕੋਈ। ਸਮਾਜਵਾਦੀ ਸਮੂਹ ਦੇ ਦੇਸ਼ਾਂ ਦੇ ਪਤਨ ਤੋਂ ਬਾਅਦ ਸਾਡੇ ਅੱਠ ਕਰੋੜ ਲੋਕਾਂ ਨੇ ਐਲਾਨ ਕੀਤਾ ਸੀ ਕਿ ਅਸੀਂ ਸਮਾਜਵਾਦੀ ਹਾਂ। ਅੱਜ ਸਾਡੇ ਡਾਕਟਰ ਹਜ਼ਾਰਾਂ ਦੀ ਗਿਣਤੀ ਵਿਚ ਉਨ੍ਹਾਂ ਥਾਵਾਂ 'ਤੇ ਜਾ ਕੇ ਲੋਕਾਂ ਦੀ ਸੇਵਾ ਵਿਚ ਜੁਟੇ ਹੋਏ ਹਨ ਜਿਥੇ ਅਮਰੀਕਾ ਜਾਂ ਯੂਰਪੀ ਦੇਸ਼ ਮਿਲਕੇ ਵੀ ਅਪਣੇ ਡਾਕਟਰ ਨਹੀਂ ਭੇਜ ਸਕਦੇ। ਇਸ ਸਮੇਂ ਕੇਵਲ ਅਫ਼ਰੀਕਾ ਵਿਚ ਹੀ ਸਾਡੇ 3000 ਤੋਂ ਵੱਧ ਡਾਕਟਰ ਕਾਰਜਸ਼ੀਲ ਹਨ। ਅਸੀਂ ਨਾਕਾਬੰਦੀ ਦੇ ਬਾਵਜੂਦ ਲੋਕਾਂ ਨੂੰ ਸੰਤੁਸ਼ਟਤਾ ਪ੍ਰਦਾਨ ਕੀਤੀ ਹੈ।

... ਪਰ ਮੈਂ ਇਹ ਵੀ ਮੰਨਦਾ ਹਾਂ ਕਿ ਅਸੀਂ ਆਦਰਸ਼ਵਾਦ ਦੇ ਅੰਤਰਗਤ ਕੁਝ ਗ਼ਲਤੀਆਂ ਕੀਤੀਆਂ ਹਨ। ਅਸੀਂ ਬਹੁਤ ਤੇਜ਼ੀ ਨਾਲ ਅਗਾਂਹ ਵਧਣ ਦਾ ਯਤਨ ਕੀਤਾ ਹੈ। ਹੋ ਸਕਦਾ ਹੈ ਕਿ ਅਸੀਂ ਮਨੁੱਖ ਜਾਤੀ ਦੀਆਂ ਆਦਤਾਂ ਤੇ ਹੋਰ ਤੱਥਾਂ ਬਾਰੇ ਧਿਆਨ ਹੀ ਨਾ ਦਿੱਤਾ ਹੋਵੇ। ਪਰ ਕਿਸੇ ਵੀ ਦੇਸ਼ ਨੇ ਏਨੇ ਸ਼ਕਤੀਸ਼ਾਲੀ ਪ੍ਰਚਾਰ, ਯੁੱਧ, ਨਾਕੇਬੰਦੀ ਵਰਗੀਆਂ ਪ੍ਰਸਥਿਤੀਆਂ ਦਾ ਸਾਹਮਣਾ ਨਹੀਂ ਕੀਤਾ ਹੋਣਾ। ਸੋਵੀਅਤ ਸੰਘ ਅਲੋਪ ਹੋ ਗਿਆ ਸੀ ਅਤੇ ਅਸੀਂ ਵਿਚਾਰਧਾਰਕ ਤੌਰ 'ਤੇ ਬਿਲਕੁਲ ਇਕੱਲੇ ਰਹਿ ਗਏ ਸਾਂ। ਪਰ ਨਾ ਤਾਂ ਅਸੀਂ ਕਦੇ ਘਬਰਾਏ ਤੇ ਨਾ ਹੀ ਕਦੇ ਹਿੰਮਤ ਛੱਡੀ। ਅਸੀਂ ਇਸ ਗੱਲ ਦੇ ਗਵਾਹ ਹਾਂ ਕਿ ਕਿਸ ਤਰ੍ਹਾਂ ਅਸੀਂ ਬੇਰੁਜ਼ਗਾਰੀ ਹੇਠਾਂ ਲੈ ਕੇ ਆਏ ਅਤੇ ਸਭ ਤੋਂ ਵੱਡੀ ਗੱਲ ਕਿ ਇਥੇ ਚੇਤਨਾ ਫੈਲਾਉਣ ਦਾ ਕੰਮ ਕੀਤਾ। ਤੁਸੀਂ ਵੋਟਾਂ ਦੀ ਗਿਣਤੀ ਨਾਲ ਸਾਡੇ ਦੇਸ਼ ਦੀਆਂ ਚੋਣਾਂ ਨੂੰ ਨਹੀਂ ਸਮਝ ਸਕਦੇ। ਮੈਂ ਇਸ ਨੂੰ ਭਾਵਨਾਵਾਂ ਦੀ ਗਹਿਰਾਈ ਅਤੇ ਉਸ ਵਿਚ ਮੌਜੂਦ ਊਰਜਾ ਦੇ ਆਧਾਰ 'ਤੇ ਸਮਝਦਾ ਹਾਂ। ਇਸ ਨੂੰ ਮੈਂ ਲਗਾਤਾਰ ਕਈ ਸਾਲਾਂ ਤੋਂ ਵੇਖ ਰਿਹਾ ਹਾਂ। ਮੈਂ ਉਮੀਦ ਨਾਲ ਭਰਪੂਰ ਚੇਹਰਿਆਂ ਨੂੰ ਵੇਖਿਆ ਹੈ। ਮੈਂ ਪਹਿਲਾਂ ਕਦੇ ਇਸ ਤਰ੍ਹਾਂ ਦੇ ਉਮੀਦਾਂ ਤੇ ਮਾਣ ਨਾਲ ਭਰੇ ਚੇਹਰਿਆਂ ਨੂੰ ਨਹੀਂ ਸੀ ਵੇਖਿਆ।

? ਅਸੀਂ ਵੇਖ ਰਹੇ ਹਾਂ ਕਿ ਕਿਊਬਾ ਦੀ ਕ੍ਰਾਂਤੀ ਬਾਰੇ ਤੁਸੀਂ ਬਿਲਕੁਲ ਚਿੰਤਤ ਨਹੀਂ ਹੋ। ਇਹ ਵੀ ਉਦੋਂ ਜਦੋਂ ਸੋਵੀਅਤ ਸੰਘ ਦਾ ਪਤਨ ਹੋ ਚੁੱਕਾ ਹੈ, ਯੂਗੋਸਲਾਵੀਆ ਟੁੱਟਣ ਦੇ ਨਾਲ-ਨਾਲ ਅਲਬੀਨੀਆਈ ਕ੍ਰਾਂਤੀ ਦਾ ਵੀ ਪਤਨ ਹੋਇਆ ਹੈ। ਉਤਰੀ ਕੋਰੀਆ ਸੰਕਟ ਵਿਚ ਹੈ। ਕੰਬੋਡੀਆ ਅੱਤਵਾਦ ਵਿਚ ਜਕੜਿਆ ਹੋਇਆ ਹੈ। ਇਥੋਂ ਤਕ ਕਿ ਚੀਨ ਨੇ ਵੱਖਰਾ ਰਾਹ ਅਪਨਾ ਲਿਆ ਹੈ। ਕੀ ਇਹ ਗੱਲਾਂ ਤੁਹਾਨੂੰ ਪਰੇਸ਼ਾਨ ਨਹੀਂ ਕਰਦੀਆਂ?

ਕਾਸਤਰੋ- ਪਹਿਲੇ ਸਮਾਜਵਾਦੀ ਰਾਜ ਸੋਵੀਅਤ ਸੰਘ, ਜਿਸ ਨੂੰ ਅਪਣੇ ਆਪ ਨੂੰ ਪੁਨਰਗਠਿਤ ਕਰਨਾ ਚਾਹੀਦਾ ਸੀ ਤੇ ਟੁੱਟਣ ਤੋਂ ਬਚਾਉਣਾ ਚਾਹੀਦਾ ਸੀ, ਦੇ ਅਨੁਭਵ ਸਾਡੇ ਲਈ ਬਹੁਤ ਕੌੜੇ ਹਨ। ਇਹ ਨਾ ਸੋਚਣਾ ਕਿ ਅਸੀਂ ਇਸ ਬਾਰੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ। ਸੋਵੀਅਤ ਸੰਘ ਦੁਨੀਆ ਦਾ ਵਿਸ਼ਵਾਸਯੋਗ ਸ਼ਕਤੀ ਕੇਂਦਰ ਸੀ ਜੋ ਦੂਜੀਆਂ ਮਹਾਸ਼ਕਤੀਆਂ ਨਾਲ ਸ਼ਕਤੀ ਸੰਤੁਲਨ ਕਰਨ ਵਿਚ ਮਹਾਨ ਭੂਮਿਕਾ ਨਿਭਾਉਂਦਾ ਸੀ। ਇਸ ਨੇ ਫਾਸ਼ੀਵਾਦ ਨੂੰ ਹਰਾਇਆ। ਦੁਨੀਆ ਨੂੰ ਅਣਮਨੁੱਖੀ ਦਹਿਸ਼ਤ ਤੋਂ ਮੁਕਤ ਕਰਵਾਇਆ।

ਕੁਝ ਲੋਕ ਅਜਿਹੇ ਸਨ ਜੋ ਸੋਚਦੇ ਸਨ ਕਿ ਸਮਾਜਵਾਦ ਦੇ ਨਿਰਮਾਣ ਲਈ ਪੂੰਜੀਵਾਦੀ ਤੌਰ

ਤਰੀਕਿਆਂ ਨੂੰ ਅਪਨਾਉਣਾ ਹੋਵੇਗਾ। ਇਹ ਇਤਿਹਾਸ ਦੀ ਸਭ ਤੋਂ ਗੰਭੀਰ ਭੁੱਲ ਸੀ। ਮੇਰੇ ਕੋਲ ਅਜਿਹੇ ਅਣਗਿਣਤ ਉਦਾਹਰਣ ਹਨ, ਜਦੋਂ ਕੁਝ ਲੋਕਾਂ ਨੇ ਸੋਚਿਆ ਕਿ ਮਾਰਕਸ, ਏਂਜਲਜ਼ ਅਤੇ ਲੈਨਿਨ ਦੇ ਦਾਰਸ਼ਨਿਕ ਸਿਧਾਂਤਾਂ ਦੀ ਵਿਆਖਿਆ ਕਰਨ ਦੇ ਯਤਨ ਵਿਚ ਮਹਾਨ ਭੁੱਲਾਂ ਹੋਈਆਂ ਹਨ।

ਮੈਂ ਇਕ ਗਲਤੀ ਵੱਲ ਸੰਕੇਤ ਕਰਦਾ ਹਾਂ, ਜੋ ਸ਼ੁਰੂ ਤੋਂ ਹੁੰਦੀ ਆਈ ਹੈ। ਇਸ ਗਲਤੀ ਨੂੰ ਬਾਰ-ਬਾਰ ਦੁਹਰਾਇਆ ਗਿਆ। ਇਸ ਵਿਚ ਇਹ ਵਿਸ਼ਵਾਸ ਕੀਤਾ ਗਿਆ ਕਿ ਕੁਝ ਲੋਕ ਹਨ ਜੋ ਜਾਣਦੇ ਹਨ ਕਿ ਸਮਾਜਵਾਦ ਦਾ ਨਿਰਮਾਣ ਕਿਵੇਂ ਹੋਣਾ ਚਾਹੀਦਾ ਹੈ। ਮੇਰੀ ਰਾਇ ਵਿਚ ਅੱਜ ਸਾਨੂੰ ਸਪੱਸ਼ਟ ਵਿਚਾਰਾਂ ਦੇ ਨਾਲ-ਨਾਲ ਇਨ੍ਹਾਂ ਸਵਾਲਾਂ ਦੇ ਜਵਾਬ ਦੀ ਵੀ ਲੋੜ ਹੈ। ਉਦਾਹਰਣ ਦੇ ਤੌਰ 'ਤੇ ਭਵਿੱਖ ਵਿਚ ਸਮਾਜਵਾਦ ਦਾ ਕੀ ਸਰੂਪ ਹੋਣਾ ਚਾਹੀਦਾ ਹੈ ਅਤੇ ਸਮਾਜਵਾਦ ਦੀ ਰੱਖਿਆ ਲਈ ਕੀ ਕਰਨਾ ਚਾਹੀਦਾ ਹੈ?

...ਚੀਨ ਇਕ ਮਹਾਨ ਸਿਆਸੀ ਸ਼ਕਤੀ ਹੈ, ਜੋ ਅਪਣੀ ਮੌਜੂਦਗੀ ਦਰਜ ਕਰਵਾ ਰਹੀ ਹੈ। ਥਥਥ ਹਰੇਕ ਦੇਸ਼ ਨੂੰ ਲਗਾਤਾਰ ਬੇਹਤਰ ਤਰੀਕੇ ਨਾਲ ਅਪਣੇ ਆਪ ਨੂੰ ਤਿਆਰ ਕਰਨ ਦੀ ਲੋੜ ਹੁੰਦੀ ਹੈ। ਹੁਣ ਜੋ ਉਦੇ ਹੋਈ ਨਵੀਂ ਦੁਨੀਆ ਹੈ ਅਸੀਂ ਇਸ ਨੂੰ ਸਵੀਕਾਰ ਚੁੱਕੇ ਹਾਂ। ਅਸੀਂ ਸਿੱਖ ਵੀ ਰਹੇ ਹਾਂ ਕਿ ਹੁਣ ਅਸੀਂ ਕੀ ਕਰਨਾ ਹੈ? ਅਸੀਂ ਭਾਈਚਾਰੇ ਦੀ ਭਾਵਨਾ, ਕ੍ਰਾਂਤੀ ਦੀ ਚੇਤਨਾ ਤੇ ਸਭਿਆਚਾਰਕ ਮੁੱਲਾਂ ਨੂੰ ਵਿਕਸਤ ਕੀਤਾ ਹੈ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸੋਵੀਅਤ ਸੰਘ ਦੇ ਪਤਨ ਕਾਰਣ ਇਸ ਦੁਨੀਆ ਦੀਆਂ ਪਤਾ ਨਹੀਂ ਕਿੰਨੀਆਂ ਬੇਹਤਰੀਨ ਚੀਜ਼ਾਂ ਤੇ ਸ਼ਾਸਨ ਬਰਬਾਦ ਹੋ ਗਏ। ਇਸ ਦੇ ਬਾਵਜੂਦ ਸਾਡਾ ਦੇਸ਼ ਅਪਣੇ ਸ੍ਰੋਤ ਸਾਂਝੇ ਕਰ ਸਕਦਾ ਹੈ, ਦੂਸਰੇ ਮੁਲਕਾਂ ਦੀ ਮਦਦ ਕਰ ਸਕਦਾ ਹੈ, ਤੀਸਰੀ ਦੁਨੀਆ ਦੇ ਸਿਖਿਅਕ ਵਿਅਕਤੀਆਂ ਨੂੰ ਹੋਰ ਸਿਖਿਅਤ ਕਰ ਸਕਦਾ ਹੈ। ਉਹ ਵੀ ਮੁਫ਼ਤ ਵਿਚ। ਇਹ ਹਰ ਮੋਰਚੇ, ਹਰ ਖੇਤਰ ਵਿਚ ਅਸਲੀ ਤੇ ਪ੍ਰਗਤੀਸ਼ੀਲ ਪ੍ਰਸਥਿਤੀਆਂ ਨੂੰ ਪੈਦਾ ਕਰ ਸਕਦਾ ਹੈ।

ਅਸੀਂ ਅਪਣੇ ਮਨੁੱਖੀ ਸ੍ਰੋਤਾਂ 'ਤੇ ਜਿਉਂਦੇ ਹਾਂ। ਅਪਣੇ ਮਨੁੱਖੀ ਸ੍ਰੋਤਾਂ ਸਦਕਾ ਹੀ ਅਸੀਂ ਦੂਜਿਆਂ ਦੀ ਮਦਦ ਕਰ ਸਕਦੇ ਹਾਂ। ਅਸੀਂ ਜੋ ਕੁਝ ਕੀਤਾ ਅਪਣੇ ਤਜਰਬੇ ਤੋਂ ਸਿੱਖ ਕੇ ਕੀਤਾ ਅਤੇ ਅੱਜ ਅਸੀਂ ਅਪਣੀ ਸਹਾਇਤਾ ਆਪ ਕਰ ਸਕਦੇ ਹਾਂ।

ਮੈਂ ਬਿਲਕੁਲ ਚਿੰਤਤ ਨਹੀਂ ਹਾਂ ਕਿਉਂਕਿ ਜੋ ਕੁਝ ਅਸੀਂ ਕਰਦੇ ਹਾਂ ਉਸ ਬਾਰੇ ਬਾਰ-ਬਾਰ ਚਿੰਤਨ-ਮਨਨ ਕਰਦੇ ਹਾਂ ਅਤੇ ਅਪਣੀਆਂ ਗਲਤੀਆਂ ਤੋਂ ਵੀ ਸਿੱਖਦੇ ਹਾਂ।

? ਪਰ ਲੋਕ ਅਪਣੇ ਆਪ ਨੂੰ ਸਵਾਲ ਕਰਦੇ ਹਨ ਕਿ ਕਿਊਬਾ ਵਿਚ ਚੱਲ ਰਹੀ ਸਮਾਜਵਾਦੀ ਕ੍ਰਾਂਤੀ ਦੀ ਪ੍ਰਕਿਰਿਆ ਦਾ ਕਦੇ ਅੰਤ ਨਹੀਂ ਹੋਵੇਗਾ?

ਕਾਸਤਰੋ- ਕੀ ਕ੍ਰਾਂਤੀ ਕਿਸੇ ਪਤਨ ਨਾਲ ਸੰਬੰਧਤ ਹੁੰਦੀ ਹੈ ਜਾਂ ਕਿਸੇ ਵੀ ਕ੍ਰਾਂਤੀ ਦਾ ਕਾਰਣ ਵਿਅਕਤੀ ਨਹੀਂ ਹੁੰਦੇ? ਕੀ ਵਿਅਕਤੀ ਕ੍ਰਾਂਤੀ ਦੇ ਪਤਨ ਨੂੰ ਰੋਕ ਸਕਦੇ ਹਨ ਜਾਂ ਉਹ ਅਜਿਹਾ ਨਹੀਂ ਕਰ ਸਕਦੇ? ਕੀ ਸਮਾਜ ਕ੍ਰਾਂਤੀਆਂ ਦੇ ਪਤਨ ਨੂੰ ਰੋਕ ਸਕਦਾ ਹੈ ਜਾਂ ਨਹੀਂ? ਕਈ ਵਾਰ ਮੈਂ ਇਹ ਸਾਰੇ ਸਵਾਲ ਅਪਣੇ ਆਪ ਨੂੰ ਕਰਦਾ ਹਾਂ। ਅਮਰੀਕਾ ਸਾਡੀ ਇਸ ਕ੍ਰਾਂਤੀਕਾਰੀ ਪ੍ਰਕਿਰਿਆ ਨੂੰ



ਬਰਬਾਦ ਨਹੀਂ ਕਰ ਸਕਦਾ ਕਿਉਂਕਿ ਸਾਡੇ ਨਾਲ ਪੂਰਾ ਦੇਸ਼ ਹੈ, ਜਿਸਨੇ ਹਥਿਆਰ ਚੁੱਕਣੇ ਸਿੱਖੇ ਹਨ। ਇਹ ਇਕ ਅਜਿਹਾ ਦੇਸ਼ ਹੈ ਜਿਸਨੇ ਸੱਭਿਆਚਾਰ, ਗਿਆਨ ਤੇ ਚੇਤਨਾ ਦੇ ਸਭ ਤੋਂ ਉਚੇਰੇ ਪੱਧਰਾਂ ਨੂੰ ਪ੍ਰਾਪਤ ਕੀਤਾ ਹੈ। ਹੁਣ ਇਹ ਕਿਸੇ ਦੂਸਰੇ ਦੇਸ਼ ਦੀ ਬਸਤੀ ਕਦੇ ਨਹੀਂ ਬਣੇਗਾ। ਪਰ ਜੇਕਰ ਅਸੀਂ ਅਪਣੀਆਂ ਗਲਤੀਆਂ ਨੂੰ ਨਹੀਂ ਸੁਧਾਰਾਂਗੇ ਤਾਂ ਅਸੀਂ ਅਪਣੇ ਆਪ ਨੂੰ ਬਰਬਾਦ ਕਰ ਲਵਾਂਗੇ। ਇਸ ਵੇਲੇ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਬਹੁਤ ਲੋੜ ਹੈ। ਪਰ ਮੈਨੂੰ ਯਕੀਨ ਹੈ ਕਿ ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾ ਕੇ ਅਸੀਂ ਅਪਣਾ ਮਕਸਦ ਜ਼ਰੂਰ ਪ੍ਰਾਪਤ ਕਰ ਲਵਾਂਗੇ। ਮਾਤਰੀ ਨੇ ਕਿਹਾ ਸੀ, 'ਸਭਿਆਚਾਰਕ ਤੌਰ 'ਤੇ ਸੰਪਨ ਹੋਣਾ ਹੀ ਸੁਤੰਤਰਤਾ ਦਾ ਇਕੋ-ਇਕ ਰਾਹ ਹੈ।' ਬਿਨਾਂ ਸਭਿਆਚਾਰ ਤੋਂ ਸੁਤੰਤਰਤਾ ਸੰਭਵ ਹੀ ਨਹੀਂ ਹੈ।

ਇਹੋ ਕਾਰਣ ਹੈ ਕਿ ਨਵ-ਉਦਾਰਵਾਦੀ ਵਿਸ਼ਵੀਕਰਨ ਦਾ ਮੈਂ ਅਕਸਰ ਖੰਡਨ ਕਰਦਾ ਹਾਂ। ਇਹ ਇਕ ਅਜਿਹੀ ਵਿਵਸਥਾ ਪੈਦਾ ਕਰ ਰਿਹਾ ਹੈ ਜੋ ਲੋਕਾਂ ਨੂੰ ਭੁੱਖਮਰੀ ਵੱਲ ਲਿਜਾ ਰਹੀ ਹੈ। ਇਹ ਪ੍ਰਕਿਰਿਆ ਸਾਨੂੰ ਹਮੇਸ਼ਾ ਭਰਮ ਵਿਚ ਰੱਖਦੀ ਹੈ। ਝੂਠੇ ਸੁਪਨੇ ਵਿਖਾਉਂਦੀ ਹੈ। ਉਪਭੋਗਤਾਵਾਦ ਨੂੰ ਜਨਮ ਦਿੰਦੀ ਹੈ। ਕਾਹਦੇ ਲਈ? ਇਸ ਕਰਕੇ ਲੋਕ ਉਸ ਹਨੇਰੇ ਵਿਚ ਪਹੁੰਚ ਚੁੱਕੇ ਹਨ ਜਿਥੇ ਉਨ੍ਹਾਂ ਨੂੰ ਕੋਈ ਚੰਗਾ ਭਵਿੱਖ ਦਿਖਾਈ ਨਹੀਂ ਦੇ ਰਿਹਾ। ਇਹ ਸਥਿਤੀ ਕਦੋਂ ਤਕ ਬਣੀ ਰਹੇਗੀ?

ਅਸੀਂ ਅਪਣੀਆਂ ਸਿਆਸੀ ਉਪਲਬਧੀਆਂ ਦੀਆਂ ਯਾਦਗਾਰਾਂ ਨਹੀਂ ਬਣਾਉਂਦੇ। ਇਹ ਦੁਨੀਆ ਅਜੇ ਵੀ ਅਣਗਿਣਤ ਖ਼ਤਰਿਆਂ ਨਾਲ ਘਿਰੀ ਹੋਈ ਹੈ। ਅਸੀਂ ਤਾਂ ਬਸ ਇਹ ਦੱਸਣ ਦਾ ਯਤਨ ਕਰ ਰਹੇ ਹਾਂ ਕਿ ਅਸੀਂ ਅਪਣੀ ਹੋਂਦ ਨੂੰ ਕਾਇਮ ਰੱਖ ਸਕਦੇ ਹਾਂ। ਮੈਨੂੰ ਪੂਰੀ ਉਮੀਦ ਹੈ ਕਿ ਦੁਨੀਆ ਅਪਣੀ ਹੋਂਦ ਨੂੰ ਬਚਾ ਸਕੇਗੀ ਕਿਉਂਕਿ ਮੈਂ ਵੇਖ ਰਿਹਾ ਹਾਂ ਕਿ ਲੋਕ ਪ੍ਰਤੀਕ੍ਰਿਆ ਕਰ ਰਹੇ ਹਨ। ਮੈਂ ਉਸ ਮਨੁੱਖ ਜਾਤੀ ਨੂੰ ਵੇਖ ਰਿਹਾ ਹਾਂ ਜਿਸ ਕੋਲ ਇਕ ਸਦੀ ਪਹਿਲਾਂ ਨਾਲੋਂ ਤਿੰਨ-ਚਾਰ ਗੁਣਾ ਵੱਧ ਗਿਆਨ ਹੈ। ਪਰ ਦੂਸਰੇ ਪਾਸੇ ਇਹ ਵਿਕਾਸ ਜ਼ਹਿਰ ਵੀ ਬੀਜ ਰਿਹਾ ਹੈ। ਝੂਠੇ ਵਿਚਾਰਾਂ ਨੂੰ ਜਨਮ ਦੇ ਰਿਹਾ ਹੈ ਅਤੇ ਇਨ੍ਹਾਂ ਨੂੰ ਪ੍ਰਸਾਰਤ ਕਰ ਰਿਹਾ ਹੈ। ਝੂਠੀਆਂ ਜਾਣਕਾਰੀਆਂ ਨੂੰ ਪੇਸ਼ ਕਰ ਰਿਹਾ ਹੈ।

ਸਾਡੀਆਂ ਕੁੱਝ ਆਦਤਾਂ ਪੱਕ ਚੁੱਕੀਆਂ ਹਨ। ਜਿਵੇਂ ਨਕਲ ਨਾ ਕਰਨ ਦੀ ਆਦਤ, ਦੇਸ਼ 'ਤੇ ਵਿਸ਼ਵਾਸ ਕਰਨ ਦੀ ਆਦਤ, ਅੰਨ੍ਹੇ-ਰਾਸ਼ਟਰਵਾਦ ਨਾਲ ਸੰਘਰਸ਼ ਕਰਨ ਦੀ ਆਦਤ... ਕੋਈ ਵੀ ਦੇਸ਼ ਦੂਸਰੇ ਦੀ ਤੁਲਨਾ ਵਿਚ ਬੇਹਤਰ ਨਹੀਂ ਹੁੰਦਾ, ਕੋਈ ਵੀ ਵਿਅਕਤੀ ਦੂਸਰੇ ਦੀ ਤੁਲਨਾ ਵਿਚ ਚੰਗਾ ਜਾਂ ਮਾੜਾ ਨਹੀਂ ਹੁੰਦਾ। ਸਭ ਦਾ ਅਪਣਾ ਦੇਸ਼ ਹੁੰਦਾ ਹੈ, ਅਪਣਾ ਸਭਿਆਚਾਰ ਹੁੰਦਾ ਹੈ ਤੇ ਅਪਣਾ ਚਰਿੱਤਰ ਹੁੰਦਾ ਹੈ। ਤੁਸੀਂ ਲਾਤੀਨੀ ਅਮਰੀਕਾ ਵਿਚ ਵੇਖ ਸਕਦੇ ਹੋ। ਇਥੇ ਦੇਸ਼ਾਂ ਦੀ ਇਕ ਪੂਰੀ ਲੜੀ ਹੈ ਜੋ ਇਕ ਭਾਸ਼ਾ ਬੋਲਦੇ ਹਨ। ਸਾਡੀ ਇਕ ਪ੍ਰਤੀਕਾਤਮਕ ਪਛਾਣ ਦੱਸਣ ਵਾਲਾ ਸਾਂਝਾ ਸਭਿਆਚਾਰ ਹੈ। ਇਕ ਧਰਮ ਹੈ ਅਤੇ ਅਸੀਂ ਮਿਸ਼ਰਤ ਹੁੰਦੇ ਹੋਏ ਵੀ ਇਕ ਹਾਂ।

ਮੈਨੂੰ ਪੂਰੀ ਉਮੀਦ ਹੈ ਕਿ ਇਹ ਗੱਲਾਂ ਦੂਸਰਿਆਂ ਲਈ ਫਾਇਦੇਮੰਦ ਹੋ ਸਕਦੀਆਂ ਹਨ। ਸਾਨੂੰ ਖੁਸ਼ੀ ਹੁੰਦੀ ਹੈ ਜਦੋਂ ਕੋਈ ਸਾਡੇ ਕੰਮਾਂ ਤੋਂ ਪ੍ਰੇਰਿਤ ਹੁੰਦਾ ਹੈ। ਤੁਹਾਡੇ ਨਾਲ ਗੱਲਾਂ ਕਰਕੇ ਮੈਨੂੰ ਆਨੰਦ ਤੇ ਸੰਤੁਸ਼ਟੀ ਮਿਲੀ ਹੈ।

? ਸਾਨੂੰ ਲੱਗਦਾ ਹੈ ਕਿ ਅਸੀਂ ਤੁਹਾਡਾ ਵੱਧ ਸਮਾਂ ਲੈ ਲਿਆ?

ਕਾਸਤਰੋ- ਨਹੀਂ, ਅਸੀਂ ਦਿਨ ਵਿਚ ਸਤਾਰਾਂ-ਅਠਾਰਾਂ ਘੰਟੇ ਕੰਮ ਕਰਦੇ ਹਾਂ। ਕਿਸੇ ਵੀ ਰੁਚੀ ਜਾਂ ਜਗਿਆਸਾ ਲਈ ਸਾਡੇ ਦੇਸ਼ ਦੇ ਦਰਵਾਜ਼ੇ ਹਮੇਸ਼ਾ ਖੁਲ੍ਹੇ ਹਨ। ਅਸੀਂ ਤੁਹਾਨੂੰ ਇਕ ਵੀ ਸ਼ਬਦ ਝੂਠ ਨਹੀਂ ਕਿਹਾ। ਧੰਨਵਾਦ।

( ਲਈ ਹਿੰਦੀ ਤੋਂ ਉਲੱਥਾ : ਭੀਮ ਇੰਦਰ ਸਿੰਘ, ਮੋਬਾਈਲ : 98149-02040, ਹੁਣ ਤੋਂ ਧੰਨਵਾਦ ਸਹਿਤ)

? ਇਸ ਮੁਲਾਕਾਤ ਵਿੱਚ ਫੀਦਲ ਕਾਸਤਰੋ ਨਾਲ ਵੱਖ-ਵੱਖ ਸਮੇਂ ਕੀਤੀਆਂ ਚਾਰ ਮੁਲਾਕਾਤਾਂ ਦੇ ਵੱਖ-ਵੱਖ ਸਵਾਲਾਂ ਨੂੰ ਸੰਪਾਦਨ ਕਰਕੇ ਪੇਸ਼ ਕੀਤਾ ਗਿਆ ਹੈ। ਇਕ ਮੁਲਾਕਾਤ ਅਮਰੀਕੀ ਸਮਾਚਾਰ ਸੰਸਥਾ ਸੀ.ਐਨ.ਐਨ. ਅਤੇ ਬਰਤਾਨਵੀ ਸਮਾਚਾਰ ਸੰਸਥਾ ਬੀ.ਬੀ.ਸੀ. ਨੇ ਸੰਯੁਕਤ ਰੂਪ ਵਿੱਚ 19 ਮਾਰਚ 1998 ਨੂੰ ਕੀਤੀ ਸੀ। ਬਾਅਦ ਵਿੱਚ ਇਸ ਨੂੰ ਕਿਊਬਾ ਸਰਕਾਰ ਨੇ ਪੁਸਤਕ ਰੂਪ ਵਿੱਚ ਵੀ ਪ੍ਰਕਾਸ਼ਤ ਕੀਤਾ ਸੀ। ਤਿੰਨ ਮੁਲਾਕਾਤਾਂ ਫਰਾਂਸ ਦੇ ਰੋਜ਼ਾਨਾ ਅਖ਼ਬਾਰ ਲਾ ਗੋਂਦੇ ਡਿਪਲੋਮੈਟਿਕਿਊ (ਕੂਟਨੀਤਕ ਦੁਨੀਆ) ਦੇ ਪੱਤਰਕਾਰ ਇਗਨੇਸ਼ੀਓ ਰਾਮੋਨਿਟ ਨੇ ਕੀਤੀਆਂ ਹਨ। ਇਹ ਮੁਲਾਕਾਤਾਂ ਉਨ੍ਹਾਂ ਦੀ ਸਪੈਨਿਸ਼ ਭਾਸ਼ਾ ਵਿੱਚ ਲਿਖੀ ਪੁਸਤਕ 'ਫੀਦਲ ਕਾਸਤਰੋ : ਬਾਇਓਗ੍ਰਾਫ਼ੀਆ ਡੋਸ ਵੋਆਇਸ' (ਫੀਦਲ ਕਾਸਤਰੋ : ਦੋ ਆਵਾਜ਼ਾਂ ਵਿੱਚ ਜੀਵਨ) ਵਿੱਚ ਛਪੀਆਂ ਹਨ। ਇਨ੍ਹਾਂ ਮੁਲਾਕਾਤਾਂ ਦਾ ਹਿੰਦੀ ਅਨੁਵਾਦ ਜਤਿੰਦਰ ਗੁਪਤਾ ਦੁਆਰਾ ਪੁਸਤਕ ?ਅੱਧੀ ਸਦੀ ਗਵਾਹ ਹੈ? ਵਿੱਚ ਕੀਤਾ ਗਿਆ ਹੈ। ਗ੍ਰੰਥ ਸ਼ਿਲਪੀ ਦੁਆਰਾ ਪ੍ਰਕਾਸ਼ਤ ਇਸ ਪੁਸਤਕ ਵਿਚੋਂ ਧੰਨਵਾਦ ਸਹਿਤ ਸੰਪਾਦਨ ਤੇ ਅਨੁਵਾਦ ਕਰਕੇ ਹੀ ਇਸ ਮੁਲਾਕਾਤ ਨੂੰ ਭੀਮ ਇੰਦਰ ਸਿੰਘ ਪੇਸ਼ ਕੀਤਾ ਹੈ।

"ਮੈਂ ਸੱਤਾ ਹਥਿਆਉਣ ਵਿਚ ਦਿਲਚਸਪੀ ਨਹੀਂ ਰੱਖਦਾ ਤੇ ਨਾ ਹੀ ਮੈਂ ਇਸ ਬਾਰੇ ਕਦੇ ਸੋਚਿਆ ਹੀ ਹੈ। ਮੈਂ ਇਹ ਨਿਸ਼ਚਿਤ ਕਰਾਂਗਾ ਕਿ ਸਾਥੀਆਂ ਦੀਆਂ ਕੁਰਬਾਨੀਆਂ ਅਜਾਈਂ ਨਾ ਜਾਣ, ਭਵਿੱਖ ਵਿਚ ਮੇਰੇ ਲਈ ਮੇਰੇ ਵਾਸਤੇ ਕੁਝ ਵੀ ਹੋ ਜਾਵੇ।" (ਜਨਵਰੀ 1, 1959, ਇਨਕਲਾਬ ਦੀ ਜਿੱਤ ਉੱਪਰ)

"ਕਿਊਬਾ ਯੁਨਾਈਟਡ ਸਟੇਟਸ ਨਾਲ਼ ਆਪਣੇ ਇਤਿਹਾਸਕ ਮਤਭੇਦਾਂ ਦੇ ਹੱਲ ਕਰਨ ਦਾ ਵਿਰੋਧ ਨਹੀਂ ਕਰਦਾ ਪਰ ਕਿਸੇ ਨੂੰ ਵੀ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਅਸੀਂ ਆਪਣੀਆਂ ਪੁਜ਼ੀਸ਼ਨਾਂ ਬਦਲਾਂਗੇ ਜਾਂ ਆਪਣੇ ਅਸੂਲਾਂ ਨਾਲ਼ ਸਮਝੌਤਾ ਕਰਾਂਗੇ। ਕਿਊਬਾ ਸਮਾਜਵਾਦੀ ਹੈ ਤੇ ਸਮਾਜਵਾਦੀ ਰਹੇਗਾ। ਕਿਊਬਾ ਸੋਵੀਅਤ ਯੂਨੀਅਨ ਦਾ ਮਿੱਤਰ ਹੈ ਤੇ ਮਿੱਤਰ ਰਹੇਗਾ ਅਤੇ ਉਹ ਸਾਰੇ ਸਮਾਜਵਾਦੀ ਦੇਸ਼ਾਂ ਦਾ ਮਿੱਤਰ ਹੈ ਤੇ ਮਿੱਤਰ ਰਹੇਗਾ।"

(ਦਸੰਬਰ 20, 1980, ਕਿਊਬਾ ਦੀ ਕਮਿਊਨਿਸਟ ਪਾਰਟੀ ਨੂੰ ਸੰਬੋਧਨ)



# ਕਿਊਬਾ ਦੇ ਸਮਾਜਵਾਦ ਦੀ ਪ੍ਰਕਿਰਤੀ

ਇੰਟਰਵੀਊ : ਅਰਮੀਨੀਓ ਸੈਵੀਓਲੀ

ਹਵਾਨਾ ਜਨਵਰੀ - "ਕੀ ਤੂੰ ਇਹ ਜ਼ਰੂਰੀ ਲਿਖਣਾ ਚਾਹੁੰਦਾ ਹੈਂ ਕਿ ਇਹ ਸਮਾਜਵਾਦੀ ਇਨਕਲਾਬ ਹੈ? ਠੀਕ ਹੈ ਲਿਖੋ। ਅਸੀਂ ਸ਼ਬਦਾਂ ਤੋਂ ਨਹੀਂ ਡਰਦੇ। ਪਰ ਅਮਰੀਕਨਾਂ ਵਾਂਗ ਨਾਂ ਕਹੋ ਕਿ ਇਥੇ ਕਮਿਊਨਿਜ਼ਮ ਹੈ, ਕਿਉਂਕਿ ਕਮਿਊਨਿਜ਼ਮ ਤਾਂ ਰੂਸ ਵਿਚ ਵੀ ਨਹੀਂ ਮਿਲ਼ੇਗਾ। ਭਾਵੇਂ ਕਿ ਸੱਤਾ ਹਾਸਲ ਕੀਤਿਆਂ ਨੂੰ ਚਾਲ਼ੀ ਸਾਲ ਹੋ ਗਏ ਹਨ। --- ਕੌਮੀ ਮੱਧਵਰਗ? ਉਸ ਬਾਰੇ ਭੁੱਲ ਜਾਉ ਮੇਰੇ ਬੱਚੇ, ਭੁੱਲ ਜਾਉ ਕਿ ਲੈਟਿਨ ਅਮਰੀਕਾ ਵਿਚ ਕੌਮੀ ਮੱਧਵਰਗ ਕੋਈ ਇਨਕਲਾਬੀ ਭੂਮਿਕਾ ਨਿਭਾ ਸਕਦਾ ਹੈ। --- ਹਾਂ 1953 ਵਿਚ ਕੁਆਰਟਲ ਮੋਨਕਾਡਾ ਵਿਰੁੱਧ ਹਮਲਾ ਕਰਨ ਤੋਂ ਪਹਿਲਾਂ ਮੈਂ ਮਾਰਕਸ ਤੇ ਲੈਨਿਨ ਦੀਆਂ ਲਿਖਤਾਂ ਦਾ ਅਧਿਐਨ ਕੀਤਾ ਸੀ। --- ਸਮਾਜ ਜਮਾਤਾਂ ਵਿਚ ਵੰਡਿਆ ਹੋਇਆ ਹੈ, ਜਮਾਤਾਂ ਦੀ ਲੜਾਈ ਜਾਰੀ ਹੈ ਇਸ ਸੱਚ ਉਪਰ ਕੋਈ ਸਵਾਲ ਨਹੀਂ ਹੋ ਸਕਦਾ। --- ਨਹੀਂ ਅਮਰੀਕਾ ਸਾਡੇ ਤੇ ਹਮਲਾ ਨਹੀਂ ਕਰੇਗਾ। ਸਾਮਰਾਜ ਮਰ ਰਿਹਾ ਹੈ, ਇਹ ਉਸਦੇ ਹੱਥ ਵਿਚ ਹੈ ਕਿ ਉਸਨੇ ਆਤਮ ਹੱਤਿਆ ਕਰਨੀ ਹੈ ਕਿ ਕੁਦਰਤੀ ਮੌਤ ਮਰਨਾ ਹੈ। ਜੇ ਉਹ ਹਮਲਾ ਕਰਦਾ ਹੈ ਤਾਂ ਉਹ ਆਤਮ ਹੱਤਿਆ ਕਰਦਾ ਹੈ, ਛੇਤੀ ਤੇ ਪੱਕੀ ਮੌਤ। ਜੇ ਹਮਲਾ ਨਹੀਂ ਕਰਦਾ ਤਾਂ ਆਸ ਕਰ ਸਕਦਾ ਹੈ ਕਿ ਉਹ ਲੰਮੇ ਸਮੇਂ ਤਕ ਜਿਉਂਦਾ ਰਹੇਗਾ। ---"

ਇਹ ਉਹ ਵਾਕ ਹਨ ਜਿਹੜੇ ਫੀਡਲ ਕਾਸਟਰੋ ਨੇ ਰਾਤ ਇੰਟਰਵੀਊ ਦਿੰਦਿਆਂ ਮੈਨੂੰ ਕਹੇ। ਗੱਲਬਾਤ ਦੋ ਵਜੇ ਤੋਂ ਲੈ ਕੇ ਅੱਜ ਸਵੇਰੇ ਸਾਢੇ ਪੰਜ ਵਜੇ ਤਕ ਚੱਲੀ। ਕਿਊਬਾ ਦੇ ਪ੍ਰਧਾਨ ਮੰਤਰੀ ਨੇ ਪ੍ਰੈਜ਼ੀਡੈਂਸ਼ੀਅਲ ਮਹੱਲ ਵਿਚ ਸਵਾਗਤ ਸਮੇਂ ਤਿੰਨ ਜਨਵਰੀ ਨੂੰ ਮੇਰੇ ਨਾਲ਼ ਇੰਟਰਵਿਊ ਕਰਨ ਦਾ ਵਾਅਦਾ ਕੀਤਾ ਸੀ। ਪਰ ਰਾਜਨੀਤਕ, ਮਿਲਟਰੀ ਅਤੇ ਕੂਟਨੀਤਕ ਕੰਮਾਂ ਦੇ ਭਾਰ ਕਰਕੇ ਅਤੇ ਮੀਟਿੰਗਾਂ ਤੋਂ ਪਹਿਲਾਂ ਵਿਸਤ੍ਰਿਤ ਯੋਜਨਾਬੰਦੀ ਅਤੇ ਫਾਰਮੈਲੀਟੀਆਂ ਪ੍ਰਤਿ ਅਸਿਹਣਸ਼ੀਲ ਹੋਣ ਕਾਰਣ ਉਹ ਆਪਣਾ ਵਾਅਦਾ ਪੂਰਾ ਨਹੀਂ ਕਰ ਸਕਿਆ। ਪਿਛਲੀ ਰਾਤ ਦੀ ਗੱਲਬਾਤ ਬੜੀ ਵਿਸਤ੍ਰਿਤ, ਦਿਮਾਗ਼ ਖੋਲ੍ਹਣ ਵਾਲ਼ੀ ਤੇ ਅਪਣੱਤ ਵਾਲ਼ੀ ਸੀ। ਇਸ ਵਾਸਤੇ ਬਦਲਾਉ ਯਕਦਮ ਸੀ। ਹੋਇਆ ਇੰਜ ਕਿ ਇਕ ਵੱਜੇ ਮੈਂ ਐਲ ਕੈਰੀਬ ਨਾਈਟ ਕਲੱਬ ਵਿਚ ਸਾਂ ਜੋ ਹਵਾਨਾ ਲਾਈਬਰ ਹੋਟਲ ਦੀ ਦੂਜੀ ਮੰਜ਼ਿਲ ਤੇ ਹੈ। ਪੰਦਰਾਂ ਜੈਜ਼-ਨਚਾਰ, ਛੇ ਗਾਇਕ ਦਸ ਬੈਲੇਰੀਨਾਸ ਸਭ ਕੁਝ ਕਰ ਕਰਾ ਰਹੇ ਸਨ ਉਹ ਮੇਰੇ ਸਮੇਤ ਅੱਠਾਂ ਗਾਹਕਾਂ ਦੀ ਸੇਵਾ ਵਿਚ ਸਨ। ਬੈਰੇ ਲਗਾਤਾਰ ਉਬਾਸੀਆਂ ਮਾਰ ਰਹੇ ਸਨ। ਥਕਾਵਟ ਸਿਰੇ ਦੀ ਸੀ ਤੇ ਬੋਰੀਅਤ। 1.30 ਵਜੇ ਨਾਈਟ ਕਲੱਬ ਦਾ ਸ਼ੀਸ਼ੇ ਦਾ ਦਰਵਾਜ਼ਾ ਚੁਪੱਟ ਖੁਲ੍ਹਦਾ ਹੈ। ਪੰਜ ਵਰਦੀਧਾਰੀ ਸਿਲਗੇਊਟੀਜ਼ ਜਿਨ੍ਹਾਂ ਦੀ ਕਮਰ ਤੇ ਪਿਸਤੌਲ ਤੇ ਛੋਟੀਆਂ ਸਬਮਸ਼ੀਨ ਬੰਦੂਕਾਂ ਮੋਢਿਆਂ ਤੇ ਸਨ ਬਿਨਾਂ ਖੜਾਕ ਕੀਤਿਆਂ ਕਮਰੇ ਵਿਚ ਦਾਖ਼ਲ ਹੋਏ। (ਦਰੀ ਵਿਛੀ ਹੋਣ ਕਾਰਣ ਉਨ੍ਹਾਂ ਦੇ ਬੂਟਾਂ ਦਾ ਖੜਾਕ ਬਿਲਕੁਲ ਨਹੀਂ ਸੀ) ਉਨ੍ਹਾਂ ਟੇਬਲ ਤੇ ਬੈਠ ਕੇ ਕੋਕਾ ਕੋਲ਼ਾ ਮੰਗਵਾਇਆ।

ਪੂਰਾ ਹਨੇਰਾ ਹੋਣ ਦੇ ਬਾਵਜੂਦ (ਕਿਊਬਾ ਦੇ ਸਾਰੇ ਨਾਈਟ ਕਲੱਬ ਅਤੇ ਬਾਰਾਂ ਵਿਚ ਤਕਰੀਬਨ ਹਨੇਰਾ ਹੀ ਹੁੰਦਾ ਹੈ), ਮੈਂ ਭਾਰੇ ਤੇ ਥੋੜ੍ਹੇ ਗੋਲਾਈਦਾਰ ਮੋਢਿਆਂ ਵਾਲ਼ੇ, ਲੰਬੇ, ਕਾਲ਼ੇ

ਪੁਨਰ ਜਾਗਰਣ ਵਾਲੀ ਦਾੜ੍ਹੀ ਵਾਲ਼ੇ ਫੀਡਲ ਕਾਸਟਰੋ ਨੂੰ ਪਛਾਣ ਲਿਆ। ਮੈਂ ਉਸਦੇ ਨੇੜੇ ਹੋ ਗਿਆ ਅਤੇ ਉਸਦੀਆਂ ਅੱਖਾਂ ਅੱਗੇ ਤੀਲ੍ਹੀ ਜਲ਼ਾਈ। ਮੈਂ ਹਾਂ ਕਮਾਂਡਰ – ਮੈਂ ਕਿਹਾ – ਤੂੰ ਮੈਨੂੰ ਇੰਟਰਵੀਊ ਦੇਣ ਦਾ ਵਾਅਦਾ ਕੀਤਾ ਸੀ। ਹੁਣੇ ਹੀ ਨਿਸ਼ਚਿਤ ਤਾਰੀਖ਼ ਦਿਉ।

ਨਹੀਂ ਚੀਕੂ (ਚੀਕੂ ਦਾ ਅਰਥ ਹੈ ਮੁੰਡਾ ਅਤੇ ਫੀਡਲ ਹਰੇਕ ਨੂੰ ਚੀਕੂ ਹੀ ਕਹਿੰਦਾ ਹੈ, ਘੱਟੋ ਘੱਟ ਆਪਣੇ ਨਜ਼ਦੀਕੀ ਮਿੱਤਰਾਂ ਨੂੰ।) ਨਹੀਂ ਮੈਨੂੰ ਤਾਰੀਖਾਂ ਤੋਂ ਨਫ਼ਰਤ ਹੈ। ਬੈਠ ਮੈਨੂੰ ਥੋੜ੍ਹਾ ਆਰਾਮ ਕਰਨ ਦੇ ਕਲ੍ਹ ਨੂੰ ਇਸ ਬਾਰੇ ਗੱਲ ਕਰਾਂਗੇ।

ਬਾਡੀਗਾਰਡਾਂ (ਇਕ ਮੋਟਾ ਜਿਸ ਨੇ ਅੱਧੀ ਬਾਂਹ ਦੀ ਕਮੀਜ਼ ਪਾਈ ਹੋਈ ਸੀ, ਪਤਲਾ ਜਿਹਾ ਜਿਸਦਾ ਸਥਿਰ ਵੇਲੈਸਕਿਊਜ਼ ਸਪੇਨੀ ਚਿਹਰਾ ਸੀ, ਤੇ ਇਕ ਨੀਗਰੋ ਜਿਸਦੇ ਪਿਆਰੇ ਜਿਹੇ ਪਰ ਉਦਾਸ ਫੰਡੇ ਸਨ) ਚੁੱਪ ਚਾਪ ਸਿਗਰਟਾਂ ਫੂਕ ਰਹੇ ਸਨ। ਇਕ ਹੋਰ ਨੇ ਦਰਵਾਜ਼ੇ ਵਲ ਝਾਕਿਆ। ਬੈਠਿਆਂ ਤੇ ਸਾਜ਼ਿੰਦਿਆਂ ਨੇ ਕਿਸੇ ਨੂੰ ਨਾ ਦੇਖਣ ਦਾ ਨਾਟਕ ਕੀਤਾ। ਇਸ ਥਕਾਉਣ ਵਾਲ਼ਾ ਕਾਰਜ ਚਲਦਾ ਰਿਹਾ। ਵਿਚ ਵਿਚ ਫੀਡਲ ਕਾਸਟਰੋ ਪੋਲੀ ਜਿਹੀ ਤਾੜੀ ਮਾਰਦਾ। ਪੂਰੇ ਦੋ ਵੱਜੇ ਉਹ ਉੱਠ ਖੜ੍ਹਾ ਹੋਇਆ। ਗਾਇਕ ਨੇ ਅਵਾਜ਼ ਦਿੱਤੀ, "ਘੋੜੇ ਵਰਗਾ ਫੀਡਲ ਕਾਸਟਰੋ। ਲੋਕਾਂ ਦਾ ਫੀਡਲ ਕਾਸਟਰੋ ਲਈ ਪਿਆਰ ਪ੍ਰਗਟਾਉਣ ਦਾ ਤਰੀਕਾ ਸੀ ਇਹ ਕਿਉਂਕਿ ਉਸਦੀ ਸ਼ਕਤੀ ਘੋੜੇ ਵਰਗੀ ਸੀ। ਪ੍ਰਧਾਨ ਬਾਹਰ ਚੱਲਿਆ ਗਿਆ। ਮੁਸਕਰਾ ਕੇ ਧੰਨਵਾਦ ਕਰਦਾ ਹੋਇਆ ਮੈਂ ਵੀ ਉਸਦੇ ਪਿੱਛੇ ਹੋ ਲਿਆ।

"ਕਮਾਂਡਰ, ਇੰਟਰਵਿਊ ਦਾ ਕੀ ਕਰਨਾ?"

"ਚੀਕੂ, ਦਰਜਨਾਂ ਪੱਤਰਕਾਰ ਇੰਤਜ਼ਾਰ ਕਰ ਰਹੇ ਹਨ।"

"ਕਮਾਂਡਰ ਮੈਂ ਮਹੀਨੇ ਭਰ ਤੋਂ ਇੰਤਜ਼ਾਰ ਕਰ ਰਿਹਾ ਹਾਂ।"

"ਆਹ, ਤੂੰ ਹੈਂ ਸਹੀ ਇਟਾਲੀਅਨ ਕਮਿਊਨਿਸਟ, ਟੋਮ ਲੀਐਟੀਆਨੋ ---(ਟੋਮਲੀਆਟੀ, ਇਟਲੀ ਦੇ ਕਮਿਊਨਿਸਟ ਦੇ ਆਗੂ ਤੋਂ ਬਣਿਆ ਸ਼ਬਦ)

ਫੀਡਲ ਕਾਸਟਰੋ ਮੁਸਕਰਾਇਆ, ਬਾਹਾਂ ਫੈਲਾਈਆਂ ਅਤੇ ਮੋਢੇ ਉਚਕਾਏ (ਜਿਵੇਂ ਉਹ ਆਮ ਇਸ਼ਾਰਾ ਕਰਦਾ ਹੈ)

ਠੀਕ ਹੈ, ਆਉ ਫਿਰ। ਅਸੀਂ ਐਂਬੈਸਡਰਾਂ ਦੇ ਹਾਲ ਨੂੰ ਗਏ। ਕਾਨਫਰੰਸ ਦੇ ਟੇਬਲ ਤੇ ਬੈਠ ਗਏ। ਇਥੇ ਬੜਾ ਭੈੜਾ ਮੁਸ਼ਕ ਆ ਰਿਹਾ ਸੀ। ਸਕਿੰਟਾਂ ਵਿਚ ਦਸ, ਤੀਹ, ਚਾਲ਼ੀ ਲੋਕ ਸਾਡੇ ਆਲ਼ੇ ਦੁਆਲ਼ੇ ਸਨ, ਲਾਤੀਨੀ ਅਮਰੀਕੀ ਡੈਲੀਗੇਟ---

ਸਵਾਲ : ਕਮਾਂਡਰ ਕਿਊਬਾ ਦੇ ਇੰਨਕਲਾਬ ਦਾ ਚਰਿਤ੍ਰ ਕੀ ਹੈ?

(ਫੀਡਲ ਕਾਸਟਰੋ ਹੱਸਿਆ ਉਸਨੇ ਸਿਗਾਰ ਸੁਲਗਾਇਆ ਅਤੇ ਛੋਟੇ ਹੱਥਾਂ ਵਿਚ ਫੜਿਆ ਜਿਸਦੇ ਨੌਂਹ ਕਾਲ਼ੇ ਹੋਏ ਹੋਏ ਸਨ।

ਜਵਾਬ : ਤੁਸੀਂ ਪੱਤਰਕਾਰ ਪਰਿਭਾਸ਼ਾਵਾਂ ਅਤੇ ਸ਼ੁਧ ਸਕੀਮਾਂ ਪਿੱਛੇ ਪਾਗਲ ਹੋ। --- ਤੁਸੀਂ ਹੱਦੋਂ ਵੱਧ ਸਿਧਾਂਤਕ ਹੋ। ਪਰ ਅਸੀਂ ਸਿਧਾਂਤਕ ਨਹੀਂ --- ਫਿਰ ਵੀ ਤੂੰ ਇਹ ਲਿਖਣਾ ਚਾਹੁੰਦਾ ਹੈਂ ਕਿ ਇਹ ਸਮਾਜਵਾਦੀ ਇਨਕਲਾਬ ਹੈ, ਠੀਕ ਕਿਹਾ ਮੈਂ? ਤਾਂ ਲਿਖ ਫਿਰ --- ਹਾਂ,

ਅਸੀਂ ਜ਼ਾਲਮ ਸਿਸਟਮ ਦਾ ਹੀ ਵਿਨਾਸ਼ ਨਹੀਂ ਕੀਤਾ ਅਸੀਂ ਸਾਮਰਾਜੀ ਬੁਰਜੂਆ ਰਾਜ ਦਾ ਸਾਰਾ ਸਾਜ਼ੋ ਸਮਾਨ ਵੀ ਤਬਾਹ ਕੀਤਾ ਹੈ। ਅਫ਼ਸਰਸ਼ਾਹੀ, ਪੁਲੀਸ ਅਤੇ ਭਾੜੇ ਦੀ ਫੌਜ ਨੂੰ ਵੀ। ਅਸੀਂ ਵਿਸ਼ੇਸ਼ ਅਧਿਕਾਰਾਂ ਨੂੰ ਖ਼ਤਮ ਕੀਤਾ, ਵੱਡੇ ਵੱਡੇ ਜ਼ਿਮੀਦਾਰਾਂ ਨੂੰ ਖ਼ਤਮ ਕੀਤਾ ਹੈ,



ਵਿਦੇਸ਼ੀ ਅਜਾਰੇਦਾਰਾਂ ਨੂੰ ਬਾਹਰ ਵਗਾਹ ਮਾਰਿਆ ਹੈ। ਲਗਭਗ ਹਰ ਕਾਰਖਾਨੇ ਦਾ ਕੌਮੀਕਰਣ ਅਤੇ ਜ਼ਮੀਨ ਦਾ ਸਮੂਹੀਕਰਣ ਕਰ ਦਿੱਤਾ ਹੈ। ਹੁਣ ਅਸੀਂ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਨੂੰ ਸਮਾਪਤ ਕਰ ਰਹੇ ਹਾਂ ਅਤੇ ਨਵੇਂ ਜਮਾਤੀ ਤੱਤ ਨਾਲ਼ ਮੂਲ਼ੋਂ ਨਵਾਂ ਸਮਾਜ ਸਿਰਜ ਰਹੇ ਹਾਂ। ਅਮਰੀਕਨ ਅਤੇ ਪਾਦਰੀ ਕਹਿ ਰਹੇ ਹਨ ਕਿ ਇਹ ਕਮਿਊਨਿਜ਼ਮ ਹੈ। ਪਰ ਸਾਨੂੰ ਪਤਾ ਹੈ ਕਿ ਇਹ ਕਮਿਊਨਿਜ਼ਮ ਨਹੀਂ। ਕਿਸੇ ਵੀ ਤਰ੍ਹਾਂ ਸ਼ਬਦ ਸਾਨੂੰ ਡਰਾਉਂਦਾ ਨਹੀਂ। ਉਹ ਜੋ ਮਰਜ਼ੀ ਹੈ ਕਹਿਣ। ਇਕ ਗੀਤ ਹੈ, ਜੋ ਕਿਸਨੀ ਦਾ ਮਨਭਾਉਂਦਾ ਗੀਤ ਹੈ, ਜਿਸਦਾ ਸਾਰ ਕੁਝ ਇਵੇਂ ਰਿਹਾ ਹੈ ਕਿ, ਗੱਦਾਰੀ ਅਤੇ ਗੀਦੀਪੁਣੇ ਦਾ 'ਨਹਿਸ਼ ਪੰਛੀ' – ਮੇਰੀ ਖੁਸ਼ੀ ਉਪਰ ਝਪਟ ਰਿਹਾ ਹੈ – ਉਹ ਸ਼ਬਦ ਕਮਿਊਨਿਜ਼ਮ – ਮੈਂ ਇਨ੍ਹਾਂ ਵਾਦਾਂ, ਇਜ਼ਮਾਂ ਬਾਰੇ ਕੁਝ ਨਹੀਂ ਜਾਣਦਾ – ਪਰ ਇਹੋ ਜਿਹੀਆਂ ਲੋਕ-ਹਿਤੀ ਜਿੱਤਾਂ – ਜੋ ਮੈਂ ਆਪਣੀਆਂ ਅੱਖਾਂ ਨਾਲ਼ ਦੇਖ ਰਿਹਾ ਹਾਂ – ਕਮਿਊਨਿਜ਼ਮ ਹੈ ਤਾਂ ਤੁਸੀਂ ਮੈਨੂੰ ਕਮਿਊਨਿਸਟ ਕਹਿ ਸਕਦੇ ਹੋ।

ਸਵਾਲ : ਤੁਸੀਂ ਪਾਪੂਲਰ ਸੋਸ਼ਲਿਸਟ ਪਾਰਟੀ ਬਾਰੇ ਕੀ ਸੋਚਦੇ ਹੋ ਕਾਸਟਰੋ ਕਮਿਊਨਿਸ ਨਾਂ ਦੀ ਕਿਹੜੀ ਪਾਰਟੀ ਹੈ?

ਜਵਾਬ : ਇਹ ਕਿਊਬਾ ਪਾਰਟੀ ਹੈ ਜੋ ਲਗਾਤਾਰ ਸਮਾਜਿਕ ਸੰਰਚਨਾ ਅਤੇ ਸੰਬੰਧਾਂ ਵਿਚ ਰੈਡੀਕਲ ਪਰਿਵਰਤਨ ਕਰ ਰਹੀ ਹੈ। ਇਹ ਸਹੀ ਹੈ ਕਿ ਸ਼ੁਰੂ ਵਿਚ ਕਮਿਊਨਿਸਟਾਂ ਨੇ ਮੇਰੇ ਗੁਰੀਲਿਆਂ ਤੇ ਵਿਸ਼ਵਾਸ ਨਹੀਂ ਕੀਤਾ। ਉਨ੍ਹਾਂ ਦਾ ਅਵਿਸ਼ਵਾਸ ਜਾਇਜ਼ ਸੀ, ਉਨ੍ਹਾਂ ਦੀਆਂ ਪੁਜ਼ੀਸ਼ਨਾਂ ਸਹੀ ਸਨ। ਵਿਚਾਰਧਾਰਕ ਤੌਰ ਤੇ ਵੀ ਅਤੇ ਰਾਜਨੀਤਕ ਤੌਰ ਤੇ ਵੀ। ਉਨ੍ਹਾਂ ਦਾ ਅਵਿਸ਼ਵਾਸ ਕਰਨਾ ਸਹੀ ਸੀ ਕਿਉਂਕਿ ਸਾਡੇ ਸੀਰਾ ਲੋਕਾਂ ਤੇ ਗੁਰੀਲਾ ਲੋਕਾਂ ਵਿਚ ਪੈਟੀ ਬੁਰਜੂਆ ਨੁਕਸ ਤੇ ਪਰੈਜ਼ੂਡਿਸਸ ਸਨ। ਮਾਰਕਸਵਾਦ ਪੜ੍ਹਨ ਦੇ ਬਾਵਜੂਦ ਇਹ ਨੁਕਸ ਸਨ। ਭਾਵੇਂ ਅਸੀਂ ਜ਼ੁਲਮ ਅਤੇ ਵਿਸ਼ੇਸ਼ ਅਧਿਕਾਰਾਂ ਨੂੰ ਪੂਰੀ ਸ਼ਕਤੀ ਨਾਲ਼ ਖ਼ਤਮ ਕਰਨਾ ਚਾਹੁੰਦੇ ਸਾਂ ਫਿਰ ਵੀ ਸਾਡੇ ਵਿਚਾਰਾਂ ਵਿਚ ਸਪੱਸ਼ਟਤਾ ਨਹੀਂ ਸੀ। ਫਿਰ ਅਸੀਂ ਇਕ ਦੂਜੇ ਨੂੰ ਮਿਲ਼ੇ ਇਕ ਦੂਜੇ ਨੂੰ ਸਮਝਿਆ ਅਤੇ ਇਕੱਠਿਆਂ ਕੰਮ ਕਰਨਾ ਸ਼ੁਰੂ ਕੀਤਾ। ਕਮਿਊਨਿਸਟਾਂ ਨੇ ਕਿਊਬਾ ਲਈ ਬੜਾ ਖ਼ੂਨ ਬਹਾਇਆ। ਵਰਤਮਾਨ ਵਿਚ ਇਮਾਨਦਾਰੀ ਅਤੇ ਭਰੱਪਣ ਨਾਲ਼ ਕੰਮ ਜਾਰੀ ਰੱਖ ਰਹੇ ਹਾਂ।

ਸਵਾਲ : ਤੁਹਾਡੀ ਰਾਇ ਵਿਚ ਹੁਣ ਦੀਆਂ ਕਿਊਬਾ ਦੇ ਇਨਕਲਾਬ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਲੈਟਿਨ ਅਮਰੀਕਾ ਨੂੰ ਬਦਲਣ ਲਈ ਇਤਿਹਾਸਕ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ? ਦੂਜੇ ਸ਼ਬਦਾਂ ਵਿਚ ਕੀ ਤੁਸੀਂ ਯਕੀਨ ਕਰਦੇ ਹੋ ਕਿ ਕਿਊਬਾ ਦੀ ਉਦਾਹਰਣ ਦੀਪ ਦੇ ਲੋਕਾਂ ਨੂੰ ਅਪਣਾਉਣੀ ਚਾਹੀਦੀ ਹੈ?

ਜਵਾਬ : ਹਾਂ ਮੈਂ ਸੋਚਦਾ ਹਾਂ ਕਿ ਅਪਣਾਉਣੀ ਚਾਹੀਦੀ ਹੈ।

ਸਵਾਲ : ਕੀ ਤੁਹਾਡੇ ਕਹਿਣ ਦਾ ਅਰਥ ਹੈ ਕਿ ਲੋਕਾਂ ਨੂੰ ਉਹ ਸਰਕਾਰਾਂ ਹਥਿਆਰਬੰਦ ਯੁੱਧ ਨਾਲ਼ ਗਿਰਾ ਦੇਣੀਆਂ ਚਾਹੀਦੀਆਂ ਹਨ ਜੋ ਜਾਂ ਤਾਂ ਡਿਕਟੇਟਰ ਹਨ ਜਾਂ ਫਿਰ ਅਮਰੀਕਾ ਕੋਲ਼ ਵਿਕੀਆਂ ਹੋਈਆਂ ਹਨ?

ਜਵਾਬ : ਹਾਂ ਅਸੀਂ ਆਸ ਕਰਦੇ ਹਾਂ ਕਿ ਹੋਰ ਲੋਕ ਸਾਡੀ ਉਦਾਹਰਣ ਤੋਂ ਸਬਕ ਲੈਣ। ਸਿੱਟਾ ਇਹ ਕਿ ਅਸੀਂ ਸਾਰੇ ਲੋਕ ਇਕ ਹਾਂ, ਅਸੀਂ ਇਕੋ ਭਾਸ਼ਾ ਬੋਲਦੇ ਹਾਂ, ਰਿਓ ਗਰੈਂਡ ਤੋਂ ਲੈ ਕੇ ਪੈਟਾਮੋਨੀਆ ਤਕ ਅਤੇ ਸਾਡਾ ਸਾਂਝਾ ਇਤਿਹਾਸ ਹੈ ਜਿਸਨੂੰ ਕੁਝ ਸ਼ਬਦਾਂ ਵਿਚ ਹੀ

ਸਮੇਟਿਆ ਜਾ ਸਕਦਾ ਹੈ - ਬਸਤੀਆਂ ਦੇ ਤੌਰ ਤੇ ਸ਼ੋਸ਼ਤ, ਪਹਿਲਾਂ ਸਪੇਨ ਹੱਥੋਂ ਤੇ ਹੁਣ ਅਮਰੀਕਾ ਹੱਥੋਂ। ਇਹ ਸਭ ਕੁਝ ਤੇ ਵਿਰਾਮ ਲੱਗਣਾ ਚਾਹੀਦਾ ਹੈ। ਅਜਿਹੇ ਦੇਸ਼ ਵੀ ਹਨ - ਠਹਿਰੋ, ਇਹ ਨਾ ਲਿਖਣਾ ਕਿਉਂਕਿ ਮੈਂ ਅੰਤਰਰਾਸ਼ਟਰੀ ਘਟਨਾਵਾਂ ਨਹੀਂ ਸਿਰਜਣਾ ਚਾਹੁੰਦਾ। ਅਜਿਹੇ ਦੇਸ਼ ਵੀ ਹਨ ਜਿੱਥੇ ਇਨਕਲਾਬੀ ਸਪਿਰਟ, ਬਹਾਦਰੀ ਅਤੇ ਸਾਮਰਾਜ ਵਿਰੁੱਧ ਘਿਰਣਾ ਬੜੀ ਜ਼ੋਰਦਾਰ ਹੈ, ਜੀਵੰਤ ਹੈ ਅਤੇ ਵਧੇਰੇ ਪੁਖ਼ਤਾ ਵੀ - ਉਸ ਸਪਿਰਟ ਨਾਲੋਂ ਜੋ ਕਿਊਬਾ ਵਿਚ ਤਿੰਨ ਸਾਲ ਪਹਿਲਾਂ ਮੌਜੂਦ ਸੀ। ਕਈ ਲੈਟਿਨ ਅਮਰੀਕਨ ਦੇਸ਼ਾਂ ਵਿਚ ਇਨਕਲਾਬ ਇਕੋ ਵੇਲੇ ਸ਼ੁਰੂ ਹੋਵੇਗਾ ਜੋ ਆਪਸੀ ਦਵੇਸ਼ਾਂ, ਖੇਤਰੀਵਾਦ ਆਦਿ ਦਾ ਖ਼ਾਤਮਾ ਕਰ ਦੇਵੇਗਾ। ਉਦੋਂ ਲੈਟਿਨ ਅਮਰੀਕਾ ਇਕ ਹੋਵੇਗਾ, ਮਹਾਨ, ਸੁਤੰਤਰ ਅਤੇ ਸਿਵਿਲ ਤੇ ਆਜ਼ਾਦ ਕੌਮ। ਚੀਨੀ ਲੋਕ ਸਾਡੇ ਨਾਲੋਂ ਵੱਧ ਵੰਡੇ ਹੋਏ ਹਨ। ਉਨ੍ਹਾਂ ਦੀਆਂ ਲਿਪੀਆਂ ਤੇ ਭਾਸ਼ਾਵਾਂ ਵੱਖਰੀਆਂ ਹਨ; ਕੌਮੀਅਤਾਂ ਕਈ ਹਨ, ਫਿਰ ਵੀ ਚੀਨੀ ਇਨਕਲਾਬ ਇਕ ਤੇ ਅਣਵੰਡਿਆ ਹੈ।

ਸਵਾਲ : ਰਾਸ਼ਟਰੀ ਤਰੀਕਿਆਂ ਅਤੇ ਸਹਿਯੋਗ ਬਾਰੇ ਬਹੁਤ ਕੁਝ ਕਿਹਾ ਗਿਆ ਹੈ --- ਕੀ ਤੁਹਾਨੂੰ ਵਿਸ਼ਵਾਸ ਹੈ ਕਿ ਰਾਸ਼ਟਰੀ-ਪ੍ਰਵਿਰਤੀ ਵਾਲਾ ਮੱਧਵਰਗ ਲੈਟਿਨ ਅਮਰੀਕਾ ਦੇ ਇਨਕਲਾਬ ਵਿਚ ਕੋਈ ਹਾਂ ਪੱਖੀ ਰੋਲ ਅਦਾ ਕਰ ਸਕਦਾ ਹੈ?

ਜਵਾਬ : ਮੈਂ ਇਸ ਵਿਚ ਵਿਸ਼ਵਾਸ ਨਹੀਂ ਕਰਦਾ, ਤੇ ਨਾ ਹੀ ਮੈਂ ਕਦੇ ਵਿਸ਼ਵਾਸ ਕੀਤਾ ਹੈ। ਇਹ ਸੱਚ ਹੈ ਕਿ ਕਾਰਖਾਨਿਆਂ ਨਾਲ ਸੰਬੰਧਿਤ ਪੈਟੀ ਬੁਰਜੂਆ ਸਮੂਹ ਹਨ ਜੋ ਵਿਰੁੱਧ ਹਨ, ਹੁਣ ਮੁਕਾਬਲੇ ਕਾਰਣ ਸਾਮਰਾਜੀਆਂ ਦੇ ਹੋਰ ਵੀ ਵਿਰੋਧੀ ਹਨ। ਪਰ ਇਹ ਸਮੂਹ ਕਾਮਿਆਂ ਨਾਲ ਹੋਰ ਵੀ ਵਧੇਰੇ ਨਫ਼ਰਤ ਕਰਦੇ ਹਨ। ਇਸ ਦੇ ਜਮਾਤੀ ਕਾਰਣ ਹਨ। ਅਮਰੀਕੀ ਅਜਾਰੇਦਾਰਾਂ ਅਤੇ ਰਾਸ਼ਟਰੀ ਬੁਰਜੁਆਜ਼ੀ ਦੇ ਛੋਟੇ ਮੋਟੇ ਆਰਜ਼ੀ ਵਿਰੋਧ ਹਨ, ਮਰਨ ਮਾਰਨ ਦੀ ਲੜਾਈ ਨਹੀਂ ਹੈ। ਇਤਿਹਾਸਕ ਤੌਰ ਤੇ ਉਨ੍ਹਾਂ ਵਿਚ ਵਿਰੋਧ ਨਹੀਂ ਹਨ। ਸਾਡੀ ਰਾਸ਼ਟਰੀ ਬੁਰਜੁਆਜ਼ੀ ਇੱਥੇ ਸੰਤੁਸ਼ਟ ਹੈ ਤੇ ਡਰਾਕਲ ਵੀ ਹੈ। ਇਹ ਸਾਮਰਾਜ ਮੋਹਰੇ ਵਿਛ ਜਾਂਦੀ ਹੈ ਜਿਹੜਾ ਨਤੀਜੇ ਦੇ ਤੌਰ ਤੇ ਇਸ ਨੂੰ ਜ਼ਿੰਦਾ ਰੱਖਦਾ ਹੈ ਅਤੇ ਸਮਾਜਿਕ ਇਨਕਲਾਬਾਂ ਖ਼ਿਲਾਫ਼ ਹਥਿਆਰ ਦੇ ਕੇ ਇਸਦੀ ਮਦਦ ਵੀ ਕਰਦਾ ਹੈ। ਰਾਸ਼ਟਰੀ ਬੁਰਜੁਆਜ਼ੀ ਸੁੱਤੀ ਹੋਈ ਹੈ ਜਿਵੇਂ ਕਿਊਬਾ ਦੀ ਬੁਰਜੁਆਜ਼ੀ ਦਾ ਸੁਭਾ ਹੈ। ਵਿਸ਼ੇਸ਼ ਅਧਿਕਾਰ ਲੈਣ ਵਾਲੀ ਜਮਾਤ ਅਸਲ ਇਨਕਲਾਬ ਵਿਚ ਹਿੱਸੇਦਾਰੀ ਨਹੀਂ ਕਰਦੀ। ਸਾਡੇ ਦੇਸ਼ ਵਿਚ ਕੋਈ ਉਸਦੀ ਅਗਵਾਈ ਨਹੀਂ ਕਰਦਾ। ਇਹ ਸੱਚ ਹੈ, ਮੇਰਾ ਯਕੀਨ ਕਰੋ।

ਸਵਾਲ : ਫਿਰ ਤੁਹਾਡੀ ਰਾਇ ਵਿਚ ਉਹ ਕਿਹੜੀਆਂ ਤਾਕਤਾਂ ਹਨ ਜਿਨ੍ਹਾਂ ਨੇ ਲੈਟਿਨ ਅਮਰੀਕਾ ਵਿਚ ਹਿਨਕਲਾਬ ਦਾ ਇਤਿਹਾਸਕ ਕਾਰਜ ਨੇਪਰੇ ਚਾੜ੍ਹਨਾ ਹੈ?

ਜਵਾਬ : ਉਹ ਤਾਕਤਾਂ ਹਨ ਕਾਰਖਾਨੇਦਾਰ ਤੇ ਖੇਤੀ ਮਜ਼ਦੂਰ, ਕਿਸਾਨ, ਛੋਟੀ ਬੁਰਜੁਆਜ਼ੀ ਅਤੇ ਬੁੱਧੀਜੀਵੀ। ਮੈਂ ਬੇਇਤਫ਼ਾਕੀ ਨੂੰ ਹਵਾ ਨਹੀਂ ਦੇਣਾ ਚਾਹੁੰਦਾ। ਨਾ ਹੀ ਮੈਂ ਇਨਕਾਰ ਕਰਦਾ ਹਾਂ ਕਿ ਰਾਸ਼ਟਰੀ ਬੁਰਜੁਆਜ਼ੀ ਦੀਆਂ ਕੁਝ ਪਰਤਾਂ ਇਨਕਲਾਬੀ ਘਟਨਾਵਾਂ ਦਾ ਆਰਜ਼ੀ ਤੌਰ ਤੇ ਅਤੇ ਕੁਝ ਸਮਰਥਨ ਵੀ ਕਰ ਸਕਦੀਆਂ ਹਨ। ਮੈਂ ਸ਼ਾਹਦੀ ਭਰਦਾ ਹਾਂ ਕਿ ਬੁਰਜੁਆਜ਼ੀ ਦੇ ਕੁਝ ਬੱਚੇ ਲੋਕਾਂ ਦੀਆਂ ਸਫ਼ਾਂ ਵਿਚ ਸ਼ਾਮਿਲ ਹੋ ਸਕਦੇ ਹਨ, ਇਨਕਲਾਬਾਂ ਵਿਚ ਹਿੱਸੇਦਾਰੀ ਕਰ ਸਕਦੇ ਹਨ, ਇਥੋਂ ਤਕ ਕਿ ਸੁਚੇਤ ਵਿਅਕਤੀਆਂ ਦੇ ਤੌਰ



ਤੇ ਉਨ੍ਹਾ ਦੀ ਅਗਵਾਈ ਵੀ ਕਰ ਸਕਦੇ ਹਨ। ਉਨ੍ਹਾਂ ਨੂੰ ਇਨਕਲਾਬੀ ਸਿਧਾਂਤ ਨਾਲ ਲੈਸ ਕਰ ਸਕਦੇ ਹਨ। (ਆਖਿਰਕਾਰ ਇਥੋਂ ਤਕ ਕਿ ਮੈਂ ਵੀ ਵੱਡੀ ਜ਼ਿਮੀਂਦਾਰਾਂ ਦਾ ਪੁੱਤ ਹਾਂ!) ਮੈਂ ਜਮਾਤੀ ਦ੍ਰਿਸ਼ਟੀ ਤੋਂ ਤਰਕ ਦੇ ਰਿਹਾ ਹਾਂ। ਰਾਸ਼ਟਰੀ ਬੁਰਜੁਆਜ਼ੀ ਵਲੋਂ ਇਕ ਜਮਾਤ ਦੇ ਤੌਰ ਤੇ ਅਸੀਂ ਬਹੁਤੀ ਆਸ ਨਹੀਂ ਰੱਖ ਸਕਦੇ। ਰਾਸ਼ਟਰੀ ਫੌਜ ਬਾਰੇ ਵੀ ਇਹ ਸੱਚ ਹੈ। ਇਨਕਲਾਬੀ ਅਤੇ ਬਹਾਦਰ ਅਫ਼ਸਰ ਲੱਭੇ ਜਾ ਸਕਦੇ ਹਨ। ਪਰ ਕਿੱਤਾਵਰ ਤੇ ਜਾਤੀ ਫੌਜ ਕੈਂਸਰ ਵਾਂਗ ਹੈ ਜਿਸਨੂੰ ਲੈਟਿਨ ਅਮਰੀਕਾ ਤੋਂ ਪੁੱਟਣਾ ਹੋਵੇਗਾ। ਜੇ ਫੌਜ ਤਬਾਹ ਨਹੀਂ ਕਰਦੇ ਤਾਂ ਕੋਈ ਵੀ ਲੋਕਾਂ ਦੀ ਸੱਚੀ ਸਰਕਾਰ ਨਹੀਂ ਹੋ ਸਕਦੀ ਅਤੇ ਨਾਂ ਹੀ ਸਮਾਜਿਕ ਬਦਲਾਅ ਕੀਤੇ ਜਾ ਸਕਦੇ ਹਨ। ਛੋਟੇ ਜਿਹੇ ਸੁਧਾਰ ਦੀ ਸੂਹ ਮਿਲਦਿਆਂ ਹੀ ਫੌਜ ਦਖ਼ਲ ਦਿੰਦੀ ਹੈ ਸਭ ਕੁਝ ਜਾਮ ਕਰ ਦਿੰਦੀ ਹੈ। ਜਦੋਂ ਭ੍ਰਿਸ਼ਟਾਚਾਰੀ ਸਰਕਾਰ ਜਾ ਰਹੀ ਹੁੰਦੀ ਹੈ ਅਤੇ ਇਨਕਲਾਬ ਦਿਖਾਈ ਦੇਣ ਲੱਗਦਾ ਹੈ ਤਾ ਰਾਜ-ਪਲਟੇ ਰਾਹੀਂ ਫੌਜ ਨਵੀਂ ਸਰਕਾਰ ਨਾਲ ਆ ਬਹੁੜਦੀ ਹੈ ਜੋ ਪਹਿਲੀ ਨਾਲੋਂ ਵੀ ਭੈੜੀ ਹੁੰਦੀ ਹੈ। ਇਹ ਇਤਿਹਾਸ ਦੇ ਸਬਕ ਹਨ।

ਸਵਾਲ : ਕੁਝ ਦੇਸ਼ਾਂ ਵਿਚ ਰਾਸ਼ਟਰੀ ਬੁਰਜੁਆਜ਼ੀ ਬੜੀ ਸ਼ਕਤੀਸ਼ਾਲੀ ਹੈ। ਉਸਨੂੰ ਉਲਟਾਉਣਾ ਆਸਾਨ ਕੰਮ ਨਹੀਂ ਹੈ। ਉਨ੍ਹਾਂ ਨਾਲ ਜ਼ਿਮੀਦਾਰ, ਜਨਰਲ, ਧਨਾਢਾਂ ਦੀ ਜੁੰਡਲੀ ਅਤੇ ਵੱਡੇ ਜ਼ਿਮੀਦਾਰ---?

ਜਵਾਬ : ਕਿਊਬਾ ਵਿਚ ਵੀ ਜ਼ਿਮੀਦਾਰ-ਬੁਰਜੁਆ ਸਮੂਹ ਬੜੇ ਤਾਕਤਵਰ ਸਨ। ਇਹ ਹਰ ਚੀਜ਼ ਤੇ ਕਾਬਜ਼ ਸਨ। ਫੌਜ, ਪ੍ਰੈਸ, ਅਦਾਲਤਾਂ, ਰੇਡੀਉ ਸਕੂਲ, ਯੂਨੀਵਰਸਿਟੀਆਂ, ਪੁਲਿਸ ਤੇ ਹਰ ਚੀਜ਼ ਤੇ। ਫਿਰ ਵੀ ਅਸੀਂ ਜਿੱਤੇ। ਹਥਿਆਰਬੰਦ ਅਤੇ ਸੰਗਠਿਤ ਕਾਮਿਆਂ, ਕਿਸਾਨਾਂ, ਅਤੇ ਵਿਦਿਆਰਥੀਆਂ ਦੇ ਸਿਰ ਤੇ। ਇਸ ਦੀਪ ਦੀ ਕੇਵਲ ਇਹ ਹੀ ਇਨਕਲਾਬੀ ਤਾਕਤ ਹਨ।

ਸਵਾਲ : ਕਮਾਂਡਰ, ਕਿਊਬਾ ਦੇ ਇਨਕਲਾਬ ਵਿਚ ਸਮਾਜਵਾਦੀ ਖੇਮੇ ਦੀ ਕੀ ਭੂਮਿਕਾ ਹੈ?

ਜਵਾਬ : ਚੀਕੂ ਜੇ ਖਰੁਸਚੇਵ ਸਾਨੂੰ ਤੇਲ ਨਾ ਭੇਜਦਾ ਤੇ ਸਾਡੀ ਖੰਡ ਨਾ ਮੰਗਵਾਉਂਦਾ ਤਾਂ ਕੀ ਵਾਪਰਦਾ? ਤੇ ਜੇ ਚੈਕ ਲੜਨ ਲਈ ਸਾਨੂੰ ਹਥਿਆਰ, ਮਸ਼ੀਨਾਂ, ਉਨ੍ਹਾਂ ਦੇ ਹਿੱਸੇ ਪੁਰਜੇ ਅਤੇ ਟੈਕਨੀਸ਼ੀਅਨ ਨਾ ਭੇਜਦੇ? ਸਾਡੇ ਇਥੇ ਦੋ ਤਿੰਨ ਸੌ ਸੋਵੀਅਤ ਟੈਕਨੀਸ਼ੀਅਨ ਹਨ ਜੋ ਵੱਡੇ ਕਾਮੇ ਇਕਦਮ ਸਹੀ, ਦਿਆਲੂ ਤੇ ਸੱਚੇ ਮਿੱਤਰ ਹਨ। ਸੋਵੀਅਤ ਯੂਨੀਅਨ ਪਿਛਲੀ ਸੰਸਾਰ ਜੰਗ ਵਿਚ ਦੋ ਕਰੋੜ ਬੰਦਾ ਮਾਰੇ ਜਾਣ ਦੇ ਬਾਵਜੂਦ ਆਪਣੀ ਸ਼ਾਂਤੀ ਨੂੰ ਦਾਅ ਤੇ ਲਾ ਰਿਹਾ ਹੈ। ਸਾਡੇ ਛੋਟੇ ਜਿਹੇ ਦੀਪ ਨੂੰ ਬਚਾਉਣ ਲਈ ਆਪਣੀ ਅਜ਼ਮਤ ਦਾਅ ਤੇ ਲਾ ਰਿਹਾ ਹੈ। ਤੇ ਉਹ ਇਹ ਸਭ ਕੁਝ ਬਿਨਾਂ ਸ਼ਰਤ ਕਰ ਰਿਹਾ ਹੈ, ਤੇ ਤੁਸੀਂ ਪੁੱਛ ਰਹੇ ਹੋ ਕਿ ਮੈਂ ਸਮਾਜਵਾਦੀ ਕੈਂਪ ਬਾਰੇ ਕੀ ਸੋਚ ਰਿਹਾ ਹਾਂ? ਉਹ ਸਾਡੇ ਮਿੱਤਰ ਹਨ।

- ਫੀਡਲ ਦੀ ਆਵਾਜ਼ ਭਰੜਾ ਗਈ ਹੈ, ਪਰ ਅਜਿੱਤ ਸਿਧਾਂਤ ਉਸਨੂੰ ਵਰਜਦੇ ਹਨ। ਉਹ ਲਤੀਫ਼ੇਬਾਜ਼ੀ ਕਰਦਾ ਹੈ, ਹੱਸਦਾ ਹੈ, ਤੇਜ਼ੀ ਨਾਲ ਬੋਲਦਾ ਹੈ, ਚੇਤੰਨ ਤੌਰ ਤੇ, ਅਤੇ ਉਪ ਭਾਸ਼ਾਈ ਪੇਂਡੂ ਮੁਹਾਵਰੇ ਦੀ ਵਰਤੋਂ ਕਰਦਾ ਹੈ ਜੋ ਉਸਦੀ ਮਿੱਠੀ ਬੋਲ ਬਾਣੀ ਨੂੰ ਧਰਤੀ ਨਾਲ ਜੋੜਦਾ ਹੈ। ਇਹ ਉਸਦੇ ਗੰਭੀਰ ਧੀਮੇ ਦਫ਼ਤਰੀ ਭਾਸ਼ਣ ਨਾਲੋਂ ਬਿਲਕੁਲ ਹੱਟ ਕੇ ਹੈ।

ਹੁਣ ਸਵਾਲ ਪੁੱਛਣ ਦੀ ਕਿਸੇ ਹੋਰ ਦੀ ਬਾਰੀ ਹੈ। ਉਹ ਉਸਨੂੰ ਨਿੱਜੀ ਸਵਾਲ ਕਰਦੇ ਹਨ। ਇਕ ਬੜੇ ਠਾਠ ਨਾਲ ਸਵਾਲ ਦਾਗ ਦਾ ਹੈ, "ਕੀ ਤੁਸੀਂ ਮੂਰਖ ਸੋ ਕਿ ਜਦੋਂ ਸਵੇਰੇ ਜਾਗੇ

ਤੇ ਸੋਚਿਆ ਕਿ ਤੁਸੀਂ ਲੈਟਿਨ ਅਮਰੀਕਾ ਦੇ ਮਹਾਨ ਲੀਡਰ ਹੋ?''

ਫੀਡਲ ਸ਼ਰਮਾਇਆ ਤੇ ਮੋਢੇ ਉਚਕਾ ਦਿੱਤੇ

"ਮੈਂ ਵੀ ਕਿਸੇ ਹੋਰ ਆਦਮੀ ਵਰਗਾ ਆਦਮੀ ਹਾਂ। ਉਦਾਹਰਣ ਲਈ ਇਹ ਚੀਕੂ ਇੱਥੇ ਹੈ (ਉਸਨੇ ਆਪਣੀ ਉਂਗਲ਼ ਮੇਰੇ ਵਲ ਕੀਤੀ) ਉੱਠਦਾ ਹੈ ਤਾਂ ਘਬਰਾਹਟ ਵਿਚ ਹੈ ਕਿ ਉਹ ਚੰਗਾ ਲੇਖ (ਲਿਖਣ ਦੇ ਯੋਗ ਨਹੀਂ ਹੋਵੇਗਾ। ਸਹੀ? ਸੋ ਮੈਂ ਜੋਸ਼ ਵਿਚ ਜਾਗਿਆ ਕਿ ਮੈਂ ਇਨਕਲਾਬੀ ਦੇ ਤੌਰ ਤੇ ਆਪਣਾ ਕੰਮ ਚੰਗੀ ਤਰ੍ਹਾਂ ਨਹੀਂ ਨਿਭਾ ਸਕਦਾ --- ਅਤੇ ਲੋਕਾਂ ਨੂੰ ਦੰਡ ਦੇਣ ਲਈ--- ਤੁਸੀਂ ਕੀ ਸੋਚਦੇ ਹੋ ਕਿ ਮੈਂ ਉਨ੍ਹਾਂ ਨੂੰ ਮਾਰਨਾ ਪਸੰਦ ਕਰਾਂਗਾ? ਸਾਨੂੰ ਇਸ ਲਈ ਮਜਬੂਰ ਕੀਤਾ ਗਿਆ। ਅਤਿਵਾਦੀਆਂ ਨੇ ਬੰਬਾਂ ਨਾਲ ਸਾਡੇ ਫੌਜੀਆਂ ਨੂੰ ਮਾਰਿਆ। ਜਦੋਂ ਉਨ੍ਹਾਂ ਨੇ ਫਰਾਂਸ ਦੇ ਜਹਾਜ਼ ਨੂੰ ਉਡਾਇਆ ਤੁਹਾਨੂੰ ਉਹ ਯਾਦ ਹੈ? ਇਕ ਸੌ ਬੰਦੇ ਮਾਰੇ ਗਏ (4 ਮਾਰਚ 1960 ਨੂੰ ਇਕ ਫਰਾਂਸੀਸੀ ਜਹਾਜ਼ ਨੂੰ ਹਵਾਨਾ ਹਾਰਬਰ ਵਿਚ ਉਡਾ ਦਿੱਤਾ ਗਿਆ ਜਿਸ ਵਿਚ ਬੈਲਜੀਅਮ ਦੇ ਹਥਿਆਰ ਤੇ ਦਾਰੂ ਸਿੱਕਾ ਲੱਦਿਆ ਹੋਇਆ ਸੀ।) ਫਿਰ ਵੀ ਲੋਕਾਂ ਨੂੰ ਦੰਡ ਦੇਣਾ ਬਹੁਤ ਡਰਾਉਣਾ ਹੈ (ਅਚਾਨਕ ਫੀਡਲ ਦੀਆਂ ਅੱਖਾਂ ਵਿਚ ਅੱਥਰੂ ਝਲਕਦੇ ਹਨ ਅਤੇ ਆਵਾਜ਼ ਭਰੜਾ ਜਾਂਦੀ ਹੈ। ਵਿਸ਼ਵਾਸ ਕਰੋ ਇਹ ਮੌਤ ਦਾ ਸੰਘਰਸ਼ ਹੈ ਜਿਸ ਵਿਚ ਜਾਂ ਅਸੀਂ ਬਚਾਂਗੇ ਜਾਂ ਉਹ। ਸਾਨੂੰ ਇਨਕਲਾਬ ਨੂੰ ਬਚਾਉਣਾ ਹੈ ਅਤੇ ਅਗਾਂਹ ਲੈ ਕੇ ਜਾਣਾ ਹੈ। ਅਸੀਂ ਕਿਸੇ ਤਰ੍ਹਾਂ ਦਾ ਤਰਸ ਨਹੀਂ ਕਰਾਂਗੇ। ਹੈ ਇਹ ਬੜਾ ਭਿਆਨਕ ---

5:30 ਵੱਜੇ ਹਨ। ਫੀਡਲ ਉੱਠਦਾ ਹੈ, ਹਰੇਕ ਨਾਲ਼ ਹੱਥ ਮਿਲਾਉਂਦਾ ਹੈ। ਠਰੰਮੇ ਨਾਲ਼ ਅਤੇ ਹਲੀਮੀ ਨਾਲ ਪੋਸਟ ਕਾਰਡ ਤਸਵੀਰਾਂ ਅਤੇ ਕਿਤਾਬਾਂ ਉਪਰ ਦਸਤਖ਼ਤ ਕਰਦਾ ਹੈ ਅਤੇ ਫਿਰ ਮੁਸਕਾਨ ਬਿਖੇਰਦਾ ਹੋਇਆ ਅਲਵਿਦਾ ਕਹਿੰਦਾ ਹੈ।(ਐਡੀਓਸ ਕੰਪੈਨੀਰੋ, ਮੁਚਾਸ, ਗਰੇਸ਼ੀਅਸ)

ਮੇਰੇ ਵਲ ਮੁੜ ਕੇ ਕਹਿੰਦਾ ਹੈ,"ਇਟੈਲੀਆਨੋ ਤੇਰੀ ਇੰਟਰਵੀਊ ਹੋ ਗਈ? ਹੁਣ ਤੈਨੂੰ ਮੇਰੀ ਭਾਲ ਨਹੀਂ ਕਰਨੀ ਪਵੇਗੀ।''

"ਇਸਦੇ ਉਲਟ, ਕਮਾਂਡਰ ਅਜੇ ਮੇਰੇ ਸਵਾਲ ਪੁੱਛਣ ਵਾਲ਼ੇ ਰਹਿ ਗਏ।'' "ਠੀਕ ਹੈ, ਠੀਕ ਹੈ, ਦੇਖਾਂਗੇ।''

ਇਸ ਉਪਰੰਤ ਥੋੜ੍ਹਾ ਝੁਕਦੇ ਹੋਏ ਹੌਲ਼ੀ ਹੌਲ਼ੀ ਚਲਦਿਆਂ ਆਪਣੇ ਅੰਗ ਰੱਖਿਅਕਾਂ ਨਾਲ ਵੱਡੀ ਕਾਲ਼ੀ ਕਾਰ ਵਿਚ ਉਹ ਚਲਾ ਜਾਂਦਾ ਹੈ, ਹਵਾਨਾ ਦੀਆਂ ਗਲੀਆਂ ਵਿਚ। ਚੁੱਪ ਚਾਂ ਛਾ ਜਾਂਦੀ ਹੈ ਉੱਤਰ ਦੀ ਠੰਡੀ ਯੱਖ਼ ਹਵਾ ਚਲ ਰਹੀ ਹੈ।

(ਅਨੁਵਾਦ : ਕ ਜ ਸ)

"ਮੈਨੂੰ ਭੰਡੋ। ਕੋਈ ਫ਼ਰਕ ਨਹੀਂ ਪੈਂਦਾ। ਇਤਿਹਾਸ ਮੈਨੂੰ ਦੋਸ਼ ਮੁਕਤ ਕਰੇਗਾ।'' (ਅਕਤੂਬਰ 16, 1953.)

"ਜ਼ਿੰਦਗੀ ਲਈ ਅਸੀਂ ਇਹ ਲੜਾਈ ਜਿੱਤਾਂਗੇ, ਨਾ ਸਿਰਫ਼ ਤੁਹਾਡੀ ਜ਼ਿੰਦਗੀ ਲਈ ਸਗੋਂ ਸਾਰੇ ਦੁਨੀਆਂ ਦੇ ਬੱਚਿਆਂ ਦੀ ਜ਼ਿੰਦਗੀ ਲਈ, ਅਸੀਂ ਇਹ ਜੰਗ ਜਿੱਤਾਂਗੇ।'' (ਦਸੰਬਰ 23, 1999, ਕਿਊਬਾ ਦੇ ਬੱਚੇ ਏਲੀਅਨ ਗੋਂਜ਼ਾਲੇਜ਼ ਨੂੰ ਵਾਪਿਸ ਲਿਆਉਣ ਲਈ ਸਕੂਲੀ ਬੱਚਿਆਂ ਨੂੰ ਲੜਾਈ ਵਿਚੋਂ ਸ਼ਾਮਿਲ ਹੋਣ ਦਾ ਸੱਦਾ ਦੇਣ ਸਮੇਂ)



# ਕਿਊਬਾ ਦੀਆਂ ਪ੍ਰਾਪਤੀਆਂ ਅਤੇ ਅਮਰੀਕਾ ਦਾ ਯੁੱਧ

ਭਾਸ਼ਣ : ਮਈ ਦਿਵਸ ਤੇ ਰੈਵੋਲਿਊਸ਼ਨ ਸਕੇਅਰ ਵਿਚ ਦਿੱਤਾ ਭਾਸ਼ਣ ਹਵਾਨਾ, ਮਈ 1, 2003

ਆਨ ਲਾਈਨ : ਕਾਸਟਰੋ ਇੰਟਰਨੈਟ ਆਰਕਾਈਵ (ਮਾਰਕਸਿਸਟਸ. ਆਰਗ), 2003

ਵਿਸ਼ੇਸ਼ ਮਹਿਮਾਨੋ ਅਤੇ ਕਿਊਬਾ ਵਾਸੀਓ,

ਸਾਡੇ ਬਹਾਦਰ ਲੋਕਾਂ ਨੇ ਇਸ ਛੋਟੇ ਜਿਹੇ ਕੈਰੀਬੀਅਨ ਦੀਪ ਤੋਂ 44 ਸਾਲ ਸੰਘਰਸ਼ ਕੀਤਾ। ਇਹ ਦੁਨੀਆਂ ਦੀ ਸੁਪਰ ਪਾਵਰ ਤੋਂ ਕੁਝ ਮੀਲ ਦੀ ਦੂਰੀ ਤੇ ਸਥਿਤ ਹੈ। ਕਿਊਬਾ ਦੇ ਲੋਕਾਂ ਨੇ ਸੰਘਰਸ਼ ਕਰਦਿਆਂ ਇਤਿਹਾਸ ਦਾ ਬੇਜੋੜ ਪੰਨਾ ਲਿਖਿਆ। ਦੁਨੀਆਂ ਨੇ ਕਦੇ ਇੰਨੀ ਅਣਜੋੜ ਲੜਾਈ ਕਦੇ ਨਹੀਂ ਵੇਖੀ।

ਕੁਝ ਲੋਕਾਂ ਨੂੰ ਇਹ ਵਿਸ਼ਵਾਸ ਹੋ ਸਕਦਾ ਹੈ, ਇੱਕ ਸੁਪਰ ਪਾਵਰ ਜਿਸ ਕੋਲ਼ ਫੌਜਾਂ ਤੇ ਤਕਨੀਕ ਦੀ ਤਾਕਤ ਹੈ ਤੇ ਜਿਸ ਦਾ ਕੋਈ ਹੋਰ ਸਾਨੀ ਨਹੀਂ, ਉਹ ਕਿਊਬਾ ਦੇ ਲੋਕਾਂ ਨੂੰ ਡਰਾ ਸਕਦਾ ਹੈ ਜਾਂ ਫਿਰ ਉਨ੍ਹਾਂ ਦੇ ਹੌਂਸਲੇ ਪਸਤ ਕਰ ਸਕਦਾ ਹੈ। ਪਰ ਅੱਜ ਉਨ੍ਹਾਂ ਕੋਲ਼ ਇਨ੍ਹਾਂ ਬਹਾਦਰ ਲੋਕਾਂ ਦੇ ਹੌਂਸਲੇ ਨੂੰ ਹੈਰਾਨੀ ਨਾਲ਼ ਦੇਖਣ ਤੋਂ ਇਲਾਵਾ ਕੋਈ ਚਾਰਾ ਨਹੀਂ। ਅੱਜ ਦੇ ਸ਼ਾਨ ਵਾਲ਼ੇ ਅੰਤਰ ਰਾਸ਼ਟਰੀ ਮਿਹਨਤਕਸ਼ਾਂ ਦੇ ਦਿਨ ਜਦੋਂ ਅਸੀਂ ਸਿਕਾਗੋ ਦੇ ਪੰਜ ਸ਼ਹੀਦਾਂ ਨੂੰ ਯਾਦ ਕਰ ਰਹੇ ਹਾਂ ਤਾਂ ਮੈਂ ਅੱਜ ਦੇ ਦੱਸ ਲੱਖ ਕਿਊਬਾ ਦੇ ਇਕੱਠ ਸਾਹਵੇਂ ਇਹ ਐਲਾਨ ਕਰਦਾ ਹਾਂ ਕਿ ਅਸੀਂ ਹਰ ਆਫ਼ਤ ਦਾ ਸਾਹਮਣਾ ਕਰਾਂਗੇ ਅਤੇ ਕਿਸੇ ਵੀ ਦਬਾਅ ਹੇਠ ਨਹੀਂ ਆਵਾਂਗੇ। ਅਸੀਂ ਆਪਣੇ ਦੇਸ਼, ਆਪਣੇ ਇਨਕਲਾਬ ਦੀ, ਵਿਚਾਰਾਂ ਅਤੇ ਹਥਿਆਰਾਂ ਦੋਨਾਂ ਨਾਲ਼ ਰਾਖੀ ਕਰਾਂਗੇ ਤੇ ਉਦੋਂ ਤਕ ਲੜਾਂਗੇ ਜਦੋਂ ਤਕ ਖ਼ੂਨ ਦਾ ਆਖਰੀ ਕਤਰਾ ਬਾਕੀ ਹੈ।

ਕਿਊਬਾ ਨੇ ਕੀ ਪਾਪ ਕੀਤਾ ਹੈ? ਕਿਸੇ ਇਮਾਨਦਾਰ ਆਦਮੀ ਕੋਲ਼ ਇਸ ਉਪਰ ਹਮਲਾ ਕਰਨ ਦਾ ਕੋਈ ਕਾਰਣ ਹੈ?

ਆਪਣਾ ਖ਼ੂਨ ਦੇ ਕੇ ਦੁਸ਼ਮਣਾਂ ਤੋਂ ਫੜੇ ਹਥਿਆਰਾਂ ਨਾਲ਼ ਕਿਊਬਾ ਦੇ ਲੋਕਾਂ ਨੇ ਅਮਰੀਕਾ ਵਲੋਂ ਥੋਪੇ ਗਏ, ੮0000 ਹਥਿਆਰਬੰਦਾਂ ਨਾਲ਼ ਲੈਸ ਜ਼ਾਲਮ ਰਾਜ ਨੂੰ ਉਲਟਾ ਮਾਰਿਆ।

ਲਾਤੀਨੀ ਅਮਰੀਕਾ ਅਤੇ ਕੈਰੀਬੀਅਨ ਵਿਚ ਕਿਊਬਾ ਪਹਿਲਾ ਆਜ਼ਾਦ ਦੇਸ਼ ਹੈ। ਇਸ ਹਿੱਸੇ ਵਿਚ ਉੱਤਰੀ-ਬਸਤੀਵਾਦੀ ਇਤਿਹਾਸ ਵਿਚ ਅਜਿਹਾ ਦੇਸ਼ ਜਿਸਨੇ ਜ਼ਾਲਮਾਂ, ਕਾਤਲਾਂ ਅਤੇ ਯੁੱਧ-ਕਰਿਮੀਨਲਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਿਨ੍ਹਾਂ ਨੇ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਲਈਆਂ। ਸਾਰੇ ਦੇਸ਼ ਦੀ ਜ਼ਮੀਨ ਵਾਪਿਸ ਲਈ ਗਈ ਅਤੇ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਵਿਚ ਵੰਡ ਦਿੱਤੀ ਗਈ। ਕੁਦਰਤੀ ਸੋਮਿਆਂ, ਕਾਰਖਾਨੇ ਅਤੇ ਮੁਢਲੀਆਂ ਸੇਵਾਵਾਂ ਨੂੰ ਹੱਕੀ ਮਾਲਕਾਂ ਨੂੰ ਸੌਂਪਿਆ ਗਿਆ, ਕਿਊਬਾ ਦੇਸ਼ ਨੂੰ ਸੌਂਪਿਆ ਗਿਆ। ਅਮਰੀਕਾ ਦੇ ਰਾਤ ਦਿਨ, ਲਗਾਤਾਰ, 72 ਘੰਟਿਆਂ ਤੋਂ ਵੀ ਪਹਿਲਾਂ ਲੜਾਕੋਂ ਅੰਗ੍ਰੇਜ਼ੀ' ਭਾੜੇ ਦੇ ਟੱਟੂਆਂ ਨੂੰ ਸਿੱਧੇ ਫੌਜੀ

ਮੁਦਾਖਤ ਤੋਂ ਰੋਕ ਦਿੱਤਾ ਗਿਆ ਜਿਸਦੇ ਅਣਗਿਣਤ ਨਤੀਜੇ ਨਿਕਲੇ।

ਇਨਕਲਾਬ ਕੋਲ਼ ਪਹਿਲਾਂ ਹੀ ਬਾਗ਼ੀ ਫੌਜ ਸੀ, ਇਨ੍ਹਾਂ ਕੋਲ਼ 4,00000 (ਚਾਰ ਲੱਖ ਤੋਂ ਉਪਰ ਹਥਿਆਰ ਸਨ ਅਤੇ ਹਜ਼ਾਰ ਦੀ ਗਿਣਤੀ ਵਿਚ ਫੌਜੀ ਸਨ।

1962 ਵਿਚ ਪੂਰੀ ਇੱਜ਼ਤ ਮਾਣ ਨਾਲ਼ ਬਿਨਾਂ ਕਿਸੇ ਛੋਟ ਤੋਂ ਲੜਿਆ ਭਾਵੇਂ ਉਸ ਸਮੇਂ ਦਰਜਨਾਂ ਐਟੋਮਿਕ ਬੰਬਾਂ ਦਾ ਖਤਰਾ ਵੀ ਸੀ।

ਗੰਦੀ ਜੰਗ ਨੂੰ ਹਰਾਇਆ ਗਿਆ ਜੋ ਸਾਰੇ ਦੇਸ਼ ਵਿਚ ਫੈਲੀ; ਮੁਕਤੀ ਦੀ ਜੰਗ ਤੋਂ ਵੀ ਵੱਧ ਇਸਨੇ ਮਨੁੱਖੀ ਜਾਨਾਂ ਲਈਆਂ।

ਇਨਕਲਾਬ ਦੇ ਨੇਤਾਵਾਂ ਉਪਰ ਸੈਂਕੜੇ ਕਾਤਲਾਨਾ ਸਾਜ਼ਿਸ਼ਾਂ ਨੂੰ ਪਛਾੜਿਆ ਗਿਆ। ਅਸੀਂ ਸਖ਼ਤ ਬੰਦੀਆਂ ਅਤੇ ਆਰਥਿਕ ਲੜਾਈ ਜੋ ਕਰੀਬਨ ਪੰਜਾਹ ਸਾਲ ਤਕ ਜਾਰੀ ਰਹੀ - ਦੇ ਸਾਏ ਹੇਠ ਵੀ ਕਿਊਬਾ ਨੇ ਇਕ ਸਾਲ ਵਿਚ ਹੀ ਅਨਪੜ੍ਹਤਾ ਨੂੰ ਖ਼ਤਮ ਕਰ ਦਿੱਤਾ। ਇਹ ਕੰਮ ਲਾਤੀਨੀ ਅਮਰੀਕਾ ਦੇ ਦੇਸ਼ ਤੇ ਆਪ ਅਮਰੀਕਾ ਚਾਰ ਦਹਾਕਿਆਂ ਵਿਚ ਵੀ ਪੂਰਾ ਨਹੀਂ ਕਰ ਸਕੇ।

100% ਬੱਚਿਆਂ ਲਈ ਮੁਫ਼ਤ ਵਿੱਦਿਆ ਦਾ ਪ੍ਰਬੰਧ ਕੀਤਾ ਗਿਆ। ਇਸ ਦੀਪ ਵਿਚ 99% ਹਾਈ ਸਕੂਲਾਂ ਵਿਚ ਕਿੰਡਰ ਗਾਰਡਨ ਤੋਂ ਲੈ ਕੇ ਨੌਵੀਂ ਜਮਾਤ ਤਕ ਦੇ ਬੱਚੇ ਪੜ੍ਹਾਈ ਛੱਡ ਜਾਂਦੇ ਹਨ। ਦੁਨੀਆਂ ਵਿਚ ਸਾਡੇ ਦੇਸ਼ ਦੇ ਬੱਚੇ ਮਾਂ ਬੋਲੀ ਦੀ ਜਾਣਕਾਰੀ ਅਤੇ ਹਿਸਾਬ(ਗਣਿਤ) ਵਿਚ ਪਹਿਲੇ ਨੰਬਰ ਤੇ ਆਏ।

ਦੇਸ਼ ਘੱਟ ਵਿਦਿਆਰਥੀਆਂ ਦੀ ਕਲਾਸ ਤੇ ਵੱਧ ਅਧਿਆਪਕਾਂ ਲਈ ਭਾਵ ਵਿਦਿਆਰਥੀ-ਅਧਿਆਪਕ ਨਿਸਬਤ ਵਿਚ ਵੀ ਦੁਨੀਆਂ ਵਿਚ ਨੰਬਰ ਇਕ ਤੇ ਰਿਹਾ।

ਸਰੀਰਕ ਅਤੇ ਮਾਨਸਿਕਤਾ ਪੱਖੋਂ ਤਕੜੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਕੂਲਾਂ ਵਿਚ ਭਰਤੀ ਕੀਤਾ ਗਿਆ।

ਸ਼ਹਿਰਾਂ ਤੇ ਪਿੰਡਾਂ ਦੇ ਛੋਟੇ ਬੱਚਿਆਂ ਤੇ ਨੌਜਵਾਨਾਂ ਸਭ ਨੂੰ ਕੰਪਿਊਟਰ ਸਿਖਿਆ ਤੇ ਸੁਣਨ-ਦੇਖਣ ਦੀਆਂ ਤਕਨੀਕਾਂ(ਔਡੋਵੀਯੂਅਲ) ਉਪਲਬੱਧ ਕਰਵਾਈਆਂ ਗਈਆਂ।

17-30 ਸਾਲ ਦੀ ਉਮਰ ਦੇ ਬੱਚੇ ਜੋ ਨਾਂ ਸਕੂਲ ਗਏ ਤੇ ਨਾਂ ਹੀ ਜਿਨ੍ਹਾਂ ਕੋਲ਼ ਰੋਜ਼ਗਾਰ ਸੀ, ਉਨ੍ਹਾਂ ਨੂੰ ਦੁਨੀਆਂ ਵਿਚ ਪਹਿਲੀ ਬਾਰ ਵਜ਼ੀਫ਼ੇ ਦੇ ਕੇ ਪੜ੍ਹਾਈ ਕਰਨ ਦਾ ਮੌਕਾ ਦਿੱਤਾ ਗਿਆ।

ਹਰ ਨਾਗਰਿਕ ਨੂੰ ਕਿੰਡਰ ਗਾਰਡਨ ਤੋਂ ਲੈ ਕੇ ਪੀਐਚਡੀ ਤਕ ਦੀ ਪੜ੍ਹਾਈ ਬਿਨਾਂ ਇਕ ਵੀ ਪੈਸਾ ਖਰਚੇ ਜਾਰੀ ਰੱਖਣ ਦੀ ਖੁਲ੍ਹ ਹੈ।

ਅੱਜ ਦੇਸ਼ ਕੋਲ਼ ਯੂਨੀਵਰਸਿਟੀ ਗਰੈਜੂਏਟ, ਬੁੱਧੀਜੀਵੀ, ਕਿੱਤਾਵਰ ਕਲਾਕਾਰ ਹਨ।

ਹਰ ਕਿਊਬਾ ਵਾਸੀ ਘੱਟੋ ਘੱਟ ਨੌਵੇਂ ਗਰੇਡ ਤਕ ਪੜ੍ਹਿਆ ਹੋਇਆ ਹੈ।

ਕਿਊਬਾ ਵਿਚ ਕਿਸੇ ਕਿਸਮ ਦੀ ਅਨਪੜ੍ਹਤਾ ਨਹੀਂ ਹੈ।

ਕਲਾਕਾਰਾਂ ਅਤੇ ਕਲਾ ਅਧਿਆਪਕਾਂ ਦੇ ਦੇਸ਼ਭਰ ਦੇ ਰਾਜਾਂ ਵਿਚ ਸਿਖਲਾਈ ਸਕੂਲ ਹਨ ਜਿਨ੍ਹਾਂ ਵਿਚ 20,000 ਤੋਂ ਉੱਪਰ ਨੌਜਵਾਨ ਆਪਣੀ ਬੌਧਿਕਤਾ ਦਾ ਵਿਕਾਸ ਕਰ ਰਹੇ ਹਨ ਅਤੇ ਕਿੱਤੇ ਵਿਚ ਨਿਪੁੰਨ ਹੋ ਰਹੇ ਹਨ। ਕਿੱਤਾ-ਸਿਖਲਾਈ ਸਕੂਲਾਂ ਵਿਚ ਵੀ ਇਹ ਕੰਮ ਹੋ



ਰਿਹਾ ਹੈ। ਇਨ੍ਹਾਂ ਚੋਂ ਹਜ਼ਾਰਾਂ ਕਿੱਤਿਆਂ ਸੰਬੰਧੀ ਪੜ੍ਹਾਈ ਕਰਨ ਲਈ ਅਗਾਂਹ ਜਾਣਗੇ।

ਯੂਨੀਵਰਸਿਟੀਆਂ ਦੇ ਕੈਂਪਸ ਦੇਸ਼ ਦੀਆਂ ਸਾਰੀਆਂ ਨਗਰ-ਨਿਗਮਾਂ ਤਕ ਫੈਲ ਰਹੇ ਹਨ। ਦੁਨੀਆਂ ਦੇ ਕਿਸੇ ਹਿੱਸੇ ਵਿਚ ਵੀ ਇਹੋ ਜਿਹਾ ਵਿਸ਼ਾਲ ਪੜ੍ਹਾਈ ਦਾ ਤੇ ਸਭਿਆਚਾਰਕ ਇਨਕਲਾਬ ਨਹੀਂ ਵਾਪਰਿਆ ਜਿਹੋ ਜਿਹਾ ਕਿਊਬਾ ਵਿਚ ਵਾਪਰਿਆ ਹੈ। ਦੇਸ਼ ਦੁਨੀਆਂ ਵਿਚ ਸਭ ਤੋਂ ਉੱਚੇ ਗਿਆਨ ਅਤੇ ਸਭਿਆਚਾਰ ਲਈ ਜਾਣਿਆਂ ਜਾਂਦਾ ਹੈ। ਦੇਸ਼ੋ ਮਾਰਟੀ' ਦੀ ਇਸ ਪ੍ਰਤਿਬੱਧਤਾ ਨਾਲ਼ ਜੁੜਿਆ ਹੋਇਆ ਹੈ ਕਿ, "ਸਭਿਆਚਾਰ ਤੋਂ ਬਿਨਾਂ ਕੋਈ ਆਜ਼ਾਦੀ ਸੰਭਵ ਨਹੀਂ।''

ਬੱਚਿਆਂ ਦੀ ਮੌਤ ਦਰ ਹਜ਼ਾਰ ਪਿੱਛੇ 60 ਤੋਂ ਘਟਾ ਕੇ 6-6.50 ਤਕ ਲਿਆਂਦੀ ਗਈ ਹੈ। ਇਸ ਖਿੱਤੇ ਵਿਚ ਅਮਰੀਕਾ ਤੋਂ ਲੈ ਕੇ ਪੈਟਾਮੋਨੀਆ ਤਕ ਇਹ ਦਰ ਸਭ ਤੋਂ ਘੱਟ ਹੈ।

ਜੀਵਨ ਜੀਉਣ ਵਿਚ 15 ਸਾਲ ਦਾ ਵਾਧਾ ਹੋਇਆ ਹੈ। ਪੋਲੀਓ, ਮਲੇਰੀਆ, ਟੈਟਨਸ,ਡਿਪਥੇਰੀਆ, ਮਾਤਾ, ਰੁਬੇਲਾ, ਭੱਬੂ, ਕਾਲੀ ਖਾਂਸੀ ਅਤੇ ਡੇਂਗੂ ਨੂੰ ਜੜ੍ਹ ਤੋਂ ਖ਼ਤਮ ਕੀਤਾ ਗਿਆ ਹੈ। ਟੈਟਨਸ, ਮੈਨੀਂਗੋਕੋਕਲ, ਮੈਨੀਗਾਈਟਸ, ਹੈਪੀਟਾਈਟਸ ਬੀ, ਲਿਪਰਾਸੀ, ਹੈਮੋਂਫਾਈਲਸ ਮੈਨਿੰਗਾਈਟਸ ਅਤੇ ਟੀ.ਬੀ. ਨੂੰ ਪੂਰੀ ਤਰ੍ਹਾਂ ਕਾਬੂ ਹੇਠ ਕੀਤਾ ਗਿਆ ਹੈ।

ਅੱਜ ਸਾਡੇ ਦੇਸ਼ ਵਿਚ ਲੋਕਾਂ ਦੀ ਮੌਤ ਦੇ ਉਹੀ ਕਾਰਣ ਹਨ ਜੋ ਵਿਕਸਤ ਦੇਸ਼ਾਂ ਵਿਚ ਹਨ ਜਿਵੇਂ ਦਿਲ ਦਾ ਦੌਰਾ, ਕੈਂਸਰ, ਦੁਰਘਟਨਾਵਾਂ ਤੇ ਹੋਰ, ਪਰ ਇਹ ਵੀ ਬਹੁਤ ਘੱਟ ਹਨ। ਜਨਤਾ ਤਕ ਸਿਹਤ ਸੇਵਾਵਾਂ ਪਹੁੰਚਾਉਣ ਲਈ, ਉਨ੍ਹਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਅਤੇ ਉਨ੍ਹਾਂ ਦੀਆਂ ਮੁਸੀਬਤਾਂ ਘਟਾਉਣ ਲਈ ਅਸਲੀ ਪੱਕੇ ਪੈਰੀਂ ਇਨਕਲਾਬ ਜਾਰੀ ਹੈ। ਉਨ੍ਹਾਂ ਸਮੱਸਿਆਵਾਂ ਨੂੰ ਜਿਹੜੀਆਂ ਜੀਨ ਨਾਲ਼ ਸੰਬੰਧਿਤ ਹਨ, ਪਿਤਾ-ਪੁਰਖੀ ਅਤੇ ਬੱਚਿਆਂ ਨਾਲ਼ ਸੰਬੰਧਿਤ ਹਨ ਤੇ ਉਨ੍ਹਾਂ ਦੀ ਸਮਾਪਤੀ ਲਈ ਡੂੰਘੀ ਖੋਜ ਕੀਤੀ ਜਾ ਰਹੀ ਹੈ ਜਾਂ ਫਿਰ ਸਮੱਸਿਆਵਾਂ ਘੱਟ ਤੋਂ ਘੱਟ ਕੀਤੀਆਂ ਜਾ ਸਕਣ। ਲੋਕਾਂ ਪਿੱਛੇ ਡਾਕਟਰਾਂ ਦੀ ਗਿਣਤੀ ਦੁਨੀਆਂ ਵਿਚ ਸਭ ਤੋਂ ਵੱਧ ਹੈ। ਗੰਭੀਰ ਬਿਮਾਰੀਆਂ ਲਈ ਸਾਡੇ ਵਿਗਿਆਨਕ ਕੇਂਦਰ ਲਗਾਤਾਰ ਕੰਮ ਕਰ ਰਹੇ ਹਨ ਤਾਂ ਕਿ ਇਨ੍ਹਾਂ ਦਾ ਕੋਈ ਸਹੀ ਹੱਲ ਲੱਭਿਆ ਜਾ ਸਕੇ। ਕਿਊਬਾ ਦੇ ਲੋਕਾਂ ਕੋਲ਼ ਦੁਨੀਆਂ ਦੀਆਂ ਸਭ ਤੋਂ ਬਿਹਤਰ ਸੇਵਾਵਾਂ ਹੋਣਗੀਆਂ ਜੋ ਬਿਨਾਂ ਕਿਸੇ ਕੀਮਤ ਦਿੱਤੀਆਂ ਜਾਣਗੀਆਂ।

100% ਲੋਕਾਂ ਨੂੰ ਸੁਰਖਿਆ ਦਿੱਤੀ ਗਈ ਹੈ। 1.85% ਲੋਕਾਂ ਕੋਲ਼ ਆਪਣੇ ਘਰ ਹਨ ਅਤੇ ਉਨ੍ਹਾਂ ਉਪਰ ਉਨ੍ਹਾਂ ਨੂੰ ਕੋਈ ਕਰ ਨਹੀਂ ਦੇਣਾ ਪੈਂਦਾ। 15% ਨਾ-ਮਾਤਰ ਕਰ ਦਿੰਦੇ ਹਨ ਜੋ ਉਨ੍ਹਾਂ ਦੀ ਤਨਖਾਹ ਦਾ 10 ਪ੍ਰਤੀਸ਼ਤ ਹੈ। ਗ਼ੈਰ ਕਾਨੂੰਨੀ ਡਰਗ ਮਾਮੂਲੀ ਜਹੀ ਵਸੋਂ ਵਿਚ ਜਾਰੀ ਹੈ ਜਿਸਨੂੰ ਵੀ ਸਖ਼ਤੀ ਨਾਲ਼ ਖ਼ਤਮ ਕੀਤਾ ਜਾ ਰਿਹਾ ਹੈ। ਇਨਕਲਾਬ ਦੇ ਪਹਿਲੇ ਸਾਲ ਤੋਂ ਹੀ ਇਹ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਕੋਈ ਵੀ ਕਿਸਮਤ ਉਪਰ ਟੇਕ ਨਾ ਰੱਖੇ। ਇਸ ਲਈ ਲਾਟਰੀ ਤੇ ਹੋਰ ਹਰ ਤਰ੍ਹਾਂ ਦੇ ਜੂਏ ਉਪਰ ਪਾਬੰਦੀ ਹੈ। ਕਿਊਬਾ ਦੇ ਟੀ.ਵੀ ਜਾਂ ਅਖ਼ਬਾਰ ਵਿਚ ਕਿਸੇ ਤਰ੍ਹਾਂ ਦੀ ਕਮਰਸ਼ੀਅਲ ਇਸ਼ਤਿਹਾਰਬਾਜ਼ੀ ਨਹੀਂ ਕੀਤੀ ਜਾਂਦੀ। ਸਗੋਂ ਇਹ ਸਿਹਤ ਨਾਲ਼ ਜੁੜੀਆਂ ਲੋਕ ਸੇਵਾਵਾਂ ਸਿਹਤ, ਸਿਖਿਆ, ਸਭਿਆਚਾਰ, ਸਰੀਰਕ ਸਿਖਿਆ, ਖੇਡਾਂ ਮਨੋਰੰਜਨ ਵਾਤਾਵਰਣ ਸੁਰਖਿਆ, ਡਰੱਗ ਖ਼ਿਲਾਫ਼ ਲੜਾਈ, ਦੁਰਘਟਨਾਵਾਂ

ਅਤੇ ਹੋਰ ਸਮਾਜਿਕ ਸਮੱਸਿਆਵਾਂ ਦੀਆਂ ਇਸ਼ਤਿਹਾਰਬਾਜ਼ੀਆਂ ਕਰਦੇ ਹਨ। ਸਾਡਾ ਮੀਡੀਆ ਸਿਖਿਅਤ ਕਰਦਾ ਹੈ ਲੋਕਾਂ ਵਿਚ.ਜ਼ਹਿਰ ਨਹੀਂ ਫੈਲਾਉਂਦਾ ਤੇ ਨਾਂ ਹੀ ਉਨ੍ਹਾਂ ਨੂੰ ਵੱਖ ਕਰਦਾ ਹੈ। ਲੋਕ ਸੜੇ ਗਲੇ ਉਪਭੋਗਤਾ ਸਮਾਜ ਦੀਆਂ ਕਦਰਾਂ ਕੀਮਤਾਂ ਦੀ ਪੂਜਾ ਨਹੀਂ ਕਰਦੇ ਨਾਂ ਹੀ ਜਸ਼ਨ ਮਨਾਉਂਦੇ ਹਨ।

ਔਰਤਾਂ ਵਿਰੁੱਧ ਭੇਦਭਾਵ ਨੂੰ ਸਮਾਪਤ ਕਰ ਦਿੱਤਾ ਗਿਆ ਹੈ ਤੇ ਅੱਜ ਉਹ ਦੇਸ਼ ਦੀ 64% ਤਕਨੀਕੀ ਤੇ ਕੰਮ ਕਰਨ ਵਾਲ਼ੀ ਫੌਜ ਬਣ ਗਈਆਂ ਹਨ। ਇਨਕਲਾਬ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਦੱਖਣੀ ਅਮਰੀਕਾ ਵਿਚ ਵਿਆਪਤ ਨਸਤਪ੍ਰਸਤੀ ਦੇ ਕਿਸੇ ਵੀ ਰੂਪ ਨੂੰ ਨੇੜੇ ਨਹੀਂ ਢੁੱਕਣ ਦਿੱਤਾ ਗਿਆ। ਹੁਣ ਦੇ ਸਾਲਾਂ ਵਿਚ ਇਨਕਲਾਬ ਯਤਨਸ਼ੀਲ ਹੈ ਕਿ ਸਦੀਆਂ ਤੋਂ ਗ਼ੁਲਾਮ ਬਣਾਏ ਲੋਕਾਂ ਵਿਚ ਬਚੇ ਖੁਚੇ ਗਰੀਬੀ ਅਤੇ ਸਿਖਿਆ ਦੀ ਕਮੀ ਨੂੰ ਦੂਰ ਕੀਤਾ ਜਾ ਰਿਹਾ ਹੈ ਅਤੇ ਉਹੋ ਜਿਹੇ ਹਾਲਤ ਸਿਰਜੇ ਜਾ ਰਹੇ ਹਨ ਜੋ ਗੁਣਾਤਮਕ ਤੌਰ ਤੇ ਵੱਖਰੇ ਹਨ। ਛੇਤੀ ਹੀ ਬੇਇਨਸਾਫ਼ੀ ਦੇ ਉਪਜੇ ਨਤੀਜਿਆਂ ਨੂੰ ਇੱਥੋਂ ਤਕ ਕਿ ਉਨ੍ਹਾਂ ਦੇ ਪਰਛਾਵੇਂ ਨੂੰ ਵੀ ਨੇੜੇ ਨਹੀਂ ਢੁੱਕਣ ਦਿੱਤਾ ਜਾਵੇਗਾ।

ਕਿਸੇ ਵੀ ਜਿਉਂਦੇ ਇਨਕਲਾਬੀ ਦੇ ਨੇੜੇ ਵਿਅਕਤੀ ਪੂਜਾ ਵਰਗੀ ਕੋਈ ਚੀਜ਼ ਨਹੀਂ। ਸਟੇਟ, ਸਰਕਾਰੀ ਫੋਟੋਗਰਾਫ਼ੀ ਜਾਂ ਗ਼ਲ਼ੀਆਂ-ਸੜੀਆਂ ਸੰਸਥਾਵਾਂ ਦੇ ਵਿਅਕਤੀਆਂ ਦੇ ਨਾਵਾਂ ਉਪਰ ਰੱਖੇ ਜਾਂਦੇ ਨਾਂ ਵਰਗੀਆਂ ਅਲਾਮਤਾਂ ਗ਼ਾਇਬ ਹਨ। ਸਾਡੇ ਨੇਤਾ ਮਨੁੱਖ ਹਨ ਦੇਵਤੇ ਨਹੀਂ।

ਸਾਡੇ ਦੇਸ਼ ਵਿਚ ਅਰਧ-ਸੈਨਿਕ ਬਲ ਜਾਂ ਮਾਰਨ ਵਾਲ਼ੇ ਦਸਤੇ ਮੌਜੂਦ ਨਹੀਂ। ਲੋਕਾਂ ਖ਼ਿਲ਼ਾਫ਼ ਕਦੇ ਹਿੰਸਾ ਨਹੀਂ ਕੀਤੀ ਗਈ। ਬਿਨਾਂ ਪ੍ਰਕਿਆ ਤੋਂ ਸਜ਼ਾ ਨਹੀਂ ਦਿੱਤੀ ਜਾਂਦੀ ਤੇ ਕਿਸੇ ਤਰ੍ਹਾਂ ਦੀ ਯਾਤਨਾ ਨਹੀਂ ਦਿੱਤੀ ਜਾਂਦੀ। ਲੋਕ ਵੱਡੀ ਪੱਧਰ ਤੇ ਇਨਕਲਾਬੀ ਕਾਰਵਾਈਆਂ ਦਾ ਸਾਥ ਦਿੰਦੇ ਹਨ। ਅੱਜ ਦਾ ਇਹ ਇਕੱਠ ਇਸ ਦੀ ਮਿਸਾਲ ਹੈ। ਜੋ ਕੁਝ ਹੁਣ ਤਕ ਦੁਨੀਆਂ ਵਿਚ ਵਾਪਰ ਰਿਹਾ ਹੈ ਉਸ ਤੋਂ ਸਾਰਾ ਸਮਾਜ ਭਿੰਨ ਹੈ। ਅਸੀਂ ਲੋਕਾਂ ਵਿਚ ਭਰੱਪਣ ਤੇ ਇਕਜੁੱਟਤਾ ਦਾ ਸੰਚਾਰ ਕਰ ਰਹੇ ਹਾਂ, ਆਪਣੇ ਦੇਸ਼ ਵਿਚ ਵੀ ਤੇ ਬਾਹਰੀ ਦੇਸ਼ਾਂ ਵਿਚ ਵੀ।

ਨਵੀਆਂ ਪੀੜ੍ਹੀਆਂ ਤੇ ਸਮੁੱਚੀ ਲੁਕਾਈ ਨੂੰ ਵਾਤਾਵਰਣ ਦੀ ਸੁਰਖਿਆ ਲਈ ਸਿਖਿਅਤ ਕੀਤਾ ਜਾ ਰਿਹਾ ਹੈ। ਸੰਚਾਰ ਸਾਧਨਾਂ ਨੂੰ ਵਾਤਾਵਰਣ ਸੰਬੰਧੀ ਚੇਤਨਾ ਪੈਦਾ ਕਰਨ ਲਈ ਵਰਤਿਆ ਜਾ ਰਿਹਾ ਹੈ।

ਸਾਡਾ ਦੇਸ਼ ਪੱਕੇ ਪੈਰੀਂ ਆਪਣੀ ਸਭਿਆਚਾਰਕ ਪਛਾਣ ਨੂੰ ਬਚਾ ਰਿਹਾ ਹੈ, ਦੂਸਰੇ ਸਭਿਆਚਾਰਾਂ ਦੀਆਂ ਵਧੀਆ ਕਦਰਾਂ ਕੀਮਤਾਂ ਨੂੰ ਆਤਮਸਾਤ ਕਰ ਰਿਹਾ ਹੈ ਤੇ ਨਾਲ਼ ਹੀ ਪੱਕੇ ਇਰਾਦੇ ਨਾਲ਼ ਜੋ ਕੁਝ ਵੀ ਤੋੜਦਾ-ਮਰੋੜਦਾ ਹੈ, ਵੱਖ ਕਰਦਾ ਹੈ ਜਾਂ ਨਿਘਾਰ ਵਲ ਲਿਜਾਂਦਾ ਹੈ ਉਸ ਨਾਲ਼ ਲੋਹਾ ਲਿਆ ਜਾ ਰਿਹਾ ਹੈ।

ਸਮੁੱਚਤਾ ਵਿਚ ਵਿਕਾਸ ਅਤੇ ਪਰੰਪਰਾਗਤ (ਕਿੱਤਾ-ਰਹਿਤ) ਸਾਡੀਆਂ ਖੇਡਾਂ ਨੇਦੁਨੀਆਂ ਵਿਚ ਸਾਡੇ ਲੋਕਾਂ ਦਾ ਕੱਦ, ਮੈਡਲਾਂ ਪੱਖੋਂ ਤੇ ਮਿਲ਼ੇ ਮਾਣ ਕਾਰਣ ਬਹੁਤ ਉਚਾ ਕੀਤਾ ਹੈ।

ਵਿਗਿਆਨਕ ਖੋਜਾਂ, ਲੋਕਾਂ ਅਤੇ ਮਨੁੱਖਤਾ ਦੀ ਸੇਵਾ ਵਿਚ ਹਨ। ਉਨ੍ਹਾਂ ਵਿਚ ਸੈਂਕੜੇ



ਗੁਣਾਂ ਵਾਧਾ ਹੋਇਆ ਹੈ। ਯਤਨਾਂ ਦੇ ਨਤੀਜੇ ਵਜੋਂ ਦਵਾ-ਦਾਰੂ ਕਿਊਬਾ ਅਤੇ ਦੂਸਰੇ ਦੇਸ਼ਾਂ ਵਿਚ ਵੀ ਜ਼ਿੰਦਗੀਆਂ ਬਚਾ ਰਿਹਾ ਹੈ। ਕਿਊਬਾ ਨੇ ਇਕ ਵੀ ਬਾਇਲੋਜੀਕਲ ਹਥਿਆਰ ਬਣਾਉਣ ਲਈ ਖੋਜ ਨਹੀਂ ਕੀਤੀ। ਕਿਉਂਕਿ ਇਹ ਸਾਡੇ ਨਿਯਮਾਂ ਤੇ ਦਰਸ਼ਨ ਵਿਰੁੱਧ ਹੋਵੇਗਾ ਅਤੇ ਸਾਡੇ ਭੂਤਕਾਲ ਤੇ ਸਮਕਾਲੀ ਸਿਖਿਆ ਤੇ ਵਿਗਿਆਨਕ ਸੋਚ ਦੀ ਹੇਠੀ ਕਰੇਗਾ।

ਕਿਸੇ ਹੋਰ ਲੋਕ-ਸਮੂਹ ਵਿਚ ਅਜਿਹੀ ਆਲਮੀ ਏਕਤਾ ਏਨੀਆਂ ਡੂੰਘੀਆਂ ਜੜ੍ਹਾਂ ਨਹੀਂ ਫੜ ਸਕਦੀ।

ਫਰਾਂਸ ਵਰਗੇ ਯੂਰਪ ਦੇ ਮਹੱਤਵਪੂਰਣ ਦੇਸ਼ਾਂ ਨਾਲ਼ ਰਾਜਨੀਤਕ ਅਤੇ ਆਰਥਿਕ ਸੰਬੰਧਾਂ ਦੀ ਬਲੀ ਦੇ ਕੇ ਸਾਡੇ ਦੇਸ਼ ਨੇ ਫਰਾਂਸੀਸੀ ਬਸਤੀਵਾਦ ਵਿਰੁੱਧ ਅਲਜੀਰੀਆਈ ਬਹਾਦਰ ਲੋਕਾਂ ਦੀ ਮਦਦ ਕੀਤੀ। ਮੋਰੋਕੋ ਦੇ ਵਿਸਤਾਰਵਾਦੀ ਰਵੱਈਏ ਵਿਰੁੱਧ ਅਸੀਂ ਅਲਜੀਰੀਆ ਨੂੰ ਹਥਿਆਰ ਤੇ ਫੌਜ ਭੇਜੀ। ਉਦੋਂ ਜਦੋਂ ਰਾਜੇ ਨੇ ਅਲਜੀਰੀਆ ਦੇ ਦੱਖਣ-ਪੱਛਮ ਵਿਚ ਟਿੰਡੋਫ਼ ਸ਼ਹਿਰ ਨੇੜੇ ਗਾਰਾ ਜੈਬੀਲੇਟ ਲੋਹੇ ਦੀਆਂ ਖਾਣਾਂ ਉਪਰ ਕੰਟਰੋਲ ਕਰਨ ਦਾ ਯਤਨ ਕੀਤਾ। ਅਰਬ ਦੇਸ਼ ਸੀਰੀਆ ਦੀ ਬੇਨਤੀ ਤੇ 1973-1975 ਦੌਰਾਨ ਗੋਲਾਨ ਹਾਈਟਸ ਦੇ ਨਾਲ਼ ਨਾਲ਼ ਟੈਂਕਾਂ ਦਾ ਪੂਰਾ ਬਰਗੇਡ ਖੜਾ ਕੀਤਾ ਗਿਆ ਜਦੋਂ ਗੈਰਵਾਜਿਬ ਢੰਗ ਨਾਲ਼ ਇਸ ਇਲਾਕੇ ਉਪਰ ਕਬਜ਼ਾ ਕੀਤਾ ਗਿਆ। ਰਿਪਬਲਿਕ ਆਫ਼ ਕਾਂਗੋ ਵਲੋਂ ਆਜ਼ਾਦੀ ਲੈਣ ਪਿੱਛੋਂ ਜਦੋਂ ਇਸਦੇ ਨੇਤਾ ਪੈਟਰਿਸ ਲੂਮੂੰਬਾ ਨੂੰ ਦਿੱਕ ਕੀਤਾ ਗਿਆ ਤਾਂ ਉਸਨੇ ਸਾਡੀ ਰਾਜਨੀਤਕ ਮਦਦ ਲਈ। 1961 ਈ. ਵਿਚ ਜਦੋਂ ਸਾਮਰਾਜੀ ਤਾਕਤਾਂ ਨੇ ਉਸਦਾ ਕਤਲ ਕਰ ਦਿੱਤਾ ਤਾਂ ਅਸੀਂ ਉਸਦੇ ਪੈਰੋਕਾਰਾਂ ਦੀ ਮਦਦ ਕੀਤੀ। ਚਾਰ ਸਾਲ ਬਾਅਦ 1965 ਵਿਚ ਤਾਂਗਾਨੀਕਾ ਲੇਕ ਦੇ ਖੇਤਰ ਵਿਚ ਜਿੱਥੇ ਚੀ ਗਵੇਰਾ ਤੇ 100 ਤੋਂ ਉਪਰ ਕਿਊਬਾ ਦੇ ਇਸਟਕਟਰਾਂ ਨੇ ਕੋਂਗੋ ਦੇ ਗੁਰੀਲਿਆਂ ਦੀ ਮਦਦ ਕੀਤੀ ਜੋ ਭਾੜੇ ਦੇ ਸਿਪਾਹੀਆਂ ਨਾਲ ਲੜ ਰਹੇ ਸਨ, ਜੋ ਪੱਛਮੀ ਸਹਿਯੋਗ ਨਾਲ਼ 'ਮਾਨਵ ਸੇਵਾ' ਕਰ ਰਹੇ ਸਨ - ਉਥੇ ਵੀ ਕਿਊਬਾ ਦੇ ਲੋਕਾਂ ਦਾ ਲਹੂ ਡੁਲ੍ਹਿਆ। ਇਥੇ ਮਬੂਤੂ ਨੇ ਚਾਰ ਸੌ ਲੱਖ ਡਾਲਰ ਚੋਰੀ ਕਰਕੇ ਕਿਸੇ ਯੂਰਪੀ ਬੈਂਕ ਵਿਚ ਰੱਖ ਦਿੱਤੇ ਜਿਸ ਦਾ ਕੋਈ ਵੀ ਥੋਹ ਪਤਾ ਨਹੀਂ ਸੀ। ਅਫਰੀਕਨ ਪਾਰਟੀ ਦੇ ਸਿਪਾਹੀਆਂ ਲਈ ਵੀ ਕਿਊਬਾ ਦੇ ਇਨਸਟਰਕਟਰਾਂ ਨੇ ਆਪਣਾ ਖ਼ੂਨ ਦਿੱਤਾ ਜੋ ਅਮਿਲਕਾਰ ਕੈਬਰਲ ਦੀ ਅਗਵਾਈ ਵਿਚ ਗੁਏਨਾ ਅਤੇ ਕੇਪ ਵਰਡ ਪੂਰਵਲੀਆਂ ਪੁਰਤਗਾਲੀ ਬਸਤੀਆਂ ਦੀ ਆਜ਼ਾਦੀ ਲਈ ਲੜ ਰਹੇ ਸਨ।

ਦਸ ਸਾਲਾਂ ਦੌਰਾਨ ਕਿਊਬਾ ਨੇ ਅੰਗੋਲਾ ਦੀ ਆਜ਼ਾਦੀ ਲਈ ਸੰਘਰਸ਼ ਕਰ ਰਹੇ ਅਗੋਟੀਨੋ ਨੇਟੋ ਦੀ ਐਮ.ਪੀ.ਐਲ.ਏ. ਦਾ ਸਾਥ ਦਿੱਤਾ। 15 ਸਾਲ ਦੇ ਸੰਘਰਸ਼ ਬਾਅਦ ਜਦੋਂ ਆਜ਼ਾਦੀ ਮਿਲੀ ਤਾਂ ਨਸਲਵਾਦੀ ਦੱਖਣੀ ਅਫ਼ਰੀਕਾ ਦੇ ਅੰਗੋਲਾ ਵਿਰੁੱਧ ਹਮਲਿਆਂ ਦੌਰਾਨ ਕਿਊਬਾ ਦੇ ਸਵੈਯੰਸੇਵੀਆਂ ਨੇ ਅੰਗੋਲਾ ਦੀ ਰੱਖਿਆ ਕੀਤੀ। ਇਸ ਹਮਲੇ ਦੌਰਾਨ ਅਮਰੀਕੀ ਨਸਲ ਪ੍ਰਸਤੀਆਂ ਦੇ ਨਾਲ਼ ਸੀ ਜੋ ਜੰਗ ਦੀ ਗੰਦੀ ਖੇਡ ਖੇਡ ਰਿਹਾ ਸੀ। ਉਸਨੇ ਲੱਖਾਂ ਮਾਈਨਾਂ ਵਿਛਾਈਆਂ, ਪਿੰਡਾਂ ਦੇ ਪਿੰਡ ਤਬਾਹ ਕੀਤੇ ਤੇ ਪੰਜ ਲੱਖ ਤੋਂ ਉਪਰ, ਅੰਗੋਲਾ ਦੇ ਮਰਦ, ਔਰਤਾਂ ਅਤੇ ਬੱਚਿਆਂ ਦਾ ਕਤਲ ਕੀਤਾ।

.ਨਾਮੀਬੀਆ ਦੀ ਸਰਹੱਦ ਤੇ ਕਿਊਟੋ ਕਿਊਆਨਾਵੇਲ ਵਿਚ ਅੰਗੋਲਾ ਦੇ ਦੱਖਣ ਪੱਛਮ ਵਲ, ਅੰਗੋਲਾ, ਨਾਮੀਬੀਆ ਅਤੇ 40,000 ਕਿਊਬਾ ਸਿਪਾਹੀਆਂ ਨੇ ਦੱਖਣ ਅਫਰੀਕਾ ਤੇ

ਆਖਰੀ ਹਮਲਾ ਬੋਲਿਆ। ਨਾਮੀਬੀਆ ਦੇ ਇਕਦਮ ਆਜ਼ਾਦ ਨਤੀਜੇ ਵਜੋਂ ਨਸਲਪ੍ਰਸਤੀ ਦਾ ਖਾਤਮਾ 20-25 ਸਾਲ ਪਹਿਲਾਂ ਪੈ ਗਿਆ। ਇਸ ਸਮੇਂ ਦੱਖਣੀ ਅਫਰੀਕਾ ਕੋਲ਼ ਸੱਤ ਐਟਮ ਲਿਆਣ ਵਾਲ਼ੇ ਵਾਹਨ ਸਨ ਜੋ ਉਸਨੂੰ ਇਜ਼ਰਾਈਲ ਤੋਂ ਮਿਲ਼ੇ ਸਨ। ਇਜ਼ਰਾਈਲ ਨੇ ਅਮਰੀਕਾ ਦੀ ਜਾਣਕਾਰੀ ਵਿਚ ਇਹ ਬੰਬ ਤਿਆਰ ਕੀਤੇ ਸਨ।

ਤਕਰੀਬਨ 15 ਸਾਲਾਂ ਦੌਰਾਨ ਕਿਊਬਾ ਨੇ ਵਿਅਤਨਾਮ ਨਾਲ਼ ਇਕਜੁੱਟਤਾ ਦਿਖਾਈ। ਵਿਅਤਨਾਮ ਅਮਰੀਕਾ ਨਾਲ਼ ਬੜੀ ਜ਼ਾਲਮਾਨਾ ਲੜਾਈ ਲੜ ਰਿਹਾ ਸੀ। ਇਸ ਜੰਗ ਨੇ 40 ਲੱਖ ਵੀਅਤਨਾਮੀਆਂ ਨੂੰ ਮਾਰ ਮੁਕਾਇਆ। ਜ਼ਖ਼ਮੀ ਇਨ੍ਹਾਂ ਤੋਂ ਵੱਖ ਸਨ। ਇਹ ਤੱਥ ਵੀ ਸਾਹਮਣੇ ਸੀ ਕਿ ਇਸ ਜੰਗ ਵਿਚ ਰਸਾਇਣਕ ਹਥਿਆਰ ਵਰਤੇ ਗਏ ਜਿਨ੍ਹਾਂ ਨੇ ਬੇਹਿਸਾਬਾ ਨੁਕਸਾਨ ਕੀਤਾ। ਸੰਦਰਭ ਇਹ ਸੀ ਕਿ ਗਰੀਬ, ਅਣਵਿਕਸਿਤ ਵਿਅਤਨਾਮ ਜੋ ਅਮਰੀਕਾ ਤੋਂ 20,000 ਕਿਲੋਮੀਟਰ ਦੂਰ ਸੀ, ਉਸ ਤੋਂ ਅਮਰੀਕਾ ਦੀ ਹਿਫ਼ਾਜ਼ਤ ਨੂੰ ਖ਼ਤਰਾ ਸੀ।

ਕਿਊਬਾ ਦਾ ਖ਼ੂਨ ਕਈ ਲੈਟਿਨ ਅਮਰੀਕੀ ਦੇਸ਼ਾਂ ਦੇ ਨਾਲ਼ ਵਗਿਆ। ਚੀ ਗਵੇਰਾ ਦਾ ਖ਼ੂਨ ਵੀ ਇਸ ਵਿਚ ਸ਼ਾਮਿਲ ਸੀ ਜਿਸ ਨੂੰ ਅਮਰੀਕਾ ਦੇ ਏਜੰਟਾਂ ਦੀ ਸ਼ਹਿ ਤੇ ਬੋਲੀਵੀਆ ਵਿਚ ਕਤਲ ਕਰ ਦਿੱਤਾ ਗਿਆ। ਇਹ ਉਸ ਵੇਲੇ ਹੋਇਆ ਜਦੋਂ ਉਸਦਾ ਲੜਾਈ ਵਿਚ ਹਥਿਆਰ ਨਕਾਰਾ ਹੋ ਗਿਆ ਤੇ ਉਸਨੂੰ ਬੰਦੀ ਬਣਾਇਆ ਗਿਆ। ਕਿਊਬਾ ਦੇ ਕਾਮੇ ਜੋ ਗਰੇਨੇਡਾ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਪੂਰਾ ਕਰਨ ਦੇ ਨੇੜੇ ਸਨ ਕਿ ਅਮਰੀਕਾ ਨੇ ਬਹਾਨਾ ਬਣਾ ਕੇ ਹਮਲਾ ਕੀਤਾ ਤੇ ਕਿਊਬਾ ਦੇ ਕਾਮੇ ਮਾਰੇ ਗਏ। ਇਹ ਅੱਡਾ ਛੋਟੇ ਜਿਹੇ ਦੀਪ ਲਈ ਸੈਰ ਸਪਾਟੇ ਤੋਂ ਆਰਥਿਕ ਕਮਾਈ ਦਾ ਬਹੁਤ ਵੱਡਾ ਸਾਧਨ ਸੀ।

ਕਿਊਬਾ ਦਾ ਖ਼ੂਨ ਨਿਕਾਰਾ ਗੂਆ ਵਿਚ ਵੀ ਵਗਿਆ ਜਦੋਂ ਸਾਡੇ ਫੌਜੀ ਨਿਕਾਰਾਗੁਆ ਸਿਪਾਹੀਆਂ ਨੂੰ ਸਿਖਲਾਈ ਦੇ ਰਹੇ ਸਨ। ਨਿਗਾਰਾਗੁਆ ਦੇ ਸਿਪਾਹੀ ਸੈਂਡੀਨਿਸਤਾ ਇਨਕਲਾਬ ਦੇ ਖਿਲ਼ਾਫ ਅਮਰੀਕਾ ਵਲੋਂ ਛੇੜੀ ਗਈ ਗੰਦੀ ਜੰਗ ਖ਼ਿਲ਼ਾਫ ਲੜ ਰਹੇ ਸਨ। ਬਹੁਤ ਸਾਰੀਆਂ ਹੋਰ ਉਦਾਹਰਣਾਂ ਵੀ ਦਿੱਤੀਆਂ ਜਾ ਸਕਦੀਆਂ ਹਨ। ਆਪਣੇ ਭ੍ਰਾਤਰੀ ਦੇਸ਼ਾਂ ਵਿਚ ਚਲੇ ਆਜ਼ਾਦੀ ਦੇ ਯੁੱਧਾਂ ਵਿਚ ਪਵਿਤ੍ਰ ਫਰਜ਼ ਨਿਭਾਉਂਦਿਆਂ ਸਹਾਇਤਾ ਦੇਣ ਲਈ 2000 ਤੋਂ ਉਪਰ ਕਿਊਬਾ ਦੇ ਬਹਾਦਰ ਜੋਧਿਆਂ ਨੇ ਜਾਨਾਂ ਦਿੱਤੀਆਂ। ਇਨ੍ਹਾਂ ਦੇਸ਼ਾਂ ਵਿਚ ਕਿਊਬਾ ਦੀ ਇਕ ਵੀ ਜਾਇਦਾਦ ਨਹੀਂ ਸੀ। ਸਾਡੇ ਸਮਿਆਂ ਵਿਚ ਕਿਸੇ ਹੋਰ ਦੇਸ਼ ਨੇ ਅਜਿਹੀ ਨਿਰਸੁਆਰਥ ਇਕਜੁੱਟਤਾ ਨਹੀਂ ਦੱਸੀ।

ਕਿਊਬਾ ਮਿਸਾਲ ਦੇ ਕੇ ਪ੍ਰਚਾਰ ਕਰਦਾ ਹੈ। ਇਹ ਕਦੇ ਝੁਕਿਆ ਨਹੀਂ। ਇਸਨੇ ਹੋਰਨਾਂ ਲੋਕਾਂ ਦੇ ਕਾਜ਼ ਨੂੰ ਬੇਚਿਆ ਨਹੀਂ। ਇਸਨੇ ਕਦੇ ਅਸੂਲਾਂ ਨੂੰ ਤਿਲਾਂਜਲੀ ਨਹੀਂ ਦਿੱਤੀ। ਕੋਈ ਕਾਰਣ ਤਾਂ ਹੋਵੇਗਾ ਕਿ 48 ਘੰਟੇ ਪਹਿਲਾਂ ਇਹ ਸਤਿਕਾਰਰਿਤ ਯੂਨਾਈਟਡ ਨੇਸ਼ਨ ਦੀ ਆਰਥਿਕ ਤੇ ਸਮਾਜਿਕ ਕਾਊਂਸਿਲ ਲਈ ਮਾਨਵੀ ਅਧਿਕਾਰ ਕਮਿਸ਼ਨ ਵਿਚ ਦੁਬਾਰਾ ਤਿੰਨ ਸਾਲਾਂ ਲਈ ਚੁਣਿਆ ਗਿਆ ਹੈ ਜਿਸਦਾ ਇਹ 15 ਸਾਲਾਂ ਤੋਂ ਮੈਂਬਰ ਚਲਿਆ ਆ ਰਿਹਾ ਹੈ।5 ਲੱਖ ਕਿਊਬਾ ਦੇ ਯੋਧਿਆਂ, ਅਧਿਆਪਕਾਂ ਟੈਕਨੀਸ਼ੀਅਨਾਂ, ਡਾਕਟਰਾਂ ਅਤੇ ਸਿਹਤ ਕਾਮਿਆਂ ਨੇ ਅੰਤਰਰਾਸ਼ਟਰੀ ਮਿਸ਼ਨਾਂ ਵਿਚ ਹਿੱਸਾ ਲਿਆ। ਇਨ੍ਹਾਂ ਹਜ਼ਾਰਾਂ ਨੇ ਆਪਣੀਆਂ ਸੇਵਾਵਾਂ ਨਾਲ਼ 40 ਸਾਲਾਂ ਵਿਚ ਲੱਖਾਂ ਲੋਕਾਂ ਨੂੰ ਜੀਵਨਦਾਨ ਦਿੱਤਾ। ਮੈਡੀਕਲ, ਅਤੇ ਹੋਰ ਸਿਹਤ ਸੇਵਾਵਾਂ ਵਿਚ ਨਿਪੁੰਨ 3000 ਵਿਸ਼ੇਸ਼ੱਗ 18 ਵਿਕਾਸਸ਼ੀਲ ਦੇਸ਼ਾਂ ਵਿਚ ਦੂਰ ਦਰਾਜ ਦੇ



ਥਾਵਾਂ ਤੇ ਸੇਵਾਵਾਂ ਦੇ ਰਹੇ ਹਨ। ਚਿਕਿਤਸਾ ਤੇ ਪਹਿਲਾਂ ਕੀਤੇ ਜਾਂਦੇ ਬਚਾਊ ਕਦਮਾਂ ਰਾਹੀਂ ਉਨ੍ਹਾਂ ਨੇ ਹਰ ਸਾਲ ਹਜ਼ਾਰਾਂ ਜ਼ਿੰਦਗੀਆਂ ਬਚਾਈਆਂ ਹਨ। ਲੱਖਾਂ ਲੋਕਾਂ ਨੂੰ ਇਕ ਵੀ ਪੈਸਾ ਲਏ ਤੋਂ ਬਗੈਰ ਸਿਹਤਮੰਦ ਕੀਤਾ ਹੈ।

ਜੇ ਕਿਊਬਾ ਦੇ ਡਾਕਟਰ ਸੰਯੁਕਤ ਰਾਸ਼ਟਰ ਵਿਚ ਨਾ ਜਾਂਦੇ ਤਾਂ ਸਮੁੱਚਾ ਦੇਸ਼/ਰਾਸ਼ਟਰ ਤੇ ਉਪਸਹਾਰਾ ਦਾ ਇਲਾਕਾ ਅਫਰੀਕਾ ਤਬਾਹੀ ਦੇ ਕੰਢੇ ਤੇ ਪਹੁੰਚਾ ਹੁੰਦਾ। ਏਡਜ਼ ਨਾਲ਼ ਲੜਨ ਦੀ ਯੋਜਨਾ ਚਲਾਉਣੀ ਸੰਭਵ ਨਾ ਹੁੰਦੀ। ਵਿਕਸਿਤ ਪੂੰਜੀਪਤੀ ਦੇਸ਼ਾਂ ਨੇ ਵਿੱਤੀ ਪੂੰਜੀ ਤਾਂ ਬੇਬਹਾ ਪੈਦਾ ਕੀਤੀ ਹੈ ਪਰ ਇਸਨੇ ਮਾਨਵੀ-ਪੂੰਜੀ ਪੈਦਾ ਨਹੀਂ ਕੀਤੀ ਜਿਸਦੀ ਦੁਨੀਆਂ ਨੂੰ ਬੇਹੱਦ ਲੋੜ ਹੈ। ਕਿਊਬਾ ਨੇ ਰੇਡੀਉ ਰਾਹੀਂ ਪੜ੍ਹਨ-ਲਿਖਣ ਦੀਆਂ ਤਕਨੀਕਾਂ ਦਾ ਵਿਕਾਸ ਕੀਤਾ ਹੈ। ਉਨ੍ਹਾਂ ਨੇ ਉਨ੍ਹਾਂ ਪਾਠਾਂ ਦਾ ਸਹਾਰਾ ਲਿਆ ਜਿਹੜੀਆਂ - ਹੈਡੀ, ਕਕਿਓਲ, ਪੁਰਤਗਾਲੀ, ਫਰਾਂਸੀਸੀ, ਅੰਗ੍ਰੇਜ਼ੀ ਤੇ ਸਪੇਨੀ ਪੰਜ ਭਾਸ਼ਾਵਾਂ ਵਿਚ ਮਿਲ਼ ਜਾਂਦੇ ਹਨ। ਇਹ ਪਾਠ ਪਹਿਲਾਂ ਹੀ ਕਈ ਦੇਸ਼ਾਂ ਵਿਚ ਵਰਤੋਂ ਵਿਚ ਲਿਆਂਦੇ ਜਾ ਰਹੇ ਹਨ। ਟੈਲੀਵਿਜ਼ਨ ਅਜਿਹੇ ਪ੍ਰੋਗਰਾਮ ਸਪੇਨੀ ਭਾਸ਼ਾ ਵਿਚ ਲਗਭਗ ਤਿਆਰ ਹਨ, ਜਿਨ੍ਹਾਂ ਦੀ ਗੁਣਵੱਤਾ ਬਹੁਤ ਊਚੀ ਹੈ। ਇਹ ਸਾਰੇ ਪ੍ਰੋਗਰਾਮ ਕਿਊਬਾ ਵਿਚ ਤਿਆਰ ਕੀਤੇ ਗਏ ਹਨ ਤੇ ਸਹੀ ਅਰਥਾਂ ਵਿਚ ਕਿਊਬਾ ਦੇ ਮੌਲਿਕ ਹਨ। ਅਸੀਂ ਪੇਟੈਂਟ ਕਰਵਾਉਣ ਤੇ ਆਪਣਾ ਕਾਪੀਰਾਈਟ ਅਧਿਕਾਰ ਜਿਤਾਉਣ ਵਿਚ ਦਿਲਚਸਪੀ ਨਹੀਂ ਰੱਖਦੇ। ਅਸੀਂ ਇਹ ਸਾਰੇ ਪ੍ਰੋਗਰਾਮ ਤੀਜੀ ਦੁਨੀਆਂ ਦੇ ਦੇਸ਼ਾਂ ਤਕ ਪਹੁੰਚਾਉਣਾ ਚਾਹੁੰਦੇ ਹਾਂ ਜਿੱਥੇ ਵਧੇਰੇ ਵਸੋਂ ਅਨਪੜ੍ਹ ਹੈ। ਸਾਡੀ ਇਹ ਸੇਵਾ ਮੁਫ਼ਤ ਹੈ। ਪੰਜ ਸਾਲਾਂ ਵਿਚ 800 ਕਰੋੜ ਅਨਪੜ੍ਹ ਲੋਕਾਂ ਨੂੰ ਪੜ੍ਹਾਉਣ ਦਾ ਖ਼ਰਚਾ 80% ਘਟਾਇਆ ਜਾ ਸਕਦਾ ਹੈ। ਸੋਵੀਅਤ ਯੂਨੀਅਨ ਅਤੇ ਸਮਾਜਵਾਦੀ ਖੇਮੇ ਦੇ ਬਿਖਰਨ ਨਾਲ਼ ਕੋਈ ਵੀ ਨਹੀਂ ਸੀ ਕਹਿ ਸਕਦਾ ਕਿ ਕਿਊਬਾ ਦਾ ਇਨਕਲਾਬ ਬਚੇਗਾ ਕਿ ਨਹੀਂ। ਅਮਰੀਕਾ ਨੇ ਸਾਡੀ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ। ਸੀਮਾ ਬਾਹਰੀ ਪ੍ਰਕ੍ਰਿਤੀ ਦੇ ਟੋਰੀ ਸੈਲੀ ਅਤੇ ਹੈਮਸ-ਬਰਟਨ ਕਾਨੂੰਨ ਪਾਸ ਕੀਤੇ ਗਏ। ਸਾਡੀਆਂ ਮੰਡੀਆਂ ਖੁੱਸ ਗਈਆਂ ਅਤੇ ਬਰਾਮਦ ਦੇ ਸੋਮੇਂ ਮੁੱਕ ਗਏ। ਲੋਕਾਈ ਨੂੰ ਮਿਲਣ ਵਾਲਾ ਪ੍ਰੋਟੀਨ ਤਕਰੀਬਨ ਅੱਧਾ ਰਹਿ ਗਿਆ। ਪਰ ਸਾਡਾ ਦੇਸ਼ ਇਸ ਦਬਾਅ ਸਾਹਮਣੇ ਵੀ ਖੜਾ ਰਿਹਾ ਅਤੇ ਸਮਾਜਿਕ ਖੇਤਰ ਵਿਚ ਉਸਨੇ ਗੌਲਣਯੋਗ ਤਰੱਕੀ ਕੀਤੀ।

ਅੱਜ ਇਸਨੇ ਲੋੜੀਂਦੇ ਪ੍ਰੋਟੀਨ ਦੀ ਲੋੜ ਪੂਰੀ ਕਰ ਲਈ ਹੈ ਅਤੇ ਦੂਸਰੇ ਖੇਤਰਾਂ ਵਿਚ ਅਗਾਂਹ ਵਧ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਵੀ ਹੱਥ 'ਚ ਲਏ ਕੰਮ ਤੇ ਇਨ੍ਹਾਂ ਵਰ੍ਹਿਆਂ ਦੌਰਾਨ ਚੇਤਨਾ ਵਿਕਾਸ ਦੇ ਕੰਮਾਂ ਵਿਚ ਚਮਤਕਾਰੀ ਵਿਕਾਸ ਹੋਇਆ। ਅਸੀਂ ਕਿਉਂ ਇਹ ਸਭ ਕੁਝ ਸਹਿ ਸਕੇ? ਕਿਉਂਕਿ ਇਨਕਲਾਬ ਨੂੰ ਹਮੇਸ਼ਾ, ਹੁਣ ਵੀ ਤੇ ਆਉਣ ਵਾਲ਼ੇ ਸਮੇਂ ਵਿਚ ਵੀ ਲੋਕਾਂ ਦਾ, ਬੁੱਧੀਮਾਨ ਲੋਕਾਂ ਦਾ ਅਤੇ ਇਕ ਜੁੱਟ ਪੜ੍ਹੇ ਲਿਖੇ ਤੇ ਜੁਝਾਰੂ ਲੋਕਾਂ ਦਾ ਬਹੁਤ ਵੱਡਾ ਸਾਥ ਮਿਲ਼ਿਆ ਹੈ।

ਕਿਊਬਾ ਪਹਿਲਾ ਦੇਸ਼ ਸੀ ਜਿਸੇ ਸਤੰਬਰ 11,2001 ਦੇ ਹਮਲੇ ਸਮੇਂ ਅਮਰੀਕਾ ਦੀ ਜੰਤਾ ਨਾਲ਼ ਇਕਮੁੱਠਤਾ ਦਿਖਾਈ। ਇਸ ਨੇ ਨਵੰਬਰ 2000 ਵਿਚ ਤਿਕੜਮ ਨਾਲ਼ ਸੱਤਾ ਵਿਚ ਆਏ ਲੋਕਾਂ ਦੀ ਫਾਸ਼ੀਵਾਦੀ ਪ੍ਰਵਿਰਤੀ ਬਾਰੇ ਸੁਚੇਤ ਕੀਤਾ ਜੋ ਦੁਨੀਆਂ ਉਪਰ ਆਪਣੀ ਸੱਤਾ ਲੱਦਣਾ ਚਾਹੁੰਦੀ ਸੀ। ਅਮਰੀਕਾ ਦੀ ਇਹ ਪਾਲਿਸੀ ਲੋਕਾਂ ਉਪਰ ਅਤਿਵਾਦੀ

ਹਮਲਿਆਂ ਦੇ ਜਵਾਬ ਵਿਚ ਉਨ੍ਹਾਂ ਅਤਿਵਾਦੀ ਸੰਗਠਨਾਂ ਦੇ ਵਿਰੋਧ ਵਿਚ ਨਹੀਂ ਸੀ ਜਿਨ੍ਹਾਂ ਨੇ ਭੂਤ ਕਾਲ ਵਿਚ ਅਮਰੀਕੀ ਸੱਤਾ ਦਾ ਸਾਥ ਦਿੱਤਾ ਸੀ। ਇਹ ਬੜੀ ਤਹਮਲ ਚਾਲ ਨਾਲ਼ ਤੇ ਬੜੇ ਇਹਤਿਆਤ ਨਾਲ਼ ਸੋਚੀ ਤੇ ਵਿਕਸਿਤ ਕੀਤੀ ਗਈ ਜੋ ਦੇਸ਼ ਦੀ ਫੌਜੀ ਤਿਆਰੀ ਵਿਚ ਵਾਧੇ ਲਈ ਹਥਿਆਰਾਂ ਉਪਰ ਬੇਤਹਾਸ਼ਾ ਖਰਚ ਕਰਦੀ ਹੈ ਜਦ ਕਿ ਠੰਡੀ-ਜੰਗ ਸਮਾਪਤ ਹੋ ਚੁੱਕੀ ਹੈ, ਸਤੰਬਰ 11, 2001 ਤੋਂ ਵੀ ਪਹਿਲਾਂ। ਮੰਦਭਾਗੀ ਘਟਨਾ ਦਾ ਬਹਾਨਾ ਬਣਾ ਕੇ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ।

ਨੌਂ ਦਿਨ ਪਹਿਲਾਂ ਹੋਈ ਦੁਖਾਂਤ ਘਟਨਾ ਤੋਂ ਦਹਿਲੀ ਹੋਈ ਕਾਂਗਰਸ ਵਿਚ ਸਤੰਬਰ 20 ਨੂੰ ਪ੍ਰਧਾਨ ਬੁੱਸ਼ ਨੇ ਇਸ ਦਾ ਇਜ਼ਹਾਰ ਕੀਤਾ। ਭੜਕਾਊ ਸ਼ਬਦਾਵਲੀ ਵਿਚ ਉਸਨੇ 'ਅੰਤਿਮ ਇਨਸਾਫ਼' ਨੂੰ ਆਪਣਾ ਨਿਸ਼ਾਨਾ ਦੱਸਿਆ ਜੋ ਸਪੱਸ਼ਟ ਤੌਰ ਤੇ ਅੰਤਿਮ ਹੋਵੇਗੀ।

"ਅਮਰੀਕਨਾਂ ਨੂੰ ਇਕ ਲੜਾਈ ਦੀ ਆਸ ਨਹੀਂ ਕਰਨੀ ਚਾਹੀਦੀ। ਇਸ ਲਈ ਲੰਬੀ ਲੜਾਈ ਲੜਨੀ ਪਵੇਗੀ ਜੋ ਅਸੀਂ ਪਹਿਲੇ ਕਦੇ ਨਹੀਂ ਦੇਖੀ।"

"ਅਸੀਂ ਲੜਾਈ ਦਾ ਹਰ ਲੋੜੀਂਦਾ ਹਥਿਆਰ ਵਰਤਾਂਗੇ।"

"ਹਰ ਖੇਤਰ ਦੇ ਹਰ ਦੇਸ਼ ਨੂੰ ਇਹ ਫੈਸਲਾ ਕਰਨਾ ਹੋਵੇਗਾ ਕਿ ਤੁਸੀਂ ਸਾਡੇ ਨਾਲ਼ ਹੋ ਜਾਂ ਅਤਿਵਾਦੀਆਂ ਨਾਲ਼।"

"ਮੈਂ ਫੌਜਾਂ ਨੂੰ ਸਤਰਕ ਰਹਿਣ ਲਈ ਕਹਿ ਦਿੱਤਾ ਹੈ, ਇਸ ਲਈ ਕਾਰਣ ਮੌਜੂਦ ਹਨ। ਉਹ ਸਮਾਂ ਆ ਰਿਹਾ ਹੈ ਕਿ ਅਮਰੀਕਾ ਅਮਲ ਕਰੇਗਾ।"

"ਇਹ ਸਾਡੀ ਸਭਿਅਤਾ ਦੀ ਲੜਾਈ ਹੈ।"

"ਸਾਡੇ ਸਮੇਂ ਦੀ ਮਹਾਨ ਪ੍ਰਾਪਤੀ ਅਤੇ ਸਾਰੇ ਸਮਿਆਂ ਦੀ ਆਸ਼ਾ --- ਸਾਡੇ ਉਪਰ ਨਿਰਭਰ ਕਰਦੀ ਹੈ।"

"ਇਸ ਲੜਾਈ ਦਾ ਰਾਹ ਅਣਜਾਣਾ ਹੈ, ਪਰ ਨਤੀਜਾ ਨਿਸ਼ਚਿਤ ਹੈ। --- ਤੇ ਅਸੀਂ ਜਾਣਦੇ ਹਾਂ ਕਿ ਭਗਵਾਨ ਵੀ ਗੈਰ ਜਾਨਬਦਾਰ ਨਹੀਂ।"

ਕੀ ਕੋਈ ਰਾਜਨੇਤਾ ਜਾਂ ਕੋਈ ਬੇਲਗਾਮ ਜਨੂੰਨੀ ਵੀ ਅਜਿਹੀ ਸ਼ਬਦਾਵਲੀ ਦਾ ਇਸਤੇਮਾਲ ਕਰ ਸਕਦਾ ਹੈ? ਦੋ ਦਿਨ ਬਾਅਦ 22 ਸਤੰਬਰ ਨੂੰ ਕਿਊਬਾ ਨੇ ਇਸ ਭਾਸ਼ਣ ਨੂੰ ਰੱਦ ਕਰ ਦਿੱਤਾ ਕਿਉਂਕਿ ਇਹ ਬਿਨਾਂ ਕਿਸੇ ਵੀ ਅੰਤਰਰਾਸ਼ਟਰੀ ਕਾਨੂੰਨ ਅਤੇ ਕਿਸੇ ਤਰ੍ਹਾਂ ਦੀ ਸੰਸਥਾ ਤੋਂ ਇਨਕਾਰੀ ਜ਼ਾਲਿਮ ਸ਼ਕਤੀ ਵਲੋਂ ਵਿਸ਼ਵੀ ਫੌਜੀ ਤਾਨਾਸ਼ਾਹੀ ਵਲ ਨੂੰ ਲਿਜਾਣ ਦਾ ਵਿਚਾਰ ਪੇਸ਼ ਕਰ ਰਿਹਾ ਸੀ।

"ਯੂ.ਐਨ.ਓ. ਨੇ ਸਮਕਾਲੀ ਸੰਕਟ ਨੂੰ ਅਣਗੌਲ਼ਿਆ ਕਰ ਦਿੱਤਾ। ਇਸ ਲਈ ਉਸਦਾ ਏਕਾਧਿਕਾਰ ਜਾਂ ਸੱਤਾ ਅਸਫ਼ਲ ਹੋ ਜਾਵੇਗੀ। ਭਵਿੱਖ ਵਿਚ ਇਕ ਬਾਸ, ਇਕੋ ਜੱਜ ਅਤੇ ਇਕੋ ਕਾਨੂੰਨ ਹੋਵੇਗਾ।"

ਕਈ ਮਹੀਨੇ ਬਾਅਦ ਵੈਸਟ ਪੁਆਇੰਟ ਮਿਲਟਰੀ ਅਕੈਡਮੀ ਦੀ ਸਾਲਗਰਹਿ ਦੇ ਮੌਕੇ ਤੇ ਜੂਨ 3, 2002 ਨੂੰ 958 ਕੈਡੇਟਾਂ ਦੀ ਗਰੈਜੂਏਸ਼ਸ਼ ਸਮੇਂ ਪ੍ਰਧਾਨ ਕਲਿੰਟਨ ਨੇ ਅਜਿਹੀ ਸੋਚ ਦੀ ਵਿਆਖਿਆ ਕਰਦਿਆਂ ਨੌਜਵਾਨਾਂ ਸਾਹਵੇਂ ਆਪਣੇ ਮੂਲ਼ ਵਿਚਾਰ ਪ੍ਰਗਟਾਉਂਦਿਆਂ ਕਿਹਾ: 'ਸਾਡੀ ਰੱਖਿਆ ਲਈ ਫੌਜ ਵਿਚ ਪਰਿਵਰਤਨਾਂ ਦਾ ਲੋੜ ਹੈ, ਜਿਸਨੂੰ ਤੁਸੀਂ



ਅਗਵਾਈ ਦੇਣੀ ਹੈ। ਕਿਸੇ ਵੀ ਦੁਨੀਆਂ ਦੇ ਹਨੇਰੇ ਕੋਣੇ ਵਿਚ ਫੌਜ ਨੂੰ ਅੱਖ ਦੇ ਫੋਰੇ ਵਿਚ ਹਮਲਾ ਕਰਨ ਲਈ ਤਿਆਰ ਰਹਿਣਾ ਹੋਵੇਗਾ। ਸੁਰਖਿਆ ਲਈ ਅਮਰੀਕਨਾਂ ਨੂੰ ਅਗਾਂਹ ਦੀ ਸੋਚ ਅਤੇ ਪੱਕੇ ਇਰਾਦੇ ਨਾਲ਼ ਤਿਆਰ ਬਰ ਤਿਆਰ ਰਹਿਣਾ ਹੋਵੇਗਾ। ਸਾਨੂੰ ਆਪਣੀ ਆਜ਼ਾਦੀ ਅਤੇ ਜ਼ਿੰਦਗੀਆਂ ਬਚਾਉਣ ਲਈ ਅਗਾਊਂ ਹਮਲੇ ਲਈ ਤਿਆਰ ਰਹਿਣਾ ਹੋਵੇਗਾ।"

"ਸਾਨੂੰ 60 ਜਾਂ ਇਸ ਤੋਂ ਵੱਧ ਦੇਸ਼ਾਂ ਵਿਚ ਆਤੰਕ ਦੇ ਕੇਂਦਰੀ (ਸੈਲਾਂ) ਨੂੰ ਲੱਭਣਾ ਪਵੇਗਾ।"

"ਸਿਪਾਹੀਉ ਤੁਹਾਨੂੰ ਉਥੇ ਭੇਜਿਆ ਜਾਵੇਗਾ, ਜਿੱਥੇ ਤੁਹਾਡੀ ਲੋੜ ਹੋਵੇਗੀ।"

ਅਸੀਂ ਅਮਰੀਕਾ ਦੀ ਹਿਫਾਜ਼ਤ ਅਤੇ ਧਰਤੀ ਦੀ ਸ਼ਾਂਤੀ ਨੂੰ ਕੁਝ ਸਿਰਫਿਰੇ ਆਤੰਕੀਆਂ ਅਤੇ ਜ਼ਾਲਮਾਂ ਦੇ ਰਹਿਮ ਤੇ ਨਹੀਂ ਛੱਡ ਸਕਦੇ। ਅਸੀਂ ਇਸ ਕਾਲ਼ੇ ਖਤਰੇ ਨੂੰ ਦੇਸ਼ ਅਤੇ ਦੁਨੀਆਂ ਤੋਂ ਮਿਟਾ ਦੇਵਾਂਗੇ।"

"ਕੁਝ ਲੋਕ ਚਿੰਤਾ ਕਰ ਸਕਦੇ ਹਨ ਕਿ ਸਹੀ ਤੇ ਗਲਤ ਦੀ ਭਾਸ਼ਾ ਬੋਲਣਾ ਕੂਟਨੀਤਕ ਨਹੀਂ ਜਾਂ ਗਰਮ ਬੋਲ ਹਨ ਪਰ ਮੈਂ ਇਸ ਨਾਲ਼ ਅਸਿਹਮਤ ਹਾਂ--- ਅਸੀਂ ਚੰਗੇ ਤੇ ਮੰਦੇ ਦੀ ਲੜ੍ਹਾਈ ਦਰਮਿਆਨ ਖੜ੍ਹੇ ਹਾਂ ਇਸ ਲਈ ਅਸੀਂ ਬੁਰਾਈ ਦਾ ਨਾਂ ਲੈ ਕੇ ਗੱਲ ਕਰਾਂਗੇ। ਬੇਕਾਨੂੰਨੀ ਰਾਜ ਅਤੇ ਬੁਰਾਈ ਨਾਲ਼ ਨਜਿੱਠਣ ਲਈ ਅਸੀਂ ਸਮੱਸਿਆਵਾਂ ਪੈਦਾ ਨਹੀਂ ਕਰਾਂਗੇ, ਅਸੀਂ ਸਮੱਸਿਆਵਾਂ ਤੋਂ ਪਰਦਾ ਉਠਾਵਾਂਗੇ। ਇਸਦਾ ਵਿਰੋਧ ਕਰਨ ਲਈ ਅਸੀਂ ਦੁਨੀਆਂ ਦੀ ਅਗਵਾਈ ਕਰਾਂਗੇ---।"

- ਸੈਂਟੀਆਗੋ ਵਿਚ ਜਨਰਲ ਐਂਟੋਨੀਉ ਮੈਸੀਓ ਸੁਕੇਅਰ ਤੇ ਜੂਨ ਅੱਠ 2002 ਨੂੰ ਸੈਂਟੀਆਗੋ ਦੇ 5 ਲੱਖ ਲੋਕਾਂ ਨੂੰ ਸੰਬੋਧਨ ਕਰਦਿਆਂ ਮੈਂ ਕਿਹਾ ਸੀ,"ਤੁਸੀਂ ਦੇਖ ਸਕਦੇ ਹੋ ਕਿ ਆਪਣੇ ਭਾਸ਼ਣ ਵਿਚ ਕਿਸੇ ਇਕ ਥਾਂ ਤੇ ਵੀ ਉਸਨੇ (ਕਲਿੰਟਨ) ਯੂ.ਐਨ.ਓ. ਦਾ ਜ਼ਿਕਰ ਨਹੀਂ ਕੀਤਾ। ਨਾ ਹੀ ਉਸਨੇ ਹਰੇਕ ਦੇ ਅਧਿਕਾਰਾਂ ਅਤੇ ਸੁਰਖਿਆ ਤੇ ਸ਼ਾਂਤੀ ਦਾ ਹੀ ਕਿਤੇ ਜ਼ਿਕਰ ਕੀਤਾ ਹੈ ਤੇ ਨਾਂ ਹੀ ਦੁਨੀਆਂ ਉਪਰ ਰਾਜ ਲਈ ਸਿਧਾਂਤਾਂ ਤੇ ਨਾਰਮਜ਼ ਦੀ ਲੋੜ ਉਪਰ ਕੁਝ ਕਿਹਾ ਗਿਆ।"

ਮੁਸ਼ਕਲ ਨਾਲ ਦੋ ਤਿਹਾਈ ਸਦੀ ਬੀਤੀ ਹੈ ਜਦੋਂ ਮਾਨਵਤਾ ਨੂੰ ਨਾਜ਼ੀਵਾਦ ਦੇ ਕੌੜੇ ਤਜਰਬੇ ਵਿਚੋਂ ਲੰਘਣਾ ਪਿਆ ਸੀ। ਵਿਰੋਧੀਆਂ ਖ਼ਿਲਾਫ਼ ਆਤੰਕ ਹਿਟਲਰ ਦਾ ਸਦਾ ਸਾਥੀ ਰਿਹਾ। ਬਾਅਦ ਵਿਚ ਆਤੰਕੀ ਫੌਜ ਨੇ ਯੁੱਧ ਛੇੜਿਆ ਜਿਸਨੇ ਸਾਰੀ ਦੁਨੀਆਂ ਨੂੰ ਲਪੇਟ ਵਿਚ ਲੈ ਲਿਆ। ਉਸ ਵੇਲੇ ਦੀਆਂ ਯੂਰਪੀ ਸ਼ਕਤੀਆਂ ਦੀ ਦ੍ਰਿਸ਼ਟੀਹੀਣਤਾ ਅਤੇ ਸੱਤਾ ਤੇ ਕਾਬਜ਼ ਗੀਦੀ ਲੀਡਰਾਂ ਨੇ ਮਹਾਂ ਦੁਖਾਂਤ ਲਈ ਰਾਹ ਖੋਲ੍ਹ ਦਿਤਾ। "ਮੈਂ ਨਹੀਂ ਸਮਝਦਾ ਕਿ ਫਾਸ਼ਵਾਦੀ ਰਾਜ ਅਮਰੀਕਾ ਵਿਚ ਸਥਾਪਿਤ ਹੋ ਸਕਦਾ ਹੈ। ਬੱਜਰ ਗਲਤੀਆਂ ਕੀਤੀਆਂ ਗਈਆਂ ਅਤੇ ਰਾਜਨੀਤਕ ਦਾਇਰੇ ਵਿਚ ਅਨਿਆਂ ਕੀਤੇ ਗਏ - ਜਿਨ੍ਹਾਂ 'ਚੋਂ ਕਈ ਅਜੇ ਵੀ ਕਾਇਮ ਹਨ - ਅਮਰੀਕੀ ਲੋਕਾਂ ਵਿਚ ਅਜੇ ਵੀ ਕਈ ਅਜਿਹੇ ਅਦਾਰੇ ਅਤੇ ਪਰੰਪਰਾਵਾਂ ਹਨ ਅਤੇ ਵਿਦਿਅਕ, ਸਭਿਆਚਾਰਕ ਅਤੇ ਨੈਤਿਕ ਕਦਰਾਂ ਕੀਮਤਾਂ ਹਨ ਜੋ ਮੁੜ ਉਜੇਹਾ ਕੁਝ ਵਾਪਰਨ ਦੇ ਪ੍ਰਧਾਨ ਦੀਆਂ ਸ਼ਕਤੀਆਂ ਤੇ ਵਿਸ਼ੇਸ਼ਾਧਿਕਾਰ ਅਤੇ ਆਰਥਿਕ, ਤਕਨੀਕੀ ਤੇ ਦੇਸ਼ ਦਾ ਫੌਜੀ ਤਾਣਾ ਬਾਣਾ ਇੰਨਾ ਵਿਸ਼ਾਲ ਹੈ ਕਿ ਅਮਰੀਕਨ ਲੋਕਾਂ ਦੀ ਇੱਛਾ ਨੂੰ ਸਿਰੇ ਤੋਂ ਖ਼ਾਰਿਜ

ਕੀਤਾ ਜਾ ਸਕਦਾ ਹੈ, ਦੁਨੀਆਂ ਨਾਜ਼ੀ ਸੰਕਲਪਾਂ ਅਤੇ ਤੌਰ ਤਰੀਕਿਆਂ ਵਲ ਵਧ ਰਹੀ ਹੈ।''

"60 ਜਾਂ ਇਸ ਤੋਂ ਵੱਧ ਦੇਸ਼ਾਂ ਵਿਚ ਰਹਿੰਦੇ ਦੁਖਦਾਈ ਕੀੜੇ' ਜਿਨ੍ਹਾਂ ਦੇ ਉਸਨੇ ਤੇ ਉਸਦੇ ਸਹਿਯੋਗੀਆਂ ਦੀ ਨਿਸ਼ਾਨਦੇਹੀ ਕੀਤੀ ਹੈ, ਜਿਨ੍ਹਾਂ ਵਿਚ ਸਿਆਸੀ ਦੋਸਤਾਂ ਅਨੁਸਾਰ ਤਾਂ ਕਿਊਬਾ ਤਾਂ ਗੈਰ ਜ਼ਰੂਰੀ ਹੋ ਗਿਆ ਹੈ। ਉਹ 'ਦੁਨੀਆਂ ਦੇ ਕਾਲ਼ੇ ਧੱਬੇ ਹਨ' ਜਿਨ੍ਹਾਂ ਉਪਰ ਅਣਐਲਾਨੇ ਅਤੇ 'ਪੇਸ਼ਬੰਦੀ' ਦੇ ਤੌਰ ਤੇ ਹਮਲਾ ਹੋ ਸਕਦਾ ਹੈ। ਉਨ੍ਹਾਂ ਵਿਚੋਂ ਕਿਊਬਾ ਹੀ ਇਕ ਨਹੀਂ ਸਗੋਂ ਇਨ੍ਹਾਂ ਵਿਚ ਆਤੰਕ ਨੂੰ ਸ਼ਹਿ ਦੇਣ ਵਾਲੇ ਵੀ ਸ਼ਾਮਿਲ ਹਨ।''

ਇਰਾਕ ਦੇ ਹਮਲੇ ਤੋਂ ਠੀਕ ਇਕ ਸਾਲ, ਤਿੰਨ ਮਹੀਨੇ ਅਤੇ 19 ਦਿਨ ਪਹਿਲਾਂ ਹੀ ਮੈਂ ਦੁਨੀਆਂ ਤੇ ਜ਼ੁਲਮਾਂ ਬਾਰੇ ਵਿਚਾਰ ਬਾਰੇ ਚਰਚਾ ਕੀਤੀ ਸੀ। ਜਾਰਜ ਬੁਸ਼ ਨੇ ਦੁਹਰਾਇਆ ਸੀ ਕਿ ਅਮਰੀਕਾ ਲੋੜ ਪੈਣ ਤੇ ਹਰ ਹਥਿਆਰ ਵਰਤ ਸਕਦਾ ਹੈ ਜਿਸਦਾ ਅਰਥ ਸੀ ਕਿ ਉਹ ਐਟੋਮਿਕ, ਕੈਮੀਕਲ ਅਤੇ ਬਾਇਓਲੋਜੀਕਲ ਹਰ ਤਰ੍ਹਾਂ ਦੇ ਹਥਿਆਰ ਵਰਤ ਸਕਦਾ ਹੈ। ਅਫ਼ਗਾਨਿਸਤਾਨ ਦੇ ਕਬਜ਼ੇ ਲਈ ਹਮਲਾ ਪਹਿਲਾਂ ਹੀ ਹੋ ਚੁੱਕਾ ਸੀ। ਅੱਜ ਤਥਾਕਥਿਤ 'ਵਿਰੋਧੀ' ਅਸਲ ਵਿਚ ਬੁਸ਼ ਦੀ ਹਿਟਲਰ ਵਰਗੀ ਸਰਕਾਰ ਦੇ ਭਾੜੇ ਦੇ ਟੱਟੂ ਹਨ ਜੋ ਪੈਰੋਲ(ਛੁਟੇ ਹੋਏ) ਹਨ। ਉਹ ਨਾ ਕੇਵਲ ਆਪਣੀ ਮਾਤ-ਭੂਮੀ ਨਾਲ਼ ਹੀ ਸਗੋਂ ਸਮੁੱਚੀ ਮਾਨਵਤਾ ਨਾਲ਼ ਗ਼ੱਦਾਰੀ ਕਰ ਰਹੇ ਹਨ।

ਸਾਡੇ ਦੇਸ਼ ਵਿਰੁੱਧ ਮਨਹੂਸ ਯੋਜਨਾਵਾਂ ਦੇ ਚਲਦੇ ਨਵ-ਫਾਸ਼ੀਵਾਦੀ ਧੁਰ ਦੱਖਣ ਪੰਥੀ ਅਤੇ ਉਸਦੇ ਸਹਿਯੋਗੀਆਂ (ਮਿਆਮੀ ਦੀ ਭੀੜ ਨੇ ਚੋਣ ਫਰਾਡ ਰਾਹੀਂ ਜਿੱਤ ਸੁਨਿਸ਼ਚਿਤ ਕੀਤੀ। ਕਿੰਨੇ ਕੁ ਲੋਕ ਹੋਣਗੇ ਜਿਹੜੇ ਖੱਬੇ ਪੱਖੀ ਅਤੇ ਮਾਨਵਵਾਦੀ ਸੋਚ ਰੱਖਦੇ ਹਨ ਜਿਨ੍ਹਾਂ ਨੇ ਸਾਡੇ ਵਲੋਂ ਲਏ ਗਏ ਉਨ੍ਹਾਂ ਕਾਨੂੰਨੀ ਤੇ ਹੱਕੀ ਕਦਮਾਂ ਦਾ ਵਿਰੋਧ ਕੀਤਾ। ਜਿਹੜੇ ਸਾਨੂੰ ਮਹਾਂਸ਼ਕਤੀ ਖਿਲਾਫ਼ ਬਚਾਅ ਵਜੋਂ ਲੈਣੇ ਪਏ। ਉਹ ਮਹਾਂਸ਼ਕਤੀ ਜਿਹੜੀ ਸਾਡੀ ਸਰਹੱਦ ਤੋਂ ਕੁਝ ਮੀਲਾਂ ਤੇ ਹੀ ਹੈ। ਉਹ ਇਹ ਸਤਰਾਂ(ਗੱਲਾਂ) ਪੜ੍ਹ ਸੁਣ ਰਹੇ ਹਨ? ਕਿੰਨੇ ਕੁ ਲੋਕਾਂ ਨੇ ਮਹਾਂਸ਼ਕਤੀ ਨੂੰ ਪਛਾਣਿਆ? ਬੁਸ਼ ਦੇ ਭਾਸ਼ਣ ਤੇ ਉਸਨੂੰ ਭੰਡਿਆ ਜਾਂ ਉਸਦੀ ਨਿਖੇਧੀ ਕੀਤੀ? ਉਹ ਭਾਸ਼ਣ ਜਿਸ ਮਹਾਂਸ਼ਕਤੀ ਦੇ ਲੀਡਰ ਦੀ ਮਨਹੂਸ ਨਾਜ਼ੀ-ਫਾਸ਼ੀਵਾਦ ਦੀ ਅੰਤਰਰਾਸ਼ਟਰੀ ਪਾਲਿਸੀ ਦਾ ਜ਼ਿਕਰ ਹੈ ਜੋ ਮੈਂ ਪੜ੍ਹਕੇ ਦੱਸਿਆ ਹੈ? ਇਸ ਸ਼ਕਤੀ ਦੇ ਹਥਿਆਰ ਪਹਿਲਾਂ ਨਾਲੋਂ ਵੀ ਦਸਗੁਣਾਂ ਲੁਕਾਈ ਨੂੰ ਮੁਕਾ ਸਕਦੇ ਹਨ। ਸਾਰੀ ਦੁਨੀਆਂ ਬੰਬਾਂ ਨਾਲ਼ ਜਲਾਏ ਸ਼ਹਿਰਾਂ ਦੇ ਭਿਆਨਕ ਦ੍ਰਿਸ਼ਾਂ ਨਾਲ ਹਿੱਲ ਗਈ ਹੈ। ਲੰਗੜੇ ਲੂਲ੍ਹੇ ਬੱਚਿਆਂ ਅਤੇ ਬੇਕਸੂਰੇ ਲੋਕਾਂ ਦੀਆਂ ਬਿਖਰੀਆਂ ਲਾਸ਼ਾਂ ਨੇ ਦੁਨੀਆਂ ਨੂੰ ਅਵਾਕ ਕਰ ਦਿੱਤਾ ਹੈ।

ਸਿਰੇ ਦੇ ਮੌਕਾਪ੍ਰਸਤਾਂ, ਪਾਖੰਡੀ ਨੇਤਾਵਾਂ ਅਤੇ ਪੈਟੀ-ਰਾਜਨੀਤਕ ਸਮੂਹਾਂ ਨੂੰ ਛੱਡ ਕੇ ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਨੂੰ ਛੱਡ ਕੇ ਮੈਂ ਹੁਣ ਉਨ੍ਹਾਂ ਨੂੰ ਮੁੱਖ ਤੌਰ ਤੇ ਸੰਬੋਧਨ ਕਰਾਂਗਾ ਜੋ ਕਿਊਬਾ ਦੇ ਮਿੱਤਰ ਹਨ ਅਤੇ ਸੰਘਰਸ਼ ਵਿਚ ਆਦਰਯੋਗ ਯੋਧੇ ਹਨ। ਸਾਨੂੰ ਉਨ੍ਹਾਂ ਦੀ ਲੋੜ ਨਹੀਂ ਜਿਨ੍ਹਾਂ ਨੇ ਕਿਊਬਾ ਦੇ ਨਿਹੱਕਾ ਇਸ ਲਈ ਹਮਲਾ ਕੀਤਾ ਕਿ ਉਨ੍ਹਾਂ ਨੂੰ ਠੀਕ ਜਾਣਕਾਰੀ ਨਹੀਂ ਸੀ ਜਾਂ ਉਹ ਸਹੀ ਵਿਸ਼ਲੇਸ਼ਣ ਨਹੀਂ ਕਰ ਸਕੇ। ਉਨ੍ਹਾਂ ਨੂੰ ਸਦਾ ਲਈ ਇਹ ਅਫ਼ਸੋਸ ਰਹਿੰਦਾ ਜੇ ਸਾਡੇ ਸ਼ਹਿਰ ਤਬਾਹ ਕਰ ਦਿੱਤੇ ਜਾਂਦੇ ਅਤੇ ਸਾਡੇ ਬੱਚੇ, ਮਾਂਵਾਂ, ਔਰਤਾਂ, ਮਰਦ, ਬੁੱਢੇ ਤੇ ਜਵਾਨ ਨਾਜ਼ੀ-ਫਾਸ਼ੀਵਾਦ ਦੇ ਬੰਬਾਂ ਨਾਲ਼ ਉਡਾ ਦਿੱਤੇ ਜਾਂਦੇ। ਉਨ੍ਹਾਂ ਨੂੰ ਇਸ ਗੱਲ ਤੇ ਸ਼ਰਮਿੰਦਾ ਹੋਣਾ ਪੈਂਦਾ ਕਿ ਉਨ੍ਹਾਂ ਵਲੋਂ ਕੀਤੇ ਐਲਾਨਾਂ ਨੂੰ ਹਮਲਾਵਰਾਂ ਨੇ ਕਿਊਬਾ ਉਪਰ



ਹਮਲਾ ਕਰਨ ਲਈ ਬੇਸ਼ਰਮੀ ਨਾਲ਼ ਤੋੜ ਮਰੋੜ ਲਿਆ ਹੈ।

ਸਿਰਫ਼ ਕਤਲ ਕੀਤੇ ਅੰਗਹੀਣ ਹੋਏ ਬੱਚਿਆਂ ਦੀ ਗਿਣਤੀ ਹੀ ਮਨੁੱਖਤਾ ਦਾ ਨੁਕਸਾਨ ਨਹੀਂ ਹੁੰਦਾ। ਸਗੋਂ ਇਹ ਵੀ ਨੁਕਸਾਨ ਹੁੰਦਾ ਹੈ ਕਿ ਲੱਖਾਂ ਬੱਚੇ, ਮਾਵਾਂ, ਔਰਤਾਂ ਤੇ ਮਰਦ, ਬੁੱਢੇ ਤੇ ਨੌਜਵਾਨ ਜੋ ਬਚੇ ਹਨ ਉਹ ਸਾਰੀ ਉਮਰ ਲਈ ਸਦਮੇ ਵਿਚ ਪਹੁੰਚ ਜਾਂਦੇ ਹਨ।

ਅਸੀਂ ਉਨ੍ਹਾਂ ਲੋਕਾਂ ਦੀ ਰਾਇ ਦੀ ਕਦਰ ਕਰਦੇ ਹਾਂ ਜੋ ਧਾਰਮਿਕ ਦਾਰਸ਼ਨਿਕ ਜਾਂ ਮਾਨਵਵਾਦੀ ਨਜ਼ਰੀਏ ਤੋਂ ਮੌਤ ਦੀ ਸਜ਼ਾ ਦਾ ਵਿਰੋਧ ਕਰਦੇ ਹਨ। ਅਸੀਂ ਕਿਊਬਾ ਦੇ ਲੋਕ ਵੀ ਮੌਤ ਦੀ ਸਜ਼ਾ ਨੂੰ ਨਫ਼ਰਤ ਕਰਦੇ ਹਾਂ ਪਰ ਸਾਡੇ ਬੜੇ ਡੂੰਘੇ ਕਾਰਣ ਤੇ ਸਰੋਕਾਰ ਹਨ ਜੋ ਉਨ੍ਹਾਂ ਤੋਂ ਵੱਖਰੇ ਹਨ ਜੋ ਸਮਾਜਿਕ ਵਿਗਿਆਨਾਂ ਦੀ ਦ੍ਰਿਸ਼ਟੀ ਤੋਂ ਅਪਰਾਧ ਦੇ ਖ਼ਿਲਾਫ਼ ਹਨ, ਜੋ ਸਾਰੇ ਦੇਸ਼ ਵਿਚ ਅਧਿਐਨ ਦਾ ਵਿਸ਼ਾ ਹਨ। ਇਕ ਦਿਨ ਆਏਗਾ ਜਦੋਂ ਅਸੀਂ ਇਨ੍ਹਾਂ ਇਛਾਵਾਂ ਤੇ ਪੂਰੇ ਉਤਰਾਂਗੇ ਜਿਹੜੀਆਂ ਸਾਡੇ ਪਿਆਰੇ ਭਾਈਜਾਨ ਰੈਵਰਡ ਲੂਟੀਸ ਵਾਕਰ ਨੇ ਆਪਣੇ ਕਮਾਲ ਦੇ ਭਾਸ਼ਣ ਵਿਚ ਜ਼ਾਹਿਰ ਕੀਤੀਆਂ ਹਨ, ਕਿ ਮੌਤ ਦੀ ਸਜ਼ਾ ਨੂੰ ਖ਼ਤਮ ਕੀਤਾ ਜਾਏ। ਇਸ ਮਸਲੇ ਤੇ ਚਿੰਤਾ ਆਸਾਨੀ ਨਾਲ਼ ਸਮਝ ਆਉਣ ਵਾਲੀ ਹੈ, ਜਦੋਂ ਕਿ ਤੁਹਾਨੂੰ ਪਤਾ ਹੋਵੇ ਕਿ ਬਹੁਗਿਣਤੀ ਸਜ਼ਾ-ਯਾਫ਼ਤਾ ਲੋਕ ਅਮਰੀਕੀ, ਅਫਰੀਕੀ-ਅਮਰੀਕਨ ਅਤੇ ਹਿਸ ਪੈਨਿਕ ਹਨ ਜਿਹੜੇ ਬਹੁਤੀ ਬਾਰ ਭੋਲੇ-ਕਾਲ਼ੇ ਨਹੀਂ ਹੁੰਦੇ। ਖ਼ਾਸ ਤੌਰ ਤੇ ਟੈਕਸਾਜ਼ ਵਿਚ ਜੋ ਮੌਤ ਦੀ ਸਜ਼ਾ ਵਿਚ ਸਭ ਤੋਂ ਅੱਗੇ ਹੈ। ਇਥੇ ਦਾ ਗਵਰਨਰ ਪ੍ਰਧਾਨ ਬੁੱਸ਼ ਸੀ।

ਕਿਊਬਾ ਦੇ ਇਨਕਲਾਬ ਨੂੰ ਦੁਚਿੱਤੀ ਵਿਚੋਂ ਲੰਘਣਾ ਪਿਆ। ਜਾਂ ਤਾਂ ਬੇੜੀ ਤਿੰਨ ਅਗਵਾਕਾਰਾਂ ਨੂੰ ਕਾਨੂੰਨ ਰਾਹੀਂ ਮੌਤ ਦੀ ਸਜ਼ਾ ਦਿੱਤੀ ਜਾਏ ਤੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਬਚਾਈਆਂ ਜਾਣ ਜਾਂ ਹੱਥ ਧਰ ਕੇ ਬੈਠਿਆ ਜਾਵੇ। ਅਮਰੀਕੀ ਸਰਕਾਰ ਅਪਰਾਧੀਆਂ ਨੂੰ ਬੇੜੀਆਂ ਅਤੇ ਹਵਾਈ ਜਹਾਜ਼ਾਂ ਜਿਨ੍ਹਾਂ ਉਪਰ ਮੁਸਾਫ਼ਿਰ ਸਵਾਰ ਹੁੰਦੇ ਸਨ ਨੂੰ ਨਿਸ਼ਾਨਾ ਬਣਾਉਣ ਲਈ ਉਕਸਾਉਂਦੀ ਹੈ ਤਾਂ ਕਿ ਉਸਨੂੰ ਕਿਊਬਾ ਉਪਰ ਹਮਲਾ ਕਰਨ ਦਾ ਮੌਕਾ ਮਿਲ਼ ਸਕੇ। ਇਸ ਤਰ੍ਹਾਂ ਅਗਵਾ ਦੀ ਪੂਰੀ ਲੜੀ ਤਿਆਰ ਕੀਤੀ ਗਈ, ਇਸ ਨੂੰ ਰੋਕਣਾ ਜ਼ਰੂਰੀ ਸੀ। ਜਦ ਸਵਾਲ ਪੱਕੇ ਇਰਾਦੇ ਨਾਲ਼ ਅੰਤ ਤਕ ਜੂਝਦੇ ਲੋਕਾਂ ਦੇ ਪੁੱਤਰਾਂ-ਧੀਆਂ ਨੂੰ ਬਚਾਉਣ ਦਾ ਆਇਆ ਤਾਂ ਜ਼ਰੂਰੀ ਸੀ ਕਿ ਉਨ੍ਹਾਂ ਭਾੜੇ ਦੇ ਫੌਜੀਆਂ ਨੂੰ ਬੰਦੀ ਬਣਾਇਆ ਜਾਵੇ ਜੋ ਸਾਡੇ ਤੇ ਪਾਬੰਦੀਆਂ ਲਾਉਣ ਵਾਲ਼ੇ ਹਮਲਾਵਰਾਂ ਦਾ ਸਾਥ ਦੇ ਰਹੇ ਸਨ। ਇਸ ਨਾਲ਼ ਸਾਨੂੰ ਕਿੰਨਾ ਵੀ ਨੁਕਸਾਨ ਕਿਉਂ ਨਾ ਉਠਾਉਣਾ ਪਵੇ। ਇਨ੍ਹਾਂ ਬੇੜੀਆਂ ਅਤੇ ਹਵਾਈ ਜਹਾਜ਼ਾਂ ਦੇ ਅਗਵਾਕਾਰੀ ਆਤੰਕੀਆਂ ਨੂੰ ਫੌਜੀ ਕਾਨੂੰਨ ਅਨੁਸਾਰ ਸਜ਼ਾ ਦੇਣੀ ਜ਼ਰੂਰੀ ਸੀ।

ਈਸਾ ਮਸੀਹ ਜਿਸ ਨੇ ਵਪਾਰੀਆਂ ਨੂੰ ਮੰਦਿਰ ਵਿਚੋਂ ਹੁਕਮ ਰਾਹੀਂ ਬਾਹਰ ਕੱਢਿਆ ਸੀ ਵੀ ਲੋਕਾਂ ਦੇ ਹੱਕ ਵਿਚ ਨਾ ਖੜ੍ਹ ਕੇ ਉੱਕ ਜਾਂਦਾ।

ਮੈਂ ਹਿਸ ਹੋਲੀਨੈਸ ਪੋਪ ਜਾਨ ਪਾਲ II ਦਾ ਦਿਲੋਂ ਆਦਰ ਕਰਦਾ ਹਾਂ। ਉਨ੍ਹਾਂ ਵਲੋਂ ਜੀਵਨ ਤੇ ਸ਼ਾਂਤੀ ਲਈ ਕੀਤੇ ਸਤਿਕਾਰਤ ਸੰਘਰਸ਼ ਨੂੰ ਸਮਝਦਾ ਵੀ ਹਾਂ ਅਤੇ ਉਸਦੀ ਪ੍ਰਸੰਸਾ ਵੀ ਕਰਦਾ ਹਾਂ ਕਿ ਜਿਸ ਦ੍ਰਿੜ੍ਹਤਾ ਨਾਲ਼ ਉਨ੍ਹਾਂ ਨੇ ਇਰਾਕ ਦੇ ਯੁੱਧ ਦਾ ਵਿਰੋਧ ਕੀਤਾ ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਮੇਰਾ ਪੱਕਾ ਵਿਸ਼ਵਾਸ ਹੈ ਕਿ ਉਹ ਕਦੇ ਵੀ ਨਿਹੱਥੇ ਸ਼ੀਆ ਤੇ ਸੁੰਨੀ ਮੁਸਲਮਾਨਾਂ ਨੂੰ ਮਾਰਨ ਦੀ ਸਲਾਹ ਨਹੀਂ ਦਿੰਦੇ। ਉਹ ਕਿਊਬਾ ਨੂੰ ਵੀ ਅਜਿਹਾ ਕਰਨ ਦੀ ਸਲਾਹ ਨਹੀਂ ਦਿੰਦੇ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਹ ਸਮੱਸਿਆ ਕਿਊਬਾ

ਵਾਸੀਆਂ ਦੀ ਨਹੀਂ ਹੈ। ਇਹ ਸਮੱਸਿਆ ਕਿਊਬਾ ਦੇ ਲੋਕਾਂ ਅਤੇ ਅਮਰੀਕੀ ਸਰਕਾਰ ਦਰਮਿਆਨ ਹੈ।

ਅਮਰੀਕੀ ਸਰਕਾਰ ਦੀ ਯੋਜਨਾ ਬੇਹੱਦ ਭੜਕਾਊ ਹੈ। 25 ਅਪ੍ਰੈਲ ਨੂੰ ਸਟੇਟ ਡਿਪਾਰਟਮੈਂਟ ਦੇ ਮੁਖੀ ਸ੍ਰੀ ਕੇਵਿਨ ਵਾਈਟੈਕਰ ਨੇ ਸਾਡੇ ਵਾਸ਼ਿੰਗਟਨ ਸਥਿਤ ਇੰਟਰੈਸਟਸ ਸੈਕਿਊਰਟੀ ਨੂੰ ਸੂਚਨਾ ਦਿੱਤੀ ਕਿ ਨੈਸ਼ਨਲ ਸਕਿਊਰੀਟੀ ਕਾਉਂਸਲ ਦਾ ਹੋਮਲੈਂਡ ਸਕਿਊਰੀਟੀ ਵਿਭਾਗ ਇਹ ਸੋਚਦਾ ਹੈ ਕਿ ਕਿਊਬਾ ਤੋਂ ਲਗਾਤਾਰ ਅਗਵਾਕਾਰੀ ਅਮਰੀਕਾ ਦੀ ਰਾਸ਼ਟਰੀ ਹਿਫ਼ਾਜ਼ਤ ਲਈ ਗੰਭੀਰ ਖ਼ਤਰਾ ਹੈ ਅਤੇ ਬੇਨਤੀ ਕਰਦਾ ਹੈ ਕਿ ਕਿਊਬਾ ਦੀ ਸਰਕਾਰ ਅਜਿਹੀਆਂ ਘਟਨਾਵਾਂ ਰੋਕਣ ਲਈ ਉਚਿਤ ਕਦਮ ਚੁੱਕੇ।

ਉਹ ਇਹ ਕੁਝ ਇਉਂ ਕਹਿ ਰਹੇ ਹਨ ਕਿ ਉਨ੍ਹਾਂ ਦਾ ਅਜਿਹੀਆਂ ਅਗਵਾ ਦੀਆਂ ਕਾਰਵਾਈਆਂ ਵਿਚ ਕੋਈ ਹੱਥ ਨਹੀਂ ਅਤੇ ਅਸੀਂ ਸਵਾਰੀਆਂ ਦੀ ਸੁਰਖਿਆ ਲਈ ਅਗਵਾਕਾਰਾਂ ਨੂੰ ਰੋਕਣ ਲਈ ਸਖ਼ਤ ਕਦਮ ਨਹੀਂ ਚੁੱਕ ਰਹੇ। ਅਸੀਂ ਪੂਰੀ ਤਰ੍ਹਾਂ ਸੁਚੇਤ ਹਾਂ ਕਿ ਅਪਰਾਧੀਆਂ ਨੇ ਕਿਊਬਾ ਖ਼ਿਲਾਫ਼ ਫਾਸ਼ੀਵਾਦੀ ਦੱਖਣਪੰਥੀ ਯੋਜਨਾਵਾਂ ਬਣਾਈਆਂ ਹਨ। ਜਦੋਂ 25 ਦੇ ਮਿਲਣ ਦੀ ਖ਼ਬਰ ਨਸ਼ਰ ਹੋਈ ਤਾਂ ਇਸਨੇ ਮਿਆਮੀ ਦੇ ਆਤੰਕੀਆਂ ਵਿਚ ਖਲਬਲੀ ਮਚਾ ਦਿੱਤੀ। ਉਹ ਅਜੇ ਵੀ ਨਹੀਂ ਸਮਝਦੇ ਕਿ ਉਨ੍ਹਾਂ ਦੀ ਕਿਊਬਾ ਖ਼ਿਲਾਫ਼ ਸਿੱਧੀ-ਅਸਿੱਧੀ ਧਮਕੀ ਦਾ ਦੇਸ਼ਵਾਸੀਆਂ ਵਿਚੋਂ ਕਿਸੇ ਤੇ ਵੀ ਕੋਈ ਅਸਰ ਨਹੀਂ। ਪੱਛਮੀ ਰਾਜਨੀਤਕ ਨੇਤਾਵਾਂ ਅਤੇ ਦਰਮਿਆਨੇ ਦਰਜੇ ਦੇ ਵੱਡੇ ਗਰੁੱਪਾਂ ਦਾ ਦੋਹਰਾ ਚਰਿੱਤਰ ਅਸਲ ਵਿਚ ਅਟਲਾਂਟਿਕ ਸਮੁੰਦਰੀ ਖੇਤਰ ਦੇ ਯੋਗ ਨਹੀਂ ਹੈ। ਕਿਊਬਾ ਬਚਾਉ ਲਈ ਜਿਹੜੇ ਜਾਇਜ਼ ਵੀ ਕਦਮ ਚੁੱਕਦਾ ਹੈ ਉਹ ਸਾਰੇ ਸੰਚਾਰ ਮਾਧਿਅਮਾਂ ਵਿਚ ਵੱਡੀ ਸਟੋਰੀ ਦੇ ਰੂਪ ਵਿਚ ਚਰਚਿਤ ਕੀਤੇ ਜਾਂਦੇ ਹਨ। ਦੂਜੇ ਪਾਸੇ ਜਦੋਂ ਅਸੀਂ ਇਸ ਪਾਸੇ ਧਿਆਨ ਦਵਾਉਂਦੇ ਹਾਂ ਕਿ ਸਪੇਨੀ ਮੁਖੀ ਦੇ ਕਾਰਜ ਕਾਲ ਵਿਚ ਦਰਜਨਾਂ ਈਟੀਏ ਦੇ ਮੈਂਬਰਾਂ ਨੂੰ ਬਿਨਾਂ ਮੁਕੱਦਮਾ ਚਲਾਏ ਫਾਹੇ ਦਿੱਤਾ ਗਿਆ। ਮਨੁੱਖੀ ਅਧਿਕਾਰਾਂ ਦੇ ਯੂਨਾਈਟਡ ਨੇਸ਼ਨ ਕਮਿਸ਼ਨ ਸਾਹਵੇਂ ਵਿਰੋਧ ਕਰਨ ਜਾਂ ਨਿੰਦਾ ਕਰਨ ਤੋਂ ਬਗ਼ੈਰ ਇਹ ਕੁਝ ਕੀਤਾ ਗਿਆ। ਕੋਸੋਵੋ ਵਿਚ ਯੁੱਧ ਦੌਰਾਨ ਇਕ ਹੋਰ ਸਰਕਾਰੀ ਸਪੇਨੀ ਮੁਖੀਏ ਨੇ ਅਮਰੀਕੀ ਪ੍ਰਧਾਨ ਨੂੰ ਯੁੱਧ ਤੇਜ਼ ਕਰਨ, ਬੰਬ ਬਾਰੀ ਵਧਾਉਣ ਅਤੇ ਸਿਵਲੀਅਨ ਲੋਕਾਂ ਨੂੰ ਨਿਸ਼ਾਨਾਂ ਬਣਾਉਣ ਦੀ ਸਲਾਹ ਦਿੱਤੀ ਜਿਸ ਨਾਲ ਸੈਂਕੜੇ ਬੇਗੁਨਾਹ ਲੋਕ ਮਾਰੇ ਗਏ ਅਤੇ ਲੱਖਾਂ ਲੋਕਾਂ ਖ਼ਾਤਿਰ ਬਹੁਤਿਆਂ ਨੇ ਤਸੀਹੇ ਝੱਲੇ। ਇਨ੍ਹਾਂ ਬਾਰੇ ਸਿਰਫ਼ ਇਕ ਹੈੱਡ ਲਾਈਨ ਦਿੱਤੀ ਜਾਂਦੀ ਹੈ ਕਿ ਫੀਡਲ ਕਾਸਟਰੋ ਨੇ ਫਿਲਾਈਪ ਅੜੇ ਅਜ਼ਨਾਰ ਨੂੰ ਨਿਸ਼ਾਨਾ ਬਣਾਇਆ।'' ਅਸਲੀ ਵਿਸ਼ੇ ਬਾਰੇ ਇਕ ਵੀ ਸ਼ਬਦ ਨਹੀਂ ਕਿਹਾ ਜਾਂਦਾ।

ਮਿਆਮੀ ਅਤੇ ਵਾਸ਼ਿੰਗਟਨ ਵਿਚ ਉਹ ਇਹ ਮਤਾ ਪਕਾਉਂਦੇ ਹਨ ਕਿ ਕਿਵੇਂ ਅਤੇ ਕਦੋਂ ਕਿਊਬਾ ਉਪਰ ਹੱਲਾ ਬੋਲਿਆ ਜਾਵੇਗਾ ਤਾਂ ਕਿ ਇਨਕਲਾਬ ਦੀ ਸਮੱਸਿਆ ਦਾ ਹੱਲ ਹੋਵੇਗਾ। ਇਸ ਸਮੇਂ ਆਰਥਿਕ ਢੰਗਾਂ ਤਰੀਕਿਆਂ ਦੀ ਹੈ ਜਿਸ ਨਾਲ ਬੰਦਿਸ਼ਾਂ ਹੋਰ ਵੀ ਭਿਆਨਕ ਹੋ ਜਾਣਗੀਆਂ। ਪਰ ਉਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਕਿਸ ਦੀ ਚੋਣ ਕਰਨ, ਕਿਨ੍ਹਾਂ ਦੇ ਲਾਉਣ ਨਾਲ ਅਲਗ ਥਲੱਗ ਪੈਣਗੇ ਤੇ ਕਿਹੜੀਆਂ ਪ੍ਰਭਾਵਸ਼ਾਲੀ ਹੋਣਗੀਆਂ। ਉਨ੍ਹਾਂ ਦੀ ਚੋਣ ਸੀਮਤ ਹੈ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਵਿਚੋਂ ਬਹੁਤੀਆਂ ਪਹਿਲਾਂ ਹੀ ਅਪਣਾ ਲਈਆਂ ਹਨ। ਬੇਸ਼ਰਮ ਬਦਮਾਸ਼ ਜਿਸਦਾ ਪਹਿਲਾ ਨਾ ਲਿੰਕਨ ਹੈ ਅਤੇ ਅਖੀਰਲਾ ਡਿਆਜ਼-ਬਲਾਰਟ ਅਤੇ



ਜੋ ਪ੍ਰਧਾਨ ਬੁੱਸ਼ ਦਾ ਮਿੱਤਰ ਤੇ ਸਲਾਹਕਾਰ ਵੀ ਹੈ - ਨੇ ਮਿਆਮੀ ਟੀ.ਵੀ. ਨੂੰ ਦਿੱਤੇ ਭੇਦ ਭਰੇ ਬਿਆਨ ਵਿਚ ਕਿਹਾ ਕਿ, "ਮੈਂ ਵਧੇਰੇ ਖੁਲਾਸਾ ਨਹੀਂ ਕਰ ਸਕਦਾ ਪਰ ਅਸੀਂ ਇਸ ਜ਼ਹਿਰੀਲੇ ਚੱਕਰ ਨੂੰ ਤੋੜਨ ਦਾ ਯਤਨ ਕਰ ਰਹੇ ਹਾਂ।"

ਇਸ ਜ਼ਹਿਰਲੇ ਚੱਕਰ ਨੂੰ ਤੋੜਨ ਲਈ ਕਿਹੜੇ ਢੰਗ ਤਰੀਕੇ ਸੋਚ ਰਹੇ ਹਨ? ਕੀ ਇਲੈਕਸ਼ਨਾਂ ਤੋਂ ਪਹਿਲਾਂ ਟੈਕਸਾਜ਼ ਵਿਚ ਕੀਤੇ ਵਾਅਦੇ ਨੂੰ ਨਿਭਾਏਗਾ? ਕੀ ਆਧੁਨਿਕ ਵਿਕਸਿਤ ਤਰੀਕਿਆਂ ਨਾਲ ਮੈਨੂੰ ਸਰੀਰਕ ਤੌਰ ਤੇ ਖ਼ਤਮ ਕੀਤਾ ਜਾਏਗਾ? ਫਿਰ ਈਰਾਕ ਵਰਗਾ ਹਮਲਾ ਸਾਡੇ ਉਪਰ ਕੀਤਾ ਜਾਵੇਗਾ? ਜੇ ਪਹਿਲਾ ਤਰੀਕਾ ਸੋਚਿਆ ਹੈ ਤਾਂ ਇਸਦੀ ਮੈਨੂੰ ਭੋਰਾ ਭਰ ਚਿੰਤਾ ਨਹੀਂ। ਉਹ ਵਿਚਾਰ ਜਿਨ੍ਹਾਂ ਲਈ ਮੈਂ ਜ਼ਿੰਦਗੀ ਭਰ ਲੜਿਆ ਹਾਂ ਉਹ ਮਰਨਗੇ ਨਹੀਂ ਸਗੋਂ ਲੰਬੇ ਸਮੇਂ ਤੱਕ ਜ਼ਿੰਦਾ ਰਹਿਣਗੇ। ਜੇ ਦੂਸਰਾ ਤਰੀਕਾ ਸੋਚਿਆ ਹੈ ਤਾਂ ਸਾਡਾ ਬਹੁਤ ਨੁਕਸਾਨ ਹੋਵੇਗਾ ਕਿਉਂਕਿ ਕਿਊਬਾ ਨੂੰ ਜ਼ਿੰਦਗੀਆਂ ਦੀ ਕੀਮਤ ਦੇਣੀ ਪਵੇਗੀ ਅਤੇ ਤਬਾਹੀ ਝੱਲਣੀ ਪਵੇਗੀ। ਪਰ ਸ਼ਾਇਦ ਇਹ ਬੁੱਸ਼ ਦੇ ਫਾਸ਼ੀ ਹਮਲਿਆਂ ਵਿਚੋਂ ਆਖਰੀ ਹੋਵੇ ਕਿਉਂਕਿ ਸੰਘਰਸ਼ ਬਹੁਤ ਲੰਬਾ ਚੱਲੇਗਾ।

ਹਮਲਾਵਰਾਂ ਨੂੰ ਸਿਰਫ਼ ਫੌਜ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਸਗੋਂ ਕਈ ਫੌਜਾਂ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਫੌਜ ਪੁਨਰ ਸਿਰਜਣ ਕਰਦੀ ਰਹੇਗੀ ਤੇ ਦੁਸ਼ਮਣ ਨੂੰ ਏਡੀ ਵੱਡੀ ਕੀਮਤ ਦੇਣੀ ਪਵੇਗੀ ਕਿ ਇਹ ਉਨ੍ਹਾਂ ਅਮਰੀਕੀ ਧੀਆਂ-ਪੁੱਤਾਂ ਤੋਂ ਵੀ ਵੱਧ ਹੋਵੇਗੀ ਜੋ ਅਮਰੀਕੀ ਪ੍ਰਧਾਨ ਬੁੱਸ਼ ਦੇ ਵਿਚਾਰਾਂ ਲਈ ਲੋਕ ਦੇਣ ਲਈ ਤਿਆਰ ਹਨ। ਅੱਜ ਉਸਨੂੰ ਬਹੁਗਿਣਤੀ ਦੀ ਹਿਮਾਇਤ ਹਾਸਿਲ ਹੈ ਪਰ ਇਹ ਘੱਟ ਰਹੀ ਹੈ ਤੇ ਕੱਲ੍ਹ ਨੂੰ ਇਹ ਸਿਫ਼ਰ ਤੱਕ ਪਹੁੰਚ ਜਾਵੇਗੀ। ਲੱਖਾਂ ਅਮਰੀਕੀ ਸਿਰਜਣਾਤਮਕ ਲੋਕ ਜੋ ਤਰਕ ਤੇ ਨੈਤਿਕ ਕਦਰਾਂ-ਕੀਮਤਾਂ ਦੀ ਸੋਚ ਰੱਖਦੇ ਹਨ ਵਿਅਤਨਾਮ ਦੀ ਜੰਗ ਤੋਂ ਵੀ ਸੈਂਕੜੇ ਗੁਣਾ ਤੇਜ਼ੀ ਨਾਲ ਲੋਕਾਂ ਤੱਕ ਪਹੁੰਚ ਜਾਣਗੇ ਅਤੇ ਦੱਸਣਗੇ ਤੁਸੀਂ ਸਾਰੇ ਲੋਕਾਂ ਨੂੰ ਸ਼ਾਇਦ ਲੋਕਾਂ ਦੇ ਕੁਝ ਹਿੱਸੇ ਨੂੰ ਹਮੇਸ਼ਾ ਲਈ ਮੂਰਖ ਨਹੀਂ ਬਣਾ ਸਕਦੇ। ਇਸ ਤੋਂ ਪਹਿਲਾਂ ਕਿ ਉਹ ਧਰਤੀ ਤੋਂ ਜ਼ਿੰਦਗੀ ਤਬਾਹ ਕਰ ਦੇਣ ਲੋਕ ਉਨ੍ਹਾਂ ਤੇ ਕਾਬੂ ਪਾ ਲੈਣਗੇ।

ਇਸ ਮਈ ਦਿਨ ਤੇ ਇਕੱਠੇ ਹੋਏ ਦਸ ਲੱਖ ਲੋਕਾਂ ਵਲੋਂ ਮੈਂ ਦੁਨੀਆਂ ਅਤੇ ਅਮਰੀਕੀ ਲੋਕਾਂ ਨੂੰ ਇਹ ਸੰਦੇਸ਼ ਦੇਣਾ ਚਾਹੁੰਦਾ ਹਾਂ ਕਿ ਅਸੀਂ ਨਹੀਂ ਚਾਹੁੰਦੇ ਕਿ ਕਿਊਬਾ ਵਾਸੀਆਂ ਅਤੇ ਅਮਰੀਕਨਾਂ ਦਾ ਖੂਨ ਜੰਗ ਵਿਚ ਡੁੱਲ੍ਹੇ। ਅਸੀਂ ਨਹੀਂ ਚਾਹੁੰਦੇ ਕਿ ਮਿੱਤਰ ਬਣਨਯੋਗ ਅਣਗਿਣਤ ਲੋਕਾਂ ਦਾ ਹਥਿਆਰਬੰਦ ਯੁੱਧ ਦੌਰਾਨ ਘਾਣ ਹੋ ਜਾਵੇ। ਲੋਕਾਂ ਕੋਲ ਪਵਿੱਤਰ ਚੀਜ਼ਾਂ ਲਈ ਲੜਨ ਦਾ ਪਹਿਲਾ ਅਜਿਹਾ ਮੌਕਾ ਨਹੀਂ ਸੀ ਤੇ ਨਾ ਹੀ ਅਜਿਹਾ ਡੂੰਘਾ ਵਿਸ਼ਵਾਸ। ਉਹ ਧਰਤ ਉੱਪਰੋਂ ਗਾਇਬ ਹੀ ਹੋ ਜਾਣਗੇ ਤੇ ਉਹ ਮਹਾਨ ਕੰਮ ਅਧੂਰਾ ਰਹਿ ਜਾਵੇਗਾ ਜਿਸ ਲਈ ਕਿਊਬਾ ਦੇ ਲੋਕਾਂ ਨੇ ਪੀੜ੍ਹੀਆਂ ਲਾ ਦਿੱਤੀਆਂ ਅਤੇ ਆਪਣੇ ਧੀਆਂ-ਪੁੱਤਰਾਂ ਦੀਆਂ ਕੁਰਬਾਨੀਆਂ ਦਿੱਤੀਆਂ।

ਅਸੀਂ ਡੂੰਘਾ ਵਿਸ਼ਵਾਸ ਰੱਖਦੇ ਹਾਂ ਕਿ ਹਥਿਆਰਾਂ ਨਾਲੋਂ ਵਿਚਾਰ ਵਧੇਰੇ ਮੁੱਲਵਾਨ ਹਨ। ਭਾਵੇਂ ਹਥਿਆਰ ਕਿੰਨੇ ਵੀ ਆਧੁਨਿਕ ਤੇ ਸ਼ਕਤੀਸ਼ਾਲੀ ਕਿਉਂ ਨਾ ਹੋਣ।

ਚੀਗਵੇਰਾ ਨੇ ਅੰਤਿਮ ਸਮੇਂ ਜੋ ਸ਼ਬਦ ਕਹੇ ਸਨ ਉਨ੍ਹਾਂ ਨੂੰ ਦੋਹਰਾਈਏ

"ਹਮੇਸ਼ਾ ਅੱਗੇ ਵੱਲ ਅਤੇ ਜਿੱਤ ਲਈ।"

(ਅਨੁਵਾਦ ਕ.ਜ.ਸ)

# ਅਮਰੀਕੀ ਔਰਤਾਂ ਦੀ ਕਾਨਫਰੰਸ ਦੀ ਸਮਾਪਤੀ ਮੌਕੇ

(ਜਨਵਰੀ 16, 1963 ਆਨਲਾਈਨ ਪਾਠ : ਕਾਸਟਰੋ ਇੰਟਰਨੈੱਟ ਆਰਕਾਈਵ (ਮਾਰਕਸਿਸਟ ਆਰਗ), 2000

ਕਾਸਟਰੋ 'ਕੁਝ ਦੇਰ ਨਾਲ਼' ਆਇਆ। ਉਹ ਕਾਂਗਰਸ ਦੀ ਕਿਸੇ ਹੋਰ ਮੀਟਿੰਗ ਵਿਚ ਲੰਮਾ ਬੋਲਣ ਕਰਕੇ ਦੇਰੀ ਨਾਲ਼ ਪਹੁੰਚਾ।

ਅਮਰੀਕਾ ਦੀਉ ਡੈਲੀਗੇਟ ਬੀਬੀਉ – ਹੌਂਸਲਾ ਰੱਖੋ – ਡੈਲੀਗੇਟ ਸਾਥੀਉ ਕੀ ਤੁਸੀਂ ਮੈਨੂੰ ਸੁਣ ਸਕਦੀਆਂ ਹੋ? ਤੁਸੀਂ ਜੋ ਯੂਰਪ, ਏਸ਼ੀਆ ਅਤੇ ਅਫ਼ਰੀਕਾ ਤੋਂ ਆਈਆਂ ਹੋ। ਮੈਂ ਇਕ ਗੱਲ ਸਾਫ਼ ਕਰਨੀ ਚਾਹੁੰਦਾ ਹਾਂ – ਜਿਵੇਂ ਕਿ ਮੈਂ ਪਹਿਲਾਂ ਹੀ ਕਾਂਗਰਸ ਦੀਆਂ ਔਰਤ ਸਾਥੀਆਂ ਨੂੰ ਦੱਸਿਆ ਹੈ ਕਿ ਜੇ ਇਹ ਸਮਾਗਮ ਥੋੜ੍ਹਾ ਦੇਰ ਨਾਲ਼ ਸ਼ੁਰੂ ਹੋਇਆ ਹੈ ਤਾਂ ਇਹ ਮੇਰਾ ਕਸੂਰ ਨਹੀਂ (ਹਾਸਾ) ਕਿਉਂਕਿ ਇਹ ਸਾਲ ਸੰਸਥਾ ਦਾ ਸਾਲ ਹੈ। (ਹਾਸਾ) ਮੈਂ 2057 ਤੇ ਥੀਏਟਰ ਵਿਚ ਸੀ (ਫਿਰ ਹਾਸਾ) ਸਾਡੀ ਇੱਛਾ ਹੈ ਕਿ ਸੰਸਥਾ ਦੇ ਸਾਲ ਵਿਚ ਸਮੇਂ ਸਿਰ ਰਹੀਏ। ਵਾਪਰਿਆ ਇਹ ਕੇ ਕਾਂਗਰਸ ਦੇ ਸਾਥੀ ਬੋਲਦੇ ਬਹੁਤ ਨੇ। ਮੇਰੇ ਖਿਆਲ ਵਿਚ ਉਹ ਅੱਠ ਜਾਂ ਨੌਂ ਵਜੇ ਤਕ ਜਾਂ ਕੁਝ ਘੱਟ ਵੱਧ ਤਕ, ਅੱਠ ਤਕ ਜਾਂ ਥੋੜ੍ਹਾ ਵਧ ਤਕ (ਹਾਸਾ) ਇਸ ਕਾਰਣ ਸਮਾਗਮ ਥੋੜ੍ਹਾ ਲੇਟ ਹੋ ਗਿਆ। ਮੈਂ ਸਿਰਫ਼ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਵਿਚ ਮੇਰਾ ਕਸੂਰ ਨਹੀਂ। (ਹਾਸਾ)

ਇਹ ਕਾਂਗਰਸ ਕਿਊਬਾ ਵਿਚ ਹੋ ਰਹੀ ਹੈ, ਇਹ ਸਾਡੇ ਲਈ ਅਤੇ ਸਾਡੇ ਦੇਸ਼ ਲਈ ਬੜੇ ਮਾਣ ਦੀ ਗੱਲ ਹੈ। ਅਸੀਂ ਸਮਝਦੇ ਹਾਂ ਕਿ ਇਹ ਬੜੀ ਹਾਂ ਪੱਖੀ ਘਟਨਾ ਹੈ ਤੇ ਬੜੀ ਗੰਭੀਰ ਘਟਨਾ। ਅਸੀਂ ਹਰ ਜਾਣਕਾਰੀ ਰੱਖਣ ਦਾ ਯਤਨ ਕੀਤਾ ਹੈ। ਅਨੇਕਾਂ ਰਿਪੋਰਟਾਂ ਅਤੇ ਸਮੱਗਰੀ ਜੋ ਕਾਂਗਰਸ ਵਿਚ ਪੇਸ਼ ਕੀਤੀ ਗਈ ਹੈ ਅਸੀਂ ਪੜ੍ਹੀ ਹੈ ਤੇ ਸਾਡਾ ਪ੍ਰਭਾਵ ਇਹ ਬਣਿਆ ਹੈ ਕਿ ਸਾਰੀ ਸਮੱਗਰੀ ਬੜੀ ਮੁੱਲਵਾਨ ਹੈ ਕਿਉਂਕਿ ਇਹ ਬਹੁਤ ਗੰਭੀਰ ਹੈ ਅਤੇ ਸਮੱਸਿਆ ਉਪਰ ਸਹੀ ਤੌਰ ਤੇ ਕੇਂਦ੍ਰਿਤ ਹੈ। ਸਾਡੇ ਦੀਪ ਦੇ ਯਥਾਰਥ ਨਾਲ਼ ਸੰਬੰਧਿਤ ਬਹੁਤ ਸਾਰਾ ਡਾਟਾ ਦਿੱਤਾ ਗਿਆ ਹੈ।

ਕਾਂਗਰਸ ਦੇ ਵਿਸ਼ੇ ਕੁਦਰਤੀ ਤੌਰ ਤੇ ਔਰਤ ਨਾਲ਼ ਸੰਬੰਧਿਤ ਖੇਤਰਾਂ ਤਕ ਸੀਮਤ ਹਨ। ਪਰ ਕੀ ਔਰਤ ਸੱਚੀ ਮੁੱਚੀ ਆਧੁਨਿਕ ਸਮਾਜ ਵਿਚ ਦਿਲਚਸਪੀ ਨਹੀਂ ਲੈਂਦੀ? ਕੀ ਉਹ ਲੈਟਿਨ ਅਮਰੀਕੀ ਔਰਤ ਵਿਚ ਦਿਲਚਸਪੀ ਨਹੀਂ ਲੈਂਦੀ? ਅਮਰੀਕੀ ਔਰਤ ਸਾਡੀਆਂ ਸਮੱਸਿਆਵਾਂ ਵਿਚ ਰੁਚੀ ਲੈਂਦੀ ਹੈ? ਜਦੋਂ ਅਸੀਂ ਔਰਤਾਂ ਦੇ ਅਧਿਕਾਰਾਂ ਤੇ ਉਨ੍ਹਾਂ ਦੀਆਂ ਇੱਛਾਵਾਂ ਬਾਰੇ ਚਰਚਾ ਕਰਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਸਾਡੇ ਅਮਰੀਕਾ ਵਿਚ ਔਰਤਾਂ, ਬੱਚਿਆਂ, ਮਾਵਾਂ ਅਤੇ ਪਤਨੀਆਂ ਦੇ ਕੋਈ ਅਧਿਕਾਰ ਨਹੀਂ ਹੋ ਸਕਦੇ ਜੇ ਇਨਕਲਾਬ ਨਹੀਂ ਹੁੰਦਾ। (ਤਾੜੀਆਂ) ਸੱਚ ਇਹ ਹੈ ਕਿ ਜਿਸ ਦੁਨੀਆਂ ਵਿਚ ਅਮਰੀਕੀ ਔਰਤ ਰਹਿੰਦੀ ਹੈ ਉਸਨੂੰ ਇਨਕਲਾਬੀ ਹੋਣਾ ਹੀ ਚਾਹੀਦਾ ਹੈ। (ਤਾੜੀਆਂ) ਉਸਨੂੰ ਇਨਕਲਾਬੀ ਕਿਉਂ ਹੋਣਾ ਚਾਹੀਦਾ ਹੈ? ਕਿਉਂਕਿ ਜੋ ਸਮਾਜ ਦਾ ਵੱਡਾ ਹਿੱਸਾ ਹੈ ਪਹਿਲੇ ਨੰਬਰ ਤੇ ਮਜ਼ਦੂਰ ਹੋਣ ਦਾ ਤੇ ਉਸਦਾ ਸ਼ੋਸ਼ਣ ਹੁੰਦਾ ਹੈ ਅਤੇ ਔਰਤ ਹੋਣ ਨਾਤੇ ਵੀ•ਉਸ ਨਾਲ਼ ਵਿਤਕਰਾ ਹੁੰਦਾ ਹੈ।

ਮਨੁੱਖ ਸਮਾਜ ਵਿਚ ਇਨਕਲਾਬੀ ਕੌਣ ਹਨ? ਇਤਿਹਾਸ ਵਿਚ ਲਗਾਤਾਰ ਉਹ ਕੀ ਹਨ? ਸਾਧਾਰਣ ਸ਼ਬਦਾਂ ਵਿਚ ਉਹ ਸ਼ੋਸ਼ਤ ਹਨ ਅਤੇ ਜਿਨ੍ਹਾਂ ਨਾਲ਼ ਵਿਤਕਰਾ ਹੁੰਦਾ ਹੈ। ਕਿਉਂਕਿ ਔਰਤ ਸ਼ੋਸ਼ਣਕਾਰੀ ਅਜਾਰੇਦਾਰੀ ਵਲੋਂ ਮਜ਼ਦੂਰ ਹੋਣ ਨਾਤੇ ਹੀ ਸ਼ੋਸ਼ਿਤ ਨਹੀਂ ਹੁੰਦੀ



ਸਗੋਂ ਉਹ ਮਜ਼ਦੂਰ ਦੇ ਤੌਰ ਤੇ ਸਭ ਤੋਂ ਵੱਧ ਸ਼ੋਸ਼ਿਤ ਵੀ ਹੁੰਦੀ ਹੈ ਕਿਉਂਕਿ ਉਸਨੂੰ ਸਭ ਤੋਂ ਘੱਟ ਮਜ਼ਦੂਰੀ ਮਿਲ਼ਦੀ ਹੈ, ਉਸੰਦੀਆਂ ਹਾਲਤਾਂ ਬਦਤਰ ਹੁੰਦੀਆਂ ਹਨ, ਸਮਾਜਿਕ ਕਾਰਜਾਂ ਵਿਚ ਉਸ ਨਾਲ਼ ਦੁਫ਼ੈਲਾ ਵਿਹਾਰ ਕੀਤਾ ਜਾਂਦਾ ਹੈ। ਇਹ ਹੁੰਦਾ ਹੈ ਉਸਦੇ ਔਰਤ ਹੋਣ ਕਰਕੇ ਅਤੇ ਆਰਥਿਕ ਤੌਰ ਤੇ ਸ਼ੋਸ਼ਿਤ ਹੋਣ ਕਰਕੇ।

ਤਰਕ ਅਨੁਸਾਰ ਔਰਤਾਂ ਇਨਕਲਾਬੀ ਹਨ ਅਤੇ ਇਸ ਤਰ੍ਹਾਂ ਦੇ ਦੀਪ ਵਿਚ ਉਸਨੂੰ ਇਨਕਲਾਬੀ ਹੋਣਾ ਹੀ ਚਾਹੀਦਾ ਹੈ। ਇਸੇ ਲਈ ਸਾਡੇ ਦੇਸ਼ ਵਿਚ ਔਰਤਾਂ ਇਨਕਲਾਬੀ ਹਨ। (ਤਾੜੀਆਂ) ਸਾਡੇ ਦੇਸ਼ ਵਿਚ ਬਹੁਤ ਸਾਰੀਆਂ ਔਰਤਾਂ ਦਾ ਸ਼ੋਸ਼ਣ ਹੁੰਦਾ ਹੈ। ਉਹ ਉਨ੍ਹਾਂ ਉਨ੍ਹਾਂ ਮਜ਼ਦੂਰਾਂ ਦੇ ਤੌਰ ਤੇ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ ਜਿਸ ਜਮਾਤ ਨੂੰ ਉਹ ਅਮੀਰ ਕਰਦੀ ਹੈ ਅਤੇ ਇਕ ਮਜ਼ਦੂਰ ਦੇ ਤੌਰ ਤੇ ਦੂਸਰਿਆਂ ਵਲੋਂ ਵੀ ਉਸਦਾ ਸ਼ੋਸ਼ਣ ਹੁੰਦਾ ਹੈ। ਬਹੁਤੀਆਂ ਔਰਤਾਂ ਕੋਲ ਕੰਮ ਕਰਨ ਦੇ ਮੌਕੇ ਹੀ ਨਹੀਂ ਹਨ।

ਕਾਮਰੇਡ ਵਿਲਮਾ ਦੀ ਰਿਪੋਰਟ ਵਿਚ ਕਿਊਬਾ ਦੀਆਂ ਔਰਤਾਂ ਦੀ ਇਨਕਲਾਬੀ ਵਿਚ ਭੂਮਿਕਾ ਦਾ ਅਤੇ ਇਨਕਲਾਬ ਤੋਂ ਬਾਅਦ ਉਸਨੂੰ ਮਿਲ਼ੇ ਲਾਭਾਂ ਦਾ ਜ਼ਿਕਰ ਹੈ। ਰਿਪੋਰਟ ਲੰਬੀ ਹੈ ਤਾਂ ਵੀ ਸੰਭਵ ਹੈ ਕਿ ਕੁਝ ਨਾ ਕੁਝ ਰਹਿ ਗਿਆ ਹੋਵੇ ਕਿਉਂਕਿ ਇਨਕਲਾਬ ਨੇ ਔਰਤਾਂ ਲਈ ਹੋਰ ਬਹੁਤ ਕੁਝ ਵੀ ਕੀਤਾ ਹੈ। ਅਸੀਂ ਇਹ ਵਿਸ਼ਵਾਸ ਨਹੀਂ ਕਰਦੇ ਕਿ ਇਨਕਲਾਬ ਨੇ ਇਨ੍ਹਾਂ ਲਈ ਸਭ ਕੁਝ ਕਰ ਦਿੱਤਾ ਹੈ, ਪਰ ਅਸੀਂ ਔਰਤਾਂ ਲਈ ਹੋਰ ਕਰਨ ਦਾ ਇਰਾਦਾ ਰੱਖਦੇ ਹਾਂ। ਔਰਤ ਨਾਲ ਸਾਡੇ ਦੇਸ਼ ਵਿਚ ਨੀਗਰੋ ਵਾਂਗ ਵਿਤਕਰਾ ਨਹੀਂ ਕੀਤਾ ਜਾਂਦਾ।

ਅਸਲ ਵਿਚ ਕਿਊਬਾ ਦੀ ਔਰਤ ਲਈ ਇਨਕਲਾਬ ਦਾ ਅਰਥ ਬਹੁਤ ਵੱਡਾ ਹੈ। ਇਨਕਲਾਬ ਸਮੇਂ ਇਨਕਲਾਬੀ ਨੇਤਾਵਾਂ ਨੇ ਯਤਨ ਕੀਤਾ ਕਿ ਔਰਤਾਂ ਨੂੰ ਵੱਧ ਤੋਂ ਵੱਧ ਮੌਕੇ ਮਿਲ਼ ਸਕਣ। ਉਦਾਹਰਣ ਲਈ ਜਦੋਂ ਅਸੀਂ ਦਰਮਿਆਨੀਆਂ ਅਤੇ ਵੱਡੀਆਂ, ਜੁੱਤੀਆਂ, ਕਪੜੇ ਅਤੇ ਸਾਮਾਨ ਬਣਾਉਣ ਲਈ ਵੇਚਣ ਦਾ ਪ੍ਰਬੰਧ ਕਰਨਾ ਸੀ ਤਾਂ ਇਨ੍ਹਾਂ ਅਦਾਰਿਆਂ/ਫ਼ਰਮਾਂ ਨੂੰ ਚਲਾਉਣ ਲਈ ਔਰਤਾਂ ਦੀ ਚੋਣ ਕਰਨ ਦੀ ਹਿਦਾਇਤ ਕੀਤੀ ਗਈ (ਤਾੜੀਆਂ) 4000 ਕੇਂਦਰਾਂ, 90% ਜਾਂ ਇਸ ਤੋਂ ਵੱਧ ਦੀਆਂ ਪ੍ਰਬੰਧਕ ਔਰਤਾਂ ਹਨ।

ਉਦਾਹਰਣ ਲਈ ਇਕ ਹੋਰ ਅੰਕੜਾ ਜੋ ਫੈਡਰੇਸ਼ਨ ਦੀ ਕਾਮਰੇਡ ਪ੍ਰਧਾਨ ਦੀ ਰਿਪੋਰਟ ਵਿਚ ਆਉਣੋਂ ਰਹਿ ਗਿਆ ਬੜਾ ਮਹੱਤਵਪੂਰਣ ਹੈ। ਉਹ ਹੈ ਉਨ੍ਹਾਂ ਸਰਗਰਮੀਆਂ ਵਿਚ ਹਿੱਸੇਦਾਰੀ ਵਧਾਉਣਾ ਜਿਹੜੀਆਂ ਔਰਤ ਲਈ ਜ਼ਰੂਰੀ ਹੈ। ਮੈਡੀਕਲ ਵਰਗੇ ਕਿੱਤਿਆਂ ਵਿਚ ਔਰਤਾਂ ਦੀ ਗਿਣਤੀ ਸਕੂਲਾਂ ਯੂਨੀਵਰਸਿਟੀਆਂ ਵਿਚ 10% ਤੋਂ ਵੀ ਘੱਟ ਸੀ। ਪਰ ਇਸ ਬਾਰ ਮੈਡੀਕਲ ਸਾਇੰਸ ਦੇ ਪਹਿਲੇ ਸਾਲ ਵਿਚ ਤਕਰੀਬਨ 50% ਔਰਤਾਂ ਹਨ। ਇਹ ਤੱਥ ਇਸ ਗੱਲ ਦਾ ਪ੍ਰਮਾਣ ਹਨ ਕਿ ਇਨਕਲਾਬ ਦੇ ਚਾਰ ਸਾਲਾਂ ਵਿਚ ਕਿਵੇਂ ਔਰਤ ਨੂੰ ਸਮਾਜਿਕ ਜੀਵਨੀ ਅਤੇ ਦੇਸ਼ ਦੇ ਜੀਵਨ ਵਿਚ ਸ਼ਾਮਿਲ ਕੀਤਾ ਗਿਆ। ਜੀਵਨ ਦੇ ਉਸ ਘੇਰੇ ਵਿਚ ਲਿਆਂਦਾ ਗਿਆ ਜਿਸ ਵਿਚ ਉਹ ਰਹਿੰਦੀ ਅਤੇ ਵਿਕਸਿਤ ਹੁੰਦੀ ਹੈ। ਉਦਾਹਰਣ ਲਈ 2 ਜਨਵਰੀ ਨੂੰ ਔਰਤਾਂ ਦੀ ਬਟਾਲੀਅਨ ਦੂਜੇ ਜਵਾਨਾਂ ਨਾਲ਼ ਪਰੇਡ ਵਿਚ ਸ਼ਾਮਲ ਹੁੰਦੀ ਹੈ। ਫੌਜ ਦੇ ਅਨੇਕਾਂ ਕਾਰਜਾਂ ਵਿਚ ਔਰਤ ਆਪਣੀਆਂ ਸੇਵਾਵਾਂ ਦਿੰਦੀ ਹੈ। ਔਰਤਪੁਣੇ ਦਾ ਬੁਰਜ਼ੁਆ ਸੰਕਲਪ ਸਾਡੇ ਦੇਸ਼ ਵਿਚ ਸਮਾਪਤ ਹੋ ਰਿਹਾ ਹੈ। ਧੱਬੇ ਦਾ, ਵਿਤਕਰੇ ਦਾ ਸੰਕਲਪ ਸਹੀ ਰੂਪ ਵਿਚ ਸਾਡੇ ਦੇਸ਼ ਵਿਚ ਸਮਾਪਤ ਹੋ ਰਿਹਾ ਹੈ ਅਤੇ ਔਰਤਾਂ ਇਸ ਨੂੰ ਮਹਿਸੂਸ ਕਰ ਰਹੀਆਂ ਹਨ। ਅਨੇਕਾਂ ਸਮਾਜਿਕ ਸਰਗਰਮੀਆਂ ਵਿਚ ਔਰਤ ਦੀ ਬਰਾਬਰੀ ਦੇ ਮਹੱਤਵਪੂਰਣ

ਸਕਲਪ ਨੇ ਸਾਡੇ ਕੀਨੇ ਦਾ ਬਦਲ ਪੇਸ਼ ਕੀਤਾ ਹੈ। ਕਈਆਂ ਥਾਵਾਂ ਤੇ ਉਨ੍ਹਾਂ ਨੇ ਬੇਮਿਸਾਲ ਗੁਣਾਂ ਦਾ ਪ੍ਰਗਟਾਵਾ ਕੀਤਾ ਹੈ। ਕੰਮ ਦਾ ਵਿਸ਼ਾਲ ਖੇਤਰ ਉਨ੍ਹਾਂ ਲਈ ਖੁੱਲ੍ਹਾ ਹੈ। ਜੇਕਰ ਤੁਸੀਂ ਕਿਊਬਾ ਅਤੇ ਲੈਟਿਨ ਅਮਰੀਕਾ ਦੇ ਡੇਲੀਗੇਟਾਂ ਦੀਆਂ ਰਿਪੋਰਟਾਂ ਦਾ ਤੁਲਨਾਤਮਿਕ ਅਧਿਐਨ ਕਰੋਗੇ ਤਾਂ ਤੁਹਾਨੂੰ ਬੇਹੱਦ ਅੰਤਰ ਸਪੱਸ਼ਟ ਹੋ ਜਾਵੇਗਾ। ਇੱਥੇ ਸਮੱਸਿਆਵਾਂ ਵੀ ਹਨ ਜਿਵੇਂ ਔਰਤ ਨੂੰ ਘਰੇਲੂ ਗੁਲਾਮੀ ਤੋਂ ਕਿਵੇਂ ਆਜ਼ਾਦ ਕਰਵਾਇਆ ਜਾਵੇ, ਕਿਵੇਂ ਅਜਿਹੀਆਂ ਪ੍ਰਸਥਿਤੀਆਂ ਸਿਰਜੀਆਂ ਜਾਣ ਕਿ ਉਸਦੀ ਉਪਜਾਇਕਤਾ ਵਿਚ ਹਿੱਸੇਦਾਰੀ ਵੱਧ ਤੋਂ ਵੱਧ ਕਿਵੇਂ ਸੰਭਵ ਕੀਤੀ ਜਾ ਸਕੇ ਜਿਸ ਤੋਂ ਔਰਤਾਂ ਅਤੇ ਇਨਕਲਾਬ ਦੋਨਾਂ ਨੂੰ ਫ਼ਾਇਦਾ ਹੋ ਸਕੇ।

ਪੂੰਜੀਵਾਦੀ ਸਮਾਜ ਵਿਚ ਬੇਰੁਜ਼ਗਾਰੀ ਨੂੰ ਹੀ ਲਉ। ਲੱਖਾਂ ਲੋਕ ਬੇਰੁਜ਼ਗਾਰ ਹਨ। ਇਹ ਤਰਕਸੰਗਤ ਹੀ ਹੈ ਕਿ ਔਰਤਾਂ ਵਰਜਿਤ ਆਰਥਿਕ ਖੇਤਰਾਂ ਵਿਚ ਕਈ ਗੁਣਾਂ ਹੋਣਗੀਆਂ। ਸਾਡੇ ਵਰਗੇ ਸਮਾਜ ਵਿਚ ਜਿਸ ਵਿਚ ਸਮੁੱਚੇ ਵਿਕਾਸ ਸਰੋਤਾਂ ਨੂੰ ਧਿਆਨ ਵਿਚ ਰੱਖਕੇ, ਦੇਸ਼ ਅਤੇ ਆਰਥਿਕ ਪਲੈਨਿਕ ਨੂੰ ਵੀ ਵਿਵਸਥਿਤ ਕੀਤਾ ਗਿਆ ਹੈ ਇੱਥੇ ਪੈਦਾਵਾਰ ਲਈ ਹੋਰ ਵਧੇਰੇ ਮਜ਼ਦੂਰਾਂ ਦੀ ਲੋੜ ਹੈ। ਇਸ ਲਈ ਇਹ ਵੀ ਤਰਕਪੂਰਣ ਹੈ ਕਿ ਇਨਕਲਾਬ ਪ੍ਰਸਥਿਤੀਆਂ ਸਿਰਜਣ ਪ੍ਰਤਿ ਵੀ ਫ਼ਿਕਰਮੰਦ ਹੈ। ਇਨਕਲਾਬ ਨੂੰ ਇਸੇ ਲਈ ਵੱਧ ਤੋਂ ਵੱਧ ਬੱਚਿਆਂ ਦੇ ਕੇਂਦਰ ਸਥਾਪਿਤ ਕਰਨ ਦੀ ਲੋੜ ਹੈ, ਵਿਦਿਆਰਥੀਆਂ ਦੇ ਖਾਣ-ਕਮਰਿਆਂ ਦੀ ਲੋੜ ਹੈ। ਅਜਿਹੀਆਂ ਸਥਿਤੀਆਂ ਨੂੰ ਸਿਰਜ ਕੇ ਹੀ ਔਰਤਾਂ ਨੂੰ ਰਸੋਈ ਦੀ ਗੁਲਾਮੀ ਤੋਂ ਛੁਟਕਾਰਾ ਦੁਆਇਆ ਜਾ ਸਕਦਾ ਹੈ। ਇਸ ਵਾਸਤੇ ਹੀ ਧੋਬੀਘਾਟਾਂ (ਲਾਂਡਰੀਆਂ) ਦੀ ਲੋੜ ਹੈ।

ਇਹ ਸਪੱਸ਼ਟ ਹੈ ਕਿ ਅਜਿਹੀਆਂ ਬੱਚਿਆਂ ਦੇ ਕੇਂਦਰ ਵਰਗੀਆਂ ਸੰਸਥਾਵਾਂ ਸਿਰਜਣ ਲਈ ਸਾਡੇ ਸਾਹਮਣੇ ਸਰੋਤਾਂ ਦੀ ਕਮੀ ਰੁਕਾਵਟ ਬਣ ਸਕਦੀ ਹੈ। ਇਸ ਸਾਲ ਜ਼ੋਰ ਇਸ ਗੱਲ ਉਪਰ ਹੈ ਕਿ ਮਜ਼ਦੂਰਾਂ ਦੀਆਂ ਸੰਸਥਾਵਾਂ ਵੱਡੇ ਮੱਧ ਕਾਰਖਾਨਿਆਂ ਵਿਚ ਡਾਇਕਿੰਗ ਹਾਲ ਬਣਾਏ ਜਾਣ, ਅਗਲੇ ਸਾਲ ਵਿਦਿਆ ਦੀਆਂ ਸੰਸਥਾਵਾਂ ਵਿਚ ਅਜਿਹੇ ਹਾਲ ਬਣਾਉਣ ਉਪਰ ਬਲ ਦਿੱਤਾ ਜਾਵੇਗਾ। ਅਜਿਹੀਆਂ ਸੰਸਥਾਵਾਂ ਦੇ ਵਿਕਾਸ ਵਿਚ ਔਰਤਾਂ ਪੈਦਾਵਾਰਾਂ ਦੇ ਕੰਮ ਵਿਚ ਵਧੇਰੇ ਹਿੱਸਾ ਲੈਣਗੀਆਂ, ਇਸ ਵਿਚ ਉਨ੍ਹਾਂ ਔਰਤਾਂ ਦਾ ਦੇਸ਼ ਵੀ ਸ਼ਾਮਿਲ ਹੈ। ਉਹ ਨਾ ਕੇਵਲ ਆਰਥਿਕ ਸਰਗਰਮੀ ਵਿਚ ਹਿੱਸੇਦਾਰ ਬਣਨਗੀਆਂ ਸਗੋਂ ਰਾਜਨੀਤਕ ਅਤੇ ਸਮਾਜਿਕ ਸਰਗਰਮੀਆਂ ਵਿਚ ਵੀ ਹਿੱਸਾ ਲੈਣਗੀਆਂ। (ਤਾੜੀਆਂ)

ਅੱਜ ਇਹ ਸਾਡੀਆਂ ਚਿੰਤਾਵਾਂ ਹਨ, ਸਾਡੇ ਦੇਸ਼ ਦੀਆਂ ਔਰਤਾਂ ਇਨ੍ਹਾਂ ਚਿੰਤਾਵਾਂ ਦੇ ਹੱਲ ਕੱਢ ਸਕਦੀਆਂ ਹਨ। ਕਿਊਬਾ ਦੇ ਡੈਲੀਗੇਸ਼ਨ ਨੇ ਇਨਕਲਾਬ ਨਾਲ ਵਿਦਿਆ ਦੇ ਫਰੰਟ ਤੇ ਕੀਤੇ ਵੱਡੇ ਯਤਨਾਂ ਵਲ ਵੀ ਸਾਡਾ ਧਿਆਨ ਦੁਆਇਆ ਹੈ। ਇਸ ਬਾਰੇ ਬਹੁਤਾ ਕੁਝ ਕਹਿਣ ਦੀ ਲੋੜ ਨਹੀਂ। ਜੋ ਹੈ ਉਹ ਕਾਫ਼ੀ ਹੈ। ਇਸ ਅੰਦੋਲਨ ਵੱਲ ਧਿਆਨ ਦੇਣਾ ਪਵੇਗਾ। ਇਹ ਅੰਦੋਲਨ ਦੇਸ਼ ਦੇ ਮਹਾਨ ਭਵਿੱਖ ਨਾਲ ਜੁੜਿਆ ਹੋਇਆ ਹੈ। ਇਹ ਅੰਦੋਲਨ ਉਨ੍ਹਾਂ ਉਦੇਸ਼ਾਂ ਦਾ ਪ੍ਰਗਟਾਵਾ ਕਰਦਾ ਹੈ ਜਿਹੜੇ ਇਨਕਲਾਬ ਨੇ ਭਵਿੱਖ ਲਈ ਸਾਹਮਣੇ ਲਿਆਂਦੇ ਸਨ। ਇਸ ਨੇ ਅਣਗਿਣਤ ਬੱਚਿਆਂ ਨੂੰ ਸਕੂਲਾਂ ਵਿਚ ਲਿਆਂਦਾ ਹੈ, ਸੈਕੰਡਰੀ ਅਤੇ ਉਪਰਲੇ ਸਕੂਲਾਂ ਵਿਚ ਪੁਚਾਇਆ ਹੈ। ਅਨਪੜ੍ਹਤਾ ਨੂੰ ਮੂਲ੍ਹੋਂ ਖ਼ਤਮ ਕਰਨ ਵਲ ਕਦਮ ਵਧਾਇਆ ਹੈ ਅਤੇ ਕਿਊਬਾ ਦੇਸ਼ ਨੂੰ ਸ਼ਾਨਦਾਰ ਭਵਿੱਖ ਵਲ ਵਧਾਇਆ ਹੈ ਜਿਸ ਲਈ ਇਨਕਲਾਬ ਨੌਜਵਾਨਾਂ ਲਈ ਪ੍ਰਸਥਿਤੀਆਂ ਸਿਰਜ ਰਿਹਾ ਹੈ।



ਸਾਡੀ ਸਮੱਸਿਆ ਹੁਣ ਇਹ ਨਹੀਂ ਹੈ ਕਿ ਅਧਿਕਾਰ ਲੈਣੇ ਕਿਵੇਂ ਹਨ ਸਗੋਂ ਇਹ ਹੈ ਕਿ ਇਸ ਕੰਮ ਨੂੰ ਕਿੰਨੀ ਸੰਭਵ ਪੂਰਨਤਾ ਤਕ ਪੂਰਾ ਕੀਤਾ ਜਾਵੇ। ਇਸ ਕਾਂਗਰਸ ਵਿਚ ਅਮਰੀਕਾ ਦਾ ਪ੍ਰਤਿਨਿਧਤਾ ਕਰਦੀਆਂ ਔਰਤਾਂ ਅਤੇ ਕਿਊਬਾ ਦੀਆਂ ਪ੍ਰਤਿਨਿਧ ਔਰਤਾਂ ਦੀਆਂ ਪ੍ਰਸਥਿਤੀਆਂ ਵਿਚ ਅੰਤਰ ਹੈ। ਕਿਊਬਾ ਦੀਆਂ ਔਰਤਾਂ ਕੋਲ਼ ਸਭ ਕੁਝ ਕਰਨ ਦੇ ਮੌਕੇ ਹਨ ਪਰ ਅਮਰੀਕੀ ਔਰਤਾਂ ਨੂੰ ਇਨ੍ਹਾਂ ਮੌਕਿਆਂ ਦੀ ਲੋੜ ਤੇ ਤਲਾਸ਼ ਹੈ। ਸਾਡੀਆਂ ਸਮੱਸਿਆਵਾਂ ਇਨ੍ਹਾਂ ਅਰਥਾਂ ਵਿਚ ਭਿੰਨ ਹਨ ਕਿ ਅਸੀਂ ਕਿਵੇਂ ਕਰਾਂਗੇ ਅਤੇ ਕਿੰਨੀ ਕੁਸ਼ਲਤਾ ਨਾਲ਼ ਕਰਾਂਗੇ। ਸਾਡੇ ਸਾਹਮਣੇ ਮੌਕੇ ਦੀ ਘਾਟ ਨਹੀਂ ਹੈ। ਸਾਡੇ ਇਕ ਲੱਖ (100000) ਵਿਦਿਆਰਥੀ ਵਜ਼ੀਫ਼ੇ ਲੈ ਕੇ ਅਧਿਐਨ ਕਰ ਰਹੇ ਹਨ। ਸਾਡੇ ਸਾਹਮਣੇ ਚੁਣੌਤੀ ਉਨ੍ਹਾਂ ਨੂੰ ਸੰਗਠਿਤ ਕਰਨ ਦੀ ਹੈ, ਇਹ ਦੇਖਣ ਦੀ ਹੈ ਕਿ ਜਿਨ੍ਹਾਂ ਸਕੂਲਾਂ ਵਿਚ ਉਹ ਪੜ੍ਹ ਰਹੇ ਹਨ ਉਹ ਵਧੀਆਂ ਹੋਣ, ਅਧਿਆਪਕਾਂ ਨੂੰ ਸਿਖਿਅਤ ਕਿਵੇਂ ਕੀਤਾ ਜਾਵੇ ਅਤੇ ਇਸ ਕਾਰਜ ਨੂੰ ਵਧੀਆ ਢੰਗ ਨਾਲ਼ ਨੇਪਰੇ ਕਿਵੇਂ ਚਾੜ੍ਹਿਆ ਜਾਵੇ।

ਇਸ ਦਾ ਇਹ ਅਰਥ ਵੀ ਨਹੀਂ ਹ ਕਿ ਅਸੀਂ ਕਾਫ਼ੀ ਕੰਮ ਨਹੀਂ ਕੀਤਾ। ਇਸਦੇ ਉਲਟ ਇਨਕਲਾਬ ਸਮੇਂ ਹਰ ਸਮੇਂ ਵੱਧ ਤੋਂ ਵੱਧ ਕੰਮ ਹੋਇਆ। ਅੱਗੇ ਵਧਦਿਆਂ ਇਨਕਲਾਬ ਹੋਰ ਹੋਰ ਸਾਧਨ ਤੇ ਸਰੋਤ ਜੁਟਾ ਰਿਹਾ ਹੈ। ਸਾਧਨ ਕਿਵੇਂ ਜੁਟਾਏ ਜਾ ਰਹੇ ਹਨ ਉਸਦੀ ਇਕ ਉਦਾਹਰਣ ਇਹ ਹੈ ਕਿ ਹੁਣੇ ਓਰੀਐਂਟੀ ਪਰੋਵਿੰਸ ਤੋਂ ਸਾਡੀ ਰਾਜਧਾਨੀ ਵਿਚ 10,000 ਨੌਜਵਾਨ ਕਿਸਾਨ ਕੁੜੀਆਂ ਪਹੁੰਚ ਰਹੀਆਂ ਹਨ। (ਤਾੜੀਆਂ) ਜਿਨ੍ਹਾਂ ਨੂੰ ਕਾਰਜ ਸੌਂਪਣਾ ਹੈ। ਔਰਤਾਂ ਦੀ ਫੈਡਰੇਸ਼ਨ ਦੇ ਜ਼ਿੰਮੇ ਇਹ ਕੰਮ ਹੈ। ਔਰਤਾਂ ਦੀ ਫੈਡਰੇਸ਼ਨ ਨੂੰ ਸਾਰੇ ਬੋਰਡਿੰਗ ਹਾਉਸਾਂ ਨੂੰ ਵੀ ਸੰਭਾਲ਼ਣਾ ਹੈ ਜਿਸ ਵਿਚ ਵਜ਼ੀਫ਼ਾ ਪ੍ਰਾਪਤ ਵਿਦਿਆਰਥੀ ਰਹਿੰਦੇ ਹਨ। ਇਸ ਕੋਲ਼ ਬਹੁਤੇ ਕਾਰਜਕਰਤਾ ਨਹੀਂ। ਪਰ ਇਕ ਅਧਿਆਪਕਾਂ ਦਾ ਸਕੂਲ ਹੈ ਜਿਸਨੂੰ ਉਨ੍ਹਾਂ ਕੁੜੀਆਂ ਦਾ ਸਮੂਹ ਚਲਾ ਰਿਹਾ ਹੈ ਜਿਨ੍ਹਾਂ ਨੇ 1961 ਦੀ ਮਹਾਨ ਸਾਖ਼ਰਤਾ ਮੁਹਿੰਮ ਵਿਚ ਹਿੱਸਾ ਲਿਆ ਸੀ। 1100 ਨੌਜਵਾਨ ਕੁੜੀਆਂ ਅਧਿਆਪਕ ਬਣਨ ਦੀ ਸਿਖਿਆ ਲੈ ਰਹੀਆਂ ਹਨ। ਇਹ ਵਧੀਆ ਸਕੂਲ ਹੈ।

ਇਸ ਸਕੂਲ ਦੀ ਮੁਖੀਆ ਕਾਮਰੇਡ ਮਹਾਨ ਸਿਧਾਂਤਕਾਰ ਵੀ ਹੈ ਉਹ ਜਾਣਦੀ ਹੈ ਕਿ ਕਿਵੇਂ ਪੜ੍ਹਾਉਣਾ ਚਾਹੀਦਾ ਹੈ। ਕਾਮਰੇਡ ਜਿਸ ਨੇ 300 ਇਨਕਲਾਬੀ ਇਨਸਟਕਟਰਾਂ ਦੇ ਸਮੂਹ ਨਾਲ਼ ਸ਼ੁਰੂਆਤ ਕੀਤੀ ਹੈ। ਇਹ ਉਹ 300 ਨੌਜਵਾਨ ਕੁੜੀਆਂ ਦਾ ਸਮੂਹ ਹੈ ਜਿਨ੍ਹਾਂ ਨੇ ਪਹਾੜੀ ਇਲਾਕਿਆਂ ਵਿਚ ਪੜ੍ਹਾਉਣ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਜਿੰਨ੍ਹ ਨੇ 300 ਇਨਕਲਾਬੀ ਇਨਸਟਰਕਟਾਂ ਨੂੰ ਟਰੇਨਿੰਗ ਦੇਣੀ ਸ਼ੁਰੂ ਕੀਤੀ ਜਿਨ੍ਹਾਂ ਨੇ ਉਨ੍ਹਾਂ ਘਰੇਲੂ ਔਰਤਾਂ ਨੂੰ ਰਾਤ ਦੇ ਸਕੂਲਾਂ ਵਿਚ ਪੜ੍ਹਾਉਣਾ ਸੀ। ਇਹ ਪਹਿਲਾ ਸਕੂਲ ਸੀ। ਪਹਿਲਾਂ 300 ਸਨ। ਉਨ੍ਹਾਂ ਤਿੰਨ ਸੌ ਨਾਲ਼ ਰਾਤਾਂ ਦੇ ਸਕੂਲ ਚਲਾਏ ਗਏ।

ਤਿੰਨ ਸੌ ਹੋਰ ਸਨ, ਉਨ੍ਹਾਂ ਦੀ ਗਿਣਤੀ 600 ਪਹੁੰਚ ਗਈ। ਇਨ੍ਹਾਂ ਦੀ ਮਦਦ ਨਾਲ਼ ਮੈਕੈਰੇਸ ਉਸਤਾਦਾਂ ਦਾ ਇੰਸਟੀਚਿਊਟ ਚਲਾਇਆ ਗਿਆ ਜਿਸ ਵਿਚ 1100 ਨੂੰ ਸਿਖਿਅਤ ਕੀਤਾ ਗਿਆ ਜਿਨ੍ਹਾਂ ਵਿਚੋਂ 300 ਨੂੰ ਖਾਸ ਪੜ੍ਹਾਈ ਲਈ ਚੁਣਿਆ ਗਿਆ। ਬਾਕੀ ਦੀਆਂ ਤਿੰਨ ਸੌ ਨਾਲ਼ 10,000 ਕਿਸਾਨੀ ਕੁੜੀਆਂ ਲਈ ਸਕੂਲ ਚਲਾਏ ਗਏ। (ਤਾੜੀਆਂ)

ਸਾਡੇ ਕੋਲ ਪਹਿਲਾਂ ਹੀ ਕਾਰਜ ਕਰਤਾ ਹਨ। ਸਾਖਰਤਾ ਅਭਿਆਨ ਵਿਚੋਂ ਆਈਆਂ ਕੁੜੀਆਂ ਹਨ ਜੋ ਇਕ ਸਾਲ ਤਕ ਆਪ ਪੜ੍ਹੀਆਂ ਹਨ ਜੋ ਪਹਿਲਾਂ ਹੀ ਜ਼ੁਮੇਵਾਰ ਤੇ ਅਨੁਸ਼ਾਸਿਤ ਹਨ। ਇਨ੍ਹਾਂ ਥਾਵਾਂ ਤੋਂ ਲੰਘਣਾ ਬੜਾ ਪ੍ਰਭਾਵ ਪਾਉਂਦਾ ਹੈ। ਇਥੇ ਪਹਿਲਾਂ

ਕਰੋੜਪਤੀ ਰਹਿੰਦੇ ਸਲ ਪਰ ਹੁਣ ਵਰਦੀ ਵਿਚ ਕੁੜੀਆਂ ਦੇ ਝੁੰਡਾਂ ਨੂੰ ਦੇਖਣਾ ਅਤੇ ਕਿਸਾਨੀ ਕੁੜੀਆਂ ਨੂੰ ਇਕ ਤੋਂ ਦੂਸਰੇ ਥਾਂ ਕਲਾਸਾਂ ਲਾਉਣ ਲਈ ਜਾਂ ਖਾਣ ਲਈ ਜਾਂਦਿਆਂ ਦੇਖਣਾ ਮਨਮੋਹਕ ਹੈ। ਸਕਾਲਰਸ਼ਿਪ ਲੈ ਰਹੀਆਂ ਵਰਗਦੀ ਵਿਚ ਕੁੜੀਆਂ ਕਈ ਬਾਰੀ ਕਿਸਾਨੀ ਕੁੜੀਆਂ ਤੋਂ ਵੀ ਛੋਟੀਆਂ ਹੁੰਦੀਆਂ ਹਨ, ਪਰ ਉਹ ਉਨ੍ਹਾਂ ਦੀਆਂ ਆਗੂ ਹਨ, ਉਨ੍ਹਾਂ ਨੂੰ ਦੇਖਣਾ ਅਦਭੁਤ ਹੈ। ਉਹ ਸਮੂਹ ਨੂੰ ਸੰਭਾਲਦੀਆਂ ਹਨ, ਉਹ ਉਨ੍ਹਾਂ ਘਰਾਂ ਦੀਆ ਇਨਚਾਰਜ ਹਨ ਜਿਨ੍ਹਾਂ ਵਿਚ ਕਿਸਾਨ ਕੁੜੀਆਂ ਰਹਿੰਦੀਆਂ ਹਨ ਤੇ ਇਸ ਤੋਂ ਵੀ ਵੱਧ ਉਹ ਉਨ੍ਹਾਂ ਦੀਆ ਅਧਿਆਪਕਾਵਾਂ ਹਨ। ਉਹ ਪੜ੍ਹਦੀਆਂ ਹਨ ਤੇ ਕੰਮ ਕਰਦੀਆਂ ਹਨ।

ਸੋਚੋ ਉਨ੍ਹਾਂ ਕੁੜੀਆਂ ਨੂੰ ਕਿਵੇਂ ਸਿਖਿਅਤ ਕੀਤਾ ਗਿਆ ਜੋ ਪਹਿਲਾਂ ਹੀ ਜ਼ੁਮੇਵਾਰੀ ਨਿਭਾ ਰਹੀਆਂ ਹਨ, ਗੰਭੀਰ ਕਾਰਜ ਕਰ ਰਹੀਆਂ ਹਨ ਅਤੇ ਪੂਰਾ ਵੀ ਕਰ ਰਹੀਆਂ ਹਨ। ਉਹ ਇਕ ਸਿਸਟਮ ਵਿਚ ਹਨ ਅਤੇ ਸਿਖਿਆ ਤੇ ਕੰਮ ਨੂੰ ਇਕੋ ਵੇਲੇ ਕਰ ਰਹੀਆਂ ਹਨ। ਇਸ ਤੋਂ ਸੁਝਾਅ ਮਿਲਦਾ ਹੈ ਕਿ ਇਹ ਸਿਖਿਅਤ ਕੁੜੀਆਂ ਸਭ ਸਮਿਆਂ ਲਈ ਮਹਾਨ ਹਨ। ਇਨਕਲਾਬ ਨੇ ਅਧਿਆਪਕ ਚੁਣਨ ਦੇ ਤਰੀਕੇ ਬਦਲ ਦਿੱਤੇ ਹਨ। ਪਹਿਲਾਂ ਅਧਿਆਪਕ ਕੇਵਲ ਸ਼ਹਿਰਾਂ ਵਿਚੋਂ ਚੁਣੇ ਜਾਂਦੇ ਸਨ। ਇਨਕਲਾਬ ਨੇ ਉਹ ਢੰਗ ਬਦਲ ਦਿੱਤਾ। ਇਸ ਨੇ ਸਾਰੇ ਮੁੰਡੇ ਕੁੜੀਆਂ ਨੂੰ ਮੌਕੇ ਦਿੱਤੇ ਜੋ ਅਧਿਆਪਕ ਬਣਨਾ ਚਾਹੁੰਦੇ ਸਨ ਅਤੇ ਪਹਾੜਾਂ ਵਿਚ ਇਸਦੀ ਸ਼ੁਰੂਆਤ ਕੀਤੀ ਗਈ। (ਤਾੜੀਆਂ)

ਹੁਣ ਸਾਡੇ ਕੋਲ਼ ਪਹਾੜਾਂ ਵਿਚ 5,000 ਅਜਿਹੇ ਨੌਜਵਾਨ ਹਨ ਜੋ ਅਧਿਆਪਨ ਦੇ ਕਿੱਤੇ ਦੇ ਪਹਿਲੇ ਸਾਲ ਵਿਚ ਪ੍ਰਵੇਸ਼ ਕਰ ਰਹੇ ਹਨ। ਬਾਅਦ ਵਿਚ ਉਹ ਦੋ ਹੋਰ ਸਾਲ ਸਕੂਲ ਜਾਣਗੇ। ਫਿਰ ਉਹ ਉਪਰਲੇ ਇਨਸੀਚਿਊਟ ਵਿਚ ਜਾਣਗੇ ਜਿੱਥੇ ਉਹ ਹੋਰ ਦੋ ਸਾਲ ਤਕ ਠਹਿਰਨਗੇ। ਬਹੁਤ ਸਾਰੀਆਂ ਕੁੜੀਆਂ ਅਧਿਆਪਕਾਵਾਂ ਕਿਸਾਨੀ ਵਿਚੋਂ ਹੋਣਗੀਆਂ। ਇਹ ਕੁੜੀਆਂ ਪਹਾੜਾਂ ਨਾਲ਼ ਅਤੇ ਪੇਂਡੂ ਖੇਤਰਾਂ ਤੋਂ ਵਾਕਿਫ਼ ਹੋਣਗੀਆਂ।

ਅਸੀਂ ਕਿਸਾਨ-ਕੁੜੀਆਂ ਲਈ ਯੂਨੀਵਰਸਿਟੀ ਤੋਂ ਪਹਿਲੇ ਕੋਰਸ ਵੀ ਆਯੋਜਿਤ ਕਰ ਰਹੇ ਹਾਂ, ਜੋ ਚੌਥੇ ਜਾਂ ਪੰਜਵੇ ਗਰੇਡ ਵਿਚ ਹਨ ਅਤੇ ਅਧਿਆਪਕ ਬਣਨ ਲਈ ਅਧਿਐਨ ਕਰਨਾ ਚਾਹੁੰਦੀਆਂ ਹਨ। ਇਨ੍ਹਾਂ 10,000 ਕਿਸਾਨੀ ਕੁੜੀਆਂ ਵਿਚੋਂ ਅਸੀਂ ਕਿੱਤੇ ਪ੍ਰਤਿ ਰੁਝਾਨ ਰੱਖਦੀਆਂ ਕੁੜੀਆਂ ਦੀ ਚੋਣ ਕਰਾਂਗੇ ਅਤੇ ਉਨ੍ਹਾਂ ਸਕੂਲਾਂ ਵਿਚ ਜਾਣ ਲਈ ਤਿਆਰ ਕਰਾਂਗੇ। ਇਸ ਸਮੇਂ ਦੌਰਾਨ ਸਾਡੇ ਕੋਲ ਉਚੇਰੀ ਸਿਖਿਆ ਦੀਆਂ ਸੰਸਥਾਵਾਂ ਹੋਣਗੀਆਂ ਜਿਸ ਵਿਚ 6000 ਵਿਦਿਆਰਥੀ ਹੋਣਗੇ ਜਿਨ੍ਹਾਂ ਨੂੰ ਅਸੀਂ ਅਧਿਆਪਨ ਲਈ ਤਿਆਰ ਕਰਾਂਗੇ ਜੋ ਅਧਿਆਪਨ ਦੇ ਨਾਲ਼ ਨਾਲ਼ ਕੰਮ ਵੀ ਕਰਨਗੇ। ਇਹ ਸਭ ਕੁਝ ਇਸ ਪਾਸੇ ਵਲ ਕੰਮ ਕਰ ਰਹੇ ਮਿਹਨਤੀ ਲੋਕਾਂ ਦੀ ਮਦਦ ਨਾਲ਼ ਹੀ ਸੰਭਵ ਹੋ ਸਕੇਗਾ।

ਕੀ ਕਾਫ਼ੀ ਯੋਗ ਲੋਕ ਹਨ ਜੋ ਇਸ ਕੰਮ ਨੂੰ ਸਫ਼ਲਤਾ ਨਾਲ਼ ਕਰ ਸਕਦੇ ਹਨ? ਬਦਕਿਸਮਤੀ ਨਾਲ਼ ਅਜਿਹਾ ਨਹੀਂ ਹੈ। ਪਰ ਜੇ ਇਨ੍ਹਾਂ ਸਰਗਰਮੀਆਂ ਨੂੰ ਚਲਾਉਣ ਵਾਲਾ ਸਮਰੱਥ ਆਦਮੀ ਹੋਵੇ ਤਾਂ ਹੀ ਸਕੂਲ ਚਲਾ ਸਕਦਾ ਹੈ। ਇਹ ਕੰਮ ਕਰਨ ਦਾ ਸਿਸਟਮ ਹੈ। ਸਾਡੇ ਕੋਲ਼ ਐਲੀਸਾ ਵਰਗੀਆਂ ਦੀ ਘਾਟ ਹੈ ਪਰ ਭਵਿੱਖ ਵਿਚ ਸਾਡੇ ਕੋਲ਼ ਸੈਂਕੜੇ ਐਲੀਸਾ ਹੋਣਗੀਆਂ ਕਿਉਂਕਿ ਉਹ ਇਨ੍ਹਾਂ ਕੁੜੀਆਂ ਨੂੰ ਸਿਖਿਅਤ ਕਰਕੇ ਆਪਣੇ ਵਰਗੀਆਂ ਬਣਾ ਦੇਵੇਗੀ। ਹਰ ਦਿਨ ਹੋਰ ਸਕੂਲ ਖੁਲ੍ਹਣਗੇ, ਵਧੀਆ ਸਕੂਲ ਹੋਂਦ ਵਿਚ ਆਉਣਗੇ ਤੇ ਸਾਨੂੰ ਇਨ੍ਹਾਂ ਨੂੰ ਚਲਾਉਣ ਲਈ ਨਵੇਂ ਕੇਡਰ ਦੀ ਲੋੜ ਹੋਵੇਗੀ। ਇਸ ਤਰ੍ਹਾਂ ਨੌਜਵਾਨਾਂ ਨਾਲ



ਇਨਕਲਾਬ ਅਗਾਂਹ ਵਧੇਗਾ। ਅਜਿਹਾ ਕੁਝ ਵਾਪਰੇਗਾ। ਸਾਨੂੰ ਇਹ ਸਭ ਕੁਝ ਕਰਨ ਦੇ ਮੌਕੇ ਮਿਲੇ ਹਨ।

ਲੈਟਿਨ ਅਮਰੀਕਾ ਦੇ ਕਾਮਰੇਡਾਂ ਨੇ ਦੀਪ ਦੀ ਸਮਕਾਲੀ ਯਥਾਰਥਵਾਦੀ ਸਥਿਤੀ ਨੂੰ ਪੇਸ਼ ਕੀਤਾ ਹੈ। ਇਹ ਸੱਚ ਮੁੱਚ ਡਰਾਉਣ ਵਾਲ਼ੀ ਹੈ। ਅਸੀਂ ਚਾਹੁੰਦੇ ਹਾਂ ਕਿ ਇਹ ਸਾਰੀਆਂ ਰਿਪੋਰਟਾਂ ਇਕ ਥਾਂ ਛੱਪਣ ਅਤੇ ਇਥੇ ਤੇ ਬਾਹਰ ਲੈਟਿਨ ਅਮਰੀਕਾ ਵਿਚ ਵੰਡੀਆਂ ਜਾਣ। (ਤਾੜੀਆਂ) ਤਸਵੀਰ ਤੇ ਅੰਕੜੇ ਨਿਰਾਸ਼ ਕਰਨ ਵਾਲ਼ੇ ਹਨ। ਉਨ੍ਹਾਂ ਬੱਚਿਆਂ ਬਾਰੇ ਜੋ ਸਕੂਲ ਨਹੀਂ ਜਾਂਦੇ, ਅਧਿਆਪਕਾਂ ਬਾਰੇ, ਘੱਟ ਖੁਰਾਕ ਮਿਲਣ ਬਾਰੇ, ਉਨ੍ਹਾਂ ਬੱਚਿਆਂ ਦੇ ਪ੍ਰਤਿਸ਼ਤ ਦੇ ਸ਼ਰਮਨਾਕ ਅੰਕੜਿਆਂ ਬਾਰੇ, ਜੋ ਛੇਵੇਂ ਗਰੇਡ ਤਕ ਪਹੁੰਚਦੇ ਹਨ, ਉਹ ਜੋ ਸੈਕੰਡਰੀ ਸਿਖਿਆ ਲੈਂਦੇ ਹਨ ਜਾਂ ਜੋ ਯੂਨੀਵਰਸਿਟੀ ਤਕ ਪਹੁੰਚਦੇ ਹਨ, ਉਨ੍ਹਾਂ ਬਾਰੇ, ਬੱਚਿਆਂ ਦੀ ਮੌਤ ਦਰ, ਗ਼ੈਰ ਸਿਹਤਮੰਦ ਹਾਲਤਾਂ ਬਾਰੇ ਜਿਨ੍ਹਾਂ ਵਿਚ ਉਹ ਰਹਿੰਦੇ ਹਨ, ਮੈਡੀਕਲ ਪ੍ਰੋਗਰਾਮਾਂ ਬਾਰੇ ਸਾਰੇ ਅੰਕੜੇ ਉਦਾਸ/ਨਿਰਾਸ਼ ਕਰਦੇ ਹਨ।

ਸਾਡੀ ਅੱਜ ਇਹ ਸਥਿਤੀ ਨਹੀਂ ਹੈ, ਕੋਈ ਇਕ ਬੱਚਾ ਵੀ ਪੋਲੀਓਗ੍ਰਸਤ ਨਹੀਂ ਹੈ। ਮੈਡੀਕਲ ਸਹਾਇਤਾ ਨਾਲ਼ ਹਜ਼ਾਰਾਂ ਬੱਚਿਆਂ ਨੂੰ ਬਚਾ ਲਿਆ ਗਿਆ ਹੈ। ਵੱਧ ਤੋਂ ਵੱਧ ਰਾਸ਼ਟਰੀ ਸਿਹਤ ਸੰਬੰਧੀ ਪ੍ਰੋਗਰਾਮ ਵਿਕਸਿਤ ਕੀਤੇ ਜਾ ਰਹੇ ਹਨ। ਅਮਲੀ ਤੌਰ ਤੇ ਤਿਗਣੇ ਬਿਸੀਰਿਆਂ ਵਾਲ਼ੇ ਹਸਪਤਾਲ਼ ਬਣ ਚੁੱਕੇ ਹਨ। ਲੋਕ ਸਿਹਤ ਸੇਵਾਵਾਂ ਲਈ ਚਾਰ ਗੁਣਾ ਸਰੋਤ ਜੁਟਾਏ ਗਏ ਹਨ। ਅੱਜ ਇਹ ਸਾਡੀ ਸਮੱਸਿਆ ਨਹੀਂ ਹੈ ਪਰ ਇਹ ਸਮੁੱਚੇ ਲੈਟਿਨ ਅਮਰੀਕੀ ਦੀਪ ਦੀ ਸਮੱਸਿਆ ਹੈ।

ਸਾਡੀ ਸਮੱਸਿਆ ਹੈ ਕਿ ਅਨੇਕਾਂ ਦੀ ਪੂਰਤੀ ਲਈ ਸਭ ਕੁਝ ਕਿਵੇਂ ਜੁਟਾਇਆ ਜਾਵੇ ਤਾਂਕਿ ਸਾਮਰਾਜੀ ਸ਼ੋਸ਼ਣ ਵਲੋਂ ਛੱਡੀ ਗਈ ਗਰੀਬੀ ਉੱਤੇ ਕਾਬੂ ਪਾਇਆ ਜਾ ਸਕੇ। ਸਾਡੀ ਸਮੱਸਿਆ ਇਹ ਹੈ। ਸਾਡਾ ਕੰਮ ਵੱਡਾ ਸਖ਼ਤ ਅਤੇ ਔਖਾ ਹੈ। ਜਦੋਂ ਸਾਮਰਾਜੀ ਪੰਜਾ ਸਾਡੇ ਉਪਰ ਝਪਟ ਰਿਹਾ ਤਾਂ ਆਪਣਾ ਕੰਮ ਸਿਰੇ ਚੜ੍ਹਾਉਣਾ ਸੌਖਾ ਨਹੀਂ। ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ, ਹਮਲਾਵਰ ਸਾਮਰਾਜਵਾਦੀ ਸਾਡੇ ਪਿੱਛੇ ਪਿਆ ਹੋਇਆ ਹੈ। ਇਹ ਕੰਮ ਜਾਰੀ ਕਿਵੇਂ ਰੱਖਿਆ ਜਾਵੇ, ਸਾਡੀ ਇਹ ਸਮੱਸਿਆ ਹੈ। ਇਨਕਲਾਬ ਨੂੰ ਬਚਾਉਣਾ ਵੀ ਹੈ, ਦੇਸ਼ ਦੀ ਅਖੰਡਤਾ ਨੂੰ ਜ਼ਰਬ ਵੀ ਨਹੀਂ ਆਉਣ ਦੇਣੀ ਤੇ ਨਾਲ਼ ਹੀ ਅੱਗੇ ਵਧਣਾ ਸਾਡੀ ਸਮੱਸਿਆ ਹੈ।

ਪਰ ਅਮਰੀਕੀ ਬੀਬੀਓ, ਤੁਹਾਡੀ ਇਹ ਸਮੱਸਿਆ ਨਹੀਂ ਹੈ। ਜਿਨ੍ਹਾਂ ਦੀ ਤੁਸੀਂ ਪ੍ਰਤਿਨਿਧਤਾ ਕਰਦੀਆਂ ਹੋ ਤੇ ਤੁਹਾਡੀ ਸਮੱਸਿਆ ਹੈ ਕਿ ਇਹ ਸਭ ਕੁਝ ਕਰਨ ਲਈ ਮੌਕਿਆਂ ਲਈ ਲੜਨਾ ਤੇ ਪ੍ਰਾਪਤ ਕਰਨੇ ਹਨ। ਜੋ ਅਸੀਂ ਕਰ ਰਹੇ ਹਾਂ। (ਤਾੜੀਆਂ) ਸਾਨੂੰ ਪੱਕਾ ਹੈ ਕਿ ਅਸੀਂ ਅਗਾਂਹ ਵਧਾਂਗੇ। ਕੁਝ ਸਾਲ ਘਟ ਜਾਂ ਵੱਧ ਲੱਗ ਸਕਦੇ ਹਨ।

ਦੂਸਰਿਆਂ ਨਾਲੋਂ ਵਧੇਰੇ ਕੁਰਬਾਨੀਆਂ ਦੇ ਕੇ ਅਸੀਂ ਆਪਣੀਆਂ ਔਖਿਆਈਆਂ ਉਪਰ ਕਾਬੂ ਪਾ ਲਵਾਂਗੇ ਇਸਦਾ ਸਾਨੂੰ ਵਿਸ਼ਵਾਸ ਹੈ। ਸਾਨੂੰ ਵਿਸ਼ਵਾਸ ਹੈ ਕਿ ਸਾਮਰਾਜਵਾਦ ਸਾਨੂੰ ਹਰਾਉਣ ਵਿਚ ਕਾਮਯਾਬ ਨਹੀਂ ਹੋ ਸਕਦਾ। (ਤਾੜੀਆਂ) ਅਸੀਂ ਜਿੱਤੇ ਜਾਣ ਲਈ ਨਹੀਂ ਹਾਂ। (ਤਾੜੀਆਂ) ਅਸੀਂ ਤਬਾਹ ਹੋ ਸਕਦੇ ਹਾਂ, ਮਰ ਸਕਦੇ ਹਾਂ, ਪਰ ਹਾਰ ਨਹੀਂ ਮੰਨ ਸਕਦੇ। (ਨਾਰੇ ਤੇ ਤਾੜੀਆਂ)

ਅਸੀਂ ਇਨਕਲਾਬ ਦੇ ਰਸਤੇ ਤੇ, ਸਮਾਜਵਾਦ ਦੇ ਰਸਤੇ ਤੇ, ਮਾਰਕਵਾਦ ਲੈਨਿਵਾਦ ਦੇ ਰਸਤੇ ਤੇ ਅੱਗੇ ਵਧਣਾ ਜਾਰੀ ਰੱਖਾਂਗੇ। ਮਾਤ-ਭੂਮੀ ਜਾਂ ਮੌਤ! ਅਸੀਂ ਜਿੱਤਾਂਗੇ। (ਤਾੜੀਆਂ)

# ਧਰਤੀ ਤੇ ਜ਼ਿੰਦਗੀ ਦੀ ਰੱਖਿਆ ਵਾਸਤੇ ਸੰਘਰਸ਼ ਦੀ ਲੋੜ —ਫੀਦਲ ਕਾਸਟਰੋ

*—ਅਵਤਾਰ ਸਿੰਘ ਸਾਦਿਕ*

ਹਜ਼ਾਰਾਂ ਡੈਲੀਗੇਸਟ ਦੀ ਤਮੰਨਾ ਪੂਰੀ ਹੋਈ ਸੀ। ਜਦੋਂ ਫੀਦਲ ਕਾਸਟਰੋ ਸੰਮੇਲਨ ਦੇ ਅੰਤ ਵਿਚ ਮੰਚ 'ਤੇ ਆਏ। ਫੀਦਲ ਕਾਸਟਰੋ, ਦਾ ਖੱਬਾ ਹੱਥ, ਸੱਜੇ ਹੱਥ ਤੇ ਉਦੋਂ ਤੱਕ ਥਪਥਪਾਉਂਦੇ ਰਿਹਾ, ਡੈਲੀਗੇਟਲਸ ਦੀਆਂ ਤਾੜੀਆਂ ਦੇ ਸੰਗ, ਜਦੋਂ ਤੱਕ ਉਹ ਕੁਰਸੀਆਂ 'ਤੇ ਨਾ ਬੈਠ ਗਏ। ਸਟੇਜ਼ ਤੇ ਖਲੋਤਿਆਂ, ਉਸ ਦੀ ਮੋਹ ਭਰੀ ਨਜ਼ਰ, ਥੀਏਟਰ ਵਿਚ ਹਮਦਰਦੀ ਦੀਆਂ ਛੋਟਾਂ ਪ੍ਰਾਪਤ ਕਰਕੇ,ਜਿੰਦਗੀ ਦੀ ਨੁਹਾਰ ਬਾਰੇ ਸੋਚ ਰਹੀ ਲਗਦੀ ਸੀ। ਉਹ ਜਦ ਸੰਮੇਲਨ ਨੂੰ ਸੰਬੋਧਨ ਕਰਨ ਲਈ ਉੱਠੇ ਤਾਂ ਉਸ ਦੀ ਨਜ਼ਰ ਸੈਂਡ ਨਿਸਦਾ ਲੀਡਰ, ਡੇਨੀਅਲ ਔਰਟੇਗਾ 'ਤੇ ਪਈ। ਉਸ ਆਪਣੀਆਂ ਬਾਹਾਂ ਗਲਵਕੜੀ ਲਈ ਚੁੱਕੀਆਂ। ਨਿਕਾਰੈਗੁਅਨ ਲੀਡਰ ਸਟੇਜ਼ ਤੇ ਗਏ। ਨਾਅਰੇ ਗੂੰਜੇ। ਇਸ ਤਰ੍ਹਾਂ ਐਲਸਲਵਾਡੋਰ ਦੇ ਇਨਕਲਾਬੀ ਲੀਡਰ, ਸੈਫਿਕ ਹੈਂਦਲ ਨੂੰ ਵੀ ਫੀਦਲ ਕਾਸਟਰੋ ਨੇ ਛਾਤੀ ਨਾਲ ਲਾਇਆ। ਫਿਰ ਉਸ ਬੋਲਣਾ ਸ਼ੁਰੂ ਕੀਤਾ-

"ਪਿਆਰੇ ਦੋਸਤੋ ਤੇ ਭਰਾਵੋ, ਤੁਹਾਡੀ ਹਾਜ਼ਰੀ ਸਾਨੂੰ ਸ਼ਕਤੀ ਪ੍ਰਦਾਨ ਕਰਦੀ ਹੈ। ਸਾਮਰਾਜ ਵਿਰੋਧੀ ਟ੍ਰਾਈਬਿਊਨਲ ਤੇ ਟੈਲੀਵੀਜ਼ਨ ਤੇ ਰਾਊਂਡ ਟੇਬਲ ਬਹਿਸਾਂ ਸੰਗ ਸੰਸਾਰਿਕ ਸਥਿਤੀ ਬਾਰੇ ਨਿਰਣਾਇਕ ਪਹੁੰਚਾ ਤੇ ਸਪੀਚਾਂ ਦੀ ਮਿਆਰੀ ਸੇਧ, ਸਾਡੇ ਲੋਕਾਂ ਦੇ ਹੌਂਸਲੇ ਬੁਲੰਦੀ ਕਰਦੀ ਹੈ। ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਸਾਡੇ ਉਪਰ ਅਣਕਿਆਸੀਆਂ ਮੁਸ਼ਕਲਾਂ ਦਾ ਪਹਾੜ ਡਿਗ ਪਿਆ ਸੀ। ਅਮਰੀਕਨ ਸ਼ਾਸਕ ਨੇ ਸਾਡੇ ਸੰਕਟ ਨੂੰ ਹੋਰ ਤਿੱਖਾ ਕਰਨ ਲਈ ਨਾਕਾਬੰਦੀ ਕਾਨੂੰਨ ਹੋਂਦ ਵਿੱਚ ਲਿਆਂਦੇ ਸਨ। ਪਹਿਲੇ ਸੰਮੇਲਨ ਸਮੇਂ ਸਾਡੇ ਲੋਕ ਬੜੀਆਂ ਔਖੀਆਂ ਘੜੀਆਂ ਵਿਚੀਂ ਲੰਘ ਰਹੇ ਸਨ। ਸਾਡੇ ਲੋਕਾਂ ਨੇ ਖੁਰਾਕ, ਫੀਊਲ, ਕੱਚਾ ਮਾਲ, ਦੁਆਈਆਂ, ਕੱਪੜੇ, ਫਰਟੇਲਾਈਚਰ, ਪਸ਼ੂਆਂ ਦੀ ਖੁਰਾਕ ਆਦਿ ਦੀ ਥੁੜ ਦੀ ਸਥਿਤੀ ਦਾ ਸਾਹਮਣਾ ਬਹਾਦਰੀ ਨਾਲ ਕੀਤਾ ਹੈ। ਸਾਡਾ ਵਪਾਰ ਉਦੋਂ ਸਮਾਜਵਾਦੀ ਦੇਸ਼ਾਂ 'ਤੇ ਨਿਰਭਰ ਸੀ। ਅਸੀਂ ਪਦਾਰਥਕ ਤੇ ਮਨੁੱਖੀ ਵਸੀਲਿਆਂ ਦਾ ਜਾਇਜ਼ਾ ਲੈ ਕੇ ਖੇਤੀ, ਸਨਅਤ, ਪੂੰਜੀ ਨਿਵੇਸ਼ ਤੇ ਵਪਾਰਕ ਖੇਤਰ ਵਿਚ ਲੋੜੀਂਦੇ ਸੁਧਾਰ ਲਿਆਂਦੇ ਸਨ। ਤੁਸੀਂ ਇਸ ਦੌਰ ਵਿਚ ਸ਼ਾਨਦਾਰ ਇਕਜੁਟਤਾ ਪ੍ਰਗਟਾਈ ਸੀ। ਉਸ ਸਾਨੂੰ ਮਜ਼ਬੂਰੀ ਦਿੱਤੀ। ਅਸੀਂ ਵਿਦਿਆ, ਸਿਹਤ ਤੇ ਲੋਕ ਭਲਾਈ ਸਹੂਲਤਾਂ ਤੋਂ ਬਿਨਾਂ ਕਿਸੇ ਕਟੌਤੀ ਕੀਤਿਆਂ ਬਰਕਰਾਰ ਰੱਖਿਆ ਸੀ। ਬੱਚਿਆਂ ਤੇ ਪੈਨਸ਼ਨਰਜ਼ ਦੇ ਹਿਤਾਂ ਵਿਚ ਚਲਦੇ ਪ੍ਰੋਗਰਾਮਾਂ ਨੂੰ ਕਾਇਮ ਰੱਖਿਆ ਸੀ। ਇਕ ਸੌ ਹਜ਼ਾਰ ਲੋਕਾਂ ਲਈ ਕੰਮ ਪੈਦਾ ਕੀਤਾ ਸੀ। ਹੁਣ ਤੱਕ ਨਾਕਾਬੰਦੀ ਦੁਆਰਾ 60 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਬਿਜਲੀ, ਤੇਲ, ਸ਼ੂਗਰ, ਫਲਾਂ, ਟੂਰਿਜ਼ਮ, ਸਬਜ਼ੀਆਂ, ਗੈਸ ਤੇ ਅੰਦਰੂਨੀ ਸਥਿਤੀ ਵਿਚ ਸੁਧਾਰ ਲਿਆਉਣ ਤੇ ਵਿਕਾਸ ਕਰਨ ਕਾਰਣ ਅਸੀਂ ਸੰਕਟ-ਕਾਲੀਨ ਦੌਰ ਵਿੱਚੋਂ ਨਿਕਲ ਕੇ ਆਰਥਕ ਉਨਤੀ ਵੱਲ ਯਾਤਰਾ ਕਰ ਰਹੇ ਹਾਂ। ਹੁਣ ਸਾਡਾ ਦੇਸ਼ 97 ਮੁਲਕਾਂ ਨਾਲ ਵਪਾਰਕ ਖੇਤਰ ਵਿਚ ਦਰਮਾਦ ਤੇ ਬਰਾਮਦ ਕਾਰਜਾਂ ਵਿਚ ਰੁਝਾ ਹੋਇਆ ਹੈ। ਵੈਨਜ਼ੁਏਲਾ ਵਿਚ ਤੇਲ ਦਾ ਕੌਮੀਕਰਨ ਹੋਇਆ। ਉਸ ਨਾਲ ਵਪਾਰਕ ਨਾਤਾ ਬਣਨ ਨਾਲ ਤੇਲ ਦੇ ਸੰਕਟ



ਵਿਚ ਸੁਧਾਰ ਹੋਇਆ ਹੈ। ਇਸ ਨਾਲ ਸਨਅਤ, ਖੇਤੀ, ਟ੍ਰਾਂਸਪੋਰਟ ਆਦਿ ਖੇਤਰ ਉਨਤੀ ਦੇ ਮਾਰਗ ਵੱਲ ਵਧੇ ਹਨ। ਸਾਡਾ ਉਦੇਸ਼ ਮਨੁੱਖੀ ਭਲਾਈ ਤੇ ਤਰੱਕੀ ਵਾਸਤੇ ਸਮਾਜਕ, ਆਰਥਿਕ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਸਮਾਜਵਾਦੀ ਕੀਮਤਾਂ ਦੇ ਵਿਕਾਸ ਪਸਾਰੇ ਵਾਸਤੇ। ਪਰ ਸਾਮਰਾਜੀ ਸੰਸਾਰੀਕਰਨ ਆਰਥਿਕਤਾ ਦਾ ਸਿਲਸਿਲਾ, ਜਿਸ ਢੰਗ ਨਾਲ ਚੱਲ ਰਿਹਾ ਹੈ। ਉਹ ਮਨੁੱਖੀ ਜੀਵਨ ਤੇ ਉਸ ਦੀ ਹੋਂਦ ਨੂੰ ਗੰਭੀਰ ਖ਼ਤਰੇ ਪੈਦਾ ਕਰਦਾ, ਸਾਡੇ ਗ੍ਰਹਿ ਨੂੰ ਤਬਾਹੀ ਦੀ ਵਲਗਣ ਵਿਚ ਲੈ ਰਿਹਾ ਹੈ।

ਮਨੁੱਖੀ ਗਿਆਨ, ਵਿਗਿਆਨ ਤੇ ਟੈਕਨਾਲੋਜੀ ਦੇ ਜੀਵਨ ਦੀ ਅਮੀਰੀ ਵਾਸਤੇ ਚੰਗੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ ਪਰ ਇਸ ਦਾ ਲਾਭ ਬਹੁਗਿਣਤੀ ਲੋਕਾਂ ਦੇ ਹਿਤ ਵਿਚ ਨਹੀਂ ਭੁਗਤ ਰਿਹਾ, ਕਿਉਂਕਿ ਇਨ੍ਹਾਂ ਉਪਰ ਕਬਜ਼ਾ ਬਹੁਕੌਮੀ ਕਾਰਪੋਰੇਸ਼ਨਾਂ ਦਾ ਹੈ। ਇਸ ਗ੍ਰਹਿ ਦੇ ਸਮੁੱਚੇ ਲੋਕ ਸੰਸਾਰੀਕਰਨ ਸਮੁੰਦਰੀ ਜਹਾਜ਼ ਦੇ ਯਾਤਰੀ ਹਨ। ਕੁਝ ਲੋਕ ਪਹਿਲੇ ਦਰਜੇ ਦੀਆਂ ਸਹੂਲਤਾਂ ਮਾਣਦੇ ਯਾਤਰਾ ਕਰ ਰਹੇ ਹਨ। ਉਨ੍ਹਾਂ ਦੇ ਸ਼ਾਨਦਾਰ ਕਮਰਿਆਂ ਵਿਚ ਇੰਟਰਨੈੱਟ, ਟੈਲੀਵੀਜ਼ਨ, ਟੈਲੀਫੋਨ, ਬੇਲੋੜੀ ਖੁਰਾਕ, ਸਾਫ਼ ਪਾਣੀ, ਸਿਹਤ ਸਹੂਲਤਾਂ ਦੇ ਨਾਲ ਸੰਸਾਰ-ਸੰਚਾਰ ਦੇ ਨੈਟਵਰਕਸ ਤੱਕ ਪਹੁੰਚਦੀਆਂ ਸੁਵਿਧਾਵਾਂ ਉਪਲਬਧ ਹਨ। ਬਹੁਗਿਣਤੀ ਯਾਤਰੀ ਬਸਤੀਵਾਦ ਰਾਜ ਤੇ ਅਫ਼ਰੀਕਾ ਤੋਂ ਅਮਰੀਕਾ ਤੱਕ ਗੁਲਾਮਾਂ ਦੇ ਵਪਾਰ ਵੇਲੇ ਵਾਲੀਆਂ, ਭੀੜ-ਭਰਪੂਰ ਗੰਦੀਆਂ ਨਾਲੀਆਂ ਵਾਲੀ ਹਾਲਤ ਭੋਗਦੀ, ਗਰੀਬੀ, ਭੁਖ, ਲਾਚਾਰੀ ਤੇ ਬੀਮਾਰੀ ਵਿਚੀ ਗੁਜ਼ਰਦੇ ਹੋਏ, ਗੁਜ਼ਰ ਕਰ ਰਹੇ ਹਨ। ਇਹ ਜਹਾਜ਼, ਬੇਇਨਸਾਫ਼ੀ ਦੀਆਂ ਹਾਲਤਾਂ ਪੈਦਾ ਕਰਦਾ, ਤਰਕੀਹਣ ਦੇ ਬੇ-ਸੁੱਧ ਰਾਹੇ ਯਾਤਰਾ ਕਰ ਰਿਹਾ ਹੈ। ਇਹ ਮਹਿਫ਼ੂਜ਼ ਹਾਲਤਾਂ ਵਿਚ ਸਮੁੰਦਰੀ ਕੰਢੇ ਨਹੀਂ ਲਗ ਸਕਦਾ। ਇਹ ਰਾਹ ਵਿਚ ਲਗਦੇ ਹਿਮ-ਪਰਬਤ ਨਾਲ ਅਵੱਸ਼ ਟਕਰਾਏਗਾ। ਜੇ ਅਜਿਹਾ ਨਾ ਹੋਇਆ ਤਾਂ ਸਮੁੰਦਰ ਵਿਚ ਹੀ ਡੁਬ ਜਾਵੇਗਾ। ਅਸੀਂ ਤੀਜੇ-ਜਗਤ ਦੇ ਦੇਸ਼ ਚਿਰਾਂ ਤੋਂ ਇਸ ਬਰਬਾਦੀ ਭਰਪੂਰ ਰਾਹ ਦੀ ਨਿਖੇਧੀ ਕਰਦੇ ਆ ਰਹੇ ਹਾਂ। ਸਾਨੂੰ ਯਾਤਰੀਆਂ ਦੀ ਅਗਵਾਈ ਵਾਸਤੇ, ਉਹ ਰਾਹ ਅਪਨਾਉਣਾ ਪਏਗਾ, ਜੋ ਯਾਤਰੀਆਂ ਨੂੰ ਬਰਾਬਰ ਦੀਆਂ ਸਹੂਲਤਾਂ ਦੇਂਦਾ, ਕੰਢੇ ਲੱਗੇ।

ਸਾਮਰਾਜੀ ਸੰਸਾਕੀਰਣ ਦੇ ਜਹਾਜ਼ਰਾਨ, ਮੰਡੀ ਦੀ ਅਜ਼ਾਦੀ ਲਈ ਉਦਾਰੀਕਰਨ ਤੇ ਨਿਜੀਕਰਨ ਦੀਆਂ ਪਾਲਸੀਆਂ ਦੇ ਰਾਹੇ ਤੋਰ ਰਹੇ ਹਨ। ਉਹ ਅਜ਼ਾਦ ਦੇਸ਼ਾਂ ਦੀਆਂ ਆਰਥਿਕ ਸਵੈ-ਨਿਰਭਰਤਾ ਦੇ ਰਾਹ ਨੂੰ ਬੰਦ ਕਰਕੇ, ਆਰਥਕ, ਸਮਾਜਕ ਉਨਤੀ ਦੇ ਬਿਗਲ ਵਜਾ ਰਹੇ ਹਨ। ਵਿਸ਼ੇਸ਼ ਤੌਰ 'ਤੇ ਅਮਰੀਕਾ, ਸੰਸਾਰ ਮੁਦਰਾ ਫੰਡ, ਸੰਸਾਰ ਬੈਂਕ ਤੇ ਸੰਸਾਰ-ਵਪਾਰ ਸੰਗਠਨ ਨੂੰ ਟ੍ਰਾਂਸਨੈਸ਼ਨਲ ਕੰਪਨੀਆਂ ਦੇ ਮੁਨਾਫ਼ੇਖੋਰ ਹਿਤਾਂ ਲਈ ਕਾਨੂੰਨ ਬਣਾ ਕੇ ਰਾਹ ਬਣਾ ਰਿਹਾ ਹੈ। ਪੂੰਜੀ ਦੇ ਨਿਯਮਾਂ ਨੂੰ ਨਿਵੇਸ਼, ਵਪਾਰ, ਮਾਲ ਦੇ ਤਬਾਦਲੇ, ਟੈਕਸ ਆਦਿ ਮਸਲਿਆਂ ਨਾਲ ਸੌਦੇਬਾਜ਼ੀ ਇਸ ਢੰਗ ਨਾਲ ਚਲਾ ਰਹੇ ਹਨ ਜਿਸ ਨਾਲ 'ਸੱਟੇਬਾਜ਼ੀ ਚਮਕ', 'ਹਾਰਡ ਕਰੰਸੀ' ਨੂੰ ਮੁਨਾਫ਼ੇ ਦੇ ਵਾਧੇ ਤੇ ਹਿਤਾਂ ਨਾਲ ਜੋੜ ਦਿਤਾ ਗਿਆ ਹੈ। ਇਸ ਸੱਟੇਬਾਜ਼ ਪ੍ਰਕ੍ਰਿਆ ਦੇ ਭੁਕਾਨੇ ਦਾ ਫੈਲਾ ਤਿੰਨ ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਇਹ ਰਾਹ ਸੰਸਾਰ ਦੀ ਗਰੀਬੀ ਨੂੰ ਦੂਰ ਨਹੀਂ ਕਰ ਸਕਦਾ। ਸਗੋਂ, ਇਹ ਰਾਹ ਆਰਥਕ, ਰਾਜਨੀਤਕ ਅਸਥਿਰਤਾ ਪੈਦਾ ਕਰਕੇ ਅਜ਼ਾਦ ਦੇਸ਼ਾਂ ਦੀ ਪ੍ਰਭੂਸਤਾ ਤੇ ਹਮਲਾ ਕਰਦਾਂ ਹੋਇਆ ਵਿਕਾਸ ਨੂੰ ਰੋਕਦਾ ਹੈ। ਏਥੋਂ ਤੱਕ ਕਿ ਸੰਯੁਕਤ ਰਾਸ਼ਟਰ ਨੂੰ ਵੀ ਕਠਪੁਤਲੀ ਵਾਂਗ ਹਿਲਾ ਰਿਹਾ ਹੈ। ਆਪਣੇ ਲੋਟੂ ਤੇ ਹੈਂਕੜਬਾਜ਼ ਹਿਤਾਂ ਦੀ ਪੂਰਤੀ ਲਈ। ਪਿਛਲੇ ਕੁਝ ਵਰ੍ਹਿਆਂ

ਵਿਚ ਇਕ ਅੱਧੀ ਆਰਥਕ-ਪਾਬੰਦੀਆਂ ਦੇ ਚਾਲੀ ਕਾਨੂੰਨ ਤੇ ਕਾਰਜ-ਸਾਧਕਾਂ ਫੈਸਲੇ 75 ਮੁਲਕਾਂ ਵਿਰੁਧ ਲਏ ਗਏ। ਇਹ ਮੁਲਕ ਸੰਸਾਰ ਦੀ 42 ਪ੍ਰਤੀਸ਼ਤ ਵਸੋਂ ਦੀ ਪ੍ਰਤੀਨਿਧਤਾ ਕਰਦੇ ਹਨ। ਇਸ ਰਾਹ ਰਾਹੀਂ ਤੀਜੇ-ਜਗਤ ਦੇ ਕੁਦਰਤੀ ਤੇ ਇਨਸਾਨੀ ਵਸੀਲਿਆਂ ਤੇ ਕਬਜ਼ਾ ਵਧਾਇਆ ਜਾ ਰਿਹਾ ਹੈ। ਜ਼ਿਹੜੇ 'ਸਮਯੋਜਨ ਪ੍ਰੋਗਰਾਮ' ਹੋਂਦ ਵਿਚ ਲਿਆਂਦੇ ਜਾ ਰਹੇ ਹਨ, ਉਨ੍ਹਾਂ ਨਾਲ ਭੁੱਖ, ਗ਼ਰੀਬੀ ਤੇ ਸਵੈ ਨਿਰਭਰਤਾ ਘਟ ਨਹੀਂ ਰਹੀ ਸਗੋਂ ਕਰਜ਼ੇ ਵਿਚ ਵਾਧਾ ਹੋ ਰਿਹਾ ਹੈ। ਪਿਛਲੇ ਦਹਾਕੇ ਵਿਚ ਤੀਜੇ-ਜਗਤ ਦੇ ਮੁਲਕਾਂ ਦਾ ਕਰਜ਼ਾ 2.5 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਕਈ ਮੁਲਕ ਤਾਂ ਕਿਸ਼ਤਾਂ ਦੀ ਅਦਾਇਗੀ ਲਈ ਕਰਜ਼ਾ ਚੁਕਣ ਲਈ ਮਜ਼ਬੂਰ ਹਨ। ਇਨ੍ਹਾਂ ਪ੍ਰਸਥਿਤੀਆਂ ਵਿਚ ਕਰਜ਼ਾ ਆਰਥਕ, ਸਮਾਜਕ ਉਨਤੀ ਲਈ ਵੱਡੀ ਰੁਕਾਵਟ ਹੈ।

ਸੰਸਾਰ ਪੱਧਰ ਮਾਨਵੀ ਵਿਕਾਸ ਤੇ ਭਲਾਈ ਦੇ ਸੰਸਾਰੀਕਰਨ ਹਿਤਕਾਰੀਆਂ ਵਲੋਂ ਇਹ ਸੁਝਾਅ ਦਿੱਤਾ ਜਾ ਰਿਹਾ ਹੈ ਕਿ 'ਸੱਟਬਾਜ਼-ਸੌਦੇਬਾਜ਼ੀ' ਤੇ ਇਕ ਪ੍ਰਤੀਸ਼ਤ ਟੈਕਸ ਲਾ ਕੇ ਤੀਜੇ-ਜਗਤ ਦਾ ਵਿਕਾਸ ਤੇ ਉਨਤੀ ਅਮਲੀ ਰੂਪ ਵਿਚ ਹੋ ਸਕਦਾ ਹੈ। ਸੱਚ ਤਾਂ ਇਹ ਹੈ ਕਿ ਮਨੁਖਤਾ ਭੁਖ ਤੇ ਗ਼ਰੀਬੀ ਵਲੋਂ ਅੱਖਾਂ ਮੀਟ ਕੇ 800 ਬਿਲੀਅਨ ਡਾਲਰ ਹਥਿਆਰਾਂ ਤੇ ਜੰਗ ਦੇ ਮੁੱਦਿਆਂ ਤੇ ਖ਼ਰਚ ਕੀਤਾ ਜਾਂਦਾ ਹੈ। ਇਕ ਬਿਲੀਅਨ ਡਾਲਰ ਵਪਰਾਕ ਮਸ਼ਹੂਰੀ ਵਾਸਤੇ। ਤੀਜੇ-ਜਗਤ ਦੇ ਮੁਲਕ ਜਿਹੜੀਆਂ ਵਸਤਾਂ ਪੈਦਾ ਕਰਦੇ ਹਨ, ਉਨ੍ਹਾਂ ਦੀਆਂ ਕੀਮਤਾਂ ਘਟਾਈਆਂ ਗਈਆਂ ਹਨ। ਉਹ ਪੈਦਾਵਾਰੀ ਲਾਗਤ ਨੂੰ ਵੀ ਪੂਰੀਆਂ ਨਹੀਂ ਕਰਦੀਆਂ। ਇਹ ਉਦਾਰੀਕਰਨ ਦਾ ਰਾਹ ਕੁਦਰਤੀ ਵਸੀਲਿਆਂ ਤੇ ਕਬਜ਼ਾ, ਸਸਤੀ ਲੇਬਰ ਦੀ ਲੁਟ ਉਪਰੰਤ ਵਸਤਾਂ ਦੀ ਦਰਾਮਦ ਤੇ ਰੋਕਾਂ ਚੁਕਾ ਕੇ, ਉਤਪਾਦਨ ਦੀ ਦਰ ਘਟਾ ਕੇ ਤੀਜੇ-ਜਗਤ ਦੇ ਆਰਥਕ ਵਿਕਾਸ ਨੂੰ ਰੋਕਦਾ ਹੈ।

ਸਾਮਰਾਜੀ ਸੰਸਾਰੀਕਰਨ ਜਹਾਜ਼ ਦਾ ਕਪਤਾਨ ਅਮਰੀਕਾ 27 ਬਿਲੀਅਨ ਡਾਲਰ ਹਰ ਸਾਲ ਤੀਜੇ-ਜਗਤ ਦੇ ਮੁਲਕਾਂ ਦੀ ਜਾਸੂਸੀ ਤੇ ਖ਼ਰਚਦਾ ਹੈ। ਔਸਤਨ ਅੱਜ ਬਿਲੀਅਨ ਡਾਲਰ ਹਰ ਸਾਲ ਪ੍ਰਮਾਣੂ ਹਥਿਆਰਾਂ ਉਪਰ ਖ਼ਰਚ ਕਰਦਾ ਹੈ। ਅਜਿਹਾ ਉਦਾਰੀਕਰਨ ਰਾਹ ਵਿਰੁਧ ਬਗ਼ਾਵਤਾਂ ਨੂੰ ਰੋਕਣ ਲਈ ਕੀਤਾ ਜਾਂਦਾ ਹੈ। ਇਸ ਜਹਾਜ਼ ਦੇ ਚਲਾਉਣ ਲਈ ਤੀਜੇ-ਜਗਤ ਦੇ 80 ਪ੍ਰਤੀਸ਼ਲ ਤੇਲ ਦਾ ਉਤਪਾਦਨ ਵਿਕਸਤ ਦੇਸ਼ਾਂ ਵਾਸਤੇ ਦਰਮਾਦ ਹੁੰਦੀ ਹੈ। ਭਾਵ 15 ਪ੍ਰਤੀਸ਼ਤ ਲੋਕ, ਜੋ ਪਹਿਲੇ ਦਰਜੇ ਦੇ ਮੁਸਾਫਿਰ ਵਾਸਤੇ। ਉਹ, ਜੋ ਉਤਰ ਵਿਚ ਵਸਦੇ ਹਨ। ਦੱਖਣ ਦੀ ਵਸੋਂ ਦੀ ਹਾਲਤ ਤੇਲ ਦੀਆਂ ਕੀਮਤਾਂ ਵਧਣ ਕਾਰਣ ਖ਼ਰਾਬਬ ਹੋ ਗਈ ਹੈ। ਉਤਰ ਦੀ ਪੰਦਰਾਂ ਪ੍ਰਤੀਸ਼ਤ ਵਸੋਂ 88 ਪ੍ਰਤੀਸ਼ਤ ਇੰਟਰਨੈੱਟ ਦੀ ਵਰਤੋਂ ਕਰਦੀ ਹੈ। ਉਸ ਦਾ 97 ਪ੍ਰਤੀਸ਼ਤ ਪੇਟੈਂਟਸ ਹੱਕਾਂ 'ਤੇ ਕਬਜ਼ਾ ਹੈ। ਉੱਤਰ ਤੇ ਦੱਖਣ ਵਿਚਕਾਰ ਟੈਕਨਾਲੋਜੀ ਦਾ ਪਾੜਾ ਵਿਕਾਰਲ ਰੂਪ ਵਿਚ ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਸੰਸਾਰ ਦੇ 20 ਪ੍ਰਤੀਸ਼ਤ ਅਮੀਰ ਦੇਸ਼ਾਂ ਦੀ ਵਸੋਂ ਕੋਲ 1960 ਵਿਚ 20 ਪ੍ਰਤੀਸ਼ਤ ਗਰੀਬ ਦੇਸ਼ਾਂ ਦੀ ਵਸੋਂ ਨਾਲ 30 ਗੁਣਾ ਵਾਧੂ ਆਮਦਨ ਸੀ। ਉਹ 1997 ਵਿਚ 74 ਗੁਣਾ ਤੱਕ ਚਲੀ ਗਈ ਸੀ। ਸੰਸਾਰ ਦੇ 200 ਅਮੀਰ ਬੰਦਿਆਂ ਦੀ ਆਮਦਨ 1994-98 ਦੇ ਵਿਚਾਰ 440 ਬਿਲੀਅਨਰ ਡਾਲਰ ਤੋਂ ਵਧ ਕੇ, ਇਕ ਟ੍ਰਿਲੀਅਨ ਡਾਲਰ ਹੋ ਗਈ ਸੀ। ਸੰਸਾਰ ਦੇ ਤਿੰਨ ਬੰਦਿਆਂ ਦੀ ਦੌਲਤ 49 ਘਟ ਵਿਕਸਤ ਮੁਲਕਾਂ ਦੀ ਸਮੁੱਚੀ ਘਰੇਲੂ ਉਤਪਾਦਨ ਨਾਲੋਂ ਵੱਧ ਸੀ। ਸੰਸਾਰ ਦੀ 6 ਬਿਲੀਅਨ ਅਬਾਦੀ ਵਿਚੋਂ 4.5 ਬਿਲੀਅਨ ਘੱਟ-



ਵਿਕਸਤ ਦੇਸ਼ਾਂ ਵਿਚ ਰਹਿੰਦੀ ਹੈ। ਘਟ-ਵਿਕਸਤ ਦੇਸ਼ਾਂ ਦੀ ਵਸੋਂ ਦੇ 1.3 ਬਿਲੀਅਨ ਲੋਕ ਘੋਰ ਗਰੀਬੀ ਭੋਗ ਰਹੇ ਹਨ। ਉਂਝ, ਸੰਸਾਰ ਦੀ 4 ਬਿਲੀਅਨ ਅਬਾਦੀ ਗਰੀਬੀ ਦੀਆਂ ਹਾਲਤਾਂ ਦਾ ਸਾਹਮਣਾ ਕਰ ਰਹੀ ਹੈ। ਤੀਜੇ=ਜਗਤ ਵਿਚ 820 ਮਿਲੀਅਨ ਲੋਕਾਂ ਨੂੰ ਖਾਣ ਜੋਗਾ ਖਾਣਾ ਵੀ ਨਹੀਂ ਮਿਲਦਾ। ਆਪਣਾ ਢਿੱਡ ਭਰਨ ਲਈ 250 ਮਿਲੀਅਨ ਬੱਚੇ ਕੰਮ ਕਰਨ ਲਈ ਮਜ਼ਬੂਰ ਹਨ ਤੇ 190 ਮਿਲੀਅਨ ਬੱਚਿਆਂ ਦੀ ਪੜ੍ਹਾਈ ਤੱਕ ਪਹੁੰਚ ਹੀ ਨਹੀਂ ਹੈ। ਇਸੇ ਤਰ੍ਹਾਂ 11 ਮਿਲੀਅਨ ਬੱਚੇ ਗਰੀਬੀ ਦੀ ਹਾਲਤ ਵਿਚ ਹਰ ਸਾਲ ਪੰਜ ਸਾਲ ਦੀ ਉਮਰ ਵਿਚ ਮਰ ਜਾਂਦੇ ਹਨ। ਇਕ ਸੌ ਮਿਲੀਅਨ ਲੋਕ ਬੇਘਰੀ ਦੀ ਅਵਸਥਾ ਭੋਗਦੇ ਹਨ। ਗਰੀਬੀ ਦੀਆਂ ਸੰਜੀਦਾ ਹਾਲਤਾਂ ਕਾਰਣ ਦੋ ਮਿਲੀਅਨ ਕੁੜੀਆਂ ਨੂੰ ਬੇਸਵਾਗਮਨੀ ਧੰਦਾ ਕਰਨ ਲਈ ਮਜੂਬਰ ਕੀਤਾ ਜਾਂਦਾ ਹੈ। ਤੀਜੇ-ਜਗਤ ਵਿਚ 60 ਪ੍ਰਤੀਸ਼ਤ ਔਰਤ ਅਨਪੜ੍ਹ ਹਨ। ਵਿਕਾਸਸ਼ੀਲ ਦੇਸ਼ਾਂ ਵਿਚ 100,000 ਵਸੋਂ ਵਾਸਤੇ 76 ਡਾਕਟਰ ਤੇ ਨਰਸ਼ਾਂ ਉਪਲਬਧ ਹਨ ਤੇ ਵਿਕਸਤ ਦੇਸ਼ਾਂ ਵਿਚ 253 ਡਾਕਟਰ। ਸੰਸਾਰ ਵਿਚ 36 ਮਿਲੀਅਨ ਲੋਕੀ ਏਡਜ਼ ਦੀ ਬਿਮਾਰੀ ਦੇ ਸ਼ਿਕਾਰ ਹਨ। ਉਨ੍ਹਾਂ ਵਿਚੋਂ 26 ਮਿਲੀਅਨਰ ਅਫ਼ੀਰਾਕ ਵਿਚ ਰਹਿੰਦੇ ਹਨ। ਇਕ ਮਰੀਜ਼ ਦੇ ਇਲਾਜ ਵਾਸਤੇ ਦਸ ਹਜ਼ਾਰ ਡਾਲਰ ਦੀ ਲੋੜ ਹੈ। ਅੱਜ ਸੰਸਾਰ ਵਿਚ 4 ਬਿਲੀਅਨ ਲੋਕੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਤੇ ਹੱਕਾਂ ਤੋਂ ਵਾਂਝੇ ਹਨ। ਭਾਵ ਜੀਣ ਲਈ ਰੁਜ਼ਗਾਰ, ਸਿਹਤ, ਵਿਦਿਆ, ਸਾਫ਼ ਪਾਣੀ, ਖੁਰਾਕ ਆਦਿ ਹੱਕਾਂ ਤੋਂ। ਨਾਲ ਹੀ ਭਵਿੱਖ ਦੀਆਂ ਆਸ਼ਾਵਾਂ ਤੇ ਉਮੀਦਾਂ ਨੂੰ ਦਰੜਿਆ ਜਾ ਰਿਹਾ ਹੈ।

ਵਾਤਾਵਰਣ ਵਿਚ ਪ੍ਰਦੂਸ਼ਣ, ਜਿਸ ਮਾਤਰਾ ਵਿਚ ਵਧ ਰਿਹਾ ਹੈ ਉਸ ਵਿਚ ਸਾਹ ਲੈਣਾ ਵੀ ਔਖਾ ਹੋ ਰਿਹਾ ਹੈ। ਮੌਸਮ ਵਿਚ ਤਬਦੀਲੀਆਂ ਹੋਣ ਕਾਰਣ ਹੜ੍ਹ, ਹਨ੍ਹੇਰੀਆਂ ਤੇ ਤੂਫ਼ਾਨਾਂ ਦੀਆਂ ਘਟਨਾਵਾਂ ਵਧ ਰਹੀਆਂ ਹਨ। ਬਿਮਾਰੀਆਂ 'ਤੇ ਕਾਬੂ ਪਾਉਣਾ ਮੁਸ਼ਕਲ ਹੋ ਰਿਹਾ ਹੈ। ਕੁਦਰਤ ਤੇ ਮਨੁੱਖ, ਦੋਨਾਂ ਨੂੰ ਬਰਬਾਦੀ ਦੇ ਰਾਹੇ ਤੋਰਨ ਦਾ ਵਿਸ਼ਵੀਕਰਣ ਇਸ ਗ੍ਰਹਿ ਤੇ ਜੀਵਨ ਹੋਂਦ ਲਈ ਘੋਰ ਖ਼ਤਰਾ ਪੈਦਾ ਕਰ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਮੀਰ ਦੁਨੀਆ, ਗੁਲਾਮੀ, ਬਸਤੀਵਾਦ ਦੇ ਵਹਿਸ਼ੀ ਲੋਟੂ ਚਿਹਰੇ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਲੋਟੂ ਤੇ ਅਸੱਭਿਅਕ ਅਮੀਰਾਂ ਨੇ ਹੀ ਸਦੀਆਂ ਤੱਕ ਤੀਜੇ-ਜਗਤ ਦੇ ਮੁਲਕਾਂ ਦਾ ਨਾ ਵਿਕਾਸ ਤੇ ਨਾ ਹੀ ਗਰੀਬੀ ਦੂਰ ਕੀਤੀ। ਇਹ ਅਫ਼ਰੀਕਾ, ਏਸ਼ੀਆ ਤੇ ਕੈਰੇਬੀਅਨ ਕੌਮਾਂ ਦੇ ਲੋਕ ਜਿਹੜੇ ਕਾਲੇ, ਭੂਰੇ ਤੇ ਮਿਕਸ ਕੌਮਾਂ ਦੇ ਲੋਕਾਂ ਨੂੰ ਘਟੀਆ ਸਮਝਦੇ ਹਨ। ਇਹ ਇਤਿਹਾਸਕ ਪਿਛੋਕੜ ਦੇ ਸੱਚ ਨੂੰ ਨਜ਼ਰਅੰਦਾਜ਼ ਕਰਨ ਦੀ ਮੱਕਾਰੀ ਕਰਦੇ ਹਨ। ਯੂਰਪੀ ਦੇਸ਼ਾਂ ਵਿਚ ਵਸਦੇ ਲੋਕਾਂ ਨੂੰ ਰੋਮਨ ਸਲਤਨਤ ਨੇ 'ਜਾਂਗਲੀ-ਗੰਵਾਰ' ਕਿਹਾ ਸੀ। ਉਦੋਂ ਚੀਨ, ਭਾਰਤ, ਪੂਰਬ ਤੇ ਮੱਧ-ਏਸ਼ੀਆ ਨੇ ਦੁਨੀਆ ਵਿਚ ਅਜੂਬੇ ਕਾਇਮ ਕੀਤੇ ਸਨ, ਜਿਹੜੇ ਹੁਣ ਤੱਕ ਜਾਣ ਜਾਂਦੇ ਹਨ। ਇਨ੍ਹਾਂ ਮੁਲਕਾਂ ਕੋਲ ਯੂਨਾਨ ਦੇ ਲੋਕਾਂ ਤੋਂ ਪਹਿਲਾਂ ਲਿਖਣ ਤੇ ਪੜ੍ਹਨ ਦੀ ਜ਼ੁਬਾਨ ਸੀ।

ਫੀਦਲ ਕਾਸਟਰੋ ਨੇ ਜ਼ੋਰ ਦੇ ਕੇ ਕਿਹਾ ਕਿ ਮੌਜੂਦਾ ਆਰਥਕ ਸਿਲਸਿਲਾ, ਜਿਹੜਾ ਅਮੀਰ ਦੇਸ਼ਾਂ ਵਲੋਂ ਗ਼ਰੀਬ ਦੇਸ਼ਾਂ 'ਤੇ ਠੋਸਿਆ ਜਾ ਰਿਹਾ ਹੈ। ਵਿਸ਼ਵੀਕਰਣ, ਉਦਾਰੀਕਰਣ, ਨਿਜੀਕਰਣ ਤੇ ਵਪਾਰੀਕਰਣ ਦੁਆਰ, ਇਹ ਰਾਹ ਵਹਿਸ਼ੀ, ਲੋਟੂ, ਬੇਇਨਸਾਫ਼ੀ 'ਤੇ ਅਧਾਰਤ ਮਨੁੱਖ ਵਿਰੋਧੀ ਹੀ ਨਹੀਂ ਸਗੋਂ ਇਸ ਦੀਆਂ ਜੜ੍ਹਾਂ ਵਿਚ ਨਸਲਵਾਦੀ ਵੀ ਹੈ। ਨਾਜੀ ਤਬਾਹੀ ਵੀ ਇਸ ਰਾਹ 'ਤੇ ਪ੍ਰਬੰਧ ਨੇ ਲਿਆਂਦੀ ਸੀ। ਮਨੁੱਖਤਾ ਨੂੰ ਦੋ ਸੰਸਾਰ ਜੰਗਾਂ ਦੀ ਭੱਠੀ ਵਿਚ ਝੋਕਣ ਲਈ ਵੀ ਜ਼ਿੰਮੇਵਾਰ ਹੈ।

ਪ੍ਰਮਾਣੂ ਹਥਿਆਰਾਂ ਨੂੰ ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਵਰਤਣ ਵਾਲੇ, ਇਹ 'ਸਭਿਅਤਾ' ਦੇ ਰਾਖੇ ਹੀ ਹਨ। ਤੀਜੇ-ਜਗਤ ਵਿਚ ਰੀਫਿਊਜ਼ੀ ਕੈਂਪ ਲਾਉਣਾ ਇਨ੍ਹਾਂ 'ਸਭਿਅਤਾ ਦੇ ਰਾਖਿਆਂ' ਦੇ ਕਾਰਜ ਹਨ। ਗਰੀਬੀ, ਬੇਰੁਜ਼ਗਾਰੀ, ਹਿੰਸਾ, ਦਹਿਸ਼ਤਵਾਦ ਤੇ ਜੰਗਾਂ, ਇਸ 'ਸਭਿਅਕ ਦੇਵਤੇ' ਦੁਆਰਾ ਹੀ ਪੈਦਾ ਕੀਤੀਆਂ ਜਾਂਦੀਆਂ ਹਨ।

'ਅਜ਼ਾਦ ਮੰਡੀ' ਦੀਆਂ ਸ਼ਕਤੀਆਂ, ਜਿਥੇ ਹਵਾ ਵਿਚ ਪ੍ਰਦੂਸ਼ਣ ਫੈਲਾਅ ਰਹੀਆਂ ਹਨ, ਉਥੇ ਸਮੁੰਦਰੀ ਪਾਣੀ ਵਿਚ ਜ਼ਹਿਰ ਘੋਲ ਰਹੀਆਂ ਹਨ। ਸਮੁੰਦਰੀ ਪਾਣੀ ਵਿਚ ਸੁੱਟਿਆ ਜਾ ਰਿਹਾ ਕੂੜ-ਕਰਕਟ ਤੇ ਕੈਮੀਕਲਾਂ ਰਾਹੀਂ ਮੱਛੀਆਂ ਦੀ ਹੋਂਦ ਲਈ ਖ਼ਤਰਾ ਪੈਦਾ ਕੀਤਾ ਜਾ ਰਿਹਾ ਹੈ। ਇਹ ਤੱਥ ਸਾਫ਼ ਹਨ ਕਿ ਭੂਮੱਧ-ਸਾਗਰ ਵਿਚ 140,000 ਫੈਕਟਰੀਆਂ ਦਾ ਗੰਦ ਸੁਟਿਆ ਜਾ ਰਿਹਾ ਹੈ। ਮਿਲੀਅਨ ਟਨ ਕਲੋਰੋਫਲੋਰੋ ਕਾਰਬਨ ਗੈਸ ਓਜ਼ੋਨ ਦੀ  ਤਹਿ ਵੱਲ ਵਧ ਰਹੀ ਹੈ। ਮਿਲੀਅਨ ਟਨ ਕਾਰਬਨ ਡਾਈ ਔਕਸਾਈਡ ਗੈਸ ਵਾਤਾਵਰਣ ਨੂੰ ਗੰਦਾ ਕਰ ਰਹੀ ਹੈ। ਇਹ ਵਰਤਾਰਾ ਗ੍ਰਹਿ ਦੀ ਹੋਂਦ ਲਈ ਖ਼ਤਰੇ ਦਾ ਕਾਰਣ ਦਾ ਰਿਹਾ ਹੈ।

ਫੀਦਲ ਕਾਸਟਰੋ ਨੇ ਕੌਮਾਂਤਰੀ ਵਪਾਰ ਤੇ ਟੈਕਨਾਲੋਜੀਕਲ ਪਾੜੇ ਬਾਰੇ ਕਿਹਾ ਸੰਸਾਰ ਵਿਚ ਵਪਾਰ ਅਮੀਰ ਦੇਸ਼ਾਂ ਦੇ ਹੱਥਾਂ ਵਿਚ ਨਾ-ਬਰਾਬਰੀ ਤੇ ਲੁਟ-ਖਸੁਟ ਪੈਦਾ ਕਰਨ ਲਈ ਇਕ ਹਥਿਆਰ ਹੈ। ਉਦਾਰੀਕਰਨ ਦਾ ਰਾਹ ਮੁਕਾਬਲੇਬਾਜ਼ੀ ਦੀ ਵਕਾਲਤ ਕਰਦਾ ਹੈ। ਭਲਾ ਪੱਛੜੇ ਹੋਏ ਦੇਸ਼ ਵਿਕਸਤ ਦੇਸ਼ਾਂ ਦਾ ਵਪਾਰ ਖੇਤਰ ਵਿਚ ਮੁਕਾਬਲਾ ਕਿਵੇਂ ਕਰ ਸਕਦੇ ਹਨ? ਨਵੀਨ ਟੈਕਨਾਲੋਜੀ ਤੇ ਕਬਜ਼ਾ ਅਮੀਰ ਦੇਸ਼ਾਂ ਦਾ ਹੈ। ਮਿਸਾਲ ਵਜੋਂ 1953 ਵਿਚ ਘਟ ਵਿਕਸਤ ਦੇਸ਼ਾਂ ਦੀ ਬਰਾਮਦ ਸੰਸਾਰ ਵਪਾਰ ਦੇ ਖੇਤਰ ਵਿਚ 35.6 ਪ੍ਰਤੀਸ਼ਤ ਸੀ ਤੇ 1998 ਵਿਚ ਘਟ ਕੇ 34.6 ਪ੍ਰਤੀਸ਼ਤ ਰਹਿ ਗਈ ਸੀ। ਮੰਡੀ ਦੇ ਅਜ਼ਾਦ ਵਰਤਾਰਿਆਂ ਦਾ ਚਮਤਕਾਰ ਹੈ ਕਿ ਜਿਹੜੀਆਂ ਵਸਤਾਂ ਦਾ ਸੰਚਾਰ ਖਪਤ ਲਈ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀਆਂ ਕੀਮਤਾਂ ਏਨੀਆਂ ਵਧ ਹਨ ਕਿ ਤੀਜੇ-ਜਗਤ ਦਾ ਜਨ-ਸਾਧਾਰਨ. ਉਨ੍ਹਾਂ ਨੂੰ ਖਰੀਦ ਹੀ ਨਹੀਂ ਸਕਦਾ। ਸੰਸਾਰ ਸਰਮਾਏਦਾਰੀ ਜਹਾਜ਼ ਦਾ ਕਪਤਾਨ ਅਮਰੀਕਾ 'ਜਮਹੂਰੀਅਤ' ਤੇ 'ਇਨਸਾਨੀ ਹੱਕਾਂ' ਦਾ ਢੋਲ ਪਿਟਦਾ ਨਹੀਂ ਥੱਕਦਾ, ਪਰ ਆਪ ਇਨ੍ਹਾਂ, ਅਸੂਲਾਂ ਤੇ ਅਮਲਾਂ ਤੇ ਫੁਲ ਚੜ੍ਹਾਉਣਾ ਸ਼ਰਮ ਮਹਿਸੂਸ ਕਰਦਾ ਹੈ। ਇਹ ਸੰਸਾਰ ਵਿਚ ਡਾਲਰ ਦੀ ਸਰਦਾਰੀ ਕਾਇਮ ਕਰਨ ਲਈ, ਸੰਸਾਰ ਤੇ ਧੌਂਸ ਜਮਾਉਣ ਵਾਸਤੇ ਬੈਂਕ ਨੋਟ ਛਾਪ ਕੇ ਸੰਚਾਰ ਕਰ ਲੈਂਦਾ ਹੈ। ਇਸ ਤਰ੍ਹਾਂ, ਮੁਦਰਾ ਸ਼ਕਤੀ ਪ੍ਰਗਟਾਉਣ ਦਾ ਇਹ ਵਿਸ਼ੇਸ਼ ਹੱਕ ਦੂਜੇ ਮੁਲਕ ਦੇ ਸਿੱਕਿਆਂ ਦੀ ਕੀਮਤ ਘਟਾਉਣ ਤੇ ਸੱਟੇਬਾਜ਼ੀ ਨੂੰ ਉਤਸ਼ਾਹਿਤ ਕਰਨ ਦਾ ਸਰਮਾਏਦਾਰੀ ਧਾਂਦਲੀ ਮਚਾਉਣ ਵਾਲਾ ਸੱਚ ਹੈ।

ਅਸਲੀ ਮਾਅਨਿਆਂ ਵਿਚ 'ਵਿਸ਼ਵੀਕਰਣ', ਸਾਮਰਾਜਵਾਦ ਦਾ ਹੀ ਦੂਜਾ ਨਾਂਓ ਹੈ। ਇਸ ਨੂੰ ਸਰਮਾਏਦਾਰੀ ਦਾ ਸ਼੍ਰੇਸ਼ਟ ਤੇ ਆਖ਼ਰੀ ਪੜਾਅ ਹੀ ਸਮਝਣਾ ਚਾਹੀਦਾ ਹੈ। ਸੱਚ ਤਾਂ ਇਹ ਹੈ ਕਿ ਸੰਸਾਰ ਵਿਚ ਇਕ ਯੂਨਾਇਟਿਡ ਮੰਡੀ ਨਹੀਂ ਹੈ। ਆਪਾਂ ਵੇਖ ਰਹੇ ਹਾਂ ਕਿ ਸਰਮਾਏਦਾਰੀ ਦੇਸ਼, ਨਵੀਆਂ ਮੰਡੀਆਂ ਲਈ ਮੁਕਾਬਲੇਬਾਜ਼ੀ ਵਿਚ ਪਏ ਹੋਏ, ਆਪਣੇ ਮੌਜੂਦਾ ਖੇਤਰ ਵਧਾ ਰਹੇ ਹਨ ਤੇ ਸੰਸਾਰ ਦੇ ਮਜ਼ਦੂਰ ਵਰਗ ਦੇ ਹਿਤਾਂ ਨੂੰ ਹਾਨੀ ਪਹੁੰਚਾਉਂਦੇ ਹੋਏ, ਕੌਮੀ ਪ੍ਰਭੂਸਤਾ, ਕੌਮੀ ਉਨਤੀ ਤੇ ਸੰਸਾਰ ਅਮਨ ਨੂੰ ਖ਼ਤਰੇ ਵਿਚ ਸੁਟ ਰਹੇ ਹਨ। ਟ੍ਰਾਂਸਨੈਸ਼ਨਲ ਕਾਰਪੋਰੇਸ਼ਨ, ਆਪਣੀਆਂ ਸਰਕਾਰਾਂ ਨੂੰ ਵਪਾਰੀ ਬਲਾਕਸ ਦੇ ਵਿਰੁਧ ਖੜ੍ਹਾ ਕਰ ਰਹੀਆਂ ਹਨ। ਇਕ ਬਲਾਕ ਹੈ 'ਨੌਰਥ ਅਮੈਰੀਕਨ ਫਰੀ



ਟ੍ਰੇਡ' ਜਿਸ ਵਿਚ ਜਰਮਨ, ਫਰਾਂਸ ਤੇ ਬਰਤਾਨੀਆਂ ਆਗੂ ਹਨ। ਤੀਜਾ ਬਲਾਕ ਹੈ 'ਪੈਸਫਿਕਰਿਮ' ਜਿਸ ਵਿਚ ਜਪਾਨ ਭਾਰੂ ਹੈ। ਇਵੇਂ ਦੱਖਣ-ਪੂਰਬੀ ਏਸ਼ੀਆ ਵਿਚ (ASEAN) ਵਪਾਰਕ ਬਲਾਕ ਹੈ ਜੋ ਆਰਥਕ ਏਕਤਾ ਦੀਆਂ ਸੰਭਾਵਨਾਵਾਂ ਦੇ ਮੌਕੇ ਵਧਾਉਣ ਦੀ ਕੋਸ਼ਿਸ਼ ਵਿਚ ਹੈ। ਅਜਿਹੀ ਸਥਿਤੀ ਵਿਚ ਰੀਜ਼ਨਲ ਮਿਲਵਰਤਣ ਤੇ ਏਕਤਾ ਦੀ ਵਧੇਰੇ ਲੋੜ ਹੈ। ਆਪਣੇ ਸਭਿਆਚਾਰ ਤੇ ਜ਼ੁਬਾਨ ਦੀ ਹੋਂਦ ਲਈ ਤੇ ਇਨ੍ਹਾਂ ਦੇ ਵਿਕਾਸ ਵਾਸਤੇ।

ਫੀਦਲ ਕਾਸਟਰੋ ਨੇ ਕਿਹਾ ਕਿ ਹੁਣ ਹੋਰ ਸਮੱਸਿਆ ਖੜ੍ਹੀ ਹੋ ਗਈ ਹੈ ਕਿ ਸੰਸਾਰੀਕਰਨ ਦੇ ਸਿਧਾਂਤਕਾਰ 'ਇਕ ਕਲਚਰ' ਭਾਵ, ਉਪਭੋਗੀ ਕਲਚਰ ਦੇ ਵਿਚਾਰ ਤੇ ਸੰਚਾਰ ਦੁਆਰਾ 'ਕੌਮੀ ਪਛਾਣ' ਤੇ ਹਮਲਾ ਕਰ ਰਹੇ ਹਨ। ਇਹ ਸ਼ਕਤੀਆਂ, ਬਹੁ-ਸਭਿਆਚਾਰ ਪ੍ਰਾਪਤੀਆਂ, ਕੌਮੀ ਇਤਿਹਾਸ ਤੇ ਕੌਮੀ ਦੌਲਤ ਨੂੰ ਹੜੱਪਣ ਦੇ ਹਿਤਾਂ ਦੀ ਪੂਰਤੀ ਲਈ ਯਤਨਸ਼ੀਲ ਹੈ। ਮੀਡੀਆ ਦੇ ਸਾਧਨਾਂ 'ਤੇ ਕਬਜ਼ਾ ਹੋਣ ਕਾਰਣ ਸਾਮਰਾਜੀ/ਉਪਭੋਗੀ ਸਭਿਆਚਾਰ ਹੀ ਲੋਕਾਂ ਦੇ ਮਨਾਂ ਵਿਚ ਧੱਸਿਆ ਜਾ ਰਿਹਾ ਹੈ। ਸਾਮਰਾਜੀ ਲੋਟੂ ਤੇ ਦਮਨਕਾਰੀ ਸਿਧਾਂਤ, ਇਕ ਜਮਾਤ ਦੀ ਸੰਸਾਰਕ ਸਰਦਾਰੀ ਲਈ ਘੁਮਾਇਆ ਜਾ ਰਿਹਾ ਹੈ। ਇਸ ਲਈ ਸਭ ਦਬਾਈਆਂ ਜਾ ਰਹੀਆਂ ਕੌਮੀਅਤਾਂ, ਦੇਸ਼ਾਂ ਦੇ ਲੋਕਾਂ ਲਈ ਜਮਾਤੀ ਲੜਾਈ ਵਿੱਢਣ ਲਈ ਚੁਣੌਤੀ ਦੇਂਦਾ ਹੈ। ਇਹ ਚੁਣੌਤੀ ਸਮਾਜ/ਆਰਥਕ ਤੌਰ 'ਤੇ ਦੁਬਾਏ ਤੇ ਲੁਟੇ ਜਾਂਦੇ ਲੋਕਾਂ ਦੇ ਹੱਕ ਵਿਚ ਭੁਗਤਾਉਣ ਲਈ, ਇਕ ਚੰਗਾ ਸੁਪਨਾ ਹੈ।

ਫੀਦਲ ਕਾਸਟਰੋ ਨੇ ਬੜਾ ਕਲਾ-ਮਈ ਢੰਗ ਨਾਲ ਆਪਣੀ 5½ ਘੰਟੇ ਦੀ ਸਪੀਚ ਦਾ ਅੰਤ ਕਰਦਿਆਂ ਕਿਹਾ-

"ਅੱਜ ਦੇ ਸੁਪਨੇ, ਕੱਲ੍ਹ ਦਾ ਸੱਚ ਹਨ।"

ਅਸੀਂ ਨਾਕਾਬੰਦੀ ਖ਼ਤਮ ਕਰਨ ਦੇ ਸੁਪਨੇ ਲਈ 40 ਵਰ੍ਹਿਆਂ ਤੋਂ ਜੂਝ ਰਹੇ ਹਾਂ। ਇਹ ਸੰਸਾਰਕ ਇਕਜੁਟਤਾ ਦੇ ਬਲਬੂਤੇ ਜ਼ਰੂਰ ਸ਼ਾਕਰ ਹੋਵੇਗਾ।

ਤਾੜੀਆਂ, ਨਾਅਰੇ ਫੀਦਲ  ਕਾਸਟਰੋ ਦੀ ਲੰਮੀ ਉਮਰ ਲਈ ਅਵਾਜ਼ਾਂ ਦਾ ਸੁਰ-ਤਾਲ ਮੇਲਦੇ ਰਹੇ। ਇਨਕਲਾਬ ਦੀ ਰਾਖੀ ਤੇ ਸਮਾਜਵਾਦ ਦੀ ਮਹਿਕ ਦੇ ਪਸਾਰ ਲਈ ਰੋਹ-ਭਰੀਆਂ ਅਵਾਜ਼ਾਂ ਧਰਤੀ 'ਤੇ ਪਸਰੀ ਸਾਮਰਾਜੀ ਧਾਂਦਲੀ ਦੀਆਂ ਉਸਰੀਆਂ ਕੰਧਾਂ ਨੂੰ ਹਿਲਾਉਂਦੀ ਜਾਪੀ ਸੀ। ਹੱਥਾਂ ਤੇ ਸੋਚ ਦੀ ਵੰਗਲੀਆਂ, ਸਾਮਰਾਜੀ ਧੌਂਸ ਭਰੀ ਦਾਦਾਗਿਰੀ ਨੂੰ ਲਲਕਾਰਦੀਆਂ ਰਹੀਆਂ ਸਨ। ਇਸ ਜੋਸ਼ ਭਰੇ ਮਾਹੌਲ ਨੂੰ ਵਾਚਦਿਆਂ, ਮੈਨੂੰ ਹੋਸੇ ਮਾਰਤੀ ਦੀਆਂ ਸਤਰਾਂ ਯਾਦ ਆਈਆਂ-

'ਜਦੋਂ ਕੋਈ ਗੁਲਾਮੀ, ਭਰ ਜ਼ਿੰਦਗੀ ਜੀਵੇ
ਹੰਝੂ ਕੇਰਨੇ ਨਾਲ ਕੁਝ ਨਹੀਂ ਸੌਰਦਾ।'

ਕੈਂਪ ਵਲੋਂ ਜਾਂਦਿਆਂ ਰਾਤ ਪੈ ਗਈ। ਹਰ ਕੋਈ ਫੀਦਲ ਕਾਸਟਰੋ ਦੀ ਸਪੀਚ ਤੇ ਬੋਲਣ ਦੇ ਢੰਗ ਤੋਂ ਪ੍ਰਭਾਵਿਤ ਸੀ। ਬਸ ਵਿਚੋਂ ਕਿਸੇ ਨੇ ਆਖਿਆ, "ਵੇਖਣ ਨੂੰ ਤਾਂ ਸੱਚਮੁੱਚ ਦਰਵੇਸ਼ ਲਗਦੈ, ਸਿਰ ਵਿਚੋਂ ਤੇ ਗਿਆਨ ਦੀ ਗੰਗਾ ਵਗਦੀ ਆ।

(ਸੰਘਰਸ਼ ਦਾ ਪ੍ਰਤੀਕ ਕਿਊਬਾ (ਸਫ਼ਰਨਾਮਾ) ਵਿਚੋਂ)

# ਕਿਊਬਨ ਸਮਾਜਵਾਦੀ ਸਰਕਾਰ ਦੀ ਪ੍ਰਾਪਤੀ

## 'ਕੁੱਲੀ, ਗੁੱਲੀ, ਜੁਲੀ' ਦੇ ਮਸਲੇ ਦਾ ਹੱਲ

*—ਗੁਰਮੀਤ ਸਿੰਘ ਟਿਵਾਣਾ*

ਮਨੁੱਖੀ ਜੀਵਨ ਦੀਆਂ ਤਿੰਨ ਬੁਨਿਆਦੀ ਲੋੜਾਂ-ਕੁੱਲੀ, ਗੁੱਲੀ, ਜੁੱਲੀ-ਬਾਰੇ ਗੱਲ ਮਨੁੱਖ ਦੀ ਮੁੱਢਲੀ ਹੋਂਦ ਤੋਂ ਲੈ ਕੇ ਅੱਜ ਤੱਕ ਤੁਰੀ ਆਈ ਹੈ ਅਤੇ ਓਦੋਂ ਤੱਕ ਦੁਨੀਆਂ ਦੀ ਸ਼ਾਂਤੀ ਤੇ ਅਮਨ ਨੂੰ ਭੰਗ ਕਰਦੀ ਤੁਰੀ ਜਾਏਗੀ, ਜਦੋਂ ਤੱਕ ਸਰਬੱਤ ਨੂੰ ਭਰ ਪੇਟ ਰੋਟੀ, ਤਨ ਢਕਣ ਲਈ ਬਸਤਰ ਤੇ ਸਿਰ ਢਕਣ ਲਈ ਛੱਤ ਦੀ ਪ੍ਰਾਪਤੀ ਨਹੀਂ ਹੁੰਦੀ। ਅਮਰੀਕਾ ਸਾਰੀ ਦੁਨੀਆਂ ਦੀ ਉਤਪਤੀ ਦਾ 6% ਉਪਜਾਂਦਾ ਤੇ 40% ਨਿਘਾਰਦਾ ਹੈ। ਇਸ ਦੇ ਜੂਏ ਤੇ ਭੋਗ ਬਿਲਾਸ ਦੇ ਪ੍ਰਸਿੱਧ ਸ਼ਹਿਰ ਲਾਸ-ਵੇਗਾਸ ਦੇ ਹੋਟਲਾਂ ਵਿੱਚ ਇੱਕ ਰਾਤ ਵਿੱਚ ਐਨਾ ਖਾਣਾ ਕੂੜੇ ਵਿੱਚ ਸੁੱਟਿਆ ਜਾਂਦਾ ਹੈ ਜਿੰਨੇ ਖਾਣੇ ਨਾਲ ਦਿੱਲੀ ਵਰਗਾ ਵੱਡਾ ਸ਼ਹਿਰ, ਇੱਕ ਦਿਨ ਪੂਰਾ ਗੁਜ਼ਾਰਾ ਕਰ ਸਕਦਾ ਹੈ। ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਤੀਜੀ ਦੁਨੀਆਂ ਦੇ ਦੇਸ਼ਾਂ ਦੇ 40% ਲੋਕ ਖਾਲੀ ਢਿੱਡ ਵਜਾਂਦੇ, ਅੱਧ-ਨੰਗੇ ਅੱਧਕੱਜੇ, ਬੇ-ਘਰ, ਬੇ-ਦਰ ਨਰਕ ਦਾ ਜੀਵਨ ਜਿਉਂਦੇ ਹਨ। ਜੀਵਨ ਦੀਆਂ ਉਪਰੋਕਤ ਤਿੰਨ ਲੋੜਾਂ ਦੇ ਸੰਦਰਭ ਵਿੱਚ ਹੀ ਕਿਊਬਾ ਦੀ ਸ਼ੋਸ਼ਲਿਸਟ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਅੰਕਤ ਕਰਨਾ ਜ਼ਰੂਰੀ ਹੈ।

ਜਿੱਥੋਂ ਤੱਕ ਮਨੁੱਖ ਦੀ ਪ੍ਰਮੁੱਖ ਲੋੜ, ਉਸ ਦੀ ਪੇਟ ਦੀ ਅੱਗ ਬੁਜਾਉਣ (ਗੁੱਲੀ) ਦਾ ਸਵਾਲ ਹੈ, ਇਹ ਸ਼ੱਤ ਪ੍ਰਤੀਸ਼ਤ ਤੋਂ ਵੀ ਵੱਧ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਦੇਸ਼ ਦੀ ਖਾਦਯ ਸਮੱਗਰੀ ਦੀ ਉਪਜ ਦੇ ਬਹੁਤ ਹੱਦ ਤੱਕ ਸੀਮਤ ਹੁੰਦਿਆਂ ਹੋਇਆਂ ਵੀ ਕਿਊਬਾ ਦੀ ਸਾਰੀ ਆਬਾਦੀ, ਇੱਕ ਕਰੋੜ ਗਿਆਰਾਂ ਲੱਖ ਵਿੱਚੋਂ ਇੱਕ ਮਨੁੱਖ ਵੀ ਰਾਤ ਨੂੰ ਭੁੱਖਾ ਨਹੀਂ ਸੌਂਦਾ। ਹਵਾਨਾ ਦੇ ਇੱਕ ਨਿਓਰੋਲੋਜੀਕਲ ਸੈਂਟਰ ਦੇ ਡਾਇਰੈਕਟਰ ਨੇ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਕਿਊਬਾ ਕੋਲ ਬਹੁਤੀ ਮਾਤਰਾ ਵਿੱਚ ਤਿੰਨ ਵਸਤਾਂ ਹੀ ਬਾਹਰ ਭੇਜਣ ਯੋਗ ਹਨ ਅਤੇ ਤਿੰਨੇ ਹੀ ਸਿਹਤ ਲਈ ਹਾਨੀਕਾਰਕ ਹਨ-ਚੀਨੀ, ਤੰਬਾਕੂ ਅਤੇ ਕੌਫੀ। ਇਸ ਦੇ ਬਾਵਜੂਦ ਹਰ ਵਸਨੀਕ ਨੂੰ ਇੰਨਾਂ ਕੁ ਰਾਸ਼ਨ, ਕਾਰਡ ਰਾਹੀਂ ਬਾਜ਼ਾਰੀ ਭਾਅ ਤੋਂ ਬਹੁਤ ਘੱਟ ਮੁੱਲ ਤੇ ਮਿਲਦਾ ਹੈ ਜੋ ਮਹੀਨੇ 'ਚੋਂ ਉਸ ਦੇ ਦਸ ਦਿਨ ਲਈ ਕਾਫੀ ਹੁੰਦਾ ਹੈ। ਬਾਕੀ ਰਾਸ਼ਨ ਉਸ ਨੂੰ ਨਿਸ਼ਚਿਤ ਕੀਮਤ ਦੀਆਂ ਸਰਕਾਰੀ ਦੁਕਾਨਾਂ ਜਾਂ ਐਤਵਾਰ ਨੂੰ ਥਾਂ ਥਾਂ ਲਗਦੀਆਂ ਕਿਸਾਨਾਂ ਦੀਆਂ ਖੁੱਲ੍ਹੀਆਂ ਮੰਡੀਆਂ 'ਚੋਂ ਖਰੀਦਣਾ ਪੈਂਦਾ ਹੈ। ਇਥੇ ਵੀ ਭਾਅ, ਮਾਲ ਦੇ ਤਾਜ਼ੇ ਬੇਹੇ ਹੋਣ ਦੇ ਨਾਤੇ ਥੋੜ੍ਹੇ ਬਹੁਤ ਫਰਕ ਦੇ ਹੁੰਦਿਆਂ ਹੋਇਆਂ, ਮੂਲ ਰੂਪ ਵਿੱਚ ਖੁੱਲ੍ਹੀ ਮੰਡੀ ਦੇ ਰੂਲ-ਯਾਨੀ 'ਸਪਲਾਈ ਅਤੇ ਡੀਮਾਂਡ' ਤੇ ਨਿਰਭਰ ਕਰਦੇ ਹਨ। ਰਾਸ਼ਨ ਦੀਆਂ ਸਰਕਾਰੀ ਦੁਕਾਨਾਂ ਤੋਂ ਮਿਲਦੇ ਦਸ ਦਿਨ ਦੇ ਰਾਸ਼ਨ ਵਿੱਚ ਥੋੜ੍ਹੀ ਮਾਤਰਾ ਵਿੱਚ ਅੰਡੇ, ਮੱਛੀ, ਮੀਟ ਵੀ ਸਾਮਲ ਹਨ। ਅੱਠ ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਦੁੱਧ ਦਾ ਰਾਸ਼ਨ ਹਰ ਪਰਿਵਾਰ ਨੂੰ ਵੱਖਰਾ ਮਿਲਦਾ ਹੈ। ਚੂੰਕਿ ਬੇਰੁਜ਼ਗਾਰੀ 8% ਤੋਂ ਵੀ ਘੱਟ ਹੈ, ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਮਿਲਦਾ ਹੈ ਅਤੇ ਘਰ ਦੇ ਬਾਕੀ ਸਾਰੇ ਜੀਅ ਕੰਮ ਕਰਦੇ ਹਨ, ਇਸ ਲਈ ਸਾਰੇ ਪੇਟ ਭਰ ਰੋਟੀ ਖਾਂਦੇ ਹਨ। ਦੇਸ਼ ਵਿੱਚ ਪੈਦਾ ਹੁੰਦੇ ਫਲ-ਪਪੀਤਾ, ਸ਼ਰੀਫਾ, ਅਮਰੂਦ, ਕੇਲਾ, ਸੰਤਰਾ, ਤੇ ਗ੍ਰੇਪ ਫਰੂਟ ਵੀ ਸਸਤੇ ਹਨ ਅਤੇ ਹੋਟਲਾਂ ਵਿੱਚ ਟੂਰਿਸਟਾਂ ਨੂੰ ਰੱਜਵੇਂ ਮਿਲਦੇ ਹਨ। ਸਿਹਤ ਦੀ ਦ੍ਰਿਸ਼ਟੀ ਤੋਂ ਬੇਲੋੜੀ ਵਸਤੂ ਹੋਟਲਾਂ ਵਿੱਚ ਭਾਵੇਂ ਹੋਵੇ, ਜਿੱਥੇ ਟੂਰਿਸਟਾਂ ਲਈ ਖਾਣਾ ਪਰੋਸਿਆ ਜਾਂਦਾ ਹੈ, ਪਰ ਪ੍ਰਾਈਵੇਟ ਜਾਂ ਸਰਕਾਰੀ ਰੈਸਟੋਰੈਂਟਾਂ ਵਿੱਚ ਸਪਲਾਈ ਨਹੀਂ ਹੁੰਦੀ ਤੇ ਨਾ ਹੀ ਬਾਜ਼ਾਰ ਵਿੱਚ ਦੁਕਾਨਾਂ ਤੇ ਮਿਲਦੀ ਹੈ। ਭਾਰਤ ਵਾਂਗ ਥਾਂ ਥਾਂ ਚਾਟ ਪਕੌੜਿਆਂ ਤੇ ਮਠਿਆਈ ਦੀਆਂ ਦੁਕਾਨਾਂ ਉੱਕਾ ਨਹੀਂ। ਨਾ



ਹੀ ਗੰਦ ਮੰਗ ਪਕਾਉਣ ਤੇ ਖੁਆਉਣ ਦੇ ਢਾਬੇ, ਹੋਟਲ ਹਨ। ਅਜਿਹਾ ਕੁਝ ਤਾਂ ਸਰਮਾਏਦਾਰ ਪੱਛਮੀ ਦੇਸ਼ਾਂ ਵਿੱਚ ਵੀ ਨਹੀਂ ਹੈ। ਖਾਣ ਪੀਣ ਦੀਆਂ ਉਹ ਵਸਤਾਂ ਜਿੰਨ੍ਹਾਂ ਦੀ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਲਈ ਲੋੜ ਹੈ, ਸਾਰੀਆਂ ਹੀ ਸੌਖੀਆਂ ਤੇ ਸਸਤੀਆਂ ਉਪਲਬਧ ਹਨ।

ਪੰਹਿਲੀ ਦੁਨੀਆਂ ਦੇ ਪੱਛਮੀ ਦੇਸ਼ਾਂ ਵਿੱਚ ਜਿੱਥੇ 80% ਲੋਕ ਆਪਣੇ ਸਰੀਰ 'ਤੇ ਲੋੜੋਂ ਵੱਧ ਭਾਰ ਚੁੱਕੀ ਫਿਰਦੇ ਹਨ ਜੋ ਬਿਮਾਰੀਆਂ ਦਾ ਸਭ ਤੋਂ ਵੱਡਾ ਕਾਰਨ ਹੈ, ਉਥੇ ਤੀਜੀ ਦੁਨੀਆਂ ਦੇ 40% ਤੋਂ ਵੱਧ ਲੋਕਾਂ ਨੂੰ ਸਰੀਰ ਨੂੰ ਤੰਦਰੁਸਤ ਰੱਖਣ ਵਾਲਾ ਭੋਜਨ ਤਾਂ ਕੀ, ਪੇਟ ਭਰ ਖਾਣ ਨੂੰ ਵੀ ਨਸੀਬ ਨਹੀਂ ਹੁੰਦਾ। ਅਜਿਹੇ ਸੰਦਰਭ ਵਿੱਚ ਕਿਊਬਨ ਲੋਕ ਸਿਹਤ ਤੇ ਤੰਦਰੁਸਤੀ ਪੱਖੋਂ ਅਤੀ ਰੱਜ ਤੇ ਭੁੱਖ-ਦੋਖੋ ਦੀਆਂ ਦੋਨੋਂ ਪ੍ਰਕਾਰ ਦੀਆਂ ਲਾਹਣਤਾਂ ਤੋਂ ਬਰੀ ਹਨ। ਹਰ ਸਾਇੰਸ ਰੀਸਰਚ ਸੈਂਟਰ, ਡਾਕਟਰੀ ਸਿੱਖਿਆ ਕੇਂਦਰ ਤੇ ਹਸਪਤਾਲ ਵਿੱਚ ਇੱਕ ਪਬਲਿਕ ਸੇਵਾ ਵਿਭਾਗ ਵੀ ਹੈ, ਜੋ ਜਨ ਸਾਧਾਰਨ ਦੀ ਸਿਹਤ, ਸਫਾਈ ਤੇ ਖਾਧ-ਖੁਰਾਕ ਪ੍ਰਤੀ ਸਿੱਖਿਆ ਸਮੇਤ, ਹਰ ਤਰ੍ਹਾਂ ਦੀ ਲੋੜੀਂਦੀ ਸਹਾਇਤਾਂ ਲਈ ਜ਼ਿੰਮੇਵਾਰ ਹੈ। ਹੈਰਾਨੀ ਦੀ ਗੱਲ ਹੈ ਕਿ ਮੈਂ ਆਪਣੇ ਪੰਦਰਾਂ ਦਿਨਾਂ ਦੌਰਾਨ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚੋਂ ਲੰਘਦਿਆਂ ਨਾ ਕੋਈ ਸਰੀਰ ਬੋਝਲ, ਬੇ-ਢਬਾ ਤੇ ਅ-ਸਮਤੋਲ ਡਿੱਠਾ ਹੈ ਅਤੇ ਨਾ ਹੀ ਇਸ ਦੇ ਐਨ ਉਲਟ ਕੋਈ ਸੁੱਕਿਆ, ਸੜਿਆ, ਹਾਰਿਆ-ਹੰਭਿਆ, ਮੁਰਝਾਇਆ ਤੇ ਭੋਖੜ ਸਰੀਰ ਨਜ਼ਰੀਂ ਪਿਆ ਹੈ। ਸੱਠ ਸਾਲ ਤੋਂ ਉਪਰ ਉਮਰ ਦੇ ਸੀਨੀਅਰਜ਼ ਦੀ ਇੱਕ ਹੈਲਥ ਕਲੱਬ ਵਿੱਚ ਜਾਣ ਦਾ ਵੀ ਮੌਕਾ ਮਿਲਿਆ, ਜਿੱਥੇ ਬੁਢਾਪੇ ਵਾਲੀ ਨਿਰਾਸਤਾ ਦੀ ਥਾਂ ਖੇੜਾ ਝਲਕਦਾ ਸੀ। ਕਲੱਬ ਵਿੱਚ ਉਨ੍ਹਾਂ ਦੀ ਕਸਰਤ ਲਈ ਇੱਕ ਫਿਜ਼ਿਓਥੈਰਾਪਿਸਟ ਤੇ ਇੱਕ ਨਰਸ ਮੌਜੂਦ ਸਨ। ਉਥੇ ਲੰਚ ਸਰਕਾਰੀ ਸੀ। ਸਵੇਰੇ ਉਹ ਪੈਦਲ, ਸਾਈਕਲ ਜਾਂ ਸਰਕਾਰੀ ਬੱਸ ਰਾਹੀਂ ਆਉਂਦੇ ਤੇ ਕਸਰਤ ਕਰ, ਹੱਸ ਖੇਡ, ਗਾ-ਵਜਾ ਸ਼ਾਮ ਨੂੰ ਘਰੀਂ ਮੁੜ ਜਾਂਦੇ ਸਨ। ਮੈਂ ਦੁਭਾਸ਼ੀਏ ਰਾਹੀਂ ਉਨ੍ਹਾਂ ਨੂੰ ਪ੍ਰਸ਼ਨ ਕੀਤਾ, 'ਤੁਸੀਂ ਸਾਰਿਆਂ ਪੂਰਬ-ਇਨਕਲਾਬ ਦਾ ਸਮਾਂ ਵੇਖਿਆ ਹੈ ਤੇ ਹੁਣ ਦਾ ਸਮਾਂ ਵੀ ਵੇਖ ਰਹੇ ਹੋ। ਕੀ ਤੁਸੀਂ ਉਦੋਂ ਖੁਸ਼ ਸੀ ਜਾਂ ਅੱਜ ਖੁਸ਼ ਹੋ?' ਸਾਰੇ ਹੀ ਕਿਲਕਾਰੀਆਂ ਮਾਰ ਕੇ ਕਹਿਣ ਲੱਗੇ, 'ਅਸੀਂ ਹੁਣ ਬਹੁਤ ਖੁਸ਼ ਹਾਂ।' ਦੂਜਾ ਸਵਾਲ ਮੈਂ ਇਹ ਕੀਤਾ, 'ਕੀ ਤੁਸੀਂ ਪਹਿਲਾਂ ਕੋਈ ਮੇਰੇ ਵਰਗਾ ਮਨੁੱਖ (ਪਗੜੀ ਵਾਲਾ ਸਿੱਖ) ਦੇਖਿਆ ਹੈ?' ਸਾਰੇ ਹੀ ਇੱਕ ਉੱਤਰ ਹੋ ਕੇ ਬੋਲੇ, 'ਹਾਂ! ਟੀ.ਵੀ. 'ਤੇ ਵੇਖਿਆ ਹੈ।' ਸਾਡੇ ਟੂਰਿਸਟ ਗਰੁੱਪ ਦੀ ਇਹ ਮਿਲਣੀ ਕਿਊਬਾ ਦੇ ਦੱਖਣ ਵੱਲ ਸਮੁੰਦਰ ਦੇ ਕੰਢੇ ਵਸੇ ਪੁਰਾਣੇ ਤੇ ਪ੍ਰਸਿੱਧ ਸ਼ਹਿਰ ਟ੍ਰਿਡਾਡ ਵਿੱਚ ਹੋਈ, ਜਿੱਥੇ ਸਪੇਨੀ ਨੌ ਆਬਾਦਕਾਰਾਂ ਹੱਥੋਂ ਜੱਦੀ ਕਿਊਬਨ ਲੋਕਾਂ ਦੇ ਪਹਿਲਾਂ ਲੜਾਈ ਦੌਰਾਨ ਮਾਰੇ ਜਾਣ, ਬਾਕੀ ਬੱਚਿਆਂ ਦੇ ਭੁੱਖ-ਦੋਖੇ, ਬਿਮਾਰੀ ਤੇ ਸ਼ੋਸ਼ਣ ਦੁਆਰਾ ਉੱਕਾ ਖਤਮ ਹੋ ਜਾਣ ਪਿੱਛੋਂ, ਦਸ ਲੱਖ ਤੋਂ ਵੱਧ ਅਫਰੀਕਨ ਕਾਲੇ ਲੋਕ ਦਾਸਾਂ ਵਜੋਂ ਸਮੁੰਦਰੀ ਜਹਾਜ਼ਾਂ ਦੀਆਂ ਹੇਠਲੀਆਂ ਤਹਿਆਂ ਵਿੱਚ ਜ਼ੰਜੀਰਾਂ ਨਾਲ ਨੂੜ ਕੇ ਲਿਆਂਦੇ ਗਏ ਸਨ। ਇਹ ਦਾਸ-ਪ੍ਰਥਾ ਕਿਊਬਾ ਵਿੱਚ 1880 ਵਿੱਚ ਸਮਾਪਤ ਹੋਈ ਸੀ। ਅਮਰੀਕਾ ਵਰਗੇ ਵਿਕਸਤ ਤੇ ਤਥਾਕਥਿਤ ਈਸਾਈ ਦੇਸ਼ ਵਿੱਚ ਵੀ ਇਹ ਲਾਹਣਤ ਉਹਦੇ ਆਜ਼ਾਦ ਹੋਣ ਤੋਂ ਲਗਭਗ ਸੌ ਸਾਲ ਪਿੱਛੋਂ 1875 ਵਿੱਚ ਹੀ ਸਮਾਪਤ ਕੀਤੀ ਜਾ ਸਕੀ ਸੀ।

ਕਿਊਬਨ ਲੋਕਾਂ ਦੇ ਕੱਪੜਿਆਂ (ਜੁੱਲੀ) ਦੀ ਗੱਲ ਕਰਦਿਆਂ ਹੋਇਆਂ ਦੇਸ਼ ਦੀ ਭੂਗੋਲਿਕ ਸਥਿਤੀ ਅਤੇ ਮੌਸਮ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਜੇ ਤੁਸੀਂ ਦੁਨੀਆਂ ਦੇ ਨਕਸ਼ੇ ਨੂੰ ਧਿਆਨ ਨਾਲ ਦੇਖੋ ਤਾਂ ਪਤਾ ਲੱਗੇਗਾ ਕਿ ਕਿਊਬਾ ਕਰੇਬੀਅਨ ਸਾਗਰ ਅਤੇ ਅਟਲਾਂਟਿਕ ਮਹਾਂ ਸਾਗਰ ਵਿਚਕਾਰ 1200 ਕਿਲੋਮੀਟਰ ਲੰਮਾ ਤੇ 35 ਕਿਲੋਮੀਟਰ ਤੋਂ ਲੈ ਕੇ ਕਈ ਥਾਈਂ 251 ਕਿਲੋਮੀਟਰ ਤੱਕ ਚੌੜਾ, ਵੈਸਟ ਇੰਡੀਜ਼ ਦਾ ਸਭ ਤੋਂ ਵੱਡਾ ਟਾਪੂ, ਭੂ ਮੱਧ ਰੇਖਾ ਤੋਂ ਥੋੜ੍ਹਾ ਉੱਪਰ ਕਰਕੇ ਵੱਸਿਆ, 110, 922 ਵਰਗ

ਕਿਲੋਮੀਟਰ ਵਿੱਚ ਫੈਲਿਆ, ਲਗਭਗ ਇੱਕ ਕਰੋੜ ਦਸ ਲੱਖ ਲੋਕਾਂ ਦਾ ਟਾਪੂ ਹੈ, ਜਿਸ ਦੀ ਆਬਾਦੀ ਦੀ ਘਣਤਾ 97 ਮਨੁੱਖ ਪ੍ਰਤੀ ਵਰਗ ਕਿਲੋਮੀਟਰ ਹੈ। ਟਾਪੂ ਦੀ ਆਕ੍ਰਿਤੀ ਕੁੱਝ ਇਸ ਪ੍ਰਕਾਰ ਦੀ ਹੈ ਕਿ ਕਿਊਬਨ ਇਸ ਨੂੰ ਮਗਰਮੱਛ (ਐਲੀਗੇਟਰ) ਅਤੇ ਸਰਹਾਣੇ ਬੈਠੇ ਅਮਰੀਕਾ ਨੂੰ ਦੈਂਤ (ਮੌਂਸਟਰ) ਆਖਦੇ ਹਨ। ਇਹ ਅਮਰੀਕਾ ਦੇ ਸੂਬੇ ਫਲੋਰੇਡਾ ਦੀ ਹੇਠਲੀ ਨੁੱਕਰ ਤੋਂ ਕੇਵਲ 90 ਮੀਲ ਦੀ ਦੂਰੀ 'ਤੇ ਸਥਿਤ ਹੈ। 1492 ਈ. ਵਿੱਚ ਕੋਲੰਬਸ ਨੇ ਇਸ ਨੂੰ ਪਹਿਲੀ ਵਾਰ ਲੱਭਿਆ ਤੇ ਇਸ ਨੂੰ ਦੇਖਦਿਆਂ ਹੀ ਆਖਿਆ, 'ਮੈਂ ਅਜਿਹਾ ਸੁੰਦਰ ਦੇਸ਼ ਦੁਨੀਆਂ 'ਤੇ ਕਿਧਰੇ ਨਹੀਂ ਵੇਖਿਆ।' 1510 ਤੋਂ ਹੀ ਸਪੇਨੀ ਨੌਂ ਆਬਾਦਕਾਰਾਂ ਨੇ ਇੱਥੇ ਵਸਣਾ ਸ਼ੁਰੂ ਕੀਤਾ। ਇੱਥੋਂ ਦੀ ਆਦੀ ਵਸੋਂ ਕੁੱਝ ਤਾਂ ਪਹਿਲੇ ਹੱਲੇ ਹੀ ਕਤਲ ਕਰ ਦਿੱਤੀ ਗਈ, ਬਾਕੀ ਬਚੀ ਭੁੱਖ ਦੇਖੋ, ਬਿਮਾਰੀ ਤੇ ਨੌਂ ਆਬਾਦਕਾਰਾਂ ਦੇ ਸ਼ੋਸਣ ਹੱਥੋਂ ਖਤਮ ਹੋ ਗਈ। ਮਜ਼ਦੂਰੀ ਲਈ 19ਵੀਂ ਸਦੀ ਵਿੱਚ ਲਗਭਗ 10 ਲੱਖ ਦੇ ਕਰੀਬ ਕਾਲੇ ਲੋਕ ਦਾਸਾਂ ਦੇ ਰੂਪ ਵਿੱਚ ਅਫਰੀਕਾ ਤੋਂ ਲਿਆਂਦੇ ਗਏ। ਇਸੇ ਸਦੀ ਵਿੱਚ ਡੇਢ ਲੱਖ ਦੇ ਕਰੀਬ ਚੀਨੀ ਮਜ਼ਦੂਰ ਵੀ ਗੰਨੇ ਦੇ ਖੇਤਾਂ ਵਿੱਚ ਕੰਮ ਕਰਨ ਲਈ ਆਏ। ਸੋ 65% ਆਬਾਦੀ ਗੋਰੀ ਨਸਲ (ਸਪੇਨਿਸ਼) ਦੀ ਹੈ, ਕੁੱਲ 12% ਕਾਲੇ ਤੇ ਬਾਕੀ ਸਾਰੇ ਮੁਲਕਾਂ ਦੇ ਯਾਨੀ ਮਿਲੀ ਜੁਲੀ ਵਸੋਂ ਦੇ ਹਨ। ਫਿਡੇਲ ਕਾਸਟਰੋ ਦਾ ਪਿਤਾ ਵੀ ਸਪੇਨਿਸ਼ ਸੀ। ਜੋ ਕਿਊਬਾ ਵਿੱਚ ਸਪੇਨੀ ਫੌਜਾਂ ਵਿੱਚ ਲੜਕੇ, ਸਪੇਨ ਜਾ ਕੇ, ਮੁੜ ਇੱਥੇ ਵਸਣ ਲਈ ਆ ਗਿਆ ਸੀ। ਪਰ ਫਿਡੇਲ ਦੀ ਮਾਂ ਕਿਊਬਨ ਸੀ ਅਤੇ ਬੜੀ ਧਾਰਮਿਕ ਬਿਰਤੀ ਦੀ ਸੀ। ਸਾਰੇ ਕਿਊਬਨ ਹੀ 1902 ਵਿੱਚ ਅਜ਼ਾਦ ਹੋ ਕੇ, ਇੱਕ ਕੌਮ ਵਜੋਂ ਬਦੇਸ਼ੀ ਤੇ ਦੇਸੀ ਡਿਕਟੇਟਰਾਂ (ਤਾਨਾਸ਼ਾਹਾਂ) ਦੇ ਵਿਰੁੱਧ ਲੜਦੇ ਆਏ ਹਨ। 20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਹੀ ਇਨ੍ਹਾਂ ਪੰਜ ਛੇ ਸਰਕਾਰਾਂ ਬਣਾਈਆਂ ਬਦਲੀਆਂ ਹਨ। ਇਸ ਸਾਰੀ ਜਦੋ-ਜਹਿਦ ਸਦਕਾ, ਇਹ ਹੁਣ ਇੱਕ ਹਠੀਲੀ ਤੇ ਗਠੀਲੀ ਕੌਮ ਵਜੋਂ ਵਿਚਰਦੇ ਹਨ। ਇਹੀ ਸਾਂਝੀ ਕੌਮੀਅਤ ਦਾ ਅਹਿਸਾਸ ਤੇ ਸਮੂਹਕ ਲੀਡਰਸ਼ਿਪ ਇਨਕਲਾਬ ਦੇ ਚਿਰੰਜੀਵ ਹੋਣ ਦੀ ਸਭ ਤੋਂ ਵੱਡੀ ਗਾਰੰਟੀ ਹਨ। ਰੰਗ, ਨਸਲ ਤੇ ਪਿਛੋਕੜ ਦਾ ਕੋਈ ਭੇਦ-ਭਾਵ ਸਮਾਜਵਾਦੀ ਸਰਕਾਰ ਨੇ ਉੱਕਾ ਨਹੀਂ ਰਹਿਣ ਦਿੱਤਾ। ਮੈਨੂੰ ਇਹ ਦੇਖ ਕੇ ਅਤਯੰਤ ਹੈਰਾਨੀ ਭਰੀ ਖੁਸ਼ੀ ਹੋਈ ਕਿ ਇਨ੍ਹਾਂ ਲੋਕਾਂ ਦੇ ਕਣਕ-ਵੰਨੇ ਰੰਗੇ, ਕੱਦ-ਕਾਠ, ਨੈਣ-ਨਕਸ਼ ਸਾਡੇ ਪੰਜਾਬੀਆਂ ਨਾਲ ਤੇ ਉਨ੍ਹਾਂ ਦੇ ਮੋਨੇ ਹੋਣ ਨਾਤੇ ਹਰਿਆਨਵੀਆਂ ਨਾਲ 98% ਮਿਲਦੇ ਜੁਲਦੇ ਹਨ। ਇਹ ਆਰਥਿਕ ਪੱਖੋਂ ਵੀ ਜਮਾਤਾਂ ਵਿੱਚ ਵੰਡੇ ਹੋਏ ਨਹੀਂ। ਆਮਦਨੀ ਦਾ ਫਰਕ ਕਮਾਈ ਕਰਨ ਵਾਲੇ ਹੱਥਾਂ ਅਤੇ ਕਿੱਤੇ ਵਿੱਚ ਮੁਹਾਰਤ ਜਾਂ ਸੁਚੱਜ 'ਤੇ ਨਿਰਭਰ ਕਰਦਾ ਹੈ। ਆਮ ਮਜ਼ੂਦਰ ਅਤੇ ਇੰਜੀਨੀਅਰ ਜਾਂ ਡਾਕਟਰ ਇੱਕੋ ਜੀਵਨ ਸਤਰ ਤੇ ਨਹੀਂ ਜਿਉਂਦੇ ਅਤੇ ਨਾ ਹੀ ਕੋਈ ਇੰਜਨੀਅਰ ਜਾਂ ਡਾਕਟਰ ਸਰਮਾਏਦਾਰ ਦੇਸ਼ਾਂ ਦੇ ਇਨ੍ਹਾਂ ਕਿੱਤਾਕਾਰਾਂ ਵਾਂਗ ਵੱਡੀਆਂ ਤਨਖਾਹਾਂ ਲੈਂਦਾ ਹੈ। ਹਰ ਕਿਸੇ ਨੂੰ ਉਸਦੀ ਮਿਹਨਤ ਦਾ ਮੁਆਵਜ਼ਾ ਉਸ ਦੀ ਯੋਗਤਾ, ਪ੍ਰਬੀਨਤਾ ਅਤੇ ਉਪਜਾਊ ਸ਼ਕਤੀ ਅਨੁਸਾਰ ਮਿਲਦਾ ਹੈ। ਇੱਥੋਂ ਤੱਕ ਕਿ ਇੱਕ ਢਿੱਲੇ-ਮੱਠੇ, ਸੁਸਤ ਕੰਮ ਕਰਦੇ ਮਜ਼ਦੂਰ ਦੇ ਮੁਕਾਬਲੇ ਇੱਕ ਚੁਸਤ, ਫੁਰਤੀਲੇ ਤੇ ਮਿਹਨਤੀ, ਵੱਧ ਉਤਪਤੀ ਦੇਣ ਵਾਲੇ ਕਾਮੇ ਦੀ ਆਮਦਨੀ ਵਿੱਚ ਵੀ ਅੰਤਰ ਹੈ, ਅਜਿਹਾ ਉਹ ਕਹਿੰਦੇ ਹਨ, ਸਾਨੂੰ ਕਾਮਿਆਂ ਹੱਥੋਂ ਹੁੰਦੀ ਪ੍ਰੋਡਕਸ਼ਨ ਨੂੰ ਦੇਖ ਕੇ ਹੀ ਕਰਨਾ ਪਿਆ ਹੈ।

ਮੌਸਮ ਉਥੇ ਦੋ ਹੀ ਹਨ, ਨਵੰਬਰ ਤੋਂ ਅਪ੍ਰੈਲ ਤੱਕ ਖੁਸ਼ਕ ਅਤੇ ਮਈ ਤੋਂ ਅਕਤੂਬਰ ਤੱਕ ਬਰਸਾਤੀ। ਸਾਲਾਨਾ ਔਸਤ ਤਾਪਮਾਨ 25 ਦਰਜੇ ਸੈਂਟੀਗ੍ਰੇਡ ਹੈ ਜੋ 30 ਦਰਜੇ ਤੋਂ ਉੱਪਰ ਕਦੇ ਘੱਟ ਹੀ ਜਾਂਦਾ ਹੈ। ਵਰਖਾ 55 ਇੰਚ ਵਾਰਸ਼ਿਕ ਹੈ। ਰਾਤਾਂ ਠੰਢੀਆਂ ਤੇ ਸੁਹਾਉਣੀਆਂ ਅਤੇ ਤਾਪਮਾਨ 16 ਡਿਗਰੀ ਤੋਂ 20 ਡਿਗਰੀ ਤੇ ਵਿਚਕਾਰ। ਅਜਿਹੇ ਮੌਸਮ ਵਿੱਚ ਕੱਪੜਿਆਂ ਦੀ ਘੱਟ ਤੋਂ ਘੱਟ ਲੋੜ ਹੈ। ਕਪਾਹ ਕਿਊਬਾ ਦੀ



ਪੈਦਾਵਾਰ ਵਿੱਚੋਂ ਨਹੀਂ, ਨਾ ਹੀ ਉੱਥੇ ਕੱਪੜੇ ਦੇ ਕਾਰਖਾਨੇ ਹਨ। ਸਰਕਾਰ ਸਾਰਾ ਕੱਪੜਾ ਬਦੇਸ਼ਾਂ ਤੋਂ ਅਮਰੀਕਰਨ ਡਾਲਰਾਂ ਵਿੱਚ ਖਰੀਦਦੀ ਹੈ, ਜੋ ਲੋਕਾਂ ਨੂੰ ਅਮਰੀਕਨ ਡਾਲਰਾਂ ਵਿੱਚ ਹੀ ਖਰੀਦਣਾ ਪੈਂਦਾ ਹੈ। ਕੱਪੜਾ ਹੀ ਇੱਕ ਅਜਿਹੀ ਵਸਤੂ ਹੈ ਜਿਸ ਲਈ ਉਨ੍ਹਾਂ ਨੂੰ ਅਮਰੀਕਨ ਡਾਲਰ ਦੇਣੇ ਪੈਂਦੇ ਹਨ। ਇਹ ਡਾਲਰ ਕਮਾਉਣ ਦੇ ਉਨ੍ਹਾਂ ਕੋਲ ਕਈ ਸਾਧਨ ਹਨ ਭਾਵੇਂ ਤਨਖਾਹਾਂ ਉਨ੍ਹਾਂ ਨੂੰ ਕਿਊਬਨ ਪੀਸੋ (Peso) ਵਿੱਚ ਹੀ ਮਿਲਦੀਆਂ ਹਨ ਅਤੇ ਕੱਪੜੇ ਤੋਂ ਸਿਵਾ ਉਹ ਹਰ ਚੀਜ਼ ਕਿਊਬਨ ਪੀਸੋ ਵਿੱਚ ਹੀ ਖਰੀਦੇ ਸਕਦੇ ਹਨ।

ਇਹ ਕੱਪੜਾ ਵੀ ਉਨ੍ਹਾਂ ਨੂੰ ਸਰਕਾਰੀ ਡੀਪੂਆਂ ਤੋਂ ਨਿਸ਼ਚਿਤ ਭਾਅ 'ਤੇ ਮਿਲਦਾ ਹੈ। ਬਹੁਤੇ ਕਿਊਬਨ ਇਸਤਰੀ-ਪੁਰਖ ਤੁਹਾਨੂੰ ਬਿਨਾਂ-ਬਾਹਾਂ ਜਾਂ ਅੱਧੀਆਂ ਬਾਹਾਂ ਵਾਲੀ ਬੁਨੈਣ (ਟੀ-ਸ਼ਰਟ) ਤੇ ਨਿਕਰ (ਭਾਵ ਹਾਫ਼ ਪੈਂਟ) ਪਹਿਨੇ ਦਿਸਣਗੇ। ਸ਼ਹਿਰਾਂ ਵਿੱਚ ਗੱਲ ਕੁਝ ਵੱਖਰੀ ਹੈ। ਛੋਟੇ ਮੋਟੇ ਪ੍ਰਾਈਵੇਟ ਕਾਰੋਬਾਰਾਂ ਰਾਹੀਂ, ਦਸਤਕਾਰੀ ਦੀਆਂ ਵਸਤਾਂ ਟੂਰਿਸਟਾਂ ਨੂੰ ਵੇਚ ਕੇ, ਚੋਖੇ ਡਾਲਰ ਕਮਾ, ਕੁੱਝ ਲੋਕ ਵਧੀਆ ਕੱਪੜੇ, ਜੀਨ ਦੀਆਂ ਪੈਂਟਾਂ ਤੇ ਬੂਟ-ਸੂਟ ਪਾਈ ਦਿਖਾਈ ਦਿੰਦੇ ਹਨ। ਪ੍ਰਵਾਸੀ ਰਿਸ਼ਤੇਦਾਰ ਵੀ ਬੇਅੰਤ ਅਮਰੀਕਨ ਡਾਲਰ ਭੇਜਦੇ ਰਹਿੰਦੇ ਹਨ।

ਜੇ ਸਦੀਆਂ ਤੋਂ ਸਾਰੀ ਦੁਨੀਆਂ ਨੂੰ ਲੁੱਟਦੇ ਆ ਰਹੇ ਯੂਰਪੀਅਨ ਦੇਸ਼ਾਂ ਦੀ, ਜਾਂ ਤੀਜੀ ਦੁਨੀਆਂ ਦੇ ਉਪਰਲੀ 20% ਆਬਾਦੀ ਦੀ ਗੱਲ ਕਰੀਏ, ਤਾਂ ਇਨ੍ਹਾਂ ਵਰਗੀ ਅਮੀਰੀ ਦਾ ਉੱਥੇ ਨਾਂ ਨਿਸ਼ਾਨ ਵੀ ਦਿਖਾਈ ਨਹੀਂ ਦਿੰਦਾ। ਖਾਈ-ਹੰਢਾਈ (ਕਨਜ਼ਿਊਮਰਿਜ਼ਮ) ਦਾ ਵਰਤਾਰਾ ਉੱਕਾ ਅਲੋਪ ਹੈ। ਲਗਦਾ ਹੈ ਉਹ ਲੋਕ ਇਸ ਰਾਹੇ ਪਏ ਹੀ ਨਹੀਂ। ਸੱਚ ਤਾਂ ਇਹ ਹੈ ਕਿ ਪੈ ਸਕਦੇ ਹੀ ਨਹੀਂ। ਸਧਾਰਨ ਸੁੱਖ ਸੁਵਿਧਾ ਦੀਆਂ ਵਸਤਾਂ ਦੀ ਵੀ ਕਾਫੀ ਥੁੜ ਹੈ। ਸਾਈਕਲ ਜਾਂ ਸਕੂਟਰ ਵਰਗੀਆਂ ਵਸਤਾਂ ਵੀ ਘੱਟ ਉਪਲਬਧ ਹਨ। ਪਰ ਹਰ ਕਿਸੇ ਦੇ ਕੰਮ 'ਤੇ ਜਾਣ ਤੇ ਘਰ ਮੁੜਨ ਦਾ ਸਰਾਕੀਰ ਪ੍ਰਬੰਧ ਜ਼ਰੂਰ ਹੈ। ਕੰਗਾਲੀ, ਭੁੱਖਮਰੀ, ਨੰਗੇਜ਼, ਅਨਪੜ੍ਹਤਾ, ਦਰਿਦਰਤਾ, ਵਿਹਲੜਪੁਣਾ, ਹਰਾਮਖੋਰੀ ਦਾ ਉੱਕਾ ਅਭਾਵ ਹੈ। ਹਰ ਕੋਈ ਆਪਣੇ ਆਹਰ ਵਿੱਚ ਦੈਨਿਕ ਕਿੱਤੇ ਨੌਕਰੀ ਜਾਂ ਪੜ੍ਹਾਈ ਵਿੱਚ ਰੁੱਜਿਆ, ਤੰਦਰੁਸਤ ਤੇ ਸਬਰ-ਸੰਤੋਖ ਦਾ ਜੀਵਨ ਜਿਉਂ ਰਿਹਾ ਪ੍ਰਤੀਤ ਹੁੰਦਾ ਹੈ। ਹਰ ਛੋਟੇ ਵੱਡੇ ਘਰ ਵਿੱਚ ਰੇਡੀਓ ਤੇ ਟੀ.ਵੀ. ਜ਼ਰੂਰ ਹੈ ਜਿੰਨਾਂ ਰਾਹੀਂ ਉਹ ਆਪਣੇ ਦੇਸ਼ ਦੀ ਹਰ ਘਟਨਾ ਨਾਲ ਜੁੜੇ ਰਹਿੰਦੇ ਹਨ।

ਗੁੱਲੀ ਅਤੇ ਜੁੱਲੀ ਦੀ ਪ੍ਰਾਪਤੀ ਸੰਗ ਮਨੁੱਖ ਨੂੰ ਰਹਿਣ ਲਈ, ਸਿਰ ਢਕਣ ਲਈ, ਕੁੱਲੀ ਦੀ ਵੀ ਲੋੜ ਹੈ। ਇਨਕਲਾਬ (1959) ਤੋਂ ਛੇਤੀ ਹੀ ਪਿੱਛੋਂ ਹਰ ਕਿਰਾਏਦਾਰ ਜਿਸ ਹਿੱਸੇ ਦਾ ਉਹ ਕਿਰਾਇਆ ਦਿੰਦਾ ਸੀ, ਮਾਲਕ ਕਰਾਰ ਦੇ ਦਿੱਤਾ ਗਿਆ। ਮਕਾਨ ਦਾ ਕੋਈ ਹਿੱਸਾ ਕਿਰਾਏ 'ਤੇ ਦੇਣਾ ਵਰਜਿਤ ਹੈ। ਸਰਕਾਰੀ ਮਨਜ਼ੂਰੀ ਨਾਲ ਟੈਕਸ ਦੇ ਕੇ ਕੁੱਝ ਸ਼ਹਿਰਾਂ ਵਿੱਚ ਛੋਟੇ ਮੋਟੇ ਕਮਰੇ ਜਾਂ ਇੱਕ ਅੱਧਾ ਕਮਰਾ ਜਿੱਥੇ ਕਿਤੇ ਨੇੜੇ ਸਰਕਾਰੀ ਹੋਟਲ ਨਹੀਂ, ਟੂਰਿਸਟਾਂ ਨੂੰ ਕਿਰਾਏ 'ਤੇ ਦੇਣ ਲਈ ਮਿਲ ਜਾਂਦਾ ਹੈ। ਸਾਰੇ ਦੇਸ਼ ਵਿੱਚ ਆਮਦਨੀ ਅਨੁਸਾਰ ਲੋਕਾਂ ਕੋਲ ਛੋਟੇ ਜਾਂ ਵੱਡੇ ਘਰ ਹਨ। ਦੁਹਾਸਵੇਂ, ਤਿਹਾਸਵੇਂ ਤਾਂ ਸ਼ਹਿਰਾਂ ਵਿੱਚ ਵੀ ਘੱਟ ਹੀ ਵੇਖਣ ਨੂੰ ਮਿਲਦੇ ਹਨ। ਸਾਰੇ ਮੁਲਕ ਵਿੱਚ ਝੁੱਗੀ ਝੌਂਪੜੀ ਦਾ ਕਿਧਰੇ ਨਾਂ ਨਿਸ਼ਾਨ ਨਹੀਂ। ਪਿੰਡਾਂ, ਕਸਬਿਆਂ ਕੋਲੋਂ ਲੰਘਦਿਆਂ ਨਜ਼ਰ ਆਉਂਦਾ ਹੈ ਕਿ ਹਰ ਥਾਂ ਗਲੀਆਂ ਖੁੱਲ੍ਹੀਆਂ, ਪੱਕੀਆਂ ਤੇ ਸਾਫ ਸੁਥਰੀਆਂ ਹਨ। ਸਫਾਈ ਤੇ ਅਰੋਗਤਾ ਦਾ ਪ੍ਰਬੰਧ ਐਨਾ ਵਧੀਆ ਹੈ ਕਿ ਗਰਮੀ ਹੁੰਦਿਆਂ ਹੋਇਆਂ ਵੀ ਮੈਨੂੰ ਕੇਵਲ ਇੱਕ ਥਾਂ ਇੱਕ ਮੱਖੀ ਵੇਖਣ ਨੂੰ ਮਿਲੀ। ਨਿਊਯਾਰਕ, ਲੰਡਨ, ਟੋਰੰਟ ਤੇ ਵੈਨਕੂਵਰ ਵਿੱਚ ਮੈਂ ਬਹੁਤ ਥਾਈਂ ਗੰਦਗੀ ਦੇ ਢੇਰ ਵੇਖੇ ਹਨ। ਜਿੰਨ੍ਹਾਂ ਕੋਲੋਂ ਕਈ ਵਾਰ ਲੰਘਣਾ ਵੀ ਔਖਾ ਹੋ ਜਾਂਦਾ ਹੈ। ਕਿਊਬਾ ਦੀ ਰਾਜਧਾਨੀ ਹਵਾਨਾ, ਸਪੇਨਿਸ਼ ਹਕੂਮਤ ਦੇ ਸੰਨ 1519 ਵਿੱਚ ਦੇਸ਼ ਵਿੱਚ ਵਸਾਏ ਸੱਤ ਵੱਡੇ

ਸ਼ਹਿਰਾਂ ਵਿੱਚੋਂ ਪਹਿਲਾ ਸ਼ਹਿਰ ਹੈ, ਜਿਸ ਦੀ ਆਬਾਦੀ ਇਸ ਸਮੇਂ 30 ਲੱਖ ਦੇ ਕਰੀਬ ਹੈ। ਉਸ ਸਮੇਂ ਇਹ 22 ਲੱਖ ਸੀ ਜਿਸ ਵਿੱਚੋਂ 70 ਹਜ਼ਾਰ ਮਜ਼ਦੂਰ ਸੜਕਾਂ 'ਤੇ ਸੌਂਦੇ ਜਾਂ ਝੁੱਗੀਆਂ ਵਿੱਚ ਰਹਿੰਦੇ ਸਨ। ਸਰਕਾਰ ਨੇ ਇਨਕਲਾਬ ਤੋਂ ਛੇਤੀ ਹੀ ਪਿੱਛੋਂ ਇਨ੍ਹਾਂ ਲਈ ਸ਼ਹਿਰ ਤੋਂ ਬਾਹਰ 15-20 ਮੀਲ ਦੂਰ ਚਾਰ ਮੰਜ਼ਲੀਆਂ ਇਮਾਰਤਾਂ ਦੀਆਂ ਕਤਾਰਾਂ ਦੀਆਂ ਕਤਾਰਾਂ ਖੜ੍ਹੀਆਂ ਕਰ ਦਿੱਤੀਆਂ ਹਨ। ਜਿੱਥੇ ਬੱਚਿਆਂ ਦੀ ਵਿਦਿਆ ਲਈ ਡੇ-ਕੇਅਰ ਸੈਂਟਰ, ਸਕੂਲ ਅਤੇ ਸਾਰੀ ਵਸੋਂ ਲਈ ਡਾਕਟਰੀ ਸਹੂਲਤਾਂ ਉਪਲਬਧ ਹਨ। ਇੱਥੋਂ ਇਹ ਲੋਕ ਸਰਕਾਰੀ ਬੱਸਾਂ ਰਾਹੀਂ ਸ਼ਹਿਰ ਜਾਂਦੇ ਅਤੇ ਵਾਪਸ ਘਰੀਂ ਮੁੜਦੇ ਹਨ। ਸਾਰੇ ਸਰਕਾਰੀ ਵਾਹਨਾਂ ਦੇ ਕਿਰਾਏ ਕਾਫੀ ਸਸਤੇ ਹਨ। ਵੱਡੇ ਸ਼ਹਿਰਾਂ ਵਿੱਚ ਟੂਰਿਸਟਾਂ ਲਈ ਟੈਕਸੀਆਂ ਸਰਕਾਰੀ ਵੀ ਹਨ ਤੇ ਪ੍ਰਾਈਵੇਟ ਵੀ, ਜੋ ਸਰਕਾਰੀ ਲਾਇਸੈਂਸ ਲੈ ਕੇ ਚਲਦੀਆਂ ਹਨ। ਆਮ ਤੌਰ 'ਤੇ ਸਰਕਾਰੀ ਟੈਕਸੀਆਂ ਸਸਤੀਆਂ ਪੈਂਦੀਆਂ ਹਨ। ਕਿਉਂਕਿ ਉਨ੍ਹਾਂ ਦੇ ਰੇਟ ਨਿਸ਼ਚਿਤ ਹਨ। ਡਰਾਇਵਰ ਤੁਹਾਨੂੰ ਬਕਾਇਦਾ ਛਪੀ ਹੋਈ ਸਰਕਾਰੀ ਰਸੀਦ ਦਿੰਦਾ ਹੈ।

ਅਮਰੀਕਾ ਦੀ ਦਿਨੋਂ ਦਿਨ ਸਖਤ ਹੁੰਦੀ ਜਾ ਰਹੀ ਨਾਕਾਬੰਦੀ ਅਤੇ ਪੂਰਬੀ ਯੂਰਪ ਦੇ ਰੂਸ ਦੀਆਂ ਸਮਾਜਵਾਦੀ ਸਰਕਾਰਾਂ ਦੇ ਡਿੱਗਣ ਕਰਕੇ ਕਿਊਬਨ ਸਰਕਾਰ ਨੂੰ ਆਪਣੇ ਹਰ ਤਰ੍ਹਾਂ ਦੇ ਕਾਰੋਬਾਰ ਲਈ, ਇੱਥੋਂ ਤੱਕ ਕਿ ਕਣਕ ਦੀ ਪ੍ਰਾਪਤੀ ਲਈ ਵੀ ਬਾਹਰਲੇ ਦੇਸ਼ਾਂ ਨੂੰ ਅਮਰੀਕਨ ਡਾਲਰ ਹੀ ਦੇਣੇ ਪੈਂਦੇ ਹਨ ਅਤੇ ਬਰਾਮਦ ਕਰਨ ਲਈ ਉਨ੍ਹਾਂ ਕੋਲ ਕਾਫੀ, ਚੀਨੀ ਅਤੇ ਜਿਸਤ (ਨਿਕਲ) ਤੋਂ ਛੁੱਟ ਹੋਰ ਕੁਝ ਘੱਟ ਹੀ ਹੈ। ਪਿਛਲੇ ਕੁਝ ਸਾਲਾਂ ਵਿੱਚ ਹੀ ਸਰਕਾਰ ਨੇ ਡਾਲਰ ਕਮਾਉਣ ਲਈ ਟੂਰਿਸਟ ਟ੍ਰੇਡ ਨੂੰ ਬੜ੍ਹਾਵਾ ਦਿੱਤਾ ਹੈ। ਭਾਵੇਂ ਉਹ ਕਹਿੰਦੇ ਹਨ ਕਿ ਆਮਦਨੀ ਲਈ ਅਜਿਹੀ ਪਹੁੰਚ ਸਮਾਜਵਾਦੀ ਅਸੂਲਾਂ ਦੇ ਅਨੁਕੂਲ ਨਹੀਂ। ਸੋ ਲੋਕਾਂ ਦੀ ਸਹੂਲਤ ਲਈ ਸੁੱਖ ਸੁਵਿਧਾ ਦੀਆਂ ਵਸਤੂਆਂ ਲਈ ਸਰਕਾਰ ਕੋਲ ਡਾਲਰਾਂ ਦੀ ਕੋਈ ਗੁੰਜਾਇਸ਼ ਨਹੀਂ। ਵਧੀਆ ਤੋਂ ਵਧੀਆ ਘਰ, ਕਾਰ, ਸੋਫੇ, ਵੱਧ ਤੋਂ ਵੱਧ ਪੈਸਾ ਜਾਇਜ਼ ਜਾਂ ਨਜਾਇਜ਼ ਤਰੀਕੇ ਨਾਲ ਇਕੱਠਾ ਕਰਨ, ਦਿਨ ਰਾਤ ਇੱਕ ਦੂਜੇ ਤੋਂ ਅੱਗੇ ਵਧਣ ਦੀ ਹੋੜ ਤੇ ਧਨ ਇਕੱਤਰ ਕਰਨ ਦੀ ਲਾਲਸਾ ਸਰਮਾਏਦਾਰਾਨਾ ਪ੍ਰਵਿਰਤੀ ਹੈ। ਨਤੀਜੇ ਵਜੋਂ ਪੈਦਾ ਹੋਈ ਆਸ਼ਾਂਤੀ, ਬੇਸਬਰੀ, ਮਾਨਸਿਕ ਤਣਾਓ ਕਿਊਬਨ ਲੋਕਾਂ ਦੀ ਪ੍ਰਵਿਰਤੀ ਦੇ ਅੰਗ ਨਹੀਂ ਜਾਪਦੇ। ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਪੇਟ ਭਰ ਰੋਟੀ, ਤਨ ਢਕਣ ਲਈ ਲੋੜੀਂਦੇ ਬਸਤਰ, ਸਿਰ ਢਕਣ ਲਈ ਛੱਤ, ਸਿਹਤ ਸਫਾਈ, ਸੌ ਪ੍ਰਤੀਸ਼ਤ ਮੁਫਤ ਡਾਕਟਰੀ ਇਲਾਜ ਅਤੇ ਮੁਫਤ ਪੜ੍ਹਾਈ ਦੀਆਂ ਸਹੂਲਤਾਂ ਹਰ ਕਿਊਬਨ ਵਿਅਕਤੀ ਨੂੰ ਪ੍ਰਾਪਤ ਹਨ। ਬੁਢਾਪਾ ਪੈਨਸ਼ਨ, ਕੰਮ ਤੇ ਸੱਟ ਲੱਗਣ ਦੀ ਹਾਲਤ ਵਿੱਚ ਪੂਰਾ ਮੁਆਵਜ਼ਾ ਤੇ ਕਿਸੇ ਕਿੱਤੇ ਦੀ ਸਿਖਲਾਈ ਮੁਫ਼ਤ, ਬੇਰੁਜ਼ਗਾਰੀ ਭੱਤਾ, ਜਣੇਪੇ ਸਮੇਂ ਤਨਖਾਹ ਸਮੇਤ ਛੁੱਟੀ, ਸੀਨੀਅਰਜ਼ ਲਈ ਹੈਲਥ ਕਲੱਬਾਂ, ਹਰ ਕੋਆਪਰੇਟਿਵ ਫਾਰਮ ਦੇ ਨੇੜੇ ਪੜ੍ਹਾਈ ਤੇ ਸਿਹਤ ਦੀਆਂ ਸਾਰੀਆਂ ਸਹੂਲਤਾਂ ਉਪਲਬਧ ਹਨ। ਅਮਰੀਕਨ ਨਾਕਾਬੰਦੀ ਦੇ ਹੁੰਦਿਆਂ ਅਤੇ ਦੇਸ਼ 'ਚੋਂ ਬਰ-ਆਮਦ ਕਰਨ ਵਾਲਿਆਂ ਵਸਤਾਂ ਦੀ ਥੁੜ ਅਤੇ ਜੀਵਨ ਦੇ ਹਰ ਖੇਤਰ ਵਿੱਚ ਦਰ-ਆਮਦ ਦੀ ਲੋੜ ਦੇ ਹੁੰਦੇ ਹੋਇਆਂ ਵੀ ਸਿਹਤ ਤੇ ਵਿਦਿਆ ਦਾ ਪ੍ਰਬੰਧ ਪਹਿਲੇ ਦਰਜੇ ਦੇ ਦੇਸ਼ਾਂ ਤੋਂ ਵੀ ਚੰਗਾ ਹੈ। ਅਮਰੀਕਨ ਡਾਲਰ ਦੀ ਇੰਨੀ ਤੰਗੀ ਤੁਰਸ਼ੀ ਦੇ ਬਾਵਜੂਦ ਸਰਕਾਰ ਨੇ ਵਿਦਿਆ ਤੇ ਸਿਹਤ ਦੇ ਖਰਚਿਆਂ ਵਿੱਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ। ਸਰਕਾਰ ਦੀਆਂ ਹੋਰ ਸਾਰੀਆਂ ਸੰਸਥਾਵਾਂ ਸੰਕੋਚ ਨਾਲ ਕੰਮ ਕਰਦੀਆਂ ਹੋਈਆਂ 1991 ਤੋਂ ਪਹਿਲਾਂ ਦੇ ਅੰਕੜਿਆਂ ਦੇ ਮੁਕਾਬਲੇ 50% ਤੋਂ ਵੀ ਘੱਟ ਬਜਟ ਨਾਲ ਆਪਮਾ ਕੰਮ ਚਲਾ ਰਹੀਆਂ ਹਨ।



# ਸਮਾਜਵਾਦੀ ਕਿਊਬਾ ਵਿੱਚ ਧਰਮ ਦਾ ਚਿਹਰਾ-ਮੋਹਰਾ

*—ਗੁਰਮੀਤ ਸਿੰਘ ਟਿਵਾਣਾ*

ਅੱਜ ਈਸਾਈਅਤ ਭਿੰਨ ਭਿੰਨ ਪ੍ਰਕਾਰ ਦੇ ਸਿੱਧੇ ਜਾਂ ਅਸਿੱਧੇ ਹੱਥ ਕੰਡਿਆਂ ਰਾਹੀਂ ਸਾਰੀ ਦੁਨੀਆਂ ਨੂੰ ਗੁਲਾਮ ਬਣਾਈ ਬੈਠੀ ਹੈ। ਭਾਵੇਂ ਇਸਦੀ ਅਜੋਕੀ ਦਾਸਤਾਨ ਰੋਮਨ ਹਕੂਮਤ ਦੇ ਸਮੇਂ ਦੀ ਦਾਸਤਾਨ ਤੋਂ ਪ੍ਰਕਾਰਕ ਰੂਪ ਵਿੱਚ ਵੱਖਰੀ ਹੈ, ਪਰ ਉਨੀਂ ਹੀ ਮਾਰੂ ਅਤੇ ਘਾਤਕ ਹੈ। ਆਪਣੀਆਂ ਮੁਲਾਕਾਤਾਂ ਦੌਰਾਨ ਫਰੀਅ ਬੈਟੋ (Frei Betto) ਦੁਆਰਾ ਲਿਬਰੇਸ਼ਨ ਥਿਓਲੋਜੀ ਦੇ ਮਹੱਤਵ ਬਾਰੇ ਪੁੱਛੇ ਜਾਣ ਉੱਤੇ ਫਿਡੇਲ ਕਾਸਟਰੋ ਦਾ ਉੱਤਰ ਸੀ, "ਇਸ ਦਾ ਬੇਹੱਦ ਇਤਿਹਾਸਕ ਮਹੱਤਵ ਧਰਮਾਂ ਦੇ ਅਨੁਯਾਈਆਂ ਦੀ ਧਾਰਮਿਕਤਾ ਦੇ ਨਤੀਜੇ ਵਜੋਂ ਰਾਜਨੀਤਕ ਸੋਚ ਵਿੱਚ ਆਈ ਤਬਦੀਲੀ ਹੈ। ਇਹ ਅਜੋਕੇ ਨਾਸਤਕਾਂ ਤੇ ਪੁਰਾਤਨ ਸਮੇਂ ਦੇ ਆਸਤਕਾਂ ਦੀ ਇੱਕ ਮੁੜ ਹੋਈ ਮਿਲਣੀ ਹੈ-ਈਸਾ ਤੋਂ ਪਿੱਛੋਂ ਦਾ ਉਹ ਪੁਰਾਤਨ ਸਮਾਂ ਜੋ ਈਸਾਈਅਤ ਦੇ ਜਨਮ ਲੈਣ ਤੋਂ ਕੁੱਝ ਸਦੀਆਂ ਪਿੱਛੋਂ ਤਕ ਜਾਰੀ ਰਿਹਾ। ਮੈਂ ਲਿਬਰੇਸ਼ਨ ਥਿਓਲੋਜੀ ਬਾਰੇ ਇਹ ਕਹਿ ਸਕਦਾ ਹਾਂ ਕਿ ਈਸਾਈਅਤ ਮੁੜ ਆਪਣੀਆਂ ਬੁਨਿਆਦਾਂ ਵੱਲ ਪਰਤ ਰਹੀ ਹੈ। ਆਪਣੇ ਉਸ ਸਮੇਂ ਵੱਲ ਜੋ ਇਸ ਦਾ ਅਤਿਅੰਤ ਸੁੰਦਰ, ਆਕਰਸ਼ਿਕ, ਓਜੱਸਵੀ ਅਤੇ ਚਮਤਕਾਰੀ ਸਮਾਂ ਸੀ। ਇਸ ਦਾ ਆਗਮਨ ਇੰਨਾਂ ਮਹੱਤਵਪੂਰਨ ਹੈ ਕਿ ਇਸ ਦਾ ਸਾਰੇ ਲਾਤੀਨੀ ਅਮਰੀਕਨ ਦੇਸ਼ਾਂ ਦੇ ਪ੍ਰਗਤੀਵਾਦੀਆਂ ਦੁਆਰਾ ਨੋਟਿਸ ਲਿਆ ਜਾਣਾ ਜ਼ਰੂਰੀ ਹੈ, ਕਿਉਂਕਿ ਇਹ ਸਾਡੇ ਸਮੇਂ ਦੀ ਧਰਮ ਅੰਦਰ ਵਾਪਰੀ ਇੱਕ ਮਹਾਨ ਘਟਨਾ ਹੈ। ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਪਛਾਖੜ ਦੀਆਂ ਸਰਕਾਰਾਂ ਲਿਬਰੇਸ਼ਨ ਥਿਓਲੋਜੀ ਦੇ ਵਿਚਾਰਵਾਨਾਂ ਅਤੇ ਬੁਲਾਰਿਆਂ ਨੂੰ ਵਿਨਾਸ਼ਕਾਰੀ ਸਮਝਦੀਆਂ ਹੋਈਆਂ ਉਨ੍ਹਾਂ ਬਾਰੇ ਸਖਤ ਸਟੈਂਡ ਲਏ ਜਾਣ ਦੀ ਦੁਹਾਈ ਪਾ ਰਹੀਆਂ ਹਨ।" ਲਿਬਰੇਸ਼ਨ ਥਿਓਲੋਜੀ ਵਾਲਿਆਂ ਦੇ ਸਮਾਜ ਦੇ ਮਾਰਕਸਵਾਦੀ ਦ੍ਰਿਸ਼ੀ ਤੋਂ ਵਰਗ-ਵਿਸ਼ਲੇਸ਼ਣ ਕਰਨ ਦੀ ਰੀਤੀ ਦੀ ਹਾਮੀ ਭਰਦਾ ਹੋਇਆ ਉਹ ਕਹਿੰਦਾ ਹੈ "ਜਿਹੜੇ ਲੋਕ ਧਾਰਮਿਕ ਦ੍ਰਿਸ਼ਟੀ ਤੋਂ ਮਨੁੱਖਤਾ ਦੀ ਭੁੱਖ ਨੰਗ, ਕੰਗਾਲੀ ਤੇ ਸ਼ੋਸਣ ਨੂੰ ਖਤਮ ਕਰਨ ਵੱਲ ਪ੍ਰੇਰਿਤ ਹੋਏ, ਉਨ੍ਹਾਂ ਨੂੰ ਪ੍ਰਾਪਤ ਸਮਾਜਿਕ ਸਥਿਤੀ ਦਾ ਵਿਸ਼ਲੇਸ਼ਣ ਕਰਨ ਲਈ ਕਿਸੇ ਵਿਗਿਆਨਿਕ ਦ੍ਰਿਸ਼ੀਕੋਣ ਦੀ ਲੋੜ ਮਹਿਸੂਸ ਹੋਈ। ਮਾਰਕਸਵਾਦ ਚੂੰਕਿ ਸਮਾਜ-ਵਿਗਿਆਨ ਨੂੰ ਸਮਝਣ ਦੀ ਇੱਕ ਵਿਕਾਸਵਾਦੀ ਵਿਗਿਆਨਕ ਵਿਧੀ ਹੈ, ਇਸ ਲਈ ਸਮਾਜਿਕ ਸਥਿਤੀ ਦੇ ਵਿਸ਼ਲੇਸ਼ਣ ਲਈ, ਉਨ੍ਹਾਂ ਨੇ ਇਸ ਨੂੰ ਇੱਕ ਸੰਦ ਵਜੋਂ ਵਰਤਿਆ ਹੈ। ਉਨ੍ਹਾਂ ਨੇ ਮਾਰਕਸਵਾਦ ਦਾ ਪ੍ਰਯੋਗ ਧਾਰਮਿਕ-ਅਧਿਆਤਮਕ ਚਿੰਤਨ ਦੇ ਮਸਲੇ ਹੱਲ ਕਰਨ ਲਈ ਨਹੀਂ ਕੀਤਾ, ਉਨ੍ਹਾਂ ਇਸ ਦੀ ਵਰਤੋਂ ਆਰਥਿਕ ਸਮਾਜਕ ਅਤੇ ਰਾਜਸੀ ਵਿਹਾਰਕ ਤੱਥਾਂ ਨੂੰ ਸਮਝਣ ਹੇਤੂ ਕੀਤੀ ਹੈ। ਮਨੁੱਖੀ ਗਿਆਨ ਦੇ ਹਰ ਖੇਤਰ ਦੇ ਖੋਜੀਆਂ ਤੇ ਵਿਗਿਆਨੀਆਂ ਨੇ ਵਿਗਿਆਨਕ ਢੰਗ ਤਰੀਕੇ ਵਰਤਦਿਆਂ ਹੋਇਆਂ, ਕਿਸੇ ਨਾ ਕਿਸੇ ਰੂਪ ਵਿੱਚ ਮਾਰਕਸ ਦੇ ਸਮਾਜ ਦੇ ਵਿਗਿਆਨਕ ਵਿਸ਼ਲੇਸ਼ਣ ਦਾ ਸਹਾਰਾ ਲਿਆ ਹੈ। ਇਸ ਤਰ੍ਹਾਂ ਵਿਗਿਆਨਕ ਢੰਗ ਤਰੀਕੇ ਧਾਰਮਿਕ ਲੋਕਾਂ ਦੀ ਧਰਮ ਮਨੌਤ ਦੇ ਰਾਹ ਦਾ ਰੋੜ ਕਦੇ ਨਹੀਂ ਬਣੇ।"

ਪੁਸਤਕ 'ਫਿਡੇਲ ਅਤੇ ਰੀਲੀਜ਼ਨ' ਵਿੱਚ ਫਿਡੇਲ ਦੇ ਧਰਮ ਬਾਰੇ ਪ੍ਰਗਟ ਕੀਤੇ ਕੁੱਝ ਵਿਚਾਰਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ-

ਬੈਟੋ ਦੇ ਇਹ ਪੁੱਛੇ ਜਾਣ 'ਤੇ ਕਿ ਕਿਵੇਂ ਮਾਰਕਸ ਦਾ ਕਥਨ ਹੈ ਕਿ ਧਰਮ ਸਦਾ ਲੋਕਾਂ ਲਈ ਮਿੱਠੀ ਨੀਂਦ ਸੁਲਾ ਦੇਣ ਵਾਲੀ ਅਫ਼ੀਮ ਮਿਲੀ ਨਸ਼ੀਲੀ ਦਵਾ ਹੈ? ਫਿਡੇਲ ਨੇ ਉੱਤਰ ਦਿੱਤਾ, "ਮੇਰਾ ਵਿਸ਼ਵਾਸ ਹੈ ਕਿ ਰਾਜਨੀਤਕ ਦ੍ਰਿਸ਼ਟੀ ਤੋਂ ਮੈਂ ਸਮਝਦਾ ਹਾਂ ਕਿ ਮੈਨੂੰ ਰਾਜਨੀਤੀ ਦਾ ਕੁੱਝ ਬਹੁ ਹੈ-ਧਰਮ ਆਪਣੇ

ਆਪ ਵਿੱਚ ਅਫੀਮ ਦਾ ਮਾਵਾ ਨਹੀਂ ਨਾ ਹੀ ਇਹ ਕੋਈ ਚਮਤਕਾਰੀ ਦਵਾ ਹੈ, ਇਹ ਅਫੀਮ ਦਾ ਮਾਵਾ ਵੀ ਸਿੱਧ ਹੋ ਸਕਦਾ ਹੈ ਅਤੇ ਰੋਗ ਨਿਵਾਰਨ ਦੀ ਹੈਰਾਨੀਜਨਕ ਦਵਾਈ ਵੀ। ਦੇਖਣਾ ਇਹ ਹੈ ਕਿ ਕੀ ਇਸ ਦੀ ਵਰਤੋਂ ਜਾਬਰਾਂ ਅਤੇ ਸ਼ੋਸ਼ਕਾਂ ਦੀ ਰੱਖਿਆ ਲਈ ਕੀਤੀ ਜਾ ਰਹੀ ਹੈ ਜਾਂ ਦੱਬੇ ਕੁਚਲੇ ਤੇ ਸ਼ੋਸ਼ਿਤ ਵਰਗ ਦੀ ਰੱਖਿਆ ਲਈ? ਧਰਮ ਦਾ ਰੋਲ ਮਨੁੱਖ ਮਾਤਰ ਦੀ ਰਾਜਨੀਤਕ ਸਮਾਜਕ ਅਤੇ ਆਰਥਿਕ ਮਸਲਿਆਂ ਸੰਬੰਧੀ ਅਪਣਾਈ ਗਈ ਪਹੁੰਚ ਉੱਤੇ ਨਿਰਭਰ ਕਰਦਾ ਹੈ ਜੋ ਇਸ ਧਰਤੀ 'ਤੇ ਪੈਦਾ ਹੋਏ ਅਤੇ ਜਿਨ੍ਹਾਂ ਨੂੰ ਜਿਊਣ ਦਾ ਪੂਰਾ ਹੱਕ ਹੈ, ਭਾਵੇਂ ਅਜਿਹੇ ਧਰਮੀਂ ਕਿਸੇ ਵੀ ਧਰਮ ਮਨੌਤ ਜਾਂ ਧਾਰਮਿਕ ਵਿਸ਼ਵਾਸ ਦੇ ਅਨੁਯਾਈ ਕਿਉਂ ਨਾ ਹੋਣ। ਆਪਣੇ ਧਰਮ ਉੱਤੇ ਟੇਕ ਰੱਖਦਿਆਂ ਹੋਇਆਂ ਕਿਸੇ ਧਰਮ ਦੇ ਵਿਸ਼ਵਾਸੀ ਲੋਕ ਵੀ ਇਨਕਲਾਬੀ ਸਟੈਂਡ ਲੈ ਸਕਦੇ ਹਨ। ਉਨ੍ਹਾਂ ਦੇ ਧਾਰਮਿਕ ਹੁੰਦਿਆਂ ਹੋਇਆਂ ਇਨਕਲਾਬੀ ਹੋਣ ਵਿੱਚ ਕੋਈ ਪਰਸਪਰ ਵਿਰੋਧ ਨਹੀਂ। ਜਿੱਥੋਂ ਤੱਕ ਮੇਰਾ ਵਿਚਾਰ ਹੈ ਮਾਰਕਸ ਦਾ ਇਹ ਵਾਕੰਸ਼ ਕਿ 'ਧਰਮ ਲੋਕਾਂ ਲਈ ਅਫੀਮ ਵਰਗੀ ਨਸ਼ੀਲੀ ਦਵਾ ਹੈ' ਕੋਈ ਰੂੜ੍ਹੀਬੱਧ ਸਿਧਾਂਤ ਜਾਂ ਸਦੀਵੀ ਸੱਚਾਈ ਨਹੀਂ ਹੈ। ਜੇ ਦ੍ਰਿੜ੍ਹ ਰਾਜਨੀਤੀ ਦੀ ਦ੍ਰਿਸ਼ਟੀ ਤੋਂ ਦੇਕਿਆ ਜਾਵੇ ਤਾਂ ਮੇਰਾ ਵਿਸ਼ਵਾਸ ਹੈ ਕਿ ਈਸਾਈਆਂ ਲਈ ਨਾਲ ਦੀ ਨਾਲ ਮਾਰਕਸਵਾਦੀ ਹੋਣਾ ਅਤੇ ਮਾਰਕਸੀ ਕਮਿਊਨਿਸਟਾਂ ਨਾਲ ਇਕੱਠੇ ਮਿਲ ਕੇ ਇਸ ਦੁਨੀਆਂ ਨੂੰ ਬਦਲ ਦੇਣ ਦਾ ਕਾਰਜ ਕਰਨਾ ਸੰਭਵ ਹੈ। ਦੋਨਾਂ ਹਾਲਤਾਂ ਵਿੱਚ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਸੱਚੇ ਸੁੱਚੇ ਇਨਕਲਾਬੀ ਹੋਣ, ਜੋ ਮਨੁੱਖ ਹੱਥੋਂ ਮਨੁੱਖ ਦੇ ਸ਼ੋਸ਼ਣ ਨੂੰ ਖਤਮ ਕਰਨ ਲਈ ਵਚਨਬੱਧ ਹੋਣ ਅਤੇ ਉਹ ਸਮਾਜਕ ਧੰਨ-ਸੰਪਤੀ ਦੇ ਉਚਿਤ ਵਟਵਾਰੇ, ਬਰਾਬਰੀ, ਭ੍ਰਾਤੀਅਤਾ ਅਤੇ ਸਾਰੇ ਮਨੁੱਖਾਂ ਦੇ ਆਤਮ ਸਨਮਾਨ ਦੀ ਰਾਖੀ ਲਈ ਜਦੋ-ਜਹਿਦ ਕਰ ਰਹੇ ਹੋਣ। ਜਿਸ ਦਾ ਅਰਥ ਹੈ ਕਿ ਉਹ ਬਹੁਤ ਉੱਨਤ ਰਾਜਸੀ, ਸਮਾਜਕ ਅਤੇ ਆਰਥਿਕ ਵਿਚਾਰਾਂ ਦੇ ਝੰਡਾ ਬਰਦਾਰ ਹੋਣ, ਭਾਵੇਂ ਉਨ੍ਹਾਂ ਵਿੱਚੋਂ ਕਈਆਂ ਦੇ ਈਸਾਈ ਹੋਣ ਨਾਤੇ ਉਨ੍ਹਾਂ ਦਾ ਆਰੰਭਕ ਬਿੰਦੂ, ਉਨ੍ਹਾਂ ਦਾ ਧਾਰਮਿਕ ਸੰਕਲਪ ਹੋ ਸਕਦਾ ਹੈ।

ਫਰੀਮ ਬੈਟੋ ਦੀ ਉਪਰੋਕਤ ਪੁਸਤਕ 'ਫਿਡੇਲ ਐਂਡ ਰੀਲੀਜਨ' ਦਾ ਮੁੱਖ ਬੰਦ ਲਿਖਦਾ ਹੋਇਆ ਲਾਤੀਨੀ ਅਮਰੀਕਾ ਦਾ ਪ੍ਰਸਿੱਧ ਲਿਬਰੇਸ਼ਨ ਥਿਓਲੋਜੀਅਨ ਪਾਦਰੀ ਹਾਰਵੇ ਕੌਕਸ (Harvey Cox) ਫਿਡੇਲ ਦੀ ਧਰਮ ਬਾਰੇ ਅਜਿਹੀ ਦ੍ਰਿਸ਼ਟੀ ਨੂੰ ਦੇਖਦਿਆਂ ਹੋਇਆਂ ਉਸ ਨੂੰ ਮਾਰਕਸਿਸਟ ਮੰਨਦਾ ਹੈ ਪ੍ਰੰਤੂ ਲੈਨਿਨਿਸਟ ਨਹੀਂ. ਉਸ ਦਾ ਕਹਿਣਾ ਹੈ ਕਿ 'ਉਹ ਮਾਰਕਸ ਨਹੀਂ ਸਗੋਂ ਲੈਨਿਨ ਸੀ ਜਿਸ ਨੇ ਨਾਸਤਿਕਤਾ ਨੂੰ ਇੱਕ ਪ੍ਰਾਬੋਧਿਕ ਸਿਧਾਂਤ ਵਜੋਂ ਪੇਸ਼ ਕੀਤਾ ਕਿ ਨਾ ਕਿ ਇੱਕ ਰਾਜਨੀਤਕ ਮਸਲੇ ਵਜੋਂ।

"It was Lenin and not Marx him-self who made Atheism into a metaphysical tenet rather than a political issue."

'Fidel and Religion-page 19'.

ਫਿਡੇਲ ਦੇ ਆਪਣੇ ਕਥਨ ਅਨੁਸਾਰ "ਜਦੋਂ ਮਾਰਕਸ ਨੇ ਕਾਮਿਆਂ ਦੀ ਅੰਤਰਰਾਸ਼ਟਰੀ ਸਭਾ ਕਾਇਮ ਕੀਤੀ ਸੀ ਤਾਂ ਫਸਟ ਇੰਟਰਨੈਸ਼ਨਲ ਵਿੱਚ ਸ਼ਾਮਲ ਹੋਣ ਵਾਲੇ ਕਈ ਈਸਾਈ ਵੀ ਸਨ। ਪੈਰਿਸ ਕਮਿਊਨ ਵਿੱਚ ਲੜਦਿਆਂ ਹੋਇਆਂ ਮਰਨ ਵਾਲਿਆਂ ਵਿੱਚੋਂ ਬਹੁਤੀ ਗਿਣਤੀ ਈਸਾਈਆਂ ਦੀ ਸੀ। ਮਾਰਕਸ ਸਮਾਜਕ ਇਨਕਲਾਬ ਨੂੰ ਅੱਗੇ ਖੜ੍ਹਨ ਦੇ ਇਤਿਹਾਸਕ ਕਾਰਜ ਤੋਂ ਈਸਾਈਆਂ ਨੂੰ ਬਾਹਰ ਰੱਖਣ ਬਾਰੇ ਕਿਧਰੇ ਕੌਮੀ ਗੱਲ ਨਹੀਂ ਕਰਦਾ।

ਸ੍ਰ. ਜਗਜੀਤ ਸਿੰਘ ਤਰਨਤਾਰਨੀ ਦੀ ਪੁਸਤਕ 'ਸਿੱਖ ਇਨਕਲਾਬ' ਇਸੇ ਸੰਦਰਭ ਵਿੱਚ ਪੜ੍ਹੀ ਵਿਚਾਰੀ ਜਾਣ ਵਾਲੀ ਪੁਸਤਕ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਇਨਕਲਾਬੀ ਸੁਰ ਦੁਨੀਆਂ ਦੇ ਹੋਰ ਕਿਸੇ ਧਰਮ ਦੀ ਇਨਕਲਾਬੀ ਸੁਰ ਤੋਂ ਕਿਤੇ ਉੱਚੀ ਹੈ, ਭਾਵੇਂ ਯਹੂਦੀ ਧਰਮ ਵੀ ਸਿੱਖ ਧਰਮ ਵਾਂਗ ਇਨਕਲਾਬੀ ਧਰਮ ਗਿਣਿਆ ਜਾਂਦਾ ਹੈ। ਰੋਮਨ ਬਾਦਸ਼ਾਹਤ ਦਾ ਸਮਾਂ ਇਸ ਦੀ ਘੋਰ ਰਸਾਤਲ ਦਾ



ਸਮਾਂ ਸੀ, ਜਦੋਂ ਈਸਾਈਅਤ ਨੇ ਜਨਮ ਲਿਆ ਤੇ ਲੱਗਭਗ ਉਵੇਂ ਹੀ ਜਿਵੇਂ ਬ੍ਰਾਹਮਣਵਾਦ 'ਚੋਂ ਸਿੱਖੀ ਦਾ ਉੱਥਾਨ ਹੋਇਆ। ਅਤਿਅੰਤ ਖੇਦ ਦੀ ਗੱਲ ਹੈ ਕਿ ਅੱਜ ਸਿੱਖ ਧਰਮ ਵੀ ਜਿਸ ਤੇਜ਼ੀ ਨਾਲ ਉਭਰਿਆ ਸੀ ਉਸੇ ਤੇਜ਼ੀ ਨਾਲ ਯਹੂਦੀ ਧਰਮ ਦੀ ਉਸ ਅਵਸਥਾ ਨੂੰ ਪ੍ਰਾਪਤ ਹੋ ਰਿਹਾ ਹੈ, ਜਿਸ ਅਵਸਥਾ ਨੂੰ ਯਸੂ ਮਸੀਹ ਦੇ ਸਮੇਂ ਯਹੂਦੀ ਧਰਮ ਪਹੁੰਚ ਚੁੱਕਾ ਸੀ, ਜਾਂ ਜੋ ਸਥਿਤੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੇ ਸਮੇਂ ਹਿੰਦੂ ਧਰਮ ਜਾਂ ਬ੍ਰਾਹਮਣਵਾਦ ਦੀ ਸੀ। ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਇਨਕਲਾਬੀ ਬੋਲਾਂ 'ਜੇ ਰੱਤ ਲੱਗੇ ਕੱਪੜੇ ਜਾਮਾ ਹੋਇ ਪਲੀਤ, ਜੋ ਰੱਤ ਪੀਵਹਿ ਮਾਨਸਾ ਤਿੰਨ ਕਿਉਂ ਨਿਰਮਲ ਚੀਤ' ਜਾਂ 'ਪਾਪਾ ਬਾਝੋਂ ਹੋਵੈ ਨਾਂਹਿ, ਮੋਇਆਂ ਸੰਗ ਨਾ ਜਾਇ' ਦਾ ਮੁਕਾਬਲਾ ਦੁਨੀਆਂ ਦੇ ਕਿਸੇ ਧਰਮ ਦੀ ਸਿੱਖਿਆ ਨਹੀਂ ਕਰਦੀ। ਬੜੇ ਕਮਾਲ ਦੀ ਹੈਰਾਨੀ ਭਲੀ ਗੱਲ ਹੈ ਕਿ ਅਸੀਂ ਗੁਰਬਾਣੀ ਨੂੰ ਇੱਕ ਪ੍ਰਾਲੋਕਿਕ, ਪ੍ਰਾਬੋਧਿਕ ਅਤੇ ਪ੍ਰਾਸਰੀਰਕ ਵਸਤੂ ਸਮਝਦਿਆਂ ਹੋਇਆਂ ਇਸ ਨੂੰ ਇੱਕ ਮੰਤਰ ਬਣਾ ਧਰਿਆ ਹੈ। ਗੁਰੂ ਦੇ 'ਬਾਬਰ ਬਾਣੀ' ਦੇ ਸ਼ਬਦਾਂ ਨੂੰ ਵੀ ਅਸੀਂ ਮੰਤਰ ਮੁਗਧ ਹੋਏ ਤੋਤਾ-ਰਟਣੀ ਕਰਦਿਆਂ, ਬਿਨਾਂ ਸੋਚਿਆਂ ਸਮਝਿਆ ਪੜ੍ਹੀ ਜਾਂਦੇ ਹਾਂ। ਕੀ ਅਸੀਂ ਇਹ ਨਹੀਂ ਸਮਝਦੇ ਕਿ ਗੁਰੂ ਨਾਨਕ ਨੇ ਇੱਕ ਧਾਰਮਿਕ ਆਗੂ ਹੋਣ ਦੇ ਨਾਲ ਨਾਲ ਬਾਬਰ ਦੇ ਹਮਲੇ ਨੂੰ ਲਲਕਾਰਦਿਆਂ ਆਪਣੇ ਆਪ ਨੂੰ ਲੋਕਾਂ ਦਾ ਇੱਕ ਰਾਜਸੀ ਆਗੂ ਹੋਣ ਦਾ ਸਬੂਤ ਦਿੱਤਾ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਬਾਬਰ ਦੀ ਕੈਦ ਵੀ ਕੱਟੀ। ਨਾ ਸਿਰਫ ਇਹੀ ਸਗੋਂ ਅਜਿਹੀ ਬੇਇਨਸਾਫੀ ਲਈ ਉਨ੍ਹਾਂ ਰੱਬ ਨੂੰ ਵੀ ਮਿਹਣਾ ਮਾਰਿਆ 'ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ', ਕੀ ਧਾਰਮਿਕਤਾ ਲੋਕਾਈ ਦੇ ਦੁੱਖਾਂ ਸੁੱਖਾਂ ਤੋਂ ਉਪਰ ਆਸਮਾਨਾਂ ਵਿੱਚ ਵਿਚਰਦੀ ਕੋਈ ਸ਼ੈਅ ਹੈ? ਅਮਰੀਕਾ ਦਾ ਸੁਪ੍ਰਸਿੱਧ ਸਮਾਜ-ਮਨੋਵਿਗਿਆਨੀ ਐਰਿਕ ਫਰੌਮ ਆਪਣੀ ਪੁਸਤਕ 'You Shll Be As Gods' ਵਿੱਚ ਪੰਨਾ 94 ਉੱਤੇ ਇਉਂ ਲਿਖਦਾ ਹੈ 'ਹਰ ਪੈਗੰਬਰ ਸਚਾਈ ਦਾ ਪ੍ਰਗਟਾਉਣਹਾਰਾ ਹੁੰਦਾ ਹੈ' ਇਵੇਂ ਹੀ (ਈਸਾ ਵਾਂਗ) ਲਓ ਤ-ਸੇ ਅਤੇ ਮਹਾਤਮਾ ਬੁੱਧ ਸਨ। ਪਰ ਨਾਲ ਹੀ ਨਾਲ ਉਹ ਲੋਕਾਂ ਦਾ ਰਾਜਸੀ ਆਗੂ ਵੀ ਹੁੰਦਾ ਹੈ, ਜੋ ਸਮਾਜਿਕ ਇਨਸਾਫ ਖਾਤਰ ਰਾਜਸੀ ਕਰਮ ਲਈ ਪੂਰਨ ਰੂਪ ਸੁਚੇਤ ਹੁੰਦਾ ਹੈ। ਉਸ ਦਾ ਕਾਰਜ ਖੇਤਰ ਕੇਵਲ ਅਧਿਆਤਮਕ ਹੀ ਨਹੀਂ, ਸਗੋਂ ਉਸ ਦੀ ਅਧਿਆਤਮਿਕਤਾ ਸਦਾ ਰਾਜਸੀ ਅਤੇ ਸਮਾਜਿਕ ਪਾਸਾਰਾਂ ਰਾਹੀਂ ਹੀ ਕ੍ਰਿਆਨਵਿਤ ਹੁੰਦੀ ਹੈ, ਕਿਉਂਕਿ ਪ੍ਰਮਾਤਮਾ ਦਾ ਜ਼ਹੂਰ ਇਤਿਹਾਸ ਅੰਦਰ ਹੁੰਦਾ ਹੈ, ਪੈਗੰਬਰ ਇੱਕ ਰਾਜਸੀ ਆਗੂ ਹੋਏ ਬਿਨਾਂ ਰਹਿ ਹੀ ਨਹੀਂ ਸਕਦਾ। ਜਿੰਨਾ ਚਿਰ ਮਨੁੱਖ ਆਪਣੇ ਰਾਜਸੀ ਆਗੂ ਹੋਏ ਬਿਨਾਂ ਰਹਿ ਹੀ ਨਹੀਂ ਸਕਦਾ। ਜਿੰਨਾ ਚਿਰ ਮਨੁੱਖ ਆਪਣੇ ਰਾਜਸੀ ਕਰਮ ਖੇਤਰ ਵਿੱਚ ਗਲਤ ਰਾਹ ਤੁਰਦਾ ਹੈ, ਉਹ ਉਸ ਨਾਲ ਮੱਤ-ਭੇਦ ਰੱਖਦਾ ਹੋਇਆ ਇਨਕਲਾਬੀ ਹੋਏ ਬਗੈਰ ਨਹੀਂ ਰਹਿ ਸਕਦਾ।'

ਜ਼ਾਹਰ ਹੈ ਕਿ ਇਸ ਬਾਰੇ ਵਰਣਨ ਵਿੱਚ ਲੇਖਕ ਦੇ ਮਨ ਵਿੱਚ ਹਜ਼ਰਤ ਈਸਾ ਦੇ ਇੱਕ ਇਨਕਲਾਬੀ ਹੋਣ ਦੀ ਤਸਵੀਰ ਹੈ-ਫਿਡੇਲ ਕਾਸਟਰੋ ਵੀ ਈਸਾ ਨੂੰ 'ਇਨਕਲਾਬੀ' ਕਹਿੰਦਾ ਹੈ। ਕੀ ਇਹੀ ਗੱਲ ਗੁਰੂ ਨਾਨਕ ਦੀ ਮਸੀਹਾਈ 'ਤੇ ਸ਼ਤ ਪ੍ਰਤੀਸ਼ਤ ਨਹੀਂ ਢੁੱਕਦੀ। ਮੇਰੀ ਈਮਾਨਦਰਾਨਾ ਰਾਏ ਹੈ ਕਿ ਇਸ ਸੰਬੰਧ ਵਿੱਚ ਵਧੇਰੇ ਜਾਣਨ ਲਈ ਸਮਾਜਵਾਦੀਆਂ ਤੇ ਸੱਚੇ ਸੁੱਚੇ ਧਾਰਮਿਕ ਵਿਅਕਤੀਆਂ ਨੂੰ ਵੀ ਪ੍ਰੋ. ਕਿਸ਼ਨ ਸਿੰਘ ਦੀ ਪੁਸਤਕ 'ਸੱਚ ਪੁਰਣਾ ਨਾ ਥੀਐ' ਦਾ ਅਧਿਐਨ ਜ਼ਰੂਰ ਕਰਨਾ ਚਾਹੀਦਾ ਹੈ। ਅਜਿਹਾ ਰੁਝਾਨ ਜ਼ਾਤੀ ਅਤੇ ਸਮਾਜੀ ਹਿੱਤਾਂ, ਦੋਹਾਂ ਲਈ ਘਾਤਕ ਹੈ।

ਕਿਊਬਾ ਵਿੱਚ ਧਰਮ ਮਨੌਤ ਦਾ ਮਸਲਾ ਜਿੱਥੇ ਇੱਕ ਪਾਸੇ ਫਿਡੇਲ ਕਾਸਟਰੋ ਦੇ ਜੈਸੂਇਟ ਸਕੂਲਾਂ ਵਿੱਚ ਪੜ੍ਹਦਿਆਂ ਹੋਇਆਂ ਮੁੱਢਲੀ ਈਸਾਈਅਤ ਦੇ ਇਨਕਲਾਬੀ ਗੁਣ ਗ੍ਰਹਿ ਕਰਨ ਨਾਲ ਸੰਬੰਧ ਰੱਖਦਾ ਹੈ, ਉਥੇ 1968 ਵਿੱਚ ਕੋਲੰਬੀਆਂ ਦੇ ਸ਼ਹਿਰ ਮੈਡਲਿਨ ਵਿੱਚ ਹੋਈ ਲਾਤੀਨੀ ਅਮਰੀਕਨ ਦੇਸ਼ਾਂ ਦੇ ਪਾਦਰੀਆਂ ਦੀ ਇਤਿਹਾਸਕ ਕਾਨਫਰੰਸ ਨਾਲ ਗੂੜ੍ਹੇ ਰੂਪ ਵਿੱਚ ਜੁੜਿਆ ਹੋਇਆ ਹੈ। ਇਸ ਕਾਨਫਰੰਸ ਵਿੱਚ ਪਾਸ ਹੋਏ ਮਤਿਆਂ ਨੂੰ ਲਾਗੂ ਕਰਦਿਆਂ, ਸੈਂਕੜੇ ਕੈਥੋਲਿਕ ਧਾਰਮਿਕ ਕਾਮੇ, ਪਾਦਰੀ,

ਈਸਾਈ ਸੰਤਨੀਆਂ (ਨਨਜ਼) ਅਤੇ ਸਥਾਨਕ 'ਧਾਰਮਿਕ ਲੋਕਾਂ ਨੇ ਆਪਣਾ ਧਾਰਮਿਕ ਕਾਰਜ ਖੇਤਰ ਸ਼ਹਿਰਾਂ ਨੂੰ ਛੱਡ ਕੇ ਗਰੀਬਾਂ ਦੀਆਂ ਝੁੱਗੀਆਂ, ਕਾਲੇ ਲੋਕਾਂ ਦੀ ਵਸੋਂ ਦੀਆਂ ਛੱਪਰੀਆਂ (ਗੈਟੋਜ਼) ਵਿੱਚ ਜਾ ਬਣਾਇਆ ਸੀ। ਕਈ ਧਾਰਮਿਕ ਸੰਪਰਦਾਵਾਂ ਨੇ ਅਮੀਰ ਇਲਾਕਿਆਂ ਵਿੱਚੋਂ ਆਪਣੇ ਸਕੂਲ ਅਤੇ ਹਸਪਤਾਲ ਬੰਦ ਕਰਕੇ ਛੱਪਰੀ-ਵਾਸ ਪਿੰਡਾਂ ਤੇ ਕਸਬਿਆਂ ਵਿੱਚ ਜਾ ਖੋਲ੍ਹੇ ਸਨ। ਜਦੋਂ ਈਸਾ ਦੀਆਂ ਹਦਾਇਤਾਂ 'ਤੇ ਫੁੱਲ ਚੜ੍ਹਾਦਿਆਂ, ਧਰਮ ਦੇ ਇਨਵਾਂ ਸੱਚੇ ਅਨੁਯਾਈਆਂ ਨੇ ਗਰੀਬਾਂ ਅਤੇ ਨਿਤਾਣਿਆਂ ਦੀਆਂ ਔਕੜਾਂ ਸਮੇਂ ਉਨ੍ਹਾਂ ਦਾ ਪੱਖ ਪੂਰਨਾ ਅਤੇ ਕ੍ਰਿਆਤਮਿਕ ਰੂਪ ਵਿੱਚ ਉਨ੍ਹਾਂ ਦਾ ਸਾਥ ਦੇਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਦੇਸ਼ਾਂ ਵਿੱਚ ਅਮਰੀਕੀ ਸਰਕਾਰ ਦੇ ਇਸ਼ਾਰਿਆਂ 'ਤੇ ਰਾਜ ਕਰਦੀਆਂ ਤਾਨਾਸ਼ਾਹ ਤੇ ਪਿੱਛਾ-ਖਿੱਚੂ ਸਰਕਾਰਾਂ ਨੇ ਅਜਿਹੇ ਧਾਰਮਿਕ ਆਗੂਆਂ ਨੂੰ ਖਤਮ ਕਰਨ ਲਈ ਡੈਥ ਸਕੁਐਡਜ਼ ਜਥੇਬੰਦ (Death Squads) ਕੀਤੇ, ਜਿੰਨਾਂ ਨੇ ਇਨ੍ਹਾਂ ਲੋਕ ਪੱਖੀ ਧਾਰਮਿਕ ਵਿਅਕਤੀਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣਾ ਆਰੰਭ ਕੀਤਾ। ਐਲ ਸੈਲਵਾਡੋਰ ਵਿੱਚ ਰੇਪ ਕਰਕੇ ਕਤਲ ਕੀਤੀਆਂ ਗਈਆਂ ਚਾਰ ਨਨਜ਼ ਵੀ, ਇਨ੍ਹਾਂ ਧਾਰਮਿਕ ਸੇਵਾ ਕਰਨ ਵਾਲਿਆਂ ਵਿੱਚੋਂ ਸਨ। ਉਸ ਸੰਦਰਭ ਵਿੱਚ ਈਸਾਈਅਤ ਬਾਰੇ ਕਿਹਾ ਜਾ ਸਕਦਾ ਸੀ ਕਿ 'ਸ਼ਹੀਦਾਂ ਦਾ ਖ਼ੂਨ ਚਰਚ ਦਾ ਬੀਜ' ਹੁੰਦਾ ਹੈ। ਈਸਾਈਅਤ ਦੇ ਉਥਾਨ ਦੇ ਸਮੇਂ ਦੀ ਇਹੋ ਕਹਾਵਤ ਲਾਤੀਨੀ ਅਮਰੀਕਨ ਦੇਸ਼ਾਂ ਵਿੱਚ ਹੁਣ ਦੁਹਰਾਈ ਜਾ ਰਹੀ ਸੀ। ਇੱਥੋਂ ਹੀ ਇਨ੍ਹਾਂ ਦੇਸ਼ਾਂ ਵਿੱਚ 'ਕ੍ਰਿਸ਼ਚੀਅਨ-ਬੇਸ ਕਮਿਊਨਿਟੀਜ਼' ਲੋਕਾਂ ਵਿੱਚ ਕੰਮ ਕਰਨ ਲਈ ਜਥੇਬੰਦਕ ਰੂਪ ਧਾਰਨ ਕਰਦਿਆਂ ਹਨ ਅਤੇ ਕਾਲਜਾਂ ਯੂਨੀਵਰਸਿਟੀਆਂ ਵਿੱਚ ਕੰਮ ਕਰਦੇ ਮੱਧ ਵਰਗ ਦੇ ਸੱਚੇ ਸੁੱਚੇ ਧਾਰਮਿਕ ਬੁੱਧੀ-ਜੀਵੀਆਂ (ਥੀਓਲੋਜੀਅਨਜ਼) ਦੀਆਂ ਕ੍ਰਿਤਾਂ ਰਾਹੀਂ ਲਿਬਰੇਸ਼ਨ ਥੀਓਲੋਜੀ ਦੀ ਵਿਚਾਰਧਾਰਾ ਦਾ ਮੁੱਢ ਬੱਝਦਾ ਹੈ। ਫਿਡੇਲ ਕਾਸਟਰੋ ਦੇ ਦੱਸਣ ਅਨੁਸਾਰ ਭਾਵੇਂ ਉਸ ਨੇ ਆਪਣੇ ਜੈਸੂਇਟ ਅਧਿਆਪਕਾਂ ਦੀ ਸਿੱਖਿਆ ਦੁਆਰਾ ਕੁਰਬਾਨੀ ਦੀ ਭਾਵਨਾ, ਈਮਾਨਦਾਰੀ, ਸਖਤ ਮਿਹਨਤ, ਲਾਲਚ ਦਾ ਤਿਆਗ, ਆਪਾ-ਵਾਰੂ ਗੁਣ, ਆਤਮ-ਤਿਆਗ, ਖਤਰੇ ਮੁੱਲ ਲੈਣ ਦਾ ਸਾਹਸ ਅਤੇ ਸਖ਼ਤ ਤੇ ਦ੍ਰਿੜ੍ਹ ਸਦਾਚਾਰ ਹੀ ਸਿੱਖਿਆ ਗ੍ਰਹਿਣ ਕੀਤੀ, ਪਰ ਰਾਜਨੀਤਕ ਦ੍ਰਿਸ਼ਟੀ ਤੋਂ ਮਨ ਹੀ ਮਨ ਅੰਦਰ ਉਹ ਉਨ੍ਹਾਂ ਨਾਲ ਸਹਿਮਤ ਨਾ ਹੋ ਸਕਿਆ। ਰਾਜਨੀਤਕ ਦ੍ਰਿਸ਼ਟੀ ਤੋਂ ਸਾਰੇ ਹੀ ਸੱਜੇ ਪੱਖੀ, ਪਿਛਾਖੜ ਦੇ ਸਾਥੀ ਅਤੇ ਸਪੇਨ ਦੇ ਡਿਕਟੇਟਰ ਫਰੈਂਕੋ ਦੇ ਹਾਮੀਂ ਸਨ। ਫਿਡੇਲ ਨੇ ਉਨ੍ਹਾਂ ਤੋਂ ਉਨ੍ਹਾਂ ਦੇ ਕੰਮ ਕਰਨ ਦੀ ਵਿਧੀ ਗ੍ਰਹਿਣ ਕੀਤੀ ਪਰ ਉਹ ਕਦੇ ਵੀ ਧਾਰਮਿਕ ਜਾਂ ਆਸਤਿਕ ਨਾ ਬਣ ਸਕਿਆ। ਪ੍ਰੰਤੂ ਈਸਾ ਦੇ ਪ੍ਰਚਾਰੇ ਅਸੂਲਾਂ ਨਾਲ ਉਹ ਅੱਜ ਵੀ ਸਹਿਮਤ ਹੈ। ਲਿਬਰੇਸ਼ਨ ਥੀਓਲੋਜੀ ਦੀ ਵਿਚਾਰਧਾਰਾ ਨੂੰ ਪੜ੍ਹ ਸਮਝ ਕੇ ਉਹ ਈਸਾ ਨੂੰ ਇੱਕ ਇਨਕਲਾਬੀ ਆਗੂ ਕਰਾਰ ਦਿੰਦਾ ਹੈ। ਉਹ ਦਾਸਾਂ ਦੀ ਬੰਦ-ਖਲਾਸ ਲਈ ਉਠੇ ਇਸ ਧਰਮ ਦੀ ਬੁਨਿਆਦੀ ਸਿੱਖਿਆ ਪ੍ਰਤੀ ਸਦਾ ਸਹਾਨੁਭੂਤੀ ਨਾਲ ਦੇਖਦਾ ਹੋਇਆ ਇਸ ਦੀ ਅਜੋਕੀ ਸਥਿਤੀ ਨੂੰ ਬੜੇ ਖੇਦ ਨਾਲ ਮਹਿਸੂਸ ਕਰਦਾ ਹੈ।

*(ਅੱਖੀਂ ਡਿੱਠਾ ਸਮਾਜਵਾਦੀ ਕਿਊਬਾ ਵਿਚੋਂ ਧੰਨਵਾਦ ਸਹਿਤ)*

# ਚੀ ਗਵੇਰਾ ਦੀ ਫੀਦਲ ਕਾਸਤਰੋ ਦੇ ਨਾਂ ਆਖ਼ਰੀ ਚਿੱਠੀ

1965 ਦਾ ਵਰ੍ਹਾ ਸੀ। ਫੀਦਲ ਕਾਸਤਰੋ ਦੇ ਯੁੱਧ ਸਾਥੀ ਚੀ ਗੁਵੇਰਾ ਦੇ ਲਾਪਤਾ ਹੋਣ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਅਫ਼ਵਾਹਾਂ ਉਡਾਈਆਂ ਜਾ ਰਹੀਆਂ ਸਨ। ਗ਼ਲਤ ਤੇ ਭਰਮਾਊ ਖ਼ਬਰਾਂ ਨੂੰ ਜਾਣ ਬੁੱਝ ਕੇ ਹਵਾ ਦਿੱਤੀ ਜਾ ਰਹੀ ਸੀ ਤਾਂ ਜੋ ਕ੍ਰਾਂਤੀਕਾਰੀ ਹਲਕਿਆਂ ਵਿਚ ਫੁੱਟ ਪੈ ਜਾਵੇ। ਇਨ੍ਹਾਂ ਅਫ਼ਵਾਹਾਂ ਵਿਚ ਦਾਅਵਾ ਕੀਤਾ ਜਾਂਦਾ ਸੀ ਕਿ ਫੀਦਲ ਕਾਸਤਰੋ ਅਤੇ ਚੀ ਗੁਵੇਰਾ ਵਿਚਾਲ਼ੇ ਸਿਆਸੀ ਸਮਝਦਾਰੀ ਦਾ ਭੋਗ ਪੈ ਗਿਆ ਹੈ। ਇਹ ਅਫ਼ਵਾਹ ਵੀ ਸੀ ਕਿ ਕਾਸਤਰੋ ਨੇ ਗੁਵੇਰਾ 'ਤੇ ਪਾਬੰਦੀ ਲਗਾ ਦਿੱਤੀ ਹੈ, ਉਹਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ। ਅਫ਼ਵਾਹ ਇਹ ਵੀ ਸੀ ਕਿ ਗੁਵੇਰਾ ਦਾ ਕਤਲ ਕੀਤਾ ਜਾ ਚੁੱਕਾ



ਹੈ। 28 ਸਤੰਬਰ, 1965 ਨੂੰ ਇਕ ਵੱਡੇ ਇੱਕਠ ਨੂੰ ਮੁਖ਼ਾਤਬ ਹੁੰਦਿਆਂ ਫ਼ੀਦਲ ਕਾਸਤਰੋ ਨੇ ਐਲਾਨ ਕੀਤਾ ਕਿ ਕੁਝ ਹੀ ਦਿਨਾਂ 'ਚ ਉਹ ਚੀ ਗੁਵੇਰਾ ਦੇ ਉਸ ਪੱਤਰ ਨੂੰ ਜਨਤਕ ਕਰਨਗੇ ਜਿਹੜਾ ਪੱਤਰ ਚੀ ਗੁਵੇਰਾ ਨੇ ਕਿਊਬਾ ਛੱਡਣ ਤੋਂ ਬਿਲਕੁਲ ਪਹਿਲਾਂ ਲਿਖਿਆ ਸੀ। ਕਾਸਤਰੋ ਨੇ ਕਿਹਾ ਕਿ ਦੁਸ਼ਮਣ ਬੇਅੰਤ ਭਰਮ ਫੈਲਾ ਰਿਹਾ ਹੈ ਕਿ ਚੀ ਇੱਥੇ ਹੈ, ਉੱਥੇ ਹੈ, ਉਹ ਜ਼ਿੰਦਾ ਹੈ ਜਾਂ ਉਹਦੀ ਮੌਤ ਹੋ ਚੁੱਕੀ ਹੈ। ਦੁਸ਼ਮਨ ਕਪਟੀ ਗੱਲਾਂ ਬਣਾ ਰਿਹਾ ਹੈ। ਅਸੀਂ ਕਾਮਰੇਡ ਅਰਨੈਸਟੋ ਚੀ ਗੁਵੇਰਾ ਦੇ ਉਸ ਦਸਤਾਵੇਜ਼ ਨੂੰ ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦੇ ਹਾਂ, ਜਿਸ ਵਿਚ ਉਨ੍ਹਾਂ ਨੇ ਅਪਣੀ ਗੈਰਹਾਜ਼ਰੀ ਬਾਰੇ ਦੱਸਿਆ ਹੈ, ਉਸ ਦੀ ਵਿਆਖਿਆ ਕੀਤੀ ਹੈ।

ਫੇਰ ਤਿੰਨ ਅਕਤੂਬਰ 1965, ਨੂੰ ਕਿਊਬਨ ਕਾਮਿਊਨਿਸਟ ਪਾਰਟੀ ਦੀ ਨਵ ਗਠਿਤ ਕੇਂਦਰੀ ਕਮੇਟੀ ਦੀ ਮੀਟਿੰਗ ਹੋਈ ਜਿਸ ਦਾ ਜਨਤਕ ਤੌਰ 'ਤੇ ਸਿੱਧਾ ਪ੍ਰਸਾਰਣ ਕੀਤਾ ਗਿਆ। ਇਸ ਸਭਾ ਵਿਚ ਸਰੋਤਿਆਂ ਦੇ ਰੂਪ ਵਿਚ ਚੀ ਗੁਵੇਰਾ ਦਾ ਪਰਿਵਾਰ ਵੀ ਹਾਜ਼ਰ ਸੀ।

ਫ਼ੀਦਲ ਨੇ ਕਿਹਾ, "ਮੈਂ ਖ਼ੁਦ ਨੂੰ ਉਨ੍ਹਾਂ ਦਾ ਪੱਤਰ ਪੜ੍ਹਨ ਤੱਕ ਹੀ ਸੀਮਿਤ ਰੱਖਾਂਗਾ। ਮੈਂ ਇਸ ਨੂੰ ਪੜ੍ਹਦਾ ਹਾਂ: ਇਹਦੇ 'ਤੇ ਕੋਈ ਤਾਰੀਖ਼ ਨਹੀਂ ਹੈ, ਪਰ ਧਿਆਨ ਰਹੇ ਇਹ ਇਸੇ ਸਾਲ 1965 ਦੇ ਅਪ੍ਰੈਲ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਹਾਸਲ ਹੋਇਆ ਸੀ। ਅੱਜ ਤੋਂ ਪੂਰੇ ਛੇ ਮਹੀਨੇ ਅਤੇ ਦੋ ਦਿਨ ਪਹਿਲਾਂ।" ਫੇਰ ਫੀਦਲ ਨੇ ਇਹ ਪੱਤਰ ਪੜ੍ਹਨਾ ਸ਼ੁਰੂ ਕੀਤਾ:

ਖੇਤੀ ਵਰ੍ਹਾ

ਹਵਾਨਾ

ਫ਼ੀਦਲ

ਇਸ ਸਮੇਂ ਮੈਂ ਕਈ ਚੀਜ਼ਾਂ ਨੂੰ ਯਾਦ ਕਰ ਰਿਹਾ ਹਾਂ। ਜਦ ਮੈਂ ਤੁਹਾਨੂੰ ਮਾਰੀਆ ਅੰਟੋਨੀਓ (ਕਿਊਬਨ ਕ੍ਰਾਂਤੀਕਾਰੀ) ਦੇ ਘਰ ਮਿਲ਼ਿਆ ਸੀ। ਕਿਵੇਂ ਤੁਸੀਂ 'ਸਫ਼ਰ' ਦਾ ਪ੍ਰਸਤਾਵ ਰੱਖਿਆ ਸੀ, ਜਿਸ ਦੀਆਂ ਜ਼ੋਰਦਾਰ ਤਿਆਰੀਆਂ ਚਲ ਰਹੀਆਂ ਸਨ। ਇਕ ਵਾਰ ਮੈਨੂੰ ਪੁੱਛਿਆ ਗਿਆ ਸੀ ਕਿ ਜੇ ਮੇਰੀ ਮੌਤ ਹੋ ਜਾਵੇ ਤਾਂ ਕਿਸ ਨੂੰ ਖ਼ਬਰ ਕੀਤੀ ਜਾਵੇ। ਮੈਂ ਇਸ ਤੋਂ ਹੈਰਾਨ ਸੀ ਕਿ ਕੀ ਅਜਿਹਾ ਹੋਣਾ ਸੰਭਵ ਹੈ। ਬਾਅਦ ਵਿਚ ਮੈਂ ਜਾਣਿਆ ਕਿ ਇਹ ਸੱਚ ਸੀ। ਕ੍ਰਾਂਤੀ (ਜੇ ਸੱਚਮੁੱਚ ਕ੍ਰਾਂਤੀ ਹੈ) ਦੌਰਾਨ ਜਾਂ ਤਾਂ ਜਿੱਤ ਹਾਸਲ ਹੁੰਦੀ ਹੈ ਜਾਂ ਮੌਤ। ਜਿੱਤ ਦੇ ਇਸ ਰਾਹ ਵਿਚ ਬਹੁਤ ਸਾਰੇ ਸਾਥੀ ਸ਼ਹੀਦ ਹੋ ਚੁੱਕੇ ਸਨ। ਅੱਜ ਉਨ੍ਹਾਂ ਗੱਲਾਂ ਨੂੰ ਘੱਟ ਨਾਟਕੀ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ, ਕਿਉਂਕਿ ਅਸੀਂ ਵਧੇਰੇ ਪਰਪੱਕ ਹੋ ਗਏ ਹਾਂ, ਪਰ ਹਾਲਾਤ ਉਵੇਂ ਦੇ ਉਵੇਂ ਹੀ ਬਣੇ ਹੋਏ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਅਪਣੇ ਫ਼ਰਜ਼ ਨੂੰ ਅੰਸ਼ਕ ਮਾਤਰ ਹੀ ਪੂਰਾ ਕੀਤਾ ਹੈ, ਜਿਸ ਨੇ ਮੈਨੂੰ ਕਿਊਬਾ ਦੀ ਜ਼ਮੀਨ 'ਤੇ ਕਿਊਬਾ ਦੀ ਕ੍ਰਾਂਤੀ ਨਾਲ ਬੰਨ੍ਹ ਰੱਖਿਆ ਸੀ। ਹੁਣ ਮੈਂ ਤੁਹਾਥੋਂ, ਕਾਮਰੇਡਾਂ, ਤੁਹਾਡੇ ਲੋਕਾਂ ਤੋਂ, ਜੋ ਹੁਣ ਮੇਰੇ ਅਪਣੇ ਹੋ ਗਏ ਹਨ, ਵਿਦਾ, ਲੈਂਦਾ ਹਾਂ। ਪਾਰਟੀ ਲੀਡਰਸ਼ਿਪ ਦੇ ਸਾਰੇ ਅਹੁਦਿਆਂ ਤੋਂ ਮੈਂ ਰਸਮੀਂ ਤੌਰ 'ਤੇ ਅਸਤੀਫ਼ਾ ਦਿੰਦਾ ਹਾਂ, ਮੰਤਰੀ ਦਾ ਅਹੁਦਾ ਛੱਡਦਾ ਹਾਂ, ਮੇਜਰ ਦਾ ਅਹੁਦਾ ਛੱਡਦਾ ਹਾਂ ਅਤੇ ਕਿਊਬਾ ਦੀ ਨਾਗਰਿਕਤਾ ਵੀ ਤਿਆਗ ਰਿਹਾ ਹਾਂ। ਅਧਿਕਾਰਕ ਤੌਰ 'ਤੇ ਹੁਣ ਮੇਰਾ ਕੋਈ ਸੰਬਧ ਨਹੀਂ ਹੈ। ਜਿਹੜੇ ਸਬੰਧ ਹਨ, ਉਹ ਹੋਰ ਤਰ੍ਹਾਂ ਦੇ ਹਨ, ਜਿਨ੍ਹਾਂ ਨੂੰ ਅਹੁਦਿਆਂ ਵਾਂਗ ਛੱਡਿਆ ਨਹੀਂ ਜਾ ਸਕਦਾ। ਜਦ ਮੈਂ ਅਪਣੇ ਬੀਤੇ ਹੋਏ ਜੀਵਨ 'ਤੇ ਝਾਤ ਪਾਉਂਦਾ ਹਾਂ ਤਾਂ ਇਹ ਮਹਿਸੂਸ ਕਰਦਾ ਹਾਂ ਕਿ ਮੈਂ ਕ੍ਰਾਂਤੀ ਦੀ ਜਿੱਤ ਅਤੇ ਉਸ ਦੀ ਮਜ਼ਬੂਤੀ ਲਈ ਲੋੜੀਂਦੀ ਇਮਾਨਦਾਰੀ ਅਤੇ ਸਮਰਪਣ ਦੀ ਭਾਵਨਾ ਨਾਲ਼ ਕੰਮ ਕੀਤਾ। ਮੇਰੀ ਗੰਭੀਰ ਗਲਤੀ ਇਹ ਸੀ ਕਿ ਸਿਏਰਾ ਮਿਸਟਰਾ ਦੇ ਪਹਿਲੇ ਦਿਨਾਂ ਤੋਂ ਹੀ ਮੈਂ ਤੁਹਾਡੇ ਉੱਪਰ ਹੋਰ ਜ਼ਿਆਦਾ ਵਿਸ਼ਵਾਸ ਨਹੀਂ ਰੱਖ ਸਕਿਆ ਅਤੇ ਇਕ ਲੀਡਰ ਤੇ ਕ੍ਰਾਂਤੀਕਾਰੀ ਵਜੋਂ ਤੁਹਾਡੇ ਗੁਣਾਂ ਨੂੰ ਭਲੀਭਾਂਤ ਤੇ ਛੇਤੀ ਸਮਝ ਨਹੀਂ

ਸਕਿਆ।

ਮੈਂ ਬਹੁਤ ਸ਼ਾਨਦਾਰ ਦਿਨ ਗੁਜ਼ਾਰੇ ਹਨ ਅਤੇ ਮੈਂ ਤੁਹਾਡੇ ਨਾਲ਼ ਰਹਿ ਕੇ ਕੈਰੇਬੀਅਨ ਸਫ਼ਰ ਦੇ ਮਾਣ ਮੱਤੇ ਤੇ ਮੁਸ਼ਕਲ ਦਿਨਾਂ ਵਿਚ ਅਪਣੇ ਅਵਾਮ ਦੇ ਨਾਲ਼ ਰਹਿਣ ਦਾ ਗੌਰਵ ਮਹਿਸੂਸ ਕੀਤਾ ਹੈ। ਇਕ ਸਿਆਸੀ ਆਗੂ ਦੇ ਰੂਪ ਵਿਚ ਤੁਹਾਡੇ ਗੁਣ ਓਨੇ ਕਦੇ ਨਹੀਂ ਨਿਖਰੇ ਸਨ ਜਿੰਨੇ ਕਿ ਉਸ ਸਮੇਂ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਬਿਨਾਂ ਝਿਜਕ ਦੇ ਤੁਹਾਡੀ ਅਗਵਾਈ ਕਬੂਲ ਕੀਤੀ ਅਤੇ ਦੇਖਣ, ਸੋਚਣ, ਖ਼ਤਰਿਆਂ ਤੇ ਅਸੂਲਾਂ ਦੇ ਮੁਲੰਕਣ ਕਰਨ ਦੇ ਤੁਹਾਡੇ ਢੰਗ ਨੂੰ ਅੰਗੀਕਾਰ ਕੀਤਾ।

ਹੁਣ ਮੇਰੀਆਂ ਨਿਮਰ ਸੇਵਾਵਾਂ ਦੀ ਸੰਸਾਰ ਦੇ ਦੂਸਰੇ ਮੁਲਕਾਂ ਨੂੰ ਜ਼ਰੂਰਤ ਹੈ। ਮੈਂ ਉਹ ਕਰ ਸਕਦਾ ਹਾਂ ਜਿਸ ਨੂੰ ਕਰਨ ਤੋਂ ਤੁਸੀਂ ਵਾਂਝੇ ਹੋ ਕਿਉਂਕਿ ਮੁਖੀ ਦੇ ਰੂਪ ਵਿਚ ਕਿਊਬਾ ਦੀ ਜ਼ਿੰਮੇਵਾਰੀ ਤੁਹਾਡੇ ਮੋਢਿਆਂ ਉੱਤੇ ਹੈ ਅਤੇ ਹੁਣ ਵਿਦਾ ਹੋਣ ਦਾ ਸਮਾਂ ਆ ਗਿਆ ਹੈ।

ਮੈਂ ਇਹ ਜਤਾ ਦੇਣਾ ਚਾਹੁੰਦਾ ਹਾਂ ਕਿ ਮੈਂ ਖ਼ੁਸ਼ੀ ਅਤੇ ਗ਼ਮ ਦੋਨਾਂ ਨੂੰ ਮਹਿਸੂਸ ਕਰਦੇ ਹੋਏ ਅਜਿਹਾ ਕਰ ਰਿਹਾ ਹਾਂ। ਇਕ ਉਸਰਈਏ ਅਤੇ ਅਪਣੇ ਪਿਆਰਿਆਂ ਦੇ ਸਭ ਤੋਂ ਚਹੇਤੇ ਵਿਅਕਤੀ ਦੇ ਰੂਪ ਵਿਚ ਮੈਂ ਆਪਣੇ ਪਿੱਛੇ ਬੇਹੱਦ ਉਜਲੀਆਂ ਉਮੀਦਾਂ ਛੱਡ ਕੇ ਰਿਹਾ ਜਾ ਰਿਹਾ ਹਾਂ। ਮੈਂ ਉਨ੍ਹਾਂ ਲੋਕਾਂ ਤੋਂ ਵਿਦਾ ਲੈ ਰਿਹਾ ਹਾਂ, ਜਿਨ੍ਹਾਂ ਨੇ ਅਪਣੇ ਬੇਟੇ ਦੇ ਰੂਪ ਵਿਚ ਮੈਨੂੰ ਅਪਣਾਇਆ। ਮੈਂ ਯੁੱਧ ਦੇ ਨਵੇਂ ਮੋਰਚੇ 'ਤੇ ਅਪਣੇ ਨਾਲ ਉਹ ਆਸਥਾ ਲੈ ਕੇ ਜਾ ਰਿਹਾ ਹਾਂ, ਜਿਸ ਨੂੰ ਤੁਸੀਂ ਜਗਾਇਆ ਸੀ। ਮੈਂ ਅਪਣੇ ਲੋਕਾਂ ਦੀ ਕ੍ਰਾਂਤੀਕਾਰੀ ਭਾਵਨਾ ਅਤੇ ਸਭ ਤੋਂ ਪਵਿੱਤਰ ਫ਼ਰਜ਼ ਨੂੰ ਪੂਰਾ ਕਰਨ ਦੀ ਭਾਵਨਾ ਲੈ ਕੇ ਜਾ ਰਿਹਾ ਹਾਂ, ਜੋ ਇਹ ਹੈ : ਕੋਈ ਕਿਤੇ ਵੀ ਹੋਵੇ ਉਸ ਨੇ ਸਾਮਰਾਜਵਾਦ ਦੇ ਖ਼ਿਲਾਫ਼ ਸੰਘਰਸ਼ ਕਰਨਾ ਹੈ। ਇਹ ਸੰਕਲਪ ਮੈਨੂੰ ਸਕੂਨ ਦਿੰਦਾ ਹੈ ਅਤੇ ਡੂੰਘੇ ਤੋਂ ਡੂੰਘਾ ਜ਼ਖ਼ਮ ਵੀ ਭਰ ਦਿੰਦਾ ਹੈ।

ਮੈਂ ਇਸ ਗੱਲ ਨੂੰ ਦਹੁਰਾਉਂਦਾ ਹਾਂ ਕਿ ਮੈਂ ਕਿਊਬਾ ਨੂੰ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰਦਾ ਹਾਂ। ਸਿਰਫ਼ ਉਸ ਤੋਂ ਬਿਨਾਂ ਜੋ ਕਿਊਬਾ ਦੀ ਮਿਸਾਲ ਤੋਂ ਪੈਦਾ ਹੁੰਦੀ ਹੈ। ਜੇ ਮੇਰਾ ਆਖ਼ਰੀ ਸਮਾਂ ਕਿਸੇ ਹੋਰ ਮੁਲਕ ਦੇ ਅੰਬਰ ਹੇਠਾਂ ਆਉਂਦਾ ਹੈ ਤਾਂ ਵੀ ਮੇਰਾ ਅੰਤਿਮ ਵਿਚਾਰ ਇਸ ਦੇਸ਼ ਦੇ ਅਵਾਮ ਅਤੇ ਖ਼ਾਸ ਕਰਕੇ ਤੁਹਾਡੇ ਲਈ ਹੋਵੇਗਾ। ਜੋ ਕੁਝ ਵੀ ਤੁਸੀਂ ਮੈਨੂੰ ਸਿਖਾਇਆ ਹੈ, ਉਸ ਲਈ ਮੈਂ ਤੁਹਾਡਾ ਸ਼ੁਕਰ ਗੁਜ਼ਾਰ ਹਾਂ। ਤੁਹਾਡੇ ਆਪਣੇ ਜੀਵਨ ਦੇ ਉਦਾਹਰਣ ਲਈ ਮੈਂ ਤੁਹਾਨੂੰ ਧੰਨਵਾਦ ਕਹਿੰਦਾ ਹਾਂ ਅਤੇ ਪ੍ਰਣ ਕਰਦਾ ਹਾਂ ਕਿ ਅੰਤ ਸਮੇਂ ਤੱਕ ਮੈਂ ਅਪਣੇ ਉਦੇਸ਼ ਦੇ ਪ੍ਰਤੀ ਵਫ਼ਾਦਾਰ ਰਹਾਂਗਾ।

ਮੈਂ ਅਪਣੀ ਕ੍ਰਾਂਤੀ ਦੀ ਵਿਦੇਸ਼ ਨੀਤੀ ਨਾਲ ਸਦਾ ਇਕਾਗਰ ਰਿਹਾ ਹਾਂ ਅਤੇ ਅੱਜ ਵੀ ਹਾਂ। ਮੈਂ ਜਿੱਥੇ ਵੀ ਰਹਾਂਗਾ ਮੈਨੂੰ ਕਿਊਬਨ ਕ੍ਰਾਂਤੀਕਾਰੀ ਹੋਣ ਦੇ ਨਾਤੇ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਰਹੇਗਾ ਅਤੇ ਮੈਂ ਉਸੇ ਤਰ੍ਹਾਂ ਦਾ ਵਿਹਾਰ ਕਰਾਂਗਾ। ਮੈਨੂੰ ਇਸ ਗੱਲ ਦਾ ਅਫ਼ਸੋਸ ਨਹੀਂ ਕਿ ਮੈਂ ਅਪਣੀ ਪਤਨੀ ਅਤੇ ਬੱਚਿਆਂ ਲਈ ਕੋਈ ਵੀ ਭੌਤਿਕ ਵਸਤਾਂ ਛੱਡ ਕੇ ਨਹੀਂ ਜਾ ਰਿਹਾ ਹਾਂ। ਮੈਂ ਖ਼ੁਸ਼ ਹਾਂ ਕਿ ਇਸ ਤਰ੍ਹਾਂ ਹੋ ਰਿਹਾ ਹੈ। ਮੈਂ ਉਨ੍ਹਾਂ ਲਈ ਕੁਝ ਵੀ ਨਹੀਂ ਮੰਗਦਾ। ਸਰਕਾਰ ਉਨ੍ਹਾਂ ਦੇ ਪਾਲਣ ਪੋਸ਼ਣ ਅਤੇ ਸਿੱਖਿਆ ਲਈ ਲੋੜੀਂਦੇ ਪ੍ਰਬੰਧ ਕਰੇਗੀ।

ਮੈਂ ਤੁਹਾਨੂੰ ਅਤੇ ਸਾਡੇ ਅਵਾਮ ਨੂੰ ਹੋਰ ਬਹੁਤ ਕੁਝ ਕਹਿ ਸਕਦਾ ਹਾਂ ਪਰ ਮੈਂ ਸਮਝਦਾ ਹਾਂ ਕਿ ਉਹ ਜ਼ਰੂਰੀ ਨਹੀਂ। ਜੋ ਮੈਂ ਤੁਹਾਨੂੰ ਅਤੇ ਸਾਡੇ ਅਵਾਮ ਨੂੰ ਕਹਿਣਾ ਚਾਹੁੰਦਾ ਹਾਂ, ਉਸ ਨੂੰ ਸ਼ਬਦਾਂ 'ਚ ਬਿਆਨ ਕਰਨਾ ਸੰਭਵ ਨਹੀਂ ਹੈ ਅਤੇ ਕਾਗਜ਼ ਬਰਬਾਦ ਕਰਨ ਦਾ ਕੋਈ ਫਾਇਦਾ ਨਹੀਂ ਹੈ।

*ਸਦਾ ਜਿੱਤ ਵੱਲ !*

*ਕ੍ਰਾਂਤੀਕਾਰੀ ਜੋਸ਼ ਦੇ ਨਾਲ ਗਲਵਕੜੀ, ਚੀ*








Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
(M) 99150-42242, 98763-23862

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 100 ਰੁ. |
| ਇਕ ਪਰਚਾ | : 25 ਰੁ. |
| ਸੰਸਥਾਵਾਂ (ਵਾਰਸ਼ਿਕ) | : 120 ਰੁ. |
| ਯੂਰਪ | : 12 ਪੌਂਡ |
| ਅਮਰੀਕਾ | : 14 ਡਾਲਰ |
| ਕੈਨੇਡਾ | : 16 ਡਾਲਰ |

Website : www.lokdharapanjabi.com, e-mail : kjskurukshetra@yahoo.com

PRINTED ON 26-03-2017

Chirag Quarterly ISSN 2349-3658 JANUARY - JUNE 2017
Registered with the Registrar of News-Papers of India No. PUN-PUN 0 2276/AL/TC94

